E-book shared by:

http://gursoch.blogspot.com

ਗੁਰਬਾਣੀ ਦਾ ਸਰਲ ਵਿਆਕਰਣ-ਬੋਧ

ਜਿਲਦ ੨

ਜੋਗਿੰਦਰ ਸਿੰਘ ਤਲਵਾੜਾ

E-book shared by:
http://gursoch.blogspot.com

ੴ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ—ਭਾਗ ਤੀਜਾ

ਗੁਰਬਾਣੀ ਦਾ ਸਰਲ ਵਿਆਕਰਣ-ਬੋਧ

ਜਿਲਦ ੨

ਜੋਗਿੰਦਰ ਸਿੰਘ ਤਲਵਾੜਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

SHRI GURU GRANTH SAHIB BODH VOL. III

GURBANI DA SARAL VIAKARN-BODH – PART II

(Grammar of the Sikh Scripture)

by

JOGINDER SINGH TALWARA

E-book shared by:
http://gursoch.blogspot.com

ISBN 81-7205-308-8

ਪਹਿਲੀ ਵਾਰ ਅਪ੍ਰੈਲ 2004

ਮੁੱਲ : 200-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

੧੬. ਪੜਨਾਂਵ		**੪੧੭-੫੧੬**
੧੬.	(ੳ) ਪੜਨਾਂਵ—ਲੱਛਣ	੪੧੭
੧੬.	(ਅ) ਵਿਆਖਿਆ—ਪੜਨਾਂਵ ਦੀ ਮਹੱਤਤਾ	੪੧੭
੧੬.	(ੲ) ਪੜਨਾਂਵ ਦੀਆਂ ਕਿਸਮਾਂ ਦਾ ਵੇਰਵਾ	੪੧੮
੧੬.੧.	ਪੁਰਖਵਾਚਕ ਪੜਨਾਂਵ	੪੧੮
੧੬.੧.੧	ਉਤਮ ਪੁਰਖ ਪੜਨਾਂਵ	੪੧੯
੧੬.੧.੧.੧	ਪਰਿਭਾਸ਼ਾ	੪੧੯
੧੬.੧.੧.੨	ਉਤਮ ਪੁਰਖ ਪੜਨਾਂਵ ਦੀ ਕਾਰਕ ਰੂਪ-ਸਾਧਨਾ	੪੧੯
੧੬.੧.੧.੩	ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ	੪੨੦
੧੬.੧.੧.੪	ਕਰਤਾ ਕਾਰਕ	੪੨੨
੧੬.੧.੧.੪.੧	ਕਰਤਾ ਕਾਰਕ—ਇਕ-ਵਚਨ	੪੨੨
੧੬.੧.੧.੪.੨	ਕਰਤਾ ਕਾਰਕ—ਬਹੁ-ਵਚਨ	੪੨੩
੧੬.੧.੧.੫	ਕਰਮ ਕਾਰਕ	੪੨੪
੧੬.੧.੧.੫.੧	ਕਰਮ ਕਾਰਕ—ਇਕ-ਵਚਨ	੪੨੪
੧੬.੧.੧.੫.੨	ਕਰਮ ਕਾਰਕ—ਬਹੁ-ਵਚਨ	੪੨੫
੧੬.੧.੧.੬	ਕਰਣ ਕਾਰਕ	੪੨੫
੧੬.੧.੧.੬.੧	ਕਰਣ ਕਾਰਕ—ਇਕ-ਵਚਨ	੪੨੫
੧੬.੧.੧.੬.੨	ਕਰਣ ਕਾਰਕ—ਬਹੁ-ਵਚਨ	੪੨੫
੧੬.੧.੧.੭	ਸੰਪ੍ਰਦਾਨ ਕਾਰਕ	੪੨੫
੧੬.੧.੧.੭.੧	ਸੰਪ੍ਰਦਾਨ ਕਾਰਕ—ਇਕ-ਵਚਨ	੪੨੫
੧੬.੧.੧.੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੪੨੭
੧੬.੧.੧.੮	ਅਪਾਦਾਨ ਕਾਰਕ	੪੨੭
੧੬.੧.੧.੮.੧	ਅਪਾਦਾਨ ਕਾਰਕ—ਇਕ-ਵਚਨ	੪੨੭
੧੬.੧.੧.੮.੨	ਅਪਾਦਾਨ ਕਾਰਕ—ਬਹੁ-ਵਚਨ	੪੨੮
੧੬.੧.੧.੯	ਸੰਬੰਧ ਕਾਰਕ	੪੨੮
੧੬.੧.੧.੯.੧	ਸੰਬੰਧ ਕਾਰਕ—ਇਕ-ਵਚਨ	੪੨੮
੧੬.੧.੧.੯.੨	ਸੰਬੰਧ ਕਾਰਕ—ਬਹੁ-ਵਚਨ	੪੨੯
੧੬.੧.੧.੧੦	ਅਧਿਕਰਣ ਕਾਰਕ	੪੨੯

੧ੲ.੧.੧.੧੦.੧	ਅਧਿਕਰਣ ਕਾਰਕ—ਇਕ-ਵਚਨ	੪੨੯
੧ੲ.੧.੧.੧੦.੨	ਅਧਿਕਰਣ ਕਾਰਕ—ਬਹੁ-ਵਚਨ	੪੩੦
੧ੲ.੧.੨	ਮਧਮ ਪੁਰਖ ਪੜਨਾਂਵ	੪੩੦
੧ੲ.੧.੨.੧	ਲੱਛਣ	੪੩੦
੧ੲ.੧.੨.੨	ਮਧਮ ਪੁਰਖ ਪੜਨਾਂਵ ਦੀ ਕਾਰਕ ਰੂਪ-ਸਾਧਨਾ	੪੩੧
੧ੲ.੧.੨.੩	ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ	੪੩੨
੧ੲ.੧.੨.੪	ਗੁਰਬਾਣੀ ਦੀਆਂ ਉਦਾਹਰਣਾਂ—ਕਰਤਾ ਕਾਰਕ	੪੩੪
੧ੲ.੧.੨.੪.੧	ਕਰਤਾ ਕਾਰਕ—ਇਕ-ਵਚਨ	੪੩੪
੧ੲ.੧.੨.੪.੨	ਕਰਤਾ ਕਾਰਕ—ਬਹੁ-ਵਚਨ	੪੩੬
੧ੲ.੧.੨.੫	ਕਰਮ ਕਾਰਕ	੪੩੭
੧ੲ.੧.੨.੫.੧	ਕਰਮ ਕਾਰਕ—ਇਕ-ਵਚਨ	੪੩੭
੧ੲ.੧.੨.੫.੨	ਕਰਮ ਕਾਰਕ—ਬਹੁ-ਵਚਨ	੪੩੯
੧ੲ.੧.੨.੬	ਕਰਣ ਕਾਰਕ	੪੩੯
੧ੲ.੧.੨.੬.੧	ਕਰਣ ਕਾਰਕ—ਇਕ-ਵਚਨ	੪੩੯
੧ੲ.੧.੨.੬.੨	ਕਰਣ ਕਾਰਕ—ਬਹੁ-ਵਚਨ	੪੪੦
੧ੲ.੧.੨.੭	ਸੰਪ੍ਰਦਾਨ ਕਾਰਕ	੪੪੦
੧ੲ.੧.੨.੭.੧	ਸੰਪ੍ਰਦਾਨ ਕਾਰਕ—ਇਕ-ਵਚਨ	੪੪੦
੧ੲ.੧.੨.੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੪੪੧
੧ੲ.੧.੨.੮	ਅਪਾਦਾਨ ਕਾਰਕ	੪੪੨
੧ੲ.੧.੨.੮.੧	ਅਪਾਦਾਨ ਕਾਰਕ—ਇਕ-ਵਚਨ	੪੪੨
੧ੲ.੧.੨.੮.੨	ਅਪਾਦਾਨ ਕਾਰਕ—ਬਹੁ-ਵਚਨ	੪੪੨
੧ੲ.੧.੨.੯	ਸੰਬੰਧ ਕਾਰਕ	੪੪੩
੧ੲ.੧.੨.੯.੧	ਸੰਬੰਧ ਕਾਰਕ—ਇਕ-ਵਚਨ	੪੪੩
੧ੲ.੧.੨.੯.੨	ਸੰਬੰਧ ਕਾਰਕ—ਬਹੁ-ਵਚਨ	੪੪੪
੧ੲ.੧.੨.੧੦	ਅਧਿਕਰਣ ਕਾਰਕ	੪੪੪
੧ੲ.੧.੨.੧੦.੧	ਅਧਿਕਰਣ ਕਾਰਕ—ਇਕ-ਵਚਨ	੪੪੪
੧ੲ.੧.੨.੧੦.੨	ਅਧਿਕਰਣ ਕਾਰਕ—ਬਹੁ-ਵਚਨ	੪੪੫
੧ੲ.੨	(ੳ) ਅਨਪੁਰਖ ਦੇ ਪੁਰਖਵਾਚੀ ਪੜਨਾਂਵ	੪੪੬
	(ਅ) ਨਿਸਚੇਵਾਚਕ ਪੜਨਾਂਵ	੪੪੬
੧ੲ.੨.੧	ਲੱਛਣ	੪੪੬
੧ੲ.੨.੨	ਕਾਰਕ ਰੂਪ-ਸਾਧਨਾ	੪੪੭
੧ੲ.੨.੩	ਧਿਆਨ ਜੋਗ ਕੁਝ ਵਿਸ਼ੇਸ਼ ਨੁਕਤੇ	੪੪੮
੧ੲ.੨.੪	ਗੁਰਬਾਣੀ ਦੀਆਂ ਉਦਾਹਰਣਾਂ—ਕਰਤਾ ਕਾਰਕ	੪੫੦
੧ੲ.੨.੪.੧	ਕਰਤਾ ਕਾਰਕ—ਇਕ-ਵਚਨ	੪੫੦
੧ੲ.੨.੪.੨	ਕਰਤਾ ਕਾਰਕ—ਬਹੁ-ਵਚਨ	੪੫੨
੧ੲ.੨.੫.੧	ਕਰਮ ਕਾਰਕ—ਇਕ-ਵਚਨ	੪੫੪
੧ੲ.੨.੫.੨	ਕਰਮ ਕਾਰਕ—ਬਹੁ-ਵਚਨ	੪੫੫
੧ੲ.੨.੬.੧	ਕਰਣ ਕਾਰਕ—ਇਕ-ਵਚਨ	੪੫੬
੧ੲ.੨.੭.੧	ਸੰਪ੍ਰਦਾਨ ਕਾਰਕ—ਇਕ-ਵਚਨ	੪੫੭
੧ੲ.੨.੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੪੫੭
੧ੲ.੨.੮.੧	ਅਪਾਦਾਨ ਕਾਰਕ—ਇਕ-ਵਚਨ	੪੫੮
੧ੲ.੨.੮.੨	ਅਪਾਦਾਨ ਕਾਰਕ—ਬਹੁ-ਵਚਨ	੪੫੭
੧ੲ.੨.੯.੧	ਸੰਬੰਧ ਕਾਰਕ—ਇਕ-ਵਚਨ	੪੫੮
੧ੲ.੨.੯.੨	ਸੰਬੰਧ ਕਾਰਕ—ਬਹੁ-ਵਚਨ	੪੫੯
੧ੲ.੨.੧੦.੧	ਅਧਿਕਰਣ ਕਾਰਕ—ਇਕ-ਵਚਨ	੪੫੯
੧ੲ.੨.੧੦.੨	ਅਧਿਕਰਣ ਕਾਰਕ—ਬਹੁ-ਵਚਨ	੪੬੦
੧ੲ.੩	ਅਨਿਸਚਿਤ (ਅਨਿਸਚੇ ਵਾਚਕ) ਪੜਨਾਂਵ	੪੬੦
੧ੲ.੩.੧	ਲੱਛਣ	੪੬੧
੧ੲ.੩.੨	ਕਾਰਕ ਰੂਪ-ਸਾਧਨਾ	੪੬੩
੧ੲ.੩.੩	ਕੁਝ ਧਿਆਨ-ਜੋਗ ਨੁਕਤੇ	੪੬੬
੧ੲ.੩.੪.੧	ਕਰਤਾ ਕਾਰਕ—ਇਕ-ਵਚਨ	੪੭੦
੧ੲ.੩.੪.੨	ਕਰਤਾ ਕਾਰਕ—ਬਹੁ-ਵਚਨ	੪੭੨
੧ੲ.੩.੫.੧	ਕਰਮ ਕਾਰਕ—ਇਕ-ਵਚਨ	੪੭੬
੧ੲ.੩.੫.੨	ਕਰਮ ਕਾਰਕ—ਬਹੁ-ਵਚਨ	੪੭੭
੧ੲ.੩.੬.੧	ਕਰਣ ਕਾਰਕ—ਇਕ-ਵਚਨ	੪੭੭
੧ੲ.੩.੭.੧	ਸੰਪ੍ਰਦਾਨ ਕਾਰਕ—ਇਕ-ਵਚਨ	੪੭੭
੧ੲ.੩.੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੪੭੮
੧ੲ.੩.੮.੧	ਅਪਾਦਾਨ ਕਾਰਕ—ਇਕ-ਵਚਨ	੪੭੯
੧ੲ.੩.੮.੨	ਅਪਾਦਾਨ ਕਾਰਕ—ਬਹੁ-ਵਚਨ	੪੮੦
੧ੲ.੩.੯.੧	ਸੰਬੰਧ ਕਾਰਕ—ਇਕ-ਵਚਨ	੪੮੦
੧ੲ.੩.੯.੨	ਸੰਬੰਧ ਕਾਰਕ—ਬਹੁ-ਵਚਨ	੪੮੧
੧ੲ.੩.੧੦.੧	ਅਧਿਕਰਣ ਕਾਰਕ—ਇਕ-ਵਚਨ	੪੮੨
੧ੲ.੩.੧੦.੨	ਅਧਿਕਰਣ ਕਾਰਕ—ਬਹੁ-ਵਚਨ	੪੮੩
੧ੲ.੪	ਸੰਬੰਧ-ਵਾਚਕ ਪੜਨਾਂਵ	੪੮੩
੧ੲ.੪.੧	(ੳ) ਲੱਛਣ	੪੮੩
੧ੲ.੪.੧	(ਅ) ਅਨੁਸੰਬੰਧ-ਵਾਚਕ ਪੜਨਾਂਵ	੪੮੩
੧ੲ.੪.੨	ਕਾਰਕ ਰੂਪ-ਸਾਧਨਾ	੪੮੪
੧ੲ.੪.੩	ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ	੪੮੪
੧ੲ.੪.੪	ਗੁਰਬਾਣੀ ਦੀਆਂ ਉਦਾਹਰਣਾਂ	੪੮੭
੧ੲ.੪(ੳ).੪.੧	ਕਰਤਾ ਕਾਰਕ—ਇਕ-ਵਚਨ	੪੮੭
੧ੲ.੪(ੳ).੪.੨	ਕਰਤਾ ਕਾਰਕ—ਬਹੁ-ਵਚਨ	੪੮੮
੧ੲ.੪(ੳ).੫.੧	ਕਰਮ ਕਾਰਕ—ਇਕ-ਵਚਨ	੪੮੯

੧੬.੪(ਉ).੫.੨	ਕਰਮ ਕਾਰਕ—ਬਹੁ-ਵਚਨ	੪੯੧
੧੬.੪(ਉ).੬.੧	ਕਰਣ ਕਾਰਕ—ਇਕ-ਵਚਨ	੪੯੧
੧੬.੪(ਉ).੭.੧	ਸੰਪ੍ਰਦਾਨ ਕਾਰਕ—ਇਕ-ਵਚਨ	੪੯੨
੧੬.੪(ਉ).੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੪੯੨
੧੬.੪(ਉ).੮.੧	ਅਪਾਦਾਨ ਕਾਰਕ—ਇਕ-ਵਚਨ	੪੯੩
੧੬.੪(ਉ).੮.੨	ਅਪਾਦਾਨ ਕਾਰਕ—ਬਹੁ-ਵਚਨ	੪੯੩
੧੬.੪(ਉ).੯.੧	ਸੰਬੰਧ ਕਾਰਕ—ਇਕ-ਵਚਨ	੪੯੩
੧੬.੪(ਉ).੯.੨	ਸੰਬੰਧ ਕਾਰਕ—ਬਹੁ-ਵਚਨ	੪੯੪
੧੬.੪(ਉ).੧੦.੧	ਅਧਿਕਰਣ ਕਾਰਕ—ਇਕ-ਵਚਨ	੪੯੫
੧੬.੪(ਅ)	ਅਨੁਸੰਬੰਧ-ਵਾਚਕ ਪੜਨਾਂਵ	੪੯੫
੧੬.੪(ਅ).੧	ਜਾਣ-ਪਛਾਣ	੪੯੫
੧੬.੪(ਅ).੨	ਕਾਰਕ ਰੂਪ-ਸਾਧਨਾ	੪੯੬
੧੬.੪(ਅ).੩	ਕੁਝ ਧਿਆਨ-ਜੋਗ ਨੁਕਤੇ	੪੯੬
੧੬.੪(ਅ).੪	ਗੁਰਬਾਣੀ ਦੀਆਂ ਉਦਾਹਰਣਾਂ	੪੯੮
੧੬.੪(ਅ).੪.੧	ਕਰਤਾ ਕਾਰਕ—ਇਕ-ਵਚਨ	੪੯੮
੧੬.੪(ਅ).੪.੨	ਕਰਤਾ ਕਾਰਕ—ਬਹੁ-ਵਚਨ	੪੯੯
੧੬.੪(ਅ).੫.੧	ਕਰਮ ਕਾਰਕ—ਇਕ-ਵਚਨ	੫੦੦
੧੬.੪(ਅ).੫.੨	ਕਰਮ ਕਾਰਕ—ਬਹੁ-ਵਚਨ	੫੦੧
੧੬.੪(ਅ).੬	ਕਰਣ ਕਾਰਕ	੫੦੧
੧੬.੪(ਅ).੭.੧	ਸੰਪ੍ਰਦਾਨ ਕਾਰਕ—ਇਕ-ਵਚਨ	੫੦੧
੧੬.੪(ਅ).੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੫੦੨
੧੬.੪(ਅ).੮.੧	ਅਪਾਦਾਨ ਕਾਰਕ—ਇਕ-ਵਚਨ	੫੦੩
੧੬.੪(ਅ).੮.੨	ਅਪਾਦਾਨ ਕਾਰਕ—ਬਹੁ-ਵਚਨ	੫੦੩
੧੬.੪(ਅ).੯.੧	ਸੰਬੰਧ-ਕਾਰਕ—ਇਕ-ਵਚਨ	੫੦੩
੧੬.੪(ਅ).੯.੨	ਸੰਬੰਧ ਕਾਰਕ—ਬਹੁ-ਵਚਨ	੫੦੩
੧੬.੪(ਅ).੧੦.੧	ਅਧਿਕਰਣ ਕਾਰਕ	੫੦੪
੧੬.੫	ਨਿਜਵਾਚਕ ਪੜਨਾਂਵ	੫੦੪
੧੬.੫.੧	ਲੱਛਣ	੫੦੪
੧੬.੫.੨	ਕਾਰਕ ਰੂਪ-ਸਾਧਨਾ	੫੦੬
੧੬.੫.੩	ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ	੫੦੬
੧੬.੫.੪	ਕਰਤਾ ਕਾਰਕ—ਇਕ-ਵਚਨ	੫੦੮
੧੬.੫.੫	ਕਰਮ ਕਾਰਕ—ਇਕ-ਵਚਨ	੫੦੯
੧੬.੫.੬	ਕਰਣ ਕਾਰਕ—ਇਕ-ਵਚਨ/ਬਹੁ-ਵਚਨ	੫੧੦
੧੬.੫.੭	ਸੰਪ੍ਰਦਾਨ ਕਾਰਕ—ਇਕ-ਵਚਨ	੫੧੦
੧੬.੫.੮	ਅਪਦਾਨ ਕਾਰਕ—ਇਕ-ਵਚਨ	੫੧੦
੧੬.੫.੯	ਸੰਬੰਧ ਕਾਰਕ—ਇਕ-ਵਚਨ	੫੧੧
੧੬.੫.੧੦	ਅਧਿਕਰਣ—ਇਕ-ਵਚਨ	੫੧੪
੧੬.੬	ਪ੍ਰਸ਼ਨਵਾਚਕ ਪੜਨਾਂਵ	੫੧੪
੧੬.੬.੧	ਲੱਛਣ	੫੧੪
੧੬.੬.੨	ਪ੍ਰਸ਼ਨਵਾਚਕ ਪੜਨਾਂਵ—ਕਾਰਕ ਰੂਪ-ਸਾਧਨਾ	੫੧੫
੧੬.੬.੩	ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ	੫੧੫
੧੬.੬.੪	ਗੁਰਬਾਣੀ ਦੀਆਂ ਉਦਾਹਰਣਾਂ	੫੧੭
੧੬.੬.੪.੧	ਕਰਤਾ ਕਾਰਕ—ਇਕ-ਵਚਨ	੫੧੭
੧੬.੬.੪.੨	ਕਰਤਾ ਕਾਰਕ—ਬਹੁ-ਵਚਨ	੫੧੭
੧੬.੬.੫	ਕਰਮ ਕਾਰਕ—ਇਕ-ਵਚਨ	੫੧੭
੧੬.੬.੬	ਕਰਣ ਕਾਰਕ	੫੧੮
੧੬.੬.੭.੧	ਸੰਪ੍ਰਦਾਨ ਕਾਰਕ—ਇਕ-ਵਚਨ	੫੧੮
੧੬.੬.੭.੨	ਸੰਪ੍ਰਦਾਨ ਕਾਰਕ—ਬਹੁ-ਵਚਨ	੫੧੮
੧੬.੬.੮	ਅਪਾਦਾਨ ਕਾਰਕ	੫੧੯
੧੬.੬.੯	ਸੰਬੰਧ ਕਾਰਕ—ਇਕ-ਵਚਨ	੫੧੯
੧੬.੬.੧੦	ਅਧਿਕਰਣ ਕਾਰਕ—ਇਕ-ਵਚਨ	੫੧੯
੧੭. ਵਿਸ਼ੇਸ਼ਣ		੫੨੦-੫੭੯
੧੭.	(ਉ) ਵਿਸ਼ੇਸ਼ਣ—ਲੱਛਣ	੫੨੦
੧੭.	(ਅ) ਵਿਸ਼ੇਸ਼ਣ ਦੀ ਵਰਤੋਂ ਦੇ ਵੱਖ ਵੱਖ ਢੰਗ	੫੨੧
੧੭.੧	ਗੁਣਵਾਚਕ ਵਿਸ਼ੇਸ਼ਣ	੫੨੨
੧੭.੧.੧	ਲੱਛਣ	੫੨੨
੧੭.੧.੨	ਗੁਰਬਾਣੀ ਦੀਆਂ ਉਦਾਹਰਣਾਂ	੫੨੩
੧੭.੧.੨.੧	ਮੁਕਤਾ-ਅੰਤਿਕ ਗੁਣਵਾਚਕ ਵਿਸ਼ੇਸ਼ਣ	੫੨੩
੧੭.੧.੨.੨	ਕੰਨਾ-ਅੰਤਿਕ ਗੁਣਵਾਚਕ ਵਿਸ਼ੇਸ਼ਣ	੫੨੩
੧੭.੧.੨.੩	ਉ-ਅੰਤਿਕ ਗੁਣਵਾਚਕ ਵਿਸ਼ੇਸ਼ਣ	੫੨੪
੧੭.੧.੨.੪	ੀ-ਅੰਤਿਕ ਗੁਣਵਾਚਕ ਵਿਸ਼ੇਸ਼ਣ	੫੨੪
੧੭.੧.੩	ਗੁਣ-ਵਾਚਕ ਵਿਸ਼ੇਸ਼ਣ ਸੰਬੰਧੀ ਕੁਝ ਧਿਆਨ-ਜੋਗ ਨੁਕਤੇ	੫੨੫
੧੭.੨	ਪਰਿਮਾਣ-ਵਾਚਕ ਵਿਸ਼ੇਸ਼ਣ	੫੨੭
੧੭.੨.੧	ਲੱਛਣ	੫੨੭
੧੭.੨.੨	ਕਿਸਮਾਂ	੫੨੭
੧੭.੨.੩	ਗੁਰਬਾਣੀ ਦੀਆਂ ਉਦਾਹਰਣਾਂ	੫੨੭
੧੭.੩	ਸੰਖਿਅਕ ਵਿਸ਼ੇਸ਼ਣ	੫੨੮
੧੭.੩.੧	ਸਾਧਾਰਨ ਸੰਖਿਅਕ	੫੨੮
੧੭.੩.੨	ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣ	੫੩੮
੧੭.੩.੨.੧	ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਬਦਲਵੇਂ ਰੂਪ	੫੩੮

੧੭.੩.੩	ਸਮੁੱਚਤਾ-ਬੋਧਕ ਸੰਖਿਅਕ ਵਿਸ਼ੇਸ਼ਣ	੫੪੧
੧੭.੩.੩.੧	ਗੁਰਬਾਣੀ ਦੀਆਂ ਉਦਾਹਰਣਾਂ	੫੪੧
੧੭.੩.੪	ਕਸਰੀ ਸੰਖਿਅਕ ਵਿਸ਼ੇਸ਼ਣ	੫੪੨
੧੭.੩.੪.੧.	ਗੁਰਬਾਣੀ ਦੀਆਂ ਉਦਾਹਰਣਾਂ	੫੪੨
੧੭.੩.੫	ਗੁਣਾ-ਵਾਚਕ ਸੰਖਿਅਕ ਵਿਸ਼ੇਸ਼ਣ	੫੪੨
੧੭.੩.੫.੧.	ਗੁਰਬਾਣੀ ਦੀਆਂ ਉਦਾਹਰਣਾਂ	੫੪੨
੧੭.੩.੬	ਨਿਖੇੜਕ ਸੰਖਿਅਕ ਵਿਸ਼ੇਸ਼ਣ	੫੪੩
੧੭.੩.੬.੧	ਗੁਰਬਾਣੀ ਦੀਆਂ ਉਦਾਹਰਣਾਂ	੫੪੩
੧੭.੩.੭	ਅਨਿਸਚਿਤ ਸੰਖਿਅਕ ਵਿਸ਼ੇਸ਼ਣ	੫੪੩
੧੭.੩.੭.੧	ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ ਅਤੇ ਅਨਿਸਚਿਤ ਸੰਖਿਆਵਾਚਕ ਵਿਸ਼ੇਸ਼ਣ ਵਿਚ ਪਰਸਪਰ ਫ਼ਰਕ	੫੪੩
੧੭.੩.੭.੨	ਅਨਿਸਚਿਤ ਵਿਸ਼ੇਸ਼ਣ ਦੀ ਰੂਪ-ਸਾਧਨਾ	੫੪੪
੧੭.੩.੭.੩	ਗੁਰਬਾਣੀ ਦੀਆਂ ਉਦਾਹਰਣਾਂ	੫੪੬
੧੭.੪	ਨਿਸਚੇ-ਵਾਚਕ ਵਿਸ਼ੇਸ਼ਣ	੫੫੭
੧੭.੪.੧	ਨਿਸਚੇ-ਵਾਚਕ ਵਿਸ਼ੇਸ਼ਣਾਂ ਦੀ ਰੂਪ-ਸਾਧਨਾ	੫੫੭
੧੭.੪.੨	ਗੁਰਬਾਣੀ ਦੀਆਂ ਉਦਾਹਰਣਾਂ	੫੫੮
੧੭.੫	ਪੜਨਾਂਵੀ ਵਿਸ਼ੇਸ਼ਣ	੫੬੫
੧੭.੫.੧	ਲੱਛਣ	੫੬੫
੧੭.੫.੨	ਪੜਨਾਂਵੀ ਵਿਸ਼ੇਸ਼ਣ ਦੀਆਂ ਸ਼੍ਰੇਣੀਆਂ	੫੬੫
੧੭.੫.੩	ਰੂਪ-ਸਾਧਨਾ	੫੬੫
੧੭.੫.੪	ਗੁਰਬਾਣੀ ਦੀਆਂ ਉਦਾਹਰਣਾਂ	੫੬੭
੧੭.੬	ਪ੍ਰਸ਼ਨਵਾਚਕ ਵਿਸ਼ੇਸ਼ਣ	੫੭੮
੧੭.੬.੧	ਲੱਛਣ	੫੭੮
੧੭.੬.੨	ਪ੍ਰਸ਼ਨਵਾਚਕ ਪੜਨਾਂਵ ਅਤੇ ਪ੍ਰਸ਼ਨਵਾਚੀ ਵਿਸ਼ੇਸ਼ਣ ਵਿਚ ਪਰਸਪਰ ਫ਼ਰਕ	੫੭੮
੧੭.੬.੩	ਗੁਰਬਾਣੀ ਦੀਆਂ ਉਦਾਹਰਣਾਂ	੫੭੮
੧੮. ਕ੍ਰਿਆ		੫੮੦-੭੩੧
੧੮.੧	ਕਰਮ-ਆਧਾਰਤ ਕ੍ਰਿਆ	੫੮੩
੧੮.੨	ਅਪੂਰਣ ਕ੍ਰਿਆ	੫੮੩
੧੮.੩	ਬਣਤਰ-ਆਧਾਰਤ ਕ੍ਰਿਆ	੫੮੩
੧੮.੪	ਪ੍ਰੇਰਣਾਰਥਕ ਕ੍ਰਿਆ	੫੮੪
੧੮.੫	ਵਾਚ ਆਧਾਰਤ ਕ੍ਰਿਆ	੫੮੪
੧੮.੧	ਕਰਮ-ਆਧਾਰਤ ਕ੍ਰਿਆ	੫੮੪
੧੮.੧.੧	ਅਕਰਮਕ ਕ੍ਰਿਆ	੫੮੪
੧੮.੧.੧.੧	ਲੱਛਣ	੫੮੪
੧੮.੧.੧.੨	ਗੁਰਬਾਣੀ ਦੀਆਂ ਉਦਾਹਰਣਾਂ	੫੮੫
੧੮.੧.੨	ਸਕਰਮਕ ਕ੍ਰਿਆ	੫੮੫
੧੮.੧.੨.੧	ਲੱਛਣ	੫੮੫
੧੮.੧.੨.੨	ਸਕਰਮਕ ਕ੍ਰਿਆ ਦੀਆਂ ਗੁਰਬਾਣੀ ਵਿੱਚੋਂ ਉਦਾਹਰਣਾਂ	੫੮੫
੧੮.੧.੩	ਦੁਕਰਮਕ ਕ੍ਰਿਆ	੫੮੬
੧੮.੧.੩.੧	ਲੱਛਣ	੫੮੬
੧੮.੧.੩.੨	ਗੁਰਬਾਣੀ ਦੀਆਂ ਉਦਾਹਰਣਾਂ	੫੮੬
੧੮.੨	ਅਪੂਰਣ ਕ੍ਰਿਆ	੫੮੭
੧੮.੨.੧	ਲੱਛਣ	੫੮੭
੧੮.੨.੨	ਰੂਪ-ਸਾਧਨਾ	੫੮੭
੧੮.੨.੩	ਗੁਰਬਾਣੀ ਵਿਚਲੀਆਂ ਅਪੂਰਣ ਕ੍ਰਿਆ ਦੀਆਂ ਉਦਾਹਰਣਾਂ	੫੮੮
੧੮.੨.੩.੧	ਵਰਤਮਾਨ ਕਾਲ	੫੮੮
੧੮.੨.੩.੨	ਭੂਤ ਕਾਲ	੫੮੯
੧੮.੩	ਬਣਤਰ-ਆਧਾਰਤ ਕ੍ਰਿਆ	੫੯੧
੧੮.੩.੧	ਸਾਧਾਰਣ (ਇਕਹਿਰੀ) ਕ੍ਰਿਆ	੫੯੨
੧੮.੩.੨	ਸੰਜੁਕਤ ਕ੍ਰਿਆ	੫੯੨
੧੮.੩.੩	ਇਕਹਿਰੀ ਕ੍ਰਿਆ ਅਤੇ ਸੰਜੁਕਤ ਕ੍ਰਿਆ ਵਾਲੀਆਂ ਗੁਰਬਾਣੀ ਦੀਆਂ ਉਦਾਹਰਣਾਂ	੫੯੩
੧੮.੪	ਪ੍ਰੇਰਣਾਰਥਕ ਕ੍ਰਿਆ	੫੯੪
੧੮.੪.੧	ਲੱਛਣ	੫੯੪
੧੮.੪.੨	ਮੂਲ-ਧਾਤੂ ਅਤੇ ਪ੍ਰੇਰਣਾਰਥਕ ਧਾਤੂ	੫੯੫
੧੮.੪.੩	ਪ੍ਰੇਰਣਾਰਥਕ ਕ੍ਰਿਆ ਦੀ ਰੂਪ-ਸਾਧਨਾ	੫੯੫
੧੮.੪.੪	ਪ੍ਰੇਰਣਾਰਥਕ ਕ੍ਰਿਆ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ	੫੯੬
੧੮.੫	ਵਾਚ-ਆਧਾਰਤ ਕ੍ਰਿਆ	੫੯੯
੧੮.੫.੧	ਕਰਤ੍ਰੀ-ਵਾਚ	੬੦੦
੧੮.੫.੨	ਕਰਮਨੀ-ਵਾਚ	੬੦੦
੧੮.੫.੩	ਕਰਤ੍ਰੀ-ਵਾਚ ਤੋਂ ਕਰਮਨੀ-ਵਾਚ ਬਣਾਉਣ ਦੀ ਵਿਧੀ	੬੦੧
੧੮.੫.੪	ਮੂਲ-ਰੂਪੀ ਕਰਮਨੀ-ਵਾਚ ਧਾਤੂ	੬੦੪
੧੮.੫.੫	ਇੱਕੋ ਰੂਪ ਵਾਲੀਆਂ ਕਰਮਨੀ-ਵਾਚ ਕ੍ਰਿਆਵਾਂ ਦੇ ਵੱਖ ਵੱਖ ਲਹਿਜੇ	੬੦੫
੧੮.੫.੬	ਗੁਰਬਾਣੀ ਵਿੱਚੋਂ ਕਰਮਨੀ-ਵਾਚ ਕ੍ਰਿਆ ਦੀਆਂ ਉਦਾਹਰਣਾਂ	੬੦੭
੧੮.੬	ਕਿਰਦੰਤ	੬੧੪
੧੮.੬.੧	ਭਾਵਾਰਥ ਕਿਰਦੰਤ	੬੧੫
੧੮.੬.੧.੧	ਲੱਛਣ ਅਤੇ ਬਣਤਰ	੬੧੫
੧੮.੬.੧.੨	ਭਾਵਾਰਥ ਦੀ 'ਕਰਤਾ' ਜਾਂ 'ਕਰਮ' ਵਜੋਂ ਵਰਤੋਂ	੬੧੬
੧੮.੬.੧.੩	ਭਾਵਾਰਥ ਦੀ ਸੰਬੰਧਕੀ-ਪਦਾਂ ਨਾਲ ਵਰਤੋਂ	੬੧੬
੧੮.੬.੧.੪	ਭਾਵਾਰਥ ਕਿਰਦੰਤ ਅਤੇ ਅਮਿਤ ਕ੍ਰਿਆ ਵਿਚ ਫ਼ਰਕ	੬੧੭

੧੮.੬.੧.੫	ਭਾਵਾਰਥ ਕਿਰਦੰਤ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ	੬੧੭
੧੮.੬.੨	ਭੂਤ-ਕਿਰਦੰਤ	੬੨੦
੧੮.੬.੨.੧	ਲੱਛਣ	੬੨੦
੧੮.੬.੨.੨	ਭੂਤ-ਕਿਰਦੰਤ ਦੀ ਬਣਤਰ	੬੨੦
੧੮.੬.੨.੩	ਭੂਤ-ਕਿਰਦੰਤ ਦੀਆਂ ਸਾਧਾਰਣ ਉਦਾਹਰਣਾਂ	੬੨੧
੧੮.੬.੨.੪	ਭੂਤ-ਕਿਰਦੰਤ ਦੀਆਂ ਗੁਰਬਾਣੀ ਵਿੱਚੋਂ ਉਦਾਹਰਣਾਂ	੬੨੧
੧੮.੬.੩	ਕ੍ਰਿਆ-ਫਲ ਕਿਰਦੰਤ	੬੨੨
੧੮.੬.੩.੧	ਲੱਛਣ	੬੨੨
੧੮.੬.੩.੨	ਕ੍ਰਿਆ-ਫਲ ਕਿਰਦੰਤ ਦੀਆਂ ਗੁਰਬਾਣੀ ਵਿੱਚੋਂ ਉਦਹਰਣਾਂ	੬੨੪
੧੮.੬.੩.੩	ਪੁਰਾਤਨ ਸੰਮਿਲਤ ਸੰਬੰਧਕੀ-ਰੂਪ	੬੨੫
੧੮.੬.੪	ਪੂਰਬ-ਪੂਰਣ ਕਿਰਦੰਤ	੬੩੦
੧੮.੬.੪.੧	ਲੱਛਣ	੬੩੦
੧੮.੬.੪.੨	ਬਣਤਰ	੬੩੧
੧੮.੬.੪.੩	ਗੁਰਬਾਣੀ ਵਿਚਲੀਆਂ ਪੂਰਬ-ਪੂਰਣ ਕਿਰਦੰਤ ਦੀਆਂ ਉਦਾਹਰਣਾਂ	੬੩੨
੧੮.੬.੫	ਵਰਤਮਾਨ ਕਿਰਦੰਤ	੬੩੫
੧੮.੬.੫.੧	ਲੱਛਣ	੬੩੫
੧੮.੬.੫.੨	ਬ੍ਣਤਰ	੬੩੫
੧੮.੬.੫.੩	ਗੁਰਬਾਣੀ ਵਿਚਲੀਆਂ ਵਰਤਮਾਨ ਕਿਰਦੰਤ ਦੀਆਂ ਉਦਾਹਰਣਾਂ	੬੩੬
੧੮.੬.੬	ਕਰਤਰੀ-ਵਾਚਕ ਕਿਰਦੰਤ	੬੩੯
੧੮.੬.੬.੧	ਲੱਛਣ	੬੩੯
੧੮.੬.੬.੨	ਬਣਤਰ	੬੩੯
੧੮.੬.੬.੩	ਵਰਤੋਂ	੬੪੦
੧੮.੬.੬.੪	ਗੁਰਬਾਣੀ ਵਿਚਲੀਆਂ ਕਰਤਰੀ-ਵਾਚਕ ਕਿਰਦੰਤ ਦੀਆਂ ਉਦਾਹਰਣਾਂ	੬੪੧
੧੮.੭	ਵਿਆਕਰਣਕ ਕਾਲ	੬੪੨
੧੮.੭.੧	ਭੂਤ ਕਾਲ	੬੪੩
੧੮.੭.੨	ਵਰਤਮਾਨ ਕਾਲ	੬੪੩
੧੮.੭.੩	ਭਵਿੱਖਤ ਕਾਲ	੬੪੪
੧੮.੭.੪	ਹੁਕਮੀ ਭਵਿਖਤ ਕਾਲ—ਲੱਛਣ	੬੪੪
੧੮.੭.੫	ਸੰਭਾਵ ਭਵਿਖਤ ਕਾਲ—ਲੱਛਣ	੬੪੪
੧੮.੭.੬	ਕ੍ਰਿਆ ਦਾ ਰੂਪਾਂਤਰ	੬੪੫
੧੮.੭.੭	ਕ੍ਰਿਆ ਦੀ ਰੂਪ-ਸਾਧਨਾ	੬੪੫
੧੮.੭.੧	ਭੂਤ ਕਾਲ	੬੪੯
੧੮.੭.੧.੧	ਭੂਤ ਕਾਲ—ਇਕ-ਵਚਨ	੬੫੨
੧੮.੭.੧.੨	ਭੂਤ ਕਾਲ—ਬਹੁ-ਵਚਨ	੬੫੭
੧੮.੭.੧.੩	ਪੜਨਾਂਵੀ-ਪਿਛੇਤਰ	੬੬੨
੧੮.੭.੧.੪	ਇਕ-ਵਚਨ ਤੇ ਬਹੁ-ਵਚਨ, ਪੁਲਿੰਗ ਨਾਵਾਂ ਨਾਲ ਕ੍ਰਿਆਵੀ ਸ਼ਬਦ 'ਆਇਆ' ਦੀ ਵਰਤੋਂ	੬੬੮
੧੮.੭.੧.੫	ਇਕ-ਵਚਨ ਤੇ ਬਹੁ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਕ੍ਰਿਆਵੀ-ਰੂਪ 'ਆਈਆ' ਦੀ ਵਰਤੋਂ	੬੭੧
੧੮.੭.੨	ਵਰਤਮਾਨ ਕਾਲ—ਗੁਰਬਾਣੀ ਦੀਆਂ ਉਦਾਹਰਣਾਂ	੬੭੪
੧੮.੭.੨.੧	ਉਤਮ ਪੁਰਖ	੬੭੬
੧੮.੭.੨.੧.੧	ਇਕ-ਵਚਨ	੬੭੬
੧੮.੭.੨.੧.੨	ਬਹੁ-ਵਚਨ	੬੭੯
੧੮.੭.੨.੨	ਮਧਮ ਪੁਰਖ	੬੮੦
੧੮.੭.੨.੨.੧	ਇਕ-ਵਚਨ	੬੮੦
੧੮.੭.੨.੨.੨	ਬਹੁ-ਵਚਨ	੬੮੩
੧੮.੭.੨.੩	ਅਨ-ਪੁਰਖ	੬੮੪
੧੮.੭.੨.੩.੧	ਇਕ-ਵਚਨ	੬੮੪
੧੮.੭.੨.੩.੨	ਬਹੁ-ਵਚਨ	੬੯੩
੧੮.੭.੩	ਭਵਿਖਤ ਕਾਲ	੬੯੯
੧੮.੭.੩.੨	ਕਿਰਿਆ ਦੀ ਰੂਪ-ਸਾਧਨਾ	੭੦੦
੧੮.੭.੩.੩	ਉਤਮ ਪੁਰਖ	੭੦੧
੧੮.੭.੩.੩.੧	ਇਕ-ਵਚਨ	੭੦੧
੧੮.੭.੩.੩.੨	ਬਹੁ-ਵਚਨ	੭੦੪
੧੮.੭.੩.੪	ਮਧਮ ਪੁਰਖ	੭੦੫
੧੮.੭.੩.੪.੧	ਇਕ-ਵਚਨ	੭੦੫
੧੮.੭.੩.੪	ਮਧਮ ਪੁਰਖ	੭੦੭
੧੮.੭.੩.੪.੨	ਬਹੁ-ਵਚਨ	੭੦੭
੧੮.੭.੩.੫	ਅਨ ਪੁਰਖ	੭੦੮
੧੮.੭.੩.੫.੧	ਇਕ-ਵਚਨ	੭੦੮
੧੮.੭.੩.੫	ਅਨ ਪੁਰਖ	੭੧੨
੧੮.੭.੩.੫.੨	ਬਹੁ-ਵਚਨ	੭੧੨
੧੮.੭.੪	ਸੰਭਾਵ ਭਵਿਖਤ ਕਾਲ	੭੧੩
੧੮.੭.੪.੧	ਸੰਭਾਵ ਭਵਿਖਤ ਕਾਲ ਦੇ ਵੱਖ ਵੱਖ ਲਹਿਜਿਆਂ ਦੀਆਂ ਸਾਧਾਰਣ ਉਦਾਹਰਣਾਂ	੭੧੪
੧੮.੭.੪.੨	ਗੁਰਬਾਣੀ ਦੀਆਂ ਉਦਾਹਰਣਾਂ	੭੧੬
੧੮.੭.੪.੨.੧	ਸੰਭਾਵਨਾ—ਕਿਆਸ-ਬੋਧਕ ਲਹਿਜਾ	੭੧੬
੧੮.੭.੪.੨.੨	ਸੰਭਾਵਨਾ—ਸ਼ਰਤ-ਬੋਧਕ	੭੧੯
੧੮.੭.੪.੨.੩	ਸੰਭਾਵਨਾ—ਇੱਛਾ-ਬੋਧਕ	੭੨੦
੧੮.੭.੪.੨.੪	ਸੰਭਾਵਨਾ—ਪ੍ਰੇਰਨਾ-ਬੋਧਕ	੭੨੨
੧੮.੭.੪.੨.੫	ਸੰਭਾਵਨਾ—ਬੇਪਰਵਾਹੀ-ਬੋਧਕ	੭੨੩

੧੮.੭.੪.੨.੬	ਸੰਭਾਵਨਾ—ਬੇ-ਵਸੀ-ਬੋਧਕ	੭੨੩
੧੮.੭.੪.੨.੭	ਸੰਭਾਵਨਾ—ਅਸੀਸ-ਬੋਧਕ	੭੨੪
੧੮.੭.੪.੨.੮	ਸੰਭਾਵਨਾ—ਅਭਿਸ਼ਾਪ-ਬੋਧਕ	੭੨੫
੧੮.੭.੪.੨.੯	ਸੰਭਾਵਨਾ—ਪ੍ਰਸ਼ਨ-ਬੋਧਕ	੭੨੫
੧੮.੭.੪.੨.੧੦	ਸੰਭਾਵਨਾ—ਧੁੜਕੂ-ਬੋਧਕ	੭੨੬
੧੮.੭.੫	ਹੁਕਮੀ ਭਵਿਖਤ ਕਾਲ	੭੨੬
੧੮.੭.੫.੧	ਹੁਕਮੀ ਭਵਿਖਤ ਕਾਲ ਦੀਆਂ ਗੁਰਬਾਣੀ ਦੀਆਂ ਉਦਾਹਰਣਾਂ	੭੨੭
੧੮.੭.੫.੧.੧	ਹੁਕਮੀ ਭਵਿਖਤ ਕਾਲ—ਹੁਕਮ-ਬੋਧਕ	੭੨੭
੧੮.੭.੫.੧.੨	ਉਪਦੇਸ਼-ਬੋਧਕ	੭੨੮
੧੮.੭.੫.੧.੩	ਬੇਨਤੀ (ਤਰਲਾ) ਬੋਧਕ	੭੨੮
੧੮.੭.੫.੧.੪	ਤਾੜਨਾ-ਬੋਧਕ	੭੨੯
੧੮.੭.੫.੧.੫	ਖ਼ਬਰਦਾਰੀ (ਚੇਤਾਵਨੀ)-ਬੋਧਕ	੭੩੦
੧੮.੭.੫.੧.੬	ਵੰਗਾਰ-ਬੋਧਕ	੭੩੦
੧੮.੭.੫.੧.੭	ਪ੍ਰੇਮ-ਨਿਹੋਰਾ-ਬੋਧਕ	੭੩੧
੧੯. ਕ੍ਰਿਆ-ਵਿਸ਼ੇਸ਼ਣ		੭੩੧-੭੪੮
੧੯.੧	ਕਾਲ-ਵਾਚਕ ਕ੍ਰਿਆ-ਵਿਸ਼ੇਸ਼ਣ	੭੩੩
੧੯.੨	ਸਥਾਨ ਵਾਚੀ ਕ੍ਰਿਆ-ਵਿਸ਼ੇਸ਼ਣ	੭੩੬
੧੯.੩	ਪ੍ਰਕਾਰ-ਵਾਚੀ ਕ੍ਰਿਆ-ਵਿਸ਼ੇਸ਼ਣ	੭੩੯
੧੯.੪	ਪ੍ਰਮਾਣ-ਵਾਚੀ ਕ੍ਰਿਆ-ਵਿਸ਼ੇਸ਼ਣ	੭੪੪
੧੯.੫	ਸੰਖਿਆਵਾਚਕ ਕ੍ਰਿਆ-ਵਿਸ਼ੇਸ਼ਣ	੭੪੫
੧੯.੬	ਨਿਰਨਾਵਾਚੀ ਕ੍ਰਿਆ-ਵਿਸ਼ੇਸ਼ਣ	੭੪੬
੧੯.੭	ਕਾਰਣਵਾਚਕ ਕ੍ਰਿਆ-ਵਿਸ਼ੇਸ਼ਣ	੭੪੭
੧੯.੮	ਤਾਕੀਦਵਾਚੀ ਕ੍ਰਿਆ-ਵਿਸ਼ੇਸ਼ਣ	੭੪੮
੨੦. ਸੰਬੰਧਕ		੭੪੯-੭੬੭
੨੧. ਯੋਜਕ		੭੬੭-੭੭੩
੨੨. ਵਿਸਮਿਕ		੭੭੩-੭੭੮
੨੩. ਗੁਰਬਾਣੀ ਦੀ ਭਾਸ਼ਾ ਦੇ ਵਿਆਕਰਣਿਕ ਨੇਮਾਂ ਦਾ ਬੋਧ		੭੭੮-੮੧੨
੨੩.੧	ਉਹ, ਉਹੁ, ਉਸੁ, ਉਨਿ, ਉਨ, ਉਤੁ, ਉਤ	੭੮੦
੨੩.੨	ਓਹ, ਓਹਾ, ਓਹੁ, ਓਹੋ, ਓਹਿ, ਓਇ, ਓਨਿ, ਓਨ, ਓਨੀ, ਓਤੁ, ਓਤਿ	੭੮੧
੨੩.੩	ਓਰ, ਓਰੁ, ਓਰੈ, ਓਰੇ	੭੮੨
੨੩.੪	ਅਸ, ਅਸੁ	੭੮੨
੨੩.੫	ਅਸਤ, ਅਸਤੁ, ਅਸਤਿ	੭੮੨
੨੩.੬	ਅੰਤਰਿ, ਅੰਤਰੁ, ਅੰਤਰ, ਅੰਤਰਾ	੭੮੩
੨੩.੭	ਅਨ, ਅਨੁ, ਅੰਨੁ, ਅੰਨਿ, ਅੰਨੀ	੭੮੩
੨੩.੮	ਅਪ, ਅਪੁ	੭੮੩
੨੩.੯	ਅਪਤਿ, ਅਪਤੁ	੭੮੪
੨੩.੧੦	ਅਮਰੁ, ਅਮਰ, ਅਮਰਿ	੭੮੪
੨੩.੧੧	ਅਮਲੁ, ਅਮਲੁ, ਅਮਲੁ, ਅਮਲ	੭੮੪
੨੩.੧੨	ਅ-ਮਾਨ, ਅਮਾਨ	੭੮੫
੨੩.੧੩	ਅਵਰ, ਅਵਰੁ, ਅਵਰਿ, ਅਵਰੇ, ਅਵਰਾ, ਅਵਰੀ	੭੮੫
੨੩.੧੪	ਆਪਿ, ਆਪੇ, ਆਪ, ਆਪੁ, ਆਪੈ	੭੮੫
੨੩.੧੫	ਇਕ, ਇਕੁ, ਇਕਿ, ਇਕਸੁ, ਇਕਨਾ, ਇਕਨੀ, ਇਕਨਿ, ਇਕਤੁ	੭੮੬
੨੩.੧੬	ਇਤ, ਇਤੁ	੭੮੬
੨੩.੧੭	ਸਾਈ	੭੮੭
੨੩.੧੮	ਸਾਖੀ	੭੮੭
੨੩.੧੯	ਸਾਪੁ	੭੮੭
੨੩.੨੦	ਸਾਰ, ਸਾਰੁ, ਸਾਰਿ	੭੮੭
੨੩.੨੧	ਸਿਆਹੁ, ਸਿਆਹਹੁ	੭੮੮
੨੩.੨੨	ਸੂਆ	੭੮੮
੨੩.੨੩	ਸੇਵ, ਸੇਵਿ	੭੮੮
੨੩.੨੪	ਸੇਵਕ, ਸੇਵਕੁ, ਸੇਵਕਾ, ਸੇਵਕਾਇ, ਸੇਵਕਿ	੭੮੯
੨੩.੨੫	ਸੈ	੭੮੯
੨੩.੨੬	ਸਉ	੭੮੯
੨੩.੨੭	ਸਉਦੇ	੭੯੦
੨੩.੨੮	ਸਹ, ਸਹਿ, ਸਹੀ, ਸਹੁ	੭੯੦
੨੩.੨੯	ਸਤੁ, ਸਤ, ਸਤਿ	੭੯੦
੨੩.੩੦	ਸਦ, ਸਦਿ, ਸਦੁ	੭੯੧
੨੩.੩੧	ਸਨੇਹਾ	੭੯੧
੨੩.੩੨	ਸਾ, ਸੇ, ਸੀ, ਸੋ	੭੯੨
੨੩.੩੩	ਹਉ	੭੯੩
੨੩.੩੪	ਹਸਣੁ, ਹਸਣਿ	੭੯੩
੨੩.੩੫	ਹਨਿ, ਹੰਨਿ੍	੭੯੩
੨੩.੩੫(ੳ)	ਹਾ ਹਾ, ਹਾਂ ਹਾਂ, ਹਾਂ ਕਿ, ਹਰਿ ਹਾਂ	੭੯੩
੨੩.੩੬	ਹਾਥ, ਹਾਥਿ, ਹਾਥੁ	੭੯੪
੨੩.੩੭	ਹੈ	੭੯੪
੨੩.੩੮	ਕਹਾ	੭੯੪

੨੩.੩੯	ਕਰਹ, ਕਰਹਿ, ਕਰਹੁ	੭੬੫
੨੩.੪੦	ਕਰਮਹਿ, ਕਰ ਮਹਿ	੭੬੫
੨੩.੪੧	ਕਾ, ਕੇ	੭੬੫
੨੩.੪੨	ਕਾਢਿ, ਕਾਢਿਆ, ਕਾਂਢਿਆ, ਕਾਂਢੈ	੭੬੬
੨੩.੪੩	ਕਾਰ, ਕਾਰੁ	੭੬੬
੨੩.੪੪	ਕੁਨੁ, ਕੁਨ	੭੬੭
੨੩.੪੫	ਕੈ	੭੬੭
੨੩.੪੬	ਕੋ, ਕੋ ਕੋ	੭੬੭
੨੩.੪੭	ਖਲਾ	੭੬੮
੨੩.੪੮	ਗਲੀ, ਗਲਾ, ਗਲ੍ਹਾ	੭੬੮
੨੩.੪੯	ਗੋਲਾ	੭੬੯
੨੩.੫੦	ਚਾਖਿ, ਚਾਖੁ	੭੬੯
੨੩.੫੧	ਜਉ	੭੬੯
੨੩.੫੨	ਜਾ	੭੬੯
੨੩.੫੩	ਜਾਇ	੭੭੦
੨੩.੫੪	ਜਾਰ, ਜਾਰਿ	੭੭੦
੨੩.੫੫	ਜਿਨਿ, ਜਿਣਿ	੭੭੦
੨੩.੫੬	ਜੀਆ, ਜੀਆਂ	੭੭੦
੨੩.੫੭	ਜੀਅਉ, ਜੀਅਹੁ	੭੭੧
੨੩.੫੮	ਜੀਉ	੭੭੧
੨੩.੫੯	ਡਡਾ	੭੭੧
੨੩.੬੦	ਤਾਲ, ਤਾਲੁ	੭੭੧
੨੩.੬੧	ਤਿਸ, ਤਿਸੁ	੭੭੨
੨੩.੬੨	ਤੈ	੭੭੨
੨੩.੬੩	ਦਇਆ	੭੭੨
੨੩.੬੪	ਦਰ, ਦਰਿ, ਦਰੁ	੭੭੩
੨੩.੬੫	ਧਰ, ਧਰਿ	੭੭੩
੨੩.੬੬	ਧਰਤ, ਧਰਤਿ	੭੭੩
੨੩.੬੭	ਧਾਤੁ	੭੭੩
੨੩.੬੮	ਨਾਗੀ	੭੭੪
੨੩.੬੯	ਨਾਨਾ, ਨਾਨ੍ਹਾ	੭੭੪
੨੩.੭੦	ਪਗ	੭੭੪
੨੩.੭੧	ਪਟੀਆ	੭੭੪
੨੩.੭੨	ਪਤ, ਪਤੁ, ਪਤਿ, ਪਤੀ	੭੭੪
੨੩.੭੩	ਪੜਿਆ	੭੭੫
੨੩.੭੪	ਪਾਈ	੭੭੫
੨੩.੭੫	ਪਾਈਅਨਿ, ਪਾਈਅਨੁ	੭੭੫
੨੩.੭੬	ਪਾਸ, ਪਾਸਿ, ਪਾਸਰਾ	੭੭੫
੨੩.੭੭	ਪਾਵਹੁ, ਪਾਵਉ	੭੭੬
੨੩.੭੮	ਪਿਆਰੈ	੭੭੬
੨੩.੭੯	ਪੀਸਣੁ, ਪੀਸਣਿ	੭੭੬
੨੩.੮੦	ਪੂਜੀ	੭੭੭
੨੩.੮੧	ਪੂਰਬਿ, ਪੂਰਬ	੭੭੭
੨੩.੮੨	ਫਰਕਿ, ਫਰਕੁ	੭੭੭
੨੩.੮੩	ਬਾਸੁ	੭੭੭
੨੩.੮੪	ਬੇਗਲ, ਬੇ ਗਲ	੭੭੭
੨੩.੮੫	ਭਜਿ, ਭਜੁ, ਭਜੈ	੭੭੮
੨੩.੮੬	ਭਯਾ	੭੭੮
੨੩.੮੭	ਭਾਉ	੭੭੮
੨੩.੮੮	ਭਾਤਿ, ਭਾਤੁ	੭੭੮
੨੩.੮੯	ਮਨਸਾ, ਮਨ ਸਾ	੭੭੯
੨੩.੯੦	ਮਨਮੁਖਿ, ਮਨਮੁਖੁ, ਮਨਮੁਖ, ਮਨਿ ਮੁਖਿ	੭੭੯
੨੩.੯੧	ਮਰਨਿ, ਮਰਨੁ, ਮਰਨ, ਮਰਨਾ	੭੭੯
੨੩.੯੨	ਮਾਰਨਿ, ਮਾਰਨੁ, ਮਾਰਣੁ	੭੭੯
੨੩.੯੩	ਮਿਲੀਐ, ਮਿਲਿਐ	੭੭੯
੨੩.੯੪	ਮੂਸ, ਮੂਸਾ, ਮੂਸਿ, ਮੂਸੇ, ਮੂਸਤ, ਮੁਸੀਅਤ	੭੭੯
੨੩.੯੫	ਮੇਰੈ	੭੭੯
੨੩.੯੬	ਰਵਿਆ, ਰਵੀਐ	੭੭੯
੨੩.੯੭	ਲਖ, ਲਖ, ਲਖਿ	੭੭੯
੨੩.੯੮	ਲਉ	੭੭੯
੨੩.੯੯	ਲਾਲੁ	੭੭੯
੨੩.੧੦੦	ਵਾਸੁ, ਵਾਸਿ	੭੭੯

੧੬. ਪੜਨਾਂਵ



੧੬. (ੳ) ਪੜਨਾਂਵ—ਲੱਛਣ

"ਜੋ ਸ਼ਬਦ ਕਿਸੇ ਨਾਂਵ ਦੀ ਥਾਵੇਂ ਵਰਤਿਆ ਜਾਵੇ ਅਤੇ ਅਜਿਹੀ ਵਰਤੋਂ ਨਾਲ ਭਾਵ-ਅਰਥ ਵਿਚ ਕੋਈ ਫ਼ਰਕ ਨਾ ਪਵੇ, ਪੜਨਾਂਵ ਕਹੀਦਾ ਹੈ।"

੧੬. (ਅ) ਵਿਆਖਿਆ—ਪੜਨਾਂਵ ਦੀ ਮਹੱਤਤਾ

ਆਮ ਬੋਲ-ਚਾਲ ਵਿਚ ਜਦੋਂ ਅਸੀਂ ਕਿਸੇ ਵਿਅਕਤੀ ਜਾਂ ਵਸਤੂ ਬਾਰੇ ਚਰਚਾ ਕਰਦੇ ਹਾਂ ਤਾਂ ਆਰੰਭ ਵਿਚ ਇਕ-ਅੱਧੀ ਵਾਰੀ ਉਸ ਦੇ ਨਾਂ ਦਾ ਵਰਣਨ ਕਰਦੇ ਹਾਂ, ਪਰ ਜੇ ਇਸ ਨਾਂ ਦੀ ਵਰਤੋਂ ਘੜੀ-ਮੁੜੀ ਕੀਤੀ ਜਾਵੇ ਤਾਂ ਇਸ ਨਾਲ ਬੋਲੀ ਕੋਝੀ ਅਤੇ ਅਣ-ਸੁਖਾਵੀਂ ਲੱਗਦੀ ਹੈ; ਜਿਵੇਂ :

> "ਕੁਲਤਾਰਨ ਸਿੰਘ ਅੰਮ੍ਰਿਤ ਵੇਲੇ ਉਠਿਆ। ਕੁਲਤਾਰਨ ਸਿੰਘ ਨੇ ਕੁਲਤਾਰਨ ਸਿੰਘ ਦੇ ਪਿਤਾ ਜੀ ਤੋਂ ਕਾਰ ਦੀਆਂ ਚਾਬੀਆਂ ਲਈਆਂ ਤੇ ਕੁਲਤਾਰਨ ਸਿੰਘ, ਕੁਲਤਾਰਨ ਸਿੰਘ ਦੇ ਮਾਤਾ-ਪਿਤਾ ਸਮੇਤ ਗੁਰਦੁਆਰੇ ਜਾ ਪੁੱਜਾ।"

ਉਪਰੋਕਤ ਵਾਕ ਵਿਚ 'ਕੁਲਤਾਰਨ ਸਿੰਘ' ਦੇ ਨਾਂ ਦੀ ਬਾਰ ਬਾਰ ਵਰਤੋਂ ਅਜੀਬ ਜਿਹੀ ਅਤੇ ਚੁੱਭਵੀਂ ਲੱਗਦੀ ਹੈ। ਪਰ 'ਨਾਂਵ' ਦੀ ਬਜਾਏ 'ਪੜਨਾਂਵ' ਦੀ ਵਰਤੋਂ ਨਾਲ ਇਹ ਵਾਕ ਸੁਖਾਲਾ, ਸੁਖਾਵਾਂ ਅਤੇ ਖ਼ੂਬਸੂਰਤ ਬਣ ਜਾਂਦਾ ਹੈ; ਜਿਵੇਂ :

> "ਕੁਲਤਾਰਨ ਸਿੰਘ ਅੰਮ੍ਰਿਤ ਵੇਲੇ ਉਠਿਆ, ਉਸ ਨੇ ਆਪਣੇ ਪਿਤਾ ਜੀ ਤੋਂ

ਕਾਰ ਦੀਆਂ ਚਾਬੀਆਂ ਲਈਆਂ ਅਤੇ ਉਹ ਆਪਣੇ ਮਾਤਾ-ਪਿਤਾ ਸਮੇਤ ਗੁਰਦੁਆਰੇ ਜਾ ਪੁੱਜਾ।"

੧੬. (ਏ) ਪੜਨਾਂਵ ਦੀਆਂ ਕਿਸਮਾਂ ਦਾ ਵੇਰਵਾ ਅਤੇ ਸੰਬੰਧਤ ਗੁਰਬਾਣੀ ਉਦਾਹਰਣਾਂ

ਪੜਨਾਂਵ ਦੀ ਹਰੇਕ ਕਿਸਮ ਬਾਰੇ ਵੇਰਵਾ ਅਤੇ ਉਸ ਨਾਲ ਸੰਬੰਧਤ ਗੁਰਬਾਣੀ ਦੀਆਂ ਉਦਾਹਰਣਾਂ ਅੱਗੇ ਚੱਲ ਕੇ ਦਿੱਤੀਆਂ ਗਈਆਂ ਹਨ।

੧੬.੧ ਪੁਰਖਵਾਚਕ ਪੜਨਾਂਵ

ਵਿਆਕਰਣਿਕ ਪੁਰਖ ਬਾਰੇ ਮੁੱਢਲੀ ਜਾਣਕਾਰੀ

ਕਿਸੇ ਗੱਲ-ਬਾਤ ਵਿਚ ਆਮ ਤੌਰ 'ਤੇ ਤਿੰਨਾਂ ਪੁਰਖਾਂ ਵਿੱਚੋਂ ਕਿਸੇ ਨਾ ਕਿਸੇ ਦਾ ਵਰਣਨ ਹੁੰਦਾ ਹੈ :

(੧) ਗੱਲ ਕਰਨ ਵਾਲਾ—ਇਸ ਨੂੰ ਵਿਆਕਰਣ ਦੀ ਬੋਲੀ ਵਿਚ 'ਉਤਮ ਪੁਰਖ' ਆਖਦੇ ਹਨ।

(੨) ਜਿਸ ਨਾਲ ਗੱਲ-ਬਾਤ ਕੀਤੀ ਜਾਵੇ—ਇਸ ਨੂੰ ਵਿਆਕਰਣ ਦੀ ਬੋਲੀ ਵਿਚ 'ਮੱਧਮ ਪੁਰਖ' ਕਿਹਾ ਜਾਂਦਾ ਹੈ।

(੩) ਜਿਸ ਬਾਰੇ ਗੱਲ-ਬਾਤ ਕੀਤੀ ਜਾਵੇ—ਇਸ ਨੂੰ ਵਿਆਕਰਣ ਦੀ ਬੋਲੀ ਵਿਚ 'ਅਨ ਪੁਰਖ' ਕਹੀਦਾ ਹੈ।

੧੬.੧ (ੳ) ਪੁਰਖਵਾਚਕ ਪੜਨਾਂਵ—ਪਰਿਭਾਸ਼ਾ

"ਜਿਨ੍ਹਾਂ ਪੜਨਾਂਵ-ਸ਼ਬਦਾਂ ਤੋਂ ਕੇਵਲ ਵਿਆਕਰਣਿਕ-ਪੁਰਖ ਬਾਰੇ ਗਿਆਨ ਹੋਵੇ, **ਪੁਰਖਵਾਚਕ ਪੜਨਾਂਵ** ਕਹੀਦੇ ਹਨ।"

੧੬.੧ (ਅ) ਪੁਰਖਵਾਚਕ ਪੜਨਾਵਾਂ ਦੇ ਰੂਪ

(i) ਸਾਧਾਰਨ-ਰੂਪ

ਪੁਰਖ ਦੀ ਕਿਸਮ	*ਇਕ-ਵਚਨ*	*ਬਹੁ-ਵਚਨ*
ਉਤਮ ਪੁਰਖ	ਮੈਂ	ਅਸੀ
ਮਧਮ ਪੁਰਖ	ਤੂੰ	ਤੁਸੀ
ਅਨ ਪੁਰਖ (ਨਿਕਟ-ਵਰਤੀ)	ਇਹ	ਇਹ
ਅਨ ਪੁਰਖ (ਦੂਰ-ਵਰਤੀ)	ਉਹ	ਉਹ

(ii) ਸੰਬੰਧਕੀ-ਰੂਪ

	ਇਕ-ਵਚਨ	*ਬਹੁ-ਵਚਨ*
ਉਤਮ ਪੁਰਖ	ਮੈਂ	ਅਸਾਂ
ਮਧਮ ਪੁਰਖ	ਤੈਂ	ਤੁਸਾਂ

	ਇਕ-ਵਚਨ	*ਬਹੁ-ਵਚਨ*
ਅਨ ਪੁਰਖ	ਇਸ ਨੇ / ਉਸ ਨੇ	ਇਹਨਾਂ ਨੇ / ਉਹਨਾਂ ਨੇ

ਨੋਟ : ਅਜੋਕੇ ਪੰਜਾਬੀ ਵਿਆਕਰਣ ਵਿਚ ਅਨਪੁਰਖ ਦੇ ਪੁਰਖਵਾਚਕ ਪੜਨਾਂਵ ਲਿੰਗ-ਭੇਦ ਅਤੇ ਵਚਨ-ਭੇਦ ਤੋਂ ਮੁਕਤ ਮੰਨੇ ਜਾਂਦੇ ਹਨ, ਪਰੰਤੂ ਗੁਰਬਾਣੀ-ਵਿਆਕਰਣ ਅਨੁਸਾਰ ਅਜਿਹੇ ਪੁਰਖਵਾਚਕ ਪੜਨਾਂਵਾਂ ਦੇ ਰੂਪ, ਲਿੰਗ ਅਤੇ ਵਚਨ ਦੇ ਭੇਦ ਤੋਂ ਪ੍ਰਭਾਵਿਤ ਹੁੰਦੇ ਹਨ। ਅਨ ਪੁਰਖ ਦੇ ਪੁਰਖਵਾਚਕ ਪੜਨਾਂਵਾਂ ਦੇ ਇਕ-ਵਚਨੀ ਰੂਪ, ਇਸਤਰੀ ਲਿੰਗ ਅਤੇ ਪੁਲਿੰਗ ਦੋਹਾਂ ਦੇ ਵੱਖੋ ਵੱਖਰੇ ਹੁੰਦੇ ਹਨ, ਜਦ ਕਿ ਬਹੁ-ਵਚਨੀ ਰੂਪ ਪੁਲਿੰਗ ਅਤੇ ਇਸਤਰੀ- ਲਿੰਗ, ਦੋਹਾਂ ਲਈ ਇਕਸਾਰ ਹੁੰਦੇ ਹਨ; ਜਿਵੇਂ :

ਪੁਰਖ	*ਪੁਲਿੰਗ*		*ਇਸਤਰੀ-ਲਿੰਗ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਉਤਮ ਪੁਰਖ	ਮੈਂ	ਅਸੀ	ਮੈਂ	ਅਸੀ
ਮਧਮ ਪੁਰਖ	ਤੂੰ	ਤੁਸੀ	ਤੂੰ	ਤੁਸੀ
ਅਨ ਪੁਰਖ	ਇਹੁ, ਉਹੁ	ਇਹਿ, ਓਹਿ, ਓਇ	ਇਹ, ਉਹ	ਇਹਿ, ਓਹਿ, ਓਇ

੧੬.੧.੧ ਉਤਮ ਪੁਰਖ ਪੜਨਾਂਵ

੧੬.੧.੧.੧ ਪਰਿਭਾਸ਼ਾ

"ਜਿਨ੍ਹਾਂ ਪੜਨਾਂਵ-ਸ਼ਬਦਾਂ ਤੋਂ ਗੱਲ ਕਰਨ ਵਾਲੇ (ਉਤਮ ਪੁਰਖ) ਦਾ ਗਿਆਨ ਹੋਵੇ।"

੧੬.੧.੧.੨ ਉਤਮ ਪੁਰਖ ਪੜਨਾਂਵ ਦੀ ਕਾਰਕ ਰੂਪ-ਸਾਧਨਾ

(੧) ਅਜੋਕੀ ਭਾਸ਼ਾ ਵਿਚ

	ਇਕ-ਵਚਨ	*ਬਹੁ-ਵਚਨ*
ਕਰਤਾ ਕਾਰਕ	ਮੈਂ	ਅਸੀ, ਅਸਾਂ
ਕਰਮ ਕਾਰਕ	ਮੈਨੂੰ	ਸਾਨੂੰ
ਕਰਣ ਕਾਰਕ	ਮੇਰੇ ਦੁਆਰਾ	ਸਾਡੇ ਦੁਆਰਾ
ਸੰਪ੍ਰਦਾਨ ਕਾਰਕ	ਮੇਰੇ ਲਈ	ਸਾਡੇ ਲਈ
ਅਪਾਦਾਨ ਕਾਰਕ	ਮੈਥੋਂ	ਸਾਥੋਂ
ਸੰਬੰਧ ਕਾਰਕ	ਮੈਂ, ਮੂ, ਮੇਰਾ, ਮੇਰੀ, ਮੋਰ, ਮੇਰਉ, ਮੈਡਾ	ਸਾਡਾ, ਹਮਰਾ, ਹਮਾਰਾ, ਅਸਾੜਾ
ਅਧਿਕਰਣ ਕਾਰਕ	ਮੇਰੇ ਉੱਤੇ, ਮੇਰੇ ਹੇਠ, ਮੇਰੇ ਅੰਦਰ, ਮੇਰੇ ਪਾਸ	ਸਾਡੇ ਉੱਤੇ, ਸਾਡੇ ਹੇਠ, ਸਾਡੇ ਅੰਦਰ, ਸਾਡੇ ਪਾਸ

(੨) ਗੁਰਬਾਣੀ ਵਿਚਲੇ ਉਤਮ ਪੁਰਖ ਪੜਨਾਂਵਾਂ ਦੀ ਕਾਰਕ ਰੂਪ-ਸਾਧਨਾ

ਕਰਤਾ ਕਾਰਕ		
(i) ਸਾਧਾਰਨ-ਰੂਪ	ਹਉ, ਮੈ, ਮੋਹਿ, ਮੂ(ਮੂੰ)	ਅਸੀ, ਹਮ
(ii) ਸੰਬੰਧਕੀ-ਰੂਪ	ਮੈ, ਮੋਹਿ, ਮੂ	ਅਸਾ (ਉਚਾਰਣ ਨਾਸਕੀ) ਹਮ, ਹਮਹੁ
ਕਰਮ ਕਾਰਕ	ਮੈ, ਮੋਹਿ, ਮੈਨੋ, ਮੋਕਉ, ਮੰਞੁ	ਹਮ, ਹਮਹਿ
ਕਰਣ ਕਾਰਕ	—	—
ਸੰਪ੍ਰਦਾਨ ਕਾਰਕ	ਮੈ, ਮੂੰ, ਮੋਹਿ, ਮੁਝਹਿ, ਮਾਝੈ, ਮੈਨੋ, ਮੋਕਉ, ਮੈਕੂ	ਹਮ, ਹਮਹੁ, ਹਮ ਕਉ, ਹਮਾਰੈ
ਅਪਾਦਾਨ ਕਾਰਕ	ਮੈ ਤੇ, ਮੋਹਿ, ਮੈ, ਮੋਪੈ, ਮੰਞਹੁ	ਹਮ ਤੇ
ਸੰਬੰਧ ਕਾਰਕ	ਮੈ, ਮੂ, ਮੇਰਾ, ਮੋਰ, ਮੇਰੀ, ਮੋਰੀ ਮੇਰਉ, ਮੈਡਾ	ਹਮਰਾ, ਅਸਾੜਾ
ਅਧਿਕਰਣ ਕਾਰਕ	ਮੋ ਮਹਿ, ਮੁਝ ਮਹਿ, ਮੁਝਹਿ ਪਹਿ, ਮੈ ਅੰਤਰਿ, ਮੈ ਵਿਚਿ, ਮੈ, ਮੇਰੈ	ਹਮਾਰੈ, ਹਮਰੈ ਵਿਚਿ, ਹਮ
ਸੰਬੋਧਨ ਕਾਰਕ	—	—

੧੬.੧.੧.੩ ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ

(੧) ਗੁਰਬਾਣੀ ਵਿਚ ਉਤਮ ਪੁਰਖ, ਇਕ-ਵਚਨ ਪੜਨਾਂਵ 'ਹਉ' ਦੀ ਵਰਤੋਂ ਕੇਵਲ ਸਾਧਾਰਨ-ਰੂਪ ਵਿਚ ਹੀ ਮਿਲਦੀ ਹੈ, ਜਦ ਕਿ ਇਸ ਸ਼੍ਰੇਣੀ ਦੇ ਪੜਨਾਂਵ 'ਮੈ' ਦੀ ਵਰਤੋਂ, ਸਾਧਾਰਨ-ਰੂਪ ਅਤੇ ਸੰਬੰਧਕੀ-ਰੂਪ, ਦੋਹਾਂ ਵਿਚ ਹੀ ਮਿਲਦੀ ਹੈ।

(੨) ਗੁਰਬਾਣੀ ਵਿਚ ਉਤਮ ਪੁਰਖ ਦੇ ਪੁਰਖਵਾਚੀ ਪੜਨਾਂਵ ਸੰਮਿਲਤ-ਸੰਬੰਧਕੀ-ਰੂਪ ਅਤੇ ਸੰਬੰਧਕੀ-ਰੂਪ ਦੋਹਾਂ ਰੂਪਾਂ ਵਿਚ ਹੀ ਮਿਲਦੇ ਹਨ; ਜਿਵੇਂ :

ਸੰਮਿਲਤ ਸੰਬੰਧਕੀ-ਰੂਪ — ਮੋਹਿ, ਮੁਝਹਿ, ਮੁਝੈ, ਮਾਝੈ, ਮੰਞੁ, ਮੰਞਹੁ, ਆਦਿ।
ਸੰਬੰਧਕੀ-ਰੂਪ — ਮੋ ਕਉ, ਮੈਨੋ, ਮੈ ਕੂ, ਮੋ ਪੈ, ਮੋ ਸਿਉ, ਮੈ ਵਿਚਿ, ਮੈ ਊਪਰਿ, ਮੈ ਨਾਲਹੁ, ਆਦਿ।

(੩) ਗੁਰਬਾਣੀ ਵਿਚ ਕਈ ਥਾਈਂ ਪ੍ਰਸੰਗ ਅਨੁਸਾਰ, ਪੁਰਖਵਾਚੀ ਪੜਨਾਂਵ 'ਹਮ' ਦੀ ਵਰਤੋਂ ਬ੍ਰਜ-ਭਾਸ਼ਾ ਵਿਚਲੀ ਵਰਤੋਂ ਵਾਂਗ ਇਕ-ਵਚਨ ਪੜਨਾਂਵ 'ਮੈ' ਦੀ ਥਾਵੇਂ ਵੀ ਕੀਤੀ ਮਿਲਦੀ ਹੈ; ਜਿਵੇਂ :

੧. 'ਹਮ' ਹਰਿ ਸਿਉ ਧੜਾ ਕੀਆ, ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ,
ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥ਰਹਾਉ॥੫੪॥ *(ਪੰਨਾ ੩੬੬)*

੨. ਕਬੀਰ ਆਈ ਮੁਝਹਿ ਪਹਿ, ਅਨਿਕ ਕਰੇ ਕਰਿ ਭੇਸ ॥
'ਹਮ' ਰਾਖੇ ਗੁਰ ਆਪਨੇ, ਉਨਿ ਕੀਨੋ ਆਦੇਸੁ ॥੮॥ *(ਪੰਨਾ ੧੩੬੪)*

(੪) ਉਤਮ ਪੁਰਖ ਦੇ ਪੁਰਖਵਾਚੀ, ਸੰਬੰਧ-ਕਾਰਕੀ, ਪੜਨਾਵਾਂ [ਮੇਰਾ, ਮੈਡਾ, ਮਹਿਡਾ, ਮਹਿਜਾ, ਹਮਰਾ, ਹਮਾਰਾ, ਅਸਾਡਾ, ਅਸਾੜਾ, ਆਦਿ] ਨਾਲ ਸੰਮਿਲਤ, ਕੰਨਾ-ਅੰਤਿਕ, ਸੰਬੰਧ-ਸੂਚਕ ਪਿਛੇਤਰਾਂ ਦੇ ਰੂਪ ਸੰਬੰਧਮਾਨ ਨਾਂਵਾਂ ਦੇ ਲਿੰਗ ਅਤੇ ਵਚਨ ਅਨੁਸਾਰ ਬਦਲਦੇ ਹਨ; ਜਿਵੇਂ :

ਇਕ-ਵਚਨ		*ਬਹੁ-ਵਚਨ*	
ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
ਮੇਰਾ	ਮੇਰੀ	ਮੇਰੇ	ਮੇਰੀਆਂ
ਮੈਡਾ	ਮੈਡੀ	ਮੈਡੇ	ਮੈਡੀਆਂ
ਮਹਿਜਾ	ਮਹਿਜੀ	ਮਹਿਜੇ	ਮਹਿਜੀਆਂ
ਹਮਰਾ, ਹਮਾਰਾ	ਹਮਰੀ, ਹਮਾਰੀ	ਹਮਰੇ, ਹਮਾਰੇ	ਹਮਰੀਆਂ, ਹਮਾਰੀਆਂ
ਅਸਾਡਾ, ਅਸਾੜਾ	ਅਸਾਡੇ	ਅਸਾਡੀ	ਅਸਾਡੀਆਂ

(੫) 'ਮੈ' ਉਤਮ ਪੁਰਖ ਦਾ ਇਕ-ਵਚਨੀ, ਪੁਰਖਵਾਚੀ ਪੜਨਾਂਵ ਹੈ। ਸੰਬੰਧ ਕਾਰਕ ਵਿਚ ਇਸ ਦੇ ਸੰਮਿਲਤ-ਸੰਬੰਧਕੀ-ਰੂਪ ਹੇਠ ਲਿਖੇ ਬਣਦੇ ਹਨ; ਜਿਵੇਂ :

ਪੁਲਿੰਗ		*ਇਸਤਰੀ-ਲਿੰਗ*	
ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਮੇਰਾ, ਮੈਡਾ, ਮਹਿਜਾ	ਮੇਰੇ, ਮੈਡੇ, ਮਹਿਜੇ	ਮੇਰੀ, ਮੈਡੀ, ਮਹਿਜੀ	ਮੇਰੀਆਂ

ਉਪਰੋਕਤ ਬਿਓਰੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਬੰਧ ਕਾਰਕ ਵਿਚ ਉਤਮ ਪੁਰਖ ਦੇ ਪੁਰਖਵਾਚੀ ਪੜਨਾਂਵ ਨਾਲ ਸੰਮਿਲਤ ਹੋ ਕੇ ਆਏ ਸੰਬੰਧ-ਸੂਚਕ, ਕੰਨਾ-ਅੰਤਿਕ ਪਿਛੇਤਰਾਂ ਦੇ ਰੂਪ, ਵਾਕ ਵਿਚਲੇ ਪਿੱਛੋਂ ਆਏ ਨਾਂਵ (ਸੰਬੰਧਮਾਨ ਨਾਂਵ) ਦੇ ਲਿੰਗ ਅਤੇ ਵਚਨ ਅਨੁਸਾਰ ਬਦਲਦੇ ਹਨ, ਪਰ ਮੂਲ-ਪੜਨਾਂਵ ਦਾ ਰੂਪ ਇਕਸਾਰ ਹੀ ਰਹਿੰਦਾ ਹੈ; ਜਿਵੇਂ :

ਮੇਰਾ (ਮੈਂ ਦਾ), ਮੇਰੇ (ਮੈਂ ਦੇ), ਮੇਰੀ (ਮੈਂ ਦੀ), ਮੇਰੀਆਂ (ਮੈਂ ਦੀਆਂ), 'ਮੇਰੇ' ਅਤੇ 'ਮੇਰੀਆਂ'; ਇਹਨਾਂ ਦੋਹਾਂ ਸ਼ਬਦਾਂ ਵਿਚ ਅੰਤਲੇ ਕੰਨਾ-ਅੰਤਕ, ਸੰਬੰਧ-ਸੂਚਕ ਪਿਛੇਤਰ (ਰੇ, ਰੀਆਂ) ਦਾ ਰੂਪ ਭਾਵੇਂ ਇਹਨਾਂ ਦੇ ਸੰਬੰਧਮਾਨ ਨਾਂਵ ਦੇ ਵਚਨ ਅਨੁਸਾਰ ਬਹੁ-ਵਚਨੀ ਹੈ, ਪਰ ਇਹਨਾਂ ਦਾ ਮੂਲ-ਪੜਨਾਂਵ ਇਕ-ਵਚਨੀ ਹੀ ਹੈ।

ਗੁਰਬਾਣੀ ਦੀਆਂ ਉਦਾਹਰਣਾਂ—ਉਤਮ ਪੁਰਖ ਪੜਨਾਂਵ

੧੬.੧.੧.੪ ਕਰਤਾ ਕਾਰਕ

੧੬.੧.੧.੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ—ਇਕ-ਵਚਨ

ਮੈ

੧. 'ਮੈ' ਨ ਮਰਉ ਮਰਿਬੋ ਸੰਸਾਰਾ ॥ਰਹਾਉ॥੧੨॥ *(ਪੰਨਾ ੩੨੫)*

੨. 'ਮੈ' ਕਿਆ ਮਾਗਉ ਕਿਛੁ ਥਿਰੁ ਨ ਰਹਾਈ,
ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥੮॥ *(ਪੰਨਾ ੫੯੭)*

੩. ਅਪਨੇ ਕਰਮ ਕੀ ਗਤਿ 'ਮੈ' ਕਿਆ ਜਾਨਉ ॥
'ਮੈ' ਕਿਆ ਜਾਨਉ ਬਾਬਾ ਰੇ ॥ਰਹਾਉ॥੨॥ *(ਪੰਨਾ ੮੭੦)*

ਹਉ

੧. ਜਿਨਾ ਪਿਛੈ 'ਹਉ' ਗਈ, ਸੇ ਮੈ ਪਿਛੈ ਭੀ ਰਵਿਆਸੁ ॥ਸ.੧॥੬॥ *(ਪੰਨਾ ੧੦੬੭)*

੨. 'ਹਉ' ਮਾਗਉ ਤੁਝੈ ਦਇਆਲ, ਕਰਿ ਦਾਸਾ ਗੋਲਿਆ ॥ਪਉੜੀ ੩॥
(ਪੰਨਾ ੫੧੮)

੩. 'ਹਉ' ਸੰਚਉ, 'ਹਉ' ਖਾਟਤਾ, ਸਗਲੀ ਅਵਧ ਬਿਹਾਨੀ ॥ਰਹਾਉ॥੪੪॥
(ਪੰਨਾ ੨੪੨)

ਮੂ/ਮੁੰ

੧. 'ਮੂ' ਥੀਆਊ ਸੇਜ, ਨੈਣਾ ਪਿਰੀ ਵਿਛਾਵਣਾ ॥ਸ.੩॥੧੨॥ *(ਪੰਨਾ ੧੦੬੮)*

੨. ਜਿਥੈ ਕੋਇ ਕਥੰਨਿ, ਨਾਉ ਸੁਣੰਦੋ ਮਾ ਪਿਰੀ ॥
'ਮੁੰ' ਜੁਲਾਊਂ ਤਥਿ, ਨਾਨਕ ਪਿਰੀ ਪਸੰਦੋ ਹਰਿਓ ਥੀਓਸਿ ॥ਸ.੨॥੨੦॥
(ਪੰਨਾ ੧੧੦੧)

੩. ਜਾ 'ਮੂ' ਪਸੀ ਹਠ ਮੈ, ਪਿਰੀ ਮਹਿਜੈ ਨਾਲਿ ॥ਸ.੧॥੪॥ *(ਪੰਨਾ ੧੦੬੫)*

ਮੋਹਿ

੧. ਅਬ 'ਮੋਹਿ' ਆਇ ਪਰਿਓ ਸਰਨਾਇ ॥ਰਹਾਉ॥੨੧॥ *(ਪੰਨਾ ੫੦੦)*

੨. ਪ੍ਰਭੁ ਦਾਤਾ, 'ਮੋਹਿ' ਦੀਨੁ ਭੇਖਾਰੀ, ਤੁਮ੍ ਸਦਾ ਸਦਾ ਉਪਕਾਰੇ ॥੨॥੬॥
[ਮੋਹਿ—ਮੈਂ] *(ਪੰਨਾ ੭੩੮)*

(ਅ) ਸੰਬੰਧਕੀ-ਰੂਪ

ਮੈ

੧. 'ਮੈ' ਆਪਣਾ ਗੁਰੁ ਪੂਛਿ ਦੇਖਿਆ, ਅਵਰੁ ਨਾਹੀ ਥਾਉ ॥ਰਹਾਉ॥੧॥ *(ਪੰਨਾ ੧੪)*

੨. 'ਮੈ' ਖੋਜਤ ਖੋਜਤ ਜੀ, ਹਰਿ ਨਿਹਚਲੁ ਸੁ ਘਰੁ ਪਾਇਆ ॥੪॥੧੧॥
(ਪੰਨਾ ੭੬੫)

੩. 'ਮੈ' ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੂਖੁ ਗਵਾਇ ਜੀਉ ॥੩॥ *(ਪੰਨਾ ੭੬੩)*

ਮੋਹਿ

੧. ਅਬ 'ਮੋਹਿ' ਜੀਵਨ ਪਦਵੀ ਪਾਈ ॥ਰਹਾਉ॥੬॥ *(ਪੰਨਾ ੧੦੦੦)*

੨. ਅਬ 'ਮੋਹਿ' ਸਰਬ ਕੁਸਲ ਕਰਿ ਮਾਨਿਆ ॥ਰਹਾਉ॥੧੭॥ *(ਪੰਨਾ ੩੨੬)*

੩. ਅਬ 'ਮੋਹਿ' ਧਨੁ ਪਾਇਓ ਹਰਿ ਨਾਮਾ ॥ਰਹਾਉ॥੩੫॥ *(ਪੰਨਾ ੧੨੧੧)*

ਮੂ

੧. ਈਧਣੁ ਕੀਤੋ 'ਮੂ' ਘਣਾ, ਭੋਰੀ ਦਿਤੀਮੁ ਭਾਹਿ ॥ਸ.੨॥੫॥ *(ਪੰਨਾ ੭੦੬)*

ਨੋਟ : 'ਮੈ', 'ਮੋਹਿ', 'ਮੂ'; ਇਹਨਾਂ ਉਤਮ ਪੁਰਖ ਪੜਨਾਂਵਾਂ ਦੇ ਵਿਚ ਸੰਬੰਧਕੀ-ਪਦ 'ਨੇ' ਲੁਪਤ ਹੈ।

੧੬.੧.੧.੪.੨ ਕਰਤਾ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਹਮ (ਅਸੀ)

੧. 'ਹਮ' ਕਿਛੁ ਨਾਹੀ, ਏਕੈ ਓਹੀ ॥
ਆਗੈ, ਪਾਛੈ, ਏਕੋ ਸੋਈ ॥੪॥੮੩॥ *(ਪੰਨਾ ੩੯੧)*

੨. ਨਾਨਕ ਗੁਰਿ ਖੋਏ ਭ੍ਰਮ ਭੰਗਾ ॥
'ਹਮ' ਓਇ ਮਿਲਿ ਹੋਏ ਇਕ ਰੰਗਾ ॥੪॥੮੩॥ *(ਪੰਨਾ ੩੯੧)*

੩. 'ਹਮ' ਕਿਆ ਗੁਣ ਤੇਰੇ ਵਿਥਰਹ ਸੁਆਮੀ,
ਤੂੰ ਅਪਰ ਅਪਾਰੋ ਰਾਮ ਰਾਜੇ ॥੩॥੧੭॥ *(ਪੰਨਾ ੪੫੦)*

ਅਸੀ

੧. ਜੋ ਤਿਨਿ ਕਰਿ ਪਾਇਆ, ਸੁ ਆਗੈ ਆਇਆ,
'ਅਸੀ' ਕਿ ਹੁਕਮੁ ਕਰੇਹਾ ॥੧॥੨॥ *(ਪੰਨਾ ੫੭੯)*

੨. ਸਖੀ, ਆਉ ਸਖੀ, ਵਸਿ ਆਉ ਸਖੀ, 'ਅਸੀ' ਪਿਰ ਕਾ ਮੰਗਲੁ ਗਾਵਹ ॥੧॥੩॥
(ਪੰਨਾ ੮੪੭)

੩. 'ਅਸੀ' ਖਤੇ ਬਹੁਤੁ ਕਮਾਵਦੇ, ਅੰਤੁ ਨ ਪਾਰਾਵਾਰੁ ॥੨੯॥ *(ਪੰਨਾ ੧੪੧੬)*

ਨੋਟ : 'ਅਸੀ' ਅੰਤਲੇ ਸ੍ਵਰ ਦਾ ਉਚਾਰਣ ਨਾਸਿਕਤਾ ਬਿਨਾ।

(ਅ) ਸੰਬੰਧਕੀ-ਰੂਪ

ਅਸਾ

੧. ਸਾਹਿਬੁ ਸਮ੍ਲਿਹ, ਪੰਥੁ ਨਿਹਾਲਿਹ, 'ਅਸਾ' ਭਿ ਓਥੈ ਜਾਣਾ ॥੧॥੨॥ *(ਪੰਨਾ ੫੭੯)*

ਅਸੀ

੧. ਰਤਨ ਉਪਾਇ ਧਰੇ ਖੀਰੁ ਮਥਿਆ, ਹੋਰਿ ਭਖਲਾਏ ਜਿ 'ਅਸੀ' ਕੀਆ ॥੪॥੭॥
(ਪੰਨਾ ੩੫੧)
[ਅਸਾ—ਅਸਾਂ ਨੇ, ਅਸੀ—ਅਸਾਂ ਨੇ। (ਦੋਹਾਂ ਪੜਨਾਂਵਾਂ ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)]

ਹਮਹੁ

੧. 'ਹਮਹੁ' ਜੁ ਬੂਝਾ ਬੂਝਨਾ, ਪੂਰੀ ਪਰੀ ਬਲਾਇ ॥੧੮੧॥ *(ਪੰਨਾ ੧੩੭੪)*

੨. ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥
ਸੋ ਸੁਖੁ 'ਹਮਹੁ' ਸਾਚੁ ਕਰਿ ਜਾਨਾ ॥੨॥੩੬॥ *(ਪੰਨਾ ੩੩੦)*
[ਹਮਹੁ—ਅਸਾਂ ਨੇ]

ਹਮ

੧. 'ਹਮ' ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥
ਗੁਰਿ ਪੂਰੈ ਪਿਤਾ ਸੰਗਿ ਮੇਲੇ ॥ਰਹਾਉ॥੨੨॥ *(ਪੰਨਾ ੧੧੪੧)*

੨. 'ਹਮ' ਕੀਆ, ਹਮ ਕਰਹਗੇ, ਹਮ ਮੂਰਖ ਗਾਵਾਰ ॥੩॥੬੪॥ *(ਪੰਨਾ ੩੯)*
[ਹਮ—ਅਸਾਂ ਨੇ]

੧੬.੧.੧.੫ ਕਰਮ ਕਾਰਕ

੧੬.੧.੧.੫.੧ ਕਰਮ ਕਾਰਕ—ਇਕ-ਵਚਨ

ਮੈ

੧. 'ਮੈ' ਸਦਾ ਰਾਵੇ ਪਿਰੁ ਆਪਣਾ, ਸਚੜੈ ਸਬਦਿ ਵੀਚਾਰੇ ॥੩॥੩॥ *(ਪੰਨਾ ੫੮੪)*

੨. ਆਵਹੁ ਸੰਤ, 'ਮੈ' ਗਲਿ ਮੇਲਾਈਐ ॥੨॥੫॥ *(ਪੰਨਾ ੯੫)*
[ਮੈ—ਮੈਨੂੰ]

ਮੋਹਿ

੧. ਰਾਖਹੁ ਅਪਨੀ ਸਰਣਿ ਪ੍ਰਭ 'ਮੋਹਿ' ਕਿਰਪਾ ਧਾਰੇ ॥੧॥੩੪॥ *(ਪੰਨਾ ੮੦੯)*

੨. ਪਿਤਾ ਪਾਰਬ੍ਰਹਮ ਪ੍ਰਭ ਧਨੀ ॥
'ਮੋਹਿ' ਨਿਸਤਾਰਹੁ ਨਿਰਗੁਨੀ ॥ਰਹਾਉ॥੨੧॥ *(ਪੰਨਾ ੧੧੮੬)*
[ਮੋਹਿ—ਮੈਨੂੰ]

ਮੋ ਕਉ

੧. 'ਮੋ ਕਉ' ਤਾਰਿ ਲੇ ਰਮਾ, ਤਾਰਿ ਲੇ ॥ਰਹਾਉ॥੩॥ *(ਪੰਨਾ ੮੭੩)*

੨. 'ਮੋ ਕਉ' ਕਹਾ ਸਤਾਵਹੁ ਬਾਰ ਬਾਰ ॥੩॥੪॥ *(ਪੰਨਾ ੧੧੮੪)*

੩. ਏਕ ਸਮੈ 'ਮੋ ਕਉ' ਗਹਿ ਬਾਂਧੈ, ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥੩॥
(ਪੰਨਾ ੧੨੫੨)

ਮੈਨੋ

੧. ਤੇਰਾ ਕੀਤਾ ਜਾਤੋ ਨਾਹੀ, 'ਮੈਨੋ' ਜੋਗੁ ਕੀਤੋਈ ॥੧॥ *(ਪੰਨਾ ੧੪੨੯)*

੨. ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ, ਜਿਥੈ ਕਿਥੈ 'ਮੈਨੋ' ਲਏ ਛਡਾਈ ॥੫॥
(ਪੰਨਾ ੫੮੮)

ਮੰਞੁ

੧. ਉਡਰਿਆ ਵੇਚਾਰਾ ਬਗੁਲਾ, ਮਤੁ ਹੋਵੈ 'ਮੰਞੁ' ਲਖਾਵੈ ॥ਸ.੧॥੭॥ *(ਪੰਨਾ ੯੬੦)*
[ਮੰਞੁ ਲਖਾਵੈ—ਮੈਨੂੰ ਨਸ਼ਰ ਕਰ ਦੇਵੇ।]

੧੬.੧.੧.੫.੨ ਕਰਮ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਹਮ

੧. ਗੁਰਿ ਤੁਠੈ ਨਾਮੁ ਦ੍ਰਿੜਾਇਆ, 'ਹਮ' ਕੀਏ ਸਬਦਿ ਨਿਹਾਲੁ ॥ਸ.੨॥੫॥
(ਪੰਨਾ ੧੩੧੫)

੨. 'ਹਮ' ਗੁਰਿ ਰਾਖਿ ਲੀਏ ਲਿਵ ਲਾਏ ॥੬॥੧॥ *(ਪੰਨਾ ੧੩੪੭)*
[ਹਮ ਕੀਏ ਸਬਦਿ ਨਿਹਾਲੁ—ਅਸੀਂ ਸ਼ਬਦ ਦੁਆਰਾ ਨਿਹਾਲ ਕਰ ਦਿੱਤੇ ਗਏ।]
[ਹਮ ਗੁਰਿ ਰਾਖਿ ਲੀਏ—ਅਸੀਂ ਗੁਰੂ ਦੁਆਰਾ ਰੱਖ ਲਏ ਗਏ।]

ਨੋਟ : ਉਪਰੋਕਤ ਉਦਾਹਰਣਾਂ ਵਿਚ 'ਕੀਏ' ਅਤੇ 'ਰਾਖਿ ਲੀਏ' ਕਰਮਨੀ ਵਾਚ ਦੀਆਂ ਭੂਤ-ਕਾਲੀ, ਬਹੁ-ਵਚਨੀ, ਕ੍ਰਿਆ ਹਨ।

੩. 'ਹਮ' ਕਹੀਅਤ ਕਲਿਜੁਗ ਕੇ ਕਾਮੀ ॥੧॥੧॥ *(ਪੰਨਾ ੭੧੦)*

ਨੋਟ : ਕਹੀਅਤ—ਕਰਮਨੀ ਵਾਚ ਦੀ ਵਰਤਮਾਨ ਕਾਲ ਦੀ ਬਹੁ-ਵਚਨੀ ਕ੍ਰਿਆ ਹੈ।

(ਅ) ਸੰਬੰਧਕੀ-ਰੂਪ

ਹਮ

੧. 'ਹਮ' ਰਾਖੁ ਰਾਖੁ ਦੀਨ ਤੇਰੇ, ਹਰਿ ਸਰਨਿ ਹਰਿ ਪ੍ਰਭ ਆਇਆ ॥੧॥੧॥
[ਹਮ—ਅਸਾਨੂੰ] *(ਪੰਨਾ ੯੬੪)*

ਹਮਹਿ

੧. ਪ੍ਰਤਿਪਾਲੈ ਨਾਨਕ 'ਹਮਹਿ', ਆਪਹਿ ਮਾਈ ਬਾਪ ॥ਪਉੜੀ ੩੨॥ *(ਪੰਨਾ ੨੫੭)*
[ਹਮਹਿ—ਅਸਾਨੂੰ]

੧੬.੧.੧.੬ ਕਰਣ ਕਾਰਕ

੧੬.੧.੧.੬.੧ ਕਰਣ ਕਾਰਕ—ਇਕ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧੬.੧.੧.੬.੨ ਕਰਣ ਕਾਰਕ—ਬਹੁ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧੬.੧.੧.੭ ਸੰਪ੍ਰਦਾਨ ਕਾਰਕ

੧੬.੧.੧.੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਮੈ

੧. 'ਮੈ' ਆਇ ਮਿਲਹੁ ਜਗਜੀਵਨ ਪਿਆਰੇ ॥
ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥੪॥੪॥ *(ਪੰਨਾ ੯੫)*

੨. 'ਮੈ' ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ,
ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥੩॥ *(ਪੰਨਾ ੯੫)*
[ਮੈ—ਮੈਨੂੰ]

ਨੋਟ : 'ਉਧਰੀਐ' ਦਾ ਉਚਾਰਣ 'ਉਧੱਰੀਐ' ਵਾਂਗ।

ਮੋਹਿ

੧. 'ਮੋਹਿ' ਜਮ ਡੰਡੁ ਨ ਲਾਗਈ, ਤਜੀਲੇ ਸਰਬ ਜੰਜਾਲ ॥੩॥੧॥ *(ਪੰਨਾ ੩੪੬)*

੨. ਮਾਣਿਕੁ 'ਮੋਹਿ' ਮਾਉ, ਡਿੰਨਾ ਧਣੀ ਅਪਾਹਿ ॥ਸ.੨॥੧੨॥ *(ਪੰਨਾ ੧੦੯੮)*
[ਮੋਹਿ—ਮੈਨੂੰ]

ਮੁਝਹਿ

੧. ਸਗਲ ਸੀਗਾਰ ਹੁਣਿ 'ਮੁਝਹਿ' ਸੁਹਾਇਆ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥੫॥ *(ਪੰਨਾ ੭੩੮)*

੨. ਲਾਲਨੁ ਰਾਵਿਆ ਕਵਨ ਗਤੀ ਰੀ ॥
ਸਖੀ ਬਤਾਵਹੁ 'ਮੁਝਹਿ' ਮਤੀ ਰੀ ॥੧॥੧੦॥ *(ਪੰਨਾ ੭੩੯)*
[ਮੁਝਹਿ—ਮੈਨੂੰ]

ਮੁਝੈ

੧. ਸੇ ਗੁਣ 'ਮੁਝੈ' ਨ ਆਵਨੀ ਕੈ ਜੀ ਦੋਸੁ ਧਰੇਹ ॥੪॥੧॥ *(ਪੰਨਾ ੭੨੫)*

ਮੂੰ

੧. ਦੇਂਦਾ 'ਮੂੰ' ਪਿਰੁ ਦਸਿ, ਹਰਿ ਸਜਣੁ ਸਿਰਜਣਹਾਰਿਆ ॥੪॥ *(ਪੰਨਾ ੧੪੨੧)*

੨. ਜੇ ਕੋ 'ਮੂੰ' ਉਪਦੇਸੁ ਕਰਤੁ ਹੈ, ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥੫॥੨॥ *(ਪੰਨਾ ੯੨)*
[ਮੂੰ—ਮੈਨੂੰ]

ਮੈਨੋ

੧. ਤੁਧੁ ਸਭੁ ਕਿਛੁ 'ਮੈਨੋ' ਸਉਪਿਆ, ਜਾ ਤੇਰਾ ਬੰਦਾ ॥੭॥ *(ਪੰਨਾ ੧੦੯੬)*

੨. ਸਤਿਗੁਰਿ 'ਮੈਨੋ' ਏਕੁ ਦਿਖਾਇਆ ॥੧॥੪॥ *(ਪੰਨਾ ੧੧੭੩)*
[ਮੈਨੋ—ਮੈਨੂੰ]

ਨੋਟ : ਸਮਗਰ ਬਾਣੀ ਅੰਦਰ ਇਸ ਸ਼ਬਦ ਵਿਚ 'ਨ' ਹੋੜੇ ਸਹਿਤ (ਨੋ) ਹੀ ਆਇਆ ਮਿਲਦਾ ਹੈ, 'ਨੂੰ' ਰੂਪ ਵਿਚ ਕਿਧਰੇ ਨਹੀਂ।

ਮੋ ਕਉ

੧. 'ਮੋ ਕਉ' ਮਿਲਿਓ ਰਾਮੁ ਸਨੇਹੀ ॥ਰਹਾਉ॥੩॥ *(ਪੰਨਾ ੬੫੭)*

੨. ਮੋ ਕਉ' ਕੁਸਲੁ ਬਤਾਵਹੁ ਕੋਈ ॥ਰਹਾਉ॥੪੫॥ *(ਪੰਨਾ ੩੩੨)*
[ਮੋ ਕਉ—ਮੈਨੂੰ]

ਮਾਝੈ

੧. ਸੰਤ ਚੀ ਸੰਗਤਿ, ਸੰਤ ਕਥਾ ਰਸੁ ॥
ਸੰਤ ਪ੍ਰੇਮ 'ਮਾਝੈ' ਦੀਜੈ ਦੇਵਾ ਦੇਵ ॥ਰਹਾਉ॥੨॥ *(ਪੰਨਾ ੪੮੬)*
[ਮਾਝੈ—ਮੈਨੂੰ]

ਮੈ ਕੂ

੧. ਹਭਿ ਗੁਣ ਤੈਡੇ ਨਾਨਕ ਜੀਉ, 'ਮੈ ਕੂ' ਥੀਏ,
ਮੈ ਨਿਰਗੁਣ ਤੇ ਕਿਆ ਹੋਵੈ ॥ਸ.੧॥੧੬॥ *(ਪੰਨਾ ੯੬੪)*

੨. ਹਠ ਮੰਝਾਹੂ ਮੈ ਮਾਣਕੁ ਲਧਾ ॥
ਮੁਲਿ ਨ ਘਿਧਾ, 'ਮੈ ਕੂ' ਸਤਿਗੁਰਿ ਦਿਤਾ ॥ਸ.੨॥੧੭॥ *(ਪੰਨਾ ੯੬੪)*
[ਮੈ ਕੂ—ਮੈਨੂੰ]

੧੬.੧.੧.੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਹਮ

੧. ਗੁਰ ਸੇਵਾ ਹਰਿ 'ਹਮ' ਭਾਈਆ, ਹਰਿ ਹੋਆ ਹਰਿ ਕਿਰਪਾਲੁ ॥ਸ.੨॥੫॥ *(ਪੰਨਾ ੧੩੧੫)*

੨. ਹਮਰੈ ਸੁਆਮੀ ਲੋਚ 'ਹਮ' ਲਾਈ, ਹਮ ਜੀਵਹ ਦੇਖਿ ਹਰਿ ਮਿਲੇ ॥੪॥੨॥ *(ਪੰਨਾ ੯੭੫)*
[ਹਮ—ਅਸਾਨੂੰ]

ਹਮਹੁ

੧. ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ 'ਹਮਹੁ' ਨ ਮਾਂਗਿਆ ਭਾਵੈ ॥੧॥੩੬॥ *(ਪੰਨਾ ੩੩੦)*
[ਹਮਹੁ—ਅਸਾਨੂੰ]

ਹਮ ਕਉ

੧. 'ਹਮ ਕਉ' ਚਾਬਨੁ, ਉਨ ਕਉ ਰੋਟੀ ॥੩॥੬॥ *(ਪੰਨਾ ੮੭੧)*

੨. 'ਹਮ ਕਉ' ਦ੍ਰਿਸਟਿ ਪਰੈ ਤ੍ਰੁਖਿ ਭਾਇਣਿ ॥੩॥੭॥ *(ਪੰਨਾ ੮੭੧)*
[ਹਮ ਕਉ—ਅਸਾਨੂੰ]

੧੬.੧.੧.੮ ਅਪਾਦਾਨ ਕਾਰਕ

੧੬.੧.੧.੮.੧ ਅਪਾਦਾਨ ਕਾਰਕ—ਇਕ-ਵਚਨ

ਮੈ ਤੇ

੧. ਸੋ ਕਿਛੁ ਨਾਹੀ ਜਿ 'ਮੈ ਤੇ' ਹੋਵੈ, ਮੇਰੇ ਠਾਕੁਰ ਅਗਮ ਅਪਾਰੇ ॥੨॥੬॥
[ਮੈ ਤੇ—ਮੈਥੋਂ] *(ਪੰਨਾ ੭੩੮)*

ਮੰਞਹੁ

੧. ਸਹੀਆ ਤਊ ਅਸੰਖ, 'ਮੰਞਹੁ' ਹਭਿ ਵਧਾਣੀਆ ॥੬॥੪॥ *(ਪੰਨਾ ੭੬੧)*

੨. 'ਮੰਞਹੁ' ਦੂਰਿ ਨ ਜਾਹਿ ਪਿਰਾ ਜੀਉ, ਘਰਿ ਬੈਠਿਆ ਹਰਿ ਪਾਏ ॥੧॥੫॥
[ਮੰਞਹੁ—ਮੈਥੋਂ] *(ਪੰਨਾ ੨੪੬)*

ਮੋਹਿ

੧. ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ 'ਮੋਹਿ' ॥੧॥੩॥ *(ਪੰਨਾ ੧੨੫੨)*
[ਮੋਹਿ—ਮੈਥੋਂ]

ਮੋ ਪੈ

੧. ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ 'ਮੋ ਪੈ' ਜਬਾਬੁ ਨ ਹੋਇ ॥੧॥੩॥ *(ਪੰਨਾ ੧੨੫੨)*
[ਮੋ ਪੈ—ਮੈਥੋਂ, ਮੇਰੇ ਪਾਸੋਂ]

ਮੈ

੧. ਖੰਡ ਪਤਾਲ ਅਸੰਖ, 'ਮੈ' ਗਣਤ ਨ ਹੋਈ ॥ਪਉੜੀ ੧੨॥ *(ਪੰਨਾ ੧੨੮੩)*
[ਮੈ—ਮੇਰੇ ਪਾਸੋਂ]

੧੬.੧.੧.੮.੨ ਅਪਾਦਾਨ ਕਾਰਕ—ਬਹੁ-ਵਚਨ

ਹਮ ਤੇ

੧. 'ਹਮ ਤੇ' ਕਿਛੁ ਨ ਹੋਇ ਮੇਰੇ ਸ੍ਵਾਮੀ, ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ਰਹਾਉ॥੧੬॥ *(ਪੰਨਾ ੬੭੫)*

੨. 'ਹਮ ਤੇ' ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥੪॥੬੦॥ *(ਪੰਨਾ ੮੧੬)*
[ਹਮ ਤੇ—ਸਾਥੋਂ, ਅਸਾਡੇ ਪਾਸੋਂ]

੧੬.੧.੧.੯ ਸੰਬੰਧ ਕਾਰਕ

੧੬.੧.੧.੯.੧ ਸੰਬੰਧ ਕਾਰਕ—ਇਕ-ਵਚਨ

ਮੈ

੧. ਜੇ ਤੁਧੁ ਭਾਵੈ ਸਾਹਿਬਾ, ਤੂ 'ਮੈ' ਹਉ ਤੈਡਾ ॥੧॥੧੪॥ *(ਪੰਨਾ ੪੧੮)*

੨. ਮੇਰੇ ਪ੍ਰੀਤਮਾ 'ਮੈ' ਤੁਝ ਬਿਨੁ ਅਵਰੁ ਨ ਕੋਇ ॥ਰਹਾਉ॥੧੩॥ *(ਪੰਨਾ ੬੧)*
[ਮੈ—ਮੇਰਾ]

ਮੂ

੧. 'ਮੂ' ਲਾਲਨ ਸਿਉ ਪ੍ਰੀਤਿ ਬਨੀ ॥ਰਹਾਉ॥੧੧੪॥ *(ਪੰਨਾ ੮੨੭)*

੨. 'ਮੂੰ' ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥੪॥ *(ਪੰਨਾ ੧੪੨੧)*
[ਮੂ—ਮੇਰੀ, ਮੂੰ—ਮੇਰਾ]

ਮੇਰਾ

੧. ਨਾ ਕੋ 'ਮੇਰਾ' ਹਉ ਕਿਸੁ ਕੇਰਾ ॥
ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥੨॥੧॥ *(ਪੰਨਾ ੧੦੬)*

੨. ਕਬੀਰ 'ਮੇਰਾ' ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥੨੦੩॥ *(ਪੰਨਾ ੧੩੭੫)*

ਮੋਰ

੧. 'ਮੋਰ' 'ਮੋਰ' ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥੧॥ *(ਪੰਨਾ ੯੨)*

੨. ਤੂੰ ਪਿੰਜਰੁ ਹਉ ਸੂਆਟਾ ਤੋਰ ॥
ਜਮੁ ਮੰਜਾਰੁ ਕਹਾ ਕਰੈ 'ਮੋਰ' ॥੨॥੨॥ *(ਪੰਨਾ ੩੨੩)*
[ਮੋਰ—ਮੇਰਾ]

ਮੇਰੀ

੧. 'ਮੇਰੀ' 'ਮੇਰੀ' ਕੈਰਉ ਕਰਤੇ ਦੁਰਜੋਧਨ ਸੇ ਭਾਈ ॥੨॥੧॥ *(ਪੰਨਾ ੬੯੨)*

੨. 'ਮੇਰੀ' 'ਮੇਰੀ' ਕਰਤੇ ਜਨਮੁ ਗਇਓ ॥ਰਹਾਉ॥੧੫॥ *(ਪੰਨਾ ੪੭੯)*

੩. 'ਮੇਰੀ' 'ਮੇਰੀ' ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥੩॥੬੨॥ *(ਪੰਨਾ ੫੦)*

ਮੋਰੀ

੧. ਹਾਂ ਹਾਂ ਲਪਟਿਓ ਰੇ ਮੂੜੇ ਕਛੂ ਨ ਥੋਰੀ ॥
ਤੇਰੋ ਨਹੀ ਸੁ ਜਾਨੀ 'ਮੋਰੀ' ॥ਰਹਾਉ॥੧੬॥ *(ਪੰਨਾ ੭੧੫)*

ਮੇਰਉ

੧. 'ਮੇਰਉ' 'ਮੇਰਉ' ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥੧॥੪੭॥ *(ਪੰਨਾ ੫੩੬)*

ਮੈਡਾ

੧. ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ 'ਮੈਡਾ' ॥੧॥੧੪॥ *(ਪੰਨਾ ੪੧੮)*

੧੬.੧.੧.੯.੨. ਸੰਬੰਧ ਕਾਰਕ—ਬਹੁ-ਵਚਨ

ਹਮਰਾ

੧. ਕਬੀਰਾ 'ਹਮਰਾ' ਕੋ ਨਹੀ, ਹਮ ਕਿਸਹੂ ਕੇ ਨਾਹਿ ॥ਸ.੨.॥੧੬॥ *(ਪੰਨਾ ੬੬੫)*

੨. 'ਹਮਰਾ' ਕਹਾ ਕਰੈ ਸੰਸਾਰੁ ॥੩॥੧॥ *(ਪੰਨਾ ੮੭੫)*

ਅਸਾੜਾ

੧. ਸਭੁ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ 'ਅਸਾੜਾ' ਜੀਉ ॥੩॥੩੧॥ *(ਪੰਨਾ ੧੦੩)*

ਨੋਟ : 'ਹਮ', 'ਅਸੀ' ਉਤਮ ਪੁਰਖ ਪੜਨਾਂਵ ਦੇ ਬਹੁ-ਵਚਨ ਰੂਪ ਹਨ। ਇਹਨਾਂ ਨਾਲ ਸੰਮਿਲਤ ਹੋਏ ਕੁਝ ਕੁ ਸੰਬੰਧ-ਸੂਚਕ ਪਿਛੇਤਰ ਇਕ-ਵਚਨੀ ਹਨ ('ਹਮਰਾ', 'ਅਸਾੜਾ' ਆਦਿ)। ਚੂੰਕਿ ਇਹਨਾਂ ਸੰਬੰਧ-ਸੂਚਕ, ਇਕ-ਵਚਨੀ ਪਿਛੇਤਰਾਂ ਦੇ ਵਚਨ ਦਾ ਸੰਬੰਧ ਪਿੱਛੋਂ ਆਉਣ ਵਾਲੇ (ਸੰਬੰਧਮਾਨ ਨਾਂਵ) ਦੇ ਲਿੰਗ ਅਤੇ ਵਚਨ ਨਾਲ ਹੈ, ਇਸ ਲਈ ਇਹਨਾਂ ਦੇ ਸੰਮਿਲਤ ਹੋਣ ਦੇ ਬਾਵਜੂਦ 'ਹਮ' ਅਤੇ 'ਅਸੀ' ਬਦਲਵੇਂ ਰੂਪ ਵਿਚ ਵੀ ਬਹੁ-ਵਚਨ ਹੀ ਹਨ।

੧੬.੧.੧.੧੦ ਅਧਿਕਰਣ ਕਾਰਕ

੧੬.੧.੧.੧੦.੧ ਅਧਿਕਰਣ ਕਾਰਕ—ਇਕ-ਵਚਨ

ਮੇਰੈ

੧. ਸਾਜਨਾ ਸੰਤ ਆਉ 'ਮੇਰੈ' ॥ਰਹਾਉ॥੧੬॥ *(ਪੰਨਾ ੧੩੦੧)*
[ਮੇਰੈ—ਮੇਰੇ (ਘਰੇ)]

ਮੈ

੧. ਸੇ 'ਮੈ' ਗੁਣ ਨਾਹੀ, ਹਉ ਕਿਉ ਮਿਲਾ ਮੇਰੀ ਮਾਇਆ ॥੩॥੧॥ *(ਪੰਨਾ ੫੬੧)*
[ਮੈ—ਮੈਂ ਵਿਚ]

ਮੈ ਅੰਤਰਿ

੧. 'ਮੈ ਅੰਤਰਿ' ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥੪॥੫॥ *(ਪੰਨਾ ੭੭੬)*

ਮੈ ਵਿਚਿ

੧. 'ਮੈ ਵਿਚਿ' ਦੋਸ, ਹਉ ਕਿਉ ਕਰਿ ਪਿਰੁ ਪਾਵਾ ॥੨॥੨॥ *(ਪੰਨਾ ੫੬੧)*

ਮੁਝ ਮਹਿ

੧. ਸਾਂਈ 'ਮੁਝ ਮਹਿ' ਕਿਆ ਖਤਾ ਮੁਖਹੁ ਨ ਬੋਲੈ ਪੀਰ ॥੧੬੮॥ *(ਪੰਨਾ ੧੩੭੫)*

ਮੁਝਹਿ ਪਹਿ

੧. ਕਬੀਰ ਆਈ 'ਮੁਝਹਿ ਪਹਿ' ਅਨਿਕ ਕਰੇ ਕਰਿ ਭੇਸ ॥੮॥ *(ਪੰਨਾ ੧੩੬੪)*

ਮੋ ਮਹਿ

੧. ਕਹਿ ਨਾਨਕ ਸਭ ਅਉਗੁਨ 'ਮੋ ਮਹਿ' ਰਾਖਿ ਲੇਹੁ ਸਰਨਾਇਓ ॥੨॥੧੫੬॥
(ਪੰਨਾ ੧੨੩੨)

੧੬.੧.੧.੧੦.੨ ਅਧਿਕਰਣ ਕਾਰਕ—ਬਹੁ-ਵਚਨ

ਹਮਾਰੈ

੧. 'ਹਮਾਰੈ' ਏਕੈ ਹਰੀ ਹਰੀ ॥
ਆਨ ਅਵਰ ਸਿਵਾਣਿ ਨ ਕਰੀ ॥ਰਹਾਉ॥੧੭॥ *(ਪੰਨਾ ੭੧੫)*

੨. ਆਜੁ 'ਹਮਾਰੈ' ਮੰਗਲਚਾਰ ॥੧॥੧॥ *(ਪੰਨਾ ੧੧੮੦)*
[ਹਮਾਰੈ—ਸਾਡੇ ਸਮੁਦਾਇ ਵਿਚ]

ਹਮਰੈ ਵਿਚਿ

੧. ਕਿਲਵਿਖ ਮੈਲੁ ਭਰੇ ਪਰੇ 'ਹਮਰੈ ਵਿਚਿ',
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥੨॥ *(ਪੰਨਾ ੧੨੬੩)*

ਹਮ

੧. 'ਹਮ' ਗੁਣ ਨਾਹੀ ਕਿਆ ਬੋਲਹ ਬੋਲ ॥੫॥੮॥ *(ਪੰਨਾ ੧੦੫੧)*
[ਹਮ—ਹਮਰੇ ਵਿਚ]

੧੬.੧ ਪੁਰਖਵਾਚੀ ਪੜਨਾਂਵ

੧੬.੧.੨ ਮਧਮ ਪੁਰਖ ਪੜਨਾਂਵ

੧੬.੧.੨.੧ ਲੱਛਣ

"ਵਿਆਕਰਣਿਕ 'ਮਧਮ ਪੁਰਖ' ਤੋਂ ਭਾਵ ਹੈ, ਉਹ ਪੁਰਖ, ਜਿਸ ਵੱਲ ਸੰਬੋਧਤ ਹੋ ਕੇ ਕੋਈ ਗੱਲ-ਬਾਤ ਕੀਤੀ ਜਾਵੇ।" ਸੋ, ਮਧਮ ਪੁਰਖ ਦਾ ਪੁਰਖਵਾਚੀ ਪੜਨਾਂਵ ਉਹ ਸ਼ਬਦ ਹੈ, ਜਿਸ ਤੋਂ ਮਧਮ ਪੁਰਖ ਦਾ ਗਿਆਨ ਹੋਵੇ।

੧੬.੧.੨.੨ ਮਧਮ ਪੁਰਖ ਪੜਨਾਂਵ ਦੀ ਕਾਰਕ ਰੂਪ-ਸਾਧਨਾ

(੧) ਅਜੋਕੀ ਭਾਸ਼ਾ ਵਿਚ

	ਇਕ-ਵਚਨ	*ਬਹੁ-ਵਚਨ*
ਕਰਤਾ ਕਾਰਕ		
ਸਾਧਾਰਨ-ਰੂਪ	ਤੂੰ	ਤੁਸੀ
ਸੰਬੰਧਕੀ-ਰੂਪ	ਤੈਂ	ਤੁਸਾਂ
ਕਰਮ ਕਾਰਕ	ਤੈਨੂੰ	ਤੁਸਾਂ ਨੂੰ, ਤੁਹਾਨੂੰ
ਕਰਣ ਕਾਰਕ	ਤੇਰੇ ਦੁਆਰਾ	ਤੁਸਾਡੇ (ਤੁਹਾਡੇ) ਦੁਆਰਾ
ਸੰਪ੍ਰਦਾਨ ਕਾਰਕ	ਤੇਰੇ ਲਈ	ਤੁਸਾਡੇ (ਤੁਹਾਡੇ) ਲਈ
ਅਪਾਦਾਨ ਕਾਰਕ	ਤੈਥੋਂ	ਤੁਹਾਥੋਂ
ਸੰਬੰਧ ਕਾਰਕ	ਤੇਰਾ	ਤੁਸਾਡਾ, ਤੁਹਾਡਾ
ਅਧਿਕਰਣ ਕਾਰਕ	ਤੇਰੇ ਵਿਚ	ਤੁਸਾਡੇ (ਤੁਹਾਡੇ) ਵਿਚ
	ਤੇਰੇ ਉੱਤੇ	ਤੁਸਾਡੇ (ਤੁਹਾਡੇ) ਉੱਤੇ
	ਤੇਰੇ ਹੇਠ	ਤੁਸਾਡੇ (ਤੁਹਾਡੇ) ਵਿਚ/ ਉੱਤੇ/ਹੇਠ

(੨) ਗੁਰਬਾਣੀ ਵਿਚਲੇ ਪੜਨਾਂਵਾਂ ਦੀ ਕਾਰਕ ਰੂਪ-ਸਾਧਨਾ

	ਇਕ-ਵਚਨ	*ਬਹੁ-ਵਚਨ*
ਕਰਤਾ ਕਾਰਕ		
(i) ਸਾਧਾਰਨ-ਰੂਪ	ਤੂ (ਤੂੰ), ਤੁਹੀ/ਤੂ/ਹੀ ਤੂੰਹੈ, ਤੋਹਿ	ਤੁਮ, ਤੁਸੀ, ਤੁਮਹਿ, ਤੁਮ ਹੀ ਤੁਮੈ
(ii) ਸੰਬੰਧਕੀ-ਰੂਪ	ਤੈ (ਤੈਂ), ਤੁਧੁ, ਤਉ,	ਤੁਸੀ, ਤੁਮ ਹੀ, ਤੁਮਹਿ
ਕਰਮ ਕਾਰਕ	ਤੂ, ਤੁਹ ਨੋ, ਤੁਹਿ, ਤੋਹੀ, ਤੁਝੁ, ਤੂੰ, ਤੁਝ ਬਿਨੁ, ਤੁਧੁ ਬਿਨੁ, ਤੁਧ ਨੋ, ਤੁਝੈ, ਤੁਝ ਹੀ, ਤੁਝਹਿ, ਤੁਧੈ	ਤੁਮ, ਤੁਮਹਿ
ਸੰਪ੍ਰਦਾਨ ਕਾਰਕ	ਤੁਝੁ, ਤੁਝਹਿ, ਤੁਧੁ, ਤਉ, ਤੈ, ਥੈ, ਥੇ, ਤੁਝੈ, ਤੁਹਿ, ਤੋਹਿ, ਤੁਧ ਨੋ, ਤੈ ਕੂੰ, ਤੁਧੁ ਵਿਟਹੁ	ਤੁਸਾ, ਤੁਮ ਕਉ
ਅਪਾਦਾਨ ਕਾਰਕ	ਤੁਧਹੁ, ਤੁਝੈ, ਤੁਝ ਤੇ, ਤੁਝੈ ਤੇ, ਤੁਝੈ ਪਹਿ, ਤੁਧੈ ਤੇ	ਤੁਮ ਤੇ
ਸੰਬੰਧ ਕਾਰਕ (ਸਾਂਝੇ)	ਤਉ, ਤੁ, ਤੁਅ, ਤਵ, ਤੋਹਿ, ਤੁਝਹਿ, ਤੋਰ	ਤੁਮਰੇ, ਥਾਰੇ

	ਇਕ-ਵਚਨ	*ਬਹੁ-ਵਚਨ*
(ਪੁਲਿੰਗ)	ਤੇਰਾ, ਤੇਰੋ, ਤੈਡਾ, ਥਾਰਾ, ਤੇਰਿਆ	ਤੁਮਰਾ, ਤੁਹਾਰੇ ਤੇਰੇ
(ਇਸਤਰੀ-ਲਿੰਗ)	ਤਹਿੰਜੀ, ਤੇਰੀ	
ਅਧਿਕਰਣ ਕਾਰਕ	ਤੁਝੈ, ਤੋਹਿ, ਤੁਝਹਿ, ਤੁਝ ਹੀ, ਤੁਧੈ, ਤੁਝ ਮਹਿ, ਤੁਝੈ ਮਝਾਰਿ, ਤੁਧੁ ਵਿਚਿ	ਤੁਮਹੀ ਪਾਸਿ, ਤੁਮਹਿ ਸੰਗਿ

੧੬.੧.੨.੩ ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ

(੧) ਗੁਰਬਾਣੀ ਵਿਚ ਮਧਮ ਪੁਰਖ ਦੇ ਪੁਰਖ ਵਾਚੀ ਪੜਨਾਂਵ ਤੂ (ਤੂੰ) ਦੀ ਵਰਤੋਂ ਸਾਧਾਰਨ-ਰੂਪ ਵਿਚ ਹੀ ਹੋਈ ਮਿਲਦੀ ਹੈ।

(੨) ਇਕ-ਵਚਨੀ ਪੁਰਖ ਵਾਚੀ ਪੜਨਾਂਵ 'ਤੈ' ਦੀ ਵਰਤੋਂ ਮਧਮ ਪੁਰਖ ਵਿਚ ਵੀ ਹੁੰਦੀ ਹੈ ਅਤੇ ਅਨਪੁਰਖ ਵਿਚ ਵੀ; ਜਿਵੇਂ :

I ਮਧਮ ਪੁਰਖ, ਇਕ-ਵਚਨ—ਪੁਰਖਵਾਚੀ ਪੜਨਾਂਵ

(i) ਸਾਧਾਰਨ-ਰੂਪ

੧. **ਨਾਨਕ ਕਹਤ ਚੇਤ ਚਿੰਤਾਮਨਿ, 'ਤੈ' ਭੀ ਉਤਰਹਿ ਪਾਰਾ ॥੩॥੪॥** *(ਪੰਨਾ ੬੩੨)*

੨. **ਘਟ ਹੀ ਮਾਹਿ ਨਿਰੰਜਨੁ ਤੇਰੈ, 'ਤੈ' ਖੋਜਤ ਉਦਿਆਨਾ ॥੨॥੩॥** *(ਪੰਨਾ ੬੩੨)*

ਨੋਟ : ਸਾਧਾਰਨ-ਰੂਪ ਵਿਚ ਮਧਮ ਪੁਰਖ ਪੜਨਾਂਵ 'ਤੈ' ਦੀ ਵਰਤੋਂ ਕੇਵਲ ਮ: ੯ ਦੀ ਬਾਣੀ ਅੰਦਰ 'ਤੂੰ' ਦੇ ਅਰਥਾਂ ਵਿਚ ਉਪਰੋਕਤ ਉਦਾਹਰਣ ਅੰਦਰ ਹੀ ਮਿਲਦੀ ਹੈ।

[ਤੈ—ਉਚਾਰਣ ਨਾਸਕੀ]

(ii) ਸੰਬੰਧਕੀ-ਰੂਪ

੧. **ਮੁਕਤਿ ਪੰਥੁ ਜਾਨਿਓ 'ਤੈ' ਨਾਹਨਿ, ਧਨ ਜੋਰਨ ਕਉ ਧਾਇਆ ॥੧॥੩॥** *(ਪੰਨਾ ੬੩੨)*

੨. **ਐਸਾ 'ਤੈਂ' ਜਗੁ ਭਰਮਿ ਲਾਇਆ ॥**
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ਰਹਾਉ ਦੂਜਾ॥੧॥ *(ਪੰਨਾ ੯੨)*

[ਤੈ—(ਉਚਾਰਣ ਨਾਸਕੀ) ਤੂੰ (ਨੇ)]

II ਅਨ-ਪੁਰਖ, ਇਕ-ਵਚਨ

(i) ਸੰਬੰਧਕੀ-ਰੂਪ

੧. **ਲਾਲਨੁ 'ਤੈ' ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥੩॥੧॥** *(ਪੰਨਾ ੭੦੪)*

੨. **ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ 'ਤੈ' ਦੇਇ ॥੭॥੪॥** *(ਪੰਨਾ ੬੩੭)*

[ਤੈ—(ਉਚਾਰਣ ਨਾਸਿਕਤਾ ਬਿਨਾ) ਅਰਥ, ਤਿਸ ਨੇ, ਤਿਸ ਨੂੰ]

(੩) ਮਧਮ ਪੁਰਖ ਦੇ ਇਕ-ਵਚਨੀ, ਪੁਰਖਵਾਚੀ ਪੜਨਾਂਵ 'ਤੈ' ਦੀ ਵਰਤੋਂ ਗੁਰਬਾਣੀ

ਵਿਚ ਕਿਧਰੇ ਨਾਸਕੀ (ਤੈਂ) ਰੂਪ ਵਿਚ ਮਿਲਦੀ ਹੈ ਅਤੇ ਕਿਧਰੇ ਨਾਸਕੀ-ਚਿੰਨ੍ਹ ਤੋਂ ਬਗ਼ੈਰ। ਦੋਹਾਂ ਹਾਲਤਾਂ ਵਿਚ ਇਸ ਦਾ ਉਚਾਰਣ ਨਾਸਕੀ ਹੀ ਹੈ। ਅਨ-ਪੁਰਖ ਇਕ-ਵਚਨ ਵਿਚ 'ਤੈ' ਦਾ ਉਚਾਰਣ ਨਾਸਿਕਤਾ ਬਿਨਾ ਹੀ ਸਹੀ ਹੈ।

(੪) 'ਤੁਝੁ' ਅਤੇ 'ਤੁਧੁ'; ਇਹਨਾਂ ਦੋਹਾਂ ਪੜਨਾਂਵਾਂ ਦਾ ਮੂਲ-ਰੂਪ (_) ਅੰਤਿਕ ਹੈ। ਜਿਥੋਂ ਤਕ 'ਤੁਝੁ' ਪੜਨਾਂਵ ਦਾ ਸੰਬੰਧ ਹੈ, ਇਸ ਦੇ ਅੱਗੇ ਜਦੋਂ ਕਿਸੇ ਕਿਸਮ ਦਾ ਕੋਈ ਵੀ ਸੰਬੰਧਕੀ-ਪਦ ਪ੍ਰਗਟ ਰੂਪ ਵਿਚ ਆ ਜਾਵੇ, ਤਾਂ ਇਸ ਦਾ ਅੰਤਲਾ (_) ਲੱਥ ਜਾਂਦਾ ਹੈ। ਪਰ 'ਤੁਧੁ' ਪੜਨਾਂਵ ਦਾ ਅੰਤਲਾ (_) ਕੇਵਲ 'ਨੋ' ਕੁਝ ਵਿਸ਼ੇਸ਼ ਕਿਸਮ ਦੇ ਸੰਬੰਧਕ ਆਉਣ ਨਾਲ ਹੀ ਲੱਥਦਾ ਹੈ। ਜਦੋਂ ਅੱਗੇ ਅੱਵਿਐ 'ਹੀ' ਪ੍ਰਗਟ ਰੂਪ ਵਿਚ ਆ ਜਾਵੇ ਤਾਂ ਇਹਨਾਂ ਦੋਹਾਂ ਹੀ ਪੜਨਾਂਵਾਂ ਦਾ ਅੰਤਲਾ (_) ਅਲੋਪ ਹੋ ਜਾਂਦਾ ਹੈ।

(੫) 'ਤੁਮ' ਮਧਮ ਪੁਰਖ ਦਾ ਬਹੁ-ਵਚਨੀ, ਪੁਰਖਵਾਚੀ ਪੜਨਾਂਵ ਹੈ :

ਉਪਦੇਸੁ ਸੁਣਹੁ 'ਤੁਮ' ਗੁਰਸਿਖਹੁ, ਸਚਾ ਇਹੈ ਸੁਆਉ ॥ਸ.੧॥੧੨॥ *(ਪੰਨਾ ੯੬੩)*

ਗੁਰਬਾਣੀ ਵਿਚ ਕਿਸੇ ਇਕੱਲੀ ਮਹਾਨ ਹਸਤੀ ਦੇ ਆਦਰ ਵਜੋਂ ਵੀ 'ਤੁਮ' ਪੜਨਾਂਵ ਦੀ ਵਰਤੋਂ ਕੀਤੀ ਮਿਲਦੀ ਹੈ; ਜਿਵੇਂ :

'ਤੁਮ' ਕਰਹੁ ਭਲਾ, ਹਮ ਭਲੋ ਨ ਜਾਨਹ, 'ਤੁਮ' ਸਦਾ ਸਦਾ ਦਇਆਲਾ ॥
'ਤੁਮ' ਸੁਖਦਾਈ ਪੁਰਖ ਬਿਧਾਤੇ, 'ਤੁਮ' ਰਾਖਹੁ ਅਪੁਨੇ ਬਾਲਾ ॥੩॥੧੭॥
(ਪੰਨਾ ੬੧੩)

ਕਿਧਰੇ ਕਿਧਰੇ, ਬ੍ਰਜ ਵਾਂਗ, ਕਿਸੇ ਇਕੱਲੇ ਸਾਧਾਰਨ ਵਿਅਕਤੀ ਲਈ ਵੀ 'ਤੁਮ' ਪੜਨਾਂਵ ਦੀ ਵਰਤੋਂ ਕੀਤੀ ਮਿਲਦੀ ਹੈ; ਜਿਵੇਂ :

'ਤੁਮ੍' ਸਾਚੁ ਧਿਆਵਹੁ ਮੁਗਧ ਮਨਾ ॥
ਤਾਂ ਸੁਖੁ ਪਾਵਹੁ ਮੇਰੇ ਮਨਾ ॥ਰਹਾਉ॥੧੪॥ *(ਪੰਨਾ ੧੧੭੬)*

(੬) ਗੁਰਬਾਣੀ ਵਿਚ ਕੁਝ ਪੜਨਾਂਵ 'ਸੰਮਿਲਤ ਸੰਬੰਧਕੀ-ਰੂਪ' ਵਿਚ ਵਰਤੇ ਮਿਲਦੇ ਹਨ, ਭਾਵ, ਸੰਬੰਧ-ਸੂਚਕ ਪਿਛੇਤਰ-ਚਿੰਨ੍ਹ ਉਹਨਾਂ ਦੇ ਨਾਲ ਹੀ ਅੰਤ ਵਿਚ ਸੰਮਿਲਤ ਕੀਤੇ ਹੋਏ ਹਨ, ਪਰ ਕਈ ਪੜਨਾਂਵ 'ਸੰਬੰਧਕੀ-ਰੂਪ' ਵਿਚ ਹੀ ਮਿਲਦੇ ਹਨ, ਭਾਵ, ਸੰਬੰਧਕੀ-ਪਦ ਉਹਨਾਂ ਦੇ ਨਾਲ ਵੱਖਰੇ ਤੌਰ 'ਤੇ ਆਏ ਮਿਲਦੇ ਹਨ; ਜਿਵੇਂ :

ਸੰਮਿਲਤ ਸੰਬੰਧਕੀ-ਰੂਪ ਵਾਲੇ ਮਧਮ ਪੁਰਖ ਪੜਨਾਂਵ	ਤੋਹਿ, ਤੁਝੈ, ਤੁਝਹਿ, ਤੁਧਹੁ, ਤੁਧੈ, ਤੁਮਹਿ, ਆਦਿ।
ਸੰਬੰਧਕੀ-ਰੂਪ ਵਾਲੇ ਮਧਮ ਪੁਰਖ ਪੜਨਾਂਵ	ਤੈ ਕੂ, ਤੁਝ ਊਪਰਿ, ਤੁਝ ਤੇ, ਤੁਝ ਪਹਿ, ਤੁਝ ਬਿਨੁ, ਤੁਧੁ ਆਗੈ, ਤੁਧੁ ਅੰਦਰਿ, ਤੁਧ ਨੋ, ਤੁਧੁ ਬਿਨੁ, ਤੁਧੈ ਨੋ, ਤੁਧੈ ਮਾਹਿ, ਆਦਿ।

(੭) ਮਧਮ ਪੁਰਖ ਦੇ ਇਕ-ਵਚਨੀ, ਪੁਰਖ ਵਾਚੀ ਪੜਨਾਂਵ ਦਾ ਸੰਬੰਧ-ਕਾਰਕੀ ਪੁਲਿੰਗ ਰੂਪ 'ਤੇਰਾ' ਹੈ। ਗੁਰਬਾਣੀ ਵਿਚ, ਲਹਿੰਦੀ ਪੰਜਾਬੀ ਦਾ ਪੜਨਾਂਵ ਤੈਡਾ, ਤਹਿਡਾ

ਵੀ ਵਰਤਿਆ ਮਿਲਦਾ ਹੈ ਅਤੇ ਰਾਜਸਥਾਨੀ ਭਾਸ਼ਾ ਦਾ 'ਥਾਰਾ' ਵੀ। ਇਸ ਸ਼੍ਰੇਣੀ ਦੇ ਕੰਨਾ-ਅੰਤਿਕ ਸਾਰੇ ਪੜਨਾਂਵਾਂ (ਤੇਰਾ, ਤੋਰਾ, ਥਾਰਾ, ਤੈਡਾ, ਤਹਿਡਾ, ਤਹਿਜਾ, ਆਦਿ) ਦੇ ਰੂਪ, ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ ਬਦਲਦੇ ਹਨ; ਜਿਵੇਂ :

ਇਕ-ਵਚਨ		*ਬਹੁ-ਵਚਨ*	
ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
ਤੇਰਾ, ਤੋਰਾ, ਥਾਰਾ, ਤੈਡਾ, ਤਹਿਜਾ	ਤੇਰੀ, ਤੋਰੀ, ਥਾਰੀ, ਤੈਡੀ, ਤਹਿੰਜੀ	ਤੇਰੇ, ਤੋਰੇ, ਥਾਰੇ, ਤੈਡੇ	ਤੇਰੀਆ

(ਖ) ਬਹੁ-ਵਚਨ, ਮਧਮ ਪੁਰਖ ਪੜਨਾਂਵ 'ਤੁਸੀ' ਗੁਰਬਾਣੀ ਅੰਦਰ 'ਸਾਧਾਰਨ-ਰੂਪ' ਵਿਚ ਵੀ ਵਰਤਿਆ ਮਿਲਦਾ ਹੈ ਅਤੇ 'ਸੰਬੰਧਕੀ-ਰੂਪ' ਵਿਚ ਵੀ; ਜਿਵੇਂ :

ਸਾਧਾਰਨ-ਰੂਪ

'ਤੁਸੀ' ਵੀਚਾਰਿ ਦੇਖਹੁ ਪੁਤ ਭਾਈ, ਹਰਿ ਸਤਿਗੁਰੂ ਪੈਨਾਵਏ ॥੪॥੧॥
[ਤੁਸੀ—ਉਚਾਰਣ ਨਾਸਿਕਤਾ ਬਿਨਾ] *(ਪੰਨਾ ੯੨੩)*

ਸੰਬੰਧਕੀ-ਰੂਪ

ਜਾਇ ਪੁਛਹੁ ਸੋਹਾਗਣੀ 'ਤੁਸੀ' ਰਾਵਿਆ ਕਿਨੀ ਗੁਣੀ ॥੨॥੧੦॥ *(ਪੰਨਾ ੧੭)*
[ਤੁਸੀ—ਉਚਾਰਣ ਨਾਸਕੀ, ਅਰਥ, ਤੁਸਾਂ ਨੇ]

(ਙ) ਬਹੁ-ਵਚਨ, ਮਧਮ ਪੁਰਖ ਪੜਨਾਂਵ 'ਤੁਸਾ' ਕੇਵਲ ਸੰਬੰਧਕੀ-ਰੂਪ ਵਿਚ ਹੀ ਵਰਤਿਆ ਮਿਲਦਾ ਹੈ, ਇਸਦਾ ਉਚਾਰਣ ਨਾਸਕੀ ਹੁੰਦਾ ਹੈ।

੧੬.੧.੨.੪ ਗੁਰਬਾਣੀ ਦੀਆਂ ਉਦਾਹਰਣਾਂ—ਕਰਤਾ ਕਾਰਕ

੧੬.੧.੨.੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਤੂ/ਤੂੰ

੧. **'ਤੂੰ' ਮੇਰਾ ਪਿਤਾ, 'ਤੂੰ' ਹੈ ਮੇਰਾ ਮਾਤਾ ॥**
'ਤੂੰ' ਮੇਰਾ ਬੰਧਪੁ, 'ਤੂੰ' ਮੇਰਾ ਭ੍ਰਾਤਾ ॥੧॥੩੧॥ *(ਪੰਨਾ ੧੦੩)*

੨. **'ਤੂ' ਹੀ ਗ੍ਰਿਹਿ, 'ਤੂ' ਹੀ ਬਨਿ, 'ਤੂ' ਹੀ ਗਾਉ 'ਤੂ' ਹੀ ਸੁਨਿ ॥੩॥੧੫੬॥** *(ਪੰਨਾ ੨੧੪)*

੩. **'ਤੂ' ਜਾਣਾਇਹਿ ਤਾ ਕੋਈ ਜਾਣੈ ॥**
ਤੇਰਾ ਦੀਆ ਨਾਮੁ ਵਖਾਣੈ ॥੧॥੮॥ *(ਪੰਨਾ ੫੬੩)*

੪. **'ਤੂੰ' ਜਲਿ ਥਲਿ ਮਹੀਅਲਿ ਭਰਿ ਪੁਰਿ ਲੀਣਾ,**
'ਤੂੰ' ਆਪੇ ਸਰਬ ਸਮਾਣਾ ॥ਰਹਾਉ॥੬॥ *(ਪੰਨਾ ੭੩੦)*

ਤੁਹੀ/ਤੂ ਹੀ

੧. **'ਤੁਹੀ' ਸੁਆਮੀ ਅੰਤਰਜਾਮੀ, 'ਤੂ ਹੀ' ਵਸਹਿ ਸਾਧ ਕੈ ਸੰਗਾ ॥ਰਹਾਉ॥੧੦੧॥** *(ਪੰਨਾ ੮੨੪)*

ਤੂੰ ਹੈ

੧. **ਤੂੰ ਹੈ ਮਸਲਤਿ ਤੂੰ ਹੈ ਨਾਲਿ ॥**
ਤੂਹੈ ਰਾਖਹਿ ਸਾਰਿ ਸਮਾਲਿ ॥੧॥੧੭॥ *(ਪੰਨਾ ੨੦੦)*
[ਤੂਹੈ ਰਾਖਹਿ—ਤੂੰ ਹੀ ਰਖਦਾ ਹੈਂ]

ਤੋਹਿ

੧. **ਤੇਰੇ ਜੀਅ ਜੀਆ ਕਾ 'ਤੋਹਿ' ॥**
ਕਿਤ ਕਉ ਸਾਹਿਬ ਆਵਹਿ ਰੋਹਿ ॥੨॥੩੦॥ *(ਪੰਨਾ ੨੫)*
[ਤੋਹਿ—ਤੂੰ]

(ਅ) ਸੰਬੰਧਕੀ-ਰੂਪ

ਤੈ/ਤੈਂ

੧. **ਐਸਾ 'ਤੈਂ' ਜਗੁ ਭਰਮਿ ਲਾਇਆ ॥**
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ਰਹਾਉ ਦੂਜਾ॥੧॥ *(ਪੰਨਾ ੯੨)*

੨. **ਇਹੁ ਜਗੁ ਭੂਲਾ, 'ਤੈਂ' ਆਪਿ ਭੁਲਾਇਆ ॥**
ਇਕੁ ਵਿਸਾਰਿ ਦੂਜੈ ਲੋਭਾਇਆ ॥੨॥੪॥ *(ਪੰਨਾ ੧੧੧)*

੩. **ਪਹਿਲੋਂਦੇ 'ਤੈਂ' ਰਿਜਕੁ ਸਮਾਹਾ ॥**
ਪਿਛੋਂਦੇ 'ਤੈਂ' ਜੰਤੁ ਉਪਾਹਾ ॥੬॥੩੫॥ *(ਪੰਨਾ ੧੩੦)*

੪. **ਕਿਆ ਤੂ ਸੋਇਆ, ਜਾਗੁ ਇਆਨਾ ॥**
'ਤੈ' ਜੀਵਨੁ ਜਗਿ ਸਚੁ ਕਰਿ ਜਾਨਾ ॥ਰਹਾਉ॥੨॥ *(ਪੰਨਾ ੭੯੪)*
[ਤੈਂ/ਤੈ—ਤੂੰ (ਨੇ)]

ਤਉ

੧. **ਜੌ 'ਤਉ' ਕੀਨੇ ਆਪਣੇ, ਤਿਨਾ ਕੂੰ ਮਿਲਿਓਹਿ ॥ਭਖਣਾ ੧॥੪॥** *(ਪੰਨਾ ੮੧)*
[ਤਉ—ਤੈਂ (ਨੇ)]

ਤੁਧੁ

੧. **'ਤੁਧੁ' ਥਾਪੇ ਚਾਰੇ ਜੁਗ, ਤੂ ਕਰਤਾ ਸਗਲ ਧਰਣ ॥**
'ਤੁਧੁ' ਆਵਣ ਜਾਣਾ ਕੀਆ, ਤੁਧੁ ਲੇਪੁ ਨ ਲਗੈ ਤ੍ਰਿਣ ॥ਪਉੜੀ ੨॥ *(ਪੰਨਾ ੧੦੯੫)*

੨. **'ਤੁਧੁ' ਸਭ ਕਿਛੁ ਮੈਨੋ ਸਉਪਿਆ, ਜਾ ਤੇਰਾ ਬੰਦਾ ॥ਪਉੜੀ ੭॥** *(ਪੰਨਾ ੧੦੯੬)*

੩. **'ਤੁਧੁ' ਸਿਰਜੀ ਮੇਦਨੀ, ਦੁਖੁ ਸੁਖੁ ਦੇਵਣਹਾਰੋ ॥੨॥੩॥** *(ਪੰਨਾ ੫੮੦)*
[ਤੁਧੁ—ਤੈਂ (ਨੇ)]

ਤੁਝ ਹੀ

੧. **'ਤੁਝ ਹੀ' ਕੀਆ ਜੰਮਣ ਮਰਣਾ ॥**
ਗੁਰ ਤੇ ਸਮਝ ਪੜੀ, ਕਿਆ ਡਰਣਾ ॥੫॥੩॥ *(ਪੰਨਾ ੧੦੨੨)*
[ਤੁਝ ਹੀ—ਤੈ (ਨੇ) ਹੀ]

ਤੁਝੈ/ਤੁਝਹਿ

੧. **ਤਾ ਮੈ ਕਹਿਆ ਕਹਣੁ, ਜਾ 'ਤੁਝੈ' ਕਹਾਇਆ ॥੨॥੧॥** *(ਪੰਨਾ ੫੬੬)*

੨. ਤ੍ਰਿਭਵਣੋ 'ਤੁਝਹਿ' ਕੀਆ, ਸਭੁ ਜਗਤੁ ਸਬਾਇਆ ਰਾਮ ॥੪॥੨॥ *(ਪੰਨਾ ੪੩੭)*

੩. ਹਰਿ ਬਾਝੁ ਰਾਖਾ ਕੋਇ ਨਾਹੀ, ਸੋਇ 'ਤੁਝਹਿ' ਬਿਸਾਰਿਆ ॥੧॥੫॥ *(ਪੰਨਾ ੪੩੯)*
[ਤੁਝੈ/ਤੁਝਹਿ—ਤੈਂ (ਨੇ)]

ਤੁਧੈ

੧. ਇਕਨਾ ਬਖਸਹਿ, ਮੇਲਿ ਲੈਹਿ, ਗੁਰਮਤੀ 'ਤੁਧੈ' ਲਾਇਆ ॥ਪਉੜੀ ੩॥ *(ਪੰਨਾ ੧੩੯)*

੨. ਸਭ ਭਾਂਡੇ 'ਤੁਧੈ' ਸਾਜਿਆ, ਵਿਚਿ ਵਸਤੁ ਹਰਿ ਥਾਰਾ ॥੨॥੧੭॥ *(ਪੰਨਾ ੪੪੯)*

੩. ਤੂ ਕਰਤਾ ਗੋਵਿੰਦੁ, ਤੁਧੁ ਸਿਰਜੀ, 'ਤੁਧੈ' ਗੋਈ ॥ਪਉੜੀ ੧੨॥ *(ਪੰਨਾ ੧੨੮੩)*
[ਤੁਧੈ—ਤੈਂ (ਨੇ) ਹੀ]

੧੬.੧.੨.੪.੨ ਕਰਤਾ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਤੁਸੀ

੧. 'ਤੁਸੀ' ਭੋਗਿਹੁ ਭੁੰਚਹੁ ਭਾਈ ਹੋ ॥
ਗੁਰਿ ਦੀਬਾਣਿ ਕਢਾਇ ਪੈਨਾਈਓ ॥੪॥੨੬॥ *(ਪੰਨਾ ੭੩)*

੨. 'ਤੁਸੀ' ਵੀਚਾਰਿ ਦੇਖਹੁ ਪੁਤ ਭਾਈ, ਹਰਿ ਸਤਿਗੁਰੁ ਪੈਨਾਵਏ ॥੪॥੧॥
[ਤੁਸੀ—ਉਚਾਰਣ ਨਾਸਿਕਤਾ ਬਿਨਾ] *(ਪੰਨਾ ੯੨੩)*

ਤੁਮ

੧. 'ਤੁਮ' ਸੁਖਦਾਈ ਪੁਰਖ ਬਿਧਾਤੇ, 'ਤੁਮ' ਰਾਖਹੁ ਅਪੁਨੇ ਬਾਲਾ ॥੩॥੧੭॥ *(ਪੰਨਾ ੬੧੩)*

੨. 'ਤੁਮ' ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ਰਹਾਉ॥੧॥ *(ਪੰਨਾ ੧੨)*

੩. 'ਤੁਮ' ਮਨਿ ਵਸੇ, ਤਉ ਦੂਖੁ ਨ ਲਾਗੈ ॥੨॥੧੩੩॥ *(ਪੰਨਾ ੧੯੨)*

ਤੁਮਹਿ

੧. 'ਤੁਮਹਿ' ਛਡਾਵਹੁ ਛੁਟਕਹਿ ਬੰਧ ॥
ਬਖਸਿ ਮਿਲਾਵਹੁ ਨਾਨਕ ਜਗ ਅੰਧ ॥੪॥੨੩॥ *(ਪੰਨਾ ੬੯੦)*

੨. ਘਟ ਘਟ ਅੰਤਰਿ 'ਤੁਮਹਿ' ਬਸਾਰੇ ॥
ਸਗਲ ਸਮਗ੍ਰੀ ਸੂਤਿ ਤੁਮਾਰੇ ॥੧॥੧੫॥ *(ਪੰਨਾ ੭੪੦)*

੩. 'ਤੁਮਹਿ' ਪਿਤਾ, ਤੁਮ ਹੀ ਫੁਨਿ ਮਾਤਾ, 'ਤੁਮਹਿ' ਮੀਤ ਹਿਤ ਭ੍ਰਾਤਾ ॥੧॥ਪ੬॥ *(ਪੰਨਾ ੧੨੧੫)*
[ਤੁਮਹਿ—ਤੁਮ ਹੀ]

ਤੁਮ ਹੀ

੧. ਤੁਮਰੀ ਗਤਿ ਮਿਤਿ 'ਤੁਮ ਹੀ' ਜਾਨਹੁ, ਜੀਉ ਪਿੰਡੁ ਸਭੁ ਤੁਮਰੋ ਮਾਲ ॥੧॥੧੨੧॥ *(ਪੰਨਾ ੬੨੮)*

੨. ਤੁਮਰੀ ਉਪਮਾ 'ਤੁਮ ਹੀ' ਪ੍ਰਭ ਜਾਨਹੁ, ਹਮ ਕਹਿ ਨ ਸਕਹਿ ਹਰਿ ਗੁਨੇ ॥੨॥੫॥ *(ਪੰਨਾ ੮੭੬)*

ਤੁਮੈ

੧. ਤੁਮਹਿ ਪਛਾਨੂ, ਸਾਕੁ ਤੁਮਹਿ ਸੰਗਿ, ਰਾਖਨਹਾਰ 'ਤੁਮੈ' ਜਗਦੀਸ ॥ਰਹਾਉ॥੧੨੮॥
[ਤੁਮੈ—ਤੁਮ ਹੀ] *(ਪੰਨਾ ੧੨੨੮)*

(ਅ) ਸੰਬੰਧਕੀ-ਰੂਪ

ਤੁਸੀ

੧. ਜਾਇ ਪੁਛਹੁ ਸੋਹਾਗਣੀ, 'ਤੁਸੀ' ਰਾਵਿਆ ਕਿਨੀ ਗੁਣੀ ॥੨॥੧੦॥ *(ਪੰਨਾ ੧੭)*

੨. ਹਉ ਜਾਇ ਪੁਛਾ ਸੋਹਾਗ ਸੁਹਾਗਣਿ,
'ਤੁਸੀ' ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥੩॥੩॥ *(ਪੰਨਾ ੫੬੧)*
[ਤੁਸੀ—ਉਚਾਰਣ ਨਾਸਕੀ, ਤੁਸਾਂ ਨੇ]

ਤੁਮ ਹੀ

੧. 'ਤੁਮ ਹੀ' ਦੀਏ ਅਨਿਕ ਪ੍ਰਕਾਰਾ 'ਤੁਮ ਹੀ' ਦੀਏ ਮਾਨ ॥੧॥ਫ਼੪॥ *(ਪੰਨਾ ੧੨੧੭)*
[ਤੁਮ ਹੀ—ਤੁਸਾਂ ਨੇ ਹੀ]

ਤੁਮਹਿ

੧. 'ਤੁਮਹਿ' ਛਡਾਇ ਲੀਓ ਜਨੁ ਅਪਨਾ ॥
ਉਰਝਿ ਪਰਿਓ ਜਾਲੁ ਜਗੁ ਸੁਪਨਾ ॥ਰਹਾਉ॥੨੮॥ *(ਪੰਨਾ ੭੪੨)*

੨. 'ਤੁਮਹਿ' ਪਠਾਏ, ਤਾ ਜਗ ਮਹਿ ਆਏ ॥
ਜੋ ਤੁਧੁ ਭਾਣਾ ਸੇ ਕਰਮ ਕਮਾਏ ॥੨॥੧੦॥ *(ਪੰਨਾ ੧੦੬੧)*
[ਤੁਮਹਿ—ਤੁਸਾਂ ਨੇ ਹੀ]

੧੬.੧.੨.੫ ਕਰਮ ਕਾਰਕ

੧੬.੧.੨.੫.੧ ਕਰਮ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

੧. 'ਤੂ' ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ਫ਼॥ *(ਪੰਨਾ ੬੭੪)*

੨. 'ਤੂ' ਹੋਰਤੁ ਉਪਾਇ ਨ ਲਭਹੀ, ਅਬਿਨਾਸੀ ਸ੍ਰਿਸਟਿ ਕਰਣ ॥ਪਉੜੀ ੨॥
(ਪੰਨਾ ੧੦੬੫)

(ਅ) ਸੰਬੰਧਕੀ-ਰੂਪ

ਤੁਧੁ

੧. ਜੋ 'ਤੁਧੁ' ਸੇਵਹਿ, ਸੋ ਤੂਹੈ ਹੋਵਹਿ, ਤੁਧੁ ਸੇਵਕ ਪੈਜ ਰਖਾਈ ॥੨੦॥੧॥ *(ਪੰਨਾ ੭੫੮)*

੨. 'ਤੁਧੁ' ਸਾਲਾਹਿ ਨ ਰਜਾ ਕਬਹੂੰ, ਸਚੇ ਨਾਵੈ ਕੀ ਭੁਖ ਲਾਵਣਿਆ ॥੨॥੮॥
[ਤੁਧੁ—ਤੈਨੂੰ] *(ਪੰਨਾ ੧੧੩)*

ਤੁਧੈ

੧. ਹਰਿ 'ਤੁਧੈ' ਸੇਵੀ ਤੈ ਤੁਧੁ ਸਾਲਾਹੀ ॥ਫ਼॥ਫ਼॥ *(ਪੰਨਾ ੧੧੨)*

੨. ਸਚੁ ਬਾਣੀ 'ਤੁਧੈ' ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥੨੨॥
[ਤੁਧੈ—ਤੈਨੂੰ ਹੀ] *(ਪੰਨਾ ੧੨੨)*

ਨੋਟ : 'ਤੁਧੁ' (_)-ਅੰਤਿਕ ਪੜਨਾਂਵ ਹੈ। ਜਦੋਂ ਇਸ ਅੱਗੇ ਪ੍ਰਗਟ ਤੌਰ 'ਤੇ 'ਨੋ' ਸੰਬੰਧਕੀ-ਪਦ ਆ ਜਾਵੇ ਤਾਂ ਇਸ ਦਾ ਅੰਤਲਾ (_) ਲੱਥ ਜਾਂਦਾ ਹੈ, ਜਿਵੇਂ :

ਤੁਧ ਨੋ

੧. ਸੇਈ 'ਤੁਧ ਨੋ' ਗਾਵਨਿ ਜੋ ਤੁਧੁ ਭਾਵਨਿ, ਰਤੇ ਤੇਰੇ ਭਗਤ ਰਸਾਲੇ ॥੧॥ਸੋਦਰੁ॥ *(ਪੰਨਾ ੯)*

ਨੋਟ : 'ਧ' ਦੇ ਬਦਲ ਵਿਚ 'ਹ' ਦੀ ਵਰਤੋਂ ਨਾਲ 'ਤੁਹ ਨੋ' ਵੀ ਬਣਿਆ ਗੁਰਬਾਣੀ ਵਿਚ ਮਿਲਦਾ ਹੈ, ਜਿਵੇਂ :

ਤੁਹ ਨੋ

੧. ਗਾਵਹਿ 'ਤੁਹ ਨੋ' ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ॥੨੭॥ *(ਪੰਨਾ ੬)*

ਤੁਹਿ

੧. ਰੇ ਬਉਰੇ, 'ਤੁਹਿ' ਘਰੀ ਨ ਰਾਖੈ ਕੋਈ ॥
ਤੂੰ ਰਾਮ ਨਾਮੁ ਜਪਿ ਸੋਈ ॥ਰਹਾਉ॥੯॥ *(ਪੰਨਾ ੪੭੮)*

੨. ਕਾਢਿ ਖੜਗੁ ਕਾਲੁ ਭੈ ਕੋਪਿਓ, ਮੋਹਿ ਬਤਾਉ ਜੁ 'ਤੁਹਿ' ਰਾਖੈ ॥੪॥੯॥
[ਤੁਹਿ—ਤੈਨੂੰ] *(ਪੰਨਾ ੧੧੬੫)*

ਤੋਹੀ

੧. ਤੁਝ ਬਿਨੁ ਕਵਨੁ ਰੀਝਾਵੈ 'ਤੋਹੀ' ॥
ਤੇਰੋ ਰੂਪੁ ਸਗਲ ਦੇਖਿ ਮੋਹੀ ॥ਰਹਾਉ॥੧੨੬॥ *(ਪੰਨਾ ੨੦੭)*
[ਤੋਹੀ—ਤੈਨੂੰ]

ਤੁਝੁ

੧. ਤੂੰ ਕਰਤਾ ਮੈ ਅਵਰੁ ਨ ਕੋਇ ॥
'ਤੁਝੁ' ਸੇਵੀ, ਤੁਝ ਤੇ ਪਤਿ ਹੋਇ ॥੫॥੭॥ *(ਪੰਨਾ ੨੩੨)*

੨. ਤੂ ਰਾਮ ਕਹਨ ਕੀ ਛੋਡੁ ਬਾਨਿ ॥
'ਤੁਝੁ' ਤੁਰਤੁ ਛਡਾਊ, ਮੇਰੋ ਕਹਿਓ ਮਾਨਿ ॥੨॥੪॥ *(ਪੰਨਾ ੧੧੬੪)*

ਨੋਟ : 'ਤੁਝੁ' (_)-ਅੰਤਿਕ ਪੜਨਾਂਵ ਹੈ, ਪਰ ਜਦੋਂ ਇਸ ਦੇ ਅੱਗੇ ਪ੍ਰਗਟ ਤੌਰ 'ਤੇ ਕੋਈ ਸੰਬੰਧਕੀ-ਪਦ ਆ ਜਾਵੇ, ਜਾਂ ਅੱਵਿਐ 'ਹੀ' ਵੱਖਰੇ ਤੌਰ 'ਤੇ ਆ ਜਾਵੇ, ਜਾਂ ਇਸ 'ਹੀ' ਦਾ ਹ੍ਰਸ੍ਵ ਰੂਪ 'ਹਿ', ਨਾਲ ਸੰਮਿਲਤ ਹੋ ਜਾਵੇ ਤਾਂ ਅੰਤਲਾ (_) ਲਥ ਜਾਂਦਾ ਹੈ, ਜਿਵੇਂ :

ਤੁਝ ਹੀ

੧. 'ਤੁਝ ਹੀ' ਪੇਖਿ ਪੇਖਿ ਮਨੁ ਸਾਧਾਰਾ ॥੧॥੧੧॥ *(ਪੰਨਾ ੭੩੬)*

ਤੁਝਹਿ

੧. 'ਤੁਝਹਿ' ਪੇਖਿ ਬਿਗਸੈ ਕਉਲਾਰੁ ॥੨॥੭੪॥ *(ਪੰਨਾ ੩੮੬)*

੨. ਜਹ ਸਾਧ ਸੰਤ ਇਕਤ੍ਰ ਹੋਵਹਿ, ਤਹਾ 'ਤੁਝਹਿ' ਧਿਆਵਹੇ ॥੧॥੨॥ *(ਪੰਨਾ ੨੪੮)*
[ਤੁਝਹਿ—ਤੈਨੂੰ]

ਤੁਝੈ

੧. ਨ ਜਾਣਾ ਮੇਉ, ਨ ਜਾਣਾ ਜਾਲੀ ॥
ਜਾ ਦੁਖੁ ਲਾਗੈ ਤਾ 'ਤੁਝੈ' ਸਮਾਲੀ ॥ਰਹਾਉ॥੩੧॥ *(ਪੰਨਾ ੨੫)*

੨. ਸੁਣਿ ਸੁਣਿ 'ਤੁਝੈ' ਧਿਆਇਦੇ, ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥੨੯॥
[ਤੁਝੈ—ਤੈਨੂੰ] *(ਪੰਨਾ ੭੪)*

ਤੂੰ

੧. ਜਿਨਿ 'ਤੂੰ' ਕੀਆ, ਤਿਸ ਕਉ ਜਾਨੁ ॥੩॥੧੩॥ *(ਪੰਨਾ ੮੬੬)*
[ਤੂੰ—ਤੈਨੂੰ]

ਤੁਝ ਬਿਨੁ

੧. ਮੇਰੇ ਸਤਿਗੁਰਾ, ਮੈ 'ਤੁਝ ਬਿਨੁ' ਅਵਰੁ ਨ ਕੋਇ ॥ਰਹਾਉ॥੬੫॥ *(ਪੰਨਾ ੩੯)*

ਤੁਧੁ ਬਿਨੁ

੧. 'ਤੁਧੁ ਬਿਨੁ' ਦੂਜਾ ਅਵਰੁ ਨ ਕੋਇ ॥੪॥੨॥ *(ਪੰਨਾ ੧੨)*

ਨੋਟ : ਨੋਟ ਕਰਨ ਵਾਲੀ ਗੱਲ ਹੈ ਕਿ ਸੰਬੰਧਕੀ-ਪਦ 'ਬਿਨੁ' ਆਉਣ ਨਾਲ 'ਤੁਝ' ਦਾ ਅੰਤਲਾ (_) ਉਡ ਗਿਆ ਹੈ, ਪਰ 'ਤੁਧੁ' ਦਾ ਕਾਇਮ ਰਹਿਆ ਹੈ। ਪੜਨਾਂਵ 'ਤੁਧੁ' ਦਾ ਅੰਤਲਾ (_) ਓਦੋਂ ਲਥਦਾ ਹੈ, ਜਦੋਂ ਇਸ ਅੱਗੇ ਕੋਈ ਵਿਸ਼ੇਸ਼ ਕਿਸਮ ਦਾ ਸੰਬੰਧਕੀ-ਪਦ ਆਵੇ, ਜਿਵੇਂ 'ਨੋ', 'ਨਉ'।

੧੬.੧.੨.੫.੨ ਕਰਮ ਕਾਰਕ—ਬਹੁ-ਵਚਨ

ਤੁਮ

੧. 'ਤੁਮ' ਕਹੀਅਤ ਹੈਂ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥੧॥ *(ਪੰਨਾ ੭੧੦)*
[ਤੁਮ—ਤੁਸੀ, ਸਾਧਾਰਨ-ਰੂਪ]

੨. 'ਤੁਮ੍' ਪੇਖਤ ਸੋਭਾ ਮੇਰੈ ਆਗਨਿ ॥ਰਹਾਉ॥੯॥ *(ਪੰਨਾ ੮੦੪)*
[ਤੁਮ੍—ਤੁਸੀ, ਸਾਧਾਰਨ-ਰੂਪ। ਤੁਮ੍—ਤੁਹਾਨੂੰ, ਸੰਬੰਧਕੀ-ਰੂਪ]

ਤੁਮਹਿ

੧. ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥
'ਤੁਮਹਿ' ਛੋਡਿ ਜਾਨਉ ਨਹੀ ਦੂਜੀ ॥੨॥੧॥ *(ਪੰਨਾ ੧੧੫੭)*

੨. ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥
ਸਾਸਿ ਸਾਸਿ ਪ੍ਰਭ 'ਤੁਮਹਿ' ਧਿਆਵਉ ॥੧॥੨੦॥ *(ਪੰਨਾ ੨੮੯)*
[ਤੁਮਹਿ—ਤੁਹਾਨੂੰ]

੧੬.੧.੨.੬ ਕਰਣ ਕਾਰਕ

੧੬.੧.੨.੬.੧ ਕਰਣ ਕਾਰਕ—ਇਕ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧ੴ.੧.੨.ੴ.੨ ਕਰਣ ਕਾਰਕ—ਬਹੁ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧ੴ.੧.੨.੭ ਸੰਪ੍ਰਦਾਨ ਕਾਰਕ

੧ੴ.੧.੨.੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਤਉ

੧. **ਜੋ 'ਤਉ' ਭਾਵੈ ਸੋਈ ਥੀਸੀ, ਜੋ ਤੂੰ ਦੇਹਿ ਸੋਈ ਹਉ ਪਾਈ ॥ਰਹਾਉ॥੨॥** *(ਪੰਨਾ ੧੧)*

੨. **'ਤਉ' ਭਾਵਨਿ ਤਉ ਜੇਹੀਆ, ਮੂ ਜੇਹੀਆ ਕਿਤੀਆਹ ॥੮॥੯॥** *(ਪੰਨਾ ੧੦੧੫)*
[ਤਉ—ਤੈਨੂੰ]

ਤੈ

੧. **ਫਰੀਦਾ ਜੋ 'ਤੈ' ਮਾਰਨਿ ਮੁਕੀਆਂ, ਤਿਨ੍ਹ ਨ ਮਾਰੇ ਘੁੰਮਿ ॥੭॥** *(ਪੰਨਾ ੧੩੭੮)*
[ਤੈ—(ਉਚਾਰਣ ਨਾਸਕੀ) ਤੈਨੂੰ]

ਥੇ

੧. **ਨਾਨਕ ਜਲ ਕੈ ਮੀਨੁ ਸੈ, 'ਥੇ' ਭਾਵੈ ਰਾਖਹੁ ਪ੍ਰੀਤਿ ॥੫॥੧੩॥** *(ਪੰਨਾ ੧੩੩੧)*

ਥੈਂ

੧. **ਨਾਮੁ ਸਮ੍ਹਲਸਿ ਰੂੜੀ ਥਾਣਿ ॥**
'ਥੈਂ' ਭਾਵੈ ਦਰੁ ਲਹਸਿ ਪਿਰਾਣਿ ॥੨॥੪॥ *(ਪੰਨਾ ੧੨੭੫)*
[ਥੇ, ਥੈਂ—ਤੈਨੂੰ]

ਤੁਝੁ

੧. **ਸੁਣਿ, ਮਨ ਤਨ 'ਤੁਝੁ' ਸੁਖੁ ਦਿਖਲਾਵਉ ॥**
ਹਰਿ ਅਨਿਕ ਬਿੰਜਨ 'ਤੁਝੁ' ਭੋਗ ਭੁੰਚਾਵਉ ॥ਰਹਾਉ॥੨੭॥ *(ਪੰਨਾ ੭੪੨)*

੨. **ਮਿਲੁ ਸਾਜਨ, ਹਉ 'ਤੁਝੁ' ਕੁਰਬਾਨੋ ॥ਰਹਾਉ॥੫॥** *(ਪੰਨਾ ੭੩੭)*
[ਤੁਝੁ—ਤੈਨੂੰ। ਤੁਝੁ—ਤੇਰੇ ਤੋਂ]

ਤੁਝੈ

੧. **ਮਨ ਮੇਰੇ, ਗਹੁ ਹਰਿ ਨਾਮ ਕਾ ਓਲਾ ॥**
'ਤੁਝੈ' ਨ ਲਾਗੈ ਤਾਤਾ ਝੋਲਾ ॥ਰਹਾਉ॥੭੬॥ *(ਪੰਨਾ ੧੭੬)*

੨. **ਪੁਰਖੋ ਬਿਧਾਤਾ ਏਕੁ ਸ੍ਰੀਧਰੁ, ਕਿਉ ਮਿਲਹ 'ਤੁਝੈ' ਉਡੀਣੀਆ ॥੧॥੧॥** *(ਪੰਨਾ ੨੪੭)*
[ਤੁਝੈ—ਤੈਨੂੰ। ਓਲਾ—'ਲ' ਉਚਾਰਣ ਭਾਰਾ]

ਤੁਝਹਿ

੧. **ਬਾਰ ਬਿਵਸਥਾ 'ਤੁਝਹਿ' ਪਿਆਰੈ ਦੂਧ ॥੧॥੪॥** *(ਪੰਨਾ ੨੬੬)*
[ਤੁਝਹਿ—ਤੈਨੂੰ]

ਤੁਹਿ

੧. **ਜਿਹ ਸਿਮਰਨਿ ਨਾਹੀ 'ਤੁਹਿ' ਕਾਨਿ ॥੫॥੬॥** *(ਪੰਨਾ ੬੭੧)*

੨. **ਕਬੀਰ ਜਉ 'ਤੁਹਿ' ਸਾਧ ਪਿਰੰਮ ਕੀ, ਸੀਸੁ ਕਾਟਿ ਕਰਿ ਗੋਇ ॥੨੩੬॥** *(ਪੰਨਾ ੧੩੭੭)*

੩. **ਕਬੀਰ ਜਉ 'ਤੁਹਿ' ਸਾਧ ਪਿਰੰਮ ਕੀ, ਪਾਕੇ ਸੇਤੀ ਖੇਲੁ ॥੨੪੦॥** *(ਪੰਨਾ ੧੩੭੭)*
[ਤੁਹਿ—ਤੈਨੂੰ]

ਤੁੋਹਿ

੧. **ਰੇ ਜੀਅ ਨਿਲਜ, ਲਾਜ 'ਤੁੋਹਿ' ਨਾਹੀ ॥ਰਹਾਉ॥੩੮॥** *(ਪੰਨਾ ੩੩੦)*
[ਤੁੋਹਿ—'ਤ' ਦੋਮਾਤ੍ਰਾ ਹੈ, ਉਚਾਰਣ 'ਤੋਹਿ']

ਤੁਧੁ

੧. **'ਤੁਧੁ' ਸਚੇ, ਸੁਬਹਾਨੁ ਸਦਾ ਕਲਾਣਿਆ ॥ਪਉੜੀ ੨੬॥** *(ਪੰਨਾ ੧੫੦)*

੨. **'ਤੁਧੁ' ਅਪੜਿ ਕੋਇ ਨ ਸਕੈ, ਤੂ ਅਬਿਨਾਸੀ ਜਗ ਉਧਰਣ ॥ਪਉੜੀ ੨॥** *(ਪੰਨਾ ੧੦੬੪)*

੩. **ਜੋ 'ਤੁਧੁ' ਭਾਵੈ ਸੋਈ ਆਖਾ, ਤਿਲੁ ਤੇਰੀ ਵਡਿਆਈ ॥੩॥੧॥** *(ਪੰਨਾ ੭੬੫)*

੪. **ਤੁਧੁ ਆਵਣ ਜਾਣਾ ਕੀਆ, 'ਤੁਧੁ' ਲੇਪੁ ਨ ਲਗੈ ਤ੍ਰਿਣ ॥ਪਉੜੀ ੨॥**
[ਤੁਧੁ—ਤੈਨੂੰ] *(ਪੰਨਾ ੧੦੬੫)*

ਨੋਟ : 'ਤੁਧੁ' ਮੂਲ-ਰੂਪ ਵਿਚ (_)-ਅੰਤਿਕ ਪੜਨਾਂਵ ਹੈ। ਇਸ ਦੇ ਅੱਗੇ ਸੰਪ੍ਰਦਾਨ ਕਾਰਕ ਦਾ ਸੰਬੰਧਕੀ-ਪਦ 'ਨੋ' ਆ ਜਾਵੇ ਤਾਂ ਇਸ ਦਾ ਅੰਤਲਾ (_) ਲਥ ਜਾਂਦਾ ਹੈ, ਜਿਵੇਂ :

ਤੁਧ ਨੋ

੧. **ਤੁਧ ਨੋ ਨਿਵਣੁ, ਮੰਨਣੁ ਤੇਰਾ ਨਾਉ ॥੧॥੮॥** *(ਪੰਨਾ ੮੭੮)*

ਤੈ ਕੂੰ

੧. **ਇਹੁ ਮਨੁ 'ਤੈ ਕੂੰ' ਭੇਵਸਾ, ਮੈ ਮਾਰਗੁ ਦੇਹੁ ਬਤਾਇ ਜੀਉ ॥੩॥** *(ਪੰਨਾ ੭੬੩)*
[ਤੈ ਕੂੰ—ਤੈਨੂੰ]

ਤੁਧੁ ਵਿਟਹੁ

੧. **ਮੇਰੇ ਸਤਿਗੁਰਾ, ਹਉ 'ਤੁਧੁ ਵਿਟਹੁ' ਕੁਰਬਾਣੁ ॥ਰਹਾਉ॥੬੮॥** *(ਪੰਨਾ ੫੨)*
[ਤੁਧੁ ਵਿਟਹੁ—ਤੇਰੇ ਤੋਂ]

੧ੴ.੧.੨.੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਤੁਸਾ

੧. **ਜਾਇ ਪੁਛਹੁ ਸੋਹਾਗਣੀ, 'ਤੁਸਾ' ਕਿਉਕਰਿ ਮਿਲਿਆ ਪ੍ਰਭੁ ਆਇ ॥੧॥ੴ॥**
[ਤੁਸਾ (ਅੰਤਲੇ ਸ੍ਵਰ ਦਾ ਉਚਾਰਣ ਨਾਸਕੀ)—ਤੁਹਾਨੂੰ] *(ਪੰਨਾ ੪੧)*

ਤੁਮ ਕਉ

੧. **'ਤੁਮ ਕਉ' ਦੁਖੁ ਨਹੀ ਭਾਈ ਮੀਤ ॥੩॥ੴ॥** *(ਪੰਨਾ ੩੮ੴ)*
[ਤੁਮ ਕਉ—ਤੁਸਾਨੂੰ (ਤੁਹਾਨੂੰ)]

੧੬.੧.੨.੮ ਅਪਾਦਾਨ ਕਾਰਕ

੧੬.੧.੨.੮.੧ ਅਪਾਦਾਨ ਕਾਰਕ—ਇਕ-ਵਚਨ

ਤੁਧਹੁ

੧. **'ਤੁਧਹੁ' ਭੁਲੇ ਸਿ ਜਮਿ ਜਮਿ ਮਰਦੇ, ਤਿਨ ਕਦੇ ਨ ਚੁਕਨਿ ਹਾਵੇ ॥ਸਲੋਕ ੧॥੬॥** *(ਪੰਨਾ ੯੬੧)*

੨. **ਮੰਨ ਮਝਾਹੂ ਲਖਿ, 'ਤੁਧਹੁ' ਦੂਰਿ ਨ ਸੁ ਪਿਰੀ ॥ਸਲੋਕ ੩॥੧੭॥** *(ਪੰਨਾ ੧੧੦੦)*
[ਤੁਧਹੁ—ਤੈਥੋਂ, ਤੇਰੇ ਤੋਂ]

ਤੁਝੈ

੧. **ਹਉ ਮਾਗਉ 'ਤੁਝੈ' ਦਇਆਲ, ਕਰਿ ਦਾਸਾ ਗੋਲਿਆ ॥ਪਉੜੀ ੩॥** *(ਪੰਨਾ ੫੧੮)*
[ਤੁਝੈ—ਤੇਰੇ ਪਾਸੋਂ]

ਤੁਝ ਤੇ

੧. **ਜੋ ਕਿਛੁ ਹੋਆ, ਸੁ 'ਤੁਝ ਤੇ' ਹੋਗੁ ॥**
ਅਵਰੁ ਨ ਦੂਜਾ ਕਰਣੈ ਜੋਗੁ ॥੪॥੭੨॥ *(ਪੰਨਾ ੧੭੬)*

੨. **ਜੋ ਕਿਛੁ ਹੋਆ, ਸਭੁ ਕਿਛੁ 'ਤੁਝ ਤੇ', ਤੇਰੀ ਸਭ ਅਸਨਾਈ ॥੨॥੧॥** *(ਪੰਨਾ ੭੯੫)*
[ਤੁਝ ਤੇ—ਤੇਰੇ ਤੋਂ]

ਤੁਝੈ ਤੇ

੧. **ਤੇਰੀ ਦਾਤਿ 'ਤੁਝੈ ਤੇ' ਹੋਵੈ ॥**
ਦੇਹਿ ਦਾਨੁ ਸਭਸੈ ਜੰਤ ਲੋਐ ॥੮॥੩॥ *(ਪੰਨਾ ੧੦੭੪)*

੨. **ਤੇਰੀ ਟੇਕ 'ਤੁਝੈ ਤੇ' ਪਾਈ, ਸਾਚੇ ਸਿਰਜਣਹਾਰਾ ॥੨॥੨॥** *(ਪੰਨਾ ੭੭੮)*
[ਤੁਝੈ ਤੇ—ਤੇਰੇ ਤੋਂ]

ਤੁਝੈ ਪਹਿ

੧. **ਹਉ ਮਾਗਉ ਦਾਨੁ 'ਤੁਝੈ ਪਹਿ' ਕਰਤੇ, ਹਰਿ ਅਨਦਿਨੁ ਨਾਮੁ ਵਖਾਣੀ ਹੇ ॥੧੨॥੨॥**
[ਤੁਝੈ ਪਹਿ—ਤੇਰੇ ਪਾਸੋਂ] *(ਪੰਨਾ ੧੦੭੧)*

ਤੁਧੈ ਤੇ

੧. **ਮੰਨਿਐ ਗਿਆਨੁ ਧਿਆਨੁ, 'ਤੁਧੈ ਤੇ' ਪਾਇਆ ॥**
ਕਰਮਿ ਪਵੈ ਨੀਸਾਨੁ, ਨ ਚਲੈ ਚਲਾਇਆ ॥ਪਉੜੀ ੨੬॥ *(ਪੰਨਾ ੧੫੦)*
[ਤੁਧੈ ਤੇ—ਤੇਰੇ ਪਾਸੋਂ ਹੀ]

੧੬.੧.੨.੮.੨ ਅਪਾਦਾਨ ਕਾਰਕ—ਬਹੁ-ਵਚਨ

ਤੁਮ ਤੇ

੧. **'ਤੁਮ ਤੇ' ਉਪਜਿਓ ਭਗਤੀ ਭਾਉ ॥**
ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥੬॥ *(ਪੰਨਾ ੯੦੬)*

੨. **'ਤੁਮ ਤੇ' ਸੇਵ, 'ਤੁਮ ਤੇ' ਜਪ ਤਾਪਾ, 'ਤੁਮ ਤੇ' ਤਤੁ ਪਛਾਨਿਓ ॥੨॥੬੨॥**
(ਪੰਨਾ ੧੨੧੬)

੩. **'ਤੁਮ ਤੇ' ਭਿੰਨ ਨਹੀ ਕਿਛੁ ਹੋਇ ॥**
ਆਪਨ ਸੂਤਿ ਸਭੁ ਜਗਤੁ ਪਰੋਇ ॥੧॥੨੨॥ *(ਪੰਨਾ ੨੯੨)*
[ਤੁਮ ਤੇ—ਤੁਹਾਡੇ ਤੋਂ]

੧੬.੧.੨.੯ ਸੰਬੰਧ ਕਾਰਕ

੧੬.੧.੨.੯.੧ ਸੰਬੰਧ ਕਾਰਕ—ਇਕ-ਵਚਨ

ਤਉ

੧. **'ਤਉ' ਪਰਸਾਦਿ ਰੰਗ ਰਸ ਮਾਣੇ ॥**
ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥੩੧॥ *(ਪੰਨਾ ੧੧੪੪)*

ਤੁ

੧. **ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ,**
ਓਪਤਿ ਪਰਲੌ ਏਕੈ ਨਿਮਖ 'ਤੁ' ਘਰਿ ॥੨॥ *(ਪੰਨਾ ੧੩੮੫)*

ਤਵ

੧. **'ਤਵ' ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥੪੬॥**
(ਪੰਨਾ ੧੩੫੮)

ਤੁਅ

੧. **'ਤੁਅ' ਚਰਨ ਆਸਰੋ ਈਸ ॥ਰਹਾਉ॥੧੨੮॥** *(ਪੰਨਾ ੧੨੨੮)*

੨. **ਹਮ 'ਤੁਅ' ਪਰਸਾਦਿ ਸੁਖੀ ਸਦ ਹੀ ॥ਰਹਾਉ॥੩॥** *(ਪੰਨਾ ੯੬੯)*

ਤੁਝਹਿ

੧. **'ਤੁਝਹਿ' ਚਰਨ ਅਰਬਿੰਦ ਭਵਨ ਮਨੁ ॥ਰਹਾਉ॥੪॥** *(ਪੰਨਾ ੪੮੬)*

ਤੋਹਿ

੧. **ਤਿਨਿ ਭੀ ਅੰਤੁ ਨ ਪਾਇਆ 'ਤੋਹਿ' ॥**
ਨਾਮ ਬਿਹੂਣ ਮੁਕਤਿ ਕਿਉ ਹੋਇ ॥ਸ:੩॥ਪਉੜੀ ੧॥ *(ਪੰਨਾ ੧੨੩੭)*

ਤੋਰ

੧. **ਤੂੰ ਪਿੰਜਰੁ ਹਉ ਸੂਅਟਾ 'ਤੋਰ' ॥**
ਜਮੁ ਮੰਜਾਰੁ ਕਹਾ ਕਰੈ ਮੋਰ ॥੨॥੨॥ *(ਪੰਨਾ ੩੨੩)*

ਤੇਰਾ

੧. **ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ 'ਤੇਰਾ' ॥**
'ਤੇਰਾ' ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ *(ਪੰਨਾ ੧੩੭੫)*

੨. **ਮੇਰਾ 'ਤੇਰਾ' ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥੪॥੧॥** *(ਪੰਨਾ ੬੪੦)*

ਤੇਰੋ

੧. **ਹਾਂ ਹਾਂ ਲਪਟਿਓ ਰੇ ਮੂੜੇ ਕਛੂ ਨ ਬੋਰੀ ॥**
'ਤੇਰੋ' ਨਹੀ ਸੁ ਜਾਨੀ ਮੋਰੀ ॥ਰਹਾਉ॥੧੬॥ *(ਪੰਨਾ ੭੧੫)*

ਤੈਡਾ

१. ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ 'ਤੈਡਾ' ॥੧॥੧੪॥ *(ਪੰਨਾ ੪੧੮)*
[ਤੈਡਾ—'ਤੈ' ਉਚਾਰਣ ਨਾਸਕੀ]

ਤਹਿੰਜੀ

१. ਜੇ ਭੁਲੀ ਜੇ ਚੁਕੀ ਸਾਈਂ, ਭੀ 'ਤਹਿੰਜੀ' ਕਾਢੀਆ ॥੧॥੪॥ *(ਪੰਨਾ ੭੬੧)*

ਤੇਰੀ

१. ਸਭ 'ਤੇਰੀ' ਤੂੰ ਸਭਨੀ ਧਿਆਇਆ ॥੧॥੨॥ *(ਪੰਨਾ ੧੧)*

२. ਸਭ 'ਤੇਰੀ' ਤੂ ਸਭਸ ਦਾ ਸਭ ਤੁਧੁ ਉਪਾਇਆ ॥ਪਉੜੀ ੧॥ *(ਪੰਨਾ ੫੪੮)*

ਤੇਰੇ

१. 'ਤੇਰੇ' ਸਠਿ ਸੰਬਤ ਸਭਿ ਤੀਰਥਾ ॥
ਤੇਰਾ ਸਚੁ ਨਾਮੁ ਪਰਮੇਸਰਾ ॥੩॥੨॥ *(ਪੰਨਾ ੧੧੬੮)*

२. ਤੁਝ ਬਿਨੁ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ 'ਤੇਰੇ' ॥ਰਹਾਉ॥੩੭॥
(ਪੰਨਾ ੮੬੪)

ਤੇਰਿਆ

१. ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ 'ਤੇਰਿਆ' ॥ਛੰਤੁ ੧॥੪॥੨॥ *(ਪੰਨਾ ੭੦੪)*

੧੬.੧.੨.੬.੨ ਸੰਬੰਧ ਕਾਰਕ—ਬਹੁ-ਵਚਨ

ਥਾਰੇ, ਤੁਮਰਾ

१. ਹਮ 'ਥਾਰੇ' ਤ੍ਰਿਭਵਣ ਜਗੁ 'ਤੁਮਰਾ' ਤੂ ਮੇਰਾ ਹਉ ਤੇਰਾ ॥੩॥੪॥ *(ਪੰਨਾ ੧੨੫੫)*

ਤੁਮਰਾ

१. 'ਤੁਮਰਾ' ਦੀਆ ਪੈਨ੍ਹਉ ਖਾਂਈ ॥੨॥੬੦॥ *(ਪੰਨਾ ੩੮੬)*

ਤੁਹਾਰੇ

१. ਜਬ ਚਿਤਵਉ ਤਬ 'ਤੁਹਾਰੇ' ॥੨॥੨੫॥ *(ਪੰਨਾ ੫੩੩)*

ਤੁਮਰੇ

१. ਜੋ 'ਤੁਮਰੇ' ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥੨॥੧॥੭॥
(ਪੰਨਾ ੧੨੦੦)

੧੬.੧.੨.੧੦ ਅਧਿਕਰਣ ਕਾਰਕ

੧੬.੧.੨.੧੦.੧ ਅਧਿਕਰਣ ਕਾਰਕ—ਇਕ-ਵਚਨ

ਤੁਝੈ

१. ਜਾ ਤੂ ਮੇਲਹਿ ਤਾ 'ਤੁਝੈ' ਸਮਾਵਾ ॥੨੫॥ *(ਪੰਨਾ ੯੩੩)*

२. ਗੁਰਮੁਖਿ ਨਾਮੁ ਧਿਆਇ 'ਤੁਝੈ' ਸਮਾਇਆ ॥ਪਉੜੀ ੬॥ *(ਪੰਨਾ ੧੨੮੨)*
[ਤੁਝੈ—ਤੇਰੇ ਵਿਚ]

ਤੋਹਿ

१. ਸਾਵਲ ਸੁੰਦਰ ਰਾਮਈਆ ॥
ਮੇਰਾ ਮਨੁ ਲਾਗਾ 'ਤੋਹਿ' ॥ਰਹਾਉ॥੫॥ *(ਪੰਨਾ ੩੩੫)*
[ਤੋਹਿ—ਤੇਰੇ ਵਿਚ]

ਤੁਝਹਿ

१. ਤੁਧੁ ਨੋ ਸੇਵਹਿ ਸੇ 'ਤੁਝਹਿ' ਸਮਾਵਹਿ,
ਤੂ ਆਪੇ ਮੇਲਿ ਮਿਲਾਇਦਾ ॥੧॥੧੭॥ *(ਪੰਨਾ ੧੦੬੦)*
[ਤੁਝਹਿ—ਤੇਰੇ ਵਿਚ]

ਤੁਝ ਹੀ

१. 'ਤੁਝ ਹੀ' ਮਨ ਰਾਤੇ, ਅਹਿਨਿਸਿ ਪਰਭਾਤੇ,
ਹਰਿ ਰਸਨਾ ਜਪਿ ਮਨ ਰੇ ॥੨॥੫॥ *(ਪੰਨਾ ੫੬੭)*
[ਤੁਝ ਹੀ—ਤੇਰੇ ਵਿਚ ਹੀ]

ਤੁਧੈ

१. ਸਭ ਤੇਰੀ ਤੁਧੁ ਛਡਾਵਣੀ, ਸਭ 'ਤੁਧੈ' ਲਾਗੇ ॥ਪਉੜੀ ੧੨॥ *(ਪੰਨਾ ੧੦੬੦)*
[ਤੁਧੈ—ਤੇਰੇ (ਚਰਣਾਂ) ਵਿਚ]

ਤੁਝ ਪਹਿ

१. 'ਤੁਝ ਪਹਿ' ਨਉ ਨਿਧਿ ਤੂ ਕਰਣੈ ਜੋਗੁ ॥
ਥਾਪਿ ਉਥਾਪੇ ਕਰੇ ਸੁ ਹੋਗੁ ॥੮॥੨॥ *(ਪੰਨਾ ੯੦੩)*
[ਤੁਝ ਪਹਿ—ਤੇਰੇ ਪਾਸ]

ਤੁਝੈ ਮਝਾਰਿ

१. ਕਿਆ ਹਮ ਜੰਤ ਕਰਹ ਚਤੁਰਾਈ,
ਜਾਂ ਸਭੁ ਕਿਛੁ ਤੁਝੈ ਮਝਾਰਿ ॥੧॥੩੭॥ *(ਪੰਨਾ ੩੭੯)*
[ਤੁਝੈ ਮਝਾਰਿ—ਤੇਰੇ ਵਿਚ]

ਤੁਧੁ ਵਿਚਿ

१. ਨਉ ਨਿਧਿ ਨਾਮੁ ਨਿਧਾਨੁ ਹੈ 'ਤੁਧੁ ਵਿਚਿ' ਭਰਪੂਰੁ ॥੫॥ *(ਪੰਨਾ ੯੬੭)*

੧੬.੧.੨.੧੦.੨ ਅਧਿਕਰਣ ਕਾਰਕ—ਬਹੁ-ਵਚਨ

ਤੁਮ ਹੀ ਪਾਸਿ

१. ਸਰਬ ਨਿਧਾਨ ਗੁਣ 'ਤੁਮ ਹੀ ਪਾਸਿ' ॥੩॥੮੩॥ *(ਪੰਨਾ ੧੮੦)*

ਤੁਮਹਿ ਸੰਗਿ

१. ਤੁਮਹਿ ਪਛਾਨੂ, ਸਾਕੁ 'ਤੁਮਹਿ ਸੰਗਿ', ਰਾਖਨਹਾਰ ਤੁਮੈ ਜਗਦੀਸ ॥ਰਹਾਉ॥੧੨੮॥
(ਪੰਨਾ ੧੨੨੮)

੧੬.੨ (ੳ) ਅਨਪੁਰਖ ਦੇ ਪੁਰਖਵਾਚੀ ਪੜਨਾਂਵ

(ਅ) ਨਿਸਚੇਵਾਚਕ ਪੜਨਾਂਵ

੧੬.੨.੧ ਲੱਛਣ

(ੳ) "ਜਿਸ ਪੁਰਖਵਾਚੀ ਪੜਨਾਂਵ ਤੋਂ ਅਜਿਹਾ ਪੁਰਖ ਪ੍ਰਗਟ ਹੋਵੇ, ਜਿਸ ਬਾਬਤ ਗੱਲ ਕੀਤੀ ਗਈ ਹੋਵੇ, ਉਹ ਅਨਪੁਰਖ ਦਾ ਪੁਰਖਵਾਚੀ ਪੜਨਾਂਵ ਹੁੰਦਾ ਹੈ।"

(ਅ) "ਜੋ ਸ਼ਬਦ ਕਿਸੇ ਵਿਅਕਤੀ ਜਾਂ ਵਸਤੂ ਵੱਲ ਸੰਕੇਤ ਕਰ ਕੇ ਉਸ ਵਿਅਕਤੀ/ਵਸਤੂ ਦੇ ਨਾਂ ਦੀ ਥਾਵੇਂ ਵਰਤਿਆ ਜਾਵੇ, ਉਹ ਨਿਸਚੇਵਾਚਕ ਪੜਨਾਂਵ ਹੁੰਦਾ ਹੈ।"

ਜ਼ਰੂਰੀ ਸਪੱਸ਼ਟੀਕਰਨ

ਵਾਸਤਵ ਵਿਚ ਅਨਪੁਰਖ ਦੇ ਪੁਰਖਵਾਚਕ ਪੜਨਾਂਵ ਹੀ ਵਿਸ਼ੇਸ਼ ਸਥਿਤੀ ਵਿਚ ਨਿਸਚੇਵਾਚਕ ਪੜਨਾਂਵ ਹੋ ਜਾਂਦੇ ਹਨ; ਜਿਵੇਂ :

(ੳ) ਵਾਕ : "ਭਾਈ ਕੁਲਤਾਰਨ ਸਿੰਘ ਅੰਮ੍ਰਿਤਧਾਰੀ ਗੁਰਸਿੱਖ ਹੈ। 'ਉਹ', ਜਿਥੇ ਪ੍ਰਬੀਨ ਪਾਠੀ ਹੈ, ਉਥੇ ਗੁਰਬਾਣੀ ਕੀਰਤਨ ਦਾ ਵੀ ਧਨੀ ਹੈ।"

ਉਪਰੋਕਤ ਕਥਨ ਦੇ ਦੂਜੇ ਵਾਕ ਵਿਚ ਪੜਨਾਂਵ 'ਉਹ' ਪਹਿਲੇ ਵਾਕ ਵਿਚ ਵਰਣਤ 'ਭਾਈ ਕੁਲਤਾਰਨ ਸਿੰਘ' ਦੀ ਥਾਵੇਂ ਵਰਤਿਆ ਗਿਆ ਹੈ, ਇਸ ਲਈ ਅਨਪੁਰਖ ਦਾ ਪੁਰਖਵਾਚੀ ਪੜਨਾਂਵ ਹੈ।

(ਅ) ਵਾਕ : "ਭਾਵੇਂ ਕੁਲਤਾਰਨ ਸਿੰਘ ਅਤੇ ਸਤਕੀਰਤ ਸਿੰਘ ਦੋਵੇਂ ਭਰਾ ਹੀ ਹਨ, ਪਰ 'ਇਹ' (ਕੁਲਤਾਰਨ ਸਿੰਘ) ਮਿੱਠੇ ਸੁਭਾਅ ਵਾਲਾ ਅਤੇ 'ਉਹ' (ਸਤਕੀਰਤ ਸਿੰਘ) ਹਠੀ ਹੈ।"

ਉਪਰੋਕਤ ਕਥਨ ਵਿਚ 'ਇਹ' ਅਤੇ 'ਉਹ', ਦੋਵੇਂ ਪੜਨਾਂਵ, ਪਹਿਲਾਂ ਆਏ ਨਾਵਾਂ 'ਕੁਲਤਾਰਨ ਸਿੰਘ' ਅਤੇ 'ਸਤਕੀਰਤ ਸਿੰਘ' ਵੱਲ ਸੰਕੇਤ (ਇਸ਼ਾਰਾ) ਕਰ ਕੇ ਵਰਤੇ ਗਏ ਹਨ। ਇਸ ਲਈ, ਇਹ ਦੋਵੇਂ ਨਿਸਚੇਵਾਚਕ ਪੜਨਾਂਵ ਬਣ ਗਏ ਹਨ।

(ੲ) ਨਿਸਚੇਵਾਚਕ ਪੜਨਾਂਵ, 'ਉਹ', 'ਇਹ' ਜਾਂ ਇਨ੍ਹਾਂ ਦੇ ਬਦਲਵੇਂ ਰੂਪ ਜਦੋਂ ਕਿਸੇ ਨਾਂਵ ਨਾਲ ਮਿਲ ਕੇ ਆਉਣ ਤਾਂ ਇਹ ਨਿਸਚੇਵਾਚਕ ਵਿਸ਼ੇਸ਼ਣ ਹੋ ਜਾਂਦੇ ਹਨ; ਜਿਵੇਂ :

(੧) 'ਉਹ ਤਾਰੇ', ਜੋ ਆਕਾਸ਼ ਵਿਚ ਚਮਕਦੇ ਨਜ਼ਰ ਆ ਰਹੇ ਹਨ, ਕਿਸ ਚਿਤੇਰੇ ਨੇ ਆਕਾਸ਼ ਵਿਚ ਚਿਤਰੇ ਹੋਏ ਹਨ ?

(੨) 'ਇਹ ਦੇਹੀ', ਜਿਸ ਉੱਤੇ ਏਨਾ ਘੁੰਮਡ ਕਰਦੇ ਹਾਂ, ਅੰਤ ਨੂੰ ਖ਼ਾਕ ਵਿਚ ਮਿਲ ਜਾਣੀ ਹੈ।

ਉਪਰੋਕਤ ਤੱਥਾਂ ਨੂੰ ਦ੍ਰਿਸ਼ਟੀ ਵਿਚ ਰੱਖਦਿਆਂ 'ਅਨ-ਪੁਰਖ ਦੇ ਪੁਰਖਵਾਚੀ ਪੜਨਾਂਵ' ਅਤੇ 'ਨਿਸਚੇਵਾਚਕ ਪੜਨਾਂਵ'; ਇਹਨਾਂ ਦੋਹਾਂ ਸ਼੍ਰੇਣੀਆਂ ਸੰਬੰਧੀ ਗੁਰਬਾਣੀ

ਦੀਆਂ ਉਦਾਹਰਣਾਂ ਵੱਖ ਵੱਖ ਸ਼੍ਰੇਣੀ ਹੇਠ ਦੇਣ ਦੀ ਬਜਾਏ ਇਕੱਠੀਆਂ ਹੀ ਦਿੱਤੀਆਂ ਜਾ ਰਹੀਆਂ ਹਨ, ਕਿਉਂਜੁ ਇਹਨਾਂ ਨੂੰ ਪੂਰੀ ਤਰ੍ਹਾਂ ਨਿਖੇੜ ਸਕਣਾ ਸੰਭਵ ਨਹੀਂ ਜਾਪਦਾ।

੧੬.੨.੨ ਕਾਰਕ ਰੂਪ-ਸਾਧਨਾ

	ਇਕ-ਵਚਨ		*ਬਹੁ-ਵਚਨ*	
	ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
ਕਰਤਾ ਕਾਰਕ ਸਾਧਾਰਨ-ਰੂਪ	ਉਹੁ, ਓਹੁ, ਓਹੀ, ਸੋ, ਸੋਈ, ਇਹੁ, ਏਹੁ	ਉਹ, ਓਹ, ਓਹਾ, ਇਹ, ਏਹ, ਸਾ	ਓਇ, ਓਹਿ, ਏਹਿ, ਤੇ, ਤੇਊ	ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਸਾਂਝੇ।
ਸੰਬੰਧਕੀ-ਰੂਪ	ਉਨਿ, ਓਨਿ, ਇਨਿ	ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਸਾਂਝੇ।	ਉਨ, ਇਨ, ਓਨੀ, ਤਿਨ, ਤਿਨਹਿ	ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਸਾਂਝੇ।
ਕਰਮ ਕਾਰਕ	ਓਹੁ, ਇਹੁ, ਸੋਊ	ਉਹ, ਇਹ, ਏਹਾ	ਓਇ, ਓਈ, ਏਹਿ, ਤੇ, ਸੇ	ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਸਾਂਝੇ।
	ਉਸੁ, ਇਸੁ, ਇਸਹਿ, ਉਆਹਿ, ਵਾਹੀ, ਏਸ ਨੋ, ਉਸ ਕਉ, ਓਸ ਨੋ, ਓਸੁ ਬਿਨਾ	ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਸਾਂਝੇ।	ਉਨ, ਤਿਨ, ਓਨਾ	ਦੋਹਾਂ ਲਿੰਗਾਂ ਲਈ ਸਾਂਝੇ।
ਕਰਣ ਕਾਰਕ	ਇਤੁ ਕਰਿ	ਦੋਹਾਂ ਲਿੰਗਾਂ ਲਈ ਸਾਂਝੇ।	—	—
ਸੰਪ੍ਰਦਾਨ ਕਾਰਕ	ਉਸੁ, ਓਸੁ, ਇਸੁ, ਉਸ ਕਉ, ਓਸ ਨੋ, ਉਆ ਕਉ, ਇਸ ਕਉ, ਇਸ ਨੋ, ਏਸ ਨਉ	ਦੋਹਾਂ ਲਿੰਗਾਂ ਲਈ ਸਾਂਝੇ।	ਉਨਾ, ਓਨਾ, ਉਨ ਕਉ	ਦੋਹਾਂ ਲਿੰਗਾਂ ਲਈ ਸਾਂਝੇ।

	ਇਕ-ਵਚਨ		*ਬਹੁ-ਵਚਨ*	
	ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
ਅਪਾਦਾਨ ਕਾਰਕ	ਉਸ ਤੇ, ਇਸ ਤੇ, ਉਆ ਤੇ	ਸਾਂਝੇ ਰੂਪ।	ਉਨ ਤੇ, ਓਨ੍ਹ ਤੇ, ਇਨ ਤੇ	ਸਾਂਝੇ ਰੂਪ।
ਸੰਬੰਧ ਕਾਰਕ	ਉਸੁ, ਓਸੁ, ਉਸ ਕਾ, ਇਸ ਕਾ, ਤਿਸ ਕਾ, ਉਆ ਕਾ, ਉਆ ਕੀ	ਦੋਵੇਂ ਸਾਂਝੇ ਰੂਪ।	ਉਨ, ਓਨਾ, ਓਨਾ ਕੇ, ਉਨ ਕੀ, ਇਨ ਕਾ, ਉਨਾ ਕਾ	ਦੋਵੇਂ ਸਾਂਝੇ ਰੂਪ।
ਅਧਿਕਰਣ ਕਾਰਕ	ਇਸੁ ਆਗੈ, ਇਸ ਹੀ ਮਧੇ, ਉਸੁ ਊਪਰਿ, ਓਸੁ ਅੰਤਰਿ, ਓਸੁ ਪਿਛੈ	ਸਾਂਝੇ ਰੂਪ।	ਓਨਾ ਅੰਤਰਿ, ਓਨਾ ਪਾਸਿ, ਓਨਾ ਪਿਛੈ, ਓਨਾ ਵਿਚਿ	ਸਾਂਝੇ ਰੂਪ।

੧੬.੨.੩ ਧਿਆਨ ਜੋਗ ਕੁਝ ਵਿਸ਼ੇਸ਼ ਨੁਕਤੇ

(੧) ਅਜੋਕੀ ਪੰਜਾਬੀ ਭਾਸ਼ਾ ਵਿਚ ਅਨ-ਪੁਰਖ ਦੇ ਪੁਰਖਵਾਚੀ ਪੜਨਾਂਵ, ਅਥਵਾ ਨਿਸਚੇ-ਵਾਚਕ ਪੜਨਾਂਵ, 'ਇਹ' ਅਤੇ 'ਉਹ' ਉੱਤੇ 'ਲਿੰਗ' ਅਤੇ 'ਵਚਨ' ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਪਰ ਗੁਰਬਾਣੀ ਅਥਵਾ ਪੁਰਾਣੀ ਪੰਜਾਬੀ ਵਿਚ ਲਿੰਗ ਅਤੇ ਵਚਨ, ਇਹਨਾਂ ਦੋਹਾਂ ਪੜਨਾਂਵਾਂ ਦੇ ਰੂਪ ਨੂੰ ਪ੍ਰਭਾਵਿਤ ਕਰਦੇ ਹਨ; ਜਿਵੇਂ :

ਪੁਲਿੰਗ		*ਇਸਤਰੀ-ਲਿੰਗ*	
ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਉਹੁ, ਇਹੁ	ਓਹਿ, ਇਹਿ	ਉਹ, ਓਹਾ, ਇਹ, ਇਹਾ	ਓਹਿ, ਇਹਿ

(੨) ਅਨ-ਪੁਰਖ ਦੇ ਪੁਰਖਵਾਚੀ ਪੜਨਾਂਵ ਅਤੇ ਨਿਸਚੇਵਾਚਕ ਪੜਨਾਂਵ, ਵਿਆਕਰਣ ਦੇ ਤਕਨੀਕੀ ਦ੍ਰਿਸ਼ਟੀਕੋਣ ਤੋਂ ਪੜਨਾਂਵ ਦੀਆਂ ਵੱਖਰੀਆਂ ਵੱਖਰੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ, ਪਰ ਦੋਹਾਂ ਹੀ ਸ਼੍ਰੇਣੀਆਂ ਵਿਚ, ਇਹਨਾਂ ਦੇ ਮੂਲਕ- ਰੂਪ; ਲਿੰਗ, ਵਚਨ ਅਤੇ ਕਾਰਕ ਦੇ ਭੇਦ ਕਰਕੇ ਇਕਸਾਰ ਹੀ ਰਹਿੰਦੇ ਹਨ, ਇਸ ਲਈ ਅੱਗੇ ਚੱਲ ਕੇ ਇਹਨਾਂ ਸੰਬੰਧੀ ਗੁਰਬਾਣੀ ਵਿੱਚੋਂ ਉਦਾਹਰਣਾਂ ਇਕੱਠੀਆਂ ਹੀ ਦਿੱਤੀਆਂ ਜਾ ਰਹੀਆਂ ਹਨ। ਇਹਨਾਂ ਦੇ ਪਰਸਪਰ ਵਖਰੇਵੇਂ ਦੇ ਆਧਾਰ ਬਾਰੇ ਸਥਿਤੀ ਉਪਰ ਸਪੱਸ਼ਟ ਕਰ ਦਿੱਤੀ ਗਈ ਹੈ।

(੩) 'ਉਹ' ਅਤੇ 'ਇਹ' ਸਾਧਾਰਨ-ਰੂਪ ਵਾਲੇ ਪੜਨਾਂਵ ਹਨ। ਇਹਨਾਂ ਦੇ ਸੰਬੰਧਕੀ, ਇਕ-ਵਚਨ ਰੂਪ ਕਰਤਾ, ਕਰਣ ਅਤੇ ਅਧਿਕਰਣ ਕਾਰਕ ਤੋਂ ਸਿਵਾਅ 'ਉਸੁ'

ਅਤੇ 'ਇਸੁ' ਹਨ। ਕਰਤਾ, ਕਰਣ ਅਤੇ ਅਧਿਕਰਣ ਕਾਰਕ ਇਕ-ਵਚਨ ਵਿਚ ਇਹਨਾਂ ਦੇ ਰੂਪ ਇਸ ਪ੍ਰਕਾਰ ਹਨ :

ਕਰਤਾ ਕਾਰਕ (ਇਕ-ਵਚਨ) — ਉਨਿ, ਇਨਿ
ਕਰਣ ਕਾਰਕ (,, ,,) — ਉਤੁ, ਇਤੁ
ਅਧਿਕਰਣ ਕਾਰਕ (,, ,,) — ਉਤੁ, ਇਤੁ

(੪) ਅਨ-ਪੁਰਖ ਦੇ ਪੁਰਖਵਾਚੀ ਪੜਨਾਂਵਾਂ; 'ਓਹ' ਅਤੇ 'ਇਹ' ਦੇ ਸੰਬੰਧਕੀ-ਰੂਪ 'ਉਸੁ' ਅਤੇ 'ਇਸੁ' ਭਾਵੇਂ ਪੁਲਿੰਗ ਨਾਂਵ ਦੀ ਥਾਵੇਂ ਆਉਣ ਜਾਂ ਇਸਤਰੀ-ਲਿੰਗ ਨਾਂਵ ਦੀ ਥਾਵੇਂ, ਇਹਨਾਂ ਦਾ ਅੰਤਲਾ (ੁ) ਕਾਇਮ ਹੀ ਰਹਿੰਦਾ ਹੈ; ਜਿਵੇਂ :

ਪੁਲਿੰਗ :

ਉਸੁ

੧. **ਜੋ 'ਉਸੁ' ਪੂਜੇ ਸੋ ਫਲੁ ਪਾਏ, ਦੀਖਿਆ ਦੇਵੈ ਸਾਚੁ ਬੁਝਾਏ ॥੨॥੭॥** *(ਪੰਨਾ ੪੯੧)*

੨. **ਜੋ 'ਓਸੁ' ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ ॥ਸ.੨॥ਪਉ.੨੦॥**
[ਉਸ, ਓਸੁ—ਜਗਿਆਸੂ ਵੱਲ ਸੰਕੇਤ ਹੈ] *(ਪੰਨਾ ੧੨੪੫)*

ਇਸੁ

੧. **ਇਸੁ ਪਰਚਾਇ ਪਰਚਿ ਰਹੁ ਏਸੁ ॥੪॥੯॥** *(ਪੰਨਾ ੩੨੫)*
[ਇਸੁ—ਮਨ ਵੱਲ ਸੰਕੇਤ ਹੈ]

ਇਸਤਰੀ-ਲਿੰਗ :

੧. **ਜੋ 'ਇਸੁ' ਮਾਰੇ ਸੋਈ ਸੂਰਾ ॥੧॥੫॥** *(ਪੰਨਾ ੨੩੭)*
[ਇਸੁ—ਦੁਬਿਧਾ ਵੱਲ ਸੰਕੇਤ ਹੈ]

(੫) (ੁ) ਅੰਤਿਕ, ਪੜਨਾਂਵ 'ਉਸੁ' ਅਤੇ 'ਇਸੁ' ਦਾ ਅੰਤਲਾ (ੁ) 'ਸਾਧਾਰਨ ਸੰਬੰਧਕੀ-ਪਦ' ਆਉਣ ਦੇ ਬਾਵਜੂਦ ਵੀ ਕਾਇਮ ਰਹਿੰਦਾ ਹੈ, ਪਰ ਕੁਝ 'ਵਿਸ਼ੇਸ਼ ਸੰਬੰਧਕੀ-ਪਦ' [ਕਾ, ਕੇ, ਕੀ, ਦਾ, ਦੇ, ਦੀ, ਕੈ, ਦੈ, ਤੇ, ਕਉ, ਨਉ (ਨੋ)] ਅਤੇ ਅੱਵਿਐ 'ਹੀ' ਆਉਣ ਦੇ ਫਲ-ਸਰੂਪ ਇਹਨਾਂ ਦਾ ਅੰਤਲਾ (ੁ) ਲਥ ਜਾਂਦਾ ਹੈ; ਜਿਵੇਂ :

(ੳ) ਸਾਧਾਰਨ ਸੰਬੰਧਕੀ-ਪਦਾਂ ਨਾਲ :

੧. **'ਉਸੁ' ਊਪਰਿ ਹੈ ਮਾਰਗੁ ਮੇਰਾ ॥**
ਸੇਖ ਫਰੀਦਾ ਪੰਥੁ ਸਮ੍ਹ੍ਹਾਰਿ ਸਵੇਰਾ ॥੪॥੧॥ *(ਪੰਨਾ ੭੯੪)*

੨. **'ਓਸੁ' ਅੰਤਰਿ ਨਾਮੁ ਨਿਧਾਨੁ ਹੈ, ਨਾਮੋ ਪਰਵਰਿਆ ॥ਪਉੜੀ ੧੧॥** *(ਪੰਨਾ ੮੭)*

੩. **'ਓਸੁ' ਪਿਛੈ ਵਜੈ ਫਕੜੀ, ਮੁਹੁ ਕਾਲਾ ਆਗੈ ਭਇਆ ॥ਸਲੋਕ ੨॥੨੭॥**
(ਪੰਨਾ ੬੫੩)

੪. **ਜੋ ਮਾਗੈ ਸੋ ਭੂਖਾ ਰਹੈ ॥**
'ਇਸੁ' ਸੰਗਿ ਰਾਚੈ ਸੁ ਕਛੂ ਨ ਲਹੈ ॥੪॥੨੬॥ *(ਪੰਨਾ ੮੬੨)*

੫. **ਬਿਸਟਾ ਅਸਤ ਰਕਤੁ ਪਰੇਟੇ ਚਾਮ ॥**
'ਇਸੁ' ਊਪਰਿ ਲੇ ਰਾਖਿਓ ਗੁਮਾਨ ॥੩॥੧੪॥ *(ਪੰਨਾ ੩੭੪)*

(ਅ) ਵਿਸ਼ੇਸ਼ ਸੰਬੰਧਕੀ-ਪਦਾਂ ਅਤੇ ਅੱਵਿਐ 'ਹੀ' ਨਾਲ :

੧. 'ਉਸ' ਕਾ ਕਹਿਆ ਕੋਇ ਨ ਸੁਣਈ, ਕਹੀ ਨ ਬੈਸਣੁ ਪਾਵੈ ॥੧॥੧੦੬॥ *(ਪੰਨਾ ੧੨੨੪)*

੨. ਜੇ ਮਿਰਤਕ ਕਉ ਚੰਦਨੁ ਚੜਾਵੈ ॥
'ਉਸ' ਤੇ ਕਹਹੁ ਕਵਨ ਫਲ ਪਾਵੈ ॥੩॥੧੨॥ *(ਪੰਨਾ ੧੧੬੦)*

੩. 'ਓਸ' ਦੈ ਆਖਿਐ ਕੋਈ ਨ ਲਗੈ, ਨਿਤ ਓਜਾੜੀ ਪੂਕਾਰੇ ਖਲਾ ॥ਸਲੋਕ ੧॥੧੫॥ *(ਪੰਨਾ ੩੦੮)*

੪. 'ਓਸ' ਨੋ ਸੁਖੁ ਨ ਉਪਜੈ, ਭਾਵੈ ਸਉ ਗੇੜਾ ਆਵਉ ਜਾਉ ॥ਸਲੋਕ ੧॥੧੪॥ *(ਪੰਨਾ ੫੯੧)*

੫. 'ਇਸ' ਕੀ ਸੇਵਾ ਜੋ ਕਰੇ, ਤਿਸ ਹੀ ਕਉ ਫਿਰਿ ਖਾਇ ॥ਸਲੋਕ ੨॥੫॥ *(ਪੰਨਾ ੫੧੦)*

੬. 'ਇਸ' ਤੇ ਊਪਰਿ ਨਹੀ ਬੀਚਾਰੁ ॥
ਜਾ ਕੈ ਮਨਿ ਬਸਿਆ ਨਿਰੰਕਾਰੁ ॥੪॥੨੨॥ *(ਪੰਨਾ ੨੯੨)*

੭. ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥
'ਇਸ' ਨੋ ਵਿਆਪੈ ਸੋਗ ਸੰਤਾਪੁ ॥੫॥੩॥ *(ਪੰਨਾ ੧੩੪੩)*

੮. 'ਇਸ' ਹੀ ਮਹਿ ਜਿਸ ਕੀ ਪਤਿ ਰਾਖੈ, ਤਿਸੁ ਸਾਧੂ ਚਉਰੁ ਢਾਲੀਐ ॥੬॥੭॥ *(ਪੰਨਾ ੧੦੧੯)*

੯. ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
'ਇਸਹਿ' ਮਾਰਿ ਰਾਜ ਜੋਗੁ ਕਮਾਵੈ ॥ਰਹਾਉ॥੫॥ *(ਪੰਨਾ ੨੩੭)*

(ਏ) ਅਨ-ਪੁਰਖ ਦੇ ਪੁਰਖਵਾਚਕ ਪੜਨਾਂਵਾਂ ਅਥਵਾ ਨਿਸਚੇਵਾਕ ਪੜਨਾਂਵਾਂ ਦੀਆਂ ਪੜਨਾਂਵ ਰੂਪ ਵਾਲੀਆਂ ਉਦਾਹਰਣਾਂ ਥੋੜ੍ਹੀਆਂ ਹੀ ਉਪਲਬਧ ਹੋਈਆਂ ਹਨ, ਇਹਨਾਂ ਦੇ ਨਿਸਚੇਵਾਚਕ ਵਿਸ਼ੇਸ਼ਣ ਨਾਲ ਸੰਬੰਧਤ ਉਦਾਹਰਣਾਂ ਵਿਸ਼ੇਸ਼ਣ ਵਾਲੇ ਅਧਿਆਇ ਵਿਚ ਵਧੇਰੇ ਦਿੱਤੀਆਂ ਗਈਆਂ ਹਨ।

੧੬.੨.੪ ਗੁਰਬਾਣੀ ਦੀਆਂ ਉਦਾਹਰਣਾਂ—ਕਰਤਾ ਕਾਰਕ

੧੬.੨.੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਓਹੁ (ਪੁਲਿੰਗ)

੧. ਨਾ 'ਓਹੁ' ਮਰਤਾ ਨਾ ਹਮ ਡਰਿਆ ॥
ਨਾ 'ਓਹੁ' ਬਿਨਸੈ ਨਾ ਹਮ ਕੜਿਆ ॥੧॥੮੩॥ *(ਪੰਨਾ ੩੯੧)*
[ਓਹੁ—ਵਾਹਿਗੁਰੂ]

ਊਹੁ (ਪੁਲਿੰਗ)

੧. ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ 'ਊਹੁ' ਮਨਿ ਪਛੁਤਾਵੈ ॥੩॥੫॥ *(ਪੰਨਾ ੨੬੮)*
[ਊਹੁ—ਬਿਰਖ ਕੀ ਛਾਇਆ ਨਾਲ ਪ੍ਰੀਤਿ ਪਾਉਣ ਵਾਲਾ ਮਨੁੱਖ]

ਓਹੀ (ਪੁਲਿੰਗ)

੧. ਹੋਆ 'ਓਹੀ' ਅਲੁ ਜਗ ਮਹਿ ਗੁਰ ਗਿਆਨੁ ਜਪਾਈ ॥ਪਉੜੀ ੧੬॥
[ਓਹੀ—ਓਹ (ਗੁਰ-ਗਿਆਨ ਜਪਣ ਵਾਲਾ ਮਨੁੱਖ) ਹੀ] *(ਪੰਨਾ ੧੧੦੦)*

ਊਹ

੧. 'ਊਹ' ਤਉ ਭੂਤੁ ਭੂਤੁ ਕਰਿ ਭਾਗੀ ॥੩॥੩॥ *(ਪੰਨਾ ੭੯੪)*

ਓਹ (ਇਸਤਰੀ-ਲਿੰਗ)

੧. ਸੰਤ ਭਾਗਿ 'ਓਹ' ਪਾਛੈ ਪਰੈ ॥
ਗੁਰ ਪਰਸਾਦੀ ਮਾਰਹੁ ਡਰੈ ॥
ਸਾਕਤ ਕੀ 'ਓਹ' ਪਿੰਡ ਪਰਾਇਣਿ ॥
ਹਮ ਕਉ ਦ੍ਰਿਸਟਿ ਪਰੈ ਤ੍ਰੂਖਿ ਡਾਇਣਿ ॥੩॥੭॥ *(ਪੰਨਾ ੮੭੧)*
[ਓਹ—ਮਾਇਆ ਵੱਲ ਸੰਕੇਤ ਹੈ]

ਓਹਾ (ਇਸਤਰੀ-ਲਿੰਗ)

੧. ਮੇਰੀ ਮੇਰੀ ਧਾਰੀ ॥
'ਓਹਾ' ਪੈਰਿ ਲੋਹਾਰੀ ॥੩॥੧੭॥ *(ਪੰਨਾ ੧੦੦੪)*
[ਓਹਾ—ਮੇਰੀ ਮੇਰੀ ਵਾਲੀ ਧਾਰਨਾ ਵੱਲ ਸੰਕੇਤ ਹੈ]

ਸੋ (ਪੁਲਿੰਗ)

੧. 'ਸੋ' ਅੰਤਰਿ 'ਸੋ' ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥੨॥੨੩॥ *(ਪੰਨਾ ੨੯੩)*
[ਸੋ—ਵਾਹਿਗੁਰੂ ਵੱਲ ਸੰਕੇਤ ਹੈ]

ਸੋਈ/ਸੋਇ

੧. 'ਸੋਈ' ਸਤਿ ਸਤਿ ਹੈ 'ਸੋਇ' ॥੩॥੭੨॥ *(ਪੰਨਾ ੩੮੮)*

੨. 'ਸੋਈ' 'ਸੋਈ' ਸਦਾ ਸਚੁ ਸਾਹਿਬੁ, ਸਾਚਾ, ਸਾਚੀ ਨਾਈ ॥੧॥ *(ਪੰਨਾ ੯)*

ਸਾ (ਇਸਤਰੀ-ਲਿੰਗ)

੧. ਸਾਈ ਪੁੜੀ ਜਜਮਾਨ ਕੀ 'ਸਾ' ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥੨॥ *(ਪੰਨਾ ੪੩੫)*

ਇਹੁ (ਪੁਲਿੰਗ)

੧. ਨਾ 'ਇਹੁ' ਬੂਢਾ ਨਾ ਇਹੁ ਬਾਲਾ ॥...੧॥੨੧॥ *(ਪੰਨਾ ੮੬੮)*

੨. ਨਾ 'ਇਹੁ' ਬਿਨਸੈ ਨਾ 'ਇਹੁ' ਜਾਇ ॥
ਆਦਿ ਜੁਗਾਦੀ ਰਹਿਆ ਸਮਾਇ ॥੧॥੨੧॥ *(ਪੰਨਾ ੮੬੮)*
[ਇਹੁ—ਪ੍ਰਾਤਮਾ ਵੱਲ ਸੰਕੇਤ ਹੈ]

੩. 'ਇਹੁ' ਅਰੁ 'ਓਹੁ' ਜਬ ਮਿਲੈ, ਤਬ ਮਿਲਤ ਨ ਜਾਨੈ ਕੋਇ ॥੩੮॥ *(ਪੰਨਾ ੩੪੨)*
[ਇਹੁ—ਜੀਵਾਤਮਾ, ਓਹੁ—ਪਰਮਾਤਮਾ]

ਏਹੁ

੧. 'ਏਹੁ' ਅਖੁਟੁ ਕਦੇ ਨ ਨਿਖੁਟਈ, ਖਾਇ ਖਰਚਿਉ ਪਲੈ ॥ਪਉੜੀ ੧੫॥
[ਏਹੁ—ਇਹ (ਨਾਮ-ਧਨ)] *(ਪੰਨਾ ੧੦੮੧)*

੨. **'ਏਹੁ' ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥੧੬॥** *(ਪੰਨਾ ੯੧੯)*
[ਏਹੁ—ਸ਼ਬਦ-ਸੋਹਿਲਾ ਵੱਲ ਸੰਕੇਤ ਹੈ]

ਏਹ

੧. **ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ 'ਏਹ' ॥੧੧॥** *(ਪੰਨਾ ੩੪੦)*

ਇਹ (ਇਸਤਰੀ-ਲਿੰਗ)

੧. **ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥**
ਗੁਰਿ ਕਹਿਆ 'ਇਹ' ਝੂਠੀ ਧੋਹੀ ॥੨॥੧॥ *(ਪੰਨਾ ੧੩੪੭)*
[ਇਹ—ਇਹ (ਛਲ-ਨਾਗਨਿ)]

੨. **'ਇਹ' ਬਸਤੀ ਤਾ ਬਸਤ ਸਰੀਰਾ ॥**
ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੧੯॥ *(ਪੰਨਾ ੪੮੧)*
[ਇਹ—ਇਹ ਮਾਇਆ]

(ਅ) ਸੰਬੰਧਕੀ-ਰੂਪ

ਓਨਿ

੧. **'ਓਨਿ' ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥ਪਉੜੀ ੧੬॥** *(ਪੰਨਾ ੧੧੦੦)*

੨. **'ਓਨਿ' ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ ॥ਪਉੜੀ ੧੬॥**
[ਓਨਿ—ਗੁਰੂ-ਪ੍ਰਾਇਣ ਹੋਏ 'ਜਨ' ਵੱਲ ਸੰਕੇਤ ਹੈ] *(ਪੰਨਾ ੧੧੦੦)*

ਉਨਿ

੧. **'ਉਨਿ' ਮੋਹੇ ਬਹੁਤੇ ਬ੍ਰਹਮੰਡ ॥**
ਰਾਮ ਜਨੀ ਕੀਨੀ ਖੰਡ ਖੰਡ ॥੩॥੨੬॥ *(ਪੰਨਾ ੮੬੨)*
[ਉਨਿ—ਮਾਇਆ ਵੱਲ ਸੰਕੇਤ ਹੈ]

ਨੋਟ : 'ਓਨਿ, 'ਉਨਿ'—(ਉਸ ਨੇ) ਪੁਲਿੰਗ ਅਤੇ ਇਸਤਰੀ-ਲਿੰਗ, ਦੋਹਾਂ ਲਈ ਸਾਂਝਾ ਰੂਪ ਹੈ।

ਇਨਿ

੧. **'ਇਨਿ' ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥੧॥**
[ਇਨਿ—ਇਸ (ਸਤਿਗੁਰੂ ਰਾਮਦਾਸ ਜੀ) ਨੇ] *(ਪੰਨਾ ੧੩੯੬)*

ਤਿਨਹਿ

੧. **ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ 'ਤਿਨਹਿ' ਕੀਆ ॥੧॥੩॥**
[ਤਿਨਹਿ—ਤਿਸ (ਵਾਹਿਗੁਰੂ) ਨੇ] *(ਪੰਨਾ ੧੨)*

੧੬.੨.੪.੨ ਕਰਤਾ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਓਹਿ

੧. **ਨਾ 'ਓਹਿ' ਮਰਹਿ, ਨ ਠਾਗੇ ਜਾਹਿ ॥੩੭॥** *(ਪੰਨਾ ੮)*

੨. **'ਓਹਿ' ਜਾ ਆਪਿ ਡੁਬੇ, ਤੁਮ ਕਹਾ ਤਰਣਹਾਰੁ ॥ਸ.੨॥੨੦॥** *(ਪੰਨਾ ੫੫੬)*

੩. **'ਓਹਿ' ਅੰਦਰਹੁ ਬਾਹਰਹੁ ਨਿਰਮਲੇ, ਸਚੈ ਨਾਇ ਸਮਾਇਆ ॥ਪਉੜੀ ੩॥** *(ਪੰਨਾ ੧੩੯)*

ਓਇ

੧. **'ਓਇ' ਖਸਮੈ ਕੈ ਗ੍ਰਿਹਿ, ਉਨ ਦੂਖ ਸਹਾਮ ॥੨॥੮੦॥** *(ਪੰਨਾ ੧੭੯)*

੨. **'ਓਇ' ਸੇਵਨਿ ਸੰਮ੍ਰਿਥੁ ਆਪਣਾ, ਬਿਨਸੈ ਸਭੁ ਮੰਦਾ ॥ਪਉੜੀ ੫॥** *(ਪੰਨਾ ੩੧੯)*

ਏਹਿ

੧. **ਕੇਤਿਆ ਦੂਖ ਭੂਖ ਸਦ ਮਾਰ ॥**
'ਏਹਿ' ਭਿ ਦਾਤਿ ਤੇਰੀ ਦਾਤਾਰ ॥੨੫॥ *(ਪੰਨਾ ੫)*

੨. **ਮਨ ਮੰਧੇ ਪ੍ਰਭੁ ਅਵਗਾਹੀਆ ॥**
'ਏਹਿ' ਰਸ ਭੋਗਣ ਪਾਤਿਸਾਹੀਆ ॥੬॥੩੮॥ *(ਪੰਨਾ ੧੩੨)*
[ਓਹਿ, ਓਇ, ਏਹਿ—ਪੁਲਿੰਗ ਅਤੇ ਇਸਤਰੀ-ਲਿੰਗ; ਇਹਨਾਂ ਦੋਹਾਂ ਲਈ ਸਾਂਝੇ ਬਹੁ-ਵਚਨੀ ਰੂਪ]

ਤੇ

੧. **'ਤੇ' ਊਝੜਿ ਭਰਮਿ ਮੁਏ ਗਾਵਾਰੀ, ਮਾਇਆ ਭੁਅੰਗ ਬਿਖੁ ਚਾਖਾ ॥੨॥੨॥**
(ਪੰਨਾ ੬੯੬)

ਤੇਊ

੧. **ਅਜਾਮਲ, ਗਜ, ਗਨਿਕਾ ਪਤਿਤ ਕਰਮ ਕੀਨੇ ॥**
'ਤੇਊ' ਉਤਰਿ ਪਾਰਿ ਪਰੇ, ਰਾਮ ਨਾਮ ਲੀਨੇ ॥੨॥੫॥ *(ਪੰਨਾ ੬੯੨)*

(ਅ) ਸੰਬੰਧਕੀ-ਰੂਪ

ਉਨ

੧. **ਸਾਕਤ ਬਧਿਕ ਮਾਇਆ ਧਾਰੀ, ਤਿਨ ਜਮ ਜੋਹਨਿ ਲਾਗੇ ॥**
'ਉਨ' ਸਤਿਗੁਰ ਆਗੈ ਸੀਸੁ ਨ ਬੇਚਿਆ, ਓਇ ਆਵਹਿ ਜਾਹਿ ਅਭਾਗੇ ॥੪॥੬੨॥
[ਉਨ—ਉਹਨਾਂ ਨੇ] *(ਪੰਨਾ ੧੭੨)*

ਤਿਨ

੧. **ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥**
ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ 'ਤਿਨ' ਪਾਇਆ ॥੩॥੪੫॥
[ਤਿਨ—ਉਹਨਾਂ ਨੇ] *(ਪੰਨਾ ੧੬੫)*

ਇਨ

੧. **ਗੁਰ ਪਰਸਾਦੀ ਜੈ ਦੇਉ ਨਾਮਾਂ ॥**
ਭਗਤਿ ਕੈ ਪ੍ਰੇਮਿ 'ਇਨ' ਹੀ ਹੈ ਜਾਨਾਂ ॥੫॥੩੬॥ *(ਪੰਨਾ ੩੩੦)*

ਓਨੀ

੧. **'ਓਨੀ' ਚਲਣੁ ਸਦਾ ਨਿਹਾਲਿਆ, ਹਰਿ ਖਰਚੁ ਲੀਆ ਪਤਿ ਪਾਇ ॥੨॥੭੦॥**
(ਪੰਨਾ ੪੨)

ਓਨ੍ਹੀ

੧. **'ਓਨ੍ਹੀ' ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ ॥ਪਉੜੀ ੭॥** *(ਪੰਨਾ ੪੬੭)*

੧੬.੨.੫.੧ ਕਰਮ ਕਾਰਕ—ਇਕ-ਵਚਨ

ਓਹੁ

੧. **'ਓਹੁ' ਤੇਲੀ ਸੰਦਾ ਬਲਦੁ ਕਰਿ, ਨਿਤ ਭਲਕੇ ਉਠਿ ਪ੍ਰਭਿ ਜੋਇਆ ॥ਸ.੧॥੧੬॥** *(ਪੰਨਾ ੩੦੯)*

੨. **'ਓਹੁ' ਧੋਪੈ ਨਾਵੈ ਕੈ ਰੰਗਿ॥੨੦॥** *(ਪੰਨਾ ੪)*

[ਦੂਜੀ ਉਦਾਹਰਣ ਵਿਚ ਵਰਤਿਆ ਪੜਨਾਂਵ 'ਓਹੁ' ਪਾਪਾਂ ਦੇ ਗੰਦ ਵੱਲ ਸੰਕੇਤ ਕਰਦਾ ਹੈ।]

ਇਹੁ

੧. **ਜੋ 'ਇਹੁ' ਜਾਣਹੁ, ਸੋ ਇਹੁ ਨਾਹਿ ॥੪॥੧੦॥** *(ਪੰਨਾ ੬੬੫)*

ਇਹ (ਇਸਤਰੀ-ਲਿੰਗ)

੧. **ਜਿਨਿ 'ਇਹ' ਚਾਖੀ ਸੋਈ ਜਾਣੈ, ਗੂੰਗੇ ਕੀ ਮਿਠਿਆਈ ॥੪॥੬॥** *(ਪੰਨਾ ੬੦੮)*

ਸੋਊ

੧. **'ਸੋਊ' 'ਸੋਊ' ਜਪਿ ਦਿਨ ਰਾਤੀ ॥**
ਰੇ ਜੀਅ ਚਲੈ ਤੁਹਾਰੈ ਸਾਥੀ ॥੫੦॥ *(ਪੰਨਾ ੨੬੦)*

ਉਆਹਿ

੧. **ਯਾ ਉਬਰਨ ਧਾਰੈ ਸਭੁ ਕੋਊ ॥**
'ਉਆਹਿ' ਜਪੇ ਬਿਨੁ ਉਬਰ ਨ ਹੋਊ ॥੪੩॥ *(ਪੰਨਾ ੨੫੬)*

ਵਾ, ਵਾ ਹੀ

੧. **ਵਾਵਾ 'ਵਾ ਹੀ' ਜਾਨੀਐ 'ਵਾ' ਜਾਨੇ ਇਹੁ ਹੋਇ ॥੩੮॥੪੫॥** *(ਪੰਨਾ ੩੪੨)*

ਉਸੁ

੧. **ਜੋ 'ਉਸੁ' ਪੂਜੇ, ਸੋ ਫਲੁ ਪਾਏ, ਦੀਖਿਆ ਦੇਵੈ ਸਾਚੁ ਬੁਝਾਏ ॥੨॥੭॥** *(ਪੰਨਾ ੪੯੧)*

ਇਸੁ

੧. **ਜੋ 'ਇਸੁ' ਮਾਰੇ ਸੋਈ ਸੂਰਾ ॥੧॥੫॥** *(ਪੰਨਾ ੨੩੭)*

੨. **'ਇਸੁ' ਪਰਚਾਇ ਪਰਚਿ ਰਹੁ ਏਸੁ ॥੪॥੬॥** *(ਪੰਨਾ ੩੨੫)*

ਇਸਹਿ

੧. **'ਇਸਹਿ' ਤੁਰਾਵਹੁ, ਘਾਲਹੁ ਸਾਟਿ ॥੨॥੪॥** *(ਪੰਨਾ ੮੭੦)*

੨. **'ਇਸਹਿ' ਮਾਰਿ ਰਾਜ ਜੋਗੁ ਕਮਾਵੈ ॥ਰਹਾਉ॥੫॥** *(ਪੰਨਾ ੨੩੭)*

ਏਸ ਨੋ

੧. **'ਏਸ ਨੋ' ਕਿਆ ਆਖੀਐ, ਕਿਆ ਕਰੇ ਵਿਚਾਰੀ ॥੪॥੫੦॥** *(ਪੰਨਾ ੩੩੪)*

ਉਸ ਕਉ

੧. **ਜਬ 'ਉਸ ਕਉ' ਕੋਈ ਮਨਿ ਪਰਹਰੈ ॥**
ਤਬ ਓਹ ਸੇਵਕਿ ਸੇਵਾ ਕਰੈ ॥੨॥੨੬॥ *(ਪੰਨਾ ੬੬੨)*

ਓਸ ਨੋ

੧. **'ਓਸ ਨੋ' ਕਿਹੁ ਪੋਹਿ ਨ ਸਕੀ, ਜਿਸ ਨਉ ਆਪਣੀ ਲਿਵ ਲਾਵਏ ॥੨੮॥** *(ਪੰਨਾ ੯੨੦)*

ਓਸੁ ਬਿਨਾ

੧. **'ਓਸੁ ਬਿਨਾ' ਤੂੰ ਹੋਈ ਹੈ ਮਾਟੀ ॥੩॥੮੨॥** *(ਪੰਨਾ ੩੯੦)*

੧੬.੨.੫.੨ ਕਰਮ ਕਾਰਕ—ਬਹੁ-ਵਚਨ

ਓਇ

੧. **ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ, 'ਓਇ' ਤੇਹੋ ਜੇਹੇ ਦਯਿ ਵਜਾਏ ॥੧॥੭॥** *(ਪੰਨਾ ੩੦੩)*

੨. **'ਓਇ' ਫਿਰਿ ਫਿਰਿ ਜੋਨਿ ਭਵਾਈਅਹਿ, ਮੰਦ ਭਾਗੀ ਮੂੜ ਅਕਰਮਾ ॥੩॥੨॥** *(ਪੰਨਾ ੭੬੬)*

ਏਹਿ

੧. **ਜਿਨਿ 'ਏਹਿ' ਲਿਖੇ, ਤਿਸੁ ਸਿਰਿ ਨਾਹਿ ॥੧੬॥** *(ਪੰਨਾ ੪)*

ਤੇ

੧. **ਪਤਿਤ ਪਾਵਨ ਨਾਮੁ ਨਰਹਰਿ, ਮੰਦਭਾਗੀਆਂ ਨਹੀ ਭਾਇਓ ॥**
'ਤੇ' ਗਰਭ ਜੋਨੀ ਗਾਲੀਅਹਿ, ਜਿਉ ਲੋਨੁ ਜਲਹਿ ਗਲਾਇਓ ॥੩॥੩॥ *(ਪੰਨਾ ੬੬੫)*

ਸੇ

੧. **'ਸੇ' ਉਝੜਿ ਭਰਮਿ ਭਵਾਈਅਹਿ, ਜਿਉ ਝਾੜ ਮਿਰਗੁ ਭਾਲੇ ॥ਪਉੜੀ ੧੫॥** *(ਪੰਨਾ ੩੦੬)*

ਓਨਾ

੧. **ਓਇ ਲੋਚਨਿ 'ਓਨਾ' ਗੁਣਾ ਨੋ, ਓਇ ਅਹੰਕਾਰਿ ਸੜੰਦੇ ॥ਪਉੜੀ ੩੧॥**
[ਓਨਾ ਗੁਣਾ ਨੋ—ਉਹਨਾਂ ਨੂੰ ਗੁਣ ਕਰਨ ਲਈ] *(ਪੰਨਾ ੩੧੬)*

ਉਨ

੧. **'ਉਨ' ਸਮ੍ਰਿ ਮੇਰਾ ਮਨੁ ਸਧਾਰੇ ॥੨॥੨੫॥** *(ਪੰਨਾ ੫੩੩)*

੨. **'ਉਨ' ਕਵਨੁ ਖਲਾਵੈ, ਕਵਨੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ ॥੩॥੧॥** *(ਪੰਨਾ ੪੬੫)*

ਤਿਨ

੧. **ਸਾਕਤ ਬਧਿਕ ਮਾਇਆ ਧਾਰੀ, 'ਤਿਨ' ਜਮ ਜੋਹਨਿ ਲਾਗੇ ॥੪॥੬੨॥** *(ਪੰਨਾ ੧੭੨)*

੧੬.੨.੬.੧ ਕਰਣ ਕਾਰਕ—ਇਕ-ਵਚਨ

ਇਤੁ ਕਰਿ

੧. **'ਇਤੁ ਕਰਿ' ਭਗਤਿ ਕਰਹਿ ਜੋ ਜਨ, ਤਿਨ ਭਉ ਸਗਲ ਚੁਕਾਈਐ ॥੪॥੨॥** *(ਪੰਨਾ ੬੮੩)*
[ਇਤੁ ਕਰਿ—ਏਸ (ਤਰੀਕੇ) ਨਾਲ]

੧੬.੨.੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਉਸੁ

੧. **ਨਾ 'ਉਸੁ' ਬੰਧਨੁ, ਨਾ ਹਮ ਬਾਧੇ ॥**
ਨਾ 'ਉਸੁ' ਧੰਧਾ, ਨਾ ਹਮ ਧਾਧੇ ॥੨॥੮੩॥ *(ਪੰਨਾ ੩੯੧)*

ਓਸੁ

੧. **ਨਾ 'ਉਸੁ' ਮੈਲੁ, ਨ ਹਮ ਕਉ ਮੈਲਾ ॥**
'ਓਸੁ' ਅਨੰਦੁ, ਤ ਹਮ ਸਦ ਕੇਲਾ ॥੨॥੮੩॥ *(ਪੰਨਾ ੩੯੧)*

੨. **ਹਰਿ ਜੀਉ ਦਾਤਾ ਅਗਮ ਅਥਾਹਾ ॥**
'ਓਸੁ' ਤਿਲੁ ਨ ਤਮਾਇ, ਵੇਪਰਵਾਹਾ ॥੧॥੧੯॥ *(ਪੰਨਾ ੧੦੬੨)*

ਇਸੁ

੧. **ਨਾ 'ਇਸੁ' ਊਸਨੁ, ਨਹੀ 'ਇਸੁ' ਸੀਤੁ ॥**
ਨ 'ਇਸੁ' ਦੁਸਮਨੁ ਨਾ 'ਇਸੁ' ਮੀਤੁ ॥
ਨਾ 'ਇਸੁ' ਹਰਖੁ, ਨਹੀ 'ਇਸੁ' ਸੋਗੁ ॥
ਸਭੁ ਕਿਛੁ ਇਸ ਕਾ, ਇਹੁ ਕਰਨੈ ਜੋਗੁ ॥੨॥੨੧॥ *(ਪੰਨਾ ੬੬੮)*

ਉਆ ਕਉ

੧. **'ਉਆ ਕਉ' ਕਹੀਐ ਸਹਜ ਮਤਵਾਰਾ ॥**
ਪੀਵਤ ਰਾਮ ਰਸੁ ਗਿਆਨ ਬੀਚਾਰਾ ॥ਰਹਾਉ॥੨੭॥ *(ਪੰਨਾ ੩੨੮)*

ਉਸ ਕਉ

੧. **ਜਬ 'ਉਸ ਕਉ' ਕੋਈ ਦੇਵੈ ਮਾਨੁ ॥**
ਤਬ ਆਪਸ ਊਪਰਿ ਰਖੈ ਗੁਮਾਨੁ ॥੨॥੨੬॥ *(ਪੰਨਾ ੬੬੨)*

ਓਸ ਨੋ

੧. **'ਓਸ ਨੋ' ਸੁਖੁ ਨ ਉਪਜੈ, ਭਾਵੈ ਸਉ ਗੇੜਾ ਆਵਉ ਜਾਉ ॥ਸ.੧॥੧੪॥** *(ਪੰਨਾ ੫੯੧)*

ਇਸ ਕਉ

੧. **ਜਬ ਇਨਿ ਅਪੁਨੀ ਅਪਨੀ ਧਾਰੀ ॥**
ਤਬ 'ਇਸ ਕਉ' ਹੈ ਮੁਸਕਲੁ ਭਾਰੀ ॥੩॥੧॥ *(ਪੰਨਾ ੨੩੫)*

ਇਸ ਨੋ

੧. **ਜਬ ਇਨਿ ਕਰਣੈਹਾਰੁ ਪਛਾਤਾ ॥**
ਤਬ 'ਇਸ ਨੋ' ਨਾਹੀ ਕਿਛੁ ਤਾਤਾ ॥੩॥੧॥ *(ਪੰਨਾ ੨੩੫)*

ਏਸ ਨਉ

੧. **'ਏਸ ਨਉ' ਹੋਰੁ ਥਾਉ ਨਾਹੀ, ਸਬਦਿ ਲਾਗਿ ਸਵਾਰੀਆ ॥੬॥** *(ਪੰਨਾ ੬੧੭)*

੧੬.੨.੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਉਨ ਕਉ

੧. **'ਉਨ ਕਉ' ਖਸਮਿ ਕੀਨੀ ਠਾਕ ਹਾਰੇ ॥**
ਦਾਸ ਸੰਗ ਤੇ ਮਾਰਿ ਬਿਦਾਰੇ ॥੧॥੧੧॥ *(ਪੰਨਾ ੬੬੫)*

ਓਨਾ ਕਉ

੧. **'ਓਨਾ ਕਉ' ਧੁਰਿ ਭਗਤਿ ਖਜਾਨਾ ਬਖਸਿਆ, ਮੇਟਿ ਨ ਸਕੈ ਕੋਇ ॥ਸ.੧॥੮॥** *(ਪੰਨਾ ੫੬੬)*

ਉਨ੍ਹ

੧. **ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥**
'ਉਨ੍ਹ' ਭਿ ਆਵਹਿ ਓਈ ਸਾਦ ॥ਸ.੨॥੧੬॥ *(ਪੰਨਾ ੪੭੧)*

ਓਨਾ

੧. **'ਓਨਾ' ਇਕੋ ਨਾਮੁ ਅਧਾਰੁ, ਇਕਾ ਉਨ ਭਤਿਆ ॥ਪਉੜੀ ੪॥** *(ਪੰਨਾ ੬੫੮)*

੨. **ਓਨਾ' ਸਚੁ ਨ ਭਾਵਈ, ਦੁਖ ਹੀ ਮਾਹਿ ਪਚੰਨਿ ॥੧੮॥੩॥** *(ਪੰਨਾ ੭੫੬)*

੧੬.੨.੮.੧ ਅਪਾਦਾਨ ਕਾਰਕ—ਇਕ-ਵਚਨ

ਇਸ ਤੇ

੧. **'ਇਸ ਤੇ' ਹੋਇ ਸੁ ਨਾਹੀ ਬੁਰਾ ॥੭॥੨੩॥** *(ਪੰਨਾ ੨੬੪)*

੨. **ਜਬ 'ਇਸ ਤੇ' ਇਹੁ ਹੋਇਓ ਜਉਲਾ ॥੬॥੧॥** *(ਪੰਨਾ ੨੩੫)*
[ਇਸ ਤੇ—ਇਸ ਤੋਂ]

ਉਸ ਤੇ

੧. **'ਉਸ ਤੇ' ਕਹਹੁ ਕਵਨ ਫਲ ਪਾਵੈ ॥੩॥੧੨॥** *(ਪੰਨਾ ੧੧੬੦)*
[ਉਸ ਤੇ—ਉਸ ਤੋਂ]

ਉਆ ਤੇ

੧. **'ਉਆ ਤੇ' ਊਤਮੁ ਗਨਉ ਚੰਡਾਲਾ ॥ਪਉੜੀ ੧੬॥** *(ਪੰਨਾ ੨੫੩)*
[ਉਆ ਤੇ—ਉਸ ਤੋਂ]

੧੬.੨.੮.੨ ਆਪਾਦਾਨ ਕਾਰਕ—ਬਹੁ-ਵਚਨ

ਉਨ ਤੇ

੧. **'ਉਨ ਤੇ' ਰਾਖੈ ਬਾਪੁ ਨ ਮਾਈ ॥**
'ਉਨ ਤੇ' ਰਾਖੈ ਮੀਤੁ ਨ ਭਾਈ ॥੩॥੮੬॥ *(ਪੰਨਾ ੧੮੨)*

ਇਨ ਤੇ

੧. ਪੁਤ੍ਰ ਕਲਤ੍ਰ ਲਛਮੀ ਮਾਇਆ ॥
'ਇਨ ਤੇ' ਕਹੁ ਕਵਨੈ ਸੁਖੁ ਪਾਇਆ ॥੩॥੪॥ *(ਪੰਨਾ ੬੯੨)*

ਉਨ੍ਹ ਤੇ

੧. ਹਮ ਛੂਟੇ ਅਬ 'ਉਨ੍ਹ ਤੇ', ਓਇ ਹਮ ਤੇ ਛੂਟੇ ॥ਰਹਾਉ॥੧੧੬॥ *(ਪੰਨਾ ੪੦੦)*

੧੬.੨.੬.੧ ਸੰਬੰਧ ਕਾਰਕ—ਇਕ-ਵਚਨ

ਉਸੁ (ਇਸਤਰੀ-ਲਿੰਗ)

੧. ਖਸਮੁ ਮਰੈ ਤਉ ਨਾਰਿ ਨ ਰੋਵੈ ॥
ਉਸੁ ਰਖਵਾਰਾ ਅਉਰੋ ਹੋਵੈ ॥੧॥੭॥ *(ਪੰਨਾ ੮੭੧)*

ਓਸੁ

੧. 'ਓਸੁ' ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ ॥ਸ.੨॥੨੭॥
(ਪੰਨਾ ੬੫੩)

੨. 'ਓਸੁ' ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ ॥ਪਉੜੀ ੧੬॥ *(ਪੰਨਾ ੧੧੦੦)*

ਅਸਗਾ/ਉਸਗਾ

੧. ਅਸਗਾ ਅਸ ਉਸਗਾ ॥
ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥ਰਹਾਉ॥੪॥ *(ਪੰਨਾ ੬੯੩)*

ਉਸ ਕਾ

੧. ਅਪਨੀ ਪਰਤੀਤਿ ਆਪ ਹੀ ਖੋਵੈ ॥
ਬਹੁਰਿ 'ਉਸ ਕਾ' ਬਿਸ੍ਵਾਸੁ ਨ ਹੋਵੈ ॥੨॥੫॥ *(ਪੰਨਾ ੨੬੮)*

੧੬.੨.੬.੨ ਸੰਬੰਧ ਕਾਰਕ—ਬਹੁ-ਵਚਨ

ਓਨਾ ਕੇ

੧. 'ਓਨਾ ਕੇ' ਮੁਖ ਸਦ ਉਜਲੇ ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥ਸ.੧॥ਪਉੜੀ ੨੧॥
(ਪੰਨਾ ੯੧)

ਉਨ ਕੀ

੧. ਦੁਹੂ ਪਾਖ ਕਾ ਆਪਹਿ ਧਨੀ ॥
'ਉਨ ਕੀ' ਸੋਭਾ ਉਨਹੂ ਬਨੀ ॥੮॥੨੧॥ *(ਪੰਨਾ ੨੬੨)*

ਓਨਾ

੧. 'ਓਨਾ' ਹਲਤਿ ਪਲਤਿ ਮੁਖ ਉਜਲੇ,
ਓਇ ਹਰਿ ਦਰਗਹ ਸਚੀ ਪੈਨਾਏ ॥ਸ.੧॥ਪਉੜੀ ੭॥ *(ਪੰਨਾ ੩੦੨)*

ਓਨਾ ਦਾ

੧. 'ਓਨਾ ਦਾ' ਭਖੁ ਸੁ ਓਥੈ ਨਾਹੀ ਜਾਇ ਕੂਡੁ ਲਹਨਿ ਭੇਡਾਰੇ ॥ਸ.੧॥ਪਉੜੀ ੨੧॥
(ਪੰਨਾ ੩੧੨)

ਇਨ ਕਾ

੧. ਕਹਤ ਕਬੀਰ ਸੁਨਹੁ ਮੇਰੀ ਮਾਈ ॥
ਹਮਰਾ 'ਇਨ ਕਾ' ਦਾਤਾ ਏਕੁ ਰਘੁਰਾਈ ॥੪॥੨॥ *(ਪੰਨਾ ੫੨੪)*

ਉਨ

੧. ਸਾਧ ਸਭਾ ਮਹਿ ਅਨਦ ਬਿਸ੍ਰਾਮ ॥
'ਉਨ' ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥੩॥੨੩॥ *(ਪੰਨਾ ੬੭੬)*

੧੬.੨.੧੦.੧ ਅਧਿਕਰਣ ਕਾਰਕ—ਇਕ-ਵਚਨ

ਅਧਿਕਰਣ ਕਾਰਕ ਦੇ ਸੰਬੰਧਕੀ-ਪਦਾਂ ਸਹਿਤ ਉਦਾਹਰਣਾਂ

ਇਸੁ ਆਗੈ

੧. 'ਇਸੁ ਆਗੈ' ਕੋ ਨ ਟਿਕੈ ਵੇਕਾਰੀ ॥੧॥੮੦॥ *(ਪੰਨਾ ੬੨੮)*

ਇਸ ਹੀ ਮਧੇ

੧. 'ਇਸ ਹੀ ਮਧੇ' ਬਸਤੁ ਅਪਾਰ ॥੧॥੮੫॥ *(ਪੰਨਾ ੧੮੧)*

ਉਸੁ ਊਪਰਿ

੧. 'ਉਸੁ ਊਪਰਿ' ਹੈ ਮਾਰਗੁ ਮੇਰਾ ॥੪॥੧॥ *(ਪੰਨਾ ੭੬੪)*

ਓਸੁ ਅੰਤਰਿ

੧. 'ਓਸੁ ਅੰਤਰਿ' ਨਾਮੁ ਨਿਧਾਨੁ ਹੈ, ਨਾਮੋ ਪਰਵਰਿਆ ॥ਪਉੜੀ ੧੧॥ *(ਪੰਨਾ ੮੭)*

ਓਸੁ ਪਿਛੈ

੧. 'ਓਸੁ ਪਿਛੈ' ਵਜੈ ਫਕੜੀ, ਮੁਹੁ ਕਾਲਾ ਆਗੈ ਭਇਆ ॥ਸ.੨॥੨੭॥
(ਪੰਨਾ ੬੫੩)

੧੬.੨.੧੦.੨ ਅਧਿਕਰਣ ਕਾਰਕ—ਬਹੁ-ਵਚਨ

ਓਨਾ ਅੰਤਰਿ

੧. 'ਓਨਾ ਅੰਤਰਿ' ਗਿਆਨੁ ਨ ਧਿਆਨੁ ਹੈ, ਹਰਿ ਸਉ ਪ੍ਰੀਤਿ ਨ ਪਿਆਰੁ ॥੪੭॥
(ਪੰਨਾ ੧੪੧੮)

ਓਨਾ ਪਾਸਿ

੧. 'ਓਨਾ ਪਾਸਿ' ਦੁਆਸਿ ਨ ਭਿਟੀਐ, ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥੬੬॥
(ਪੰਨਾ ੪੦)

ਓਨਾ ਪਿਛੈ

੧. 'ਓਨਾ ਪਿਛੈ' ਜਗੁ ਭੁੰਚੈ ਭੋਗਈ ॥੪॥ *(ਪੰਨਾ ੬੫੮)*

ਓਨਾ ਵਿਚਿ

੧. 'ਓਨਾ ਵਿਚਿ' ਆਪਿ ਵਰਤਦਾ, ਕਰਣਾ ਕਿਛੂ ਨ ਜਾਇ ॥੩॥੪॥ *(ਪੰਨਾ ੬੬੪)*

੧੬.੩ ਅਨਿਸਚਿਤ (ਅਨਿਸਚੇ ਵਾਚਕ) ਪੜਨਾਂਵ

੧੬.੩.੧ ਲੱਛਣ

"ਅਜਿਹੇ ਪੜਨਾਂਵ-ਸ਼ਬਦ, ਜਿਨ੍ਹਾਂ ਤੋਂ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਸਤੂ ਦੀ ਬਜਾਏ, ਆਮ ਵਿਅਕਤੀਆਂ/ਵਸਤਾਂ ਬਾਰੇ ਅਨਿਸਚਿਤ (ਅੰਦਾਜ਼ੇ-ਮਾਤ੍ਰ) ਜਾਣਕਾਰੀ ਮਿਲੇ, ਅਨਿਸਚਿਤ ਪੜਨਾਂਵ ਕਹੀਦੇ ਹਨ।"

ਸਾਧਾਰਨ ਉਦਾਹਰਣਾਂ

ਕੋਈ (ਇਕ-ਵਚਨ) — 'ਕੋਈ' ਕਰ ਕੇ ਵੇਖ ਲਵੇ! ਸੇਵਾ ਦਾ ਮੇਵਾ ਮਿਲਦਾ ਹੈ।

ਕਈ (ਬਹੁ-ਵਚਨ) — 'ਕਈ' ਸਾਰੀ ਉਮਰ ਆਪਣਾ ਜੀਵਨ-ਲਕਸ਼ ਹੀ ਨਹੀਂ ਸਮਝਦੇ।

ਸਭ (ਇਕ-ਵਚਨ) — 'ਸਭ ਕੁਝ' ਜਾਣ ਸਕਣਾ ਮਨੁੱਖ ਦੇ ਵਸ ਦੀ ਗੱਲ ਨਹੀਂ।

ਸਭ (ਬਹੁ-ਵਚਨ) — 'ਸਭ' ਮਤਲਬ ਦੇ ਯਾਰ ਹਨ।

ਬਹੁਤਾ/ਬਹੁਤ (ਇਕ-ਵਚਨ) — 'ਬਹੁਤਾ' ਆਖਣ ਦੀ ਲੋੜ ਨਹੀਂ, ਤੁਸੀਂ ਖ਼ੁਦ ਸਮਝਦਾਰ ਹੋ।

ਬਹੁਤੇ/ਬਹੁਤ (ਬਹੁ-ਵਚਨ) — 'ਬਹੁਤੇ' ਅਜਿਹੇ ਵੀ ਹਨ, ਜਿਨ੍ਹਾਂ ਨੂੰ ਸਾਰੀ ਉਮਰ ਜਪੁ ਜੀ ਸਾਹਿਬ ਹੀ ਕੰਠ ਨਹੀਂ ਹੁੰਦਾ।

ਵਿਰਲਾ (ਇਕ-ਵਚਨ) — ਕ੍ਰੋੜਾਂ ਵਿੱਚੋਂ 'ਵਿਰਲਾ' ਹੀ ਕੋਈ ਗੁਰਮਤਿ ਧਾਰਨ ਕਰਦਾ ਹੈ।

ਵਿਰਲੇ (ਬਹੁ-ਵਚਨ) — ਸੰਸਾਰ ਵਿਚ ਆਤਮ-ਦਰਸੀ 'ਵਿਰਲੇ' ਹੀ ਹਨ।

ਕੁਝ (ਇਕ-ਵਚਨ) — ਪਾਠ ਉੱਚੀ ਉੱਚੀ ਕਰੋ, 'ਕੁਝ' ਮੇਰੇ ਪੱਲੇ ਵੀ ਪਵੇ।

ਕੁਝ ਕੁ (ਬਹੁ-ਵਚਨ) — ਸਵੇਰੇ ਸੁੱਤਿਆਂ ਨਾਲ ਹਾਲ ਭਰਿਆ ਸੀ, ਦੁਪਹਿਰ ਮਗਰੋਂ 'ਕੁਝ ਕੁ' ਉਠ ਕੇ ਚਲੇ ਗਏ।

ਅਨਿਕ/ਅਨੇਕ — ਫੋਕੀਆਂ ਫੜਾਂ ਤਾਂ 'ਅਨੇਕ' ਮਾਰਦੇ ਹਨ, ਪਰ ਵੇਲੇ ਸਿਰ ਕੋਈ ਹੀ ਪੁਕਰਦਾ ਹੈ।

ਥੋੜਾ ਕੁ (ਇਕ-ਵਚਨ) — ਭਾਵੇਂ ਰੌਲਾ-ਰੱਪਾ ਬਹੁਤ ਸੀ, ਪਰ 'ਥੋੜਾ ਕੁ' ਪੱਲੇ ਪੈ ਹੀ ਗਿਆ।

ਥੋੜੇ (ਬਹੁ-ਵਚਨ) — 'ਥੋੜੇ' ਹੀ ਪਰਖ ਵਿਚ ਪੂਰੇ ਉਤਰਦੇ ਹਨ।

ਹੋਰ [ਅਵਰ] (ਇਕ-ਵਚਨ) — ਏਥੇ ਹੀ ਬਸ ਕਰ! 'ਹੋਰ' ਕੁਝ ਨਾ ਮੰਗ।

ਹੋਰ (ਬਹੁ-ਵਚਨ) — 'ਹੋਰ' ਬਥੇਰੇ ਝੱਖਾਂ ਮਾਰਦੇ ਫਿਰਦੇ ਨੇ, ਕੋਈ ਵਿਰਲਾ ਹੀ ਤਤ-ਵੇਤਾ ਹੁੰਦਾ ਹੈ।

ਸਰਬੱਤ (ਸਮੂਹ-ਵਾਚੀ) — 'ਸਰਬੱਤ' ਦਾ ਭਲਾ ਮੰਗੋ।

ਨੋਟ : ਉਪਰੋਕਤ ਅਨਿਸਚਿਤ ਅਥਵਾ ਅਨਿਸਚੇ-ਵਾਚੀ ਪੜਨਾਂਵ ਜਦੋਂ ਕਿਸੇ ਨਾਂਵ ਦੇ ਨਾਲ ਵਿਸ਼ੇਸ਼ਣ ਦੇ ਤੌਰ 'ਤੇ ਆਉਣ ਤਾਂ ਇਹ ਅਨਿਸਚਿਤ ਸੰਖਿਅਕ ਵਿਸ਼ੇਸ਼ਣ ਜਾਂ ਅਨਿਸਚਿਤ ਪਰਿਮਾਣ-ਵਾਚੀ ਵਿਸ਼ੇਸ਼ਣ ਹੋ ਜਾਂਦੇ ਹਨ; ਜਿਵੇਂ :

(i) ਅਨਿਸਚਿਤ ਸੰਖਿਅਕ ਵਿਸ਼ੇਸ਼ਣ :

- ਜਦੋਂ ਮੈਂ ਗੁਰਦੁਆਰੇ ਆਇਆ, 'ਕੋਈ' ਸੇਵਾਦਾਰ ਡਿਊਟੀ 'ਤੇ ਨਹੀਂ ਸੀ।
- 'ਹੋਰ' ਮੰਗਾਂ ਕਾਹਨੂੰ ਮੰਗਨੈ, ਗੁਰੂ ਤੋਂ ਕੇਵਲ ਨਾਮ ਹੀ ਮੰਗ।
- 'ਕਈ' ਸਜਨ ਕੇਵਲ ਮੂੰਹ-ਜ਼ਬਾਨੀ ਹੀ ਹਮਦਰਦੀ ਕਰਦੇ ਹਨ।
- ਸਾਂਗੇ ਅੰਦਰਿ ਸਾਬਤੇ ਸੇ 'ਵਿਰਲੇ' ਬੰਦੇ॥
- 'ਕੁਝ' ਸ਼ਬਦ ਬਹੁ-ਅਰਥਕ ਹੁੰਦੇ ਹਨ।

(ii) ਅਨਿਸਚਿਤ ਪਰਿਮਾਣ-ਵਾਚੀ ਵਿਸ਼ੇਸ਼ਣ :

- 'ਕੁਝ' ਪ੍ਰਸ਼ਾਦ ਸ਼ਾਮ ਨੂੰ ਵਰਤਾਉਣ ਲਈ ਵੱਖਰਾ ਰੱਖ ਲਉ।
- 'ਸਾਰੇ ਦਾ ਸਾਰਾ' ਦੁੱਧ ਫਿਟ ਗਿਆ ਹੈ।
- 'ਥੋੜਾ' ਜਿਹਾ ਛਾਂਦਾ ਦਾਸ ਨੂੰ ਵੀ ਬਖ਼ਸ਼ੋ।
- 'ਬਹੁਤਾ' ਧਨ ਚਿੰਤਾ ਦਾ ਮੂਲ ਹੁੰਦਾ ਹੈ।

ਨੋਟ : ਪਰਿਮਾਣ ਵਾਚੀ ਵਿਸ਼ੇਸ਼ਣ ਸਦਾ ਇਕ-ਵਚਨ ਹੁੰਦੇ ਹਨ, ਜੇ ਬਹੁ-ਵਚਨ ਹੋਣ ਤਾਂ ਸੰਖਿਅਕ ਹੋ ਜਾਂਦੇ ਹਨ।

੧੬.੩.੨ ਕਾਰਕ ਰੂਪ-ਸਾਧਨਾ

ਕਾਰਕ	*ਇਕ-ਵਚਨ*	*ਬਹੁ-ਵਚਨ*
ਕਰਤਾ ਕਾਰਕ		
(ੳ) ਸਾਧਾਰਨ-ਰੂਪ		
ਪੁਲਿੰਗ :	ਕੋ, ਕੋ ਵਿਰਲਾ, ਕੋਈ, ਕੋਇ, ਕਉਣੁ (ਨੁ), ਕੋਊ, ਅਉਰੁ ਕੋ	ਕੇ, ਕੇਇ, ਕੇਈ
	ਕਾ, ਕਿਆ, ਕਹਾ, ਕਹ, ਕਿਹੁ, ਕਿਛੁ, ਕਛੁ	ਇਕਿ, ਹਿਕਿ
	ਸਭੁ, ਸਭੁ ਕੋ, ਸਭੁ ਕੋਈ, ਸਭੁ ਕੋਇ, ਸਭੁ ਕਿਛੁ	ਹਭਿ, ਹਭੇ, ਸਭਿ, ਸਭੇ, ਸਭਹਿ
	ਅਵਰੁ, ਅਉਰੁ ਕੋ, ਅਵਰੁ ਕਛੁ	ਹੋਰਿ, ਅਵਰਿ, ਅਵਰਿ ਸਭਿ,
	ਬਹੁ, ਬਹੁਤਾ	ਅਵਰੇ, ਅਨੇਕ, ਸਗਲ, ਸਗਲੇ, ਥੋੜੇ, ਵਿਰਲੇ, ਘਣੇ
	ਕੇਤਾ	ਕੇਤੇ, ਕੇਤਕ, ਕਿਤੀ

ਕਾਰਕ	ਇਕ-ਵਚਨ	ਬਹੁ-ਵਚਨ
ਇਸਤਰੀ-ਲਿੰਗ :	ਕਾ, ਕਾਈ,	
	ਸਭ, ਸਭਾ,	
	ਕੇਤੀ, ਹੋਰ ਕੇਤੀ, ਜੇਤੀ, ਤੇਤੀ,	
	ਸਾਰੀ, ਸਗਲੀ, ਬਹੁਤੇਰੀ, ਘਣੀ	ਸਗਲੀਆ
(ਅ) ਸੰਬੰਧਕੀ-ਰੂਪ		
ਸਾਂਝੇ ਰੂਪ :	ਕਿਨਿ, ਕਿਨੈ, ਕਿਨ ਹੀ,	
	ਕਿਨਹਿ, ਕਿਨਹੂ, ਕਾਹੂ	
	ਏਕ, ਏਕੈ, ਏਕਹਿ, ਇਕਨੈ	ਇਕਨਾ, ਇਕਨੀ, ਹਿਕਨੀ
		ਸਭਨਾ, ਸਭਨੀ
ਕਰਮ ਕਾਰਕ		
ਪੁਲਿੰਗ	ਇਕੁ, ਹਿਕੋ, ਏਕਸੈ, ਏਕੀ	ਇਕਿ, ਇਕਨਾ
	ਬਾਹਰਾ, ਕੋਈ, ਕਿਹੁ, ਕਿਛੁ,	
	ਕਿਝੁ, ਕਛੂਅ	
	ਸਭੁ, ਸਭੈ, ਸਭਸੈ, ਸਭੁ ਕਿਛੁ,	ਸਭਿ, ਸਭਨਾ, ਸਭ
	ਸਭੁ ਕਿਹੁ, ਸਭਸੈ ਨੋ, ਹਭੁ ਕਿਝੁ	
	ਕਿ, ਕਿਆ, ਕਿਆ ਕਿਛੁ,	
	ਕਹਾ	
	ਹੋਰੁ, ਹੋਰਸੁ, ਅਵਰੁ, ਅਵਰਾ,	ਹੋਰਨਾ ਨੋ, ਅਵਰ, ਅਵਰਾ,
	ਅਵਰਹਿ,	ਅਉਰਨ, ਅਵਰੀ ਨੋ
	ਕਿਸੁ, ਕਿਸੈ, ਕਿਸਹਿ, ਕਿਸ ਨੋ	
	ਸਗਲ, ਬਹੁਤਾ, ਬਹੁਤੋ ਬਹੁਤੁ	ਸਗਲ
	ਥੋੜਾ, ਅਗਲਾ	
	ਏਤਾ, ਜੇਤਾ, ਤੇਤਾ, ਇਤਨਾ ਕੁ	ਏਤੇ, ਕਿਤੀ
ਇਸਤਰੀ-ਲਿੰਗ	ਹਭ, ਸਭ,	
	ਇਤਨੀ, ਥੋੜੀ, ਘਣੇਰੀ	ਜੇਤੀਆ
ਕਰਣ ਕਾਰਕ	ਹੋਰਤੁ	
ਸੰਪ੍ਰਦਾਨ ਕਾਰਕ	ਇਕਹੀ ਕਉ, ਕਾਹੂ, ਕਾਹੂ	ਇਕਨਾ
	ਕਉ, ਕਾ ਕਉ	
	ਕਿਸੈ, ਕਿਸਹੀ, ਕਿਸਹਿ,	
	ਸਭਸੁ, ਸਭਸੈ, ਸਭਸੈ ਨੋ,	ਸਭਨਾ, ਸਭਨਾਹ, ਕੇਤਿਆ
	ਸਭੁ ਕੋ,	
	ਹੋਰਸੁ	
		ਅਵਰਾ, ਅਵਰਨ, ਅਉਰਨ
		ਕਉ, ਅਵਰੀ ਕਉ

ਕਾਰਕ	ਇਕ-ਵਚਨ	ਬਹੁ-ਵਚਨ
ਅਪਾਦਾਨ ਕਾਰਕ	ਇਕ ਦੂ	
	ਕਾਹਿ	
	ਹੋਰਿਓ	ਹੋਰਨਿ
		ਸਭਦੂ, ਹਭਾਹੂੰ
ਸੰਬੰਧ ਕਾਰਕ	ਕਾਹੂ, ਕੈ ਹੀ, ਕਹੀ, ਕਹੀਦਾ, ਕਾਂਕੋ, ਕਾ ਕੀ	ਕੇਤਿਆ ਕੇ
	ਏਕਹਿ ਕੀ, ਇਕਸੈ ਦੀ	ਇਕਨਾ, ਇਕਨ੍ਹਾ
	ਸਭਸੈ, ਸਭਸੈ ਕਾ, ਸਭਸ ਦਾ	ਸਭਨਾ, ਸਭਨਾ ਕੀ, ਸਗਲਿਆ
	ਕਿਸੁ, ਕਿਸੈ, ਕਿਸ ਹੀ, ਕਿਸੀ ਕਾ	
	ਅਵਰ	
ਅਧਿਕਰਣ ਕਾਰਕ	ਕਾਹੂ, ਕੈ ਪਹਿ, ਕਿਸੁ ਪਹਿ, ਕਿਸੁ ਨਾਲਿ	ਇਕਨੀ
	ਹੋਰਤੁ	ਅਉਰਨ ਪਹਿ
	ਸਭ ਤੈ	ਸਭਨਾ ਵਿਚਿ

੧੬.੩.੩ ਕੁਝ ਧਿਆਨ-ਜੋਗ ਨੁਕਤੇ

(੧) ਗੁਰਬਾਣੀ ਵਿਚ ਆਏ ਅਨਿਸਚੇਵਾਚਕ ਪੜਨਾਵਾਂ "ਸਭ, ਅਵਰ, ਹੋਰ, ਕੋਈ" ਦੇ ਰੂਪ ਲਿੰਗ ਅਤੇ ਵਚਨ ਦੇ ਭੇਦ ਕਰਕੇ ਬਦਲ ਜਾਂਦੇ ਹਨ; ਜਿਵੇਂ :

	ਇਕ-ਵਚਨ		*ਬਹੁ-ਵਚਨ*
ਪੁਲਿੰਗ	*ਇਸਤਰੀ-ਲਿੰਗ*		*ਦੋਹਾਂ ਲਿੰਗਾਂ ਦੇ ਸਾਂਝੇ ਰੂਪ*
ਸਭੁ, ਅਵਰੁ,	ਸਭ, ਸਭਾ, ਹੋਰ		ਸਭਿ, ਸਭੇ, ਅਵਰਿ, ਅਵਰੇ,
ਹੋਰੁ, ਕੋਈ	ਅਵਰ, ਕਾਈ		ਹੋਰਿ, ਕੇਈ, ਕੇਇ

ਨੋਟ : (੧) ਉਪਰੋਕਤ (-)—ਅੰਤਿਕ, ਪੁਲਿੰਗ, ਇਕ-ਵਚਨ ਅਨਿਸਚਿਤ ਪੜਨਾਵਾਂ ਦੇ ਅੱਗੇ ਜਦੋਂ ਕੋਈ ਸੰਬੰਧਕੀ-ਪਦ; ਪ੍ਰਗਟ ਜਾਂ ਲੁਪਤ ਆ ਜਾਵੇ ਤਾਂ ਇਹਨਾਂ ਦਾ ਅੰਤਲਾ (_) ਲਥ ਜਾਂਦਾ ਹੈ।

(੨) ਉਪਰੋਕਤ ਬਹੁ-ਵਚਨ ਅਨਿਸਚਿਤ ਪੜਨਾਵਾਂ ਦਾ ਸਾਧਾਰਨ-ਰੂਪ ਇਹੀ ਹੈ, ਜਦੋਂ ਇਹਨਾਂ ਦੇ ਅੱਗੇ ਕੋਈ ਪ੍ਰਗਟ ਜਾਂ ਲੁਪਤ ਸੰਬੰਧਕੀ-ਪਦ ਹੋਵੇ ਤਾਂ ਇਹਨਾਂ ਦਾ ਅੰਤਲਾ ਸ੍ਵਰ (f) ਲਥ ਜਾਂਦਾ ਹੈ।

(੨) ਗੁਰਬਾਣੀ ਵਿਚ ਕਈ ਥਾਈਂ ਦੋ ਵੱਖ ਵੱਖ ਅਨਿਸਚਿਤ ਪੜਨਾਂਵ ਇਕੱਠੇ ਵਰਤੇ ਮਿਲਦੇ ਹਨ ਅਤੇ ਕਈ ਥਾਈਂ ਇੱਕੋ ਪੜਨਾਂਵ ਨੂੰ ਦੁਹਰਾਇਆ ਮਿਲਦਾ ਹੈ। ਗੁਰਬਾਣੀ ਵਿਚਲੀਆਂ ਅਜਿਹੀਆਂ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

੧. **'ਕੋਈ ਵਿਰਲਾ' ਆਪਨ ਕੀਤ ॥**
ਸੰਗਿ ਚਰਨ ਕਮਲ ਮਨੁ ਸੀਤ ॥੧॥੧੦॥ *(ਪੰਨਾ ੯੮੦)*

੨. **'ਸਭੁ ਕਿਛੁ' ਆਪੇ ਆਪਿ ਹੈ, ਗੁਰ ਸਬਦਿ ਸੁਣਾਈ ॥ਪਉੜੀ ੧॥** *(ਪੰਨਾ ੯੪੭)*

੩. **ਤੇਰੇ 'ਕਵਨ ਕਵਨ' ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ ॥੧॥੧੨॥** *(ਪੰਨਾ ੭੩੫)*

੪. **'ਸਭੁ ਕੋ' ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥੩॥੩॥** *(ਪੰਨਾ ੬੭੧)*

੫. **ਰਾਜਨ, ਭਾਗਨ, ਹੁਕਮਨ, ਸਾਦਨ ॥**
'ਕਿਛੁ ਕਿਛੁ' ਨ ਚਾਹੀ ॥੨॥੧੪੩॥ *(ਪੰਨਾ ੪੦੬)*

੬. **ਜਗ ਮਹਿ ਉਤਮ ਕਾਢੀਅਹਿ, ਵਿਰਲੇ 'ਕੇਈ ਕੇਇ' ॥ਸਲੋਕ ੧॥੧॥**
[ਕਾਢੀਅਹਿ—'ਕਾ' ਅਤੇ 'ਹਿ' ਦਾ ਉਚਾਰਣ ਨਾਸਕੀ] *(ਪੰਨਾ ੫੧੭)*

੭. **ਜੋ ਤੁਧੁ ਸਚੁ ਧਿਆਇਦੇ, ਸੇ 'ਵਿਰਲੇ ਥੋੜੇ' ॥ਪਉੜੀ ੧੧॥** *(ਪੰਨਾ ੩੦੬)*

੮. **'ਸਭੁ ਕਿਛੁ' 'ਬਹੁਤੋ ਬਹੁਤੁ' ਉਪਾਇਆ ॥**
ਕਰਿ ਕਿਰਪਾ ਪ੍ਰਭਿ ਸਗਲ ਰਜਾਇਆ ॥੨॥੩੪॥ *(ਪੰਨਾ ੧੦੪)*

੯. **'ਅਵਰੁ ਸਭੁ ਕਿਛੁ' ਮਿਥਿਆ, ਰਸਨਾ ਰਾਮ ਰਾਮ ਵਖਾਨੁ ॥੧॥੨੪॥** *(ਪੰਨਾ ੧੦੦੬)*

ਉਪਰੋਕਤ ਕਿਸਮ ਦੀ ਵਰਤੋਂ ਵਾਲੇ ਪੜਨਾਂਵਾਂ ਨੂੰ 'ਸੰਜੁਕਤ ਅਨਿਸਚੇ-ਵਾਚੀ ਪੜਨਾਂਵ' ਕਹੀਦਾ ਹੈ।

(੩) ਸੰਜੁਕਤ ਅਨਿਸਚਿਤ ਪੜਨਾਂਵ 'ਸਭੁ ਕੋ' (ਜਾਨਦਾਰ ਵਿਅਕਤੀਆਂ ਲਈ) ਅਤੇ 'ਸਭੁ ਕਿਛੁ' (ਬੇ-ਜਾਨ ਵਸਤੂਆਂ ਲਈ) ਗੁਰਬਾਣੀ ਵਿਚ ਬੇਅੰਤ ਥਾਈਂ ਵਰਤੇ ਮਿਲਦੇ ਹਨ। ਅਜਿਹੀ ਵਰਤੋਂ ਵਿਚ 'ਸਭੁ' ਅਤੇ 'ਕਿਛੁ'; ਇਹਨਾਂ ਦੋਹਾਂ ਪੜਨਾਂਵਾਂ ਦਾ ਅੰਤਲਾ (ੁ) ਕਾਇਮ ਰਹਿੰਦਾ ਹੈ।

(੪) ਸਬਦ-ਜੁਟ 'ਸਭੁ ਕੋ' ਸੰਜੁਕਤ ਅਨਿਸਚਿਤ ਪੜਨਾਂਵ ਹੈ, ਜਦ ਕਿ ਸਬਦ-ਜੁਟ 'ਸਭ ਕੋ' ਵਿਚ ਪਹਿਲਾ ਸ਼ਬਦ ਪੜਨਾਂਵ ਹੈ ਅਤੇ ਦੂਜਾ ਸੰਬੰਧਕੀ-ਪਦ। ਦੋਹਾਂ ਸਬਦ-ਜੁਟਾਂ ਦੇ ਸਰੂਪ ਵਿਚ ਫ਼ਰਕ ਕੇਵਲ 'ਭ' ਦੇ ਔਂਕੜ ਦਾ ਹੈ; ਜਿਵੇਂ :

ਸੰਜੁਕਤ ਅਨਿਸਚਿਤ ਪੜਨਾਂਵ

'ਸਭੁ ਕੋ' ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ਸ.੧॥੧੪॥ *(ਪੰਨਾ ੪੭੦)*
[ਸਭੁ ਕੋ—ਸਭ ਕੋਈ]

ਪੜਨਾਂਵ + ਸੰਬੰਧਕੀ ਪਦ

੧. **'ਸਭ ਕੋ' ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥੩॥੧੩੭॥** *(ਪੰਨਾ ੨੦੬)*

੨. **ਜਗਤੁ ਭਿਖਾਰੀ ਫਿਰਤੁ ਹੈ 'ਸਭ ਕੋ' ਦਾਤਾ ਰਾਮੁ ॥੪੦॥** *(ਪੰਨਾ ੧੪੨੮)*
[ਸਭ ਕੋ—ਸਭ ਕਿਸੇ ਦਾ]

(੫) ਅਨਿਸਚਿਤ ਪੜਨਾਂਵ 'ਕਿਛੁ' ਦੇ ਕਈ ਬਦਲਵੇਂ ਰੂਪ ਗੁਰਬਾਣੀ ਵਿਚ ਮਿਲਦੇ ਹਨ; ਜਿਵੇਂ :

ਕਿਛੁ, ਕਿਛੂ, ਕਛੂਅ, ਕਛੁ, ਕਿਹੁ, ਕਿਝੁ

ਨੋਟ : 'ਕਛੂਅ' ਦਾ ਅੰਤਲਾ 'ਅ', ਇਸ ਤੋਂ ਪਹਿਲੇ ਆਏ ਅੱਖਰ 'ਛ' ਨੂੰ ਲੱਗੇ (ੱ) ਦੀ ਧੁਨੀ ਦੇ ਲਮਕਾਅ ਵਜੋਂ ਜਾਪਦਾ ਹੈ।

(੬) ਪੜਨਾਂਵ-ਸ਼ਬਦਾਂ; 'ਇਕ', 'ਸਭ', 'ਹੋਰ' ਦੇ ਅੰਤ ਵਿਚ ਸੰਸਕ੍ਰਿਤ ਦੇ ਪ੍ਰਤਯ 'ਸ੍ਯ' ਦਾ ਬਦਲਵਾਂ ਪੰਜਾਬੀ ਰੂਪ 'ਸੁ' ਵੀ ਗੁਰਬਾਣੀ ਅੰਦਰ ਵਰਤਿਆ ਮਿਲਦਾ ਹੈ, ਜੋ ਇਹਨਾਂ ਦੇ ਸੰਬੰਧਕੀ-ਰੂਪ ਵਿਚ ਹੀ ਹੁੰਦਾ ਹੈ; ਜਿਵੇਂ :

ਇਕਸੁ — ਕਿਸੇ ਇਕ ਨੂੰ, ਕਿਸੇ ਇਕ ਲਈ, ਕਿਸੇ ਇਕ ਦਾ ਆਦਿ।
ਸਭਸੁ — ਸਭ ਕਿਸੇ ਨੂੰ, ਸਭ ਕਿਸੇ ਲਈ, ਸਭ ਕਿਸੇ ਦਾ ਆਦਿ।
ਹੋਰਸੁ — ਕਿਸੇ ਹੋਰ ਨੂੰ, ਕਿਸੇ ਹੋਰ ਲਈ, ਕਿਸੇ ਹੋਰ ਦਾ ਆਦਿ।

(੭) 'ਕਉਣੁ' ਪ੍ਰਸ਼ਨਵਾਚੀ ਪੜਨਾਂਵ ਹੈ, ਪਰ ਕੁਝ ਹਾਲਤਾਂ ਵਿਚ (ਜਦੋਂ ਇਸ ਪੜਨਾਂਵ ਦੀ ਵਰਤੋਂ ਦੁਆਰਾ ਕੁਝ ਪੁੱਛ ਕਰਨ ਦੀ ਬਜਾਏ ਇਸ ਦੀ ਵਰਤੋਂ ਅਜਿਹੇ ਲਹਿਜੇ ਵਿਚ ਕੀਤੀ ਜਾਵੇ ਕਿ ਉਸ ਤੋਂ ਹੀ ਨਾਹ-ਵਾਚੀ ਉੱਤਰ ਸਪੱਸ਼ਟ ਹੋ ਜਾਵੇ) ਇਹ ਅਨਿਸਚਿਤ ਪੜਨਾਂਵ ਹੋ ਜਾਂਦਾ ਹੈ; ਜਿਵੇਂ :

ਪ੍ਰਸ਼ਨਵਾਚੀ ਪੜਨਾਂਵ

'ਕਉਣੁ' ਮੂਆ 'ਕਉਣੁ ਮਾਰਸੀ 'ਕਉਣੁ' ਆਵੈ 'ਕਉਣੁ' ਜਾਇ ॥ਸ.੧॥੧੫॥
(ਪੰਨਾ ੧੦੯੧)

ਅਨਿਸਚੇਵਾਚਕ ਪੜਨਾਂਵ

੧. **ਹਰਿਬੰਸ ਜਗਤਿ ਜਸੁ ਸੰਚਰ੍ਯੁ ਸੁ 'ਕਵਣੁ' ਕਹੈ ਸ੍ਰੀ ਗੁਰੁ ਮੁਖਉ ॥੧॥੧੪੩॥**
['ਕਉਣੁ ਕਹੈ' ਦਾ ਭਾਵ ਹੈ ਕੋਈ ਨਹੀਂ ਆਖ ਸਕਦਾ] *(ਪੰਨਾ ੧੪੦੯)*

੨. **'ਕਉਨੁ' ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ ॥੨॥੨੬॥**
['ਕਉਨੁ ਕਹੈ' ਦਾ ਭਾਵ ਹੈ ਕੋਈ ਨਹੀਂ ਆਖ ਸਕਦਾ] *(ਪੰਨਾ ੧੩੦੩)*

੩. **'ਕਉਣੁ' ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥੧॥੪॥** *(ਪੰਨਾ ੭੨੪)*
['ਕਉਣੁ ਜਾਣੈ' ਦਾ ਭਾਵ ਹੈ ਕੋਈ ਨਹੀਂ ਜਾਣ ਸਕਦਾ]

ਨੋਟ : ਅਜਿਹੇ ਕੁਝ ਹੋਰ ਅਨਿਸਚਿਤ ਪੜਨਾਂਵ ਵੀ ਹਨ, ਜਿਨ੍ਹਾਂ ਤੋਂ ਪ੍ਰਸ਼ਨਵਾਚਕ ਪੜਨਾਂਵ ਹੋਣ ਦਾ ਭੁਲੇਖਾ ਪੈਂਦਾ ਹੈ; ਜਿਵੇਂ :

- ਕਾ, ਕਿਆ, ਕਹਾ, ਕਹ—ਉਦਾਹਰਣਾਂ ਲਈ ਵੇਖੋ, ਕਰਤਾ ਕਾਰਕ—ਇਕ-ਵਚਨ, ਸਾਧਾਰਨ-ਰੂਪ ਅਤੇ 'ਕਿਨਿ' ਸੰਬੰਧਕੀ-ਰੂਪ।
- ਕਿ, ਕਿਆ, ਕਹਾ, ਕਿਆ ਕਿਛੁ, ਕਿਸੁ—ਉਦਾਹਰਣਾਂ ਲਈ ਵੇਖੋ, ਕਰਮ ਕਾਰਕ—ਇਕ-ਵਚਨ।
- ਕਾਹਿ—ਉਦਾਹਰਣ ਲਈ ਵੇਖੋ, ਅਪਾਦਾਨ ਕਾਰਕ—ਇਕ-ਵਚਨ।
- ਕਾ, ਕਿਸੁ—ਉਦਾਹਰਣ ਲਈ ਵੇਖੋ, ਸੰਬੰਧ ਕਾਰਕ—ਇਕ-ਵਚਨ।
- ਕੈ ਪਹਿ, ਕਿਸੁ ਪਹਿ, ਕਿਸੁ ਨਾਲਿ—ਉਦਾਹਰਣਾਂ ਲਈ ਵੇਖੋ, ਅਧਿਕਰਣ ਕਾਰਕ—ਇਕ-ਵਚਨ।

(੮) ਅਨਿਸਚੇਵਾਚਕ ਪੜਨਾਂਵਾਂ ਦੀ ਵਰਤੋਂ ਜਦੋਂ ਕਿਸੇ ਨਾਂਵ ਨਾਲ ਕੀਤੀ ਜਾਵੇ ਤਾਂ ਇਹ ਅਨਿਸਚਿਤ ਸੰਖਿਅਕ ਵਿਸ਼ੇਸ਼ਣ (ਜੇ ਗਿਣਤੀ ਦਰਸਾਉਂਦੇ ਹੋਣ) ਜਾਂ

ਅਨਿਸਚਿਤ ਪਰਿਮਾਣਵਾਚੀ ਵਿਸ਼ੇਸ਼ਣ (ਜੇ ਮਿਣਤੀ ਦਰਸਾਉਂਦੇ ਹੋਣ) ਹੋ ਜਾਂਦੇ ਹਨ। ਉਂਜ ਅਨਿਸਚਿਤ ਪੜਨਾਂਵਾਂ ਅਤੇ ਅਨਿਸਚਿਤ ਵਿਸ਼ੇਸ਼ਣਾਂ ਦਾ ਕਾਰਕ-ਰੂਪ ਇਕਸਾਰ ਹੀ ਰਹਿੰਦਾ ਹੈ। ਇਸ ਲਈ ਇਹਨਾਂ ਦੋਹਾਂ ਸ਼੍ਰੇਣੀਆਂ ਵਿਚਲੇ ਵੱਖ ਵੱਖ ਸ਼ਬਦਾਂ ਦੇ ਕਾਰਕ-ਰੂਪ ਸੰਬੰਧੀ ਗੁਰਬਾਣੀ ਦੀਆਂ ਉਦਾਹਰਣਾਂ ਜੇ ਇਕ ਪਾਸੇ ਨਹੀਂ ਤਾਂ ਦੂਜੇ ਪਾਸੇ ਵੇਖੀਆਂ ਜਾ ਸਕਦੀਆਂ ਹਨ।

੧੬.੩.੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਕੋ (ਪੁਲਿੰਗ)

੧. **'ਕੋ' ਮੂਆ, ਕਾ ਕੈ ਘਰਿ ਗਾਵਨੁ ॥**
'ਕੋ' ਰੋਵੈ, 'ਕੋ' ਹਸਿ ਹਸਿ ਪਾਵਨੁ ॥ਰਹਾਉ॥੭੫॥ *(ਪੰਨਾ ੩੮੯)*

੨. **'ਕੋ' ਉਪਦੇਸੈ, 'ਕੋ' ਦ੍ਰਿੜੈ, ਤਿਸ ਕਾ ਹੋਇ ਉਧਾਰੁ ॥ਪਉੜੀ ੧੭॥** *(ਪੰਨਾ ੩੦੦)*

ਕੋ ਵਿਰਲਾ (ਪੁਲਿੰਗ)

੧. **ਗੁਰਿ ਪੂਰੈ ਹਰਿ ਨਾਮ ਸਿਧਿ ਪਾਈ, 'ਕੋ ਵਿਰਲਾ' ਗੁਰਮਤਿ ਚਲੈ ਜੀਉ ॥੧॥੧॥** *(ਪੰਨਾ ੯੪)*

ਕੋਈ (ਪੁਲਿੰਗ)

੧. **'ਕੋਈ' ਬੋਲੈ ਰਾਮ ਰਾਮ, 'ਕੋਈ' ਖੁਦਾਇ ॥**
'ਕੋਈ' ਸੇਵੈ ਗੁਸਈਆ, 'ਕੋਈ' ਅਲਾਹਿ ॥੧॥੯॥ *(ਪੰਨਾ ੮੮੫)*

ਕਾਈ (ਇਸਤਰੀ-ਲਿੰਗ)

੧. **ਸਗਲੀ ਫੂਲੀ ਨਿਫਲ ਨ 'ਕਾਈ' ॥੩॥੫੬॥** *(ਪੰਨਾ ੩੮੫)*

ਕੋਇ (ਪੁਲਿੰਗ)

੧. **'ਕੋਇ' ਨ ਆਖੈ ਘਟਿ, ਹਉਮੈ ਜਾਈਐ ॥ਪਉੜੀ ੧੭॥** *(ਪੰਨਾ ੧੪੬)*

ਕਾ (ਇਸਤਰੀ-ਲਿੰਗ)

੧. **ਇਕੁ ਅਧੁ ਨਾਇ ਰਸੀਅੜਾ 'ਕਾ' ਵਿਰਲੀ ਜਾਇ ਫੁਠੀ ॥੩॥੧੬੯॥**
(ਪੰਨਾ ੨੧੮)

੨. **ਤਿੰਨਾ ਭੁਖ ਨ 'ਕਾ' ਰਹੀ, ਜਿਸ ਦਾ ਪ੍ਰਭੁ ਹੈ ਸੋਇ ॥ਸ.੧॥੨੧॥** *(ਪੰਨਾ ੩੨੩)*
[ਕਾ ਵਿਰਲੀ ਜਾਇ—ਕੋਈ ਵਿਰਲੀ ਥਾਂ]

ਕੋਊ (ਸਾਂਝਾ)

੧. **'ਕੋਊ' ਨਰਕ 'ਕੋਊ' ਸੁਰਗ ਬੰਛਾਵਤ ॥੭॥੨੧॥** *(ਪੰਨਾ ੨੯੨)*

੨. **ਨਾ 'ਕੋਊ' ਲੈ ਆਇਓ ਇਹੁ ਧਨੁ, ਨਾ 'ਕੋਊ' ਲੈ ਜਾਤੁ ॥੨॥੧॥** *(ਪੰਨਾ ੧੨੫੧)*

ਕਉਨੁ

੧. **'ਕਉਨੁ' ਕਹੈ ਤੁਮ ਤੇ ਕਛੁ ਨਾਹੀ, ਤੁਮ ਸਮਰਥ ਅਥਾਹਿਓ ॥੨॥੨੬॥**
(ਪੰਨਾ ੧੩੦੩)

ਕਉਣੁ

੧. **'ਕਉਣੁ' ਜਾਣੈ ਚਲਤ ਤੇਰੇ, ਅੰਧਿਆਰੇ ਮਹਿ ਦੀਪ ॥੧॥੪॥** *(ਪੰਨਾ ੭੨੪)*

ਕਿਛੁ (ਸਾਂਝਾ)

੧. **'ਕਿਛੁ' ਸੰਗਿ ਨ ਚਾਲੈ ਲਾਖ ਕਰੋਰੈ ॥੧॥੩੪॥** *(ਪੰਨਾ ੧੩੦੪)*

ਕਛੁ (ਸਾਂਝਾ)

੧. **'ਕਛੁ' ਸੰਗਿ ਨ ਚਾਲੈ ਸਮਝ ਲੇਹ ॥੨॥੪॥** *(ਪੰਨਾ ੧੧੮੭)*

ਕਿਹੁ (ਸਾਂਝਾ)

੧. **ਓਸ ਨੋ 'ਕਿਹੁ' ਪੋਹਿ ਨ ਸਕੀ, ਜਿਸ ਨਉ ਆਪਣੀ ਲਿਵ ਲਾਵਏ ॥੨੮॥**
(ਪੰਨਾ ੯੨੦)

ਕਾ (ਸਾਂਝਾ)

੧. **ਕਵਲਾ ਚਰਨ ਸਰਨ ਹੈ ਜਾ ਕੇ ॥**
ਕਹੁ ਜਨ 'ਕਾ' ਨਾਹੀ ਘਰ ਤਾ ਕੇ ॥੩॥੩੮॥ *(ਪੰਨਾ ੩੩੦)*

ਕਿਆ (ਸਾਂਝਾ)

੧. **ਸਾਚੇ ਸਾਹਿਬਾ, 'ਕਿਆ' ਨਾਹੀ ਘਰਿ ਤੇਰੈ ॥੨॥** *(ਪੰਨਾ ੯੧੭)*

ਕਹਾ (ਸਾਂਝਾ)

੧. **'ਕਹਾ' ਬਿਸਾਸਾ ਦੇਹ ਕਾ, ਬਿਲਮ ਨ ਕਰਿਹੋ ਮੀਤ ॥ਪਉੜੀ ੧੯॥** *(ਪੰਨਾ ੨੫੪)*

ਕੇਤਾ (ਪੁਲਿੰਗ)

੧. **'ਕੇਤਾ' ਤਾਣੁ ਸੁਆਲਿਹੁ ਰੂਪੁ ॥੧੬॥** *(ਪੰਨਾ ੩)*
[ਅਨਿਸਚਿਤ ਵਿਸ਼ੇਸ਼ਣ]

ਕੇਤੀ (ਇਸਤਰੀ-ਲਿੰਗ)

੧. **'ਕੇਤੀ' ਕੇਤੀ ਮਾਂਗਨਿ ਮਾਰੀ ਭਾਵਨੀਆ ਸੋ ਪਾਈਐ ॥੧॥੨॥** *(ਪੰਨਾ ੧੩੨੧)*

ਜੇਤੀ/ਤੇਤੀ (ਇਸਤਰੀ-ਲਿੰਗ)

੧. **'ਜੇਤੀ' ਹੈ 'ਤੇਤੀ' ਕਿਹੁ ਨਾਹੀ ॥੭॥੧੩॥** *(ਪੰਨਾ ੨੨੬)*

ਸਭੁ (ਪੁਲਿੰਗ)

੧. **'ਸਭੁ' ਅੰਤਰਜਾਮੀ ਬ੍ਰਹਮੁ ਹੈ, ਬ੍ਰਹਮੁ ਵਸੈ ਸਭ ਥਾਇ ॥੬॥੯॥** *(ਪੰਨਾ ੭੫੭)*

੨. **'ਸਭੁ' ਆਪੇ ਆਪਿ ਵਰਤਦਾ, ਆਪੇ ਭਰਮਾਇਆ ॥੯॥੧੮॥** *(ਪੰਨਾ ੨੨੯)*

੩. **'ਸਭੁ' ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ, ਮਨਿ ਬੀਜਿਆ ਖਾਵਾਰੇ ॥੬॥੪॥**
(ਪੰਨਾ ੯੮੨)

ਸਭ (ਇਸਤਰੀ-ਲਿੰਗ)

੧. **ਹੋਏ ਪ੍ਰਭੂ ਸਹਾਈ ॥**
'ਸਭ' ਉਠਿ ਲਾਗੀ ਪਾਈ ॥੪॥੫੪॥ *(ਪੰਨਾ ੬੨੨)*

੨. **'ਸਭ' ਦਿਸੈ ਹਰੀਆਵਲੀ, ਸਰ ਭਰੇ ਸੁਭਰ ਤਾਲ ॥ਸ.੧॥੧॥** *(ਪੰਨਾ ੧੨੭੮)*

ਸਭਾ (ਇਸਤਰੀ-ਲਿੰਗ)

੧. ਤ੍ਰੈ ਗੁਣ 'ਸਭਾ' ਧਾਤੁ ਹੈ, ਦੂਜਾ ਭਾਉ ਵਿਕਾਰੁ ॥੨॥੫੧॥ *(ਪੰਨਾ ੩੩)*

ਸਭੁ ਕੋ (ਪੁਲਿੰਗ)

੧. 'ਸਭੁ ਕੋ' ਨਿਵੈ ਆਪ ਕਉ, ਪਰ ਕਉ ਨਿਵੈ ਨ ਕੋਇ ॥ਸ.੧॥੧੪॥ *(ਪੰਨਾ ੪੭੦)*

੨. 'ਸਭੁ ਕੋ' ਭਗਤਿ ਕਰੇ ਹਰਿ ਕੇਰੀ, ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥੧॥ *(ਪੰਨਾ ੧੧੧੮)*

ਸਭੁ ਕੋਈ (ਪੁਲਿੰਗ)

੧. 'ਸਭੁ ਕੋਈ' ਹੈ ਖਸਮ ਕਾ, ਖਸਮਹੁ ਸਭੁ ਕੋ ਹੋਇ ॥ਸ.੧॥੧੮॥ *(ਪੰਨਾ ੧੨੪੪)*

ਸਭੁ ਕੋਇ (ਪੁਲਿੰਗ)

੧. 'ਸਭੁ ਕੋਇ' ਮੀਠਾ ਮੰਗਿ ਦੇਖੈ, ਖਸਮ ਭਾਵੈ ਸੋ ਕਰੇ ॥੪॥੧॥ *(ਪੰਨਾ ੫੬੬)*

ਸਭੁ ਕਿਛੁ (ਪੁਲਿੰਗ)

੧. 'ਸਭੁ ਕਿਛੁ' ਪੂਰਾ ਹਿਰਦੈ ਨਾਮੁ ॥੧॥੧੧੪॥ *(ਪੰਨਾ ੧੮੮)*

ਅਵਰੁ (ਪੁਲਿੰਗ)

੧. 'ਅਵਰੁ' ਨ ਕੋਊ ਮਾਰਨਵਾਰਾ ॥
ਜੀਅਉ ਹਮਾਰਾ ਜੀਉ ਦੇਨਹਾਰਾ ॥ਰਹਾਉ॥੮੩॥ *(ਪੰਨਾ ੩੯੧)*

ਅਉਰੁ ਕੋ (ਪੁਲਿੰਗ)

੧. ਦੂਜਾ ਨਾਹੀ, 'ਅਉਰੁ ਕੋ' ਤਾ ਕਾ ਭਉ ਕਰੀਐ ॥੨॥੧੧੬॥ *(ਪੰਨਾ ੩੯੯)*

ਅਵਰੁ ਕਛੁ (ਪੁਲਿੰਗ)

੧. 'ਅਵਰੁ ਕਛੁ' ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥ਰਹਾਉ॥੬॥ *(ਪੰਨਾ ੭੧੩)*

ਹੋਰ ਕੇਤੀ (ਇਸਤਰੀ-ਲਿੰਗ)

੧. ਨਾਨਕ ਤੇ ਮੁਖ ਉਜਲੇ 'ਹੋਰ ਕੇਤੀ' ਛੁਟੀ ਨਾਲਿ ॥ਸ.੨॥੧੮॥ *(ਪੰਨਾ ੧੪੬)*

੨. ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ,
'ਹੋਰ ਕੇਤੀ' ਝਖਿ ਝਖਿ ਆਵੈ ਜਾਵੈ ॥ਪਉੜੀ ੧੭॥ *(ਪੰਨਾ ੫੫੫)*

ਸਾਰੀ (ਇਸਤਰੀ-ਲਿੰਗ)

੧. ਕਬੀਰ 'ਸਾਰੀ' ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥੧੭੬॥ *(ਪੰਨਾ ੧੩੭੩)*

ਸਗਲੀ (ਇਸਤਰੀ-ਲਿੰਗ)

੧. ਲਸਕਰ ਤਰਕਸਬੰਦ ਬੰਦ, ਜੀਉ ਜੀਉ 'ਸਗਲੀ' ਕੀਤ ॥੭॥੨੬॥ *(ਪੰਨਾ ੭੦)*

ਘਣੀ (ਇਸਤਰੀ-ਲਿੰਗ)

੧. ਜਿਨ ਹਰਿ ਜਪਿਆ ਤਿਨ ਪੀਛੈ ਛੂਟੀ 'ਘਣੀ' ॥੧॥੪੩॥ *(ਪੰਨਾ ੧੬੫)*

ਬਹੁਤਾ (ਪੁਲਿੰਗ)

੧. ਬਹੁਤਾ ਕਹੀਐ 'ਬਹੁਤਾ' ਹੋਇ ॥੨੪॥ *(ਪੰਨਾ ੫)*

ਬਹੁ (ਪੁਲਿੰਗ)

੧. 'ਬਹੁ' ਬੇਅੰਤ ਊਚ ਤੇ ਊਚਾ ॥੬॥੨੧॥ *(ਪੰਨਾ ੨੬੧)*
[ਵਿਸ਼ੇਸ਼ਣ]

ਬਹੁਤੇਰੀ (ਇਸਤਰੀ-ਲਿੰਗ)

੧. ਭਾਣੇ ਨੋ ਲੋਚੈ 'ਬਹੁਤੇਰੀ', ਆਪਣਾ ਭਾਣਾ ਆਪਿ ਮਨਾਇਦਾ ॥੨॥੨੦॥ *(ਪੰਨਾ ੧੦੬੩)*

(ਅ) ਸੰਬੰਧਕੀ-ਰੂਪ

ਕਿਨਿ (ਸਾਂਝਾ)

੧. ਬੇਣੀ ਕਹੈ ਸੁਨਹੁ ਰੇ ਭਗਤਹੁ, ਮਰਨ ਮੁਕਤਿ 'ਕਿਨਿ' ਪਾਈ ॥੫॥ *(ਪੰਨਾ ੯੩)*
[ਕਿਨਿ ਪਾਈ—ਕਿਸ ਨੇ ਪਾਈ ? ਭਾਵ, ਕਿਸੇ ਨੇ ਨਹੀਂ ਪਾਈ]

ਕਿਨੈ (ਸਾਂਝਾ)

੧. ਰਾਜਾ ਰਾਮ ਕਕਰੀਆ ਬਰੇ ਪਕਾਏ ॥
'ਕਿਨੈ' ਬੂਝਨਹਾਰੈ ਖਾਏ ॥ਰਹਾਉ॥੬॥ *(ਪੰਨਾ ੪੭੭)*

੨. ਇਕਨਿ 'ਕਿਨੈ' ਚਾਲੀਐ ਦਰਵੇਸਾਵੀ ਰੀਤਿ ॥੧੧੮॥ *(ਪੰਨਾ ੧੩੮੪)*
[ਇਕਨਿ ਕਿਨੈ—ਕਿਸੇ ਵਿਰਲੇ ਨੇ]

ਕਿਨ ਹੀ (ਸਾਂਝਾ)

੧. 'ਕਿਨ ਹੀ' ਕੀਆ ਪਰਵਿਰਤਿ ਪਸਾਰਾ ॥
'ਕਿਨ ਹੀ' ਕੀਆ ਪੂਜਾ ਬਿਸਥਾਰਾ ॥੧॥੧॥ *(ਪੰਨਾ ੯੧੨)*

ਕਿਨਹਿ (ਸਾਂਝਾ)

੧. ਢਾਹਨ ਲਾਗੇ ਧਰਮ ਰਾਇ, 'ਕਿਨਹਿ' ਨ ਘਾਲਿਓ ਬੰਧ ॥ਸਲੋਕੁ ੩੦॥ *(ਪੰਨਾ ੨੫੬)*

ਕਿਨਹੂ (ਸਾਂਝਾ)

੧. 'ਕਿਨਹੀ' ਘੂਘਰ ਨਿਰਤਿ ਕਰਾਈ ॥
'ਕਿਨਹੂ' ਵਰਤ ਨੇਮ ਮਾਲਾ ਪਾਈ ॥੫॥੧॥ *(ਪੰਨਾ ੯੧੩)*

੨. 'ਕਿਨਹੂ' ਲਾਖ ਪਾਂਚ ਕੀ ਜੋਰੀ ॥੩॥੬੦॥ *(ਪੰਨਾ ੩੩੭)*

ਏਕੈ

੧. 'ਏਕੈ' ਸ੍ਰਮੁ ਕਰਿ ਗਾਡੀ ਗਡਹੈ ॥
ਏਕਹਿ ਸੁਪਨੈ ਦਾਮੁ ਨ ਛਡਹੈ ॥੨॥੧੮॥ *(ਪੰਨਾ ੧੦੦੪)*
[ਏਕੈ—ਕਿਸੇ ਨੇ]

ਏਕ/ਏਕਹਿ

੧. 'ਏਕਹਿ' ਪ੍ਰਾਣ ਪਿੰਡ ਤੇ ਪਿਆਰੀ ॥
'ਏਕ' ਸੰਚੀ ਤਜਿ ਬਾਪ ਮਹਤਾਰੀ ॥੩॥੧੮॥ *(ਪੰਨਾ ੧੦੦੪)*
[ਏਕ, ਏਕਹਿ—ਕਿਸੇ ਨੇ]

ਇਕਨੈ

੧. **'ਇਕਨੈ' ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥੬॥੧੪॥** *(ਪੰਨਾ ੬੨)*

ਕਾਹੂ

੧. **ਕਰਿ ਕਿਰਪਾ ਜਿਸੁ ਦੇਇ ਸੁਆਮੀ, ਬਿਰਲੇ 'ਕਾਹੂ' ਜਾਨਾ ॥੩॥੨੧॥** *(ਪੰਨਾ ੬੭੬)*

੨. **ਕੋਰੀ ਕੋ 'ਕਾਹੂ' ਮਰਮੁ ਨ ਜਾਨਾਂ ॥**
ਸਭੁ ਜਗੁ ਆਨਿ ਤਨਾਇਓ ਤਾਨਾਂ ॥ਰਹਾਉ॥੩੬॥ *(ਪੰਨਾ ੪੮੪)*
[ਕਾਹੂ—ਕਿਸੇ ਨੇ]

੧੬.੩.੪.੨ ਕਰਤਾ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਕੇਈ

੧. **'ਕੇਈ' ਲਾਹਾ ਲੈ ਚਲੇ, 'ਇਕਿ' ਚਲੇ ਮੂਲੁ ਗਵਾਇ ॥ਸ.੧॥੩॥** *(ਪੰਨਾ ੧੨੩੮)*

ਕੇਇ

੧. **ਗੁਰਮੁਖਾ ਮਨਿ ਪਰਗਾਸੁ ਹੈ, ਸੇ ਵਿਰਲੇ 'ਕੇਈ' 'ਕੇਇ' ॥੪॥** *(ਪੰਨਾ ੮੨)*

ਕੇ

੧. **ਕਰਮੀ ਆਪੋ ਆਪਣੀ, 'ਕੇ' ਨੇੜੈ 'ਕੇ' ਦੂਰਿ ॥ਸਲੋਕੁ ੧॥** *(ਪੰਨਾ ੮)*

੨. **ਸਾਗਰੰ ਸੰਸਾਰਸ੍ਯ , ਗੁਰਪਰਸਾਦੀ ਤਰਹਿ 'ਕੇ' ॥੨॥** *(ਪੰਨਾ ੧੩੫੩)*

ਇਕਿ

੧. **'ਇਕਿ' ਮਾਸਹਾਰੀ, 'ਇਕਿ' ਤ੍ਰਿਣੁ ਖਾਹਿ ॥ਸ.੨॥੧੪॥** *(ਪੰਨਾ ੧੪੪)*
[ਇਕਿ—ਕਈ]

ਹਿਕਿ

੧. **ਹਿਕਨੀ ਲਦਿਆ, 'ਹਿਕਿ' ਲਦਿ ਗਏ, 'ਹਿਕਿ' ਭਾਰੇ ਭਰਨਾਲਿ ॥੭॥੧੦॥**
[ਹਿਕਿ—ਕਈ] *(ਪੰਨਾ ੧੦੧੫)*

ਹਭਿ

੧. **ਹਰਿ ਪ੍ਰੀਤਿ ਕਰੀਜੈ, ਮਾਨੁ ਨ ਕੀਜੈ, ਇਕ ਰਾਤੀ ਕੇ 'ਹਭਿ' ਪਾਹੁਣਿਆ ॥੩॥੪॥**
(ਪੰਨਾ ੪੫੫)

ਸਭਿ

੧. **'ਸਭਿ' ਤੁਧੈ ਨੋ ਆਰਾਧਦੇ, ਦਾਨੁ ਦੇਹਿ ਪਿਆਰੇ ॥ਸ.੨॥੧੪॥** *(ਪੰਨਾ ੧੩੧੮)*

ਸਭੇ

੧. **'ਸਭੇ' ਕੰਤ ਮਹੇਲੀਆ, ਸਗਲੀਆ ਕਰਹਿ ਸੀਗਾਰੁ ॥੧॥੨॥** *(ਪੰਨਾ ੫੩)*

ਹਭੇ

੧. **'ਹਭੇ' ਜਾਣਨਿ ਆਪਣਾ, ਕਹੀ ਨ ਠਾਹੇ ਚਿਤੁ ॥ਸ.੨॥੭॥** *(ਪੰਨਾ ੧੦੯੬)*

ਸਭਹਿ

੧. **ਹਮ ਸੁਖੁ ਪਾਇਆ ਤਾਂ 'ਸਭਹਿ' ਸੁਹੇਲੇ ॥**
ਗੁਰਿ ਪੂਰੈ ਪਿਤਾ ਸੰਗਿ ਮੇਲੇ ॥ਰਹਾਉ॥੨੨॥ *(ਪੰਨਾ ੧੧੪੧)*

ਕੇਤੇ

੧. **'ਕੇਤੇ' ਆਖਹਿ ਆਖਣਿ ਪਾਹਿ ॥**
'ਕੇਤੇ' ਕਹਿ ਕਹਿ ਉਠਿ ਉਠਿ ਜਾਹਿ ॥੨੬॥ *(ਪੰਨਾ ੬)*

ਕੇਤਕ

੧. **'ਕੇਤਕ' ਸਿਧ ਭਏ ਲਿਵ ਲਾਗੇ ॥ਰਹਾਉ॥੩੭॥** *(ਪੰਨਾ ੩੩੦)*

ਕਿਤੀ

੧. **'ਕਿਤੀ' ਬੈਹਨ੍ਹਿ ਬੈਹਣੇ, ਮੁਚੁ ਵਜਾਇਨਿ ਵਜ ॥ਸ.੨॥੨॥** *(ਪੰਨਾ ੫੧੮)*
[ਕਿਤੀ—(ਕਿਤੇ ਈ) ਕਿੰਨੇ ਹੀ]

ਹੋਰਿ

੧. **'ਹੋਰਿ' ਮਰਿ ਜੰਮਹਿ, ਆਵਹਿ ਜਾਵਹਿ,**
ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥੧॥੪॥ *(ਪੰਨਾ ੫੮੪)*

ਅਵਰੇ

੧. **ਦਰਿ ਕੂਚ ਕੂਚਾ ਕਰਿ ਗਏ, 'ਅਵਰੇ' ਭਿ ਚਲਣਹਾਰ ॥੩॥੧੭॥** *(ਪੰਨਾ ੬੪)*

ਅਵਰਿ

੧. **'ਅਵਰਿ' ਪੰਚ ਹਮ ਏਕ ਜਨਾ, ਕਿਉ ਰਾਖਉ ਘਰ ਬਾਰੁ ਮਨਾ ॥੧॥੧੪॥**
(ਪੰਨਾ ੧੫੫)

ਅਵਰਿ ਸਭਿ

੧. **'ਅਵਰਿ ਸਭਿ' ਭੂਲੇ, ਭ੍ਰਮਤ ਨ ਜਾਨਿਆ ॥ਰਹਾਉ॥੧੧॥** *(ਪੰਨਾ ੧੨੦੫)*

ਅਨੇਕ

੧. **ਤੇਰੇ 'ਅਨੇਕ' ਤੇਰੇ 'ਅਨੇਕ' ਪੜਹਿ ਬਹੁ ਸਿਮ੍ਰਿਤਿ ਸਾਸਤ ਜੀ,**
ਕਰਿ ਕਿਰਿਆ ਖਟੁ ਕਰਮ ਕਰੰਤਾ ॥੪॥੧॥ *(ਪੰਨਾ ੧੧)*

ਸਗਲ

੧. **'ਸਗਲ' ਅਰਾਧਹਿ ਪ੍ਰਭ ਗੁਣਤਾਸ ॥੪॥੩੭॥** *(ਪੰਨਾ ੮੯੪)*

ਸਗਲੇ

੧. **'ਸਗਲੇ' ਜਾਚਹਿ ਗੁਰ ਭੰਡਾਰੀ ॥੧੬॥੪॥** *(ਪੰਨਾ ੧੦੨੪)*

ਸਗਲੀਆ

੧. **ਸਭੇ ਕੰਤ ਮਹੇਲੀਆ, 'ਸਗਲੀਆ' ਕਰਹਿ ਸੀਗਾਰੁ ॥੧॥੨॥** *(ਪੰਨਾ ੫੩)*
[ਸਗਲੀਆ—ਉਚਾਰਣ ਨਾਸਕੀ]

ਘਣੇ/ਵਿਰਲੇ

੧. **ਹੈਨਿ 'ਵਿਰਲੇ', ਨਾਹੀ 'ਘਣੇ', ਫੈਲ ਫਕੜੁ ਸੰਸਾਰੁ ॥੧੨॥** *(ਪੰਨਾ ੧੪੧੧)*

(ਅ) ਸੰਬੰਧਕੀ-ਰੂਪ

ਇਕਨਾ

੧. **ਇਕਿ ਭੂਮਿ ਭੂਲੇ ਫਿਰਹਿ ਅਹੰਕਾਰੀ ॥**
'ਇਕਨਾ' ਗੁਰਮੁਖਿ ਹਉਮੈ ਮਾਰੀ ॥੮॥੧॥ *(ਪੰਨਾ ੧੦੧੬)*
[ਇਕਨਾ—ਕਈਆਂ ਨੇ]

ਇਕਨੀ

੧. **'ਇਕਨੀ' ਬਧੇ ਭਾਰ, 'ਇਕਨਾ' ਤਾਖਤੀ ॥ਪਉੜੀ ੧੦॥** *(ਪੰਨਾ ੧੪੨)*
[ਇਕਨੀ—ਕਈਆਂ ਨੇ]

ਹਿਕਨੀ

੧. **'ਹਿਕਨੀ' ਲਦਿਆ, ਹਿਕਿ ਲਦਿ ਗਏ, ਹਿਕਿ ਭਾਰੇ ਭਰਨਾਲਿ ॥੭॥੧੦॥**
[ਹਿਕਨੀ—ਕਈਆਂ ਨੇ] *(ਪੰਨਾ ੧੦੧੫)*

ਸਭਨਾ

੧. **'ਸਭਨਾ' ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥੪॥੬੩॥** *(ਪੰਨਾ ੫੦)*

ਸਭਨੀ

੧. **'ਸਭਨੀ' ਛਾਲਾ ਮਾਰੀਆ, ਕਰਤਾ ਕਰੇ ਸੁ ਹੋਇ ॥ਸ.੩॥੧੧॥** *(ਪੰਨਾ ੪੬੯)*

੧੬.੩.੫.੧ ਕਰਮ ਕਾਰਕ—ਇਕ-ਵਚਨ

ਇਕੁ

੧. **ਨਾਨਕ 'ਇਕੁ' ਆਰਾਧੇ, ਸੰਤਨ ਰੇਣਾਰੁ ॥ਸ.੧॥ਪ.੧੦॥** *(ਪੰਨਾ ੮੬੨)*

ਹਿਕੋ

੧. **'ਹਿਕੋ' ਚਿਤਿ ਵਸਾਇ, ਕਦੇ ਨ ਜਾਇ ਮਰਿ ॥੩॥੧੦੭॥** *(ਪੰਨਾ ੩੮੭)*

ਏਕੀ ਬਾਹਰਾ

੧. **ਨਾਨਕ 'ਏਕੀ ਬਾਹਰਾ' ਦੂਜਾ ਦਾਤਾ ਨਾਹਿ ॥ਸ.੨॥੪॥** *(ਪੰਨਾ ੧੨੩੬)*

ਏਕਸੈ

੧. **ਸਭੁ ਲੋਕੁ ਸਲਾਹੇ 'ਏਕਸੈ' ॥੪॥੨॥** *(ਪੰਨਾ ੧੧੬੮)*

ਕੋਈ

੧. **'ਕੋਈ' ਵਿਰਲਾ ਆਪਨ ਕੀਤ ॥**
ਸੰਗਿ ਚਰਨ ਕਮਲ ਮਨੁ ਸੀਤ ॥੧॥੧੬॥ *(ਪੰਨਾ ੮੮੦)*

ਅਵਰੁ

੧. **ਕਾਰਨ ਕਰਨ ਤੂੰ ਹਾਂ ॥**
'ਅਵਰੁ' ਨਾ ਸੁਝੈ ਮੂੰ ਹਾਂ ॥ਰਹਾਉ॥੧੬੨॥ *(ਪੰਨਾ ੪੧੦)*

ਅਵਰਾ

੧. **ਬੋਲੈ ਝੂਠੁ, ਕਮਾਵੈ 'ਅਵਰਾ', ਤ੍ਰਿਸਨ ਨ ਬੂਝੈ ਬਹੁਤੁ ਹਇਆ ॥੩॥੫੫॥**
[ਅਵਰਾ—ਉਚਾਰਣ ਨਾਸਿਕਤਾ ਬਿਨਾ, (ਨਾਮ ਤੋਂ ਬਗ਼ੈਰ) ਹੋਰ ਹੀ ਕੁਝ] *(ਪੰਨਾ ੯੦੦)*

ਅਵਰਹਿ

੧. **ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ 'ਅਵਰਹਿ' ਚੀਤਿ ਨ ਪਾਵਉ ਰੇ ॥੨॥੧੩੧॥**
[ਅਵਰਹਿ—ਕਿਸੇ ਹੋਰ ਨੂੰ] *(ਪੰਨਾ ੪੦੪)*

ਕਿਹੁ

੧. **ਤਿਸ ਨੋ 'ਕਿਹੁ' ਕਹੀਐ ਜੇ ਦੂਜਾ ਹੋਵੈ, ਸਭਿ ਤੁਧੈ ਮਾਹਿ ਸਮਾਏ ॥੩॥੧੫॥**
[ਕਿਹੁ—ਕਿਛੁ] *(ਪੰਨਾ ੧੧੩੧)*

ਕਛੂਅ

੧. **ਨਾਥ 'ਕਛੂਅ' ਨ ਜਾਨਉ ॥ਰਹਾਉ॥੧॥** *(ਪੰਨਾ ੭੧੦)*

ਕਿਛੁ

੧. **ਰਾਜਨ, ਭਾਗਨ, ਹੁਕਮਨ, ਸਾਦਨ ॥**
'ਕਿਛੁ ਕਿਛੁ' ਨ ਚਾਹੀ ॥੨॥੧੪੩॥ *(ਪੰਨਾ ੪੦੬)*

੨. **ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ 'ਕਿਛੁ' ਦੀਜੈ ॥੪॥੪॥**
(ਪੰਨਾ ੫੯੬)

ਕਿਸੁ

੧. **'ਕਿਸੁ' ਨ ਬੁਝੈ 'ਕਿਸੁ' ਨ ਸੁਝੈ ਦੁਨੀਆ ਗੁਝੀ ਭਾਹਿ ॥੩॥** *(ਪੰਨਾ ੧੩੭੮)*
[ਕਿਸੁ—'ਕਿਛੁ' ਦਾ ਰੂਪਾਂਤਰ]

ਸਭੈ

੧. **ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥**
'ਸਭੈ' ਉਧਾਰਣੁ ਖਸਮੁ ਹਮਾਰਾ ॥੧੬॥੧॥ *(ਪੰਨਾ ੧੦੭੨)*
[ਸਭੈ—ਸਭ ਕਿਸੇ ਨੂੰ]

ਸਭੁ ਕਿਛੁ

੧. **'ਸਭੁ ਕਿਛੁ' ਮੈ 'ਸਭੁ ਕਿਛੁ' ਪਾਇਆ ਨਾਮੁ ਧਿਆਈ ਰਾਮ ॥੩॥੧॥** *(ਪੰਨਾ ੪੫੨)*

ਸਭੁ ਕਿਹੁ

੧. **'ਸਭੁ ਕਿਹੁ' ਤੇਰੈ ਵਸਿ ਹੈ ਤੂ ਸਚਾ ਸਾਹੁ ॥ਪਉੜੀ ੨੦॥** *(ਪੰਨਾ ੫੫੬)*
[ਕਿਹੁ—'ਕਿਛੁ' ਦਾ ਰੂਪਾਂਤਰ]

ਹਭੁ ਕਿਸੁ

੧. **ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ,**
ਛੋੜਿਆ 'ਹਭੁ ਕਿਸੁ' ਤਿਆਗੀ ॥ਸ.੧॥੧੪॥ *(ਪੰਨਾ ੯੬੩)*

ਸਭਸੈ

੧. **ਨਾਨਕ ਸਤਿਗੁਰੁ ਐਸਾ ਜਾਣੀਐ, ਜੋ 'ਸਭਸੈ' ਲਏ ਮਿਲਾਇ ਜੀਉ ॥੧੦॥੧॥**
(ਪੰਨਾ ੭੨)

੨. **ਏਵਡੁ ਵਧਾ, ਮਾਵਾ ਨਾਹੀ, 'ਸਭਸੈ' ਨਥਿ ਚਲਾਈ ॥ਸ ੧॥੧੬॥** *(ਪੰਨਾ ੧੪੬)*
[ਸਭਸੈ—ਸਭ ਕਿਸੇ ਨੂੰ]

ਸਭਸੈ ਨੋ

੧. **'ਸਭਸੈ ਨੋ' ਕਿਰਪਾਲੁ ਸਮ੍ਹਾਲੇ ਸਾਹਿ ਸਾਹਿ ॥ਪਉੜੀ ੬॥** *(ਪੰਨਾ ੯੬੨)*

ਸਭ (ਇਸਤਰੀ-ਲਿੰਗ)

੧. **'ਸਭ' ਛਡਾਈ ਖਸਮਿ ਆਪਿ, ਹਰਿ ਜਪਿ ਭਈ ਠਰੂਰੇ ॥੬॥੩੬॥** *(ਪੰਨਾ ੧੩੩)*

੨. **'ਸਭ' ਤੈ ਉਪਾਈ, ਭਰਮ ਭੁਲਾਈ ॥**
ਜਿਸੁ ਤੂੰ ਦੇਵਹਿ ਤਿਸਹਿ ਬੁਝਾਈ ॥੨॥੧॥ *(ਪੰਨਾ ੫੨੫)*

ਹਭ (ਇਸਤਰੀ-ਲਿੰਗ)

੧. **ਡਿਠੀ 'ਹਭ' ਢੰਢੋਲਿ ਹਿਕਸੁ ਬਾਝੁ ਨ ਕੋਇ ॥ਸ.੧॥੧੮॥** *(ਪੰਨਾ ੧੧੦੦)*

ਕਿਆ

੧. **ਅਪੁਨੀ ਗਤਿ ਮਿਤਿ ਆਪੇ ਜਾਨੈ ॥**
'ਕਿਆ' ਕੋ ਕਹੈ 'ਕਿਆ' ਆਖਿ ਵਖਾਨੈ ॥੪॥੭੮॥ *(ਪੰਨਾ ੧੭੮)*

ਕਿਆ ਕਿਛੁ

੧. **'ਕਿਆ ਕਿਛੁ' ਕਰੈ, ਕਿ ਕਰਣੈਹਾਰਾ, 'ਕਿਆ' ਇਸੁ ਹਾਥਿ ਬਿਚਾਰੇ ॥੧॥੧੬੫॥**
(ਪੰਨਾ ੨੧੬)

ਕਹਾ

੧. **'ਕਹਾ' ਕਰੈ ਕੋਈ ਬੇਚਾਰਾ, ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥੬੮॥** *(ਪੰਨਾ ੮੨੩)*
[ਕਹਾ ਕਰੈ—ਕੀ ਕਰ ਸਕਦਾ ਹੈ, ਭਾਵ ਕੋਈ ਕੁਝ ਨਹੀਂ ਕਰ ਸਕਦਾ, 'ਕਹਾ' ਦੇ ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ]

ਹੋਰੁ

੧. **'ਹੋਰੁ' ਆਖਿ ਨ ਸਕੈ ਕੋਇ ॥੨੫॥** *(ਪੰਨਾ ੫)*
[ਹੋਰੁ—ਕੁਝ ਹੋਰ]

ਹੋਰਸੁ

੧. **ਗੁਰਸਿਖੀ ਦਾ ਰੂਪ ਦੇਖਿ, ਇਕਸ ਬਾਝੁ ਨ 'ਹੋਰਸੁ' ਦੇਖੈ ॥ਪਉੜੀ ੮॥ਵਾਰ ੨੮॥**
(ਭਾਈ ਗੁਰਦਾਸ ਜੀ)
[ਹੋਰਸੁ—ਕਿਸੇ ਹੋਰ ਨੂੰ]

ਕਿ

੧. **ਤੀਰਥਿ ਨਾਵਾ, ਜੇ ਤਿਸੁ ਭਾਵਾ, ਵਿਣੁ ਭਾਣੇ 'ਕਿ' ਨਾਇ ਕਰੀ ॥੬॥** *(ਪੰਨਾ ੨)*
[ਕਿ ਨਾਇ ਕਰੀ—ਨ੍ਹਾ ਕੇ ਕੀ ਕਰ ਸਕਦਾ ਹੈ, ਭਾਵ, ਕੁਝ ਨਹੀਂ ਕਰ ਸਕਦਾ]

੨. **ਜੇਤੀ ਸਿਰਠਿ ਉਪਾਈ ਵੇਖਾ, ਵਿਣੁ ਕਰਮਾ 'ਕਿ' ਮਿਲੈ, ਲਈ ॥੬॥** *(ਪੰਨਾ ੨)*
[ਕਿ ਮਿਲੈ—ਕੀ ਮਿਲ ਸਕਦਾ ਹੈ, ਭਾਵ, ਕੁਝ ਨਹੀਂ ਮਿਲ ਸਕਦਾ]

ਕਿਸੁ

੧. **ਤੁਝ ਤੇ ਵਡਾ ਨਾਹੀ ਕੋਇ ॥**
'ਕਿਸੁ' ਵੇਖਾਲੀ ਚੰਗਾ ਹੋਇ ॥੧॥੧੮॥ *(ਪੰਨਾ ੩੫੪)*

੨. **'ਕਿਸੁ' ਹਉ ਪੂਜਉ, ਦੂਜਾ ਨਦਰਿ ਨ ਆਈ ॥੩॥੧॥** *(ਪੰਨਾ ੫੨੫)*

ਕਿਸੈ

੧. **'ਕਿਸੈ' ਦੂਰਿ ਜਨਾਵਤ, 'ਕਿਸੈ' ਬੁਝਾਵਤ ਨੇਰਾ ॥੮॥੫॥** *(ਪੰਨਾ ੨੬੯)*

ਕਿਸਹਿ

੧. **ਕੋਟਿ ਮਧੇ 'ਕਿਸਹਿ' ਬੁਝਾਏ ॥੫॥੧੨॥** *(ਪੰਨਾ ੧੦੫੫)*

ਕਿਸ ਨੋ

੧. **'ਕਿਸ ਨੋ' ਕਹੀਐ ਜਾ ਆਪਿ ਕਰਾਏ ॥**
ਜਿਤੁ ਭਾਵੈ ਤਿਤੁ ਰਾਹਿ ਚਲਾਏ ॥੧੩॥੪॥ *(ਪੰਨਾ ੧੦੪੭)*

ਸਗਲ (ਪੁਲਿੰਗ)

੧. **'ਸਗਲ' ਤਿਆਗਿ ਗੁਰ ਸਰਣੀ ਆਇਆ, ਰਾਖਹੁ ਰਾਖਨਹਾਰੇ ॥੧॥੫੮॥**
(ਪੰਨਾ ੭੫੦)

(ਇਸਤਰੀ ਲਿੰਗ)

੧. **ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥**
'ਸਗਲ' ਪਰੋਈ ਅਪੁਨੈ ਸੂਤਿ ॥੩॥੧੬॥ *(ਪੰਨਾ ੨੮੪)*

ਜੇਤਾ/ਤੇਤਾ

੧. **'ਜੇਤਾ' ਦੇਹਿ 'ਤੇਤਾ' ਹਉ ਖਾਉ ॥੩॥੩੧॥** *(ਪੰਨਾ ੨੫)*

ਏਤਾ

੧. **ਗੁਰ ਬਿਨੁ 'ਏਤਾ' ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥ਰਹਾਉ॥੧੦॥**
(ਪੰਨਾ ੧੦੧੫)

ਇਤਨਾ ਕੁ (ਪੁਲਿੰਗ)

੧. **ਜਨਨੀ ਜਾਨਤ ਸੁਤੁ ਬਡਾ ਹੋਤੁ ਹੈ,**
'ਇਤਨਾ ਕੁ' ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥੧॥੧॥ *(ਪੰਨਾ ੯੧)*

ਇਤਨੀ (ਇਸਤਰੀ-ਲਿੰਗ)

੧. **'ਇਤਨੀ' ਨ ਬੁਝੈ ਕਬਹੁ ਚਲਨਾ, ਬਿਕਲ ਭਇਓ ਸੰਗਿ ਮਾਇਓ ॥ਰਹਾਉ॥੧੫॥**
(ਪੰਨਾ ੫੩੧)

ਥੋੜਾ/ਅਗਲਾ

੧. **ਕਿਸੈ 'ਥੋੜਾ', ਕਿਸੈ 'ਅਗਲਾ', ਖਾਲੀ ਕੋਈ ਨਾਹਿ ॥ਸ.੧॥੨॥** *(ਪੰਨਾ ੧੨੩੮)*

ਥੋੜੀ/ਘਣੇਰੀ (ਇਸਤਰੀ-ਲਿੰਗ)

੧. **ਕਿਸੈ 'ਥੋੜੀ', ਕਿਸੈ ਹੈ 'ਘਣੇਰੀ' ॥੩॥੧੭॥** *(ਪੰਨਾ ੧੧੯)*

ਬਹੁਤੋ ਬਹੁਤੁ

੧. **'ਬਹੁਤੋ ਬਹੁਤੁ' ਵਖਾਣੀਐ, ਊਚੋ ਊਚਾ ਥਾਉ ॥੪॥੭੭॥** *(ਪੰਨਾ ੪੪)*

ਬਹੁਤਾ

੧. **'ਬਹੁਤਾ' ਕਹੀਐ, ਬਹੁਤਾ ਹੋਇ ॥੨੪॥** *(ਪੰਨਾ ੫)*

੧ੴ.੩.੫.੨ ਕਰਮ ਕਾਰਕ—ਬਹੁ-ਵਚਨ

ਸਭ

੧. **ਸਭ ਤੇਰੀ ਤੂ ਸਭਸ ਦਾ 'ਸਭ' ਤੁਧੁ ਉਪਾਇਆ ॥ਪਉੜੀ ੧॥** *(ਪੰਨਾ ੫੪੮)*
['ਸਭ'—ਸਭਨਾਂ ਨੂੰ]

ਸਭਿ

੧. **ਤੂੰ ਹਰਿ ਤੇਰਾ ਸਭੁ ਕੋ 'ਸਭਿ' ਤੁਧੁ ਉਪਾਏ ਰਾਮ ਰਾਜੇ ॥੩॥੧੮॥** *(ਪੰਨਾ ੪੫੦)*

ਇਕਿ

੧. **'ਇਕਿ' ਉਪਾਏ ਵਡ ਦਰਵਾਰੀ ॥**
ਇਕਿ ਉਦਾਸੀ ਇਕਿ ਘਰ ਬਾਰੀ ॥੩॥੬॥ *(ਪੰਨਾ ੧੦੭੭)*

ਸਭਨਾ

੧. **'ਸਭਨਾ' ਮਾਰਿ ਜੀਵਾਲਦਾ ਭਾਈ, ਸੋ ਸੇਵਹੁ ਦਿਨੁ ਰਾਤਿ ॥੫॥੩॥** *(ਪੰਨਾ ੬੩੯)*

੨. **'ਸਭਨਾ' ਪ੍ਰਤਿਪਾਲ ਕਰੇ ਜਗਜੀਵਨੁ, ਦੇਦਾ ਰਿਜਕੁ ਸੰਬਾਹਾ ਹੈ ॥੨॥੧੨॥**
(ਪੰਨਾ ੧੦੫੫)

ਇਕਨਾ

੧. **'ਇਕਨ੍ਹਾ' ਹੁਕਮਿ ਸਮਾਇ ਲਏ, ਇਕਨ੍ਹਾ ਹੁਕਮੇ ਕਰੇ ਵਿਣਾਸੁ ॥ਸ.੩॥੨॥**
(ਪੰਨਾ ੪੬੩)

੨. **'ਇਕਨਾ' ਪਾਰਿ ਲੰਘਾਵਹਿ ਆਪੇ, ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥੧੦॥**
(ਪੰਨਾ ੧੦੮੧)

ਅਵਰ

੧. **'ਅਵਰ' ਉਪਦੇਸੈ, ਆਪਿ ਨ ਕਰੈ ॥**
ਆਵਤ ਜਾਵਤ ਜਨਮੈ ਮਰੈ ॥੭॥੫॥ *(ਪੰਨਾ ੨੬੯)*
[ਅਵਰ—ਹੋਰਨਾਂ ਨੂੰ]

ਅਵਰਾ

੧. **'ਅਵਰਾ' ਦੇਖਿ ਨ ਸੁਨੈ ਅਭਾਖੈ ॥੧॥੧॥** *(ਪੰਨਾ ੭੬੩)*
[ਅਵਰਾ—ਅੰਤਲੇ ਸੁਰ ਦਾ ਉਚਾਰਣ ਨਾਸਕੀ]

ਅਵਰੀ

੧. **ਕੂੜੁ ਬੋਲਿ ਮੁਰਦਾਰੁ ਖਾਇ ॥**
'ਅਵਰੀ' ਨੋ ਸਮਝਾਵਣਿ ਜਾਇ ॥ਸ.੧॥੫॥ *(ਪੰਨਾ ੧੪੦)*
[ਅਵਰੀ—ਅੰਤਲੇ ਸੁਰ ਦਾ ਉਚਾਰਣ ਨਾਸਕੀ]

ਅਉਰਨ

੧. **ਕਹੁ ਨਾਨਕ ਆਪਨ ਤਰੈ, 'ਅਉਰਨ' ਲੇਤ ਉਧਾਰ ॥੨੨॥** *(ਪੰਨਾ ੧੪੨੭)*

ਹੋਰਨਾ ਨੋ

੧. **ਓਹੁ ਹਰਿ ਮਾਰਗਿ ਆਪਿ ਚਲਦਾ, 'ਹੋਰਨਾ ਨੋ' ਹਰਿ ਮਾਰਗਿ ਪਾਏ ॥ਸ.੨॥੫॥**
(ਪੰਨਾ ੧੪੦)

ਸਗਲ

੧. **'ਸਗਲ' ਉਧਾਰਣ ਤੇਰੋ ਨਾਮੁ ॥**
ਨਾਨਕ ਪਾਇਓ ਇਹੁ ਨਿਧਾਨੁ ॥੪॥੬॥ *(ਪੰਨਾ ੧੧੮੧)*
[ਸਗਲ—ਸਭਨਾਂ ਨੂੰ]

ਕਿਤੀ

੧. **'ਕਿਤੀ' ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥ਸ.੨॥੧੧॥** *(ਪੰਨਾ ੭੮੯)*
[ਅਨਿਸਚਿਤ ਵਿਸ਼ੇਸ਼ਣ]

ਏਤੇ

੧. **'ਏਤੇ' ਕੀਤੇ ਹੋਰਿ ਕਰੇਹਿ ॥**
ਤਾ ਆਖਿ ਨ ਸਕਹਿ ਕੇਈ ਕੇਇ ॥੨੬॥ *(ਪੰਨਾ ੬)*

ਜੇਤੀਆ (ਇਸਤਰੀ-ਲਿੰਗ)

੧. **ਓਹੁ ਜਾਣੈ 'ਜੇਤੀਆ' ਮੁਹਿ ਖਾਇ ॥੨੫॥** *(ਪੰਨਾ ੫)*
[ਜੇਤੀਆ—ਅੰਤਲੇ ਸੁਰ ਦਾ ਉਚਾਰਣ ਨਾਸਕੀ]

੧ੴ.੩.੬.੧ ਕਰਣ ਕਾਰਕ—ਇਕ-ਵਚਨ

ਹੋਰਤੁ

੧. **ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥**
'ਹੋਰਤੁ' ਭਗਤਿ ਨ ਪਾਏ ਕੋਈ ॥੮॥੨੧॥ *(ਪੰਨਾ ੧੨੨)*

੨. **ਸਤਿਗੁਰ ਹਥਿ ਕੁੰਜੀ 'ਹੋਰਤੁ' ਦਰੁ ਖੁਲੈ ਨਾਹੀ,**
ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥੨੫॥ *(ਪੰਨਾ ੧੨੪)*
[ਹੋਰਤੁ—ਕਿਸੇ ਹੋਰ ਤਰੀਕੇ ਨਾਲ]

੧ੴ.੩.੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਕਾਹੂ

੧. **'ਕਾਹੂ' ਦੀਨੇ ਪਾਟ ਪਟੰਬਰ 'ਕਾਹੂ' ਪਲਘ ਨਿਵਾਰਾ ॥੧॥੧੬॥** *(ਪੰਨਾ ੪੭੯)*

੨. **ਕਾਹੂ ਮਹਿ ਮੋਤੀ ਮੁਕਤਾਹਲ 'ਕਾਹੂ' ਬਿਆਧਿ ਲਗਾਈ ॥੨॥੧੬॥** *(ਪੰਨਾ ੪੭੯)*
[ਕਾਹੂ—ਕਿਸੇ ਨੂੰ]

ਕਾਹੂ ਕਉ

੧. **ਭੈ 'ਕਾਹੂ ਕਉ' ਦੇਤ ਨਹਿ ਨਹਿ ਭੈ ਮਾਨਤ ਆਨ ॥੧੬॥** *(ਪੰਨਾ ੧੪੨੭)*

ਕਾ ਕਉ

੧. **'ਕਾ ਕਉ' ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥੨॥੧੧੭॥**
(ਪੰਨਾ ੬੨੭)

ਇਕ ਹੀ ਕਉ

੧. **'ਇਕ ਹੀ ਕਉ' ਘਾਸੁ, 'ਇਕ ਹੀ ਕਉ' ਰਾਜਾ,**
ਇਨ ਮਹਿ ਕਹੀਐ ਕਿਆ ਕੂੜਾ ॥੫॥੧੦॥ *(ਪੰਨਾ ੧੦੮੧)*
[ਇਕ ਹੀ ਕਉ—ਕਿਸੇ ਨੂੰ]

ਕਿਸ ਹੀ/ਕਿਸੈ

੧. **'ਕਿਸ ਹੀ' ਮਾਨੁ, 'ਕਿਸੈ' ਅਪਮਾਨੁ ॥**
ਢਾਹਿ ਉਸਾਰੇ ਧਰੇ ਧਿਆਨੁ ॥੧॥੧੮॥ *(ਪੰਨਾ ੩੫੪)*

੨. **'ਕਿਸ ਹੀ' ਮੰਦਾ ਆਖਿ ਨ ਚਲੈ, ਸਚਿ ਖਰਾ ਸਚਿਆਰਾ ਹੇ ॥੧੪॥੭॥** *(ਪੰਨਾ ੧੦੨੭)*

੩. **'ਕਿਸੈ' ਥੋੜੀ 'ਕਿਸੈ' ਹੈ ਘਣੇਰੀ ॥੩॥੧੭॥** *(ਪੰਨਾ ੧੧੯)*

ਕਿਸਹਿ

੧. **ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥**
ਤਬ ਹਰਖ ਸੋਗ ਕਹੁ 'ਕਿਸਹਿ' ਬਿਆਪਤ ॥੧॥੨੧॥ *(ਪੰਨਾ ੨੯੦)*

ਸਭੁ ਕੋ

੧. **'ਸਭੁ ਕੋ' ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥੩॥੩॥** *(ਪੰਨਾ ੬੭੧)*
[ਸਭੁ ਕੋ—ਹਰ ਕੋਈ]

ਸਭਸੁ

੧. **ਤਿਸ ਹੀ ਕੀ ਕਰਿ ਆਸ ਮਨ, ਜਿਸ ਕਾ 'ਸਭਸੁ' ਵੇਸਾਹੁ ॥੧॥੭੭॥** *(ਪੰਨਾ ੪੪)*
[ਸਭਸੁ—ਸਭ ਕਿਸੇ ਨੂੰ]

ਸਭਸੈ

੧. **ਇਕਿ ਭੂਖੇ, ਇਕਿ ਤ੍ਰਿਪਤਿ ਅਘਾਏ, 'ਸਭਸੈ' ਤੇਰਾ ਪਾਰਣਾ ॥੩॥੬॥** *(ਪੰਨਾ ੧੦੭੭)*
[ਸਭਸੈ—ਸਭ ਕਿਸੇ ਨੂੰ]

ਸਭਸੈ ਨੋ

੧. **ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ, ਤੁਧੁ 'ਸਭਸੈ ਨੋ' ਦਾਨੁ ਦਿਤਾ,**
ਖੰਡੀ, ਵਰਭੰਡੀ, ਪਾਤਾਲੀ, ਪੁਰਈ, ਸਭ ਲੋਈ ॥ਪਉੜੀ ੩॥ *(ਪੰਨਾ ੫੪੯)*

ਹੋਰਸੁ

੧. **'ਹੋਰਸੁ' ਪੁਛਿ ਨ ਮਤਾ ਨਿਬਾਹੀ ॥ਵਾਰ ੧੮॥ਪਉੜੀ ੧੨॥** *(ਭਾਈ ਗੁਰਦਾਸ ਜੀ)*

੨. **ਕਰਮ ਕਰੈ ਅਧਿਆਤਮੀ 'ਹੋਰਸੁ' ਕਿਸੈ ਨ ਅਲਖੁ ਲਖਾਵੈ ॥ਵਾਰ ੧੦॥ਪਉੜੀ ੧੪॥** *(ਭਾਈ ਗੁਰਦਾਸ ਜੀ)*
[ਹੋਰਸੁ—ਕਿਸੇ ਹੋਰ ਨੂੰ]

੧੬.੩.੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਇਕਨਾ

੧. **'ਇਕਨਾ' ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥੨॥** *(ਪੰਨਾ ੧)*

੨. **'ਇਕਨਾ' ਸਚੁ ਬੁਝਾਇਓਨੁ, ਤਿਨਾ ਅਤੁਟ ਭੰਡਾਰ ਦੇਵਾਇਆ ॥ਪਉੜੀ ੮॥** *(ਪੰਨਾ ੮੫)*
[ਇਕਨਾ—ਕਈਆਂ ਨੂੰ]

ਸਭਨਾ

੧. **ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ, ਤੂ 'ਸਭਨਾ' ਕਰਹਿ ਇਕ ਦਾਤਿ ॥੨॥੧੩॥** *(ਪੰਨਾ ੬੭੦)*

ਸਭਨਾਹ

੧. **'ਸਭਨਾ' ਮਰਣਾ ਆਇਆ ਵੇਛੋੜਾ 'ਸਭਨਾਹ' ॥੧॥੧॥** *(ਪੰਨਾ ੫੯੫)*
[ਸਭਨਾਹ—ਅੰਤਲਾ 'ਹ', ਇਸ ਤੋਂ ਪਹਿਲਾਂ ਆਏ ਸ੍ਵਰ (ਾ) ਦੀ ਧੁਨੀ ਨੂੰ ਭਾਰ ਸਹਿਤ ਕਰਨ ਲਈ ਜਾਪਦਾ ਹੈ]

ਕੇਤਿਆ

੧. **'ਕੇਤਿਆ' ਦੂਖ ਭੂਖ ਸਦ ਮਾਰ ॥**
ਏਹਿ ਭਿ ਦਾਤਿ ਤੇਰੀ ਦਾਤਾਰ ॥੨੫॥ *(ਪੰਨਾ ੫)*
[ਕੇਤਿਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ, ਕਿੰਨਿਆਂ ਨੂੰ]

ਅਵਰਾ

੧. **ਵਟਿ ਧਾਗੇ 'ਅਵਰਾ' ਘਤੈ ॥ਸ.੪॥੧੫॥** *(ਪੰਨਾ ੪੭੧)*
[ਅਵਰਾ—ਉਚਾਰਣ ਨਾਸਕੀ, ਹੋਰਨਾਂ ਨੂੰ]

ਅਵਰਨ

੧. **'ਅਵਰਨ' ਹਸਤ ਆਪ ਹਹਿ ਕਾਂਨੇ ॥**
ਤਿਨ ਕਉ ਦੇਖਿ ਕਬੀਰ ਲਜਾਨੇ ॥੬॥੪੪॥ *(ਪੰਨਾ ੩੩੨)*
[ਅਵਰਨ ਹਸਤ—ਹੋਰਨਾਂ ਉੱਤੇ ਹਾਸੀ ਕਰਦੇ ਹਨ]

ਅਉਰਨ ਕਉ

੧. **ਆਪਸ ਕਉ ਦੀਰਘੁ ਕਰਿ ਜਾਨੈ, 'ਅਉਰਨ ਕਉ' ਲਗ ਮਾਤ ॥੨॥੧॥** *(ਪੰਨਾ ੧੧੦੫)*

ਅਵਰੀ ਕਉ

੧. **ਸਾਚੁ ਪਿਆਰਾ ਆਪਿ ਕਰੇਇ ॥**
'ਅਵਰੀ ਕਉ' ਸਾਚੁ ਨ ਦੇਇ ॥੪॥੩॥ *(ਪੰਨਾ ੩੪੯)*
[ਅਵਰੀ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ, ਅਵਰੀ ਕਉ—ਹੋਰਨਾਂ ਨੂੰ।]

੧੬.੩.੮.੧ ਅਪਾਦਾਨ ਕਾਰਕ—ਇਕ-ਵਚਨ

ਕਾਹਿ

੧. **ਮਾਗਉ 'ਕਾਹਿ', ਰੰਕ ਸਭ ਦੇਖਉ, ਤੁਮ੍ ਹੀ ਤੇ ਮੋਰੋ ਨਿਸਤਾਰੁ ॥੧॥੭॥** *(ਪੰਨਾ ੮੫੬)*
[ਕਾਹਿ—ਕਿਸ ਤੋਂ]

ਹੋਰਿੰਓ

੧. **'ਹੋਰਿੰਓ' ਗੰਗ ਵਹਾਈਐ, ਦੁਨਿਆਈ ਆਖੈ ਕਿ ਕਿਓਨੁ ॥੪॥** *(ਪੰਨਾ ੯੬੭)*

ਇਕ ਦੂ

੧. **ਨਾਨਕ ਆਖਣਿ ਸਭੁ ਕੋ ਆਖੈ, 'ਇਕ ਦੂ' ਇਕੁ ਸਿਆਣਾ ॥੨੧॥** *(ਪੰਨਾ ੫)*
[ਇਕ ਦੂ—ਇਕ ਤੋਂ]

੧੬.੩.੮.੨ ਆਪਾਦਾਨ ਕਾਰਕ—ਬਹੁ-ਵਚਨ

ਸਭ ਦੂ

੧. **'ਸਭ ਦੂ' ਵਡੇ ਭਾਗ ਗੁਰਸਿਖਾ ਕੇ, ਜੋ ਗੁਰ ਚਰਣੀ ਸਿਖ ਪੜਤਿਆ ॥ਪਉੜੀ ੧੮॥**
[ਸਭ ਦੂ—ਸਭਨਾਂ ਤੋਂ] *(ਪੰਨਾ ੬੪੯)*

ਹਭਾ ਹੂੰ

੧. **ਬੇਦ, ਕਤੇਬ, ਸੰਸਾਰ, 'ਹਭਾ ਹੂੰ' ਬਾਹਰਾ ॥**
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੧੦੫॥ *(ਪੰਨਾ ੩੯੭)*
[ਹਭਾ ਹੂੰ—ਸਭਨਾਂ ਤੋਂ]

ਹੋਰਨਿ

੧. **ਆਪਣਾ ਕਾਰਜੁ ਆਪਿ ਸਵਾਰੇ, 'ਹੋਰਨਿ' ਕਾਰਜੁ ਨ ਹੋਈ ॥੩॥੧੦॥** *(ਪੰਨਾ ੩੫੧)*

੨. **ਸਚਾ ਹੁਕਮੁ ਸਚਾ ਪਾਸਾਰਾ, 'ਹੋਰਨਿ' ਹੁਕਮੁ ਨ ਹੋਈ ਹੇ ॥੪॥੨॥** *(ਪੰਨਾ ੧੦੪੫)*
[ਹੋਰਨਿ—ਹੋਰਨਾਂ ਤੋਂ]

੧੬.੩.੯.੧ ਸੰਬੰਧ ਕਾਰਕ—ਇਕ-ਵਚਨ

ਕਾਹੂ

੧. **'ਕਾਹੂ' ਬਿਹਾਵੈ ਬੇਦ ਅਰੁ ਬਾਦਿ ॥**
'ਕਾਹੂ' ਬਿਹਾਵੈ ਰਸਨਾ ਸਾਦਿ ॥
'ਕਾਹੂ' ਬਿਹਾਵੈ ਲਪਟਿ ਸੰਗਿ ਨਾਰੀ ॥
ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥੩॥ *(ਪੰਨਾ ੯੧੪)*
[ਕਾਹੂ—ਕਿਸੇ ਦੀ (ਉਮਰ)]

ਕੈਹੀ

੧. **ਹਿਆਉ ਨ 'ਕੈਹੀ' ਠਾਹਿ, ਮਾਣਕ ਸਭ ਅਮੋਲਵੇ ॥੧੨੯॥** *(ਪੰਨਾ ੧੩੮੪)*
[ਕੈ ਹੀ—ਕਿਸੇ ਦਾ ਵੀ]

ਕਹੀ/ਕਹੀ ਦਾ

੧. **ਸਜਣੁ ਮੈਡਾ ਚਾਈਆ, ਹਭ 'ਕਹੀ ਦਾ' ਮਿਤੁ ॥**
ਹਭੇ ਜਾਣਨਿ ਆਪਣਾ, 'ਕਹੀ' ਨ ਠਾਹੇ ਚਿਤੁ ॥੨॥੭॥ *(ਪੰਨਾ ੧੦੯੬)*

੨. **ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ 'ਕਹੀ ਦਾ' ॥੧੩੦॥**
[ਹਭ ਕਹੀ ਦਾ—ਸਭ ਕਿਸੇ ਦਾ] *(ਪੰਨਾ ੧੩੮੪)*

ਏਕਹਿ ਕੀ

੧. **ਦਰਸ ਪਿਆਸ ਆਸ 'ਏਕਹਿ ਕੀ', ਟੇਕ ਹੀਐਂ ਪ੍ਰਿਅ ਪਾਗੀ ॥੧॥੬੭॥**
(ਪੰਨਾ ੧੨੧੭)

ਕਾਂ ਕੌ

੧. **'ਕਾਂ ਕੌ' ਤਨੁ ਧਨੁ, ਸੰਪਤਿ ਕਾਂ ਕੀ, ਕਾ ਸਿਉ ਨੇਹੁ ਲਗਾਹੀ ॥੧॥੨॥**
(ਪੰਨਾ ੧੨੩੧)

ਕਾ ਕੀ

੧. **'ਕਾ ਕੀ' ਮਾਈ 'ਕਾ ਕੌ' ਬਾਪ ॥**
ਨਾਮ ਧਾਰੀਕ ਝੂਠੇ ਸਭਿ ਸਾਕ ॥੧॥੧੧੨॥ *(ਪੰਨਾ ੧੮੮)*

ਇਕਸੈ ਦੀ

੧. **'ਇਕਸੈ ਦੀ' ਸਾਮਗਰੀ 'ਇਕਸੈ ਦੀ' ਹੈ ਰੀਤਿ ॥੪॥੭੫॥** *(ਪੰਨਾ ੪੪)*

ਸਭਸੈ

੧. **ਜਿਸੁ ਬਖਸੇ ਤਿਸੁ ਦੇ ਵਡਿਆਈ ॥**
'ਸਭਸੈ' ਦਾਤਾ ਤਿਲੁ ਨ ਤਮਾਈ ॥੧੨॥੨॥ *(ਪੰਨਾ ੧੦੨੨)*

ਸਭਸੈ ਕਾ

੧. **ਜਨੁ ਨਾਨਕੁ ਗੁਣ ਗਾਵੈ ਕਰਤੇ ਕੇ, ਜੀ, ਜੋ 'ਸਭਸੈ ਕਾ' ਜਾਣੋਈ ॥੫॥੨॥**
(ਪੰਨਾ ੩੪੮)

ਸਭਸ ਦਾ

੧. **ਤੂ ਸਚਾ 'ਸਭਸ ਦਾ' ਖਸਮੁ ਹੈ, ਸਭ ਦੂ ਤੂ ਚੜੀਐ ॥ਪਉੜੀ ੩॥** *(ਪੰਨਾ ੩੦੧)*

ਅਵਰ

੧. **ਪ੍ਰਭੂ ਤਜਿ 'ਅਵਰ' ਸੇਵਕੁ ਜੇ ਹੋਈ ਹੈ, ਤਿਤੁ ਮਾਨੁ ਮਹਤੁ ਜਸੁ ਘਾਟੈ ॥ਰਹਾਉ॥੭॥**
[ਅਵਰ (ਸੇਵਕੁ)—ਕਿਸੇ ਹੋਰ ਦਾ (ਦਾਸ)] *(ਪੰਨਾ ੪੯੭)*

ਕਿਸੁ

੧. **'ਕਿਸੁ' ਭਰਵਾਸੈ ਬਿਚਰਹਿ ਭਵਨ ॥**
ਮੂੜ ਮੁਗਧ ਤੇਰਾ ਸੰਗੀ ਕਵਨ ॥੧॥੪੮॥ *(ਪੰਨਾ ੬੯੬)*
[ਕਿਸੁ (ਭਰਵਾਸੈ)—ਕਿਸ ਦੇ (ਭਰੋਸੇ ਉੱਤੇ)]

ਕਿਸ ਹੀ

੧. **'ਕਿਸ ਹੀ' ਕੋਈ, ਕੋਇ, ਮੰਞੁ ਨਿਮਾਣੀ ਇਕੁ ਤੂ ॥ਸ.੧॥੨੦॥** *(ਪੰਨਾ ੭੯੧)*

ਕਿਸੈ

੧. **ਨਾਨਕ ਸਚੇ ਨਾਮ ਬਿਨੁ, 'ਕਿਸੈ' ਨ ਲਥੋ ਦੁਖੁ ॥੧॥੫॥** *(ਪੰਨਾ ੩੧੯)*

ਕਿਸੀ ਕਾ

੧. **ਮੈ ਨਾਹੀ 'ਕਿਸੀ ਕਾ' ਦੇਨਾ ॥੧॥੧੧॥** *(ਪੰਨਾ ੬੫੬)*

੧੬.੩.੯.੨ ਸੰਬੰਧ ਕਾਰਕ—ਬਹੁ-ਵਚਨ

ਇਕਨਾ/ਇਕਨ੍ਹਾ

੧. **'ਇਕਨ੍ਹਾ' ਗਲੀ ਜੰਜੀਰੀਆ, ਇਕਿ ਤੁਰੀ ਚੜਹਿ ਬਿਸੀਆਰ ॥ਪਉੜੀ ੨੩॥**
(ਪੰਨਾ ੪੭੫)

੨. **'ਇਕਨ੍ਹਾ' ਪੈਰਣ ਸਿਰ ਖੁਰ ਪਾਟੇ, 'ਇਕਨ੍ਹਾ' ਵਾਸੁ ਮਸਾਣੀ ॥੬॥੧੨॥**
[ਇਕਨ੍ਹਾ—ਕਈਆਂ ਦੇ] *(ਪੰਨਾ ੪੧੮)*

ਸਭਨਾ

੧. **'ਸਭਨਾ' ਸਾਹਿਬੁ ਏਕੁ ਹੈ, ਵੇਖੈ ਧੰਧੈ ਲਾਇ ॥ਸ.੧॥੨॥** *(ਪੰਨਾ ੧੨੩੮)*

੨. **'ਸਭਨਾ' ਸਾਰ ਕਰੇ ਜਗਜੀਵਨੁ, ਜਿਨਿ ਅਪਣਾ ਆਪੁ ਪਛਾਤਾ ਹੇ ॥੧॥੮॥** *(ਪੰਨਾ ੧੦੫੧)*

ਸਭਨਾ ਕੀ

੧. **'ਸਭਨਾ ਕੀ' ਤੂ ਆਸ ਹੈ ਮੇਰੇ ਪਿਆਰੇ, ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥੪॥੧੩॥** *(ਪੰਨਾ ੬੭੦)*

ਸਗਲਿਆ

੧. **'ਸਗਲਿਆ' ਭਉ ਲਿਖਿਆ ਸਿਰਿ ਲੇਖੁ ॥ਸ.੧॥੪॥** *(ਪੰਨਾ ੪੬੪)*

ਸਗਲਿਆ ਕੀ

੧. **'ਸਗਲਿਆ ਕੀ' ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥੪॥** *(ਪੰਨਾ ੪੭੬)*

ਕੇਤਿਆ ਕੇ

੧. **'ਕੇਤਿਆ ਕੇ' ਬਾਪ, 'ਕੇਤਿਆ ਕੇ' ਬੇਟੇ, ਕੇਤੇ ਗੁਰ ਚੇਲੇ ਹੂਏ ॥੨॥੩॥** *(ਪੰਨਾ ੧੨੩੮)*
[ਨੋਟ : ਉਪਰੋਕਤ ਬਹੁ-ਵਚਨ ਅਨਿਸਚਿਤ ਪੜਨਾਂਵਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ]

੧੬.੩.੧੦.੧ ਅਧਿਕਰਣ ਕਾਰਕ—ਇਕ-ਵਚਨ

ਕਾਹੂ

੧. **'ਕਾਹੂ' ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥੧॥੧੬॥** *(ਪੰਨਾ ੪੭੯)*
[ਕਾਹੂ—ਕਿਸੇ ਪਾਸ]

ਕੈ ਪਹਿ

੧. **ਜੀਅ ਕੀ 'ਕੈ ਪਹਿ' ਬਾਤ ਕਹਾ ॥**
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ, ਐਸੋ ਕਹਾ ਲਹਾ ॥ਰਹਾਉ॥੧੫॥ *(ਪੰਨਾ ੧੦੦੩)*

ਕਿਸੁ ਪਹਿ

੧. **'ਕਿਸੁ ਪਹਿ' ਖੋਲ੍ਹਉ ਗੰਠੜੀ, ਦੂਧੀ ਭਰਿ ਆਇਆ ॥੭॥੫॥** *(ਪੰਨਾ ੭੬੭)*

ਕਿਸੁ ਨਾਲਿ

੧. **'ਕਿਸੁ ਨਾਲਿ' ਕੀਚੈ ਦੋਸਤੀ, ਸਭੁ ਜਗੁ ਚਲਣਹਾਰੁ ॥੧॥੧੦॥** *(ਪੰਨਾ ੪੬੮)*

ਹੋਰਤੁ

੧. **ਜੋ ਬਿਨੁ ਸਚੇ 'ਹੋਰਤੁ' ਚਿਤੁ ਲਾਇਦੇ, ਸੇ ਕੂੜਿਆਰ ਕੂੜਾ ਤਿਨ ਮਾਣਾ ॥ਪਉੜੀ ੧੦॥** *(ਪੰਨਾ ੩੦੫)*
[ਹੋਰਤੁ—ਕਿਸੇ ਹੋਰ ਵਿਚ]

ਸਭਤੈ

੧. **ਜੇ ਕਰਿ ਸੂਤਕੁ ਮੰਨੀਐ 'ਸਭਤੈ', ਸੂਤਕੁ ਹੋਇ ॥ਸ.੧॥੧੮॥** *(ਪੰਨਾ ੪੭੨)*

੨. **ਹਰਿ ਅੰਤਰਜਾਮੀ 'ਸਭਤੈ' ਵਰਤੈ, ਜੇਹਾ ਹਰਿ ਕਰਾਏ, ਤੇਹਾ ਕੋ ਕਰਣੀਐ ॥੧॥੫॥**
[ਸਭਤੈ—ਸਭ ਕਿਸੇ ਅਤੇ ਸਭ ਕਾਸੇ ਵਿਚ] *(ਪੰਨਾ ੮੬੧)*

੧੬.੩.੧੦.੨ ਅਧਿਕਰਣ ਕਾਰਕ—ਬਹੁ-ਵਚਨ

ਇਕਨ੍ਹੀ

੧. **'ਇਕਨ੍ਹੀ' ਦੁਧੁ ਸਮਾਈਐ, ਇਕਿ ਚੁਲ੍ਹੈ ਰਹਨ੍ਹਿ ਚੜੇ ॥ਸ.੧॥੨੪॥** *(ਪੰਨਾ ੪੭੫)*
[ਇਕਨ੍ਹੀ—ਕਈਆਂ ਵਿਚ]

ਅਉਰਨ ਪਹਿ

੧. **'ਅਉਰਨ ਪਹਿ' ਜਾਨਾ ਚੂਕਾ ॥੩॥੬॥** *(ਪੰਨਾ ੬੫੫)*

ਸਭਨਾ ਵਿਚਿ

੧. **'ਸਭਨਾ ਵਿਚਿ' ਵਰਤੈ ਇਕੁ ਸੋਈ ॥੮॥੬॥** *(ਪੰਨਾ ੧੦੪੯)*

੧੬.੪ ਸੰਬੰਧ-ਵਾਚਕ ਪੜਨਾਂਵ

੧੬.੪.੧ (ੳ) ਲੱਛਣ

ਜੋ ਸ਼ਬਦ ਪੜਨਾਂਵ ਵਾਂਗ ਨਾਂਵ ਦੀ ਥਾਵੇਂ ਵਰਤੇ ਜਾਣ ਅਤੇ ਕਈ ਹਾਲਤਾਂ ਵਿਚ ਯੋਜਕ ਵਾਂਗ ਦੋ ਉਪਵਾਕਾਂ ਨੂੰ ਆਪਸ ਵਿਚ ਜੋੜਨ ਦਾ ਕੰਮ ਵੀ ਕਰਨ, ਉਹ ਸੰਬੰਧਵਾਚੀ ਪੜਨਾਂਵ ਆਖੀਦੇ ਹਨ।

ਸਾਧਾਰਣ ਉਦਾਹਰਣਾਂ

(੧) ਸਾਰੀ ਸ੍ਰਿਸ਼ਟੀ ਦਾ ਰਚਨਹਾਰ ਪਰਮੇਸ਼ਰ ਹੈ, 'ਜੋ' ਸਭਨਾਂ ਜੀਵਾਂ ਦੀ ਪ੍ਰਤਿਪਾਲਣਾ ਵੀ ਕਰਦਾ ਹੈ।

(੨) ਇਹ ਉਹ ਪਾਵਨ ਬੀੜ ਹੈ, 'ਜਿਹੜੀ' ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਹੱਥ-ਲਿਖਤ ਮੰਨੀ ਜਾਂਦੀ ਹੈ।

੧੬.੪.੧ (ਅ) ਅਨੁਸੰਬੰਧ-ਵਾਚਕ ਪੜਨਾਂਵ

ਕਦੀ ਕਦੀ ਇਕ ਉਪਵਾਕ ਵਿਚ ਆਏ ਸੰਬੰਧ ਵਾਚਕ ਪੜਨਾਂਵ 'ਜੋ' ਨਾਲ, ਦੂਜੇ ਉਪਵਾਕ ਵਿਚ 'ਸੋ' ਜਾਂ 'ਉਹ' ਪੜਨਾਂਵ ਆਉਂਦਾ ਹੈ, ਜਿਸ ਨੂੰ ਅਨੁਸੰਬੰਧਵਾਚਕ ਪੜਨਾਂਵ ਆਖਦੇ ਹਨ; ਜਿਵੇਂ :

(੧) ਜੋ ਅੜੇ, 'ਸੋ' ਝੜੇ।

(੨) ਜੋ ਸਰਨ ਪਰੇ, 'ਸੋ' ਤਰੇ।

(੩) ਜੋ ਨਾਮ ਸੁਣਦੇ ਅਤੇ ਮੰਨਦੇ ਹਨ, 'ਉਹ' ਭਵ-ਸਾਗਰ ਤੋਂ ਪਾਰ ਪੈ ਜਾਂਦੇ ਹਨ।

(੪) ਜੋ ਹੰਕਾਰੀਆਂ ਜਾਂਦੀਆਂ ਹਨ, 'ਉਹ' ਵਸ ਨਹੀਂ ਸਕਦੀਆਂ।

੧੬.੪.੨ ਕਾਰਕ ਰੂਪ-ਸਾਧਨਾ

ਕਾਰਕ ਦਾ ਨਾਂ	*ਇਕ-ਵਚਨ* *(ਦੋਹਾਂ ਲਿੰਗਾਂ ਲਈ ਸਾਂਝਾ)*	*ਬਹੁ-ਵਚਨ* *(ਦੋਹਾਂ ਲਿੰਗਾਂ ਲਈ ਸਾਂਝਾ)*
ਕਰਤਾ ਕਾਰਕ (ਸਾਧਾਰਨ-ਰੂਪ)	ਜੋ (ਜੁ), ਜਿ, ਜਿਹ, ਜੋਈ, ਜੋਈ	ਜੋ (ਜੁ), ਜਿ
(ਸੰਬੰਧਕੀ-ਰੂਪ)	ਜਿਨਿ, ਜਿਨਹਿ	ਜਿਨ, ਜਿਨਾ, ਜਿਨੀ, ਜਿਹ, ਜਿਨਹੁ
ਕਰਮ ਕਾਰਕ	ਜਿ, ਜੋ, ਜੇਹੜਾ, ਜੋਈ, ਜਾਸੁ, ਯਾਸੁ, ਜਿਹ, ਜਿਸੁ, ਜਿਸਹਿ, ਜਾ ਕਉ	ਜਿ, ਜੋ, ਜਿਨ, ਜਿਨ੍ਹ, ਜਾਹਿ, ਜਿਨ੍ ਕਉ
ਕਰਣ ਕਾਰਕ	ਜਿਹ, ਜਿਤੁ	
ਸੰਪ੍ਰਦਾਨ ਕਾਰਕ	ਜੈ, ਜਿਸੁ, ਜਿਸਹਿ, ਜਿਹ	ਜਿਨ, ਜਿਨਾ, ਜਿਹ
ਅਪਾਦਾਨ ਕਾਰਕ	ਜਿਦੂ, ਜਿਸ ਤੇ, ਜਿਹ ਤੇ	
ਸੰਬੰਧ ਕਾਰਕ	ਜਿਸੁ, ਜਾਸੁ, ਜਿਹ	ਜਿਨ, ਜਿਨ੍ਹ, ਜਿਹ
ਅਧਿਕਰਣ ਕਾਰਕ	ਜਿਤੁ, ਜਿਹ	

੧੬.੪.੩ ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ

(੧) 'ਜੋ' ਦਾ ਸੰਬੰਧਕੀ-ਰੂਪ 'ਜਿਸੁ' ਮੂਲ-ਰੂਪ ਵਿਚ ਔਂਕੜ (ੁ)—ਅੰਤਿਕ ਸੰਬੰਧ-ਵਾਚਕ ਪੜਨਾਂਵ ਹੈ। ਇਸ ਦਾ ਅੰਤਲਾ (ੁ), ਇਸ ਨਾਲ ਕਈ ਸਾਧਾਰਨ ਸੰਬੰਧਕੀ-ਪਦ (ਅੰਦਰਿ, ਵਿਚਿ, ਉਪਰਿ, ਨਾਲਿ, ਕਾਰਣਿ, ਆਦਿ) ਆਉਣ ਦੇ ਬਾਵਜੂਦ ਵੀ ਨਹੀਂ ਲਥਦਾ। ਕੁਝ ਵਿਸ਼ੇਸ਼-ਸੰਬੰਧਕੀ-ਪਦ (ਜਿਵੇਂ ਕਾ, ਕੇ, ਕੀ, ਦਾ, ਦੇ, ਦੀ, ਨੋ, ਨਉ, ਤੇ, ਦੈ, ਕੈ, ਕਉ ਅਤੇ ਔਂਵਿਐ ਹੀ) ਹਨ, ਜਿਨ੍ਹਾਂ ਦੇ ਅੱਗੇ ਆਉਣ ਕਾਰਨ ਇਸ ਦਾ ਅੰਤਲਾ (ੁ) ਲਥ ਜਾਂਦਾ ਹੈ। ਇਸ ਸੰਬੰਧੀ ਗੁਰਬਾਣੀ ਦੀਆਂ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

(i) ਸਾਧਾਰਨ ਸੰਬੰਧਕੀ-ਪਦਾਂ ਨਾਲ

੧. **'ਜਿਸੁ ਅੰਦਰਿ' ਤਾਤਿ ਪਰਾਈ ਹੋਵੈ, ਤਿਸ ਦਾ ਕਦੇ ਨ ਹੋਵੀ ਭਲਾ ॥ਸਲੋਕ ੧॥੧੫॥** *(ਪੰਨਾ ੩੦੮)*

੨. **'ਜਿਸੁ ਊਪਰਿ' ਨਦਰਿ ਕਰੇ ਕਰਤਾਰੁ ॥**
ਤਿਸੁ ਜਨ ਕੇ ਸਭਿ ਕਾਜ ਸਵਾਰਿ ॥੪॥੧੭॥ *(ਪੰਨਾ ੧੧੪੦)*

੩. **ਕਾਇਆ ਕੰਚਨ ਕੋਟੁ ਅਪਾਰਾ ॥**
'ਜਿਸੁ ਵਿਚਿ' ਰਵਿਆ ਸਬਦੁ ਅਪਾਰਾ ॥੩॥੧੬॥ *(ਪੰਨਾ ੧੦੫੯)*

੪. **'ਜਿਸੁ ਨਾਲਿ' ਜੋਰੁ ਨ ਚਲਈ, ਖਲੇ ਕੀਚੈ ਅਰਦਾਸਿ ॥੪॥੪॥** *(ਪੰਨਾ ੯੯੪)*

੫. **'ਜਿਸੁ ਕਾਰਣਿ' ਹਉ ਸੀਗਾਰੁ ਸੀਗਾਰੀ, ਸੋ ਪਿਰੁ ਰਤਾ ਮੇਰਾ ਅਵਰਾ ॥੨॥੩॥** *(ਪੰਨਾ ੫੬੧)*

(ii) ਵਿਸ਼ੇਸ਼ ਸੰਬੰਧਕੀ-ਪਦਾਂ ਅਤੇ ਔਂਵਿਐ 'ਹੀ' ਨਾਲ

੧. **'ਜਿਸ ਕਉ' ਸਬਦੁ ਬਸਾਵੈ ਅੰਤਰਿ, ਚੂਕੈ ਤਿਸਹਿ ਪਿਆਸਾ ॥੩॥੪॥** *(ਪੰਨਾ ੭੯੩)*

੨. **'ਜਿਸ ਕਾ' ਇਹੁ ਤਨੁ ਧਨੁ, ਸੋ ਫਿਰਿ ਲੇਵੈ, ਅੰਤਰਿ ਸਹਸਾ ਦੂਖੁ ਪਇਆ ॥੭॥੭॥** *(ਪੰਨਾ ੯੦੬)*

੩. **'ਜਿਸ ਤੇ' ਉਪਜਿਆ ਨਾਨਕਾ, ਸੋਈ ਫਿਰਿ ਹੋਆ ॥ਪਉੜੀ ੨॥** *(ਪੰਨਾ ੧੧੯੩)*

੪. **'ਜਿਸ ਦੀ' ਸੇਵਾ ਕੀਤੀ ਫਿਰਿ ਲੇਖਾ ਮੰਗੀਐ,**
ਸਾ ਸੇਵਾ ਅਉਖੀ ਹੋਈ ॥ਸਲੋਕ ੨॥੧੨॥ *(ਪੰਨਾ ੩੦੬)*

੫. **'ਜਿਸ ਨੋ' ਆਪਿ ਦਇਆਲੁ, ਤਿਸੁ ਮਨਿ ਵੁਠਿਆ ॥ਪਉੜੀ ੧੨॥** *(ਪੰਨਾ ੫੨੧)*

੬. **'ਜਿਸ ਨਉ' ਆਪਿ ਦਇਆਲੁ ਹੋਇ, ਸੋ ਗੁਰਮੁਖਿ ਨਾਮਿ ਸਮਾਇ ॥੨॥੩੬॥** *(ਪੰਨਾ ੨੭)*

੭. **'ਜਿਸ ਹੀ' ਕੀ ਸਿਰਕਾਰ ਹੈ, ਤਿਸ ਹੀ ਕਾ ਸਭੁ ਕੋਇ ॥੧॥੩੬॥** *(ਪੰਨਾ ੨੭)*

(੨). 'ਜਿਸੁ' ਵਾਸਤਵ ਵਿਚ ਪੜਨਾਂਵ ਹੈ, ਪਰ ਜਦੋਂ ਕਿਸੇ ਨਾਂਵ ਨਾਲ ਵਿਸ਼ੇਸ਼ਣ ਰੂਪ ਵਿਚ ਵਰਤਿਆ ਜਾਵੇ ਤਾਂ ਇਹ ਪੜਨਾਵੀਂ ਵਿਸ਼ੇਸ਼ਣ ਹੋ ਜਾਂਦਾ ਹੈ।

(੩) ਪੜਨਾਵੀਂ ਵਿਸ਼ੇਸ਼ਣ ਦੀ ਹਾਲਤ ਵਿਚ ਇਸ ਦਾ ਅੰਤਲਾ (ੁ) ਹਰ ਹਾਲਤ ਵਿਚ ਕਾਇਮ ਰਹਿੰਦਾ ਹੈ, ਭਾਵੇਂ ਇਸ ਨਾਲ ਸੰਬੰਧਤ ਨਾਂਵ ਪੁਲਿੰਗ ਹੋਵੇ ਜਾਂ ਇਸਤਰੀ-ਲਿੰਗ, ਕਿਉਂਜੁ ਸੰਬੰਧਕੀ-ਪਦ; ਭਾਵੇਂ 'ਸਾਧਾਰਨ' ਹੋਣ ਜਾਂ 'ਵਿਸ਼ੇਸ਼', ਇਸ ਨਾਲ ਵਰਤੇ ਗਏ ਕੇਵਲ ਨਾਂਵ ਦੇ ਰੂਪ ਨੂੰ ਹੀ ਪ੍ਰਭਾਵਿਤ ਕਰਦੇ ਹਨ; ਜਿਵੇਂ :

੧. **'ਜਿਸੁ' ਵਖਰ ਕਉ ਲੈਨਿ ਤੂ ਆਇਆ ॥**
ਰਾਮ ਨਾਮੁ ਸੰਤਨ ਘਰਿ ਪਾਇਆ ॥੫॥੧੫॥ *(ਪੰਨਾ ੨੮੩)*

੨. **'ਜਿਸੁ' ਨਰ ਕੀ ਦੁਬਿਧਾ ਨ ਜਾਇ, ਧਰਮਰਾਇ ਤਿਸੁ ਦੇਇ ਸਜਾਇ ॥੩॥੬॥** *(ਪੰਨਾ ੪੯੧)*

੩. **'ਜਿਸੁ' ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ ॥੧॥੭॥** *(ਪੰਨਾ ੧੨੦੦)*

੪. **ਸਾਧੂ ਕੈ ਸੰਗਿ ਸੋ ਧਨੁ ਪਾਵੈ ॥**
'ਜਿਸੁ' ਧਨ ਤੇ ਸਭੁ ਕੋ ਵਰਸਾਵੈ ॥੫॥੭॥ *(ਪੰਨਾ ੨੭੧)*

(੪) ਗੁਰਬਾਣੀ ਵਿਚ ਆਏ ਸੰਬੰਧ-ਵਾਚੀ ਪੜਨਾਂਵ 'ਜੋ' ਦੇ ਰੂਪ ਵਿਚ ਲਿੰਗ ਅਤੇ ਵਚਨ ਕਰਕੇ ਕੋਈ ਤਬਦੀਲੀ ਨਹੀਂ ਹੁੰਦੀ। ਗੁਰਮਤਿ ਕਾਵਿ-ਪ੍ਰਬੰਧ ਅਧੀਨ ਇਸ ਦਾ ਰੂਪ ਕਿਧਰੇ ਕਿਧਰੇ (ਜੁ) ਮਿਲਦਾ ਹੈ।

(੫) ਸੰਬੰਧ-ਵਾਚੀ ਪੜਨਾਂਵ 'ਜਿਹੜਾ' ਦੇ ਰੂਪ ਵਿਚ ਲਿੰਗ ਅਤੇ ਵਚਨ ਕਰਕੇ ਤਬਦੀਲੀ ਵਾਪਰਦੀ ਹੈ (ਜਿਹੜਾ, ਜਿਹੜੇ, ਜਿਹੜੀ, ਜਿਹੜੀਆਂ), ਪਰ ਇਹ ਪੜਨਾਂਵ ਗੁਰਬਾਣੀ ਵਿਚ ਕੇਵਲ ਦੋ ਕੁ ਵਾਰੀ ਪੁਲਿੰਗ, ਇਕ-ਵਚਨ [ਜੇਹੜਾ] ਦੇ ਰੂਪ ਵਿਚ ਹੀ ਆਇਆ ਹੈ।

(੬) ਸੰਬੰਧ-ਵਾਚੀ ਪੜਨਾਂਵ 'ਜਿਹੜਾ' ਦਾ ਸੰਖਿਪਤ ਰੂਪ 'ਜਿ' ਦੀ ਵਰਤੋਂ ਹੀ ਬਹੁਤ ਕਰਕੇ ਗੁਰਬਾਣੀ ਵਿਚ ਮਿਲਦੀ ਹੈ। 'ਜਿ' ਪੜਨਾਂਵ ਦੇ ਰੂਪ ਵਿਚ ਵੀ ਲਿੰਗ ਅਤੇ ਵਚਨ ਕਰਕੇ ਕੋਈ ਤਬਦੀਲੀ ਨਹੀਂ ਵਾਪਰਦੀ।

(੭) ਸੰਬੰਧ-ਵਾਚੀ ਪੜਨਾਂਵ 'ਜੋ' ਦੇ ਸੰਬੰਧਕੀ-ਰੂਪਾਂ ਵਿਚ ਲਿੰਗ ਕਰਕੇ ਕੋਈ ਤਬਦੀਲੀ ਨਹੀਂ ਵਾਪਰਦੀ, ਪਰ ਵਚਨ ਕਰਕੇ ਅਤੇ ਕਾਰਕ ਕਰਕੇ ਇਹਨਾਂ ਦਾ ਰੂਪ ਬਦਲ ਜਾਂਦਾ ਹੈ।

ਕਾਰਕ ਦਾ ਨਾਂ	*ਅਜੋਕੇ ਸੰਬੰਧਕੀ-ਰੂਪ*		*ਗੁਰਬਾਣੀ ਵਿਚਲੇ ਸੰਮਿਲਤ ਸੰਬੰਧਕੀ-ਰੂਪ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਕਰਤਾ ਕਾਰਕ	ਜਿਸ ਨੇ	ਜਿਨ੍ਹਾਂ ਨੇ	ਜਿਨਿ, ਜਿਨਹਿ	ਜਿਨ, ਜਿਨਾ, ਜਿਨੀ, ਜਿਨਹੁ, ਜਿਹ
ਕਰਮ ਕਾਰਕ	ਜਿਸ ਨੂੰ	ਜਿਨ੍ਹਾਂ ਨੂੰ	ਜਿਸੁ, ਜਾਸੁ, ਜਿਸਹਿ, ਜਿਹ	ਜਿਨ੍, ਜਿਨ੍ਹ
ਕਰਣ ਕਾਰਕ	ਜਿਸ ਨਾਲ	ਜਿਨ੍ਹਾਂ ਨਾਲ	ਜਿਤੁ, ਜਿਹ	
ਸੰਪ੍ਰਦਾਨ ਕਾਰਕ	ਜਿਸ ਨੂੰ, ਜਿਸ ਲਈ	ਜਿਨ੍ਹਾਂ ਨੂੰ, ਜਿਨ੍ਹਾਂ ਲਈ	ਜੈ, ਜਿਸੁ, ਜਿਸਹਿ, ਜਿਹ	ਜਿਨ, ਜਿਨਾ, ਜਿਹ
ਅਪਾਦਾਨ ਕਾਰਕ	ਜਿਸ ਤੋਂ	ਜਿਨ੍ਹਾਂ ਤੋਂ	ਜਿਦੂ, ਜਿਸ ਤੇ, ਜਿਹ ਤੇ	
ਸੰਬੰਧ ਕਾਰਕ	ਜਿਸ ਦਾ	ਜਿਨ੍ਹਾਂ ਦਾ	ਜਾ ਕਾ, ਜਿਸੁ, ਜਾਸੁ, ਜਿਹ	ਜਿਨ, ਜਿਨ੍ਹ, ਜਿਹ
ਅਧਿਕਰਣ ਕਾਰਕ	ਜਿਸ ਵਿਚ, ਜਿਸ ਉੱਤੇ	ਜਿਨ੍ਹਾਂ ਵਿਚ, ਜਿਨ੍ਹਾਂ ਉੱਤੇ	ਜਿਤੁ, ਜਿਹ	

(੮) 'ਜਿਸੁ' ਪੜਨਾਂਵ ਦਾ ਕਰਣ ਕਾਰਕ ਅਤੇ ਅਧਿਕਰਣ ਕਾਰਕ ਦਾ ਇਕ-ਵਚਨੀ ਰੂਪ 'ਜਿਤੁ' ਵੀ (_)—ਅੰਤਿਕ ਹੈ ਅਤੇ ਲਿੰਗ-ਭੇਦ ਤੋਂ ਮੁਕਤ ਹੈ। ਗੁਰਮਤਿ ਕਾਵਿ-ਪ੍ਰਬੰਧ ਅਨੁਸਾਰ ਗੁਰਬਾਣੀ ਵਿਚ ਕਈ ਥਾਵੇਂ ਇਸ ਦਾ ਰੂਪ 'ਜਿਤੈ' ਵੀ ਮਿਲਦਾ ਹੈ।

(੯) (_)—ਅੰਤਿਕ ਪੜਨਾਂਵ 'ਜਿਸੁ' ਦਾ ਅੰਤਲਾ (_) ਗੁਰਮਤਿ ਕਾਵਿ-ਪ੍ਰਬੰਧ ਅਧੀਨ ਗੁਰਬਾਣੀ ਵਿਚ ਇਕ ਥਾਵੇਂ (ੱ) ਵਿਚ ਬਦਲਿਆ ਵੀ ਮਿਲਦਾ ਹੈ:

ਕੀਤਾ 'ਜਿਸੱ' ਹੋਵੈ, ਪਾਪਾਂ ਮਲੋ ਧੋਵੈ, ਸੋ ਸਿਮਰਹੁ ਪਰਧਾਨੁ ਹੇ ॥੨॥੩੨॥
(ਪੰਨਾ ੧੦੦੮)

(੧੦) ਪੜਨਾਂਵ 'ਜਿਸੁ' ਦਾ ਕਰਤਾ-ਕਾਰਕ ਵਿਚ ਇਕ-ਵਚਨੀ, ਸੰਬੰਧਕੀ-ਰੂਪ 'ਜਿਨਿ' ਹੈ। ਜਦੋਂ ਇਸ ਦੇ ਅੱਗੇ ਅੱਵਿਐ 'ਹੀ' ਆ ਜਾਵੇ ਤਾਂ ਇਸ ਦੀ ਅੰਤਲੀ (f) ਲਥ ਜਾਂਦੀ ਹੈ ਅਤੇ ਇਸ ਦਾ ਰੂਪ 'ਜਿਨਹੀ' ਹੋ ਜਾਂਦਾ ਹੈ। ਪੜਨਾਂਵ 'ਜਿਨਹਿ' ਵੀ 'ਜਿਨ ਹੀ' ਦਾ ਹੀ ਕਾਵਿਕ ਰੂਪਾਂਤਰ ਹੈ।

'ਜਿਨਹਿ' ਉਪਾਹਾ ਤਿਨਹਿ ਬਿਨਾਹਾ ॥੪॥੮੬॥ *(ਪੰਨਾ ੩੯੨)*
[ਜਿਨਹਿ—ਜਿਸ ਨੇ]

ਏਸ ਤਰ੍ਹਾਂ 'ਜਿਨਿ' ਦੇ ਅੱਗੇ ਜਦੋਂ 'ਹੂ' ਆ ਜਾਵੇ ਤਾਂ ਇਸ ਦੀ ਅੰਤਲੀ (f) ਲਥ ਜਾਂਦੀ ਹੈ। 'ਜਿਨਹੂ' ਦਾ ਹੀ ਸੰਖਿਪਤ ਰੂਪ 'ਜਿਨਹੁ' ਹੈ:

੧. **ਕਬੀਰ 'ਜਿਨਹੁ' ਕਿਛੂ ਜਾਨਿਆ ਨਹੀ, ਤਿਨ ਸੁਖ ਨੀਦ ਬਿਹਾਇ ॥੧੮੧॥**
(ਪੰਨਾ ੧੩੭੪)

੨. **'ਜਿਨਹੁ' ਬਾਤ ਨਿਸੂਲ ਧੂਅ ਜਾਨੀ ਤੇਈ ਜੀਵ ਕਾਲ ਤੇ ਬਚਾ ॥੫॥**
[ਜਿਨਹੁ—ਜਿਨ੍ਹਾਂ ਨੇ] *(ਪੰਨਾ ੧੪੦੨)*

੧੬.੪.੪ ਗੁਰਬਾਣੀ ਦੀਆਂ ਉਦਾਹਰਣਾਂ

੧੬.੪(ੳ).੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਜੋ (ਪੁਲਿੰਗ)

੧. **'ਜੋ' ਮਿਲਿਆ ਹਰਿ ਦੀਬਾਣ ਸਿਉ, ਸੋ ਸਭਨੀ ਦੀਬਾਣੀ ਮਿਲਿਆ ॥ਪਉੜੀ॥੧੧॥**
(ਪੰਨਾ ੮੭)

੨. **'ਜੋ' ਹਰਿ ਪ੍ਰਭ ਭਾਣਾ ਸੋ ਥੀਆ, ਧੁਰਿ ਲਿਖਿਆ ਨ ਮੇਟੈ ਕੋਇ ॥੩॥੬੮॥**
(ਪੰਨਾ ੪੧)

(ਇਸਤਰੀ-ਲਿੰਗ)

੧. **'ਜੋ' ਮਨਿ ਤਨਿ ਮੁਖਿ ਹਰਿ ਬੋਲੈ, ਸਾ ਹਰਿ ਭਾਵਣੀ ॥ਪਉੜੀ ੧੩॥** *(ਪੰਨਾ ੬੪੭)*

ਜਿ (ਪੁਲਿੰਗ)

੧. **'ਜਿ' ਨਾਮਿ ਲਾਗੈ ਸੋ ਮੁਕਤਿ ਹੋਵੈ, ਗੁਰ ਬਿਨੁ ਨਾਮੁ ਨ ਪਾਵੈ ਕੋਈ ॥ਰਹਾਉ॥੧॥**
(ਪੰਨਾ ੮੮੦)

੨. **'ਜਿ' ਪ੍ਰਭੁ ਸਾਲਾਹੇ ਆਪਣਾ, ਸੋ ਸੋਭਾ ਪਾਏ ॥ਪਉੜੀ ੧੭॥** *(ਪੰਨਾ ੭੯੧)*

੩. **'ਜਿ' ਸਤਿਗੁਰੁ ਸੇਵੇ ਆਪਣਾ, ਤਿਸ ਨੋ ਪੂਜੇ ਸਭੁ ਕੋਇ ॥ਸਲੋਕ ੧॥੬॥**
(ਪੰਨਾ ੫੧੧)

ਜੁ (ਪੁਲਿੰਗ)

੧. **ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ,**
'ਜੁ' ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥ਪਉੜੀ ੧੫॥ *(ਪੰਨਾ ੮੬)*

੨. **ਸੋ ਬੂਝੈ, 'ਜੁ' ਦਧਿ ਸਵਾਰਿਆ ॥ਸ.੧॥੩੦॥** *(ਪੰਨਾ ੩੧੬)*
[ਦਧਿ—ਉਚਾਰਣ 'ਦਈਇ']

(ਅ) ਸੰਬੰਧਕੀ-ਰੂਪ

ਜਿਨਿ (ਪੁਲਿੰਗ)

੧. **'ਜਿਨਿ' ਉਪਾਈ ਮੇਦਨੀ, ਸੋਈ ਸਾਰ ਕਰੇਇ ॥ਸ.੨॥੧੭॥** *(ਪੰਨਾ ੧੦੮੨)*

੨. **'ਜਿਨਿ' ਉਪਾਏ, ਸੋ ਬਿਧਿ ਜਾਣੈ ॥**
ਗੁਰਮੁਖਿ ਦੇਵੈ ਸਬਦੁ ਪਛਾਣੈ ॥੧੬॥੧੬॥ *(ਪੰਨਾ ੧੦੬੦)*

(ਇਸਤਰੀ-ਲਿੰਗ)

੧. 'ਜਿਨਿ' ਅਪਣਾ ਪਿਰੁ ਨਹੀ ਜਾਤਾ, ਕਰਮ ਬਿਧਾਤਾ, ਕੂੜਿ ਮੁਠੀ ਕੂੜਿਆਰੇ ॥੧॥੨॥ *(ਪੰਨਾ ੫੮੩)*

੨. 'ਜਿਨਿ' ਤ੍ਰਿਭਵਣੁ ਡਸੀਅਲੇ, ਗੁਰ ਪ੍ਰਸਾਦਿ ਡੀਠੀ ॥ਰਹਾਉ॥੧੬॥ *(ਪੰਨਾ ੪੮੦)*

ਜਿਨਹਿ (ਪੁਲਿੰਗ)

੧. 'ਜਿਨਹਿ' ਨਿਵਾਜੇ, ਤਿਨ ਹੀ ਸਾਜੇ, ਆਪੇ ਕੀਨੇ ਸੰਤ ਜਇਆ ॥੪॥੫੫॥ *(ਪੰਨਾ ੯੦੦)*

੨. ਜੀਉ ਪ੍ਰਾਣ ਜਿਨਿ ਰਚਿਓ ਸਰੀਰ ॥
'ਜਿਨਹਿ' ਉਪਾਏ ਤਿਸ ਕਉ ਪੀਰ ॥੧॥੬॥ *(ਪੰਨਾ ੧੧੩੭)*

[ਜਿਨਿ, ਜਿਨਹਿ—ਜਿਸ ਨੇ]

੧੬.੪(ੳ).੪.੨ ਕਰਤਾ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਜੋ (ਪੁਲਿੰਗ)

੧. 'ਜੋ' ਸੇਵਹਿ ਸਤਿ ਮੁਰਾਰਿ, ਸੇ ਭਵਜਲ ਤਰਿ ਗਇਆ ॥
'ਜੋ' ਬੋਲਹਿ ਹਰਿ ਹਰਿ ਨਾਉ, ਤਿਨ ਜਮੁ ਛਡਿ ਗਇਆ ॥ਪਉੜੀ ੭॥ *(ਪੰਨਾ ੬੪੫)*

੨. 'ਜੋ' ਹਰਿ ਸੇਵਹਿ, ਸੇ ਸਦਾ ਸੋਹਹਿ, ਸੋਭਾ ਸੁਰਤਿ ਸੁਹਾਵਣਿਆ ॥ਰਹਾਉ॥੨੨॥ *(ਪੰਨਾ ੧੨੨)*

(ਇਸਤਰੀ-ਲਿੰਗ)

੧. 'ਜੋ' ਸਹ ਕੰਠਿ ਨ ਲਗੀਆ, ਜਲਨੁ ਸਿ ਬਾਹੜੀਆਹਾ ॥੧॥੩॥ *(ਪੰਨਾ ੫੫੮)*

੨. 'ਜੋ' ਮਨਿ ਚਿਤਿ ਨ ਚੇਤੇ ਸਨਿ, ਸੋ ਗਾਲੀ ਰਬ ਕੀਆਂ ॥੯੬॥ *(ਪੰਨਾ ੧੩੮੩)*

ਜੁ (ਪੁਲਿੰਗ)

੧. ਓਇ ਭੀ ਚੰਦਨੁ ਹੋਇ ਰਹੇ, ਬਸੇ 'ਜੁ' ਚੰਦਨ ਪਾਸਿ ॥੧੧॥ *(ਪੰਨਾ ੧੩੬੫)*

੨. ਹਉ ਬਲਿਹਾਰੀ ਤਿਨ ਕਉ, ਪੈਸਿ 'ਜੁ' ਨੀਕਸਿ ਜਾਹਿ ॥੨੬॥ *(ਪੰਨਾ ੧੩੬੫)*

ਜਿ (ਪੁਲਿੰਗ)

੧. 'ਜਿ' ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ,
ਤਿਨ ਅੰਦਰਿ ਕੂੜੁ, ਫਿਟੁ ਫਿਟੁ ਮੁਹ ਫਿਕੇ ॥ਪਉੜੀ ੮॥ *(ਪੰਨਾ ੩੦੪)*

੨. 'ਜਿ' ਸਤਿਗੁਰੁ ਸੇਵਨਿ, ਸੇ ਉਬਰੇ, ਹਰਿ ਸੇਤੀ ਲਿਵ ਲਾਇ ॥੧॥੧੬॥ *(ਪੰਨਾ ੬੫)*

(ਅ) ਸੰਬੰਧਕੀ-ਰੂਪ

ਜਿਨ੍/ਜਿਨ

੧. 'ਜਿਨ੍' ਇਕ ਮਨਿ ਧਿਆਇਆ, ਤਿਨ੍ ਸੁਖੁ ਪਾਇਆ, ਤੇ ਵਿਰਲੇ ਸੰਸਾਰਿ ਜੀਉ ॥੨॥੪॥ *(ਪੰਨਾ ੪੩੮)*

੨. 'ਜਿਨ' ਸੁਣਿ ਸਿਖਾ ਗੁਰੁ ਮੰਨਿਆ, ਤਿਨਾ ਭੁਖ ਸਭ ਜਾਵੀ ॥੧੮॥੨॥ *(ਪੰਨਾ ੭੨੬)*

੩. 'ਜਿਨ' ਸਤਿਗੁਰੁ ਪਿਆਰਾ ਦੇਖਿਆ, ਤਿਨ ਕਉ ਹਉ ਵਾਰੀ ॥
'ਜਿਨ' ਗੁਰ ਕੀ ਕੀਤੀ ਚਾਕਰੀ, ਤਿਨ ਸਦ ਬਲਿਹਾਰੀ ॥੩॥੨॥ *(ਪੰਨਾ ੭੨੫)*

ਜਿਨਾ

੧. 'ਜਿਨਾ' ਗੁਰੁ ਗੋਪਿਆ ਆਪਣਾ, ਤੇ ਨਰ ਬੁਰਿਆਰੀ ॥ਪਉੜੀ ੨੩॥ *(ਪੰਨਾ ੬੫੧)*

੨. 'ਜਿਨਾ' ਗੁਰਮੁਖਿ ਅੰਮ੍ਰਿਤੁ ਚਾਖਿਆ, ਸੇ ਜਨ ਤ੍ਰਿਪਤਾਤਾ ॥ਪਉੜੀ ੧੫॥ *(ਪੰਨਾ ੫੧੪)*

ਜਿਨੀ

੧. 'ਜਿਨੀ' ਸਚੁ ਵਣੰਜਿਆ ਹਰਿ ਜੀਉ, ਸੇ ਪੂਰੇ ਸਾਹਾ ਰਾਮ ॥੩॥੩॥ *(ਪੰਨਾ ੫੪੩)*

੨. 'ਜਿਨੀ' ਸਚੁ ਜਾਤਾ, ਸੇ ਸਚੇ ਹੋਏ, ਅਨਦਿਨੁ ਸਚੁ ਧਿਆਇਨਿ ॥੨॥੩॥ *(ਪੰਨਾ ੭੬੯)*

੩. 'ਜਿਨੀ' ਆਪਣਾ ਕੰਤੁ ਪਛਾਣਿਆ, ਹਉ ਤਿਨ ਪੂਛਉ ਸੰਤਾ ਜਾਏ ॥੩॥੧॥ *(ਪੰਨਾ ੫੮੩)*

ਜਿਹ

੧. 'ਜਿਹ' ਜਾਨਿਓ ਪ੍ਰਭੁ ਆਪੁਨਾ, ਨਾਨਕ ਤੇ ਭਗਵੰਤ ॥ਸਲੋਕ ੪੨॥ *(ਪੰਨਾ ੨੫੯)*

੨. 'ਜਿਹ' ਗੁਰ ਮਾਨਿ ਪ੍ਰਭੁ ਲਿਵ ਲਾਈ, ਤਿਹ ਮਹਾ ਅਨੰਦ ਰਸੁ ਕਰਿਆ ॥
'ਜਿਹ' ਪ੍ਰਭੁ ਬਿਸਾਰਿ ਗੁਰ ਤੇ ਬੇਮੁਖਾਈ, ਤੇ ਨਰਕ ਘੋਰ ਮਹਿ ਪਰਿਆ ॥੩॥੧੫॥ *(ਪੰਨਾ ੬੧੩)*

ਜਿਨਹੁ

੧. 'ਜਿਨਹੁ' ਬਾਤ ਨਿਸੁਲ ਧੂਅ ਜਾਨੀ, ਤੇਈ ਜੀਵ ਕਾਲ ਤੇ ਬਚਾ ॥੫॥
[ਜਿਨ, ਜਿਨਾ, ਜਿਨੀ, ਜਿਹ, ਜਿਨਹੁ—ਜਿਨ੍ਹਾਂ ਨੇ] *(ਪੰਨਾ ੧੪੦੨)*

੧੬.੪(ੳ).੫.੧ ਕਰਮ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਜੋ (ਪੁਲਿੰਗ)

੧. 'ਜੋ' ਉਪਾਇਓ ਤਿਸੁ ਤੇਰੀ ਆਸ ॥੪॥੩੭॥ *(ਪੰਨਾ ੮੬੪)*

ਜੋ (ਇਸਤਰੀ-ਲਿੰਗ)

੧. 'ਜੋ' ਕੀਨੀ ਕਰਤਾਰਿ, ਸਾਈ ਭਲੀ ਗਲ ॥ਪਉੜੀ ੧੬॥ *(ਪੰਨਾ ੯੬੪)*

ਜਿ (ਪੁਲਿੰਗ)

੧. ਸੋ ਭੂਲਾ, 'ਜਿ' ਪ੍ਰਭੁ ਭੁਲਾਇਆ ॥੪॥੧੭॥ *(ਪੰਨਾ ੧੦੦੪)*

੨. 'ਜਿ' ਕਰਾਵੈ, ਸੋ ਕਰਣਾ ॥
ਨਾਨਕ ਦਾਸ ਤੇਰੀ ਸਰਣਾ ॥੨॥੭੧॥ *(ਪੰਨਾ ੬੨੭)*

(ਇਸਤਰੀ-ਲਿੰਗ)

੧. **'ਜਿ' ਮਤਿ ਗਹੀ ਜੈਦੇਵਿ, 'ਜਿ' ਮਤਿ ਨਾਮੈ ਸੰਮਾਣੀ ॥੧੩॥** *(ਪੰਨਾ ੧੩੯੪)*
[ਪੜਨਾਂਵੀ ਵਿਸ਼ੇਸ਼ਣ]

ਜੇਹੜਾ (ਪੁਲਿੰਗ)

੧. **ਲਿਖਿਅੜਾ ਸਾਹਾ ਨਾ ਟਲੈ 'ਜੇਹੜਾ' ਪੁਰਬਿ ਕਮਾਇਆ ॥੩॥੫॥** *(ਪੰਨਾ ੫੮੨)*

ਜੋਈ ਜੋਈ

੧. **'ਜੋਈ ਜੋਈ' ਕੀਨੋ, ਸੋਈ ਸੋਈ ਦੇਖਿਓ ॥੩॥੧॥੩॥** *(ਪੰਨਾ ੧੨੯੩)*

ਜਿਹ

੧. **ਸੋਊ ਸਰਨਿ ਪਰੈ 'ਜਿਹ' ਪਾਯੰ ॥ਪਉੜੀ ੩॥** *(ਪੰਨਾ ੨੫੦)*
[ਜਿਹ—ਜਿਸ ਨੂੰ]

(ਅ) ਸੰਬੰਧਕੀ-ਰੂਪ

ਜਿਸੁ

੧. **'ਜਿਸੁ' ਆਪਿ ਭੁਲਾਏ, ਸੁ ਕਿਥੈ ਹਥੁ ਪਾਏ ॥**
ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥੩॥੩॥ *(ਪੰਨਾ ੧੧੦)*

੨. **ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥**
'ਜਿਸੁ' ਸਿਮਰਤ ਅਵਗੁਣ ਸਭਿ ਢਕੀਐ ॥੧॥੧੬॥ *(ਪੰਨਾ ੧੦੦੪)*

ਜਿਸਹਿ

੧. **'ਜਿਸਹਿ' ਉਧਾਰੇ ਨਾਨਕਾ, ਸੋ ਸਿਮਰੇ ਸਿਰਜਣਹਾਰੁ ॥੧੫॥** *(ਪੰਨਾ ੧੪੨੫)*

੨. **ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥**
'ਜਿਸਹਿ' ਦੇਖਿ ਹਉ ਜੀਵਾ ਮਾਇ ॥੧॥੫॥ *(ਪੰਨਾ ੧੧੮੧)*

ਜਿਹ

੧. **'ਜਿਹ' ਪਿਖਤ ਅਤਿ ਹੋਇ ਰਹਸੁ ਮਨਿ, ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥** *(ਪੰਨਾ ੧੪੦੬)*

ਜਾਸੁ

੧. **'ਜਾਸੁ' ਜਪਤ ਤੇਰਾ ਨਿਰਮਲ ਮਾਥਾ ॥**
'ਜਾਸੁ' ਜਪਤ ਸਗਲਾ ਦੁਖੁ ਲਾਥਾ ॥੬॥੨॥ *(ਪੰਨਾ ੨੩੬)*

ਯਾਸੁ

੧. **'ਯਾਸੁ' ਜਪਤ ਮਨਿ ਹੋਇ ਅਨੰਦੁ, ਬਿਨਸੈ ਦੂਜਾ ਭਾਉ ॥ਸਲੋਕੁ ੧੪॥** *(ਪੰਨਾ ੨੫੨)*
[ਜਿਸੁ, ਜਿਸਹਿ, ਜਿਹ, ਜਾਸੁ, ਯਾਸੁ—ਜਿਸ ਨੂੰ]

ਜਾ ਕਉ

੧. **'ਜਾ ਕਉ' ਮੇਲਿ ਲਏ ਪ੍ਰਭੁ ਨਾਨਕੁ, ਸੇ ਜਨ ਦਰਗਹ ਮਾਨੇ ॥੨॥੧੨੮॥** *(ਪੰਨਾ ੧੨੨੯)*
[ਜਾ ਕਉ—ਜਿਸ ਜਿਸ ਨੂੰ]

੧੬.੪(ਓ).੫.੨ ਕਰਮ ਕਾਰਕ—ਬਹੁ-ਵਚਨ

(ਓ) ਸਾਧਾਰਨ-ਰੂਪ

ਜਿ

੧. **ਅਮਲ 'ਜਿ' ਕੀਤਿਆ ਦੁਨੀ ਵਿਚਿ, ਸੇ ਦਰਗਹ ਓਗਾਹਾ ॥੬੮॥** *(ਪੰਨਾ ੧੩੮੩)*

੨. **ਫਰੀਦਾ ਅਮਲ 'ਜਿ' ਕੀਤੇ ਦੁਨੀ ਵਿਚਿ, ਦਰਗਹ ਆਏ ਕੰਮਿ ॥੧੦੦॥** *(ਪੰਨਾ ੧੩੮੩)*

ਜੋ

੧. **'ਜੋ' ਇਤੁ ਲਾਹੈ ਲਾਇਅਨੁ, ਭਗਤੀ ਦੇਇ ਭੰਡਾਰ ॥੩॥੩੪॥** *(ਪੰਨਾ ੪੨੮)*

੨. **'ਜੋ' ਸਤਿਗੁਰਿ ਫਿਟਕੇ, ਸੇ ਸਭ ਜਗਤਿ ਫਿਟਕੇ, ਨਿਤ ਭੰਭਲ ਭੂਸੇ ਖਾਹੀ ॥ਸ.੨॥੧੫॥**
[ਜਿ, ਜੋ—ਜਿਹੜੇ] *(ਪੰਨਾ ੩੦੮)*

(ਅ) ਸੰਬੰਧਕੀ-ਰੂਪ

ਜਿਨ

੧. **'ਜਿਨ' ਤੂ ਰਖਹਿ, ਤਿਨ ਨੇੜਿ ਨ ਆਵੈ, ਤਿਨ ਭਉ ਸਾਗਰੁ ਤਰਣਾ ॥ਸ.੨॥੧੬॥** *(ਪੰਨਾ ੧੨੮੬)*

੨. **'ਜਿਨ੍' ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ, ਜੋ ਹਰਿ ਮਨਿ ਭਾਏ ॥੩॥੧੮॥** *(ਪੰਨਾ ੪੫੦)*

ਜਿਨ੍ਹਾ

੧. **'ਜਿਨ੍ਹਾ' ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥ਸ.੨॥੬॥**
[ਜਿਨ੍ਹਾ ਦਿਸੰਦੜਿਆ—ਜਿਨ੍ਹਾਂ ਦੇ ਦਿਸ ਆਇਆਂ] *(ਪੰਨਾ ੫੨੦)*

ਜਾਹਿ

੧. **'ਜਾਹਿ' ਸਵਾਰੈ ਸਾਝ ਬਿਆਲ ॥**
ਇਤ ਉਤ ਮਨਮੁਖ ਬਾਧੇ ਕਾਲ ॥੩॥੧੧॥ *(ਪੰਨਾ ੧੫੪)*
[ਜਾਹਿ—ਜਿਨ੍ਹਾਂ ਨੂੰ]

ਜਿਨ ਕਉ

੧. **'ਜਿਨ ਕਉ' ਆਪਿ ਲਏ ਪ੍ਰਭੁ ਮੇਲਿ ॥**
ਤਿਨ ਕਉ ਕਾਲੁ ਨ ਸਾਕੈ ਪੇਲਿ ॥੨॥੧੫॥ *(ਪੰਨਾ ੩੫੩)*

੧੬.੪(ਓ).੬.੧ ਕਰਣ ਕਾਰਕ—ਇਕ-ਵਚਨ

ਜਿਹ

੧. **ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥**
'ਜਿਹ' ਘਟੈ ਮੂਲੁ ਨਿਤ ਬਢੈ ਬਿਆਜੁ ॥ਰਹਾਉ॥੬॥ *(ਪੰਨਾ ੧੧੮੫)*

੨. **ਆਰ ਨਹੀ 'ਜਿਹ' ਤੋਪਉ ॥**
ਨਹੀ ਰਾਂਬੀ ਠਾਉ ਰੋਪਉ ॥੧॥੭॥ *(ਪੰਨਾ ੬੫੯)*

ਜਿਤੁ

१. ਫੇਰਿ ਕਿ ਅਗੈ ਰਖੀਐ 'ਜਿਤੁ' ਦਿਸੈ ਦਰਬਾਰੁ ॥੪॥ *(ਪੰਨਾ ੨)*

२. 'ਜਿਤੁ' ਕੀਤਾ ਪਾਈਐ ਆਪਣਾ ਸਾ ਘਾਲ ਥੁਰੀ ਕਿਉ ਘਾਲੀਐ ॥ਪਉੜੀ ੨੧॥ *(ਪੰਨਾ ੪੨੪)*

३. ਮਾਹਾ ਰੁਤੀ ਮਹਿ ਸਦ ਬਸੰਤੁ ॥
'ਜਿਤੁ' ਹਰਿਆ ਸਭੁ ਜੀਅ ਜੰਤੁ ॥੧॥੧॥ *(ਪੰਨਾ ੧੧੭੨)*

४. ਐਸਾ ਕੰਮੁ ਮੂਲੇ ਨ ਕੀਚੈ 'ਜਿਤੁ' ਅੰਤਿ ਪਛੋਤਾਈਐ ॥੧੧॥ *(ਪੰਨਾ ੯੧੮)*
[ਜਿਹ, ਜਿਤੁ—ਜਿਸ ਦੁਆਰਾ]

੧੬.੪(ੳ).੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਜੈ

१. ਸੋ ਸਾਂਈ 'ਜੈਂ' ਵਿਸਰੈ, ਨਾਨਕ ਸੋ ਤਨੁ ਖੇਹ ॥੨॥੬॥ *(ਪੰਨਾ ੭੦੭)*

२. ਵਡੇ ਹਥਿ ਵਡਿਆਈਆ 'ਜੈ' ਭਾਵੈ, ਤੈ ਦੇਇ ॥੬॥੧॥ *(ਪੰਨਾ ੫੩)*

३. ਘੋਲਿ ਘੁਮਾਈ ਤਿਸੁ ਮਿਤ੍ ਵਿਚੋਲੇ, 'ਜੈ' ਮਿਲਿ ਕੰਤੁ ਪਛਾਣਾ ॥੧॥੧੫॥ *(ਪੰਨਾ ੯੬੪)*

ਜਿਸੁ

१. 'ਜਿਸੁ' ਗੁਰੁ ਸਾਚਾ ਭੇਟੀਐ ਭਾਈ, ਪੂਰਾ ਤਿਸੁ ਕਰਮਾਉ ॥੭॥੧॥ *(ਪੰਨਾ ੬੪੦)*

२. 'ਜਿਸੁ' ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥ਸਲੋਕ ੧॥੧੬॥ *(ਪੰਨਾ ੩੦੯)*

ਜਿਸਹਿ

१. 'ਜਿਸਹਿ' ਪਰਾਪਤਿ ਸਾਧ ਸੰਗੁ ॥
ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥੨॥੬॥ *(ਪੰਨਾ ੧੧੮੧)*

२. 'ਜਿਸਹਿ' ਦਿਖਾਲਾ ਵਾਟੜੀ, ਤਿਸਹਿ ਭੁਲਾਵੈ ਕਉਣੁ ॥ਸਲੋਕ ੧॥੧੨॥ *(ਪੰਨਾ ੯੫੨)*

ਜਿਹ

१. ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥
'ਜਿਹ' ਗੁਰੁ ਮਿਲੈ, ਤਿਹ ਪਾਰਿ ਉਤਾਰੈ ॥੪॥੫॥ *(ਪੰਨਾ ੧੧੬੪)*
[ਜੈ, ਜਿਸ, ਜਿਸਹਿ, ਜਿਹ—ਜਿਸ ਨੂੰ]

੧੬.੪(ੳ).੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਜਿਨ

१. 'ਜਿਨ' ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ ॥ਸ.੧॥੪॥ *(ਪੰਨਾ ੧੨੩੮)*

२. 'ਜਿਨ੍' ਦਰੁ ਸੂਝੈ ਸੇ ਕਦੇ ਨ ਵਿਗਾੜਹਿ, ਸਤਿਗੁਰਿ ਬੂਝ ਬੁਝਾਈ ॥੬॥੩॥ *(ਪੰਨਾ ੧੨੩੪)*

ਜਿਨਾ

१. 'ਜਿਨਾ' ਹਰਿ ਆਪਿ ਕ੍ਰਿਪਾ ਕਰੇ, ਸੇ ਗੁਰਿ ਸਮਝਾਇਆ ॥ਪਉੜੀ ੩॥ *(ਪੰਨਾ ੬੪੩)*

२. 'ਜਿਨਾ' ਹਰਿ ਕਾ ਸਾਦੁ ਆਇਆ, ਹਉ 'ਤਿਨ' ਬਲਿਹਾਰੈ ਜਾਸੁ ॥੪॥੩੪॥ *(ਪੰਨਾ ੨੬)*

३. ਵਿਸਰਿਆ 'ਜਿਨ੍' ਨਾਮੁ, ਤਿਨਾੜਾ ਹਾਲੁ ਕਉਣੁ ॥੩॥੧੦੬॥ *(ਪੰਨਾ ੩੯੭)*

ਜਿਹ

१. 'ਜਿਹ' ਅਨੁਗ੍ਰਹੁ ਠਾਕੁਰਿ ਕੀਓ ਆਪਿ ॥
ਸੇ ਤੈਂ ਲੀਨੇ ਭਗਤ ਰਾਖਿ ॥੭॥੧॥ *(ਪੰਨਾ ੧੧੬੨)*

२. 'ਜਿਹ' ਠਾਕੁਰੁ ਸੁਪ੍ਰਸੰਨੁ ਭਯੋ, ਸਤਸੰਗਤਿ ਤਿਹ ਪਿਆਰੁ ॥
ਹਰਿ ਗੁਰੁ ਨਾਨਕੁ ਜਿਨ੍ ਪਰਸਿਓ, ਤਿਨ੍ ਸਭ ਕੁਲ ਕੀਓ ਉਧਾਰੁ ॥੬॥
[ਜਿਨ, ਜਿਨਾ, ਜਿਹ—ਜਿਨ੍ਹਾਂ ਨੂੰ] *(ਪੰਨਾ ੧੩੮੬)*

੧੬.੪(ੳ).੮.੧ ਅਪਾਦਾਨ ਕਾਰਕ—ਇਕ-ਵਚਨ

ਜਿਦੂ

१. ਐਸਾ ਸਤਗੁਰੁ ਲੋੜਿ ਲਹੁ 'ਜਿਦੂ' ਪਾਈਐ ਸਚੁ ਸੋਇ ॥੩॥੪੪॥ *(ਪੰਨਾ ੩੦)*
[ਜਿਦੂ—(ਅੰਤਲੇ ਸੁਰ ਦਾ ਉਚਾਰਣ ਨਾਸਕੀ) ਜਿਸ ਤੋਂ]

ਜਿਸ ਤੇ

१. 'ਜਿਸ ਤੇ' ਉਪਜਿਆ ਨਾਨਕਾ, ਸੋਈ ਫਿਰਿ ਹੋਆ ॥੨॥੧॥ *(ਪੰਨਾ ੧੧੬੩)*

२. ਸਾਧ ਸੰਗਤਿ ਕਉ ਵਾਰਿਆ, ਜੀਉ ਕੀਆ ਕੁਰਬਾਣੁ ॥
'ਜਿਸ ਤੇ' ਸੋਝੀ ਮਨਿ ਪਈ, ਮਿਲਿਆ ਪੁਰਖੁ ਸੁਜਾਣੁ ॥੪॥੭੪॥ *(ਪੰਨਾ ੪੩)*

ਜਿਹ ਤੇ

१. 'ਜਿਹ ਤੇ' ਉਪਜਿਓ ਨਾਨਕਾ, ਲੀਨ ਤਾਹਿ ਮੈ ਮਾਨੁ ॥੧੧॥ *(ਪੰਨਾ ੧੪੨੬)*
[ਜਿਸ ਤੇ, ਜਿਹ ਤੇ—ਜਿਸ ਤੋਂ]

੧੬.੪(ੳ).੮.੨ ਅਪਾਦਾਨ ਕਾਰਕ—ਬਹੁ-ਵਚਨ

ਨੋਟ: ਕੋਈ ਉਦਾਹਰਣ ਅਜੇ ਮਿਲੀ ਨਹੀਂ।

੧੬.੪(ੳ).੯.੧ ਸੰਬੰਧ ਕਾਰਕ—ਇਕ-ਵਚਨ

ਜਿਸੁ

१. 'ਜਿਸੁ' ਹਥਿ ਜੋਰੁ ਕਰਿ ਵੇਖੈ ਸੋਇ ॥੩੩॥ *(ਪੰਨਾ ੭)*

२. 'ਜਿਸੁ' ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ ॥
'ਜਿਸੁ' ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥੧॥੭॥ *(ਪੰਨਾ ੧੦੧੯)*
[ਜਿਸੁ—ਜਿਸ ਦੇ]

ਜਾਸੁ

੧. **ਆਇਆ ਸਫਲ ਤਾਹੂ ਕੋ ਗਨੀਐ ॥**
'ਜਾਸੁ' ਰਸਨ ਹਰਿ ਹਰਿ ਜਸੁ ਭਨੀਐ ॥ਪਉੜੀ ੧੩॥ *(ਪੰਨਾ ੨੫੨)*
[ਜਾਸੁ (ਰਸਨ)—ਜਿਸ ਦੀ (ਰਸਨਾ ਦੁਆਰਾ)]

ਜਿਹ

੧. **'ਜਿਹ' ਪ੍ਰਸਾਦਿ ਪੀਵਹਿ ਸੀਤਲ ਜਲਾ ॥**
ਸੁਖਦਾਈ ਪਵਨੁ ਪਾਵਕੁ ਅਮੁਲਾ ॥
'ਜਿਹ' ਪ੍ਰਸਾਦਿ ਭੋਗਹਿ ਸਭਿ ਰਸਾ ॥
ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥੨॥੪॥ *(ਪੰਨਾ ੨੬੭)*
[ਜਿਹ (ਪ੍ਰਸਾਦਿ)—ਜਿਸ ਦੇ (ਪ੍ਰਸਾਦ ਕਰਕੇ)]

ਜਿਸ ਕਾ

੧. **'ਜਿਸ ਕਾ' ਸਾ ਤਿਨਿ ਲੀਆ ਮਿਲਾਇ ॥੩॥੨੦॥** *(ਪੰਨਾ ੨੮੯)*

ਜਿਸ ਕੀ

੧. **'ਜਿਸ ਕੀ' ਤਿਸ ਕੀ ਕਰਿ ਮਾਨੁ ॥੧॥੪੨॥** *(ਪੰਨਾ ੮੬੬)*

ਜਿਸ ਕੇ

੧. **'ਜਿਸ ਕੇ' ਸੇ ਫਿਰਿ ਤਿਨ ਹੀ ਸਮ੍ਹਾਲੇ, ਬਿਨਸੇ ਸੋਗ ਸੰਤਾਪ ॥੧॥੧੪॥** *(ਪੰਨਾ ੭੧੪)*

੧੬.੪(ਉ).੬.੨ ਸੰਬੰਧ ਕਾਰਕ—ਬਹੁ-ਵਚਨ

ਜਿਨ

੧. **'ਜਿਨ' ਗੁਣੁ ਪਲੈ ਨਾਨਕਾ, ਮਾਣਕ ਵਣਜਹਿ ਸੇਇ ॥ਸ.੨॥ਪਉੜੀ ੧੫॥** *(ਪੰਨਾ ੯੫੪)*

੨. **'ਜਿਨ' ਧੁਰਿ ਮਸਤਕਿ ਲਿਖਿਆ, ਤਿਨ ਸਤਿਗੁਰੁ ਮਿਲਿਆ ਆਇ ॥ਸ.੨॥ਪਉੜੀ ੬॥**
(ਪੰਨਾ ੧੩੧੬)

ਜਿਨਾ

੧. **'ਜਿਨਾ' ਪੋਤੈ ਪੁੰਨੁ, ਸੇ ਗਿਆਨ ਬੀਚਾਰੀ ॥੪॥੨੭॥** *(ਪੰਨਾ ੧੬੦)*

੨. **'ਜਿੰਨ੍ਹਾ' ਨੈਣ ਨੀਦ੍ਰਾਵਲੇ, ਤਿੰਨ੍ਹਾ ਮਿਲਣੁ ਕੁਆਉ ॥੮੦॥** *(ਪੰਨਾ ੧੩੮੨)*

੩. **'ਜਿਨ੍ਹਾ' ਨਾਉ ਸੁਹਾਗਣੀ, ਤਿਨ੍ਹਾ ਝਾਕ ਨ ਹੋਰ ॥੧੧੪॥** *(ਪੰਨਾ ੧੩੮੪)*

ਜਿਹ

੧. **'ਜਿਹ' ਕਾਟੀ ਸਿਲਕ ਦਯਾਲ ਪ੍ਰਭਿ, ਸੇਇ ਜਨ ਲਗੇ ਭਗਤੇ ॥੮॥** *(ਪੰਨਾ ੧੩੮੬)*
[ਜਿਨ...ਪਲੈ—ਜਿਨ੍ਹਾਂ ਦੇ ਪਲੇ ਵਿਚ, ਜਿਨ...ਮਸਤਕਿ—ਜਿਨ੍ਹਾਂ ਦੇ ਮੱਥੇ ਉੱਤੇ,
ਜਿਨਾ ਪੋਤੈ—ਜਿਨ੍ਹਾਂ ਦੇ ਪੋਤੇ ਵਿਚ, ਜਿਨਾ ਨੈਣ—ਜਿਨ੍ਹਾਂ ਦੇ ਨੈਣ,
ਜਿਨ੍ਹਾ ਨਾਉ—ਜਿਨ੍ਹਾਂ ਦਾ ਨਾਂ, ਜਿਹ...ਸਿਲਕ—ਜਿਨ੍ਹਾਂ ਦੀ ਫਾਹੀ]

ਸੰਬੰਧਕੀ ਪਦਾਂ ਨਾਲ

੧. **'ਜਿਨ ਕੇ' ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ਰਹਾਉ॥੭॥**
(ਪੰਨਾ ੧੨੦੦)

੨. **'ਜਿਨਾ ਕੀ' ਮੈ ਆਸੜੀ ਤਿਨਾ ਮਹਿਜੀ ਆਸ ॥ਸ.੧॥ਪਉੜੀ ੬॥** *(ਪੰਨਾ ੧੦੬੭)*

੧੬.੪(ਉ).੧੦.੧ ਅਧਿਕਰਣ ਕਾਰਕ—ਇਕ-ਵਚਨ

ਜਿਤੁ

੧. **'ਜਿਤੁ' ਭਾਵੈ ਤਿਤੁ ਲਾਇਸੀ, ਜਿਉ ਤਿਸ ਦੀ ਵਡਿਆਈ ਰਾਮ ॥੪॥੪॥**
(ਪੰਨਾ ੫੭੦)

੨. **ਨਾਨਕ 'ਜਿਤੁ' ਆਪੇ ਲਾਏ, ਤਿਤੁ ਲਗੇ, ਕਹਣਾ ਕਿਛੂ ਨ ਜਾਇ ॥ਸਲੋਕ ੧॥੧੮॥**
(ਪੰਨਾ ੫੬੩)

੩. **ਜੀਅ ਜੰਤ ਸਭਿ ਤੁਧੁ ਉਪਾਏ ॥**
'ਜਿਤੁ ਜਿਤੁ' ਭਾਣਾ ਤਿਤੁ ਤਿਤੁ ਲਾਏ ॥੩॥੨੧॥ *(ਪੰਨਾ ੧੦੩)*

੪. **ਧੰਨੁ ਸੁ ਗ੍ਰਿਹੁ 'ਜਿਤੁ' ਪ੍ਰਗਟੀ ਆਇ ॥੪॥੩॥** *(ਪੰਨਾ ੩੭੧)*
[ਜਿਤੁ—ਜਿਸ ਵਿਚ]

ਨੋਟ : 'ਜਿ' ਅਤੇ 'ਜਿਹ' ਦੀ ਵਰਤੋਂ ਵੀ ਅਧਿਕਰਣ ਕਾਰਕ, ਇਕ-ਵਚਨ ਵਿਚ ਗੁਰਬਾਣੀ ਅੰਦਰ ਮਿਲਦੀ ਹੈ। ਪੜਨਾਂਵ ਰੂਪ ਵਿਚ ਕੋਈ ਉਦਾਹਰਣ ਅਜੇ ਮਿਲ ਨਹੀਂ ਸਕੀ। 'ਵਿਸ਼ੇਸ਼ਣ' ਵਜੋਂ ਇਹਨਾਂ ਦੀ ਵਰਤੋਂ ਦੀਆਂ ਉਦਾਹਰਣਾਂ ਲਈ ਵੇਖੋ ਵਿਸ਼ੇਸ਼ਣ ਵਾਲਾ ਅਧਿਆਇ। ਦੋ ਕੁ ਉਦਾਹਰਣਾਂ ਥਲੇ ਦਿੱਤੀਆਂ ਜਾਂਦੀਆਂ ਹਨ :

ਜਿਹ

੧. **'ਜਿਹ ਪੈਡੇ' ਲੂਟੀ ਪਨਿਹਾਰੀ ॥**
ਸੋ ਮਾਰਗੁ ਸੰਤਨ ਦੂਰਾਰੀ ॥੧॥੬੧॥ *(ਪੰਨਾ ੩੯੩)*

੨. **'ਜਿਹ ਕੁਲ' ਦਾਸੁ ਨ ਊਪਜੈ, ਸੋ ਕੁਲ ਢਾਕੁ ਪਲਾਸੁ ॥੧੧੧॥**
(ਪੰਨਾ ੧੩੭੦)

ਜਿ

੧. **ਫਰੀਦਾ 'ਜਿ ਦਿਹਿ' ਨਾਲਾ ਕਪਿਆ, ਜੇ ਗਲੁ ਕਪਹਿ ਚੁਖ ॥੭੬॥**
[ਜਿ ਦਿਹਿ—ਜਿਸ ਦਿਨ] *(ਪੰਨਾ ੧੩੮੧)*

੧੬.੪(ਅ) ਅਨੁਸੰਬੰਧ-ਵਾਚਕ ਪੜਨਾਂਵ

੧੬.੪(ਅ).੧ ਜਾਣ-ਪਛਾਣ

ਅਨੁਸੰਬੰਧ-ਵਾਚਕ ਪੜਨਾਂਵ, ਸੰਬੰਧ-ਵਾਚਕ ਪੜਨਾਂਵ ਦਾ ਹੀ ਇਕ ਹਿੱਸਾ ਹੈ। ਕਦੀ ਕਦੀ ਕਿਸੇ ਵਾਕ ਦੇ ਇਕ ਉਪਵਾਕ ਵਿਚ ਆਏ ਸੰਬੰਧ-ਵਾਚਕ ਪੜਨਾਂਵ 'ਜੋ' ਦੇ ਨਾਲ ਦੂਜੇ ਉਪਵਾਕ ਵਿਚ 'ਸੋ' ਜਾਂ 'ਉਹ' ਪੜਨਾਂਵ ਆਉਂਦਾ ਹੈ, ਉਸ ਨੂੰ ਅਨੁਸੰਬੰਧ ਪੜਨਾਂਵ ਕਹੀਦਾ ਹੈ; ਜਿਵੇਂ :

- ਜੋ ਅੜੇ 'ਸੋ' ਝੜੇ।
- ਜੋ ਹੰਕਾਰਿਆ 'ਸੋ' ਮਾਰਿਆ।

੧੬.੪(ਅ).੨ ਕਾਰਕ ਰੂਪ-ਸਾਧਨਾ

ਕਾਰਕ ਦਾ ਨਾਂ	*ਇਕ-ਵਚਨ*	*ਬਹੁ-ਵਚਨ*
ਕਰਤਾ ਕਾਰਕ		
ਸਾਧਾਰਨ-ਰੂਪ (ਪੁਲਿੰਗ)	ਸੋ, ਸੋਈ, ਸੋਊ	ਸੇ, ਸਿ, ਸੇਇ, ਓਇ, ਤੇ
(ਇਸਤਰੀ-ਲਿੰਗ)	ਸਾ, ਸਾਈ	
(ਸੰਬੰਧਕੀ-ਰੂਪ)	ਤਿਨਿ, ਤਿਨ੍ਹੀ, ਤਿਨ ਹੀ, ਤਿਨਹਿ	ਤਿਨ, ਤਿਨੀ, ਤਿਨਹੂ, ਤਿਹ
ਕਰਮ ਕਾਰਕ	ਤੈ, ਤਿਸੁ, ਤਿਸੈ, ਤਿਸਹਿ, ਤਿਹ, ਤਾਸੁ, ਤਾਸ ਕਉ	ਤੇ, ਤਿਨੁ
ਸੰਪ੍ਰਦਾਨ ਕਾਰਕ	ਤਿਸੁ, ਤਿਸੈ, ਤਿਸਹਿ, ਤਿਸ ਹੀ, ਤਿਸ ਕਉ, ਤਿਸ ਨੋ, ਤਿਹ, ਤੈ, ਤਾਸੁ	ਤਿਨ, ਤਿੰਨ੍ਹਾ, ਤਿਨ੍ਹਾ, ਤਿਨਹੁ, ਤਿਨ੍ ਕਉ, ਤਿਨਹੂ ਕਉ
ਅਪਾਦਾਨ ਕਾਰਕ	ਤਿਸ ਤੇ	
ਸੰਬੰਧ ਕਾਰਕ	ਤਿਸੁ, ਤਿਸ ਹੀ, ਤਿਸ ਕਾ, ਤਿਸ ਕੀ, ਤਿਹ, ਤਸ੍, ਤਾਹੂ ਕੋ, ਜਿਸ ਕੀ	ਤਿਨ,ਤਿਨਾ,ਤਿਨ ਕੀ, ਤਿਹ, ਤਿਨਾੜਾ
ਅਧਿਕਰਣ ਕਾਰਕ	ਤਿਤੁ, ਤਿਤ ਹੀ, ਤਿਨਿ, ਤਾਸੁ, ਤਿਸੁ ਮਾਹਿ, ਤਾਹਿ ਮੈ	

੧੬.੪(ਅ).੩ ਕੁਝ ਧਿਆਨ-ਜੋਗ ਨੁਕਤੇ

(੧) 'ਤੈ' ਅਨੁਸੰਬੰਧ-ਵਾਚੀ ਪੜਨਾਂਵ ਵੀ ਹੈ ਅਤੇ ਏਸੇ ਹੀ ਰੂਪ ਵਿਚ ਮੱਧਮ ਪੁਰਖ ਦਾ ਇਕ-ਵਚਨ ਪੁਰਖਵਾਚੀ ਪੜਨਾਂਵ ਵੀ ਹੈ। ਦੋਹਾਂ ਹਾਲਤਾਂ ਵਿਚ ਇਸ ਦੇ ਉਚਾਰਣ ਅਤੇ ਅਰਥ ਵਿਚ ਫ਼ਰਕ ਹੈ:

ਅਨੁਸੰਬੰਧ-ਵਾਚੀ ਪੜਨਾਂਵ

੧. **ਲਾਲਨੁ 'ਤੈ' ਪਾਇਆ ਆਪੁ ਗਵਾਇਆ, ਜੈ ਧਨ ਭਾਗ ਮਥਾਣੇ ॥੩॥੧॥**
ਤੈ—ਤਿਸ ਨੇ। (ਉਚਾਰਣ ਨਾਸਿਕਤਾ ਬਿਨਾ) *(ਪੰਨਾ ੭੦੪)*

੨. **ਏਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ 'ਤੈ' ਦੇਇ ॥੧੩॥** *(ਪੰਨਾ ੧੩੭੮)*
ਤੈ—ਤਿਸ ਨੂੰ। (ਉਚਾਰਣ ਨਾਸਿਕਤਾ ਬਿਨਾ)

ਪੁਰਖਵਾਚੀ ਪੜਨਾਂਵ (ਮੱਧਮ ਪੁਰਖ)

੧. **'ਤੈ' ਨਰ ਕਿਆ ਪੁਰਾਨੁ ਸੁਨਿ ਕੀਨਾ ॥ਰਹਾਉ॥੬॥** *(ਪੰਨਾ ੧੨੫੩)*
ਤੈ—[ਉਚਾਰਣ ਨਾਸਕੀ] ਤੂੰ (ਨੇ)।

੨. **ਲਾਲੁ ਚਲੋਨਾ 'ਤੈ' ਤਨਿ ਸੋਹਿਆ ॥੧॥੫੨॥** *(ਪੰਨਾ ੩੮੪)*
ਤੈ (ਤਨਿ)—[ਉਚਾਰਣ ਨਾਸਕੀ] ਤੇਰੇ (ਤਨ ਉੱਤੇ)।

(੨) ਅਜੋਕੀ ਪੰਜਾਬੀ ਭਾਸ਼ਾ ਵਿਚ ਪੜਨਾਂਵ 'ਸੋ' ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਇਕਸਾਰ ਵਰਤਿਆ ਜਾਂਦਾ ਹੈ। ਪਰ ਗੁਰਬਾਣੀ ਅਥਵਾ ਪੁਰਾਤਨ ਪੰਜਾਬੀ

ਵਿਚ ਪੁਲਿੰਗ ਲਈ 'ਸੋ' ਅਤੇ ਇਸਤਰੀ-ਲਿੰਗ ਲਈ 'ਸਾ' ਦੀ ਵਰਤੋਂ ਕੀਤੀ ਮਿਲਦੀ ਹੈ।

(੩) 'ਸੋ' ਦਾ ਸੰਬੰਧਕੀ-ਰੂਪ 'ਤਿਸੁ' (_)-ਅੰਤਿਕ ਹੈ। ਲਿੰਗ-ਭੇਦ ਕਾਰਨ ਇਸ ਦੇ ਰੂਪ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਜਿਸ, ਕਿਸੁ, ਉਸੁ ਵਾਂਗ 'ਤਿਸੁ' ਪੜਨਾਂਵ ਦਾ ਅੰਤਲਾ (_) ਕੇਵਲ ਕੁਝ ਵਿਸ਼ੇਸ਼ ਸੰਬੰਧਕੀ-ਪਦਾਂ ਅਤੇ ਅੱਵਿਐ 'ਹੀ' ਅੱਗੇ ਆਉਣ ਕਾਰਨ ਹੀ ਲਥਦਾ ਹੈ, ਹੋਰ ਸਾਧਾਰਨ ਕਿਸਮ ਦੇ ਸੰਬੰਧਕੀ-ਪਦਾਂ ਦੇ ਆਉਣ ਦੇ ਬਾਵਜੂਦ ਇਸ ਦਾ ਅੰਤਲਾ (_) ਕਾਇਮ ਰਹਿੰਦਾ ਹੈ; ਜਿਵੇਂ:

ਸਾਧਾਰਨ ਸੰਬੰਧਕੀ-ਪਦਾਂ ਨਾਲ

੧. **'ਤਿਸੁ' ਸਿਉ ਕਿਉ ਮਨ ਰੂਸੀਐ, ਜਿਸਹਿ ਹਮਾਰੀ ਚਿੰਦ ॥ਸਲੋਕ ੨॥ਪਉੜੀ ੩੪॥** *(ਪੰਨਾ ੧੨੫੦)*

੨. **'ਤਿਸੁ' ਆਗੈ ਰਹਰਾਸਿ ਹਮਾਰੀ, ਸਾਚਾ ਅਪਰ ਅਪਾਰੋ ॥੧॥** *(ਪੰਨਾ ੬੩੮)*

੩. **'ਤਿਸੁ' ਊਪਰ ਤੇ ਕਾਲੁ ਪਰਹਰੈ ॥੧॥੩੮॥** *(ਪੰਨਾ ੧੧੪੬)*

੪. **'ਤਿਸੁ' ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥੩੪॥** *(ਪੰਨਾ ੭)*

੫. **'ਤਿਸੁ' ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ ॥੧੩੩॥** *(ਪੰਨਾ ੧੩੭੧)*

ਵਿਸ਼ੇਸ਼ ਸੰਬੰਧਕੀ-ਪਦਾਂ ਨਾਲ

੧. **'ਤਿਸ' ਕੈ ਭਾਣੈ ਕੋਇ ਨ ਭੁਲਾ, ਜਿਨਿ ਸਗਲੋ ਬ੍ਰਹਮੁ ਪਛਾਤਾ ॥ਰਹਾਉ॥੬॥** *(ਪੰਨਾ ੬੧੦)*

੨. **'ਤਿਸ' ਦਾ ਅੰਤੁ ਨ ਜਾਪਈ, ਗੁਰ ਸਬਦਿ ਬੁਝਾਈ ॥ਪਉੜੀ ੩॥** *(ਪੰਨਾ ੭੮੬)*

੩. **'ਤਿਸ' ਤੇ ਭਾਰੁ, ਤਲੈ ਕਵਣੁ ਜੋਰੁ ॥੧੬॥** *(ਪੰਨਾ ੩)*

੪. **'ਤਿਸ' ਨੋ ਊਹੇ ਕਵਣੁ, ਜਿਸੁ ਵਲਿ ਨਿਰੰਕਾਰ ॥ਪਉੜੀ॥੧੭॥** *(ਪੰਨਾ ੫੨੨)*

੫. **'ਤਿਸ' ਕਉ ਵਾਹੁ ਵਾਹੁ, ਜਿ ਵਾਟ ਦਿਖਾਵੈ ॥**
'ਤਿਸ' ਕਉ ਵਾਹੁ ਵਾਹੁ, ਜਿ ਸਬਦੁ ਸੁਣਾਵੈ ॥੬॥੧੨॥ *(ਪੰਨਾ ੨੨੬)*

੬. **ਜਿਸ ਹੀ ਕੀ ਸਿਰਕਾਰ ਹੈ, 'ਤਿਸ' ਹੀ ਕਾ ਸਭੁ ਕੋਇ ॥੧॥੩੬॥** *(ਪੰਨਾ ੨੭)*

(੪) 'ਤਿਨਿ' ਕਰਤਾ ਕਾਰਕ ਦੇ ਸੰਬੰਧਕੀ-ਰੂਪ ਵਾਲਾ, ਇਕ-ਵਚਨ ਪੜਨਾਂਵ ਹੈ। ਜਦੋਂ ਇਸ ਪੜਨਾਂਵ ਦੇ ਅੱਗੇ ਅੱਵਿਐ 'ਹੀ' ਆ ਜਾਵੇ ਤਾਂ ਇਸ ਦਾ ਅੰਤਲਾ ਸੁਰ (f) ਲਥ ਜਾਂਦਾ ਹੈ:

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥
'ਤਿਨ' ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥੫॥
[ਤਿਨ ਹੀ—ਉਸ ਨੇ ਹੀ] *(ਪੰਨਾ ੬੭੧)*

ਦੂਜੇ ਪਾਸੇ 'ਤਿਨ' ਕਰਤਾ ਕਾਰਕ ਦੇ ਸੰਬੰਧਕੀ-ਰੂਪ ਵਾਲਾ ਬਹੁ-ਵਚਨ ਪੜਨਾਂਵ ਹੈ। ਗੁਰਬਾਣੀ ਵਿਚ ਇਸ ਨਾਲ ਵੀ 'ਹੀ' ਦੀ ਵਰਤੋਂ ਕੀਤੀ ਮਿਲਦੀ ਹੈ:

ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ ॥
'ਤਿਨ' ਹੀ ਜੈਸੀ ਥੀ ਰਹਾ ਸਤ ਸੰਗਤਿ ਮੇਲਿ ਮਿਲਾਇ ॥੧॥੬੧॥ *(ਪੰਨਾ ੩੮)*
[ਤਿਨ ਹੀ (ਜੈਸੀ)—ਉਹਨਾਂ (ਵਰਗੀ) ਹੀ]

(ਪ) 'ਤਿਸੁ' ਵਾਸਤਵ ਵਿਚ ਪੜਨਾਂਵ ਹੈ, ਪਰ ਜਦੋਂ ਕਿਸੇ ਨਾਂਵ ਨਾਲ ਵਿਸ਼ੇਸ਼ਣ ਰੂਪ ਵਿਚ ਵਰਤਿਆ ਜਾਵੇ ਤਾਂ ਇਹ ਵਿਸ਼ੇਸ਼ਣ ਹੋ ਜਾਂਦਾ ਹੈ।

(੬) ਵਿਸ਼ੇਸ਼ਣ 'ਤਿਸੁ' ਦਾ ਅੰਤਲਾ (ੁ) ਹਰ ਹਾਲਤ ਵਿਚ ਕਾਇਮ ਰਹਿੰਦਾ ਹੈ, ਕਿਉਂ ਜੁ ਸੰਬੰਧਕੀ-ਪਦ; ਭਾਵੇਂ ਸਾਧਾਰਨ ਹੋਣ ਜਾਂ ਵਿਸ਼ੇਸ਼, ਕੇਵਲ ਇਸ ਨਾਲ ਵਰਤੇ ਗਏ ਨਾਂਵ ਦੇ ਰੂਪ ਨੂੰ ਹੀ ਪ੍ਰਭਾਵਿਤ ਕਰਦੇ ਹਨ; ਜਿਵੇਂ :

੧. 'ਤਿਸੁ' ਗੁਰ ਕਉ ਸਿਮਰਉ ਸਾਸਿ ਸਾਸਿ ॥ਰਹਾਉ॥੬॥ *(ਪੰਨਾ ੨੩੯)*

੨. 'ਤਿਸੁ' ਠਾਕੁਰ ਕੇ ਚਿਤਿ ਰਖੁ ਚਰਨਾ ॥੪॥੨॥ *(ਪੰਨਾ ੯੧੩)*

੩. 'ਤਿਸੁ' ਜਨ ਕੈ ਸੰਗਿ ਤਰੈ ਸਭੁ ਕੋਈ, ਸੋ ਪਰਵਾਰ ਸਧਾਰਣਾ ॥੧੫॥੬॥ *(ਪੰਨਾ ੧੦੭੭)*

੪. 'ਤਿਸੁ' ਪ੍ਰਭ ਤੇ ਸਗਲੀ ਉਤਪਤਿ ॥੫॥੨੩॥ *(ਪੰਨਾ ੨੯੪)*

੫. 'ਤਿਸੁ' ਭਗਉਤੀ ਕੀ ਮਤਿ ਊਤਮ ਹੋਵੈ ॥੩॥੬॥ *(ਪੰਨਾ ੨੭੪)*

੧੬.੪(ਅ).੪ ਗੁਰਬਾਣੀ ਦੀਆਂ ਉਦਾਹਰਣਾਂ

੧੬.੪(ਅ).੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਸੋ (ਪੁਲਿੰਗ)

੧. ਜੋ ਮਿਲਿਆ ਹਰਿ ਦੀਬਾਣ ਸਿਉ, 'ਸੋ' ਸਭਨੀ ਦੀਬਾਣੀ ਮਿਲਿਆ ॥ਪਉੜੀ॥੧੧॥ *(ਪੰਨਾ ੮੭)*

੨. ਜੋ ਹਰਿ ਪ੍ਰਭ ਭਾਣਾ, 'ਸੋ' ਥੀਆ, ਧੁਰਿ ਲਿਖਿਆ ਨ ਮੇਟੈ ਕੋਇ ॥੩॥੬੮॥ *(ਪੰਨਾ ੪੧)*

ਸਾ (ਇਸਤਰੀ-ਲਿੰਗ)

੧. ਜੋ ਮਨਿ ਤਨਿ ਮੁਖਿ ਹਰਿ ਬੋਲੈ, 'ਸਾ' ਹਰਿ ਭਾਵਣੀ ॥
ਜੋ ਗੁਰਮੁਖਿ ਚਖੈ ਸਾਦੁ 'ਸਾ' ਤ੍ਰਿਪਤਾਵਣੀ ॥ਪਉੜੀ ੧੩॥ *(ਪੰਨਾ ੬੪੭)*

ਸੋਈ (ਪੁਲਿੰਗ)

੧. ਜੋਈ ਜੋਈ ਜੋਰਿਓ, 'ਸੋਈ' 'ਸੋਈ' ਫਾਟਿਓ ॥੨॥੩॥ *(ਪੰਨਾ ੧੨੯੩)*

੨. ਜੋ ਤਿਸੁ ਭਾਣਾ 'ਸੋਈ' ਹੂਆ ॥
ਅਵਰੁ ਨ ਕਰਣੈ ਵਾਲਾ ਦੂਆ ॥੧॥੧੦॥ *(ਪੰਨਾ ੧੫੪)*

ਸਾਈ (ਇਸਤਰੀ-ਲਿੰਗ)

੧. 'ਸਾਈ' ਸੋਹਾਗਣਿ ਨਾਨਕਾ, ਜੋ ਭਾਣੀ ਕਰਤਾਰਿ ਰੀ ॥੪॥੧੧੮॥ *(ਪੰਨਾ ੪੦੦)*

ਸੋਊ (ਪੁਲਿੰਗ)

੧. 'ਸੋਊ' ਸਰਨਿ ਪਰੈ, ਜਿਹ ਪਾਯੰ ॥ਪਉੜੀ ੩॥ *(ਪੰਨਾ ੨੫੦)*

(ਅ) ਸੰਬੰਧਕੀ-ਰੂਪ

ਤਿਨਿ

੧. ਜਿਨਿ ਸੇਵਿਆ, 'ਤਿਨਿ' ਪਾਇਆ ਮਾਨੁ ॥੫॥ *(ਪੰਨਾ ੨)*

੨. ਜਿਨਿ ਕੀਆ 'ਤਿਨਿ' ਦੇਖਿਆ, ਕਿਆ ਕਹੀਐ ਰੇ ਭਾਈ ॥੧॥੧॥ *(ਪੰਨਾ ੭੨੪)*

ਤਿਨਹਿ

੧. ਜਿਨਹਿ ਉਪਾਹਾ, 'ਤਿਨਹਿ' ਬਿਨਾਹਾ ॥
ਰੰਗ ਰਸਾ ਜੈਸੇ ਸੁਪਨਾਹਾ ॥੪॥੮੬॥ *(ਪੰਨਾ ੩੯੨)*

੨. ਕਾਂਇ ਰੇ ਬਕਬਾਦੁ ਲਾਇਓ ॥
ਜਿਨਿ ਹਰਿ ਪਾਇਓ, 'ਤਿਨਹਿ' ਛਪਾਇਓ ॥ਰਹਾਉ॥੧॥ *(ਪੰਨਾ ੭੧੮)*

ਤਿਨ ਹੀ

੧. ਜਿਨਹਿ ਨਿਵਾਜੇ, 'ਤਿਨ ਹੀ' ਸਾਜੇ, ਆਪੇ ਕੀਨੇ ਸੰਤ ਜਇਆ ॥੪॥੫੫॥ *(ਪੰਨਾ ੯੦੦)*

੨. ਜਿਨਿ ਸੇਵਿਆ, 'ਤਿਨ ਹੀ' ਸੁਖੁ ਪਾਇਆ, ਸੋ ਜਨਮੁ ਨ ਜੂਐ ਹਾਰੀ ਜੀਉ ॥੨॥੪੬॥ *(ਪੰਨਾ ੧੦੭)*

ਤਿਨ੍ਹੀ

੧. ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ, ਤਾ 'ਤਿਨ੍ਹੀ' ਸਚੁ ਕਮਾਇਆ ॥ਪਉੜੀ ੮॥ *(ਪੰਨਾ ੪੬੭)*

ਨੋਟ : (੧) ਤਿਨ ਹੀ = ਤਿਨਿ (ਹੀ)—ਅੱਵਿਐ 'ਹੀ' ਅੱਗੇ ਆਉਣ ਕਾਰਨ ਇਕ-ਵਚਨੀ ਪੜਨਾਂਵ 'ਤਿਨਿ' ਦੀ ਅੰਤਲੀ ਸਿਹਾਰੀ ਲਥ ਗਈ ਹੈ।
(੨) ਪੜਨਾਂਵ 'ਤਿਨਹਿ' ਅਤੇ 'ਤਿਨ੍ਹੀ' ਵੀ 'ਤਿਨ ਹੀ' ਦਾ ਹੀ ਕਾਵਿਕ ਰੂਪਾਂਤਰ ਜਾਪਦੇ ਹਨ।

੧੬.੪(ਅ).੪.੨ ਕਰਤਾ ਕਾਰਕ—ਬਹੁ-ਵਚਨ

(ੳ) ਸਾਧਾਰਨ-ਰੂਪ

ਸੇ (ਪੁਲਿੰਗ)

੧. ਜੋ ਸੇਵਹਿ ਸਤਿ ਮੁਰਾਰਿ, 'ਸੇ' ਭਵਜਲ ਤਰਿ ਗਇਆ ॥ਪਉੜੀ॥੭॥ *(ਪੰਨਾ ੬੪੫)*

੨. ਜੋ ਹਰਿ ਸੇਵਹਿ, 'ਸੇ' ਸਦਾ ਸੋਹਹਿ, ਸੋਭਾ ਸੁਰਤਿ ਸੁਹਾਵਣਿਆ ॥ਰਹਾਉ॥੨੨॥ *(ਪੰਨਾ ੧੨੨)*

੩. ਜੋ ਬੈਠੇ, 'ਸੇ' ਢਾਥਿਆ, ਊਬਰੇ ਭਾਗ ਮਥਾਇ ॥ਸਲੋਕ ੨॥੬॥ *(ਪੰਨਾ ੧੦੬੭)*

੪. ਆਏ 'ਸੇ' ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥੩॥੬੮॥ *(ਪੰਨਾ ੫੨)*

੫. ਜਿਨੀ ਐਸਾ ਹਰਿ ਨਾਮੁ ਨ ਚੇਤਿਓ, 'ਸੇ' ਕਾਹੇ ਜਗਿ ਆਏ ਰਾਮ ਰਾਜੇ ॥੨॥੧੮॥ *(ਪੰਨਾ ੪੫੦)*

੬. ਜਿਨ੍ ਤੂੰ ਮੇਲਹਿ ਪਿਆਰੇ 'ਸੇ' ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥੩॥੧੮॥ *(ਪੰਨਾ ੪੫੦)*

ਸਿ

੧. ਜੋ ਸਹ ਕੰਠਿ ਨ ਲਗੀਆ ਜਲਨੁ 'ਸਿ' ਬਾਹੜੀਆਹਾ ॥੧॥੩॥ *(ਪੰਨਾ ੫੫੮)*
[ਨੋਟ : 'ਸਿ' ਵਾਲੀ ਉਦਾਹਰਣ ਵਿਸ਼ੇਸ਼ਣ ਦੀ ਹੈ]

ਸੇਇ

੧. ਜਿਨ ਕਉ ਲਗੀ ਪਿਆਸ, ਅੰਮ੍ਰਿਤੁ 'ਸੇਇ' ਖਾਹਿ ॥ਪਉੜੀ॥੬॥ *(ਪੰਨਾ ੯੬੨)*

ਤੇ (ਪੁਲਿੰਗ)

੧. 'ਤੇ' ਨਿਰਭਉ ਜਿਨ ਸ੍ਰੀਰਾਮੁ ਧਿਆਇਆ, ਗੁਰਮਤਿ ਮੁਰਾਰਿ ਹਰਿ ਮੁਕੰਦੇ ॥੧॥੭॥ *(ਪੰਨਾ ੧੩੨੧)*

੨. 'ਤੇ' ਉਧਰੇ ਬਸੇ ਜਿਹ ਚੀਤ ॥੧॥੫॥ *(ਪੰਨਾ ੧੨੯੬)*

ਓਇ

੧. 'ਓਇ' ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥ *(ਪੰਨਾ ੧੩੬੫)*

(ਅ) ਸੰਬੰਧਕੀ-ਰੂਪ

ਤਿਨ

੧. ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥
'ਤਿਨ' ਕੂੜ ਤਿਆਗੇ ਹਰਿ ਲਿਵ ਲਾਈ ॥੩॥੪੩॥ *(ਪੰਨਾ ੧੬੫)*

ਤਿਨੀ

੧. ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ, 'ਤਿਨੀ' ਸਤਿਗੁਰ ਕੀ ਗਲ ਮੰਨੀ ॥ਪਉੜੀ ੧੨॥ *(ਪੰਨਾ ੫੯੧)*

੨. ਜਿਨੀ ਹਰਿ ਹਰਿ ਨਾਮੁ ਧਿਆਇਆ, 'ਤਿਨੀ' ਪਾਇਅੜੇ ਸਰਬ ਸੁਖਾ ॥ਪਉੜੀ ੬॥ *(ਪੰਨਾ ੫੮੮)*

ਤਿਹ

੧. ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ, 'ਤਿਹ' ਮਹਾ ਅਨੰਦ ਰਸੁ ਕਰਿਆ ॥
ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ, ਤੇ ਨਰਕ ਘੋਰ ਮਹਿ ਪਰਿਆ ॥੩॥੧੫॥ *(ਪੰਨਾ ੬੧੩)*

ਤਿਨਹੂ

੧. ਜਿਹ ਕ੍ਰਿਪਾਲੁ ਹੋਯਉ ਗੋਬਿੰਦੁ, ਸਰਬ ਸੁਖ 'ਤਿਨਹੂ' ਪਾਏ ॥੭॥ *(ਪੰਨਾ ੧੩੮੬)*

੧੬.੪(ਅ).੫.੧ ਕਰਮ ਕਾਰਕ—ਇਕ-ਵਚਨ

ਤਾਸੁ

੧. ਆਵੈ ਨ ਜਾਇ ਮਰੈ ਨ ਜੀਵੈ, 'ਤਾਸੁ' ਖੋਜੁ ਬੈਰਾਗੀ ॥੧॥੪੭॥ *(ਪੰਨਾ ੩੩੩)*

ਤਾਸੁ ਕਉ

੧. ਅਨਦਿਨੁ ਸਿਮਰਹੁ 'ਤਾਸੁ' ਕਉ, ਜੋ ਅੰਤਿ ਸਹਾਈ ਹੋਇ ॥ਪਉੜੀ ੧੫॥ *(ਪੰਨਾ ੨੫੩)*

ਤੈ

੧. ਜੋ ਭਾਵੈ ਪਿਆਰਾ 'ਤੈ' ਰਾਵੇਸੀ ॥੮॥੧॥ *(ਪੰਨਾ ੭੫੦)*
[ਤੈ—ਤਿਸ ਨੂੰ]

ਤਿਸੁ

੧. 'ਤਿਸੁ' ਸਾਲਾਹੀ ਜਿਸੁ ਹਰਿ ਧਨੁ ਰਾਸਿ ॥ਰਹਾਉ॥੪॥ *(ਪੰਨਾ ੧੧੫੫)*

ਤਿਸੈ

੧. 'ਤਿਸੈ' ਸਰੇਵਹੁ ਪ੍ਰਾਣੀਹੋ, ਜਿਸ ਦੈ ਨਾਉ ਪਲੈ ॥੮॥ *(ਪੰਨਾ ੩੨੦)*

ਤਿਸਹਿ

੧. ਜਿਸਹਿ ਦਿਖਾਲਾ ਵਾਟੜੀ, 'ਤਿਸਹਿ' ਭੁਲਾਵੈ ਕਉਣੁ ॥ਸ.੧॥੧੨॥ *(ਪੰਨਾ ੯੫੨)*

੨. 'ਤਿਸਹਿ' ਬੁਝੁ ਜਿਨਿ ਤੂ ਕੀਆ, ਪ੍ਰਭੁ ਕਰਣ ਕਾਰਣ ਏਕ ॥ਰਹਾਉ॥੨੬॥ *(ਪੰਨਾ ੧੦੦੭)*

ਤਿਹ

੧. ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥
ਜਿਹ ਗੁਰੁ ਮਿਲੈ 'ਤਿਹ' ਪਾਰਿ ਉਤਾਰੈ ॥੪॥੫॥ *(ਪੰਨਾ ੧੧੬੪)*

੨. 'ਤਿਹ' ਨਿੰਦਹਿ ਜਿਹ ਗੰਗਾ ਆਨੀ ॥੨॥੪੪॥ *(ਪੰਨਾ ੩੩੨)*

੧੬.੪(ਅ).੫.੨ ਕਰਮ ਕਾਰਕ—ਬਹੁ-ਵਚਨ

ਤੇ

੧. 'ਤੇ' ਹਰਿ ਦਰਗਹਿ ਪੈਨਾਈਅਹਿ, ਜਿਨ ਹਰਿ ਵੁਠਾ ਮਨ ਮਾਹਿ ॥ਸ.੧॥ਪਉੜੀ ੧੭॥ *(ਪੰਨਾ ੩੧੦)*

ਤਿਨ

੧. ਜੋ ਬੋਲਹਿ ਹਰਿ ਹਰਿ ਨਾਉ 'ਤਿਨ' ਜਮੁ ਛਡਿ ਗਇਆ ॥ਪਉੜੀ ੭॥ *(ਪੰਨਾ ੬੪੫)*

੧੬.੪(ਅ).੬ ਕਰਣ ਕਾਰਕ

ਨੋਟ : ਪੜਨਾਂਵ ਦੀ ਕੋਈ ਉਦਾਹਰਣ ਨਹੀਂ। ਵਿਸ਼ੇਸ਼ਣ ਦੇ ਅਧਿਆਇ ਵਿਚ ਉਦਾਹਰਣਾਂ ਵੇਖੋ ਜੀ।

੧੬.੪(ਅ).੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਤਿਸੁ

੧. ਜਿਸੁ ਤੂੰ ਦੇਹਿ 'ਤਿਸੁ' ਮਿਲੈ ਸਚੁ, ਤਾ ਤਿਨੀ ਸਚੁ ਕਮਾਇਆ ॥੮॥ *(ਪੰਨਾ ੪੬੭)*

੨. 'ਤਿਸੁ' ਕੁਰਬਾਣੀ ਜਿਨਿ ਤੂੰ ਸੁਣਿਆ ॥੧॥੨੭॥ *(ਪੰਨਾ ੧੦੨)*

ਤਿਸ ਹੀ

੧. 'ਤਿਸ ਹੀ' ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ ॥
ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥੪॥੧੧੮॥ *(ਪੰਨਾ ੪੦੦)*

ਤਿਸੈ

੧. 'ਤਿਸੈ' ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥੪॥੭੮॥ *(ਪੰਨਾ ੪੫)*

ਤਿਸਹਿ

੧. 'ਤਿਸਹਿ' ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥੭੮॥ *(ਪੰਨਾ ੪੫)*

ਤਿਹ

੧. 'ਤਿਹ' ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥੭੭॥ *(ਪੰਨਾ ੧੩੬੮)*

ਤੈ

੧. ਵਡੇ ਹਥਿ ਵਡਿਆਈਆ, ਜੈ ਭਾਵੈ 'ਤੈ' ਦੇਇ ॥੬॥੧॥ *(ਪੰਨਾ ੫੩)*
[ਤੈ—ਤਿਸੁ ਨੂੰ]

ਤਾਸੁ

੧. ਸਤਗੁਰੁ ਸੇਵੇ ਆਪਣਾ, ਹਉ ਸਦ ਕੁਰਬਾਣੈ 'ਤਾਸੁ' ॥੩॥੧੮॥ *(ਪੰਨਾ ੨੧)*

ਤਿਸ ਕਉ

੧. 'ਤਿਸ ਕਉ', ਵਾਹੁ ਵਾਹੁ ਜਿ ਵਾਟ ਦਿਖਾਵੈ ॥
'ਤਿਸ ਕਉ', ਵਾਹੁ ਵਾਹੁ ਜਿ ਸਬਦੁ ਸੁਣਾਵੈ ॥
'ਤਿਸ ਕਉ', ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥੧੨॥ *(ਪੰਨਾ ੨੨੬)*

ਤਿਸ ਨੋ

੧. ਹੁਰਮਤਿ 'ਤਿਸ ਨੋ' ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥ਪਉੜੀ ੨੨॥ *(ਪੰਨਾ ੪੭੪)*

੧੬.੪(ਅ).੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਤਿਨ

੧. ਜਿਨ ਗੁਰ ਕੀ ਕੀਤੀ ਚਾਕਰੀ, 'ਤਿਨ' ਸਦ ਬਲਿਹਾਰੀ ॥੩॥੨॥ *(ਪੰਨਾ ੭੨੫)*

ਤਿੰਨ੍

੧. ਜਿੰਨ੍ਹਾ ਨੈਣ ਨੀਦ੍ਰਾਵਲੇ, 'ਤਿੰਨ੍' ਮਿਲਣੁ ਕੁਆਉ ॥੮੦॥ *(ਪੰਨਾ ੧੩੮੨)*

ਤਿਨ੍ਹਾ

੧. ਜਿਨ੍ਹਾ ਨਾਉ ਸੁਹਾਗਣੀ, 'ਤਿਨ੍ਹਾ' ਝਾਕ ਨ ਹੋਰ ॥੧੧੪॥ *(ਪੰਨਾ ੧੩੮੪)*

ਤਿਨਹੁ

੧. ਠਾਕ ਨ ਹੋਤੀ 'ਤਿਨਹੁ' ਦਰਿ, ਜਿਹ ਹੋਵਹੁ ਸੁਪ੍ਰਸੰਨ ॥ਸਲੋਕ॥ਪਉੜੀ ੨੮॥ *(ਪੰਨਾ ੨੫੫)*

ਤਿਨਹੂ ਕਉ

੧. ਭਾਈ ਮੀਤ ਬੰਧਪ ਸਖੇ ਪਾਛੇ 'ਤਿਨਹੂ ਕਉ' ਸੰਪਾਨੀ ॥੫॥੪੪॥ *(ਪੰਨਾ ੨੪੨)*

ਤਿਨ੍ ਕਉ

੧. ਜੰਮਣੁ ਮਰਣੁ ਨ 'ਤਿਨ੍ ਕਉ', ਜੋ ਹਰਿ ਲੜਿ ਲਾਗੇ ॥ਪਉੜੀ ੧੬॥ *(ਪੰਨਾ ੩੨੨)*

੧੬.੪(ਅ).੮.੧ ਅਪਾਦਾਨ ਕਾਰਕ—ਇਕ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧੬.੪(ਅ).੮.੨ ਅਪਾਦਾਨ ਕਾਰਕ—ਬਹੁ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧੬.੪(ਅ).੯.੧ ਸੰਬੰਧ ਕਾਰਕ—ਇਕ-ਵਚਨ

ਤਿਸੁ

੧. ਜਿਸੁ ਗੁਰੁ ਸਾਚਾ ਭੇਟੀਐ ਭਾਈ, ਪੂਰਾ 'ਤਿਸੁ' ਕਰਮਾਉ ॥੭॥੧॥ *(ਪੰਨਾ ੬੪੦)*

੨. 'ਤਿਸੁ' ਚਰਣ ਪਖਾਲੀ, ਜੋ ਤੇਰੈ ਮਾਰਗਿ ਚਾਲੈ ॥੨॥੨੭॥ *(ਪੰਨਾ ੧੦੨)*

ਤਿਸ ਹੀ

੧. ਸੂਖ ਮੰਗਲ ਕਲਿਆਣ ਜਿਸਹਿ ਘਰਿ, 'ਤਿਸ ਹੀ' ਸਰਣੀ ਪਾਈਐ ॥੧॥੨੬॥ *(ਪੰਨਾ ੧੨੧੪)*

ਤਿਸ ਹੀ ਕੀ

੧. 'ਤਿਸ ਹੀ ਕੀ' ਕਰਿ ਆਸ ਮਨ, ਜਿਸ ਕਾ ਸਭਸੁ ਵੇਸਾਹੁ ॥੧॥੭੭॥ *(ਪੰਨਾ ੪੪)*

ਜਿਸ ਕੀ/ਤਿਸ ਕੀ

੧. 'ਜਿਸ ਕੀ' 'ਤਿਸ ਕੀ' ਕਰਿ ਮਾਨੁ ॥੧॥੪੨॥ *(ਪੰਨਾ ੬੯੬)*

ਤਿਹ

੧. 'ਤਿਹ' ਬਡ ਭਾਗ ਬਸਿਓ ਮਨਿ ਜਾ ਕੈ, ਕਰਮ ਪ੍ਰਧਾਨ ਮਥਾਨਾ ॥੩॥੭੪॥ *(ਪੰਨਾ ੩੩੯)*

ਤਸ੍

੧. ਨਿਹਫਲੰ 'ਤਸ੍' ਜਨਮਸ੍, ਜਾਵਦ ਬ੍ਰਹਮ ਨ ਬਿੰਦਤੇ ॥੨॥ *(ਪੰਨਾ ੧੩੫੩)*

ਤਿਸ ਕਾ

੧. ਜਾ ਕਉ, ਰਾਖੈ ਰਾਖਣਹਾਰੁ ॥
'ਤਿਸ ਕਾ' ਅੰਗੁ ਕਰੇ ਨਿਰੰਕਾਰੁ ॥ਰਹਾਉ॥੨੦॥ *(ਪੰਨਾ ੬੬੮)*

ਤਾਹੂ ਕੋ

੧. ਆਇਆ ਸਫਲ 'ਤਾਹੂ ਕੋ' ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ਪਉੜੀ ੧੩॥ *(ਪੰਨਾ ੨੫੨)*

੧੬.੪(ਅ).੯.੨ ਸੰਬੰਧ ਕਾਰਕ—ਬਹੁ-ਵਚਨ

ਤਿਨਾ

੧. ਜਿਨ ਸੁਣਿ ਸਿਖਾ ਗੁਰੁ ਮੰਨਿਆ, 'ਤਿਨਾ' ਭੁਖ ਸਭ ਜਾਵੀ ॥੧੮॥੨॥ *(ਪੰਨਾ ੭੨੬)*

੨. ਦਾਸ ਦਾਸਤਣ ਭਾਇ ਮਿਟਿਆ 'ਤਿਨਾ' ਗਉਣੁ ॥੩॥੧੦੬॥ *(ਪੰਨਾ ੩੯੭)*

ਤਿਨਾੜਾ

੧. ਵਿਸਰਿਆ ਜਿਨ੍ ਨਾਮੁ 'ਤਿਨਾੜਾ' ਹਾਲੁ ਕਉਣੁ ॥੩॥੧੦੬॥ *(ਪੰਨਾ ੩੯੭)*

ਤਿਨ

੧. ਤਿਨ ਮਤਿ, ਤਿਨ ਪਤਿ, 'ਤਿਨ' ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥੪॥੪॥ *(ਪੰਨਾ ੧੫)*

ਤਿਹ

੧. ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤ ਸੰਗਤਿ 'ਤਿਹ' ਪਿਆਰੁ ॥੬॥ *(ਪੰਨਾ ੧੩੮੬)*

ਤਿਨ ਕੀ

੧. ਪ੍ਰੀਤਮ ਚਰਣੀ ਜੋ ਲਗੇ 'ਤਿਨ ਕੀ' ਨਿਰਮਲ ਸੋਇ ॥੩॥ *(ਪੰਨਾ ੧੩੪)*

੧੬.੪(ਅ).੧੦.੧ ਅਧਿਕਰਣ ਕਾਰਕ

ਤਿਤੁ

੧. ਜਿਤੁ ਭਾਵੈ 'ਤਿਤੁ' ਲਾਇਸੀ ਜਿਉ ਤਿਸ ਦੀ ਵਡਿਆਈ ਰਾਮ ॥੪॥੪॥ *(ਪੰਨਾ ੫੭੦)*

੨. ਜੀਅ ਜੰਤ ਸਭਿ ਤੁਧੁ ਉਪਾਏ ॥
ਜਿਤੁ ਜਿਤੁ ਭਾਣਾ 'ਤਿਤੁ' 'ਤਿਤੁ' ਲਾਏ ॥੩॥੩੧॥ *(ਪੰਨਾ ੧੦੩)*

ਤਿਤ ਹੀ

੧. 'ਤਿਤ ਹੀ' ਲਾਗਾ ਜਿਤੁ ਕੋ ਲਾਇਆ ॥੫॥੫॥ *(ਪੰਨਾ ੧੧੩੭)*

ਤਿਨਿ

੧. ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ 'ਤਿਨਿ' ਜਾਉ ॥੧॥੬੮॥
[ਤਿਨਿ—ਤਿਸ ਪਾਸ (ਵਿਲੱਖਣ ਇੱਕੋ ਇਕ ਉਦਾਹਰਣ)] *(ਪੰਨਾ ੪੧)*

ਤਾਸੁ

੧. ਸਿਵ ਸਨਕਾਦਿ ਜਾਸੁ ਗੁਨ ਗਾਵਹਿ 'ਤਾਸੁ' ਬਸਹਿ ਮੋਰੇ ਪ੍ਰਾਨਾਂ ॥ਰਹਾਉ॥੭॥੪॥
[ਤਾਸੁ—ਤਿਸ ਵਿਚ] *(ਪੰਨਾ ੩੩੯)*

ਤਾਹਿ ਮੈ

੧. ਜਿਹ ਤੇ ਉਪਜਿਓ ਨਾਨਕਾ ਲੀਨ 'ਤਾਹਿ ਮੈ' ਮਾਨੁ ॥੧੧॥ *(ਪੰਨਾ ੧੪੨੭)*

ਤਿਸੁ ਮਾਹਿ

੧. ਜਿਸ ਤੇ ਉਪਜਿਆ 'ਤਿਸੁ ਮਾਹਿ' ਸਮਾਨਾ ॥੨॥੧੭॥ *(ਪੰਨਾ ੨੮੫)*

੧੬.੫ ਨਿਜਵਾਚਕ ਪੜਨਾਂਵ

੧੬.੫.੧ ਲੱਛਣ

"ਜੋ ਸ਼ਬਦ ਕਿਸੇ ਕਰਤਾ (ਨਾਂਵ ਜਾਂ ਪੜਨਾਂਵ) ਨਾਲ ਆ ਕੇ ਉਸ ਨਾਲ ਨਿਜਤਾ (ਅਪਣੱਤ) ਪ੍ਰਗਟਾਵੇ ਜਾਂ ਨਾਂਵ/ਪੜਨਾਂਵ ਤੋਂ ਬਗ਼ੈਰ ਇਕੱਲਾ ਹੀ ਨਿਜਤਾ ਪ੍ਰਗਟਾਉ ਕੰਮ ਕਰੇ, ਉਸ ਨੂੰ ਨਿਜਵਾਚਕ ਪੜਨਾਂਵ ਆਖੀਦਾ ਹੈ।"

(ੳ) ਨਾਂਵ-ਪੜਨਾਂਵ ਨਾਲ ਨਿਜਤਾ ਦੇ ਤੌਰ 'ਤੇ

ਉਦਾਹਰਣਾਂ :

- ਗੁਰੂ ਨਾਨਕ ਦੇਵ ਜੀ ਨੇ 'ਆਪ' (ਖ਼ੁਦ) ਸੱਚਾ ਸੌਦਾ ਕਰ ਕੇ ਸਿਖ-ਪੁੱਤਰਾਂ ਲਈ ਪੂਰਨਾ ਪਾਇਆ।
- ਜੁੱਧ ਦਾ ਸਾਰਾ ਦ੍ਰਿਸ਼ ਮੈਂ 'ਆਪ' ਅੱਖੀਂ ਡਿਠਾ।
- ਤੁਸੀਂ 'ਆਪ' ਜਾ ਕੇ ਵੇਖ ਲਓ, ਗੁਰਦੁਆਰੇ ਦਾ ਸਾਊਂਡ-ਪ੍ਰਬੰਧ ਨੁਕਸਵੰਦਾ ਹੈ।
- ਮੈਂ 'ਆਪ' ਪਾਠ ਕਰ ਸਕਦਾ ਹਾਂ, ਇਸ ਲਈ ਮੈਨੂੰ ਕਿਸੇ ਦੀ ਮੁਥਾਜੀ ਨਹੀਂ।

(ਅ) ਇਕੱਲਿਆਂ ਹੀ

- 'ਆਪ' ਹੀ ਪੈਦਾ ਕਰਦਾ ਹੈ, 'ਆਪ' ਹੀ ਮਾਰਦਾ ਹੈ।
- 'ਆਪਾ' ਸਵਾਰੋ, ਜਸ ਖੱਟੋ।

(ੲ) ਬਦਲਵੇਂ ਰੂਪ

'ਆਪ' ਪੜਨਾਉਂ ਦੇ; ਵੱਖ ਵੱਖ ਕਾਰਕਾਂ ਵਿਚ ਬਦਲਵੇਂ ਰੂਪਾਂ ਦਾ ਕੁਝ ਵੇਰਵਾ ਇਸ ਪ੍ਰਕਾਰ ਹੈ :

ਸਾਧਾਰਨ-ਰੂਪ :

- ਮੈਂ 'ਆਪੇ' ਸਿਝ ਲਵਾਂਗਾ, ਕਿਸੇ ਦੀ ਸਹਾਇਤਾ ਦੀ ਮੈਨੂੰ ਲੋੜ ਨਹੀਂ।

ਸੰਬੰਧਕੀ-ਰੂਪ :

- ਗ਼ੁੱਸੇ ਵਿਚ 'ਆਪਣੇ ਆਪ' ਨੂੰ ਵੱਸ ਵਿਚ ਰੱਖ ਸਕਣਾ ਵੱਡੀ ਖ਼ੂਬੀ ਹੈ।
- 'ਆਪਣੇ ਲਈ' ਨਾਮ-ਬਾਣੀ ਦਾ ਖ਼ਰਚ ਪੱਲੇ ਬੰਨ੍ਹੋ।
- ਸਾਰਿਆਂ ਨੂੰ 'ਆਪਣੇ ਆਪ (ਆਪਸ) ਤੋਂ' ਚੰਗਾ ਜਾਣੋ।
- ਵੱਢੀ ਲੈ ਕੇ ਕਿਸੇ ਦਾ ਹੱਕ ਮਾਰਨਾ 'ਆਪਣੇ ਆਪ ਨਾਲ' ਧ੍ਰੋਹ ਕਮਾਉਣ ਵਾਲੀ ਗੱਲ ਹੈ।
- ਆਪੋ (ਆਪਸ) ਵਿਚ ਪ੍ਰੇਮ-ਪਿਆਰ ਰੱਖਣਾ ਚਾਹੀਏ।
- ਇਕੱਲੇ ਜਾਣਾ ਠੀਕ ਨਹੀਂ 'ਆਪਣੇ ਨਾਲ' ਦੋ-ਚਾਰ ਸਰੀਰ ਜ਼ਰੂਰ ਲੈ ਲਓ।
- 'ਆਪੋ ਵਿਚ' ਝਗੜਨ ਨਾਲ ਪੰਥ ਕਮਜ਼ੋਰ ਹੁੰਦਾ ਹੈ।
- 'ਆਪਸ ਦਾ' ਝਗੜਾ ਆਪ ਹੀ (ਖ਼ੁਦ) ਨਿਬੇੜੋ।
- 'ਆਪਣਾ' ਕੀਤਾ ਆਪ ਭੁਗਤੋ।

ਨੋਟ : ਆਮ ਬੋਲ-ਚਾਲ ਵਿਚ 'ਆਪ' ਸ਼ਬਦ ਪੁਰਖਵਾਚੀ ਪੜਨਾਂਵ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ :

ਮਧਮ ਪੁਰਖ :

- ਮੈਂ 'ਆਪ ਦੇ ਲਈ' ਇਹ ਪੁਸਤਕ ਲਿਆਇਆ ਹਾਂ।
[ਆਪ ਦੇ ਲਈ—ਤੁਹਾਡੇ ਲਈ]

- ਮੈਨੂੰ ਚਿਰ ਤੋਂ 'ਆਪ ਦੇ' ਦਰਸ਼ਨਾਂ ਦੀ ਲੋਚਾ ਸੀ।
  [ਆਪ ਦੇ—ਤੁਹਾਡੇ]
- ਮੈਂ ਤਾਂ ਸਦਾ ਹੀ 'ਆਪ ਦਾ' ਦਾਸ ਹਾਂ।
  [ਆਪ ਦਾ—ਤੁਹਾਡਾ]

ਅਨ-ਪੁਰਖ :

- ਸ੍ਰੀ ਗੁਰੂ ਨਾਨਕ ਦੇਵ ਜੀ ਸਿਖ-ਜਗਤ ਦੇ ਪਹਿਲੇ ਸਤਿਗੁਰੂ ਜੀ ਹਨ। 'ਆਪ ਦਾ' ਜਨਮ ਸੰਨ ੧੪੬੯ ਵਿਚ ਰਾਇ ਭੁਇਂ ਦੀ ਤਲਵੰਡੀ ਵਿਚ ਹੋਇਆ।
  [ਆਪ ਦਾ—ਉਹਨਾਂ (ਹਜ਼ੂਰ) ਦਾ]

ਨੋਟ : 'ਆਪ' ਉਰਦੂ ਅਤੇ 'ਹਿੰਦੀ' ਦਾ ਆਦਰਵਾਚੀ ਸ਼ਬਦ ਹੈ, ਜੋ ਇਹਨਾਂ ਭਾਸ਼ਾਵਾਂ ਵਿਚ ਮਧਮ ਪੁਰਖ ਅਤੇ ਅਨਪੁਰਖ ਦੇ ਪੁਰਖਵਾਚੀ ਪੜਨਾਂਵ ਵਜੋਂ ਵਰਤਿਆ ਜਾਂਦਾ ਹੈ।

੧੬.੫.੨ ਕਾਰਕ ਰੂਪ-ਸਾਧਨਾ

ਕਾਰਕ ਦਾ ਨਾਂ	*ਇਕ-ਵਚਨ*	*ਬਹੁ-ਵਚਨ*
ਕਰਤਾ ਕਾਰਕ		
ਸਾਧਾਰਨ-ਰੂਪ	ਆਪਿ, ਆਪੇ, ਆਪਹਿ, ਆਪ ਹੀ, ਆਪੈ	—
ਸੰਬੰਧਕੀ-ਰੂਪ	ਆਪੀਨੈ, ਆਪਹਿ	—
ਕਰਮ ਕਾਰਕ	ਆਪੁ, ਆਪਾ, ਅਪਤੁ, ਆਪਤੁ	—
ਸੰਪ੍ਰਦਾਨ ਕਾਰਕ	ਆਪੈ, ਆਪਸ ਕਉ, ਆਪੈ ਨੋ	—
ਅਪਾਦਾਨ ਕਾਰਕ	ਆਪਹੁ, ਆਪੌ	—
ਸੰਬੰਧ ਕਾਰਕ		
	ਆਪਾ, ਆਪ, ਅਪਨਾ/ਆਪਨਾ, ਆਪਨ, ਅਪਨੈ, ਅਪੁਨੀ	—
	ਅਪਣਾ/ਆਪਣਾ, ਆਪਣ, ਆਪਣੈ, ਅਪ	—
ਅਧਿਕਰਣ ਕਾਰਕ	ਆਪਹਿ, ਆਪਿ, ਆਪੈ	—

੧੬.੫.੩ ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ

(੧) ਨਿਜ-ਵਾਚੀ ਪੜਨਾਂਵ 'ਆਪ' ਦਾ ਕਰਤਾ ਕਾਰਕ, ਇਕ-ਵਚਨ ਵਿਚ ਸਾਧਾਰਨ-ਰੂਪ 'ਆਪਿ' ਹੈ। ਕਈ ਵਾਰੀ ਗੁਰਮਤਿ ਕਾਵਿ-ਪ੍ਰਬੰਧ ਅਨੁਸਾਰ 'ਆਪਿ' ਦਾ ਅੰਤਲਾ ਕਾਰਕ-ਚਿੰਨ੍ਹ ਸਿਹਾਰੀ (ਿ) ਵਟੀਜ ਕੇ ਲਾਂ (ੇ) ਬਣ ਜਾਂਦਾ ਹੈ [ਆਪੇ] :

ਆਪੇ ਪਤਣੁ ਪਾਤਣੀ ਪਿਆਰਾ 'ਆਪੇ' ਪਾਰਿ ਲੰਘਾਹੁ ॥੧॥੩॥ *(ਪੰਨਾ ੬੦੪)*
[ਆਪੇ—ਆਪ ਹੀ]

(੨) ਜਦੋਂ ਕਰਤਾ ਕਾਰਕ, ਇਕ-ਵਚਨ ਦੇ ਨਿਜ-ਵਾਚੀ ਪੜਨਾਂਵ 'ਆਪਿ' ਦੇ ਅੱਗੇ

ਅੱਵਿਐ 'ਹੀ' ਆ ਜਾਵੇ ਤਾਂ ਇਸ ਦਾ ਅੰਤਲਾ ਕਾਰਕ-ਚਿੰਨ੍ਹ ਸਿਹਾਰੀ (ਿ) ਲੱਥ ਜਾਂਦਾ ਹੈ [ਆਪ ਹੀ] :

'ਆਪ ਹੀ' ਮਸਟਿ 'ਆਪ ਹੀ' ਬੁਲਨਾ ॥
'ਆਪ ਹੀ' ਅਛਲੁ ਨ ਜਾਈ ਛਲਨਾ ॥੨॥੭॥ *(ਪੰਨਾ ੮੦੩)*

(੩) ਕਈ ਥਾਈਂ ਅੱਵਿਐ 'ਹੀ' ਦਾ ਬਦਲਵਾਂ ਰੂਪ 'ਹਿ' ਇਸ ਪੜਨਾਂਵ ਦੇ ਨਾਲ ਹੀ ਸੰਮਿਲਤ-ਰੂਪ ਵਿਚ ਮਿਲਦਾ ਹੈ [ਆਪਹਿ] :

'ਆਪਹਿ' ਸੁਖਮ 'ਆਪਹਿ' ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥ਪਉੜੀ ੧॥ *(ਪੰਨਾ ੨੫੦)*
[ਆਪਹਿ—ਆਪ ਹੀ]

(੪) ਇਸ ਪੜਨਾਂਵ ਦੇ ਬਦਲਵੇਂ ਲਾਂ-ਅੰਤਿਕ ਸਰੂਪ [ਆਪੇ] ਦੇ ਅੱਗੇ ਭਾਵੇਂ ਅੱਵਿਐ 'ਹੀ' ਆ ਵੀ ਜਾਵੇ, ਇਸ ਦੇ ਰੂਪ ਵਿਚ ਕੋਈ, ਤਬਦੀਲੀ ਨਹੀਂ ਆਉਂਦੀ :

'ਆਪੇ' ਹੀ ਰਾਜਨੁ 'ਆਪੇ' ਹੀ ਰਾਇਆ, ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥੧੧॥
(ਪੰਨਾ ੮੨੭)

(੫) *ਗੁਰਬਾਣੀ ਵਿਆਕਰਣ* (੧੯੭੦) ਦੇ ਪੰਨਾ ੨੦੮-੦੯ ਉੱਤੇ ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ :

"ਸ਼ਬਦ 'ਆਪ' ਸੰਸਕ੍ਰਿਤ ਸ਼ਬਦ 'ਆਤਮਨ' ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। ਇਸ ਨਿਜ-ਵਾਚਕ ਪੜਨਾਂਵ ਤੋਂ ਛੁੱਟ ਸੰਸਕ੍ਰਿਤ ਵਿਚ ਇਸੇ ਹੀ ਅਰਥ ਵਾਲਾ ਇਕ ਹੋਰ ਪੜਨਾਂਵ ਭੀ ਹੈ—'ਸ੍ਵ'।... ਜਦੋਂ ਨਿਜ-ਵਾਚਕ ਪੜਨਾਂਵ (ਆਪ) ਦੇ ਨਾਲ ਕੋਈ 'ਸੰਬੰਧਕ' ਵਰਤਿਆ ਜਾਂਦਾ ਹੈ ਤਾਂ ਆਮ ਤੌਰ 'ਤੇ ਇਸ ਦੇ ਨਾਲ ਇਸੇ ਹੀ ਅਰਥਾਂ ਵਾਲਾ ਦੂਜਾ ਸ਼ਬਦ 'ਸ੍ਵ' ਆਪਣੇ ਪੰਜਾਬੀ ਰੂਪ (ਸੁ) ਵਿਚ ਜੋੜਿਆ ਜਾਂਦਾ ਹੈ... ਇਸ ਮਿਲਵੇਂ ਸ਼ਬਦ (ਆਪਸੁ) ਦਾ ਅਰਥ ਹੈ—'ਆਪਣਾ ਆਪ'।"

'ਸ੍ਵ' ਦਾ ਪੰਜਾਬੀ ਰੂਪਾਂਤਰ 'ਸੁ' ਨਿਜ-ਵਾਚਕ ਪੜਨਾਂਵ 'ਆਪ' ਤੋਂ ਇਲਾਵਾ 'ਇਕ', 'ਸਭ', 'ਹੋਰ', ਆਦਿ ਅਨਿਸਚੇ-ਵਾਚਕ ਪੜਨਾਂਵਾਂ ਨਾਲ ਵੀ ਗੁਰਬਾਣੀ ਵਿਚ ਵਰਤਿਆ ਮਿਲਦਾ ਹੈ। ਨਿਜ-ਵਾਚਕ ਪੜਨਾਂਵ 'ਆਪਸੁ' ਗੁਰਬਾਣੀ ਅੰਦਰ ਵੱਖ ਵੱਖ ਸੰਬੰਧਕੀ-ਪਦਾਂ ਨਾਲ ਵਰਤਿਆ ਮਿਲਦਾ ਹੈ :

੧. **'ਆਪਸ ਕਉ' ਕਰਮਵੰਤੁ ਕਹਾਵੈ ॥**
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥੧॥੧੨॥ *(ਪੰਨਾ ੨੭੮)*

੨. **ਜਬ ਉਸ ਕਉ ਕੋਈ ਦੇਵੈ ਮਾਨੁ ॥**
ਤਬ 'ਆਪਸ ਊਪਰਿ' ਰਖੈ ਗੁਮਾਨੁ ॥੨॥੨੬॥ *(ਪੰਨਾ ੮੬੨)*

੩. **'ਆਪਸ ਤੇ' ਊਪਰਿ ਸਭ ਜਾਣਹੁ, ਤਉ ਦਰਗਹ ਸੁਖੁ ਪਾਵਹੁ ॥੧॥੨॥**
(ਪੰਨਾ ੮੮੩)

੪. **ਬੁਰਾ ਭਲਾ ਕਿਛੁ 'ਆਪਸ ਤੇ' ਜਾਨਿਆ, ਏਈ ਸਗਲ ਵਿਕਾਰਾ ॥੨॥੧॥**
(ਪੰਨਾ ੯੬੩)

ਨੋਟ ਕਰਨ ਵਾਲੀ ਗੱਲ ਹੈ ਕਿ ਉਪਰੋਕਤ ਉਦਾਹਰਣਾਂ ਵਿਚ, ਅੱਗੇ ਸੰਬੰਧਕੀ-ਪਦ ਆਉਣ ਕਾਰਨ 'ਆਪਸੁ' ਦਾ ਅੰਤਲਾ (ੁ) ਲੱਥ ਗਿਆ ਹੈ, ਪਰ ਗੁਰਬਾਣੀ ਅੰਦਰ ਸਮੁੱਚੇ ਤੌਰ 'ਤੇ ਇਹ ਨੇਮ ਨਿਭਦਾ ਨਹੀਂ। ਸੋ, ਇਹ ਤੱਥ ਵਧੇਰੇ ਘੋਖ ਅਤੇ ਖੋਜ ਦਾ ਮੁਥਾਜ ਹੈ।

(੬) ਸ਼ਬਦ 'ਆਪ' ਤੋਂ ਬਣਿਆ ਭਾਵ-ਵਾਚਕ ਨਾਂਵ 'ਆਪੁ' ਵੀ ਗੁਰਬਾਣੀ ਅੰਦਰ ਵਰਤਿਆ ਮਿਲਦਾ ਹੈ :

੧. 'ਆਪੁ' ਗਇਆ ਸੋਝੀ ਪਈ, ਗੁਰ ਸਬਦੀ ਮੇਲਾ ॥ਰਹਾਉ॥੨੦॥ *(ਪੰਨਾ ੪੨੧)*

੨. 'ਆਪੁ' ਗਇਆ ਤਾ ਆਪਹਿ ਭਏ ॥
ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥੧੧੦॥ *(ਪੰਨਾ ੨੦੨)*
[ਆਪੁ—ਆਪਾ-ਭਾਵ, ਹਉਮੈ]

੩. ਆਪੈ ਨੋ 'ਆਪੁ' ਖਾਇ ਮਨੁ ਨਿਰਮਲੁ ਹੋਵੈ,
ਗੁਰ ਸਬਦੀ ਵੀਚਾਰੁ ॥ਸਲੋਕ ੨॥ਪਉੜੀ ੧੦॥ *(ਪੰਨਾ ੮੬)*

੪. ਆਪੈ 'ਆਪੁ' ਖਾਇ ਤਾ ਨਿਰਮਲੁ ਹੋਵੈ, ਧਾਵਤੁ ਵਰਜਿ ਰਹਾਏ ॥੬੪॥ *(ਪੰਨਾ ੯੪੫)*
[ਆਪੁ—ਸ਼ੁਧ-ਆਪਾ]

(੭) ਕਰਤਾ ਕਾਰਕ ਦੇ ਸੰਬੰਧਕੀ-ਰੂਪ ਵਾਲੇ ਨਿਜ-ਵਾਚਕ ਪੜਨਾਂਵ ਨਾਲ ਸੰਬੰਧਤ ਕਿਰਿਆ ਭੂਤਕਾਲੀ, ਸਕਰਮਕ ਹੁੰਦੀ ਹੈ :

ਭੂਤਕਾਲੀ, ਸਕਰਮਕ ਕਿਰਿਆ

ਆਪੀਨੈ੍ ਆਪੁ 'ਸਾਜਿਓ' ਆਪੀਨੈ੍ 'ਰਚਿਓ' ਨਾਉ ॥ਪਉੜੀ ੧॥ *(ਪੰਨਾ ੪੬੩)*
[ਆਪੀਨੈ੍—ਆਪ ਹੀ ਨੇ]

ਗੁਰਬਾਣੀ ਦੀਆਂ ਉਦਾਹਰਣਾਂ

੧੬.੫.੪ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਆਪਿ

੧. 'ਆਪਿ' ਉਪਦੇਸੈ, ਸਮਝੈ 'ਆਪਿ' ॥੭॥੧੨॥ *(ਪੰਨਾ ੨੭੯)*

੨. 'ਆਪਿ' ਅਖਾੜਾ ਪਾਇਦਾ ਪਿਆਰਾ, ਕਰਿ ਵੇਖੈ 'ਆਪਿ' ਚੋਜਾਹਾ ॥੩॥੬॥ *(ਪੰਨਾ ੬੦੬)*

ਆਪੇ

੧. ਸਭਨਾ ਦਾਤਾ 'ਆਪਿ' ਹੈ, 'ਆਪੇ' ਮੇਲਣਹਾਰੁ ॥ਸ.੨॥ਪਉੜੀ ੧੮॥ *(ਪੰਨਾ ੧੨੪੪)*

੨. 'ਆਪੇ' ਸਾਜੇ, ਕਰੇ 'ਆਪਿ', ਜਾਈ ਭਿ ਰਖੈ 'ਆਪਿ' ॥ਸਲੋਕ ੨॥੨੪॥ *(ਪੰਨਾ ੪੭੫)*

੩. ਕਿਸਨੋ ਕਹੀਐ ਨਾਨਕਾ, ਸਭੁ ਕਿਛੁ 'ਆਪੇ' 'ਆਪਿ' ॥ਸਲੋਕ ੨॥੨੪॥ *(ਪੰਨਾ ੪੭੫)*

੪. 'ਆਪੇ' ਆਖੈ, 'ਆਪੇ' ਸਮਝੈ, ਤਿਸੁ ਕਿਆ ਉਤਰੁ ਦੀਜੈ ॥੪॥ *(ਪੰਨਾ ੯੩੮)*

ਆਪ ਹੀ

੧. 'ਆਪੇ' 'ਆਪਿ', 'ਆਪ ਹੀ' 'ਆਪੇ', ਸਭੁ ਆਪਨ ਖੇਲੁ ਦਿਖਾਯਾ ॥੪॥੬॥ *(ਪੰਨਾ ੧੨੦੪)*

ਆਪਹਿ

੧. 'ਆਪਹਿ' ਕਉਤਕ ਕਰੈ ਅਨਦ ਚੋਜ ॥
'ਆਪਹਿ' ਰਸ ਭੋਗਨ ਨਿਰਜੋਗ ॥੮॥੨੧॥ *(ਪੰਨਾ ੨੯੨)*

੨. 'ਆਪਹਿ' ਗਾਵੈ, 'ਆਪਹਿ' ਨਾਚੈ, ਆਪਿ ਬਜਾਵੈ ਤੂਰਾ ॥੨॥੨॥ *(ਪੰਨਾ ੧੨੫੨)*

੩. 'ਆਪਹਿ' ਰਤਨ ਜਵਾਹਰ ਮਾਨਿਕ, 'ਆਪੈ' ਹੈ ਪਾਸਾਰੀ ॥੩॥੨॥ *(ਪੰਨਾ ੧੧੨੩)*
[ਆਪਹਿ, ਆਪੈ—ਆਪ ਹੀ]

ਆਪੈ

੧. ਸਾਧ ਸੇਵਾ ਲਾਵੈ ਜਿਹ 'ਆਪੈ' ॥
ਨਾਨਕ ਤਾ ਕਉ ਦੁਖੁ ਨ ਬਿਆਪੈ ॥ਪਉੜੀ ੫੦॥ *(ਪੰਨਾ ੨੬੦)*

੨. ਜੋ ਕਿਛੁ ਕਰੇ ਸੁ ਆਪੇ 'ਆਪੈ' ॥
ਬੁਧਿ ਸਿਆਣਪ ਕਿਛੁ ਨ ਜਾਪੈ ॥੩॥੪੩॥ *(ਪੰਨਾ ੧੦੭)*
[ਆਪੈ—ਆਪ ਹੀ]

(ਅ) ਸੰਬੰਧਕੀ-ਰੂਪ

ਆਪੀਨੈ੍

੧. 'ਆਪੀਨੈ੍' ਆਪੁ ਸਾਜਿਓ, 'ਆਪੀਨੈ੍' ਰਚਿਓ ਨਾਉ ॥ਪਉੜੀ॥੧॥ *(ਪੰਨਾ ੪੬੩)*

੨. 'ਆਪੀਨੈ੍' ਭੋਗ ਭੋਗਿ ਕੈ, ਹੋਇ ਭਸਮੜਿ ਭਉਰੁ ਸਿਧਾਇਆ ॥ਪਉੜੀ॥੩॥ *(ਪੰਨਾ ੪੬੪)*

੩. 'ਆਪੀਨੈ੍' ਆਪੁ ਸਾਜਿਓਨੁ, ਆਪੇ ਹੀ ਥੰਮਿ੍ ਖਲੋਆ ॥੮॥ *(ਪੰਨਾ ੯੬੮)*
[ਆਪੀਨੈ੍—ਆਪਿ + ਹੀ + ਨੈ੍ = ਆਪਿ + ਈ + ਨੈ੍ = ਆਪੀਨੈ੍]

ਆਪਹਿ

੧. 'ਆਪਹਿ' ਕੀਆ, ਕਰਾਇਆ, ਆਪਹਿ ਕਰਨੈ ਜੋਗੁ ॥ਸਲੋਕ ੧॥ *(ਪੰਨਾ ੨੫੦)*

੨. ਆਪਨ ਆਪੁ 'ਆਪਹਿ' ਉਪਾਇਓ ॥ਪਉੜੀ ੧॥ *(ਪੰਨਾ ੨੫੦)*
[ਆਪਹਿ—ਆਪ ਹੀ ਨੇ]

੧੬.੫.੫ ਕਰਮ ਕਾਰਕ—ਇਕ-ਵਚਨ

ਆਪੁ

੧. ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ, ਹਉ ਤਿਸੁ ਪਹਿ 'ਆਪੁ' ਵੇਚਾਈ ॥੧॥੧॥ *(ਪੰਨਾ ੭੫੭)*

੨. 'ਆਪੁ' ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥੬੫॥ *(ਪੰਨਾ ੧੩੮੨)*

੩. ਭਗਤਿ ਕਰਹਿ ਮੂਰਖ 'ਆਪੁ' ਜਣਾਵਹਿ ॥੩॥੨੪॥ *(ਪੰਨਾ ੧੫੬)*
[ਆਪੁ—ਆਪਣੇ ਆਪ ਨੂੰ]

ਆਪਾ

੧. 'ਆਪਾ' ਦੇਖਿ, ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ ॥੧॥੨੯॥ *(ਪੰਨਾ ੪੮੩)*

ਨੋਟ : ਸ਼ਬਦ 'ਆਪ' ਤੋਂ ਬਣਿਆ ਭਾਵ-ਵਾਚਕ ਨਾਂਵ 'ਆਪਤੁ' ਅਥਵਾ 'ਅਪਤੁ' [ਆਪਾ-ਭਾਵ] ਵੀ ਕਰਮ ਕਾਰਕ ਵਿਚ ਵਰਤਿਆ ਮਿਲਦਾ ਹੈ :

ਆਪਤੁ

੧. ਛੋਡਿ 'ਆਪਤੁ' ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ ॥੧॥੮॥ *(ਪੰਨਾ ੭੧੩)*

ਅਪਤੁ

੧. ਕਾਮ, ਕ੍ਰੋਧ, ਲੋਭ, ਮੋਹ, 'ਅਪਤੁ', ਪੰਚ ਦੂਤ ਬਿਖੰਡਿਓ ॥੧॥੨੧॥ *(ਪੰਨਾ ੧੩੯੬)*

ਨੋਟ : (ਸੰਖਿਪਤ-ਰੂਪ ਵਾਲੇ) ਨਿਜ-ਵਾਚਕ ਪੜਨਾਂਵ 'ਅਪ' ਦਾ ਅਖ਼ੀਰਲਾ 'ਤ' ਪਿਛੇਤਰ ਹੈ, ਇਸ ਲਈ 'ਪ' ਦੀ ਧੁਨੀ ਦਾ ਬਲ ਸਹਿਤ ਉਚਾਰਣ ਕਰਨਾ ਦਰੁਸਤ ਨਹੀਂ।

੧੬.੫.੬ ਕਰਣ ਕਾਰਕ—ਇਕ-ਵਚਨ/ਬਹੁ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

੧੬.੫.੭ ਸੰਪ੍ਰਦਾਨ ਕਾਰਕ—ਇਕ-ਵਚਨ

ਆਪੈ

੧. 'ਆਪੈ' ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ ॥੧॥੩੯॥
[ਆਪੈ—ਆਪਣੇ ਆਪ ਨੂੰ] *(ਪੰਨਾ ੩੬੦)*

ਆਪੈ ਨੋ

੧. 'ਆਪੈ ਨੋ' ਆਪੁ ਮਿਲਿ ਰਹਿਆ, ਹਉਮੈ ਦੁਬਿਧਾ ਮਾਰਿ ॥ਸ.੨॥੧੬॥ *(ਪੰਨਾ ੧੦੮੩)*
['ਆਪੈ ਨੋ' ਆਪੁ ਮਿਲਿ ਰਹਿਆ—ਜੀਵ ਦਾ ਕਲਪਿਤ ਫ਼ਰਜ਼ੀ ਆਪਾ (ਆਪਣੇ) ਪਰਮ-ਆਪੇ ਨੂੰ ਮਿਲਿ ਰਹਿਆ]

ਆਪਸ ਕਉ

੧. 'ਆਪਸ ਕਉ' ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥੧॥
[ਆਪਸ ਕਉ—ਆਪਣੇ ਆਪ ਨੂੰ] *(ਪੰਨਾ ੧੧੦੩)*

੧੬.੫.੮ ਅਪਾਦਾਨ ਕਾਰਕ—ਇਕ-ਵਚਨ

ਆਪਹੁ

੧. ਜੋ ਤਿਸੁ ਭਾਵੈ ਸੋਈ ਕਰਸੀ ॥
'ਆਪਹੁ' ਹੋਆ ਨਾ ਕਿਛੁ ਹੋਸੀ ॥੧੬॥੩॥ *(ਪੰਨਾ ੧੦੪੬)*

੨. 'ਆਪਹੁ' ਕੋਈ ਮਿਲੈ ਨ ਭੂਲੈ ॥
ਜਿਸੁ ਕ੍ਰਿਪਾਲੁ ਤਿਸੁ ਸਾਧ ਸੰਗਿ ਘੂਲੈ ॥੪॥੮੫॥ *(ਪੰਨਾ ੩੮੧)*

੩. ਸਰਬ ਨਿਧਾਨ ਪ੍ਰਭ ਤੇਰੀ ਮਇਆ ॥
'ਆਪਹੁ' ਕਛੂ ਨ ਕਿਨਹੂ ਲਇਆ ॥੮॥੬॥ *(ਪੰਨਾ ੨੭੧)*

੪. ਇਹੁ ਜਗਤੁ ਭਰਮਿ ਭੁਲਾਇਆ ॥
'ਆਪਹੁ' ਤੁਧੁ ਖੁਆਇਆ ॥੬॥੨੪॥੧॥ *(ਪੰਨਾ ੭੨)*

ਆਪੌ

੧. ਨਾਨਕ ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ ॥੨੧॥ਜਪੁ ਜੀ॥ *(ਪੰਨਾ ੫)*

ਨੋਟ : (੧) ਆਪਹੁ—(ਅੰਤਲੇ 'ਹੁ' ਦਾ ਉਚਾਰਣ ਨਾਸਕੀ) ਆਪਣੇ ਆਪ ਤੋਂ।
(੨) 'ਆਪੌ' ਦਾ ਅਰਥ ਹੈ 'ਆਪਣੇ ਆਪ ਤੋਂ'। 'ਆਪੌ' ਸ਼ਬਦ ਦਾ ਅੰਤਲਾ ਸੂਰ ਛਾਪੇ ਦੀ ਬੀੜ ਵਿਚ ਕਨੌੜਾ (ੰ) ਛਪਦਾ ਹੈ। ਕਈ ਪੁਰਾਤਨ ਹੱਥ-ਲਿਖਤ ਬੀੜਾਂ ਵਿਚ ਇਸ ਸੂਰ ਦਾ ਰੂਪ ' ੱ ' ਉਪਲਭਧ ਹੈ। **ਪੁਰਾਤਨ ਪ੍ਰਮਾਣੀਕ ਬੀੜਾਂ ਤੋਂ ਇਸ ਚਿੰਨ੍ਹ ਦੇ ਸਹੀ ਸਰੂਪ ਬਾਰੇ ਅਗਵਾਈ ਲੈਣੀ ਬਣਦੀ ਹੈ।**
ਅਜਿਹੇ ਹੀ ਅਗਵਾਈ ਲਏ ਜਾਣ ਜੋਗ, ਹੋਰ ਸ਼ਬਦ 'ਜੀਭੌਂ', 'ਮੁਹੌਂ' ਅਤੇ 'ਸਬਦੌਂ' ਹਨ। ਪੰਥ ਵੱਲੋਂ ਏਧਰ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।

੧੬.੫.੯ ਸੰਬੰਧ ਕਾਰਕ—ਇਕ-ਵਚਨ

ਆਪਣ

੧. 'ਆਪਣ' ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ ॥੪॥੧੪॥੧॥ *(ਪੰਨਾ ੧੩੪)*

ਆਪਣਾ

੧. 'ਆਪਣਾ' ਪਰਾਇਆ ਨ ਪਛਾਣਈ, ਖੁਸ ਖੁਹ ਧਕੇ ਖਾਇ ॥ਸਲੋਕ ੧॥੧੬॥ *(ਪੰਨਾ ੫੫੪)*

ਆਪਨ

੧. 'ਆਪਨ' ਨਹੀ, ਕਾ ਕਉ ਲਪਟਾਇਓ ॥
ਆਪਨ ਨਾਮੁ ਸਤਿਗੁਰ ਤੇ ਪਾਇਓ ॥ਰਹਾਉ॥੧੦॥ *(ਪੰਨਾ ੧੮੭)*

ਅਪਨਾ

੧. ਸੁਤ ਕੰਚਨ ਸਿਉ ਹੇਤੁ ਵਧਾਇਆ ॥
ਸਭੁ ਕਿਛੁ 'ਅਪਨਾ', ਇਕੁ ਰਾਮੁ ਪਰਾਇਆ ॥੧॥੨॥ *(ਪੰਨਾ ੧੩੪੨)*

ਆਪਣਾ

੧. ਸਭੁ ਕੋ ਆਖੈ 'ਆਪਣਾ', ਜਿਸੁ ਨਾਹੀ ਸੋ ਚੁਪਿ ਕਢੀਐ ॥ਪਉੜੀ ੧੯॥ *(ਪੰਨਾ ੪੭੩)*

ਅਪਨੈ

੧. ਕਰਿ ਕਿਰਪਾ 'ਅਪਨੈ' ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥੧॥੧੦॥ *(ਪੰਨਾ ੩੫੧)*

ਆਪ

੧. ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ 'ਆਪ'॥੧॥੧॥
[ਆਪ—'ਆਪ ਦਾ' ਭਾਵ ਆਪਣਾ] *(ਪੰਨਾ ੧੨੦੦)*

ਨੋਟ : 'ਕਰਤ ਹਉ' ਸੰਜੁਕਤ ਕ੍ਰਿਆ ਵਿਚ 'ਹਉ' ਸਹਾਇਕ ਕ੍ਰਿਆ ਹੈ ਜੋ 'ਹੋ' ਦਾ ਅਰਥ ਦੇਂਦੀ ਹੈ। ਇਸ ਲਈ ਇਸ ਦਾ ਉਚਾਰਣ ਨਾਸਿਕਤਾ ਬਿਨਾ।

ਅਪੁਨੀ

੧. 'ਅਪੁਨੀ' ਇਤਨੀ ਕਛੂ ਨ ਸਾਰੀ ॥ਰਹਾਉ॥੫੬॥ *(ਪੰਨਾ ੧੨੧੫)*

ਨੋਟ : (੧) ਗੁਰਮਤਿ ਕਾਵਿ-ਪ੍ਰਬੰਧ ਅਨੁਸਾਰ ਕਿਧਰੇ ਕਿਧਰੇ 'ਆਪਨ' ਦਾ ਸੰਖਿਪਤ-ਰੂਪ 'ਅਪ' ਅੜੇ 'ਆਪ' ਵੀ ਗੁਰਬਾਣੀ ਵਿਚ ਵਰਤਿਆ ਮਿਲਦਾ ਹੈ :

ਅਪ

੧. ਨਵੈ ਕਾ ਸਿਹਜਾਸਣੀ, ਮੂਲਿ ਨ ਜਾਣੈ 'ਅਪ' ਬਲੁ ॥ਸ.੩॥ਪਉੜੀ ੧॥
(ਪੰਨਾ ੧੩੮)

੨. ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ 'ਅਪ' ਦਸੇ ॥ਪਉੜੀ॥੧੬॥
(ਪੰਨਾ ੭੧੦)

੩. 'ਅਪ' ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ ॥੨॥੧॥ *(ਪੰਨਾ ੧੧੯੬)*
[ਅਪ ਬਲ—ਆਪਣਾ ਬਲ। ਅਪ ਦਸੇ—ਆਪਣੇ ਦਾਸ। ਅਪ ਤਨ—ਆਪਣੇ ਤਨ ਦਾ।]

ਆਪ

੧. ਸੁਤ ਬਨਿਤਾ ਆਪਨ ਨਹੀ ਭਾਈ ॥
ਇਸਟ ਮੀਤ 'ਆਪ' ਬਾਪੁ ਨ ਮਾਈ ॥੨॥੧੦੬॥ *(ਪੰਨਾ ੧੮੭)*

੨. 'ਆਪ' ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥੩॥
(ਪੰਨਾ ੧੦੧੮)

੩. 'ਆਪ' ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥੧॥੧੦੭॥
[ਆਪ—ਆਪਣਾ।] *(ਪੰਨਾ ੧੨੨੫)*

ਆਪਾ

੧. ਜਬ 'ਆਪਾ' ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥
[ਆਪਾ—ਆਪਣਾ।] *(ਪੰਨਾ ੧੩੭੫)*

(੨) ਨਿਜ-ਵਾਚਕ ਪੜਨਾਂਵ 'ਆਪ' ਦਾ ਸੰਬੰਧ-ਕਾਰਕੀ ਪੁਲਿੰਗ ਇਕ-ਵਚਨ ਰੂਪ 'ਆਪਣਾ' ਹੈ। ਸੰਬੰਧਮਾਨ ਨਾਂਵ ਦੇ ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ 'ਆਪਣਾ' ਦਾ ਰੂਪ ਬਦਲ ਜਾਂਦਾ ਹੈ [ਆਪਣਾ, ਆਪਣੇ, ਆਪਣੀ, ਆਪਣੀਆਂ]। ਕਾਰਕ ਦੇ ਆਧਾਰ 'ਤੇ 'ਆਪਣਾ' ਤੋਂ ਵੱਖ ਵੱਖ ਕਾਰਕ-ਰੂਪ [ਆਪਣੇ ਆਪ ਨੂੰ, ਆਪਣੇ ਆਪ ਨਾਲ, ਆਪਣੇ ਆਪ ਲਈ, ਆਪਣੇ ਆਪ ਤੋਂ, ਆਪੋ ਆਪਣਾ, ਆਪਣੇ ਵਿਚ ਆਦਿ] ਬਣਦੇ ਹਨ। [ਵੇਰਵੇ ਲਈ ਵੇਖੋ ੧੫.੫.੧ (ਏ)]

(੩) ਸੰਬੰਧ ਕਾਰਕ, ਇਕ-ਵਚਨ, ਪੁਲਿੰਗ, ਨਿਜ-ਵਾਚੀ ਪੜਨਾਂਵ 'ਆਪਣਾ' ਜਦੋਂ ਕਿਸੇ ਪੁਲਿੰਗ ਨਾਂਵ ਦੇ ਨਾਲ ਵਿਸ਼ੇਸ਼ਣ ਰੂਪ ਵਿਚ ਆਵੇ ਅਤੇ ਉਸ ਦਾ ਸੰਬੰਧਤ ਨਾਂਵ ਕਰਤਾ ਕਾਰਕ ਇਕ-ਵਚਨ, ਕਰਣ ਕਾਰਕ ਇਕ-ਵਚਨ ਜਾਂ ਅਧਿਕਰਣ ਕਾਰਕ ਇਕ-ਵਚਨ ਵਿਚ ਹੋਵੇ ਤਾਂ ਇਸ ਪੜਨਾਂਵ ਦਾ ਰੂਪ ਸੰਬੰਧਤ ਵਿਸ਼ੇਸ਼ ਦੇ ਕਾਰਕ ਅਨੁਸਾਰ 'ਆਪਣੈ' ਹੋ ਜਾਂਦਾ ਹੈ :

ਕਰਤਾ ਕਾਰਕ, ਇਕ-ਵਚਨ, ਨਾਂਵ (ਸੰਬੰਧਕੀ-ਰੂਪ ਵਿਚ) ਨਾਲ

੧. 'ਅਪੁਨੈ ਠਾਕੁਰਿ' ਜੋ ਪਹਿਰਾਇਆ ॥
ਬਹੁਰਿ ਨ ਲੇਖਾ ਪੁਛਿ ਬੁਲਾਇਆ ॥੪॥੨੫॥ *(ਪੰਨਾ ੧੦੨)*

੨. 'ਪ੍ਰਭਿ ਅਪਨੈ' ਵਰ ਦੀਨੇ ॥
ਸਗਲ ਜੀਅ ਵਸਿ ਕੀਨੇ ॥੨॥੬੯॥ *(ਪੰਨਾ ੬੨੬)*

ਅਧਿਕਰਣ ਕਾਰਕ, ਇਕ-ਵਚਨ, ਨਾਂਵ ਨਾਲ

੧. 'ਆਪਣੈ ਹਥਿ' ਵਡਿਆਈਆ, ਦੇ ਨਾਮੇ ਲਾਏ ॥੮॥੨੬॥
(ਪੰਨਾ ੪੨੫)

੨. 'ਆਪਣੈ ਘਰਿ' ਤੂ ਸੁਖਿ ਵਸਹਿ, ਪੋਹਿ ਨ ਸਕੈ ਜਮਕਾਲੁ ਜੀਉ ॥੧॥੩॥
(ਪੰਨਾ ੫੬੯)

ਨੋਟ : ਜਦੋਂ ਇਸੇ ਅਧਿਕਰਣ ਕਾਰਕ, ਇਕ-ਵਚਨ ਵਿਚ ਕਿਸੇ ਪੁਲਿੰਗ ਨਾਂਵ ਦੇ ਨਾਲ ਕੋਈ ਸੰਬੰਧਕੀ-ਪਦ ਪ੍ਰਗਟ ਰੂਪ ਵਿਚ ਆ ਜਾਵੇ ਤਾਂ ਉਸ ਨਾਂਵ ਨਾਲ ਵਿਸ਼ੇਸ਼ਣ ਰੂਪ ਵਿਚ ਆਏ ਨਿਜ-ਵਾਚਕ ਪੜਨਾਂਵ 'ਆਪਣਾ' ਦਾ ਰੂਪ 'ਆਪਣੇ' ਹੋ ਜਾਂਦਾ ਹੈ :

੧. 'ਆਪਣੇ' ਭਾਣੇ ਵਿਚਿ ਸਦਾ ਰਖੁ ਸੁਆਮੀ,
ਹਰਿ ਨਾਮੋ ਦੇਹਿ ਵਡਿਆਈ ॥੨॥੨॥ *(ਪੰਨਾ ੧੩੩੩)*

੨. 'ਆਪਣੇ' ਘਰ ਅੰਦਰਿ ਰਸੁ ਭੁੰਚੁ,
ਤੂ ਲਾਹਾ ਲੈ ਪਰਥਾਏ ਰਾਮ ॥੨॥੨॥ *(ਪੰਨਾ ੫੬੮)*

ਕਰਣ ਕਾਰਕ, ਇਕ-ਵਚਨ, ਨਾਂਵ ਨਾਲ

੧. 'ਆਪਣੈ' ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥੧॥੬॥
(ਪੰਨਾ ੬੦੧)

੨. 'ਆਪਣੈ' ਭਾਣੈ ਕਿਨੇ ਨ ਪਾਇਓ,
ਜਨ ਵੇਖਹੁ ਮਨਿ ਪਤੀਆਇ ॥ਸਲੋਕ ੨॥ਪਉੜੀ ੩॥ *(ਪੰਨਾ ੧੩੧੪)*

(੪) ਕਰਣ ਕਾਰਕ, ਨਾਂਵ ਨਾਲ ਵਿਸ਼ੇਸ਼ਣ-ਰੂਪ ਵਿਚ ਆਏ ਇਸ ਨਿਜ-ਵਾਚਕ ਪੜਨਾਂਵ ਦਾ ਰੂਪ 'ਆਪਣ' ਗੁਰਬਾਣੀ ਵਿੱਚੋਂ ਮਿਲਦਾ ਹੈ :

੧. 'ਆਪਣ' ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ਪਉੜੀ ੨੦॥
(ਪੰਨਾ ੪੭੪)

੨. 'ਆਪਣ' ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥੧॥ *(ਪੰਨਾ ੧੩੭੭)*

ਨੋਟ : ਗੁਰਬਾਣੀ ਵਿਚ ਇਸ ਪੜਨਾਂਵ ਦਾ ਅੰਤਲਾ ਸੁਰ (ਾ) ਤੋਂ ਇਲਾਵਾ ਹੋੜਾ (ੋ) ਵੀ ਮਿਲਦਾ ਹੈ :

੧. **ਜੋ ਜੋ ਕੀਨੋ 'ਆਪਨੋ' ਤਿਸੁ ਅਭੈ ਦਾਨੁ ਦੀਤਾ ॥੨॥੩੭॥** *(ਪੰਨਾ ੮੧੦)*

੨. **ਜਾਹੂ ਕਾਹੂ 'ਅਪੁਨੋ' ਹੀ ਚਿਤਿ ਆਵੈ ॥ਰਹਾਉ॥੫੭॥** *(ਪੰਨਾ ੧੨੧੫)*

੧੬.੫.੧੦ ਅਧਿਕਰਣ ਕਾਰਕ—ਇਕ-ਵਚਨ

ਆਪੈ

੧. **'ਆਪੈ' ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥੧॥੧॥** *(ਪੰਨਾ ੬੪)*
[ਆਪੈ—ਆਪਣੇ ਪਰਮ-ਆਪੇ ਵਿਚ] [ਆਪੁ—ਆਪਣਾ ਆਪਾ]

ਆਪਹਿ

੧. **ਕਰੁ ਗਹਿ ਲੀਨੇ ਸਰਬਸੁ ਦੀਨੇ, 'ਆਪਹਿ' ਆਪੁ ਮਿਲਾਇਆ ॥੪॥੭੬॥**
[ਆਪਹਿ—ਆਪੇ ਵਿਚ] *(ਪੰਨਾ ੬੨੮)*

ਆਪਿ

੧. **ਆਪੇ 'ਆਪਿ' ਮਿਲਾਏ ਕਰਤਾ, ਪੁਨਰਪਿ ਜਨਮੁ ਨ ਹੋਈ ॥੧੮॥** *(ਪੰਨਾ ੪੩੩)*
[ਆਪੇ ਆਪਿ ਮਿਲਾਏ ਕਰਤਾ—ਕਰਤਾ ਪੁਰਖ ਆਪੇ (ਖ਼ੁਦ) ਆਪਿ (ਆਪਣੇ ਆਪ ਵਿਚ) ਮਿਲਾ ਲਵੇ]

੧੬.੬ ਪ੍ਰਸ਼ਨਵਾਚਕ ਪੜਨਾਂਵ

੧੬.੬.੧ ਲੱਛਣ

"ਜੋ ਸ਼ਬਦ ਪੜਨਾਂਵ ਹੋਵੇ ਅਤੇ ਉਸ ਦੁਆਰਾ ਕੁਝ ਪੁੱਛ ਕੀਤੀ ਗਈ ਹੋਵੇ, ਉਸ ਨੂੰ ਪ੍ਰਸ਼ਨਵਾਚਕ ਪੜਨਾਂਵ ਆਖੀਦਾ ਹੈ"; ਜਿਵੇਂ :

(੧) 'ਕੌਣ' ਸੀ ਜਿਸ ਨੇ ਧਰਮ ਦੀ ਰੱਖਿਆ ਖ਼ਾਤਰ ਬੰਦ ਬੰਦ ਕਟਾਏ ?
(੨) ਲੰਗਰ ਵਿਚ 'ਕੀ' ਚਾਹੀਦਾ ਹੈ ?
(੩) ਭਲਾ ਦੱਸੋ, ਸਿਰ ਤਲੀ 'ਤੇ ਰੱਖ ਕੇ 'ਕਿਹੜਾ' ਜੂਝਿਆ ਸੀ ?
(੪) ਸਿਖ ਇਤਿਹਾਸ ਸੰਬੰਧੀ ਪੁਸਤਕਾਂ ਤਾਂ ਕਈ ਹਨ, ਤੁਹਾਨੂੰ 'ਕਿਹੜੀ' ਚਾਹੀਦੀ ਹੈ ?

ਨੋਟ : (੧) ਪ੍ਰਸ਼ਨ-ਬੋਧਕ ਸ਼ਬਦ 'ਕੌਣ' ਮਨੁੱਖਾਂ ਲਈ ਵਰਤੀਂਦਾ ਹੈ, 'ਕੀ' ਬੇ-ਜਾਨ ਵਸਤੂਆਂ ਲਈ ਅਤੇ 'ਕਿਹੜਾ' ਇਹਨਾਂ ਦੋਹਾਂ ਦੀ ਸ਼੍ਰੇਣੀਆਂ ਲਈ। ਆਮ ਬੋਲ ਚਾਲ ਵਿਚ 'ਕੌਣ' ਸ਼ਬਦ ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਇਕ ਸਾਰ ਵਰਤੀਂਦਾ ਹੈ, 'ਕਿਹੜਾ' ਦਾ ਰੂਪ ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ ਬਦਲਦਾ ਹੈ; ਜਿਵੇਂ :

ਕਿਹੜਾ, ਕਿਹੜੇ, ਕਿਹੜੀ, ਕਿਹੜੀਆਂ।

(੨) ਉਪਰੋਕਤ ਪ੍ਰਸ਼ਨ-ਵਾਚਕ ਪੜਨਾਂਵ ਜਦੋਂ ਕਿਸੇ ਨਾਂਵ ਨਾਲ ਮਿਲ

ਕੇ ਆਉਣ ਤਾਂ ਇਹ ਪ੍ਰਸ਼ਨ-ਵਾਚੀ ਵਿਸ਼ੇਸ਼ਣ ਬਣ ਜਾਂਦੇ ਹਨ; ਜਿਵੇਂ :

(ੳ) ਉਸ ਬਾਰੇ ਤੁਸੀਂ 'ਕੀ ਸੋਅ' ਸੁਣੀ ਹੈ ?
(ਅ) ਇਹਨਾਂ ਵਿੱਚੋਂ 'ਕਿਹੜਾ ਪ੍ਰਸ਼ਨ' ਤੁਹਾਨੂੰ ਨਹੀਂ ਆਉਂਦਾ ?

ਉਪਰੋਕਤ ਵਾਕਾਂ ਵਿਚ 'ਕੀ' ਪੜਨਾਂਵ ਨਾਲ 'ਸੋਅ' (ਨਾਂਵ) ਆਉਣ ਕਰਕੇ ਅਤੇ 'ਕਿਹੜਾ' ਨਾਂਵ ਨਾਲ 'ਪ੍ਰਸ਼ਨ' (ਨਾਂਵ) ਆਉਣ ਕਰਕੇ ਇਹ ਦੋਵੇਂ ਵਿਸ਼ੇਸ਼ਣ ਬਣ ਗਏ ਹਨ।

੧੬.੬.੨ ਪ੍ਰਸ਼ਨਵਾਚਕ ਪੜਨਾਂਵ—ਕਾਰਕ ਰੂਪ-ਸਾਧਨਾ

ਕਾਰਕ ਦਾ ਨਾਂ	*ਇਕ-ਵਚਨ*		*ਬਹੁ-ਵਚਨ*
	ਪੁਲਿੰਗ	*ਇਸਤਰੀ-ਲਿੰਗ*	*ਦੋਹਾਂ ਲਈ ਸਾਂਝਾ*
ਕਰਤਾ ਕਾਰਕ			
ਸਾਧਾਰਨ-ਰੂਪ	ਕਉਣੁ, ਕਵਨੁ, ਕੁਨੁ	ਕਉਨ, ਕਵਨ	ਕਵਨ
ਸੰਬੰਧਕੀ-ਰੂਪ	ਕਿਨਿ		—
ਕਰਮ ਕਾਰਕ			
ਸਾਧਾਰਨ-ਰੂਪ	ਕਿਆ, ਕਹਾ		—
ਸੰਬੰਧਕੀ-ਰੂਪ	ਕਿਸੁ		—
ਸੰਪ੍ਰਦਾਨ ਕਾਰਕ	ਕਿਸੁ, ਕੈ, ਕਿਸ ਕਉ, ਕਾ ਕਉ		ਕਿਨਾਹ
ਸੰਬੰਧ ਕਾਰਕ	ਕਿਸੁ		—
ਅਧਿਕਰਣ ਕਾਰਕ	ਕਾ ਸਿਉ, ਕਾ ਪਹਿ, ਕੈ ਪਹਿ, ਕਿਸ ਪਹਿ		—

ਨੋਟ : ਸ਼ਬਦ ਕਉਨ, ਕਵਨ (ਇਸਤਰੀ-ਲਿੰਗ) ਬਾਰੇ ਗੁਰਬਾਣੀ ਦੀਆਂ ਉਦਾਹਰਣਾਂ ਵਿਸ਼ੇਸ਼ਣ ਦੇ ਅਧਿਆਏ ਵਿਚ ਵੇਖੋ ਜੀ।

੧੬.੬.੩ ਧਿਆਨ-ਜੋਗ ਕੁਝ ਵਿਸ਼ੇਸ਼ ਨੁਕਤੇ

(੧) ਗੁਰਬਾਣੀ ਵਿਚ ਆਏ ਪ੍ਰਸ਼ਨਵਾਚੀ ਪੜਨਾਂਵ 'ਕਉਣ' ਦਾ ਅਜੋਕਾ ਰੂਪ 'ਕੌਣ' ਹੈ, ਪਰ ਗੁਰਬਾਣੀ ਵਿਚ ਇਸ ਰੂਪ (ਕੌਣ ਅਤੇ ਕੌਨ) ਦੀ ਵਰਤੋਂ ਕੇਵਲ ਇਕ ਇਕ ਵਾਰੀ ਹੀ ਮਿਲਦੀ ਹੈ।

(੨) ਅਜੋਕੇ ਸਾਹਿਤ ਵਿਚ ਪ੍ਰਸ਼ਨਵਾਚੀ ਪੜਨਾਂਵ 'ਕਉਣ' ਦਾ ਰੂਪ ਲਿੰਗ-ਭੇਦ ਅਤੇ ਵਚਨ-ਭੇਦ ਤੋਂ ਮੁਕਤ ਮੰਨਿਆ ਜਾਂਦਾ ਹੈ, ਪਰ ਗੁਰਬਾਣੀ ਅੰਦਰ ਇਸ ਦੇ ਰੂਪ ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ ਬਦਲਵੇਂ ਮਿਲਦੇ ਹਨ :

ਪੁਲਿੰਗ, ਇਕ-ਵਚਨ ਰੂਪ — ਕਉਣੁ, ਕਵਣੁ
ਇਸਤਰੀ-ਲਿੰਗ ਇਕ-ਵਚਨ ਰੂਪ — ਕਉਣ, ਕਵਣ
ਦੋਹਾਂ ਲਈ ਸਾਂਝੇ ਬਹੁ-ਵਚਨ ਰੂਪ — ਕਉਣ, ਕਵਣ

ਨੋਟ : ਗੁਰਬਾਣੀ ਵਿਚ ਕੇਵਲ ਇਕ ਵਾਰੀ ਹੀ 'ਕਵਣਿ' ਰੂਪ ਆਇਆ ਮਿਲਦਾ ਹੈ, ਪਰ ਇਸਦੀ ਲਗਮਾਤ੍ਰੀ ਬਣਤਰ ਅਤੇ ਅਰਥ ਬਾਰੇ ਸਥਿਤੀ ਅਜੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋਈ।

(੩) ਕਈ ਵਾਰੀ ਕਿਸੇ ਪੜਨਾਂਵ ਦੁਆਰਾ ਕੋਈ ਪੁੱਛ ਅਜਿਹੇ ਲਹਿਜੇ ਵਿਚ ਕੀਤੀ ਜਾਂਦੀ ਹੈ ਕਿ ਉਸ ਤੋਂ ਕਿਸੇ ਉੱਤਰ ਦੀ ਗੁੰਜਾਇਸ਼ ਨਹੀਂ ਹੁੰਦੀ, ਸਗੋਂ ਅਜਿਹੇ ਪ੍ਰਸ਼ਨਵਾਚੀ ਪੜਨਾਂਵ ਤੋਂ ਹੀ ਨਾਂਹ-ਵਾਚੀ ਉੱਤਰ ਸਪੱਸ਼ਟ ਹੋ ਜਾਂਦਾ ਹੈ। ਅਜਿਹੀ ਹਾਲਤ ਵਿਚ ਉਹ ਅਨਿਸਚਿਤ ਪੜਨਾਂਵ ਹੋ ਜਾਂਦਾ ਹੈ।

ਪ੍ਰਸ਼ਨਵਾਚੀ ਪੜਨਾਂਵ ਅਤੇ ਅਨਿਸਚਿਤ ਪੜਨਾਂਵ ਬਾਰੇ ਸਥਿਤੀ ਸਪੱਸ਼ਟ ਕਰਨ ਲਈ ਦੋਹਾਂ ਕਿਸਮਾਂ ਦੀਆਂ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

ਪ੍ਰਸ਼ਨਵਾਚੀ ਪੜਨਾਂਵ

੧. ਤੂ 'ਕੁਨੁ' ਰੇ ॥ ਮੈ ਜੀ ॥ ਨਾਮਾ ॥੩॥੪॥ *(ਪੰਨਾ ੬੯੪)*

੨. 'ਕਉਣੁ' ਸੁ ਸੁਖੀਆ 'ਕਉਣੁ' ਸੁ ਦੁਖੀਆ ॥
'ਕਉਣੁ' ਸੁ ਸਨਮੁਖੁ 'ਕਉਣੁ' ਵੇਮੁਖੀਆ ॥੩॥੩੬॥ *(ਪੰਨਾ ੧੩੧)*

੩. 'ਕਉਣੁ' ਮੂਆ 'ਕਉਣੁ' ਮਾਰਸੀ 'ਕਉਣੁ' ਆਵੈ 'ਕਉਣੁ' ਜਾਇ ॥
'ਕਉਣੁ' ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥ਸਲੋਕ ੧॥੧੫॥
(ਪੰਨਾ ੧੦੯੧)

ਅਨਿਸਚਿਤ ਪੜਨਾਂਵ

੧. 'ਕਵਨੁ' 'ਕਵਨੁ' ਨਹੀ ਪਤਰਿਆ ਤੁਮ੍ਰੀ ਪਰਤੀਤਿ ॥
ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥੫੮॥ *(ਪੰਨਾ ੮੧੫)*

੨. ਹਰਿਬੰਸ ਜਗਤਿ ਜਸੁ ਸੰਚਰ੍ਯੋ ਸੁ 'ਕਵਣੁ' ਕਹੈ ਸ੍ਰੀ ਗੁਰੁ ਮੁਯਉ ॥੧॥੧੪੩॥
(ਪੰਨਾ ੧੪੦੯)

੩. 'ਕਵਨ' 'ਕਵਨ' ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥੧॥੨॥
(ਪੰਨਾ ੫੦੩)

੪. ਮੈ ਅਨਾਥੁ ਪ੍ਰਭ ਕਹਉ ਕਾਹਿ ॥
'ਕੌ ਕੌ' ਨ ਬਿਗੂਤੋ ਮੈ ਕੋ ਆਹਿ ॥੧॥੫॥ *(ਪੰਨਾ ੧੧੯੪)*

ਨੋਟ : (੧) ਪੜਨਾਂਵ ਦੀਆਂ ਉਪਰੋਕਤ ਦੋਹਾਂ ਕਿਸਮਾਂ ਦਾ ਵਖਰੇਵਾਂ ਤਕਨੀਕੀ ਵਿਆਕਰਣਿਕ ਦ੍ਰਿਸ਼ਟੀ-ਕੋਣ ਕਰਕੇ ਹੈ, ਪਰ ਦੋਹਾਂ ਕਿਸਮਾਂ ਵਿਚ ਲਿੰਗ, ਵਚਨ ਅਤੇ ਕਾਰਕ ਦੇ ਭੇਦ ਕਰਕੇ ਇਹਨਾਂ ਨਾਲ ਸੰਬੰਧਤ ਪੜਨਾਂਵ-ਸ਼ਬਦਾਂ ਦਾ ਰੂਪ ਇਕਸਾਰ ਹੀ ਰਹਿੰਦਾ ਹੈ।

(੨) ਕਈ ਪੜਨਾਂਵ-ਸ਼ਬਦ ਜਿਨ੍ਹਾਂ ਦੀ ਵੱਖ ਵੱਖ ਕਾਰਕਾਂ ਅੰਦਰ ਵੱਖ ਵੱਖ ਰੂਪਾਂ ਵਿਚ ਵਰਤੋਂ ਦੀਆਂ ਉਦਾਹਰਣਾਂ ਪ੍ਰਸ਼ਨਵਾਚੀ ਪੜਨਾਂਵ ਦੇ ਇਸ ਅਧਿਆਇ ਵਿਚ ਨਹੀਂ ਮਿਲਦੀਆਂ, ਉਹਨਾਂ ਬਾਰੇ ਉਦਾਹਰਣਾਂ ਅਨਿਸਚਿਤ ਪੜਨਾਂਵ ਜਾਂ ਪ੍ਰਸ਼ਨਵਾਚੀ ਵਿਸ਼ੇਸ਼ਣ ਦੇ ਅਧਿਆਇ ਵਿਚ ਵੇਖੋ ਜੀ।

੧੬.੬.੪ ਗੁਰਬਾਣੀ ਦੀਆਂ ਉਦਾਹਰਣਾਂ

੧੬.੬.੪.੧ ਕਰਤਾ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਕਉਣੁ

੧. 'ਕਉਣੁ' ਮੂਆ 'ਕਉਣੁ' ਮਾਰਸੀ 'ਕਉਣੁ' ਆਵੈ 'ਕਉਣੁ' ਜਾਇ ॥
ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥ਸਲੋਕ ੧॥੧੫॥ *(ਪੰਨਾ ੧੦੯੧)*

ਕਵਨੁ

੧. 'ਕਵਨੁ' ਸੁ ਆਵੈ 'ਕਵਨੁ' ਸੁ ਜਾਇ ॥
'ਕਵਨੁ' ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥ *(ਪੰਨਾ ੯੩੯)*

ਕੁਨੁ

੧. ਤੂ 'ਕੁਨੁ' ਰੇ ॥ ਮੈ ਜੀ ॥ ਨਾਮਾ ॥
ਹੋ ਜੀ ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥ *(ਪੰਨਾ ੬੯੪)*

(ਅ) ਸੰਬੰਧਕੀ-ਰੂਪ

ਕਿਨਿ

੧. ਓਇ ਜੁ ਦੀਸਹਿ ਅੰਬਰਿ ਤਾਰੇ ॥
'ਕਿਨਿ' ਓਇ ਚੀਤੇ ਚੀਤਨਹਾਰੇ ॥੧॥੨੯॥ *(ਪੰਨਾ ੩੨੯)*

੨. ਹਿੰਦੂ ਤੁਰਕ ਕਹਾ ਤੇ ਆਏ 'ਕਿਨਿ' ਏਹ ਰਾਹ ਚਲਾਈ ॥੧॥੮॥ *(ਪੰਨਾ ੪੭੭)*
[ਕਿਨਿ—ਕਿਸ ਨੇ ?]

੧੬.੬.੪.੨ ਕਰਤਾ ਕਾਰਕ—ਬਹੁ-ਵਚਨ

ਕਵਨ

੧. 'ਕਵਨ' ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥੨॥੧॥
(ਪੰਨਾ ੯੩੮)

ਨੋਟ : ਇਥੇ 'ਕਵਨ' ਆਦਰਵਾਚੀ ਬਹੁ-ਵਚਨ ਹੈ।

੧੬.੬.੫ ਕਰਮ ਕਾਰਕ—ਇਕ-ਵਚਨ

(ੳ) ਸਾਧਾਰਨ-ਰੂਪ

ਕਿਆ

੧. 'ਕਿਆ' ਤੈ ਖਟਿਆ 'ਕਹਾ' ਗਵਾਇਆ ॥
ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥੩॥ *(ਪੰਨਾ ੭੯੨)*

੨. ਹਰਿ ਕਾ ਨਾਮੁ ਨ ਜਪਸਿ ਗਵਾਰਾ ॥
'ਕਿਆ' ਸੋਚਹਿ ਬਾਰੰਬਾਰਾ ॥ਰਹਾਉ॥੭॥ *(ਪੰਨਾ ੬੫੫)*
[ਕਿਆ—ਕੀ]

ਕਹਾ

੧. **ਕਿਆ ਤੈ ਖਟਿਆ 'ਕਹਾ' ਗਵਾਇਆ ॥੧॥੩॥** *(ਪੰਨਾ ੭੯੨)*
[ਕਹਾ—ਕੀ (ਉਚਾਰਣ ਨਾਸਿਕਤਾ ਬਿਨਾ)]

(ਅ) ਸੰਬੰਧਕੀ-ਰੂਪ

ਕਿਸੁ

੧. **'ਕਿਸੁ' ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥੧॥੫੪॥**
[ਕਿਸੁ—ਕਿਸ ਨੂੰ] *(ਪੰਨਾ ੩੪)*

੧ਏ.ਏ.ਏ ਕਰਣ ਕਾਰਕ

ਕੋਈ ਉਦਾਹਰਣ ਨਹੀਂ ਮਿਲੀ।

੧ਏ.ਏ.੭.੧ ਸੰਪ੍ਰਦਾਨ ਕਾਰਕ—ਇਕ-ਵਚਨ

ਕਿਸੁ

੧. **ਤੁਝ ਬਿਨੁ ਕੋਇ ਨ ਦੇਖਉ ਮੀਤੁ ॥**
ਕਿਸੁ ਸੇਵਉ 'ਕਿਸੁ' ਦੇਵਉ ਚੀਤੁ ॥੫॥੧॥ *(ਪੰਨਾ ੨੨੧)*

੨. **ਤੇਰੀ ਮੂਰਤਿ ਏਕਾ, ਬਹੁਤੁ ਰੂਪ ॥**
'ਕਿਸੁ' ਪੂਜ ਚੜ੍ਹਾਵਉ ਦੇਉ ਧੂਪ ॥੨॥੨॥ *(ਪੰਨਾ ੧੧੬੮)*

ਕੈ

੧. **ਦਰੁ ਬੀਭਾ ਮੈ ਨੀਮ੍ ਕੋ, 'ਕੈ' ਕਰੀ ਸਲਾਮੁ ॥ਰਹਾਉ॥੧੪॥** *(ਪੰਨਾ ੪੧੮)*
[ਕੈ—ਕਿਸ ਨੂੰ]

ਕਿਸ ਕਉ

੧. **'ਕਿਸ ਕਉ' ਦੋਸੁ ਦੇਹਿ ਤੂ ਪ੍ਰਾਣੀ, ਸਹੁ ਅਪਣਾ ਕੀਆ ਕਰਾਰਾ ਹੇ ॥੧੪॥੧੦॥**
(ਪੰਨਾ ੧੦੩੧)

ਕਾ ਕਉ

੧. **ਆਪਸ ਕਉ ਮੁਨਿਵਰ ਕਰਿ ਥਾਪਹੁ, 'ਕਾ ਕਉ' ਕਹਹੁ ਕਸਾਈ ॥੨॥੧॥**
(ਪੰਨਾ ੧੧੦੩)

੧ਏ.ਏ.੭.੨ ਸੰਪ੍ਰਦਾਨ ਕਾਰਕ—ਬਹੁ-ਵਚਨ

ਕਿਨਾਹ

੧. **ਪੁਛਹੁ ਜਾਇ ਸਿਆਣਿਆ ਅਜੈ ਮਿਲਣੁ 'ਕਿਨਾਹ' ॥੧॥੧॥** *(ਪੰਨਾ ੫੯੫)*
[ਕਿਨਾਹ—ਕਿਨ੍ਹਾਂ ਨੂੰ ?]

ਨੋਟ : 'ਕਿਨਾਹ' ਦਾ ਅੰਤਲਾ 'ਹ' ਇਸ ਤੋਂ ਪਹਿਲਾਂ ਆਏ ਸ੍ਵਰ (ਾ) ਦੀ ਧੁਨੀ ਨੂੰ ਭਾਰਾ ਕਰਨ ਲਈ ਜਾਪਦਾ ਹੈ। (ਾ) ਦਾ ਉਚਾਰਣ ਨਾਸਕੀ।

੧ਏ.ਏ.੮ ਅਪਾਦਾਨ ਕਾਰਕ

ਕੋਈ ਉਦਾਹਰਣ ਨਹੀਂ ਮਿਲੀ।

੧ਏ.ਏ.੯ ਸੰਬੰਧ ਕਾਰਕ—ਇਕ-ਵਚਨ

ਕਿਸੁ

੧. **ਕਿਸੁ ਪੂਛਉ 'ਕਿਸੁ' ਲਾਗਉ ਪਾਇ ॥**
'ਕਿਸੁ' ਉਪਦੇਸਿ ਰਹਾ ਲਿਵ ਲਾਇ ॥੫॥੧॥ *(ਪੰਨਾ ੨੨੧)*

੨. **'ਕਿਸੁ' ਭਰਵਾਸੈ ਬਿਚਰਹਿ ਭਵਨ ॥**
ਮੂੜ ਮੁਗਧ ਤੇਰਾ ਸੰਗੀ ਕਵਨ ॥੧॥੪੮॥ *(ਪੰਨਾ ੮੯੮)*
[ਕਿਸੁ—ਕਿਸ ਦੇ]

੧ਏ.ਏ.੧੦ ਅਧਿਕਰਣ ਕਾਰਕ—ਇਕ-ਵਚਨ

ਕਾ ਸਿਉ

੧. **ਕਹੁ ਰੇ ਪੰਡਿਤ, ਅੰਬਰੁ 'ਕਾ ਸਿਉ' ਲਾਗਾ ॥ਰਹਾਉ॥੨੯॥** *(ਪੰਨਾ ੩੨੯)*

ਕੈ ਪਹਿ

੧. **'ਕੈ ਪਹਿ' ਕਰਉ ਅਰਦਾਸਿ ਬੇਨਤੀ, ਜਉ ਸੁਨਤੋ ਹੈ ਰਘੁਰਾਇਓ ॥੧॥੧੨੩॥**
(ਪੰਨਾ ੨੦੫)

ਕਾ ਪਹਿ

੧. **ਦੂਸਰ ਨਾਹੀ ਠਾਉ, 'ਕਾ ਪਹਿ' ਜਾਈਐ ॥੨॥੨॥** *(ਪੰਨਾ ੭੦੪)*

ਕਿਸੁ ਪਹਿ

੧. **'ਕਿਸੁ ਪਹਿ' ਖੋਲ੍ਹਉ ਗੰਠੜੀ, ਦੂਖੀ ਭਰਿ ਆਇਆ ॥੭॥੫॥** *(ਪੰਨਾ ੭੬੭)*
[ਕਾ ਪਹਿ, ਕਿਸੁ ਪਹਿ—ਕਿਸ ਪਾਸ]

੧੭. ਵਿਸ਼ੇਸ਼ਣ (Adjective)

ਵਿਸ਼ੇਸ਼ਣ-ਵਿਸਥਾਰ



੧੭. (ੳ) ਵਿਸ਼ੇਸ਼ਣ—ਲੱਛਣ

"ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਕੋਈ ਵਿਸ਼ੇਸ਼ਤਾ (ਗੁਣ, ਅਉਗਣ, ਹਾਲਤ, ਮਾਪ-ਤੋਲ, ਗਿਣਤੀ-ਮਿਣਤੀ ਆਦਿ) ਪ੍ਰਗਟ ਕਰੇ, ਉਸ ਨੂੰ ਵਿਸ਼ੇਸ਼ਣ ਆਖੀਦਾ ਹੈ।"

ਸਾਧਾਰਨ ਭਾਸ਼ਾ ਦੀਆਂ ਉਦਾਹਰਣਾਂ

	ਵਿਸ਼ੇਸ਼ (ਨਾਉ)	*ਵਿਸ਼ੇਸ਼ਣ*	
੧. ਸਾਊ ਮਨੁੱਖ	ਮਨੁੱਖ	ਸਾਊ	ਗੁਣ
੨. ਮੰਦਾ ਆਚਰਣ	ਆਚਰਣ	ਮੰਦਾ	ਅਉਗਣ
੩. ਵਗਦਾ ਪਾਣੀ	ਪਾਣੀ	ਵਗਦਾ	ਹਾਲਤ
੪. ਉੱਚਾ ਮਹੱਲ	ਮਹੱਲ	ਉੱਚਾ	ਮਾਪ
੫. ਪਾਉ ਘੀਉ	ਘੀਉ	ਪਾਉ	ਤੋਲ
੬. ਤ੍ਰੈ ਗੁਣ	ਗੁਣ	ਤ੍ਰੈ	ਗਿਣਤੀ
੭. ਤ੍ਰੈ-ਫੁਟੀ ਕਿਰਪਾਨ	ਕਿਰਪਾਨ	ਤ੍ਰੈ-ਫੁਟੀ	ਮਿਣਤੀ
੮. ਇਹ ਬਾਣੀ	ਬਾਣੀ	ਇਹ	ਨਿਸਚਿਤ
੯. ਜਿਹੜਾ ਮਨੁੱਖ	ਮਨੁੱਖ	ਜਿਹੜਾ	ਪੜਨਾਂਵੀਂ ਵਿਸ਼ੇਸ਼ਣ
੧੦. ਕਿਹੜੀ ਰੁਤਿ	ਰੁਤਿ	ਕਿਹੜੀ	ਪ੍ਰਸ਼ਨ

੧੭. (ਅ) ਵਿਸ਼ੇਸ਼ਣ ਦੀ ਵਰਤੋਂ ਦੇ ਵੱਖ ਵੱਖ ਢੰਗ

ਪੰਜਾਬੀ ਭਾਸ਼ਾ ਵਿਚ ਵਿਸ਼ੇਸ਼ਣ ਦੀ ਵਰਤੋਂ ਦੋ ਤਰ੍ਹਾਂ ਨਾਲ ਕੀਤੀ ਜਾਂਦੀ ਹੈ :

(੧) ਜਦੋਂ ਵਿਸ਼ੇਸ਼ਣ ਆਪਣੇ ਵਿਸ਼ੇਸ਼ (ਨਾਂਵ/ਪੜਨਾਂਵ) ਦੇ ਨਾਲ ਲੱਗਦਾ ਆਵੇ ਅਤੇ ਆਪਣੇ ਵਿਸ਼ੇਸ਼ ਦੀ ਵਿਸ਼ੇਸ਼ਤ ਕਿਸੇ ਕ੍ਰਿਆ ਦੀ ਸਹਾਇਤਾ ਤੋਂ ਬਿਨਾਂ ਹੀ ਪ੍ਰਗਟ ਕਰੇ, ਜਿਵੇਂ :

- ਉਸ ਨੇ 'ਸਫ਼ੈਦ' ਦਸਤਾਰਾ ਸਜਾਇਆ ਹੋਇਆ ਹੈ।
- ਉਸ ਦਾ 'ਨੂਰਾਨੀ' ਚਿਹਰਾ ਦਗ ਦਗ ਕਰਦਾ ਹੈ।
- ਉਸ ਦਾ 'ਰੁੱਖਾ' ਸੁਭਾਅ ਬੋਲਚਾਲ ਤੋਂ ਹੀ ਪ੍ਰਗਟ ਹੋ ਜਾਂਦਾ ਹੈ।

(੨) ਜਦੋਂ ਵਿਸ਼ੇਸ਼ਣ, ਵਾਕ ਵਿਚਲੇ 'ਵਿਧੇਅ' (predicate) ਵਜੋਂ ਆ ਕੇ ਕਿਸੇ ਪ੍ਰਗਟ ਜਾਂ ਲੁਪਤ ਕ੍ਰਿਆ ਦੀ ਸਹਾਇਤਾ ਨਾਲ ਆਪਣੇ ਵਿਸ਼ੇਸ਼ ਦੇ ਗੁਣ/ਅਉਗੁਣ ਪ੍ਰਗਟ ਕਰੇ; ਜਿਵੇਂ :

- ਉਸ ਨੇ ਜੋ ਦਸਤਾਰਾ ਸਜਾਇਆ ਹੋਇਆ ਹੈ, ਉਹ 'ਸਫ਼ੈਦ' ਹੈ।
- ਉਸ ਦਾ ਦਗ-ਦਗ ਕਰਦਾ ਚਿਹਰਾ 'ਨੂਰਾਨੀ' ਹੈ।
- ਬੋਲਚਾਲ ਤੋਂ ਹੀ ਪ੍ਰਗਟ ਹੁੰਦਾ ਹੈ ਕਿ ਉਸ ਦਾ ਸੁਭਾਅ 'ਰੁੱਖਾ' ਹੈ।

ਉਪਰੋਕਤ ਦੋਹਾਂ ਕਿਸਮਾਂ ਦੀ ਵਰਤੋਂ ਦੀਆਂ ਗੁਰਬਾਣੀ ਵਿੱਚੋਂ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

(੩) **ਵਿਸ਼ੇਸ਼ ਦੇ ਨਾਲ ਲੱਗਦੇ ਗੁਣ-ਵਾਚਕ ਵਿਸ਼ੇਸ਼ਣ ਦੀ ਵਰਤੋਂ**

੧. **'ਅੰਮ੍ਰਿਤ' ਨਾਮੁ ਪੀਵਹੁ ਮੇਰੇ ਭਾਈ ॥**
ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥ਰਹਾਉ॥੧੨੬॥ *(ਪੰਨਾ ੧੯੧)*

੨. **ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥**
'ਨਿਰਮਲ' ਨਾਮੁ ਮੇਰਾ ਆਧਾਰੁ ॥੮॥੧॥ *(ਪੰਨਾ ੪੧੨)*

੩. **'ਅੰਮ੍ਰਿਤ' ਫਲੁ ਜਿਨੀ ਚਾਖਿਆ ਸਚਿ ਰਹੇ ਆਘਾਈ ॥੭॥੨੦॥** *(ਪੰਨਾ ੪੨੧)*

੪. **ਨਾਦ ਬਿੰਦ ਕੀ ਸੁਰਤਿ ਸਮਾਇ ॥**
ਸਤਿਗੁਰੁ ਸੇਵਿ 'ਪਰਮ' ਪਦੁ ਪਾਇ ॥੨॥੧੨॥ *(ਪੰਨਾ ੩੫੨)*

(੪) ਵਿਸ ਦੀ, ਵਾਕ ਦੇ ਵਿਧੇਅ ਵਜੋਂ ਵਰਤੋਂ

੧. **ਹਰਿ ਕਾ ਨਾਮੁ 'ਅੰਮ੍ਰਿਤੁ' ਹੈ ਦਾਰੂ ਏਹੁ ਲਾਏਹੁ ॥੨॥੧੫॥** *(ਪੰਨਾ ੫੫੪)*

੨. **ਗੁਰ ਕਾ ਸਬਦੁ 'ਰਤੰਨੁ' ਹੈ ਹੀਰੇ ਜਿਤੁ ਜੜਾਉ ॥੨੫॥** *(ਪੰਨਾ ੯੨੦)*

੩. **ਏਕੋ ਅੰਮ੍ਰਿਤ ਬਿਰਖੁ ਹੈ ਫਲੁ 'ਅੰਮ੍ਰਿਤੁ' ਹੋਈ ॥੬॥੨੦॥** *(ਪੰਨਾ ੪੨੧)*

੪. **ਸਭੁ ਜਨਮੁ ਤਿਨਾ ਕਾ 'ਸਫਲੁ' ਹੈ,**
ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥੬॥ਪਉੜੀ॥ *(ਪੰਨਾ ੫੬੬)*

੫. **ਨਿੰਦਕ ਕਾ ਮੁਖੁ 'ਕਾਲਾ' ਹੋਆ ਦੀਨ ਦੁਨੀਆ ਕੈ ਦਰਬਾਰਿ ॥੨॥੧੫॥** *(ਪੰਨਾ ੬੭੪)*

੬. **ਸਤਿਗੁਰੁ ਬਿਨਾ ਹੋਰ 'ਕਚੀ' ਹੈ ਬਾਣੀ ॥੨੪॥** *(ਪੰਨਾ ੯੨੦)*

੭. ਸਾਚੀ ਬਾਣੀ 'ਮੀਠੀ' ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥੪॥ *(ਪੰਨਾ ੧੨੭੫)*

ਨੋਟ : ਉਪਰੋਕਤ ਉਦਾਹਰਣਾਂ ਤੋਂ ਹੇਠ ਲਿਖੇ ਤੱਥ ਉਜਾਗਰ ਹੁੰਦੇ ਹਨ :

(੧) ਗੁਣ-ਵਾਚਕ ਵਿਸ਼ੇਸ਼ਣਾਂ ਦਾ ਲਿੰਗ ਅਤੇ ਵਚਨ ਆਪਣੇ ਵਿਸ਼ੇਸ਼ (ਨਾਂਵ/ਪੜਨਾਂਵ) ਅਨੁਸਾਰ ਹੀ ਹੁੰਦਾ ਹੈ।

(੨) ਉਪਰੋਕਤ ਅ(੩) ਸਿਰਲੇਖ ਹੇਠ ਦਿੱਤੀਆਂ ਉਦਾਹਰਣਾਂ ਵਿਚ ਸਾਧਾਰਨ-ਰੂਪ ਵਾਲਾ ਮੁਕਤਾ-ਅੰਤਕ, ਪੁਲਿੰਗ, ਇਕ-ਵਚਨ ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੇ ਨਾਲ ਲੱਗਦੇ ਹੀ ਆਇਆ ਹੈ ਅਤੇ ਆਪਣੇ ਵਿਸ਼ੇਸ਼ ਦੀ ਵਿਸ਼ੇਸ਼ਤਾ ਕਿਸੇ ਕ੍ਰਿਆ ਦੀ ਸਹਾਇਤਾ ਤੋਂ ਬਿਨਾਂ ਹੀ ਪ੍ਰਗਟ ਕਰਦਾ ਹੈ, ਇਸ ਲਈ ਪੁਲਿੰਗ ਇਕ-ਵਚਨ ਦਾ ਸੂਚਕ ਵਿਆਕਰਣਿਕ-ਚਿੰਨ੍ਹ (ੁ) ਕੇਵਲ ਵਿਸ਼ੇਸ਼ ਨੂੰ ਹੀ ਲੱਗਾ ਹੈ।

(੩) ਉਪਰੋਕਤ ਅ(੪) ਸਿਰਲੇਖ ਹੇਠ ਦਿੱਤੀਆਂ ਗੁਰਬਾਣੀ ਦੀਆਂ ਉਦਾਹਰਣਾਂ ਵਿਚ ਸਾਧਾਰਨ-ਰੂਪ ਵਾਲੇ ਮੁਕਤਾ-ਅੰਤਿਕ, ਪੁਲਿੰਗ, ਇਕ-ਵਚਨ ਵਿਸ਼ੇਸ਼ਣ, ਵਿਧੇਅ (predicate) ਵਜੋਂ ਆ ਕੇ, ਕ੍ਰਿਆ ਦੀ ਸਹਾਇਤਾ ਨਾਲ ਆਪੋ ਆਪਣੇ ਵਿਸ਼ੇਸ਼ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ, ਇਸ ਲਈ ਪੁਲਿੰਗ, ਇਕ-ਵਚਨ ਦਾ ਵਾਚਕ ਵਿਆਕਰਣਿਕ-ਚਿੰਨ੍ਹ (ੁ) ਮੁਕਤਾ-ਅੰਤਿਕ ਵਿਸ਼ੇਸ਼ ਅਤੇ ਵਿਸ਼ੇਸ਼ਣ ਦੋਹਾਂ ਨੂੰ ਲੱਗਾ ਹੈ।

(੪) ਗੁਰਬਾਣੀ ਵਿਚ ਕੁਝ ਥਾਵੇਂ ਪੁਲਿੰਗ, ਇਕ-ਵਚਨ ਦਾ ਸੂਚਕ ਵਿਆਕਰਣਿਕ-ਚਿੰਨ੍ਹ (ੁ) ਵਿਸ਼ੇਸ਼ ਦੀ ਬਜਾਏ ਵਿਸ਼ੇਸ਼ਣ ਨੂੰ ਲੱਗਾ ਮਿਲਦਾ ਹੈ; ਜਿਵੇਂ :

੧. ਖਿਮਾ ਗਹੀ ਸਚੁ ਸੰਚਿਓ, ਖਾਇਓ 'ਅੰਮ੍ਰਿਤੁ' ਨਾਮ ॥੫੩॥
(ਪੰਨਾ ੨੬੧)

੨. 'ਦੇਨਹਾਰੁ' ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥ਸ.੧॥੫॥
(ਪੰਨਾ ੨੬੮)

੩. ਸਾਧ ਕੈ ਸੰਗਿ ਪਾਏ ਨਾਮ 'ਰਤਨੁ' ॥੧॥੭॥ *(ਪੰਨਾ ੨੭੧)*

੪. ਬ੍ਰਹਮ ਗਿਆਨੀ ਕਾ 'ਭੋਜਨੁ' ਗਿਆਨ ॥੩॥੮॥ *(ਪੰਨਾ ੨੭੩)*

੧੭.੧ ਗੁਣਵਾਚਕ ਵਿਸ਼ੇਸ਼ਣ

੧੭.੧.੧ ਲੱਛਣ

ਅਜਿਹਾ ਵਿਸ ਼ੇਸ਼ਣ ਜੋ ਆਪਣੇ ਵਿਸ਼ੇਸ਼ ਦੇ ਗੁਣ ਅਉਗੁਣ ਪ੍ਰਗਟ ਕਰੇ; ਜਿਵੇਂ : ਨੇਕ ਸੁਭਾਅ, ਲੰਮਾ ਦਾੜ੍ਹਾ, ਵੱਡਾ ਸਾਹਿਬ, ਨਿਰਮਲ ਮਨ, ਪਾਪੀ ਜੀਉੜਾ, ਆਦਿ।

੧੭.੧.੨ ਗੁਰਬਾਣੀ ਦੀਆਂ ਉਦਾਹਰਣਾਂ

(I) ਸਾਧਾਰਨ-ਰੂਪ ਵਾਲੀਆਂ

੧੭.੧.੨.੧ ਮੁਕਤਾ-ਅੰਤਿਕ ਗੁਣਵਾਚਕ ਵਿਸ਼ੇਸ਼ਣ

(ੳ) ਮੁਕਤਾ-ਅੰਤਿਕ—ਪੁਲਿੰਗ—ਇਕ-ਵਚਨ

੧. ਨਾਨਕ 'ਨੀਚੁ' ਕਹੈ ਵੀਚਾਰੁ ॥੧੮॥ *(ਪੰਨਾ ੪)*

੨. 'ਅਮੁਲੁ' ਧਰਮੁ 'ਅਮੁਲੁ' ਦੀਬਾਣੁ ॥੨੬॥ *(ਪੰਨਾ ੫)*

੩. ਹਰਿ 'ਨਿਰਮਲੁ' ਸਦਾ ਸੋਹਣਾ, ਸਬਦਿ ਸਵਾਰਣਹਾਰੁ ॥ਰਹਾਉ॥੫੬॥ *(ਪੰਨਾ ੩੫)*

(ਅ) ਮੁਕਤਾ-ਅੰਤਿਕ—ਇਸਤਰੀ-ਲਿੰਗ—ਇਕ-ਵਚਨ

੧. 'ਸਫਲ' ਮੂਰਤਿ ਜਾ ਕੀ 'ਨਿਰਮਲ' ਸੇਵ ॥੧॥੨੪॥ *(ਪੰਨਾ ੬੭੭)*

੨. 'ਗੁਹਜ' ਕਥਾ ਇਹ ਗੁਰ ਤੇ ਜਾਣੀ ॥੪॥੧੨॥ *(ਪੰਨਾ ੭੩੯)*

੩. 'ਉਤਮ' ਪਦਵੀ ਪਾਈਐ ਸਚੇ ਰਹੈ ਸਮਾਇ ॥ਸ.੧॥ਪਉੜੀ ੧੦॥ *(ਪੰਨਾ ੫੫੨)*

(ੲ) ਮੁਕਤਾ-ਅੰਤਿਕ—ਪੁਲਿੰਗ—ਬਹੁ-ਵਚਨ

੧. 'ਉਤਮ' ਸਲੋਕ ਸਾਧ ਕੇ ਬਚਨ ॥੩॥੨੪॥ *(ਪੰਨਾ ੨੬੫)*

੨. 'ਅਮੁਲ' ਗੁਣ, 'ਅਮੁਲ' ਵਾਪਾਰ ॥੨੬॥ *(ਪੰਨਾ ੫)*

੩. ਮਹਾ ਅਨੰਦ ਮੰਗਲ ਰੂਪ ਤੁਮਰੇ, ਬਚਨ 'ਅਨੂਪ' 'ਰਸਾਲ' ॥੨॥੩੮॥ *(ਪੰਨਾ ੬੮੦)*

੧੭.੧.੨.੨ ਕੰਨਾ-ਅੰਤਿਕ ਗੁਣਵਾਚਕ ਵਿਸ਼ੇਸ਼ਣ

(ੳ) ਾ-ਅੰਤਿਕ—ਪੁਲਿੰਗ—ਇਕ-ਵਚਨ

੧. ਮਨੁ ਸਦਾ 'ਹਰੀਆਵਲਾ', ਸਹਜੇ ਹਰਿ ਗੁਣ ਗਾਇ ॥ਰਹਾਉ॥੩੪॥ *(ਪੰਨਾ ੪੩੮)*

੨. ਹਰਿ ਨਿਰਮਲੁ ਸਦਾ 'ਸੋਹਣਾ', ਸਬਦਿ ਸਵਾਰਣਹਾਰੁ ॥ਰਹਾਉ॥੫੬॥ *(ਪੰਨਾ ੩੫)*

੩. ਜੁਗਿ ਜੁਗਿ ਬਾਣੀ ਸਬਦਿ ਪਛਾਣੀ, ਨਾਉ 'ਮੀਠਾ' ਮਨਹਿ 'ਪਿਆਰਾ' ॥੨॥੭॥
(ਪੰਨਾ ੬੦੨)

(ਅ) ਾ-ਅੰਤਿਕ—ਇਸਤਰੀ-ਲਿੰਗ—ਇਕ-ਵਚਨ

੧. 'ਮਹਾ' ਮਾਇਆ ਤਾ ਕੀ ਹੈ ਛਾਇਆ ॥੪॥੨੧॥ *(ਪੰਨਾ ੬੬੮)*

੨. 'ਮਹਾ' ਮਾਈ ਕੀ ਪੂਜਾ ਕਰੈ ॥੩॥੬॥ *(ਪੰਨਾ ੬੭੪)*

੩. 'ਮਿਥਿਆ' ਵਸਤੁ ਸ੍ਰਤਿ ਕਰਿ ਮਾਨੀ ॥੨॥੧੬॥ *(ਪੰਨਾ ੧੦੦੪)*

(ੲ) ਾ-ਅੰਤਿਕ—ਪੁਲਿੰਗ—ਬਹੁ-ਵਚਨ

੧. ਫਰੀਦਾ 'ਕਾਲੇ' ਮੈਡੇ ਕਪੜੇ, ਕਾਲਾ ਮੈਡਾ ਵੇਸੁ ॥੬੧॥ *(ਪੰਨਾ ੧੩੮੧)*

੨. ਤੇਰੇ 'ਬੰਕੇ' ਲੋਇਣ, ਦੰਤ ਰੀਸਾਲਾ ॥
ਸੋਹਣੇ ਨਕ ਜਿਨ 'ਲੰਮੜੇ' ਵਾਲਾ ॥੭॥੨॥ (ਪੰਨਾ ੫੬੭)

੧੭.੧.੨.੩ ਉ-ਅੰਤਿਕ ਗੁਣਵਾਚਕ ਵਿਸ਼ੇਸ਼ਣ

(ੳ) ਉ/ਓ-ਅੰਤਿਕ—ਪੁਲਿੰਗ—ਇਕ-ਵਚਨ [ਪ੍ਰਾਕ੍ਰਿਤ-ਰੂਪ]

੧. 'ਸਾਚਉ' ਰੰਗਿ 'ਰੰਗਾਵਲੋ', ਸਖੀ ਹਮਾਰੋ ਕੰਤੁ ॥੪॥੧੦॥ (ਪੰਨਾ ੧੦੧੫)

੨. ਕੁਸਮ ਬਾਸ ਬਹੁ ਰੰਗੁ 'ਘਣੋ', ਸਭ ਮਿਥਿਆ ਬਲਬੰਚੁ ॥ਪਉੜੀ ੫॥ (ਪੰਨਾ ੨੯੭)

੩. 'ਊਤਮ' 'ਊਚੋ' ਪਾਰਬ੍ਰਹਮੁ, ਗੁਣ ਅੰਤੁ ਨ ਜਾਣਹਿ ਸੇਖ ॥ਪਉੜੀ ੬॥ (ਪੰਨਾ ੨੯੮)

੧੭.੧.੨.੪ ਾ-ਅੰਤਿਕ ਗੁਣਵਾਚਕ ਵਿਸ਼ੇਸ਼ਣ

(ੳ) ਾ-ਅੰਤਿਕ—ਪੁਲਿੰਗ—ਇਕ-ਵਚਨ

੧. ਮੋਕਉ ਮਿਲਿਓ ਰਾਮੁ 'ਸਨੇਹੀ' ॥ਰਹਾਉ॥੩॥ (ਪੰਨਾ ੬੫੭)

੨. 'ਲੋਭੀ' ਜੰਤੁ ਨ ਜਾਣਈ, ਭਖੁ ਅਭਖੁ ਸਭ ਖਾਇ ॥੨॥੯੧॥ (ਪੰਨਾ ੫੦)

੩. 'ਪਾਪੀ' ਜੀਅਰਾ ਲੋਭੁ ਕਰਤੁ ਹੈ, ਆਜੁ ਕਾਲਿ ਉਠਿ ਜਾਹਿਗਾ ॥ਰਹਾਉ॥੧॥
(ਪੰਨਾ ੧੧੦੬)

(ਅ) ਾ-ਅੰਤਿਕ—ਇਸਤਰੀ-ਲਿੰਗ—ਇਕ-ਵਚਨ

੧. ਸਾਸੁ 'ਦਿਵਾਨੀ' 'ਬਾਵਰੀ', ਸਿਰ ਤੇ ਸੰਕ ਟਲੀ ॥੧੨॥ (ਪੰਨਾ ੯੩੧)

੨. 'ਅਉਧੀ' ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ ॥੧॥੪੬॥ (ਪੰਨਾ ੬੮੨)

੩. ਤੇਰੀ ਚਾਲ 'ਸੁਹਾਵੀ' 'ਮਧੁਰਾੜੀ' ਬਾਣੀ ॥੮॥੨॥ (ਪੰਨਾ ੫੬੭)

(ੲ) ਾ-ਅੰਤਿਕ—ਪੁਲਿੰਗ—ਬਹੁ-ਵਚਨ

੧. 'ਲੋਭੀ' ਨਰ ਰਹੇ ਲਪਟਾਇ ॥੧੨॥੨॥ (ਪੰਨਾ ੧੧੫੫)

੨. 'ਬਡਭਾਗੀ' ਤੇ ਜਨ ਜਗ ਮਾਹਿ ॥੩॥੧੪॥ (ਪੰਨਾ ੨੮੧)

੩. 'ਰੋਗੀ' ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥੫॥੧॥ (ਪੰਨਾ ੧੧੫੩)

(ਸ) ਾ-ਅੰਤਿਕ—ਇਸਤਰੀ-ਲਿੰਗ—ਬਹੁ-ਵਚਨ

੧. ਸੇ ਦਾੜੀਆਂ 'ਸਚੀਆ', ਜਿ ਗੁਰ ਚਰਨੀ ਲਗੰਨ੍ਹਿ ॥੫੨॥ (ਪੰਨਾ ੧੪੧੯)

੨. ਸਭੇ ਵਸਤੂ 'ਮਿਠੀਆਂ', ਰਬ ਨ ਪੁਜਨਿ ਤੁਧੁ ॥ਸਲੋਕ ੨੭॥ (ਪੰਨਾ ੧੩੭੯)

੩. ਸਭੇ ਵਸਤੂ 'ਕਉੜੀਆ', ਸਚੇ ਨਾਉ ਮਿਠਾ ॥ਪਉੜੀ ੧੩॥ (ਪੰਨਾ ੩੨੧)

ਨੋਟ : ਗੁਰਬਾਣੀ ਵਿਚ ਕਈ ਥਾਵੇਂ ਮੁਕਤਾ-ਅੰਤਿਕ ਵਿਸ਼ੇਸ਼ਣ-ਸ਼ਬਦਾਂ ਦੇ ਅੰਤਲੇ ਅੱਖਰ ਨੂੰ ਇਸਤਰੀ-ਲਿੰਗ ਵਾਚੀ (f) ਲੱਗੀ ਮਿਲਦੀ ਹੈ :

੧. ਓਹੁ ਜੋਗੀ ਪੁਰਖੁ, ਓਹ 'ਸੁੰਦਰਿ' ਨਾਰੀ ॥੬॥੮॥ (ਪੰਨਾ ੧੦੨੮)

੨. ਤੂੰ ਸਤਵੰਤੀ ਤੂੰ 'ਪਰਧਾਨਿ' ॥
ਤੂੰ ਪ੍ਰੀਤਮ ਭਾਨੀ ਤੁਹੀ 'ਸੁਰ ਗਿਆਨਿ' ॥੩॥੫੨॥ (ਪੰਨਾ ੩੮੪)

੩. 'ਸੁੰਦਰਿ' 'ਸੁਜਾਣਿ' 'ਚਤੁਰਿ' ਬੇਤੀ, ਸਾਸ ਬਿਨੁ ਜੈਸੇ ਤਨਾ ॥੫॥੮॥
(ਪੰਨਾ ੯੨੮)

ਉਪਰੋਕਤ ਕਿਸਮ ਦੀਆਂ ਹੋਰ ਸੰਖੇਪ ਉਦਾਹਰਣਾਂ :

ਕਰੂਪਿ, ਸਰੂਪਿ (੧॥੩੨॥—੪੮੩)
ਮੂਰਖਿ (੬॥੪॥—੧੦੪੭)
ਅਉਗਣਿਆਰਿ (੬॥੪॥—੧੦੪੭)
ਸੁਘਰਿ, ਨਿਰਗੁਨਿ (੩॥੩॥—੮੪੭)
ਚੇਰਿ (੧॥੧੮॥—੮੮੮)
ਕੂੜਿਆਰਿ, ਗਾਵਾਰਿ (੧॥੧੬॥—੮੯)
ਬੇ-ਪੀਰਿ (੪॥੬॥—੮੭੧)
ਬੁਰਿਆਰਿ (੫॥੪॥—੧੦੪੭)
ਸੇਵਕਿ (੧॥੧੦॥—੮੭੯)
ਚੰਚਲਿ (੨॥੫॥—੮੦੩)
ਸੁੰਦਰਿ (ਰਹਾਉ॥੨੮॥—੩੭੭)

(II) ਸੰਬੰਧਕੀ-ਰੂਪ ਵਾਲੀਆਂ ਉਦਾਹਰਣਾਂ

(ੳ) ਪੁਲਿੰਗ—ਇਕ-ਵਚਨ

ਮੁਕਤਾ-ਅੰਤਿਕ

੧. ਗੁਰਿ 'ਦਇਆਲਿ' ਪੂਰੀ ਮੇਰੀ ਆਸ ॥੧॥੧੦॥ (ਪੰਨਾ ੧੧੮੨)

ਾ-ਅੰਤਿਕ

੧. ਗੁਰਿ 'ਪੂਰੈ' ਮੇਰੀ ਰਾਖਿ ਲਈ ॥ਰਹਾਉ॥੬੮॥ (ਪੰਨਾ ੮੨੩)

੨. 'ਸਾਚੈ' ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥੭॥ (ਪੰਨਾ ੧੧੦੮)

੩. 'ਸਚੈ' ਨਾਇ ਦੁਖੁ ਕਬਹੀ ਨਾਹੀ ॥੧॥੨੨॥ (ਪੰਨਾ ੧੨੨)

(ਅ) ਪੁਲਿੰਗ—ਬਹੁ-ਵਚਨ

ਾ-ਅੰਤਿਕ

੧. ਮਰਣੁ ਮੁਣਸਾਂ 'ਸੂਰਿਆ' ਹਕੁ ਹੈ, ਜੋ ਹੋਇ ਮਰਹਿ ਪਰਵਾਣੋ ॥੩॥੨॥ (ਪੰਨਾ ੫੮੦)

੨. ਤਿਨ੍ਹ 'ਪਿਆਰਿਆ' ਭਾਈਆਂ, ਅਗੈ ਦਿਤਾ ਬੰਨ੍ਹਿ ॥੧੦੦॥ (ਪੰਨਾ ੧੩੮੩)

੩. 'ਅੰਧੀ' ਕੰਮੀ ਅੰਧ ਸਜਾਇ ॥ਸਲੋਕ ੧॥ਪਉੜੀ ੬॥ (ਪੰਨਾ ੧੨੪੦)

੧੭.੧.੩ ਗੁਣ-ਵਾਚਕ ਵਿਸ਼ੇਸ਼ਣ ਸੰਬੰਧੀ ਕੁਝ ਧਿਆਨ-ਜੋਗ ਨੁਕਤੇ

ਗੁਰਬਾਣੀ ਦੀਆਂ ਉਪਰੋਕਤ ਉਦਾਹਰਣਾਂ ਤੋਂ ਗੁਣ-ਵਾਚਕ ਵਿਸ਼ੇਸ਼ਣ ਸੰਬੰਧੀ ਹੇਠ ਲਿਖੇ ਨੁਕਤੇ ਵਿਸ਼ੇਸ਼ ਧਿਆਨ-ਜੋਗ ਹਨ :

(ੳ) ਰੂਪ ਦੇ ਪਖੋਂ ਗੁਣ-ਵਾਚਕ ਵਿਸ਼ੇਸ਼ਣ-ਸ਼ਬਦਾਂ ਦੀਆਂ ਹੇਠ ਲਿਖੀਆਂ ਰੂਪ-ਸ਼੍ਰੇਣੀਆਂ ਗੁਰਬਾਣੀ ਵਿਚ ਉਪਲਬਧ ਹਨ :

(i) ਮੁਕਤਾ-ਅੰਤਿਕ ਵਿਸ਼ੇਸ਼ਣ

ਸੁੰਦਰ, ਸੁਘੜ, ਸੁਜਾਨ, ਚਤੁਰ, ਮਧੁਰ, ਗ਼ਰੀਬ, ਨੀਚ, ਸਾਕਤ, ਸਫਲ, ਅਮੋਲ, ਨਿਰਮੋਲ, ਮਲੀਨ, ਉਜਲ, ਆਦਿ।

(ii) ਕੰਨਾ-ਅੰਤਿਕ ਵਿਸ਼ੇਸ਼ਣ (ਪੁਲਿੰਗ)

ਮੈਲਾ, ਕਾਲਾ, ਖੋਟਾ, ਸਚਾ, ਝੂਠਾ, ਮਿਠਾ, ਕਉੜਾ, ਸਿਆਣਾ, ਭਲਾ, ਫਿਕਾ, ਬੁਰਾ, ਪਿਆਰਾ, ਠੰਢਾ, ਕਚਾ, ਭੁਖਾ, ਪਕਾ, ਨੰਗਾ, ਆਦਿ।

(iii) ਾ-ਅੰਤਿਕ ਵਿਸ਼ੇਸ਼ਣ

ਪੁਲਿੰਗ — ਮੁਕਤਾ-ਅੰਤਿਕ ਨਾਂਵਾਂ ਦੇ ਅੰਤ ਵਿਚ (ਾ) ਲਾ ਕੇ ਬਣਾਏ ਹੋਏ ਵਿਸ਼ੇਸ਼ਣ; ਜਿਵੇਂ :

ਧਰਮੀ, ਸੰਤੋਖੀ, ਗਿਆਨੀ, ਧਿਆਨੀ, ਸੁਖੀ, ਲੋਭੀ, ਆਲਸੀ, ਉਪਕਾਰੀ, ਆਦਿ।

ਇਸਤਰੀ-ਲਿੰਗ — ਕੰਨਾ-ਅੰਤਿਕ ਪੁਲਿੰਗ ਵਿਸ਼ੇਸ਼ਣਾਂ ਦੇ ਅੰਤਲੇ (ਾ) ਦੇ ਬਦਲ ਵਿਚ (ੀ) ਲਾ ਕੇ ਬਣਾਏ ਹੋਏ ਵਿਸ਼ੇਸ਼ਣ; ਜਿਵੇਂ :

ਮੈਲੀ, ਕਾਲੀ, ਖੋਟੀ, ਸਚੀ, ਝੂਠੀ, ਸਿਆਣੀ, ਆਦਿ।

ਨੋਟ : ਗੁਰਮਤਿ ਕਾਵਿ-ਪ੍ਰਬੰਧ ਅਨੁਸਾਰ ਕਿਧਰੇ ਕਿਧਰੇ ਮੁਕਤਾ-ਅੰਤਿਕ ਵਿਸ਼ੇਸ਼ਣਾਂ ਦੇ ਅੰਤ ਵਿਚ (ਿ) ਲਾ ਕੇ ਇਸਤਰੀ-ਲਿੰਗ ਵਿਸ਼ੇਸ਼ਣ ਬਣਾਏ ਮਿਲਦੇ ਹਨ; ਜਿਵੇਂ :

ਸੁੰਦਰਿ, ਕਰੂਪਿ, ਸਰੂਪਿ, ਸੁਜਾਣਿ, ਬੇ-ਪੀਰਿ, ਪਰਧਾਨਿ, ਦਾਸਿ, ਸੇਵਕਿ, ਮੂਰਖਿ, ਬੁਰਿਆਰਿ, ਆਦਿ।

(ਅ) ਗੁਣ-ਵਾਚਕ ਵਿਸ਼ੇਸ਼ਣਾਂ ਦਾ ਲਿੰਗ, ਵਚਨ ਅਤੇ ਕਾਰਕ ਆਪਣੇ ਵਿਸ਼ੇਸ਼ ਅਨੁਸਾਰ ਹੀ ਹੁੰਦਾ ਹੈ। ਅਜੋਕੀ ਪੰਜਾਬੀ ਵਿਚ ਕੇਵਲ ਾ-ਅੰਤਿਕ ਵਿਸ਼ੇਸ਼ਣਾਂ ਉੱਤੇ ਹੀ ਲਿੰਗ ਅਤੇ ਵਚਨ ਦੇ ਪ੍ਰਭਾਵ ਕਾਰਨ ਤਬਦੀਲੀ ਹੁੰਦੀ ਹੈ, ਮੁਕਤਾ-ਅੰਤਿਕ ਵਿਸ਼ੇਸ਼ਣ ਲਿੰਗ ਅਤੇ ਵਚਨ ਦੇ ਪ੍ਰਭਾਵ ਤੋਂ ਮੁਕਤ ਸਮਝੇ ਜਾਂਦੇ ਹਨ, ਪਰ ਗੁਰਬਾਣੀ ਅਥਵਾ ਪੁਰਾਤਨ ਪੰਜਾਬੀ ਵਿਚ ਲਿੰਗ ਅਤੇ ਵਚਨ ਦਾ ਪ੍ਰਭਾਵ ਕਿਸੇ ਹਦ ਤਕ ਾ-ਅੰਤਿਕ ਵਿਸ਼ੇਸ਼ਣਾਂ ਤੋਂ ਇਲਾਵਾ ਬਾਕੀ ਅੰਤਕਿਆਂ ਵਾਲੇ ਵਿਸ਼ੇਸ਼ਣਾਂ ਉੱਤੇ ਵੀ ਪਿਆ ਮਿਲਦਾ ਹੈ; ਜਿਵੇਂ :

	ਪੁਲਿੰਗ		*ਇਸਤਰੀ-ਲਿੰਗ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
(੧) ਕੰਨਾ-ਅੰਤਿਕ				
ਸਾਧਾਰਨ-ਰੂਪ	ਕਾਲਾ	ਕਾਲੇ	ਕਾਲੀ	ਕਾਲੀਆ*
ਸੰਬੰਧਕੀ-ਰੂਪ	ਕਾਲੇ	ਕਾਲਿਆ*	ਕਾਲੀ	ਕਾਲੀਆ*

ਨੋਟ : * ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ।

	ਪੁਲਿੰਗ		*ਇਸਤਰੀ-ਲਿੰਗ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
(੨) ਮੁਕਤਾ-ਅੰਤਿਕ				
ਸਾਧਾਰਨ-ਰੂਪ	ਸੁੰਦਰੁ	ਸੁੰਦਰ	ਸੁੰਦਰ, ਸੁੰਦਰਿ, ਸੁੰਦਰੀ	— — —
ਸੰਬੰਧਕੀ-ਰੂਪ	ਦਇਆਲਿ	ਦਇਆਲ	—	—
(੩) ਾ-ਅੰਤਿਕ				
ਸਾਧਾਰਨ-ਰੂਪ	ਧਰਮੀ	ਧਰਮੀ	ਮੋਹਣੀ	ਮੋਹਣੀਆ*
ਸੰਬੰਧਕੀ-ਰੂਪ	ਧਰਮੀ	ਧਰਮੀਆ*	— ਮੋਹਣੀਐ	—

ਨੋਟ : * ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ।

੧੭.੨ ਪਰਿਮਾਣ-ਵਾਚਕ ਵਿਸ਼ੇਸ਼ਣ

੧੭.੨.੧ ਲੱਛਣ

"ਅਜਿਹਾ ਵਿਸ਼ੇਸ਼ਣ ਜਿਹੜਾ ਆਪਣੇ ਵਿਸ਼ੇਸ਼ ਦੀ ਮਿਣਤੀ, ਮਾਪ-ਤੋਲ ਜਾਂ ਵਿਸਥਾਰ ਦੱਸੇ।"

੧੭.੨.੨ ਕਿਸਮਾਂ

ਇਸ ਵਿਸ਼ੇਸ਼ਣ ਦੀਆਂ ਅੱਗੋਂ ਦੋ ਸ਼੍ਰੇਣੀਆਂ ਹਨ :

(੧) ਨਿਸਚਿਤ ਪਰਿਮਾਣ ਵਾਚਕ — ਜੋ ਵਿਸ਼ੇਸ਼ ਦੀ ਪੂਰੀ ਪੂਰੀ ਮਿਣਤੀ ਜਾਂ ਮਾਪ-ਤੋਲ ਦੱਸੇ।

(੨) ਅਨਿਸਚਿਤ ਪਰਿਮਾਣ ਵਾਚਕ — ਜਿਸ ਤੋਂ ਪੂਰਾ ਪੂਰਾ ਨਾ, ਬਲਕਿ ਅੰਦਾਜ਼ਨ ਮਾਪ-ਤੋਲ ਜਾਂ ਮਿਣਤੀ ਦਾ ਗਿਆਨ ਹੋਵੇ।

੧੭.੨.੩ ਗੁਰਬਾਣੀ ਦੀਆਂ ਉਦਾਹਰਣਾਂ

(ੳ) ਨਿਸਚਿਤ ਪਰਿਮਾਣ-ਵਾਚਕ ਵਿਸ਼ੇਸ਼ਣ

੧. 'ਦੁਇ' ਸੇਰ ਮਾਂਗਉ ਚੂਨਾ ॥
ਪਾਉ ਘੀਉ ਸੰਗਿ ਲੂਨਾ ॥੨॥੧੧॥ *(ਪੰਨਾ ੬੫੬)*

੨. ਗਜ 'ਨਵ', ਗਜ 'ਦਸ', ਗਜ 'ਇਕੀਸ', ਪੁਰੀਆ ਏਕ ਤਨਾਈ ॥੧॥੫੪॥ *(ਪੰਨਾ ੩੩੫)*

(ਅ) ਅਨਿਸਚਿਤ ਪਰਿਮਾਣ-ਵਾਚਕ ਵਿਸ਼ੇਸ਼ਣ

ਨੋਟ : ਅਨਿਸਚਿਤ ਸੰਖਿਅਕ ਵਿਸ਼ੇਸ਼ਣ ਅਤੇ ਅਨਿਸਚਿਤ ਪਰਿਮਾਣ-ਵਾਚਕ ਵਿਸ਼ੇਸ਼ਣ ਸਾਂਝੇ ਹੀ ਹੁੰਦੇ ਹਨ। ਦੋਹਾਂ ਵਿਚ ਫ਼ਰਕ ਇਹ ਹੈ ਕਿ ਅਨਿਸਚਿਤ ਪਰਿਮਾਣ ਵਾਚਕ ਵਿਸ਼ੇਸ਼ਣ ਇਕ-ਵਚਨ ਹੀ ਹੁੰਦੇ ਹਨ, ਪਰ ਜਦੋਂ ਬਹੁ-ਵਚਨ ਹੋਣ ਤਾਂ ਅਨਿਸਚਿਤ ਸੰਖਿਅਕ ਵਿਸ਼ੇਸ਼ਣ ਹੋ ਜਾਂਦੇ ਹਨ। ਅਨਿਸਚਿਤ ਸੰਖਿਅਕ ਵਿਸ਼ੇਸ਼ਣ ਇਕ-ਵਚਨ ਵੀ ਹੁੰਦੇ ਹਨ ਅਤੇ ਬਹੁ-ਵਚਨ ਵੀ। ਸੋ, ਦੋਹਾਂ ਕਿਸਮਾਂ ਦੀਆਂ ਗੁਰਬਾਣੀ ਦੀਆਂ ਉਦਾਹਰਣਾਂ ਅਨਿਸਚਿਤ ਸੰਖਿਆ ਵਾਚਕ ਵਿਸ਼ੇਸ਼ਣ ਵਾਲੇ ਭਾਗ ਵਿਚ ਦਿੱਤੀਆਂ ਹੋਈਆਂ ਹਨ। ਦੋਹਾਂ ਕਿਸਮਾਂ ਵਿਚ ਫ਼ਰਕ ਥਲੇ ਨਿਰੂਪਨ ਕੀਤਾ ਜਾਂਦਾ ਹੈ :

(੧) ਅਨਿਸਚਿਤ ਪਰਿਮਾਣ ਵਾਚਕ ਵਿਸ਼ੇਸ਼ਣ — ਥੋੜਾ, ਬਹੁਤਾ, ਸਾਰਾ (ਧਨ)

(੨) ਅਨਿਸਚਿਤ ਸੰਖਿਅਕ ਵਿਸ਼ੇਸ਼ਣ — ਥੋੜੇ, ਬਹੁਤੇ, ਸਾਰੇ (ਰੁਪਏ)

੧੭.੩ ਸੰਖਿਅਕ ਵਿਸ਼ੇਸ਼ਣ (Numeral Adjective)

(ੳ) ਲੱਛਣ

"ਅਜਿਹਾ ਵਿਸ਼ੇਸ਼ਣ ਜੋ ਆਪਣੇ ਵਿਸ਼ੇਸ਼ (ਨਾਂਵ/ਪੜਨਾਂਵ) ਦੀ ਗਿਣਤੀ ਜਾਂ ਗਿਣਤੀ ਦਾ ਕ੍ਰਮ ਦੱਸੇ।"

(ਅ) ਸੰਖਿਅਕ ਵਿਸ਼ੇਸ਼ਣ ਦਾ ਵਿਸਥਾਰ



੧੭.੩.੧ ਸਾਧਾਰਨ ਸੰਖਿਅਕ

ਜੋ ਆਪਣੇ ਵਿਸ਼ੇਸ਼ ਦੀ ਪੂਰੀ ਪੂਰੀ ਗਿਣਤੀ ਦੱਸੇ; ਜਿਵੇਂ :

(I) ਸਾਧਾਰਨ-ਰੂਪ

(ਪੁਲਿੰਗ)

੧. **'ਏਕੁ' ਸਬਦੁ ਮੇਰੈ ਪ੍ਰਾਨਿ ਬਸਤੁ ਹੈ, ਬਾਹੁੜਿ ਜਨਮਿ ਨ ਆਵਾ ॥੧॥੨॥** *(ਪੰਨਾ ੭੯੫)*

੨. **'ਇਕੁ' ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥ਰਹਾਉ॥੩॥** *(ਪੰਨਾ ੧੧੫੮)*

(ਇਸਤਰੀ-ਲਿੰਗ

੧. **'ਏਕ' ਜੁ ਬਾਤ ਅਨੂਪ ਬਨੀ ਹੈ, ਪਵਨ ਪਿਆਲਾ ਸਾਜਿਆ ॥੩॥੩॥** *(ਪੰਨਾ ੯੨)*

੨. **'ਇਕ' ਬਾਤ ਅਨੂਪ ਸੁਨਹੁ ਨਰ ਭਾਈ ॥੪॥੮॥** *(ਪੰਨਾ ੯੯੧)*

ਨੋਟ : (੧) ਸ਼ਬਦ 'ਇਕ' ਜੇ ਕਿਸੇ ਵਾਕ ਵਿਚ ਇਕੱਲਾ ਆਵੇ ਤਾਂ ਪੜਨਾਂਵ ਹੁੰਦਾ ਹੈ, ਪਰ ਜੇ ਇਸ ਨਾਲ ਕੋਈ ਨਾਂਵ ਵੀ ਆਵੇ ਤਾਂ ਵਿਸ਼ੇਸ਼ਣ ਹੋ ਜਾਂਦਾ ਹੈ।

***ਨੋਟ :* ਸੰਖਿਆ-ਬੋਧਕ 'ਇਕ' ਦੇ ਵੱਖ ਵੱਖ ਰੂਪ**

ਸੰਖਿਆ-ਬੋਧਕ ਸ਼ਬਦ 'ਇਕ' ਦੇ ਕਈ ਰੂਪ ਗੁਰਬਾਣੀ ਵਿਚ ਉਪਲਬਧ ਹਨ, ਪਰ ਮੂਲ-ਰੂਪ 'ਇਕ' ਹੈ। ਇਸ ਸ਼ਬਦ ਦਾ ਅਰੰਭਕ ਸੁਰ 'ਇ' ਗੁਰਮਤਿ ਕਾਵਿ-ਪ੍ਰਬੰਧ ਅਨੁਸਾਰ ਕਿਧਰੇ ਕਿਧਰੇ 'ਏ' ਹੋਇਆ ਮਿਲਦਾ ਹੈ (ਇਕ ਤੋਂ ਏਕ) ਅਤੇ ਕਿਧਰੇ ਕਿਧਰੇ ਖੇਤਰੀ ਭਾਸ਼ਾ ਦੇ ਆਧਾਰ 'ਤੇ ਅਰੰਭਕ ਅੱਖਰ 'ਏ' ਦੀ ਥਾਵੇਂ 'ਹ' ਦੀ ਵਰਤੋਂ ਕੀਤੀ ਮਿਲਦੀ ਹੈ (ਇਕ ਤੋਂ ਹਿਕ)। ਇਸ ਸ਼ਬਦ (ਇਕ) ਦੇ ਵੱਖ ਵੱਖ ਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ :

(੧) ਪੁਲਿੰਗ, ਇਕ-ਵਚਨ—ਸਾਧਾਰਨ-ਰੂਪ

ਇਕੁ

੧. **'ਇਕੁ' ਦਾਨੁ ਮੰਗੈ ਨਾਨਕੁ ਵੇਚਾਰਾ, ਹਰਿ ਦਾਸਨਿ ਦਾਸੁ ਕਰਾਈ ॥੨੪॥** *(ਪੰਨਾ ੭੫੮)*

ਇਕੋ

੧. **'ਇਕੋ' ਸਤਿਗੁਰੁ ਜਾਗਤਾ,**
ਹੋਰੁ ਜਗੁ ਸੂਤਾ ਮੋਹਿ ਪਿਆਸਿ ॥ਸ.੨॥ਪਉੜੀ ੧੭॥ *(ਪੰਨਾ ੫੯੨)*

ਹਿਕੁ

੧. **ਬਨਿ ਭੀਹਾਵਲੈ 'ਹਿਕੁ' ਸਾਥੀ,**
ਲਧਮੁ ਦੁਖ ਹਰਤਾ ਹਰਿ ਨਾਮਾ ॥੨॥ਪਉੜੀ ੭॥ *(ਪੰਨਾ ੫੧੯)*

ਹਿਕੋ

੧. **'ਹਿਕੋ' ਮੈਡਾ ਤੂ ਧਣੀ, ਸਾਚਾ ਮੁਖਿ ਨਾਮੁ ॥ਰਹਾਉ॥੧੪॥**
(ਪੰਨਾ ੪੧੮)

ਏਕੋ

੧. **ਸਾਹਿਬੁ ਮੇਰਾ 'ਏਕੋ' ਹੈ ॥**
ਏਕੋ ਹੈ ਭਾਈ ਏਕੋ ਹੈ ॥ਰਹਾਉ॥੫॥ *(ਪੰਨਾ ੩੫੦)*

ਹੇਕੜੋ

੧. **ਸਰਵਰ ਪੰਖੀ 'ਹੇਕੜੋ', ਫਾਹੀਵਾਲ ਪਚਾਸ ॥੧੨੫॥** *(ਪੰਨਾ ੧੩੮੪)*

ਹੇਕੋ/ਹੇਕੁ

੧. **'ਹੇਕੋ' ਪਾਧਰੁ, 'ਹੇਕੁ' ਦਰੁ,**
ਗੁਰ ਪਉੜੀ ਨਿਜ ਥਾਨੁ ॥ਸਲੋਕ ੨॥ਪਉੜੀ ੧॥ *(ਪੰਨਾ ੧੨੭੯)*

(੨) ਇਸਤਰੀ-ਲਿੰਗ, ਇਕ-ਵਚਨ—ਸਾਧਾਰਨ-ਰੂਪ

ਇਕ

੧. **'ਇਕ' ਬਾਤ ਅਨੂਪ ਸੁਨਹੁ ਨਰ ਭਾਈ ॥੪॥੮॥** *(ਪੰਨਾ ੯੯੧)*

ਇਕਾ

੧. **'ਇਕਾ' ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ ॥੨॥੧੦॥** *(ਪੰਨਾ ੬੪੬)*

ਹਿਕ

੧. **'ਹਿਕ' ਭੋਰੀ ਨਦਰਿ ਨਿਹਾਲਿ, ਦੇਹਿ ਦਰਸੁ ਰੰਗੁ ਮਾਣੀਆ ॥੬॥੪॥** *(ਪੰਨਾ ੭੬੧)*

(੩) ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਬਹੁ-ਵਚਨੀ ਸਾਂਝਾ ਰੂਪ

'ਇਕਿ' ਸੰਖਿਅਕ ਬੋਧਕ ਸ਼ਬਦ ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਦੇ ਬਹੁ-ਵਚਨ ਦਾ ਲਖਾਇਕ ਸਾਂਝਾ ਰੂਪ ਹੈ ਅਤੇ ਇਸ ਦਾ ਅਰਥ-ਭਾਵ ਹੈ 'ਕਈ'। ਇਹ ਸ਼ਬਦ-ਸਰੂਪ ਨਿਸਚਿਤ ਸੰਖਿਅਕ ਦੀ ਬਜਾਏ ਅਨਿਸਚਿਤ ਸੰਖਿਅਕ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜੇ ਇਹ ਇਕੱਲਾ ਹੀ ਕਿਸੇ ਤੁਕ ਵਿਚ ਆਵੇ ਤਾਂ ਅਨਿਸਚਿਤ ਪੜਨਾਂਵ ਹੁੰਦਾ ਹੈ, ਪਰ ਜੇ ਕਿਸੇ ਨਾਂਵ ਨਾਲ ਮਿਲ ਕੇ ਆਵੇ ਤਾਂ ਅਨਿਸਚਿਤ ਵਿਸ਼ੇਸ਼ਣ ਹੋ ਜਾਂਦਾ ਹੈ।

੧. **'ਇਕਿ' ਸਜਣ ਚਲੇ ਇਕਿ ਚਲਿ ਗਏ,**
ਰਹਦੇ ਭੀ ਫੁਨਿ ਜਾਹਿ ॥੨॥ਪਉੜੀ ੨॥ *(ਪੰਨਾ ੫੮੬)*

੨. **'ਇਕਿ' ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥** *(ਪੰਨਾ ੫੮੪)*

[ਪਹਿਲੀ ਉਦਾਹਰਣ ਵਿਚ 'ਇਕਿ' ਅਨਿਸਚਿਤ ਸੰਖਿਅਕ ਵਿਸ਼ੇਸ਼ਣ ਹੈ, ਕਿਉਂ ਜੁ ਇਸ ਨਾਲ ਬਹੁ-ਵਚਨੀ ਨਾਂਵ ਸ਼ਬਦ 'ਸੱਜਣ' ਆਇਆ ਹੈ, ਜਦਕਿ ਦੂਜੀ ਵਿਚ 'ਇਕਿ' ਅਨਿਸਚਿਤ ਪੜਨਾਂਵ ਹੈ।]

(੪) ਇਕ-ਵਚਨ—ਸੰਬੰਧਕੀ-ਰੂਪ

ਇਕਸੁ (ਕਰਮ ਕਾਰਕ)

੧. **'ਇਕਸੁ' ਬਾਝਹੁ ਦੂਜਾ ਕੋ ਨਹੀ, ਕਿਸੁ ਅਗੈ ਕਰਹਿ ਪੁਕਾਰਾ ॥ਪਉੜੀ ੭॥**
[ਇਕਸੁ—ਪੜਨਾਂਵ] *(ਪੰਨਾ ੧੪੧)*

ਇਕੁ (ਕਰਮ ਕਾਰਕ)

੧. **'ਇਕੁ' ਬਿੰਨਿ ਦੁਗਣ ਜੁ ਤਉ ਰਹੈ, ਜਾ ਸੁਮੰਤ੍ਰਿ ਮਾਨਵ ਹਿਲਹਿ ॥੫॥੧੪॥**
[ਇਕੁ-ਪੜਨਾਂਵ] *(ਪੰਨਾ ੧੩੯੫)*

ਇਕ (ਕਰਮ ਕਾਰਕ)

੧. **ਕਾਹੇ 'ਏਕ' ਬਿਨਾ ਚਿਤੁ ਲਾਈਐ ॥ਰਹਾਉ॥੧॥** *(ਪੰਨਾ ੩੭੯)*
[ਏਕ—ਪੜਨਾਂਵ]

ਇਕਸੈ (ਅਧਿਕਰਣ ਕਾਰਕ [ਸੰਬੰਧਕੀ-ਪਦ ਸਹਿਤ])

੧. **ਹਰਿ 'ਇਕਸੈ' ਨਾਲਿ ਮੈ ਦੋਸਤੀ,**
ਹਰਿ ਇਕਸੈ ਨਾਲਿ ਮੈ ਰੰਗੁ ॥ਸ.੧॥ਪਉੜੀ ੫॥ *(ਪੰਨਾ ੯੫੮)*
[ਇਕਸੈ—ਪੜਨਾਂਵ]

ਇਕਤੁ (ਅਧਿਕਰਣ ਕਾਰਕ)

੧. **'ਇਕਤੁ' ਪਤਰਿ ਭਰਿ ਉਰਕਟ ਕੁਰਕਟ,**
ਇਕਤੁ ਪਤਰਿ ਭਰਿ ਪਾਨੀ ॥੧॥੪॥ *(ਪੰਨਾ ੪੭੬)*

ਇਕਤੈ (ਅਧਿਕਰਣ ਕਾਰਕ)

੧. **ਹਰਿ 'ਇਕਤੈ' ਕਾਰੈ ਲਾਇਓਨੁ,**
ਜਿਉ ਭਾਵੈ ਤਿੰਵੈ ਨਿਬਾਹਿ ਜੀਉ ॥੩॥੨੬॥ *(ਪੰਨਾ ੭੩)*
[ਇਕਤੁ, ਇਕਤੈ—ਵਿਸ਼ੇਸ਼ਣ]

ਇਕਸੈ (ਸੰਬੰਧ ਕਾਰਕ)

੧. **ਹਰਿ 'ਇਕਸੈ' ਦਾ ਹੈ ਅਮਰੁ, ਇਕੋ ਹਰਿ ਚਿਤਿ ਧਰਿ ॥ਪਉੜੀ ੧॥**
[ਇਕਸੈ—ਪੜਨਾਂਵ] *(ਪੰਨਾ ੮੩)*

ਇਕਹੁ (ਆਪਾਦਾਨ ਕਾਰਕ)

੧. **'ਇਕਹੁ' ਜਿ ਲਾਖੁ ਲਖਹੁ ਅਲਖੁ ਹੈ,**
ਇਕੁ ਇਕੁ ਕਰਿ ਵਰਨਿਅਉ ॥੩॥੧੨॥ *(ਪੰਨਾ ੧੩੯੪)*
[ਇਕਹੁ—ਪੜਨਾਂਵ]

ਇਕਨੈ (ਕਰਤਾ ਕਾਰਕ)

੧. **'ਇਕਨੈ' ਭਾਂਡੇ ਸਾਜਿਐ, ਇਕੁ ਚਾਨਣੁ ਤਿਹੁ ਲੋਇ ॥੬॥੧੪॥**
[ਇਕਨੈ—ਪੜਨਾਂਵ, ਇਕ ਨੇ ਹੀ] *(ਪੰਨਾ ੬੨)*

ਇਕਨਿ (ਕਰਤਾ ਕਾਰਕ)

੧. **'ਇਕਨਿ' ਕਿਨੈ ਚਾਲੀਐ, ਦਰਵੇਸਾਵੀ ਰੀਤਿ ॥੧੧੮॥** *(ਪੰਨਾ ੧੩੮੪)*
[ਇਕਨਿ ਕਿਨੈ—ਪੜਨਾਂਵ, ਕਿਸੇ ਵਿਰਲੇ ਨੇ]

ਏਕਲ (ਸੰਬੰਧ ਕਾਰਕ)

੧. **'ਏਕਲ' ਮਾਟੀ ਕੁੰਜਰ ਚੀਟੀ, ਭਾਜਨ ਹੈਂ ਬਹੁ ਨਾਨਾ ਰੇ ॥੧॥੩॥**
(ਪੰਨਾ ੯੮੮)

੨. **'ਏਕਲ' ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥੨॥੩॥**
[ਏਕਲ—ਅੰਤਲਾ 'ਲ' ਮਰਾਠੀ ਦਾ ਪਿਛੇਤਰ ਹੈ] *(ਪੰਨਾ ੯੮੮)*

ਨੋਟ : ਨੰ: ੧ ਉਦਾਹਰਣ ਵਿਚ 'ਏਕਲ' ਵਿਸ਼ੇਸ਼ਣ ਹੈ, ਜਦ ਕਿ ਨੰ: ੨ ਵਿਚ ਪੜਨਾਂਵ।

(੪) ਬਹੁ-ਵਚਨ—ਸੰਬੰਧਕੀ-ਰੂਪ

ਇਕਨਾ (ਕਰਮ ਕਾਰਕ)

੧. **'ਇਕਨਾ' ਪਾਰਿ ਲੰਘਾਵਹਿ ਆਪੇ,**
ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥੧੦॥ *(ਪੰਨਾ ੧੦੮੧)*

ਹਿਕਨੀ (ਕਰਤਾ ਕਾਰਕ)

੧. **'ਹਿਕਨੀ' ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰਨਾਲਿ ॥੭॥੧੦॥** *(ਪੰਨਾ ੧੦੧੫)*

ਇਕਨਾ (ਸੰਪ੍ਰਦਾਨ ਕਾਰਕ)

੧. **'ਇਕਨਾ' ਸਚੁ ਬੁਝਾਇਓਨੁ, ਤਿਨਾ ਅਤੁਟ ਭੰਡਾਰ ਦੇਵਾਇਆ ॥੮॥** *(ਪੰਨਾ ੮੫)*

ਇਕਨ੍ਹਾ (ਅਧਿਕਰਣ ਕਾਰਕ)

੧. **'ਇਕਨ੍ਹਾ' ਅੰਦਰਿ ਖੋਟੁ, ਨਿਤ ਖੋਟੁ ਕਮਾਵਹਿ,**
ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥੧॥ਪਉੜੀ ੭॥ *(ਪੰਨਾ ੩੦੨)*

ਇਕਨ੍ਹਾ (ਸੰਬੰਧ ਕਾਰਕ)

੧. **'ਇਕਨ੍ਹਾ' ਗਲੀ ਜੰਜੀਰੀਆ,**
ਇਕਿ ਭੁਰੀ ਚੜਹਿ ਬਿਸੀਆਰ ॥ਪਉੜੀ ੨੩॥ *(ਪੰਨਾ ੪੭੫)*

ਨੋਟ : ਬਹੁ-ਵਚਨ ਵਾਲੀਆਂ ਸਾਰੀਆਂ ਉਦਾਹਰਣਾਂ ਵਿਚ 'ਇਕਨਾ/ਇਕਨੀ' ਪੜਨਾਂਵ ਹਨ।

ਉਪਰੋਕਤ ਸੂਚਨਾ ਸੰਬੰਧੀ ਧਿਆਨ-ਜੋਗ ਨੁਕਤੇ :

ਇਕੁ — ਪੁਲਿੰਗ, ਇਕ-ਵਚਨੀ ਰੂਪ।

ਇਕ/ਇਕਾ/ਏਕਾ — ਇਸਤਰੀ-ਲਿੰਗ, ਇਕ-ਵਚਨੀ ਰੂਪ।

ਇਕਿ — ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਸਾਂਝਾ ਬਹੁ-ਵਚਨੀ ਰੂਪ।

ਇਕੋ/ਏਕੋ/ਏਕੈ — ਆਮ ਤੌਰ 'ਤੇ 'ਇਕ ਹੀ' ਅਰਥ ਦਾ ਲਖਾਇਕ।

ਇਕਸੁ — ਤਿੰਨ ਕਾਰਕਾਂ (ਕਰਤਾ, ਕਰਣ, ਅਧਿਕਰਣ) ਤੋਂ ਸਿਵਾ (ਛੁੱਟ) ਹੋਰ ਸਾਰੇ ਕਾਰਕਾਂ ਵਿਚ ਇਹ ਸੰਬੰਧਕੀ-ਰੂਪ ਆਉਂਦਾ ਹੈ।

ਇਕਤੁ — ਕਰਣ ਕਾਰਕ ਅਤੇ ਅਧਿਕਰਣ ਕਾਰਕ ਇਕ-ਵਚਨ ਵਿਚ 'ਇਕਸੁ' ਦਾ ਰੂਪ ਬਦਲ ਕੇ 'ਇਕਤੁ' ਹੋ ਜਾਂਦਾ ਹੈ।

ਇਕਨਾ/ਇਕਨੀ — 'ਇਕਿ' ਸਾਧਾਰਨ ਬਹੁ-ਵਚਨ ਰੂਪ ਹੈ, ਜਦ ਕਿ ਇਕਨਾ/ਇਕਨੀ ਇਸੇ ਦੇ ਸੰਬੰਧਕੀ ਬਹੁ-ਵਚਨ ਰੂਪ ਹਨ।

ਏਕਲ — ਅੰਤਲਾ 'ਲ' ਮਰਾਠੀ ਦਾ ਪਿਛੇਤਰ ਹੈ।

ਦੁਇ

੧. **'ਦੁਇ' ਪੰਦੀ 'ਦੁਇ' ਰਾਹ ਚਲਾਏ ॥੨॥੧੨॥** *(ਪੰਨਾ ੧੦੩੨)*

ਡੁਇ

੧. **ਸੁਖ ਘਟਾਊ 'ਡੁਇ' ਇਸੁ ਪੰਧਾਣੂ ਘਰ ਘਣੇ ॥ਸ.੩॥ਪਉੜੀ ੧੩॥** *(ਪੰਨਾ ੧੦੯੮)*

ਤਿੰਨਿ/ਤੀਨਿ

੧. **ਥਾਲ ਵਿਚਿ 'ਤਿੰਨਿ' ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥੧॥ਮੁੰਦਾਵਣੀ॥** *(ਪੰਨਾ ੧੪੨੯)*

੨. **'ਤੀਨਿ' ਗੁਣਾ ਤੇਰੇ ਜੁਗ ਹੀ ਅੰਤਰਿ, ਚਾਰੇ ਤੇਰੀਆ ਖਾਣੀ ॥੩॥੨੩॥** *(ਪੰਨਾ ੪੨੩)*

ਤ੍ਰੈ

੧. **'ਤ੍ਰੈ' ਗੁਣ ਸਭੇ ਰੋਗਿ ਵਿਆਪੇ, ਮਮਤਾ ਸੁਰਤਿ ਗਵਾਈ ॥੨॥੧੧॥** *(ਪੰਨਾ ੧੧੩੦)*

ਤੈ

੧. **ਥਾਲੈ ਵਿਚਿ 'ਤੈ' ਵਸਤੂ ਪਈਓ, ਹਰਿ ਭੋਜਨੁ ਅੰਮ੍ਰਿਤੁ ਸਾਰੁ ॥੧॥੮॥** *(ਪੰਨਾ ੬੪੫)*

ਚਾਰਿ

੧. **'ਚਾਰਿ' ਨਦੀ ਅਗਨੀ ਅਸਰਾਲਾ ॥੫॥੧੧॥** *(ਪੰਨਾ ੧੦੩੧)*

ਚਾਰੇ

੧. **'ਚਾਰੇ' ਬੇਦ ਕਥਹਿ ਆਕਾਰੁ ॥੧॥੧੨॥** *(ਪੰਨਾ ੧੫੪)*

ਪੰਜਿ

੧. **'ਪੰਜਿ' ਕਿਰਸਾਣ ਮੁਜੇਰੇ ਮਿਹਡਿਆ ॥੫॥੨੬॥** *(ਪੰਨਾ ੭੩)*

੨. **'ਪੰਜਿ' ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ ॥ਸਲੋਕ ੩॥ਪਉੜੀ ੭॥** *(ਪੰਨਾ ੧੪੧)*

ਪੰਚ

੧. **'ਪੰਚ' ਸਿੰਘ ਰਾਖੇ, ਪ੍ਰਭਿ ਮਾਰਿ ॥੧॥੫੧॥** *(ਪੰਨਾ ੮੬੬)*

ਪਾਂਚ

੧. **'ਪਾਂਚ' ਮਿਰਗ ਬੇਧੇ ਸਿਵ ਕੀ ਬਾਨੀ ॥੧॥੪॥** *(ਪੰਨਾ ੧੧੩੬)*

ਛਿਅ

੧. **'ਛਿਅ' ਘਰ, 'ਛਿਅ' ਗੁਰ, 'ਛਿਅ' ਉਪਦੇਸ ॥੧॥੨॥** *(ਪੰਨਾ ੧੨)*

ਖਟੁ/ਖਟ

੧. **'ਖਟੁ' ਸਾਸਤ ਬਿਚਰਤ ਮੁਖਿ ਗਿਆਨਾ ॥੨॥੧੨॥** *(ਪੰਨਾ ੯੮)*

੨. **'ਖਟ' ਨੇਮ ਕਰਿ ਕੋਠੜੀ ਬਾਂਧੀ, ਬਸਤੁ ਅਨੂਪੁ ਬੀਚ ਪਾਈ ॥੧॥੭੩॥** *(ਪੰਨਾ ੩੩੯)*

ਸਤ

੧. **ਪੰਦ੍ਰਹ ਥਿਤੀ ਤੈ 'ਸਤ' ਵਾਰ ॥੧੦॥੧॥** *(ਪੰਨਾ ੮੪੨)*

ਸਾਤ

੧. **'ਸਾਤ' ਘੜੀ ਜਬ ਬੀਤੀ ਸੁਣੀ ॥੧੪॥੧੦॥** *(ਪੰਨਾ ੧੧੬੬)*

ਅਠ/ਅਠੀ

੧. **'ਅਠੀ' ਪਹਰੀ 'ਅਠ' ਖੰਡ, ਨਾਵਾ ਖੰਡੁ ਸਰੀਰੁ ॥ਸ.੧॥ਪਉੜੀ ੧੮॥** *(ਪੰਨਾ ੧੪੬)*

ਆਠ

੧. 'ਆਠ' ਜਾਮ, ਚਉਸਠਿ ਘਰੀ, ਤੁਅ ਨਿਰਖਤ ਰਹੈ ਜੀਉ ॥੨੩॥ *(ਪੰਨਾ ੧੩੭੭)*

ਨਉ

੧. 'ਨਉ' ਬਹੀਆਂ ਦਸ ਗੋਨਿ ਆਹਿ ॥੧॥੬॥ *(ਪੰਨਾ ੧੧੮੪)*

ਨਵ

੧. ਗਜ 'ਨਵ', ਗਜ ਦਸ, ਗਜ ਇਕੀਸ, ਪੁਰੀਆ ਏਕ ਤਨਾਈ ॥੧॥੫੪॥ *(ਪੰਨਾ ੩੩੫)*

ਦਸ

੧. ਗਜ ਨਵ, ਗਜ 'ਦਸ', ਗਜ ਇਕੀਸ, ਪੁਰੀਆ ਏਕ ਤਨਾਈ ॥੧॥੫੪॥ *(ਪੰਨਾ ੩੩੫)*

ਦਹ

੧. ਚਾਰਿ ਕੁੰਟ 'ਦਹ' ਦਿਸਿ ਜਲਨਿਧਿ, ਊਨ ਥਾਉ ਨ ਕੇਹੁ ॥੧॥੧੧੪॥ *(ਪੰਨਾ ੧੨੨੬)*

ਬਾਰਹ

੧. 'ਬਾਰਹ' ਬਰਸ ਬਾਲਪਨ ਬੀਤੇ, ਬੀਸ ਬਰਸ ਕਛੁ ਤਪੁ ਨ ਕੀਓ ॥੧॥੧੫॥
(ਪੰਨਾ ੪੭੬)

ਬੇ ਦਸ

੧. 'ਬੇ ਦਸ' ਮਾਹ, ਰੁਤੀ, ਥਿਤੀ, ਵਾਰ ਭਲੇ ॥੧੭॥੧॥ *(ਪੰਨਾ ੧੧੦੬)*

ਦੁਆ ਦਸ

੧. 'ਦੁਆ ਦਸ' ਦਲ ਅਭ ਅੰਤਰਿ ਮੰਤ ॥੪॥੧॥ *(ਪੰਨਾ ੧੧੬੨)*

ਚਉ ਦਹ

੧. 'ਚਉ ਦਹ' ਰਤਨ ਨਿਕਾਲਿਅਨੁ, ਕੀਤੋਨੁ ਚਾਨਾਣੁ ॥੬॥ *(ਪੰਨਾ ੯੬੮)*

ਦਸ ਚਾਰਿ

੧. 'ਦਸ ਚਾਰਿ' ਹਟ ਤੁਧੁ ਸਾਜਿਆ, ਵਾਪਾਰੁ ਕਰੀਵੇ ॥ਪਉੜੀ ੩॥ *(ਪੰਨਾ ੮੩)*
[ਦਸ ਚਾਰਿ = ੧੦ + ੪ = ੧੪]

ਸੋਲਹ

੧. 'ਸੋਲਹ', ਕੀਏ ਸੀਗਾਰ, ਕਿ ਅੰਜਨੁ ਪਾਜਿਆ ॥੩॥੨੩॥ *(ਪੰਨਾ ੧੩੬੧)*

ਘੋੜ

੧. 'ਘੋੜ' ਸੀਗਾਰ ਕਰੈ ਅਤਿ ਪਿਆਰੀ ॥੩॥੧੦॥ *(ਪੰਨਾ ੨੨੫)*

ਅਠਾਰਹ

੧. ਨਵ ਨਿਧੀ 'ਅਠਾਰਹ' ਸਿਧੀ ਪਿਛੈ ਲਗੀਆ ਫਿਰਹਿ,
ਜੋ ਹਰਿ ਹਿਰਦੈ ਸਦਾ ਵਸਾਇ ॥ਸਲੋਕੁ ੧॥ਪਉੜੀ ੧੬॥ *(ਪੰਨਾ ੬੪੬)*

ਅਠ ਦਸ

੧. 'ਅਠ ਦਸ' ਬੇਦ ਸੁਨੇ ਕਹ ਭੋਰਾ ॥੨॥੩੦॥ *(ਪੰਨਾ ੮੬੨)*
[ਅਠ ਦਸ = ੮ + ੧੦ = ੧੮]

ਅਸਟ ਦਸਾ

੧. 'ਅਸਟ ਦਸਾ' ਸਿਧਿ ਕਰ ਤਲੈ, ਸਭ ਕ੍ਰਿਪਾ ਤੁਮਾਰੀ ॥੧॥੧॥ *(ਪੰਨਾ ੮੫੮)*
[ਅਸਟ-ਦਸਾ = ੮ + ੧੦ = ੧੮]

ਬੀਸ

੧. 'ਬੀਸ' ਬਿਸਵੇ ਗੁਰ ਕਾ ਮਨੁ ਮਾਨੈ ॥੩॥੧੮॥ *(ਪੰਨਾ ੨੮੭)*

ਵੀਹ

੧. ਫਰੀਦਾ ਗਲੀਂ ਸੁ ਸਜਣ 'ਵੀਹ', ਇਕੁ ਢੂੰਢੇਦੀ ਨ ਲਹਾਂ ॥੮੭॥ *(ਪੰਨਾ ੧੩੮੨)*

ਇਕੀਹ

੧. ਪ੍ਰਹਲਾਦ ਜਨ ਕੇ 'ਇਕੀਹ' ਕੁਲ ਉਧਾਰੇ ॥੫॥੨੦॥ *(ਪੰਨਾ ੧੧੩੩)*

ਇਕੀਸ

੧. ਗਜ ਨਵ, ਗਜ ਦਸ, ਗਜ 'ਇਕੀਸ', ਪੁਰੀਆ ਏਕ ਤਨਾਈ ॥੧॥੫੪॥ *(ਪੰਨਾ ੩੩੫)*

ਬਤੀਸ

੧. ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥
ਨਾ ਸੋਹੈ 'ਬਤੀਸ' ਲਖਨਾ ॥੩॥੨॥ *(ਪੰਨਾ ੧੧੬੩)*

ਬਤੀਹ

੧. 'ਬਤੀਹ' ਸੁਲਖਣੀ ਸਚੁ ਸੰਤਤਿ ਪੂਤ ॥੩॥੩॥ *(ਪੰਨਾ ੩੭੧)*

ਸਠਿ

੧. ਤੇਰੇ 'ਸਠਿ' ਸੰਬਤ ਸਭਿ ਤੀਰਥਾ ॥੩॥੨॥ *(ਪੰਨਾ ੧੧੬੮)*

ਅਠ ਸਠਿ

੧. 'ਅਠ ਸਠਿ' ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ ॥੧੨॥੧॥ *(ਪੰਨਾ ੧੩੬)*

ਸਤਰਿ

੧. 'ਸਤਰਿ' ਕਾ ਮਤਿ ਹੀਣੁ, ਅਸੀਹਾਂ ਕਾ ਵਿਉਹਾਰੁ ਨ ਪਾਵੈ ॥ਸਲੋਕ ੩॥੧॥
(ਪੰਨਾ ੧੩੮)

ਬਹਤਰਿ

੧. 'ਬਹਤਰਿ' ਘਰ ਇਕੁ ਪੁਰਖੁ ਸਮਾਇਆ, ਉਨਿ ਦੀਆ ਨਾਮੁ ਲਿਖਾਈ ॥੩॥੫॥
(ਪੰਨਾ ੭੬੩)

ਅਸੀਹਾਂ

੧. ਸਤਰਿ ਕਾ ਮਤਿ ਹੀਣੁ, 'ਅਸੀਹਾਂ' ਕਾ ਵਿਉਹਾਰੁ ਨ ਪਾਵੈ ॥ਸਲੋਕੁ ੩॥੧॥
(ਪੰਨਾ ੧੩੮)

ਚਉਰਾਸੀਹ

੧. 'ਚਉਰਾਸੀਹ' ਨਰਕ ਸਾਕਤੁ ਭੋਗਾਈਐ ॥੬॥੮॥ *(ਪੰਨਾ ੧੦੨੮)*

ਸਉ

੧. ਜੇ 'ਸਉ' ਅੰਮ੍ਰਿਤੁ ਨੀਰੀਐ, ਭੀ ਬਿਖੁ ਫਲੁ ਲਾਗੈ ਧਾਇ ॥੪॥੧੬॥ *(ਪੰਨਾ ੬੫)*

ਸੈ

੧. ਭੀ ਉਠਿ ਰਚਿਓਨੁ ਵਾਦੁ, 'ਸੈ' ਵਰ੍ਹਿਆ ਕੀ ਪਿੜ ਬਧੀ ॥ਸਲੋਕ ੧॥੧੭॥
(ਪੰਨਾ ੧੪੬)

ਸੈਇ

੧. ਸਤਰਿ 'ਸੈਇ' ਸਲਾਰ ਹੈ ਜਾ ਕੇ ॥੧॥੧੫॥ *(ਪੰਨਾ ੧੧੬੧)*

ਸਹਸ

੧. 'ਸਹਸ' ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ ॥੧॥ *(ਪੰਨਾ ੧)*

ਹਜਾਰ

੧. ਚੰਦੀ 'ਹਜਾਰ' ਆਲਮ ਏਕਲ ਖਾਨਾਂ ॥੩॥੩॥ *(ਪੰਨਾ ੭੨੭)*

ਕੋਟਿ

੧. 'ਕੋਟਿ' ਚੰਦ੍ਰਮੇ ਕਰਹਿ ਚਰਾਕ ॥੨॥੨੦॥ *(ਪੰਨਾ ੧੧੬੩)*

ਕਰੋੜੀ

੧. ਤੇਤੀਸ 'ਕਰੋੜੀ' ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਅਧਾਰੀ ॥੨॥੨੩॥ *(ਪੰਨਾ ੪੨੩)*

ਅਰਬ/ਖਰਬ

੧. ਕੋਟਿ ਮਜਨ ਕੀਨੋ ਇਸਨਾਨ ॥
ਲਾਖ 'ਅਰਬ' 'ਖਰਬ' ਦੀਨੋ ਦਾਨੁ ॥
ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥੧੧੧॥ *(ਪੰਨਾ ੨੦੨)*

ਨੋਟ : (੧) ਉਪਰਲੀਆਂ ਉਦਾਹਰਣਾਂ ਵਿਚ ਸਉ, ਸੈ, ਸੈਇ, ਸਹਸ, ਹਜਾਰ, ਕੋਟਿ, ਅਰਬ, ਖਰਬ, ਨਿਸਚਿਤ ਦੀ ਬਜਾਇ ਅਨਿਸਚਿਤ ਸੰਖਿਆ ਦੇ ਸੂਚਕ ਹਨ।

(੨) ਗੁਰਬਾਣੀ ਵਿਚ ਆਏ ਨਿਸਚਿਤ ਸੰਖਿਅਕ ਵਿਸ਼ੇਸ਼ਣਾਂ ਦੇ ਸਾਧਾਰਨ-ਰੂਪਾਂ ਦੀ ਜਾਣ-ਪਛਾਣ ਅਤੇ ਉਹਨਾਂ ਦਾ ਉਚਾਰਣ ਸੁਖਾਲਾ ਹੀ ਹੈ, ਪਰ ਉਹਨਾਂ ਦੇ ਬਹੁ-ਵਚਨੀ ਸੰਬੰਧਕੀ-ਰੂਪਾਂ ਦੇ ਉਚਾਰਣ ਬਾਰੇ ਜਾਣਕਾਰੀ ਦਿੱਤੀ ਜਾਣੀ ਪਾਠਕਾਂ ਲਈ ਲਾਭਕਾਰੀ ਹੈ। ਗੁਰਬਾਣੀ ਵਿੱਚੋਂ ਅਜਿਹੀਆਂ ਕੁਝ ਉਦਾਹਰਣਾਂ ਸੰਖੇਪ ਰੂਪ ਵਿਚ ਥੱਲੇ ਦਿੱਤੀਆਂ ਜਾਂਦੀਆਂ ਹਨ :

(II) ਸੰਬੰਧਕੀ-ਰੂਪ

ਦੁਹੁ, ਚਹੁ

੧. ਇਕਸੁ 'ਦੁਹੁ' 'ਚਹੁ' ਕਿਆ ਗਣੀ, ਸਭ ਇਕਤੁ ਸਾਦਿ ਮੁਠੀ ॥੩॥੧੬੯॥
(ਪੰਨਾ ੨੧੮)

ਤਿਹੀ

੧. 'ਤਿਹੀ' ਗੁਣੀ ਤ੍ਰਿਭਵਣੁ ਵਿਆਪਿਆ ਭਾਈ, ਗੁਰਮੁਖਿ ਬੂਝ ਬੁਝਾਇ ॥੧॥੯॥
(ਪੰਨਾ ੬੦੩)

ਤ੍ਰਿਹੁ

੧. ਰੂਪੁ ਨ ਰੇਖ ਨ ਰੰਗੁ ਕਿਛੁ, 'ਤ੍ਰਿਹੁ' ਗੁਣ ਤੇ ਪ੍ਰਭ ਭਿੰਨ ॥ਸਲੋਕ॥੧੬॥ *(ਪੰਨਾ ੨੮੩)*

ਦੁਹਾ

੧. 'ਦੁਹਾ' ਸਿਰਿਆ ਕਾ ਖਸਮੁ ਆਪਿ, ਅਵਰੁ ਨ ਦੂਜਾ ਥਾਉ ॥੯॥੨੬॥ *(ਪੰਨਾ ੭੧)*

ਤਿਹਾਂ

੧. ਸੋ ਪੰਡਿਤੁ ਜੋ 'ਤਿਹਾਂ' ਗੁਣਾ ਕੀ ਪੰਡ ਉਤਾਰੈ ॥੩॥੧੦॥ *(ਪੰਨਾ ੧੨੬੧)*

ਚਉਹਾ

੧. ਚਾਰਿ ਬਰਨ 'ਚਉਹਾ' ਕੇ ਮਰਦਨ, ਖਟੁ ਦਰਸਨ ਕਰ ਤਲੀ ਰੇ ॥੧॥੧੩੨॥
(ਪੰਨਾ ੪੦੪)

ਪੰਜਾ

੧. ਪੰਜਿ ਨਿਵਾਜਾ, ਵਖਤ ਪੰਜਿ, 'ਪੰਜਾ' ਪੰਜੇ ਨਾਉ ॥ਸਲੋਕੁ ੩॥ਪਉੜੀ ੭॥ *(ਪੰਨਾ ੧੪੧)*

ਪੰਜੀਂ

੧. ਇਕੁ ਸਿਖੁ, ਦੁਇ ਸਾਧ ਸੰਗੁ 'ਪੰਜੀਂ' ਪਰਮੇਸਰੁ ॥ਵਾਰ ੧੩॥ਪਉੜੀ ੧੬॥
(ਭਾਈ ਗੁਰਦਾਸ ਜੀ)

ਸਤੀ

੧. 'ਸਤੀ' ਪਹਰੀ ਸਤੁ ਭਲਾ,
ਬਹੀਐ ਪੜਿਆ ਪਾਸਿ ॥ਸਲੋਕੁ ੧॥ਪਉੜੀ ੧੮॥ *(ਪੰਨਾ ੧੪੬)*

ਅਠੀ

੧. 'ਅਠੀ' ਪਹਰੀ ਅਠ ਖੰਡ, ਨਾਵਾ ਖੰਡੁ ਸਰੀਰੁ ॥ਸਲੋਕੁ ੧॥ਪਉੜੀ ੧੮॥ *(ਪੰਨਾ ੧੪੬)*

ਦਸੀ

੧. 'ਦਸੀ' ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ,
ਕਰਿ ਮੁਹਲਤਿ ਕਰਮ ਕਮਾਹਿ ॥੧॥੪॥ *(ਪੰਨਾ ੭੭)*

ਤੀਸਾ

੧. ਦਸ ਬਾਲਤਣਿ, ਬੀਸ ਰਵਣਿ, 'ਤੀਸਾ' ਕਾ ਸੁੰਦਰੁ ਕਹਾਵੈ ॥ਸਲੋਕੁ ੩॥੧॥
(ਪੰਨਾ ੧੩੮)

ਅਸੀਹਾਂ

੧. ਸਤਰਿ ਕਾ ਮਤਿ ਹੀਣੁ, 'ਅਸੀਹਾਂ' ਕਾ ਵਿਉਹਾਰੁ ਨ ਪਾਵੈ ॥ਸਲੋਕ ੩॥੧॥
(ਪੰਨਾ ੧੩੮)

ਲਖਾ

੧. 'ਲਖਾ' ਉਪਰਿ ਫੁਰਮਾਇਸਿ ਤੇਰੀ, ਲਖ ਉਠਿ ਰਾਖਹਿ ਮਾਨੁ ॥੧॥੩੧॥ *(ਪੰਨਾ ੩੫੮)*

ਲਖੀ

੧. ਲਖ ਲਸਕਰ, ਲਖ ਵਾਜੇ ਨੇਜੇ, 'ਲਖੀ' ਘੋੜੀ ਪਾਤਿਸਾਹ ॥ਸਲੋਕ ੪॥ਪਉੜੀ ੨੧॥
(ਪੰਨਾ ੧੨੮੭)

ਕੌਟੀ

੧. ਕਥਿ ਕਥਿ ਕਥੀ 'ਕੌਟੀ' ਕੌਟਿ ਕੌਟਿ ॥੩॥ *(ਪੰਨਾ ੨)*

ਕਰੋਰੀ

੧. ਲਾਖ 'ਕਰੋਰੀ' ਬੰਧੁ ਨ ਪਰੈ ॥੨॥੨॥ *(ਪੰਨਾ ੨੬੪)*

ਨੋਟ : (੧) ਉਪਰੋਕਤ ਉਦਾਹਰਣਾਂ ਵਿਚ ਆਏ ਬਹੁ-ਵਚਨੀ ਨਿਸਚਿਤ ਸੰਖਿਅਕ ਬਹੁ-ਵਚਨੀ ਵਿਸ਼ੇਸ਼ਣਾਂ, ਦੁਹੁ, ਚਹੁ, ਤਿਹੀ, ਤ੍ਰਿਹੁ, ਦੁਹਾ, ਤਿਹਾ, ਚਉਹਾ, ਪੰਜਾ, ਪੰਜੀ, ਸਤੀ, ਅਠੀ, ਦਸੀ, ਤੀਸਾ, ਅਸੀਹਾ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ।

(੨) 'ਲਖਾ', 'ਲਖੀ', 'ਕੌਟੀ', 'ਕਰੋਰੀ' ਇਹਨਾਂ ਸੰਖਿਅਕ ਵਿਸ ਸ਼ਣਾਂ ਦੀ ਉਪਰੋਕਤ ਵਰਤੋਂ ਅਨਿਸਚਿਤ ਸੰਖਿਅਕ ਵਿਸ਼ੇਸ਼ਣ ਵਜੋਂ ਹੈ। ਇਹਨਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਵੀ ਨਾਸਕੀ ਹੈ।

੧੭.੩.੨ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣ

ਲੱਛਣ

ਅਜਿਹਾ ਸੰਖਿਅਕ ਵਿਸ਼ੇਸ਼ਣ ਜੋ ਗਿਣਤੀ ਵਿਚ ਆਏ (ਆਪਣੇ) ਵਿਸ਼ੇਸ਼ ਦਾ ਨੰਬਰ ਜਾਂ ਦਰਜਾ ਦੱਸੇ; ਜਿਵੇਂ : ਪਹਲਾ ਪਹਰ, ਦੂਜਾ ਭਾਵ, ਚੌਥਾ ਪਦ, ਪੰਜਵਾਂ ਤਖ਼ਤ, ਨਾਵਾਂ ਖੰਡ, ਆਦਿ।

੧੭.੩.੨.੧ ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਬਦਲਵੇਂ ਰੂਪ

(ੳ) 'ਪਹਿਲਾ' ਤੋਂ 'ਚਉਥਾ' ਤਕ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਰੂਪ

	ਪੁਲਿੰਗ		*ਇਸਤਰੀ-ਲਿੰਗ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਸਾਧਾਰਨ-ਰੂਪ	ਪਹਿਲਾ	ਪਹਿਲੇ	ਪਹਿਲੀ	ਪਹਿਲੀਆਂ
ਸੰਬੰਧਕੀ-ਰੂਪ	ਪਹਿਲੇ	ਪਹਿਲਿਆਂ	ਪਹਿਲੀ	ਪਹਿਲੀਆਂ
ਸਾਧਾਰਨ-ਰੂਪ	ਦੂਜਾ	ਦੂਜ	ਦੂਜੀ	ਦੂਜੀਆਂ
ਸੰਬੰਧਕੀ-ਰੂਪ	ਦੂਜੇ	ਦੂਜਿਆਂ	ਦੂਜੀ	ਦੂਜੀਆਂ
ਸਾਧਾਰਨ-ਰੂਪ	ਤੀਜਾ	ਤੀਜੇ	ਤੀਜੀ	ਤੀਜੀਆਂ
ਸੰਬੰਧਕੀ-ਰੂਪ	ਤੀਜੇ	ਤੀਜਿਆਂ	ਤੀਜੀ	ਤੀਜੀਆਂ
ਸਾਧਾਰਨ-ਰੂਪ	ਚਉਥਾ	ਚਉਥੇ	ਚਉਥੀ	ਚਉਥੀਆਂ
ਸੰਬੰਧਕੀ-ਰੂਪ	ਚਉਥੇ	ਚਉਥਿਆਂ	ਚਉਥੀ	ਚਉਥੀਆਂ

ਗੁਰਬਾਣੀ ਦੀਆਂ ਉਦਾਹਰਣਾਂ

ਪਹਿਲਾ (ਪੁਲਿੰਗ)

੧. 'ਪਹਿਲਾ' ਪਹਰੁ ਧੰਧੈ ਗਇਆ, ਦੂਜੈ ਭਰਿ ਸੋਇਆ ॥੩॥੭੪॥ *(ਪੰਨਾ ੪੩)*

ਪਹਿਲੀ (ਇਸਤਰੀ-ਲਿੰਗ)

੧. ਭਲੀ ਸਰੀ, ਮੁਈ ਮੇਰੀ 'ਪਹਿਲੀ' ਬਰੀ ॥ਰਹਾਉ॥੩੨॥ *(ਪੰਨਾ ੪੮੩)*

ਦੂਜਾ (ਪੁਲਿੰਗ)

੧. 'ਦੂਜਾ' ਥਾਉ ਨ ਕੋ ਸੁਝੈ, ਗੁਰ ਮੇਲੇ ਸਚੁ ਸੋਇ ॥ਰਹਾਉ॥੯੦॥ *(ਪੰਨਾ ੪੯)*

ਦੂਜੀ (ਇਸਤਰੀ-ਲਿੰਗ)

੧. 'ਦੂਜੀ' ਬਾਤ ਨ ਧਰਈ ਕਾਨਾ ॥੬॥ *(ਪੰਨਾ ੩੪੦)*

ਤੀਜਾ (ਪੁਲਿੰਗ)

੧. 'ਤੀਜਾ' ਪਹਰੁ ਭਇਆ, ਨੀਦ ਵਿਆਪੀ ਰਾਮ ॥੩॥੨॥ *(ਪੰਨਾ ੧੧੧੦)*

ਤੀਜੜੀ (ਇਸਤਰੀ-ਲਿੰਗ)

੧. ਹਰਿ 'ਤੀਜੜੀ' ਲਾਵ ਮਨਿ ਚਾਉ ਭਇਆ, ਬੈਰਾਗੀਆ ਬਲਿ ਰਾਮ ਜੀਉ ॥੩॥੨॥ *(ਪੰਨਾ ੭੭੪)*

ਚਉਥਾ (ਪੁਲਿੰਗ)

੧. 'ਚਉਥਾ' ਪਹਰੁ ਭਇਆ, ਦਉਤੁ ਬਿਹਾਗੈ ਰਾਮ ॥੪॥੨॥ *(ਪੰਨਾ ੧੧੧੦)*

ਚਉਥੀ (ਇਸਤਰੀ-ਲਿੰਗ)

੧. 'ਚਉਥੀ' ਪਉੜੀ ਗੁਰਮੁਖਿ ਊਚੀ, ਸਚੋ ਸਚੁ ਕਮਾਵਣਿਆ ॥੪॥੭॥ *(ਪੰਨਾ ੧੧੩)*

ਨੋਟ : ਗੁਰਬਾਣੀ ਵਿਆਕਰਣ ਦੇ ਨੇਮ ਅਨੁਸਾਰ ਕੰਨਾ-ਅੰਤਿਕ ਪੁਲਿੰਗ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਅੰਤਲੇ (ਾ) ਦਾ ਰੂਪ ਅਧਿਕਰਣ ਕਾਰਕ ਇਕ-ਵਚਨ ਵਿਚ ਬਦਲ ਕੇ (ੈ) ਹੋ ਜਾਂਦਾ ਹੈ (ਪਹਿਲੈ, ਦੂਜੈ, ਤੀਜੈ, ਚਉਥੈ); ਜਿਵੇਂ :

- ਪਹਿਲੈ ਪਹਰੈ ਰੈਣਿ ਕੈ...(੧॥੧॥[੭੪])
- ਦੂਜੈ ਪਹਰੈ ਰੈਣਿ ਕੈ...(੨॥੧॥[੭੫])
- ਤੀਜੈ ਪਹਰੈ ਰੈਣਿ ਕੈ...(੩॥੧॥[੭੫])
- ਚਉਥੈ ਪਹਰੈ ਰੈਣਿ ਕੈ...(੪॥੧॥[੭੫])

(ਅ) 'ਚਉਥਾ' ਤੋਂ ਅਗਲੇ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਰੂਪ

'ਚਉਥਾ' ਤੋਂ ਅਗਲੇ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਅੰਤ ਵਿਚ 'ਵਾਂ' (ਪੁਲਿੰਗ, ਇਕ-ਵਚਨ) ਜਾਂ 'ਵੀਂ' (ਇਸਤਰੀ-ਲਿੰਗ, ਇਕ-ਵਚਨ) ਪਿਛੇਤਰ ਲੱਗਦਾ ਹੈ; ਜਿਵੇਂ :

- ਮਹਲਾ ੫/ਮਹਲਾ ੯ ਇਹਨਾਂ ਸਿਰਲੇਖਾਂ ਵਿਚ 'ਮਹਲਾ' ਨਾਲ ਆਏ ਅੰਕ '੫' ਦਾ ਉਚਾਰਣ ਹਰ ਥਾਵੇਂ 'ਪੰਜਵਾਂ' ਅਤੇ '੯' ਦਾ ਉਚਾਰਣ 'ਨਾਵਾਂ' ਹੈ।
- ਘਰੁ ੫ ਤੋਂ ੧੭ ਤਕ ਸਿਰਲੇਖਾਂ ਵਿਚ 'ਘਰੁ' ਦਾ ਕ੍ਰਮ ਦਰਸਾਉਣ ਵਾਲੇ ੫ ਤੋਂ ੧੭ ਤਕ ਦੇ ਅੰਕਾਂ ਦਾ ਉਚਾਰਣ ਪੰਜਵਾਂ, ਛੇਵਾਂ, ਸਤਵਾਂ, ਅਠਵਾਂ, ਨਾਵਾਂ, ਦਸਵਾਂ, ਗਿਆਰ੍ਹਵਾਂ, ਬਾਰ੍ਹਵਾਂ, ਤੇਰ੍ਹਵਾਂ, ਚਉਦ੍ਹਵਾਂ, ਪੰਦਰ੍ਹਵਾਂ, ਸੋਲ੍ਹਵਾਂ, ਸਤਾਰ੍ਹਵਾਂ ਹੈ।

ਗੁਰਬਾਣੀ ਦੀਆਂ ਉਦਾਹਰਣਾਂ

੧. **ਅੰਨੁ ਦੇਵਤਾ, ਪਾਣੀ ਦੇਵਤਾ, ਬੈਸੰਤਰੁ ਦੇਵਤਾ ਲੂਣੁ, 'ਪੰਜਵਾ' ਪਾਇਆ ਘਿਰਤੁ ॥**
ਤਾ ਹੋਆ ਪਾਕੁ ਪਵਿਤੁ ॥ਸਲੋਕ ੧॥ਪਉੜੀ ੧੯॥ *(ਪੰਨਾ ੪੭੩)*

੨. **ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,**
ਕੋਈ 'ਛੇਵਾ' ਕਰਿਉ ਜੇ ਕਿਛੁ ਕੀਤਾ ਹੋਵੈ ॥੩॥੨੪॥ *(ਪੰਨਾ ੭੩੬)*

੩. **ਅਠੀ ਪਹਰੀ ਅਠ ਖੰਡ 'ਨਾਵਾ' ਖੰਡੁ ਸਰੀਰੁ ॥ਸਲੋਕ ੧॥ਪਉੜੀ ੧੮॥** *(ਪੰਨਾ ੧੪੬)*

੪. **ਵਜਾਇਆ ਵਾਜਾ ਪਉਣ,**
ਨਉ ਦੁਆਰੇ ਪਰਗਟੁ ਕੀਏ 'ਦਸਵਾ' ਗੁਪਤੁ ਰਖਾਇਆ ॥੩੮॥ *(ਪੰਨਾ ੯੨੨)*
[ਪੰਜਵਾ, ਛੇਵਾ, ਨਾਵਾ, ਦਸਵਾ—ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ]

ਨੋਟ : (੧) 'ਵਾ'—ਅੰਤਿਕ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣ ਜਦੋਂ ਅਧਿਕਰਣ ਕਾਰਕ, ਪੁਲਿੰਗ, ਇਕ-ਵਚਨ ਵਿਚ ਆਉਣ ਤਾਂ ਉਹਨਾਂ ਦਾ ਅੰਤਲਾ ਪਿਛੇਤਰ 'ਵਾ' ਬਦਲ ਕੇ 'ਵੈ' ਹੋ ਜਾਂਦਾ ਹੈ; ਜਿਵੇਂ :

੧. **'ਪੰਜਵੈ' ਖਾਣ ਪੀਅਣ ਕੀ ਧਾਤੁ ॥**
'ਛਿਵੈ' ਕਾਮੁ ਨ ਪੁਛੈ ਜਾਤਿ ॥
'ਸਤਵੈ' ਸੰਜਿ ਕੀਆ ਘਰ ਵਾਸੁ ॥
'ਅਠਵੈ' ਕ੍ਰੋਧੁ ਹੋਆ ਤਨ ਨਾਸੁ ॥
'ਨਾਵੈ' ਥਉਲੇ ਉਭੇ ਸਾਹ ॥
'ਦਸਵੈ' ਦਧਾ ਹੋਆ ਸੁਆਹ ॥ਸਲੋਕ ੨॥ਪਉੜੀ ੧॥
(ਪੰਨਾ ੧੩੭)

੨. **ਕਹਤੁ ਕਬੀਰ ਨਵੈ ਘਰ ਮੂਸੇ 'ਦਸਵੈਂ' ਤਤੁ ਸਮਾਈ ॥੩॥੭੩॥**
(ਪੰਨਾ ੩੩੯)
[ਪੰਜਵੈ, ਛਿਵੈ, ਸਤਵੈ, ਅਠਵੈ, ਨਾਵੈ, ਦਸਵੈ—ਇਹਨਾਂ ਸਾਰੇ ਕ੍ਰਮ-ਵਾਚਕ ਸੰਖਿਅਕ ਸ਼ਬਦਾਂ ਦੇ ਪਿਛੇਤਰ 'ਵੈ' ਦਾ ਉਚਾਰਣ ਨਾਸਕੀ ਹੈ।]

(੨) ਉਪਰੋਕਤ ਕ੍ਰਮ-ਵਾਚਕ ਸੰਖਿਅਕ ਸ਼ਬਦਾਂ ਵਿਚ ਨਾਂਵ ਲੁਪਤ ਹੈ। ਉਪਰੋਕਤ ਤੁਕਾਂ ਵਿਚ 'ਪੰਜਵੈਂ' ਤੋਂ ਲੈ ਕੇ 'ਦਸਵੈਂ' ਤਕ ਜੀਵਨ ਦੇ ਵੱਖ ਵੱਖ ਪਹਰਿਆਂ ਦੇ ਵਰਤਾਰੇ ਦਾ ਵਰਣਨ ਹੈ।

(੩) 'ਵਾ' ਅੰਤਿਕ ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਅੱਗੇ ਜਦੋਂ ਕੋਈ ਸੰਬੰਧਕੀ-ਪਦ ਹੋਵੇ ਤਾਂ ਉਹਨਾਂ ਦਾ ਪਿਛੇਤਰ 'ਵਾ' ਬਦਲ ਕੇ 'ਵੇ' (ਨਾਸਕੀ) ਹੋ ਜਾਂਦਾ ਹੈ; ਜਿਵੇਂ :

(ੳ) ਮਹਲਾ ੪ ਰਾਗੁ ਆਸਾ ਘਰੁ 'ੲ' ਕੇ ੩ ॥ (ਪੰਨਾ ੩੬੮)
(ਅ) ਰਾਗੁ ਆਸਾਵਰੀ ਘਰੁ '੧੬' ਕੇ ੨ ਮਹਲਾ ੪ ਸੁਧੰਗ
(ਪੰਨਾ ੩੬੯)
(ੲ) ਸਵਈਏ ਮਹਲੇ ਚਉਥੇ ਕੇ ੪ (ਪੰਨਾ ੧੩੯੬)
(ਸ) ਰਾਗੁ ਆਸਾ ਘਰੁ ੮ ਕੇ ਕਾਫ਼ੀ ਮਹਲਾ ੪ ॥ (ਪੰਨਾ ੩੬੯)

(੪) ਉਪਰੋਕਤ ਉਦਾਹਰਣਾਂ ਵਿਚ ਘਰ ਦੀ ਗਿਣਤੀ ਦਾ ਕ੍ਰਮ ਦਰਸਾਉਣ

ਵਾਲੇ ਅੰਕ 'ੲ' ਦਾ ਉਚਾਰਣ 'ਛੇਵੇਂ', '੧੬' ਦਾ ਉਚਾਰਣ 'ਸੋਲ੍ਹਵੇਂ' ਅਤੇ '੮' ਦਾ ਉਚਾਰਣ 'ਅਠਵੇਂ' ਹੈ।

(੫) ਉਪਰ ਨੋਟ (੩) ਥਲੜੇ 'ੳ' ਅਤੇ 'ਅ' ਸਾਹਮਣੇ ਦਿੱਤੀ ਉਦਾਹਰਣ ਵਿਚ ਕ੍ਰਮਵਾਰ ਅੰਕ '੩' ਅਤੇ '੨' ਸ਼ਬਦਾਂ ਦੀ ਗਿਣਤੀ ਦੇ ਸੂਚਕ ਹਨ, ਇਸ ਲਈ ਇਹਨਾਂ ਦਾ ਉਚਾਰਣ ਕ੍ਰਮਵਾਰ 'ਤਿਨ' ਅਤੇ 'ਦੋ' ਹੈ।

(੬) ਉਪਰ ਨੋਟ (੩) ਥਲੜੇ 'ੲ' ਮੂਹਰੇ ਦਿੱਤੀ ਉਦਾਹਰਣ ਵਿਚ ਆਏ ਅੰਕ '੪' ਦੇ ਉਚਾਰਣ ਦਾ ਵਿਧਾਨ ਨਹੀਂ, ਕਿਉਂ ਜੁ ਇਸ ਦਾ ਉਚਾਰਣ 'ਚਉਥਾ' ਕਰਨਾ ਵੀ ਗ਼ਲਤ ਹੈ ਅਤੇ 'ਚਾਰ' ਕਰਨਾ ਵੀ ਗ਼ਲਤ। ਇਹ ਅੰਕ ਕੇਵਲ ਸ਼ਬਦ-ਰੂਪ ਵਿਚ ਅੰਕਿਤ ਮਹਲੇ ਦੀ ਸਪੱਸ਼ਟਤਾ ਲਈ ਹੈ।

(੭) ਉਪਰ ਨੋਟ (੩) ਥਲੜੇ (ਸ) ਮੂਹਰੇ ਦਿੱਤੀ ਉਦਾਹਰਣ ਵਿਚ 'ਕਾਫ਼ੀ' (ਥੱਲੜੇ ਲਟਕਵੇਂ ਅੰਕ) ਤੋਂ ਸੰਕੇਤ ਮਿਲਦਾ ਹੈ ਕਿ ਅੱਗੇ ਕਾਫੀ ਦੇ ਦੋ ਸ਼ਬਦ ਹਨ।

੧੭.੩.੩ ਸਮੁੱਚਤਾ-ਬੋਧਕ ਸੰਖਿਅਕ ਵਿਸ਼ੇਸ਼ਣ

ਲੱਛਣ

ਅਜਿਹਾ ਸੰਖਿਅਕ ਵਿਸ਼ੇਸ਼ਣ ਜੋ ਆਪਣੇ ਵਿਸ਼ੇਸ਼ ਦੀ ਸਮੁੱਚੀ (ਪੂਰੀ ਦੀ ਪੂਰੀ) ਗਿਣਤੀ ਨੂੰ ਸਮੁੱਚੇ ਰੂਪ ਵਿਚ ਦਰਸਾਵੇ; ਜਿਵੇਂ :

- 'ਚਾਰੇ' ਸਾਹਿਬਜ਼ਾਦੇ ਸ਼ਹੀਦੀ ਪ੍ਰਾਪਤ ਕਰ ਗਏ।
- 'ਦਸੇ' ਹੀ ਸਤਿਗੁਰੂ ਸਾਹਿਬਾਨ ਇਕ-ਜੋਤਿ ਸਨ।

੧੭.੩.੩.੧ ਗੁਰਬਾਣੀ ਦੀਆਂ ਉਦਾਹਰਣਾਂ

੧. **'ਦੋਵੈ' ਥਾਵ ਰਖੇ ਗੁਰ ਸੂਰੇ ॥ਰਹਾਉ॥੧੦੮॥** *(ਪੰਨਾ ੮੨੫)*

੨. **'ਤੀਨੇ' ਤਾਪ ਨਿਵਾਰਣਹਾਰਾ, ਦੁਖ ਹੰਤਾ ਸੁਖ ਰਾਸਿ ॥੧॥੧੩॥** *(ਪੰਨਾ ੭੧੪)*

੩. **'ਚਾਰੇ' ਕੁੰਡਾ ਭਾਲਿ ਕੈ, ਆਇ ਪਇਆ ਸਰਣਾਇ ॥੪॥੭੩॥** *(ਪੰਨਾ ੪੩)*

੪. **'ਪੰਜੇ' ਬਧੇ ਮਹਾਬਲੀ, ਕਰਿ ਸਚਾ ਢੋਆ ॥੨॥੧॥** *(ਪੰਨਾ ੧੧੯੩)*

੫. **'ਅਠੇ' ਪਹਰ ਭਉਦਾ ਫਿਰੈ, ਖਾਵਣ ਸੰਦੜੈ ਸੂਲਿ ॥ਸਲੋਕ ੨॥ਪਉੜੀ ੮॥**
(ਪੰਨਾ ੩੧੯)

੬. **'ਨਵੇ' ਛਿਦ੍ਰ ਸ੍ਰਵਹਿ ਅਪਵਿਤ੍ਰਾ ॥੩॥੭॥** *(ਪੰਨਾ ੯੯੮)*

੭. **ਦਸ ਨਾਰੀ ਇਕੁ ਪੁਰਖੁ ਕਰਿ, 'ਦਸੇ' ਸਾਦਿ ਲੁੋਭਾਈਆ ॥ਪਉੜੀ ੬॥**
(ਪੰਨਾ ੧੦੯੬)

ਨੋਟ : ਸਮੁੱਚਤਾ-ਬੋਧਕ ਸੰਖਿਅਕ ਵਿਸ਼ੇਸ਼ਣ 'ਦੋਵੈ' ਅਤੇ 'ਨਵੇ' ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ।

੧੭.੩.੪ ਕਸਰੀ ਸੰਖਿਅਕ ਵਿਸ਼ੇਸ਼ਣ

ਲੱਛਣ

ਅਜਿਹਾ ਸੰਖਿਅਕ ਵਿਸ਼ੇਸ਼ਣ ਜੋ ਆਪਣੇ ਵਿਸ਼ੇਸ਼ ਦੀ ਗਿਣਤੀ ਦੇ ਕਿਸੇ ਵਿਸ਼ੇਸ਼ ਹਿੱਸੇ ਦਾ ਬੋਧਕ ਹੋਵੇ; ਜਿਵੇਂ : ਅਧੀ ਰਾਤਿ, ਸਵਾ ਪਹਿਰ, ਪੌਣੇ ਚਾਰ ਹੱਥ, ਸਾਢੇ ਤਿੰਨ ਹੱਥ, ਆਦਿ।

੧੭.੩.੪.੧ ਗੁਰਬਾਣੀ ਦੀਆਂ ਉਦਾਹਰਣਾਂ

੧. **ਪਿਛੈ ਰਾਜਾ ਜਾਗਿਆ 'ਅਧੀ' ਰਾਤਿ ਨਿਖੰਡਿ ਵਿਹਾਣੀ ॥ਵਾਰ ੧੦॥ਪਉੜੀ ੬॥** *(ਭਾਈ ਗੁਰਦਾਸ ਜੀ)*

੨. **ਸਤਰਿ ਸੈਇ ਸਲਾਰ ਹੈ ਜਾ ਕੇ ॥**
'ਸਵਾ' ਲਾਖੁ ਪੈਕਾਬਰ ਤਾ ਕੇ ॥੧॥੧੫॥ *(ਪੰਨਾ ੧੧੬੧)*

੩. **ਇਕੁ ਲਖੁ ਪੂਤ, 'ਸਵਾ' ਲਖੁ ਨਾਤੀ ॥੨॥੨੧॥** *(ਪੰਨਾ ੪੮੧)*

੪. **ਕਰਉ 'ਅਢਾਈ' ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥੩॥੪॥** *(ਪੰਨਾ ੧੩੪੪)*

੫. **'ਸਾਢੇ ਤੀਨਿ' ਹਾਥ ਤੇਰੀ ਸੀਵਾਂ ॥੨॥੬॥** *(ਪੰਨਾ ੬੫੯)*

੬. **ਕਾਰਜੁ 'ਸਾਢੇ ਤੀਨਿ' ਹਥ ਘਨੀ ਤ 'ਪਉਨੇ' ਚਾਰਿ ॥੨੧੮॥** *(ਪੰਨਾ ੧੩੭੬)*

ਨੋਟ : 'ਸਾਢੇ ਤੀਨਿ' ਤੋਂ ਭਾਵ ਹੈ ਸਾਢੇ ਤਿੰਨ ਹੱਥ ਧਰਤੀ, 'ਪਉਨੇ ਚਾਰਿ' ਤੋਂ ਭਾਵ ਹੈ ਪਉਨੇ ਚਾਰ ਹੱਥ ਧਰਤੀ।

੧੭.੩.੫ ਗੁਣਾ-ਵਾਚਕ ਸੰਖਿਅਕ ਵਿਸ਼ੇਸ਼ਣ

ਲੱਛਣ

ਅਜਿਹਾ ਸੰਖਿਅਕ ਵਿਸ਼ੇਸ਼ਣ ਜੋ ਆਪਣੇ ਵਿਸ਼ੇਸ਼ ਸੰਬੰਧੀ ਗਿਣਤੀ ਨੂੰ ਗੁਣਾ (multiple) ਰੂਪ ਵਿਚ ਦਰਸਾਵੇ; ਜਿਵੇਂ : ਦੂਣੀ-ਚਉਣੀ ਪ੍ਰਗਤੀ, ਦਸੂਣੀ ਜਾਂ ਦਸ-ਗੁਣਾ ਆਰਜਾ, ਦੂਹਰੀ-ਤੀਹਰੀ ਪਰਤ, ਆਦਿ।

੧੭.੩.੫.੧ ਗੁਰਬਾਣੀ ਦੀਆਂ ਉਦਾਹਰਣਾਂ

੧. **'ਦੂਣੀ' 'ਚਉਣੀ' ਕਰਮਾਤਿ, ਸਚੇ ਕਾ ਸਚਾ ਢੋਆ ॥੮॥** *(ਪੰਨਾ ੯੬੮)*

੨. **'ਦੋਵਰ' ਕੋਟ ਅਰੁ 'ਤੇਵਰ' ਖਾਈ ॥ਰਹਾਉ॥੧੭॥** *(ਪੰਨਾ ੧੧੬੧)*

੩. **ਜੇ ਜੁਗ ਚਾਰੇ ਆਰਜਾ, ਹੋਰ 'ਦਸੂਣੀ' ਹੋਇ ॥੭॥** *(ਪੰਨਾ ੨)*

੪. **ਨਾਨਕ ਵੇਖੈ ਨਦਰਿ ਕਰਿ, ਚੜੈ 'ਚਵਗਣ' ਵੰਨੁ ॥੪॥੨॥** *(ਪੰਨਾ ੫੯੬)*

੫. **ਗਜ ਸਾਢੇ ਤੈ ਤੈ ਧੋਤੀਆ, 'ਤਿਹਰੇ' ਪਾਇਨਿ ਤਗ ॥੧॥੨॥** *(ਪੰਨਾ ੪੭੬)*

੬. **'ਦੂਣ' 'ਚਉਣੀ' ਦੇ ਵਡਿਆਈ, ਸੋਭਾ ਨੀਤਾ ਨੀਤ ॥ਰਹਾਉ॥੩੭॥** *(ਪੰਨਾ ੬੧੮)*

੭. **ਖਟੁ ਕਰਮਾ ਤੇ 'ਦੁਗੁਣੇ', ਪੂਜਾ ਕਰਤਾ ਨਾਇ ॥੫॥੨੬॥** *(ਪੰਨਾ ੭੦)*

੮. **ਤੋ ਪਹਿ 'ਦੁਗਣੀ' ਮਜੂਰੀ ਦੈਹਉ, ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥੨॥** *(ਪੰਨਾ ੬੫੭)*

ਨੋਟ : 'ਚਵਗਣ' ਦੇ ਉਚਾਰਣ ਵਿਚ 'ਵ' ਦੀ ਧੁਨੀ ਦਾ ਉਚਾਰਣ ਬਲ-ਸਹਿਤ ('ਚਵੱਗਣ' ਵਾਂਗ)।

੧੭.੩.੬ ਨਿਖੇੜਕ ਸੰਖਿਅਕ ਵਿਸ਼ੇਸ਼ਣ

ਲੱਛਣ

ਸਾਧਾਰਣ ਸੰਖਿਅਕ ਦੇ ਦੁਹਰਾਉ ਤੋਂ ਬਣਿਆ ਸ਼ਬਦ-ਜੁਟ ਨਿਖੇੜਕ ਸੰਖਿਅਕ ਵਿਸ਼ੇਸ਼ਣ ਕਹੀਦਾ ਹੈ; ਜਿਵੇਂ : ਇਕ ਇਕ, ਦੋ ਦੋ, ਚਾਰ ਚਾਰ, ਦਸ ਦਸ, ਆਦਿ।

੧੭.੩.੬.੧ ਗੁਰਬਾਣੀ ਦੀਆਂ ਉਦਾਹਰਣਾਂ

੧. **'ਲਖੁ ਲਖੁ' ਗੇੜਾ ਆਖੀਅਹਿ, ਏਕੁ ਨਾਮੁ ਜਗਦੀਸ ॥੩੨॥** *(ਪੰਨਾ ੭)*

੨. **ਗਜ 'ਸਾਢੇ ਤੈ ਤੈ' ਧੋਤੀਆ, ਤਿਹਰੇ ਪਾਇਨਿ ਤਗ ॥੧॥੨॥** *(ਪੰਨਾ ੪੭੬)*

੩. **'ਕੋਟਿ ਕੋਟਿ' ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥ਰਹਾਉ॥੧॥** *(ਪੰਨਾ ੬੭੫)*

੧੭.੩.੭ ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਲੱਛਣ

"ਅਜਿਹੇ ਵਿਸ਼ੇਸ਼ਣ ਜੋ ਆਪਣੇ ਵਿਸ਼ੇਸ਼ ਦੀ ਪੂਰੀ ਪੂਰੀ ਗਿਣਤੀ ਨਾ ਦੱਸਣ, ਸਗੋਂ ਗਿਣਤੀ ਦਾ ਅੰਦਾਜ਼ੇ-ਮਾਤਰ (ਅਨੁਮਾਨ) ਹੀ ਪ੍ਰਗਟ ਕਰਨ।" ਜਿਵੇਂ : ਕਈ ਲੋਕ, ਬਹੁਤੇ ਵਿਦਵਾਨ, ਥੋੜੇ ਦਿਨ, ਸਾਰੀ ਸੰਗਤ, ਆਦਿ।

੧੭.੩.੭.੧ ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ ਅਤੇ ਅਨਿਸਚਿਤ ਸੰਖਿਆਵਾਚਕ ਵਿਸ਼ੇਸ਼ਣ ਵਿਚ ਪਰਸਪਰ ਫ਼ਰਕ

'ਅਨਿਸਚਿਤ' ਸ਼ਬਦ, ਵਿਸ਼ੇਸ਼ਣ ਦੀਆਂ ਦੋ ਵੱਖ ਵੱਖ ਕਿਸਮਾਂ ਨਾਲ ਸੰਬੰਧਤ ਹੋ ਕੇ ਆਉਂਦਾ ਹੈ, ਇਸ ਲਈ ਦੋਹਾਂ ਕਿਸਮਾਂ ਦਾ ਪਰਸਪਰ ਫ਼ਰਕ ਸਮਝਣਾ ਅਤਿ ਜ਼ਰੂਰੀ ਹੈ, ਜੋ ਇਸ ਪ੍ਰਕਾਰ ਹੈ :

(ੳ) ਅਨਿਸਚਿਤ ਸੰਖਿਆਵਾਚਕ ਵਿਸ਼ੇਸ਼ਣ — ਜਿਹੜੇ ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੀ ਪੂਰੀ ਪੂਰੀ ਗਿਣਤੀ ਦੱਸਣ ਦੀ ਬਜਾਏ ਗਿਣਤੀ ਦਾ ਅੰਦਾਜ਼ਾ-ਮਾਤਰ ਹੀ ਪ੍ਰਗਟ ਕਰਨ।

(ਅ) ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ — ਜਿਹੜੇ ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੀ ਪੂਰੀ ਮਿਣਤੀ, ਮਾਪ-ਤੋਲ ਅਥਵਾ ਵਿਸਥਾਰ ਦੱਸਣ ਦੀ ਬਜਾਏ ਮਿਣਤੀ, ਮਾਪ-ਤੋਲ ਅਥਵਾ ਵਿਸਥਾਰ ਦਾ ਅੰਦਾਜ਼ਾ ਮਾਤਰ ਹੀ ਪ੍ਰਗਟ ਕਰਨ।

ਉਪਰੋਕਤ ਦੋਹਾਂ ਕਿਸਮਾਂ ਦੇ ਵਿਸ਼ੇਸ਼ਣਾਂ ਦਾ ਪਰਸਪਰ ਫ਼ਰਕ ਵਧੇਰੇ ਸਪੱਸ਼ਟਾਉਣ ਲਈ ਥੱਲੇ ਕੁਝ ਸਾਧਾਰਨ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :

ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ	*ਅਨਿਸਚਿਤ ਸੰਖਿਆਵਾਚਕ ਵਿਸ਼ੇਸ਼ਣ*
'ਸਾਰਾ' ਸੰਸਾਰ	'ਸਾਰੇ' ਜੀਵ
'ਬਹੁਤਾ' ਦੁਖ	'ਬਹੁਤੇ' ਰੋਗ
'ਥੋੜਾ' ਸਮਾਂ	'ਥੋੜੇ' ਦਿਨ
'ਵਧੇਰਾ' ਧਨ	'ਵਧੇਰੇ' ਦਮੜੇ
'ਜੇਤਾ/ਕੇਤਾ/ਏਤਾ' ਸਮਾਂ	'ਜੇਤੇ/ਕੇਤੇ/ਏਤੇ' ਸਾਲ

ਉਪਰੋਕਤ ਉਦਾਹਰਣਾਂ ਤੋਂ ਵਿਦਤ ਹੁੰਦਾ ਹੈ ਕਿ ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ ਇਕ-ਵਚਨ ਹੀ ਹੁੰਦੇ ਹਨ, ਪਰ 'ਜੇ' ਅਤੇ 'ਜਦੋਂ' ਬਹੁ-ਵਚਨ ਹੋਣ ਤਾਂ ਅਨਿਸਚਿਤ ਸੰਖਿਅਕ ਵਿਸ਼ੇਸ਼ਣ ਹੋ ਜਾਂਦੇ ਹਨ। ਅਨਿਸਚਿਤ ਸੰਖਿਅਕ ਵਿਸ਼ੇਸ਼ਣ ਇਕ-ਵਚਨ ਵੀ ਹੁੰਦੇ ਹਨ ਅਤੇ ਬਹੁ-ਵਚਨ ਵੀ।

੧੭.੩.੭.੨ ਅਨਿਸਚਿਤ ਵਿਸ਼ੇਸ਼ਣ ਦੀ ਰੂਪ-ਸਾਧਨਾ

	ਇਕ-ਵਚਨ		*ਬਹੁ-ਵਚਨ*	
	ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
ਸਾਧਾਰਨ-ਰੂਪ	ਸਭੁ, ਸਭੋ	ਸਭ, ਸਭੈ, ਸਭਾ	ਸਭਿ, ਸਭੇ	ਸਭਿ, ਸਭੇ
	ਸਗਲ, ਸਗਲਾ	ਸਗਲ, ਸਗਲੀ	ਸਗਲ, ਸਗਲੇ	ਸਗਲ
	—	ਸਰਬ	ਸਰਬ	ਸਰਬ
	ਸਾਰਾ, ਸਾਰੋ	ਸਾਰੀ	ਸਾਰੇ	—
	ਬਹੁਤੁ, ਬਹੁਤਾ	ਬਹੁਤੁ, ਬਹੁਤੀ	ਬਹੁਤੁ, ਬਹੁਤ, ਬਹੁਤੇ, ਬਹੁਤੇਰਿਆ	—
	ਬਹੁ	ਬਹੁ	ਬਹੁ	—
	ਘਣਾ	ਘਣੀ	ਘਣੇ	ਘਣੀ*
	ਅਗਲਾ, ਆਗਲ	ਅਗਲੀ	ਅਗਲੇ	ਅਗਲੀਆ*
	—	—	ਬਹਲੇ	—
	ਅਤਿ	ਅਤਿ	—	—
	ਥੋੜਾ	ਥੋਰੀ, ਥੋਰੀਆ	ਥੋੜੇ, ਥੋੜਿਆ, ਥੋੜੜਿਆ	—
	ਵਿਰਲਾ	ਵਿਰਲੀ	ਵਿਰਲੇ	—
	ਕਿਛੁ	ਕਿਛੁ, ਕਿਛੂ	—	—

	ਇਕ-ਵਚਨ		*ਬਹੁ-ਵਚਨ*	
ਸਾਧਾਰਨ-ਰੂਪ	ਕੇਤਾ	ਕੇਤੀ	ਕੇਤੇ, ਕਿਤੀ, ਕਿੰਤੇ, ਕੇਤੜਿਆ	ਕੇਤੀਆ*
	ਏਤਾ, ਏਤੈ	ਏਤੀ	ਏਤੇ	ਏਤੀਆ*
	ਜੇਤਾ	ਜੇਤੀ	ਜੇਤੇ, ਜੇਤੜੇ	—
	ਕੋਈ, ਕੋਊ	ਕਾਈ, ਕਾ	ਇਕਿ, ਕੇਈ	—
	ਹੋਰੁ, ਹੋਰੋ	ਹੋਰ, ਹੋਰਾ	ਹੋਰਿ	ਹੋਰਿ
	ਅਵਰੁ	ਅਵਰ, ਅਉਰ	ਅਵਰਿ, ਅਉਰੀ, ਅਵਰੀ, ਅਵਰਾ	—
	—	—	ਅਨਿਕ, ਅਨੇਕ	ਅਨਿਕ, ਅਨੇਕ
ਸੰਬੰਧਕੀ-ਰੂਪ				
ਕਰਤਾ ਕਾਰਕ	—		ਵਿਰਲੀ*, ਸਭਨੀ*	
ਕਰਮ ਕਾਰਕ	—		ਸਭ	
	—		ਸਰਬ	
ਕਰਣ ਕਾਰਕ	ਬਹੁਤੈ		—	
	ਥੋੜੀ		—	
	ਅਵਰ		—	
	ਹੋਰਤੁ		—	
ਸੰਪ੍ਰਦਾਨ ਕਾਰਕ	—		ਸਭਨਾ*	
	ਸਗਲ		ਸਗਲ	
ਅਪਾਦਾਨ ਕਾਰਕ	ਸਗਲ		—	
	—		ਸਰਬ	
ਸੰਬੰਧ ਕਾਰਕ	—		ਸਭ, ਸਭਨਾ*	
	ਸਗਲ		ਸਗਲ	
	—		ਸਰਬ	
ਅਧਿਕਰਣ ਕਾਰਕ	ਸਭ, ਸਭਤੁ		ਸਭੈ, ਸਭਨਾ*, ਸਭਨੀ*	
	—		ਸਗਲ, ਸਗਲੀ	
	—		ਸਰਬ, ਸਰਬੇ, ਸਰਬੀ*	
	—		ਬਹੁਤੀ*, ਬਹੁਤੇਰੀ*	
	ਥੋੜੈ, ਥੋਰੈ		—	
	ਹੋਰਤੁ		—	

ਨੋਟ : (੧) *ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।

(੨) ਉਪਰੋਕਤ ਸ਼ਬਦ ਜਦੋਂ ਕਿਸੇ ਵਾਕ ਵਿਚ ਇਕੱਲੇ ਆਉਣ ਤਾਂ ਅਨਿਸਚਿਤ ਪੜਨਾਂਵ ਹੁੰਦੇ ਹਨ, ਪਰ ਜਦੋਂ ਨਾਂਵ ਨਾਲ ਮਿਲ ਕੇ ਆਉਣ ਤਾਂ ਅਨਿਸਚਿਤ ਵਿਸ਼ੇਸ਼ਣ ਹੋ ਜਾਂਦੇ ਹਨ।

(੩) ਹਥਲੇ ਅਧਿਆਏ ਵਿਚ ਅੱਗੇ ਚੱਲ ਕੇ ਅਨਿਸਚਿਤ ਵਿਸ਼ੇਸ਼ਣਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ। ਜਿਥੇ ਵਿਸ਼ੇਸ਼ਣਾਂ ਦੀਆਂ ਉਦਾਹਰਣਾਂ ਨਹੀਂ ਮਿਲ ਸਕੀਆਂ, ਉਥੇ ਪੜਨਾਂਵ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ।

੧੭.੩.੭.੩ ਗੁਰਬਾਣੀ ਦੀਆਂ ਉਦਾਹਰਣਾਂ

(I) ਸਾਧਾਰਨ-ਰੂਪ

(ੳ) ਸਾਧਾਰਨ-ਰੂਪ—ਇਕ-ਵਚਨ—ਅਨਿਸਚਿਤ ਪਰਿਮਾਣਵਾਚੀ ਵਿਸ਼ੇਸ਼ਣ

ਸਭੁ (ਪੁਲਿੰਗ)

੧. **'ਸਭੁ' ਜਗੁ ਜਿਨਹਿ ਉਪਾਇਆ ਭਾਈ, ਕਰਣ ਕਾਰਣ ਸਮਰਥੁ ॥੧॥੧॥** *(ਪੰਨਾ ੬੩੯)*

ਸਭੋ (ਪੁਲਿੰਗ)

੧. **'ਸਭੋ' ਸੂਤਕੁ ਭਰਮੁ ਹੈ, ਦੂਜੈ ਲਗੈ ਜਾਇ ॥ਸਲੋਕ ੩॥ਪਉੜੀ ੧੮॥** *(ਪੰਨਾ ੪੭੨)*

ਸਭ (ਇਸਤਰੀ-ਲਿੰਗ)

੧. **'ਸਭ' ਖਲਕ ਤਮਾਸੇ ਆਈ ॥੨॥੪॥** *(ਪੰਨਾ ੬੫੫)*

ਸਭੈ (ਇਸਤਰੀ-ਲਿੰਗ)

੧. **'ਸਭੈ' ਉਡਾਨੀ ਭ੍ਰਮ ਕੀ ਟਾਟੀ, ਰਹੈ ਨ ਮਾਇਆ ਬਾਂਧੀ ॥ਰਹਾਉ॥੪੩॥** *(ਪੰਨਾ ੩੩੧)*
[ਸਭੈ ਟਾਟੀ—(ਭ੍ਰਮ ਕੀ) ਸਾਰੀ ਹੀ ਛੰਨ]

ਸਭਾ (ਇਸਤਰੀ-ਲਿੰਗ)

੧. **ਜਾ ਪਤਿ ਲੇਖੈ ਨਾ ਪਵੈ, 'ਸਭਾ' ਪੂਜ ਖੁਆਰੁ ॥੨॥੮॥** *(ਪੰਨਾ ੧੭)*

ਸਗਲ (ਪੁਲਿੰਗ)

੧. **'ਸਗਲ' ਜਗਤੁ ਹੈ ਜੈਸੇ ਸੁਪਨਾ, ਬਿਨਸਤ ਲਗਤ ਨ ਬਾਰ ॥ਰਹਾਉ॥੮॥** *(ਪੰਨਾ ੬੩੩)*

ਸਗਲਾ (ਪੁਲਿੰਗ)

੧. **ਕਾਗਾ ਕਰੰਗ ਢੰਢੋਲਿਆ, 'ਸਗਲਾ' ਖਾਇਆ ਮਾਸੁ ॥੬੧॥** *(ਪੰਨਾ ੧੩੮੨)*

ਸਗਲ (ਇਸਤਰੀ-ਲਿੰਗ)

੧. **'ਸਗਲ' ਸਮਗ੍ਰੀ ਮੋਹਿ ਵਿਆਪੀ, ਕਬ ਊਚੇ ਕਬ ਨੀਚੇ ॥੧॥੬॥** *(ਪੰਨਾ ੬੧੦)*

ਸਗਲੀ (ਇਸਤਰੀ-ਲਿੰਗ)

੧. **'ਸਗਲੀ' ਧਰਤੀ ਮਾਲੁ ਧਨੁ, ਵਰਤਣਿ ਸਰਬ ਜੰਜਾਲ ॥ਸਲੋਕ ੧॥ਪਉੜੀ ੫॥** *(ਪੰਨਾ ੪੬੫)*

ਸਰਬ (ਇਸਤਰੀ-ਲਿੰਗ)

੧. **'ਸਰਬ' ਜੋਤਿ ਨਾਮੈ ਕੀ ਚੇਰਿ ॥੨॥੧॥** *(ਪੰਨਾ ੧੧੮੭)*

ਸਾਰਾ (ਪੁਲਿੰਗ)

੧. **ਛੂਟੈ ਰਾਮ ਨਾਮਿ ਦੁਖੁ 'ਸਾਰਾ' ॥੪॥੧੨॥** *(ਪੰਨਾ ੧੧੭੬)*

ਸਾਰੋ (ਪੁਲਿੰਗ)

੧. **'ਸਾਰੋ' ਦਿਨਸੁ ਮਜੂਰੀ ਕਰੈ ॥੧॥੨੮॥** *(ਪੰਨਾ ੧੧੪੩)*

ਸਾਰੀ (ਇਸਤਰੀ-ਲਿੰਗ)

੧. **ਅਠਸਠਿ ਮਜਨੁ ਕਰਿ ਇਸਨਾਨਾ, ਭ੍ਰਮਿ ਆਏ ਘਰ 'ਸਾਰੀ' ॥੩॥੨॥** *(ਪੰਨਾ ੪੬੫)*

ਬਹੁਤੁ (ਪੁਲਿੰਗ)

੧. **'ਬਹੁਤੁ' ਖਜਾਨਾ ਤਿੰਨ ਪਹਿ ਹਰਿ ਜੀਉ, ਹਰਿ ਕੀਰਤਨੁ ਲਾਹਾ ਰਾਮ ॥੩॥੩॥** *(ਪੰਨਾ ੫੪੩)*

ਬਹੁਤਾ (ਪੁਲਿੰਗ)

੧. **'ਬਹੁਤਾ' ਕਰਮੁ ਲਿਖਿਆ ਨਾ ਜਾਇ ॥੨੫॥** *(ਪੰਨਾ ੫)*

ਬਹੁਤੁ (ਇਸਤਰੀ-ਲਿੰਗ)

੧. **'ਬਹੁਤੁ' ਪਿਆਸ, ਜਬਾਬੁ ਨ ਪਾਇਆ ॥੩॥੧॥** *(ਪੰਨਾ ੭੬੩)*

ਬਹੁਤੀ (ਇਸਤਰੀ-ਲਿੰਗ)

੧. **ਦੂਜੈ ਭਾਇ ਦੁਖੁ ਲਾਇਦਾ, 'ਬਹੁਤੀ' ਦੇਇ ਸਜਾਇ ॥੪॥੫੧॥** *(ਪੰਨਾ ੩੩)*

ਬਹੁ ਘਣਾ (ਪੁਲਿੰਗ)

੧. **ਚੋਆ ਚੰਦਨੁ 'ਬਹੁ ਘਣਾ', ਪਾਨਾ ਨਾਲਿ ਕਪੂਰੁ ॥੪॥੧੩॥** *(ਪੰਨਾ ੧੯)*

ਬਹੁ (ਇਸਤਰੀ-ਲਿੰਗ)

੧. **'ਬਹੁ' ਚਿੰਤਾ ਚਿਤਵੈ ਆਪੁ ਨ ਪਛਾਨਾ ॥੧॥੨੬॥** *(ਪੰਨਾ ੧੫੯)*

ਘਣੀ (ਇਸਤਰੀ-ਲਿੰਗ)

੧. **ਸਾਚਿ ਸਹਜਿ ਸੋਭਾ 'ਘਣੀ', ਹਰਿ ਗੁਣ ਨਾਮ ਅਧਾਰਿ ॥੩॥੧੨॥** *(ਪੰਨਾ ੬੧)*

ਅਗਲਾ (ਪੁਲਿੰਗ)

੧. **ਫਰੀਦਾ ਇਕਨਾ ਆਟਾ 'ਅਗਲਾ', ਇਕਨਾ ਨਾਹੀ ਲੋਣੁ ॥੪੪॥** *(ਪੰਨਾ ੧੩੮੦)*

ਆਗਲ (ਪੁਲਿੰਗ)

੧. **ਬਹੁਤੁ ਸਿਆਣਪ 'ਆਗਲ' ਭਾਰਾ ॥੧॥੭੬॥** *(ਪੰਨਾ ੧੭੮)*

ਅਗਲੀ (ਇਸਤਰੀ-ਲਿੰਗ)

੧. **ਹੁਰਮਤਿ ਤਿਸ ਨੋ 'ਅਗਲੀ', ਓਹੁ ਵਜਹੁ ਭਿ ਦੂਣਾ ਖਾਇ ॥ਪਉੜੀ ੨੨॥** *(ਪੰਨਾ ੪੭੪)*

ਅਤਿ (ਪੁਲਿੰਗ)

੧. **'ਅਤਿ' ਪਿਆਰਾ ਪਵੈ ਖੁਹਿ ਕਿਹੁ ਸੰਜਮੁ ਕਰਣਾ ॥ਸ.੧॥੧੩॥** *(ਪੰਨਾ ੬੫੩)*

ਅਤਿ (ਇਸਤਰੀ-ਲਿੰਗ)

੧. **'ਅਤਿ' ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥੧॥** *(ਪੰਨਾ ੭੫੬)*

ਥੋੜਾ (ਪੁਲਿੰਗ)

੧. ਜਿਥੈ 'ਥੋੜਾ' ਧਨੁ ਵੇਖੈ, ਤਿਥੈ ਤਪਾ ਭਿਟੈ ਨਾਹੀ,
ਧਨਿ ਬਹੁਤੈ ਭਿਠੈ ਤਪੈ ਧਰਮੁ ਹਾਰਿਆ ॥ਸਲੋਕ ੧॥੩੦॥ *(ਪੰਨਾ ੩੧੫)*

ਥੋਰੀ (ਇਸਤਰੀ-ਲਿੰਗ)

੧. ਸੇਵਾ 'ਥੋਰੀ', ਮਾਗਨੁ ਬਹੁਤਾ ॥੧॥੭॥ *(ਪੰਨਾ ੭੩੮)*

ਥੋਰੀਆ (ਇਸਤਰੀ-ਲਿੰਗ)

੧. ਮੋਹਿ ਨਿਰਗੁਨ ਮਤਿ 'ਥੋਰੀਆ', ਤੂੰ ਸਦ ਹੀ ਦੀਨ ਦਇਆਲ ॥੨॥੧੧੬॥
(ਪੰਨਾ ੨੦੩)

ਕਿਛੁ (ਪੁਲਿੰਗ)

੧. 'ਕਿਛੁ' ਭੀ ਖਰਚੁ ਤੁਮ੍ਹਾਰਾ ਸਾਰਉ ॥੨॥੩॥ *(ਪੰਨਾ ੭੯੨)*

ਕਿਛੁ (ਇਸਤਰੀ-ਲਿੰਗ)

੧. ਬਹੁਤੇ ਫੇਰ ਪਏ ਕਿਰਪਨ ਕਉ, ਅਬ 'ਕਿਛੁ' ਕਿਰਪਾ ਕੀਜੈ ॥੨॥੬॥
(ਪੰਨਾ ੬੬੬)

ਕਿਛੁ (ਇਸਤਰੀ-ਲਿੰਗ)

੧. ਉਕਤਿ ਸਿਆਨਪ 'ਕਿਛੁ' ਨ ਜਾਨਾ ॥੧॥੬੯॥ *(ਪੰਨਾ ੩੮੭)*

ਕੇਤਾ (ਪੁਲਿੰਗ)

੧. 'ਕੇਤਾ' ਤਾਣੁ ਸੁਆਲਿਹੁ ਰੂਪੁ ॥੧੬॥ *(ਪੰਨਾ ੩)*

ਕੇਤੀ (ਇਸਤਰੀ-ਲਿੰਗ)

੧. 'ਕੇਤੀ' ਦਾਤਿ ਜਾਣੈ ਕੌਣੁ ਕੂਤੁ ॥੧੬॥ *(ਪੰਨਾ ੩)*

ਏਤਾ (ਪੁਲਿੰਗ)

੧. 'ਏਤਾ' ਗਭੁ ਅਕਾਸਿ ਨ ਮਾਵਤ, ਬਿਸਟਾ ਅਸੁ, ਕ੍ਰਿਮਿ ਉਦਰੁ ਭਰਿਓ ਹੈ ॥੮॥੨੦॥
(ਪੰਨਾ ੧੩੮੮)

ਏਤੀ (ਇਸਤਰੀ-ਲਿੰਗ)

੧. 'ਏਤੀ' ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ ॥੧॥੩੯॥
(ਪੰਨਾ ੩੬੦)

ਜੇਤਾ (ਪੁਲਿੰਗ)

੧. 'ਜੇਤਾ' ਜੀਉ ਪਿੰਡੁ ਸਭੁ ਤੇਰਾ, ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥੪॥੧੧॥
(ਪੰਨਾ ੭੩੪)

ਜੇਤੀ (ਇਸਤਰੀ-ਲਿੰਗ)

੧. 'ਜੇਤੀ' ਸਮਗ੍ਰੀ ਦੇਖਹੁ ਰੇ ਨਰ, ਤੇਤੀ ਹੀ ਛਡਿ ਜਾਨੀ ॥੧॥੨੦॥ *(ਪੰਨਾ ੬੧੪)*

ਹੋਰੁ (ਪੁਲਿੰਗ)

੧. 'ਹੋਰੁ' ਬਿਰਹਾ ਸਭ ਧਾਤੁ ਹੈ,
ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥ਸਲੋਕ ੨॥ਪਉੜੀ ੧॥ *(ਪੰਨਾ ੮੩)*

ਹੋਰੋ (ਪੁਲਿੰਗ)

੧. ਓਨਾ ਰਿਜਕੁ ਨ ਪਇਓ ਓਥੈ, ਓਨ੍ਹ 'ਹੋਰੋ' ਖਾਣਾ ॥ਸਲੋਕ ੧॥ਪਉੜੀ ੨੧॥
(ਪੰਨਾ ੯੫੬)

ਹੋਰ (ਇਸਤਰੀ-ਲਿੰਗ)

੧. 'ਹੋਰ' ਕਥਨੀ ਬਦਉ ਨ, ਸਗਲੀ ਛਾਰੁ ॥੨॥੪॥ *(ਪੰਨਾ ੯੦੪)*

ਹੋਰਾ (ਇਸਤਰੀ-ਲਿੰਗ)

੧. ਗੋਵਿੰਦ ਭਜਨ ਕੀ ਮਤਿ ਹੈ 'ਹੋਰਾ' ॥ਰਹਾਉ॥੪੨॥ *(ਪੰਨਾ ੩੮੧)*

ਅਵਰੁ (ਪੁਲਿੰਗ)

੧. 'ਅਵਰੁ' ਉਪਾਉ ਨ ਕੋਈ ਸੂਝੈ, ਨਾਨਕ ਤਰੀਐ ਗੁਰ ਬਚਨੀ ॥੪॥੨੧॥
(ਪੰਨਾ ੧੧੮੬)

ਅਵਰ (ਇਸਤਰੀ-ਲਿੰਗ)

੧. 'ਅਵਰ' ਸਿਆਨਪ ਸਗਲੀ ਛਾਡੁ ॥੮॥੧੭॥ *(ਪੰਨਾ ੨੮੬)*

ਅਉਰ (ਇਸਤਰੀ-ਲਿੰਗ)

੧. 'ਅਉਰ' ਦੁਨੀ ਸਭ ਭਰਮਿ ਭੁਲਾਨੀ, ਮਨੁ ਰਾਮ ਰਸਾਇਨ ਮਾਤਾ ॥੪॥੩॥
(ਪੰਨਾ ੯੨)

(ਅ)(i) ਅਨਿਸਚਿਤ ਸੰਖਿਅਕ ਵਿਸ਼ੇਸ਼ਣ—ਇਕ-ਵਚਨ

ਵਿਰਲਾ ਕੋਈ (ਪੁਲਿੰਗ)

੧. ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥
ਗੁਰਮੁਖਿ 'ਵਿਰਲਾ ਕੋਈ' ਜਨੁ ਪਾਏ ॥੧॥੧੭॥ *(ਪੰਨਾ ੧੧੯)*

ਕੋਈ (ਪੁਲਿੰਗ)

੧. 'ਕੋਈ' ਜਨੁ ਹਰਿ ਸਿਉ ਦੇਵੈ ਜੋਰਿ ॥ਰਹਾਉ॥੬॥ *(ਪੰਨਾ ੭੦੧)*

੨. 'ਕੋਈ' ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ ॥੪॥੧੨॥ *(ਪੰਨਾ ੪੧੮)*

ਕੋਊ (ਪੁਲਿੰਗ)

੧. 'ਕੋਊ' ਹਰਿ ਸਮਾਨਿ ਨਹੀ ਰਾਜਾ ॥ਰਹਾਉ॥੫॥ *(ਪੰਨਾ ੮੫੬)*

ਕਾਈ (ਇਸਤਰੀ-ਲਿੰਗ)

੧. ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ 'ਕਾਈ' ਕਾਰ ॥ਸਲੋਕ ੧॥ਪਉੜੀ ੬॥
(ਪੰਨਾ ੪੬੬)

੨. 'ਕਾਈ' ਬਾਤ ਨ ਰਹੀਆ ਊਰੀ ॥੧॥੫੮॥ *(ਪੰਨਾ ੬੨੩)*

ਕਾ (ਇਸਤਰੀ-ਲਿੰਗ)

੧. ਤਿੰਨਾ ਭੁਖ ਨ 'ਕਾ' ਰਹੀ, ਜਿਸ ਦਾ ਪ੍ਰਭੁ ਹੈ ਸੋਇ ॥ਸਲੋਕ ੧॥ਪਉੜੀ ੨੧॥
(ਪੰਨਾ ੩੨੩)

੨. ਇਕੁ ਅਧੁ ਨਾਇ ਰਸੀਅੜਾ, 'ਕਾ' ਵਿਰਲੀ ਜਾਇ ਵੁਠੀ ॥੩॥੧੬੯॥ *(ਪੰਨਾ ੨੧੮)*

(ਅ) (ii) ਸਾਧਾਰਨ-ਰੂਪ—ਬਹੁ-ਵਚਨ—ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਸਭਿ (ਪੁਲਿੰਗ)

੧. **'ਸਭਿ', ਸਤ, 'ਸਭਿ' ਤਪ, ਸਭਿ ਚੰਗਿਆਈਆ ॥੩॥੨॥** *(ਪੰਨਾ ੯)*

ਸਭੇ (ਪੁਲਿੰਗ)

੧. **'ਸਭੇ' ਥੋਕ ਪਰਾਪਤੇ, ਜੇ ਆਵੈ ਇਕੁ ਹਥਿ ॥੧॥੭੬॥** *(ਪੰਨਾ ੪੪)*

ਸਭਿ (ਇਸਤਰੀ-ਲਿੰਗ)

੧. **'ਸਭਿ' ਸਤ, 'ਸਭਿ' ਤਪ, 'ਸਭਿ' ਚੰਗਿਆਈਆ ॥੩॥੨॥** *(ਪੰਨਾ ੯)*

ਸਭੇ (ਇਸਤਰੀ-ਲਿੰਗ)

੧. **'ਸਭੇ' ਆਸਾ ਪੂਰੀਆ, ਗੁਰ ਮਹਲਿ ਬੁਲਾਈਆ ॥ਪਉੜੀ ੧੨॥** *(ਪੰਨਾ ੧੦੯੮)*

ਸਗਲ (ਪੁਲਿੰਗ)

੧. **'ਸਗਲ' ਉਪਾਵ ਨ ਚਾਲਹਿ ਸੰਗਿ ॥੨॥੩੩॥** *(ਪੰਨਾ ੮੯੩)*

ਸਗਲੇ (ਪੁਲਿੰਗ)

੧. **'ਸਗਲੇ' ਕਰਮ ਧਰਮ ਜੁਗ ਸੋਧੇ ॥੮॥੧॥** *(ਪੰਨਾ ੯੧੩)*

ਸਗਲ (ਇਸਤਰੀ-ਲਿੰਗ)

੧. **'ਸਗਲ' ਖਾਣੀ, 'ਸਗਲ' ਬਾਣੀ, ਸਦਾ ਸਦਾ ਧਿਆਵਏ ॥੩॥੫॥** *(ਪੰਨਾ ੪੫੬)*

੨. **'ਸਗਲ' ਸਹੇਲੀ ਸੁਖ ਭਰਿ ਸੁਤੀ, ਜਿਹ ਘਰਿ ਲਾਲੁ ਬਸਾਈ ॥ਰਹਾਉ॥੬॥** *(ਪੰਨਾ ੧੨੬੭)*

ਸਰਬ (ਪੁਲਿੰਗ)

੧. **'ਸਰਬ' ਮਨੋਰਥ ਜੇ ਕੋ ਚਾਹੈ, ਸੇਵੈ ਏਕੁ ਨਿਧਾਨਾ ॥੩॥੮॥** *(ਪੰਨਾ ੬੭੨)*

ਸਰਬ (ਇਸਤਰੀ-ਲਿੰਗ)

੧. **'ਸਰਬ' ਸਿਧਿ ਨਵਨਿਧਿ ਤਿਤੁ ਗ੍ਰਿਹਿ, ਨਹੀ ਊਨਾ ਸਭੁ ਕਛੁ ॥੨॥੭॥** *(ਪੰਨਾ ੪੫੭)*

ਸਾਰੇ (ਪੁਲਿੰਗ)

੧. **ਆਵਣ ਜਾਣ ਰਹੇ, ਸੁਖ 'ਸਾਰੇ' ॥੧॥੧੨੫॥** *(ਪੰਨਾ ੧੯੧)*

ਬਹੁਤੁ (ਪੁਲਿੰਗ)

੧. **ਸੁਤ ਦਾਰਾ ਬਨਿਤਾ ਅਨੇਕ, 'ਬਹੁਤੁ' ਰੰਗ ਅਰੁ ਵੇਸ ॥੧॥੮੫॥** *(ਪੰਨਾ ੪੭)*

ਬਹੁਤ (ਪੁਲਿੰਗ)

੧. **'ਬਹੁਤ' ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮ੍ਹਾਰੇ ਲੇਖੇ ॥੨॥੧॥** *(ਪੰਨਾ ੬੯੪)*

ਬਹੁਤੇ (ਪੁਲਿੰਗ)

੧. **'ਬਹੁਤੇ' ਫੇਰ ਪਏ ਕਿਰਪਨ ਕਉ, ਅਬ ਕਿਛੁ ਕਿਰਪਾ ਕੀਜੈ ॥੨॥੬॥** *(ਪੰਨਾ ੬੬੬)*

ਬਹੁਤੇਰਿਆ (ਪੁਲਿੰਗ)

੧. **ਬਿਲਲਾਟ ਕਰਹਿ 'ਬਹੁਤੇਰਿਆ' ਪਿਆਰੇ, ਉਤਰੈ ਨਾਹੀ ਸੂਲੁ ॥੪॥੨॥** *(ਪੰਨਾ ੬੪੧)*

[ਬਹੁਤੇਰਿਆ—ਅੰਤਲੇ ਸ੍ਵਰ ਦਾ ਉਚਾਰਣ ਨਾਸਿਕਤਾ ਬਿਨਾ]

ਬਹੁ (ਪੁਲਿੰਗ)

੧. **'ਬਹੁ' ਕਰਮ ਕਮਾਵਹਿ ਲੋਭਿ ਮੋਹਿ ਵਿਆਪੇ,**
ਹਉਮੈ ਕਦੇ ਨ ਚੂਕੈ ਫੇਰੀ ॥ਸਲੋਕ ੨॥ਪਉੜੀ ੩੫॥ *(ਪੰਨਾ ੧੨੫੧)*

ਘਣੇ (ਪੁਲਿੰਗ)

੧. **ਜੇਤਾ ਊਡਹਿ ਦੁਖ 'ਘਣੇ', ਨਿਤ ਦਾਝਹਿ ਤੈ ਬਿਲਲਾਹਿ ॥੨॥੨੦॥** *(ਪੰਨਾ ੬੬)*

ਘਣੀ (ਇਸਤਰੀ-ਲਿੰਗ)

੧. **ਭੂਮਿ ਦਾਨੁ ਗਊਆ 'ਘਣੀ', ਭੀ ਅੰਤਰਿ ਗਰਬੁ ਗੁਮਾਨੁ ॥੪॥੧੪॥** *(ਪੰਨਾ ੬੨)*

ਬਹਲੇ (ਪੁਲਿੰਗ)

੧. **'ਬਹਲੇ' ਭੇਖ ਭਵਹਿ ਦਿਨੁ ਰਾਤੀ, ਹਉਮੈ ਰੋਗੁ ਨ ਜਾਈ ॥੩॥੧੪॥** *(ਪੰਨਾ ੧੧੩੧)*

ਅਗਲੇ (ਪੁਲਿੰਗ)

੧. **ਮਾਤ ਪਿਤਾ ਸਾਕ 'ਅਗਲੇ' ਤਿਸੁ ਬਿਨੁ ਅਵਰੁ ਨ ਕੋਇ ॥੧॥੮੬॥** *(ਪੰਨਾ ੪੯)*

ਅਗਲੀਆ (ਇਸਤਰੀ-ਲਿੰਗ)

੧. **ਫਰੀਦਾ ਖਿੰਥੜਿ ਮੇਖਾ 'ਅਗਲੀਆ', ਜਿੰਦੁ ਨ ਕਾਈ ਮੇਖ ॥੪੭॥** *(ਪੰਨਾ ੧੩੮੦)*

[ਅਗਲੀਆ—ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ]

ਥੋੜੇ (ਪੁਲਿੰਗ)

੧. **ਸੁਖ 'ਥੋੜੇ' ਦੁਖ ਅਗਲੇ, ਦੂਖੇ ਦੂਖਿ ਵਿਹਾਇ ॥੨॥੧॥** *(ਪੰਨਾ ੯੮੯)*

ਵਿਰਲੇ (ਪੁਲਿੰਗ)

੧. **ਸਾਂਗੈ ਅੰਦਰਿ ਸਾਬਤੇ, ਸੇ 'ਵਿਰਲੇ' ਬੰਦੇ ॥ਪਉੜੀ ੨੧॥ਵਾਰ ੩੫॥**
(ਭਾਈ ਗੁਰਦਾਸ ਜੀ)

ਥੋੜਿਆ (ਪੁਲਿੰਗ)

੧. **ਇਸ ਕਾ ਰੰਗੁ ਦਿਨ 'ਥੋੜਿਆ', ਛੋਛਾ ਇਸ ਦਾ ਮੁਲੁ ॥ਸਲੋਕ ੨॥ਪਉੜੀ ੮॥**
(ਪੰਨਾ ੮੫)

ਥੋੜੜਿਆ (ਪੁਲਿੰਗ)

੧. **ਕਚਾ ਰੰਗੁ ਕਸੁੰਭ ਕਾ, 'ਥੋੜੜਿਆ' ਦਿਨ ਚਾਰਿ ਜੀਉ ॥੧॥੨॥** *(ਪੰਨਾ ੭੫੧)*

ਕਿਤੀ (ਪੁਲਿੰਗ)

੧. **'ਕਿਤੀ' ਚਖਉ ਸਾਡੜੇ, 'ਕਿਤੀ' ਵੇਸ ਕਰੇਉ ॥੫॥੬॥** *(ਪੰਨਾ ੧੦੧੫)*

ਕੇਤੇ

੧. **'ਕੇਤੇ' ਦੇਵ, ਦਾਨਵ ਮੁਨਿ 'ਕੇਤੇ', ਕੇਤੇ ਰਤਨ ਸਮੁੰਦ ॥੩੫॥** *(ਪੰਨਾ ੭)*

ਕੇਤੜਿਆ (ਪੁਲਿੰਗ)

੧. **'ਕੇਤੜਿਆ' ਦਿਨ ਗੁਪਤੁ ਕਹਾਇਆ ॥**
'ਕੇਤੜਿਆ' ਦਿਨ ਸੁੰਨਿ ਸਮਾਇਆ ॥੧੨॥੧੦॥ *(ਪੰਨਾ ੧੦੮੧)*

ਕਿੰਤੇ (ਪੁਲਿੰਗ)

੧. **'ਕਿੰਤੇ' ਨਾਮਾ ਅੰਤੁ ਨ ਜਾਣਿਆ, ਤੁਮ ਸਰਿ ਨਾਹੀ ਅਵਰੁ ਹਰੇ ॥੩॥੩॥** *(ਪੰਨਾ ੮੭੭)*

ਕੇਤੀਆ (ਇਸਤਰੀ-ਲਿੰਗ)

੧. **'ਕੇਤੀਆ' ਖਾਣੀ 'ਕੇਤੀਆ' ਬਾਣੀ, ਕੇਤੇ ਪਾਤ ਨਰਿੰਦ ॥੩੫॥** *(ਪੰਨਾ ੭)*

੨. **'ਕੇਤੀਆ' ਤੇਰੀਆ ਕੁਦਰਤੀ, ਕੇਵਡ ਤੇਰੀ ਦਾਤਿ ॥੩॥੧੦॥** *(ਪੰਨਾ ੧੮)*

[ਕੇਤੀਆ—ਅੰਤਲੇ ਸੁਰ ਦਾ ਉਚਾਰਣ ਨਾਸਕੀ]

ਜੇਤੇ (ਪੁਲਿੰਗ)

੧. **'ਜੇਤੇ' ਦਾਣੇ ਅੰਨ ਕੇ, ਜੀਆ ਬਾਝੁ ਨ ਕੋਇ ॥ਸਲੋਕ ੧॥ਪਉੜੀ ੧੮॥** *(ਪੰਨਾ ੪੭੨)*

ਜੇਤੜੇ (ਪੁਲਿੰਗ)

੧. **ਨਾਨਕ ਅਉਗੁਣ 'ਜੇਤੜੇ' ਤੇਤੇ ਗਲੀ ਜੰਜੀਰ ॥੪॥੧॥** *(ਪੰਨਾ ੫੯੫)*

ਨੋਟ : (੧) ਪੁਲਿੰਗ ਅਨਿਸਚਿਤ ਵਿਸ਼ੇਸ਼ਣ 'ਥੋੜਿਆ', 'ਥੋੜੜਿਆ', 'ਕੇਤੜਿਆ' ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਿਕਤਾ ਬਿਨਾ।

(੨) ਇਸਤਰੀ-ਲਿੰਗ ਅਨਿਸਚਿਤ ਵਿਸ਼ੇਸ਼ਣ 'ਕੇਤੀਆ' ਦੇ ਅੰਤਲੇ ਸੁਰ ਦਾ ਉਚਾਰਣ ਨਾਸਕੀ।

ਏਤੇ (ਪੁਲਿੰਗ)

੧. **'ਏਤੇ' ਕੂਕਰ ਹਉ ਬੇਗਾਨਾ, ਭਉਕਾ ਇਸੁ ਤਨ ਤਾਈ ॥੪॥੧॥** *(ਪੰਨਾ ੭੯੫)*

ਏਤੀਆ (ਇਸਤਰੀ-ਲਿੰਗ)

੧. **ਏਤੇ ਗੁਣ, 'ਏਤੀਆ' ਚੰਗਿਆਈਆ, ਦੇਇ, ਨ ਪਛੋਤਾਵੈ ॥੩॥੩॥** *(ਪੰਨਾ ੧੩੨੮)*

[ਏਤੀਆ, ਚੰਗਿਆਈਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ]

ਇਕਿ (ਪੁਲਿੰਗ)

੧. **'ਇਕਿ' ਜੰਤ ਭਰਮਿ ਭੁਲੇ, ਤਿਨਿ ਸਹਿ ਆਪਿ ਭੁਲਾਏ ॥੬॥੭॥** *(ਪੰਨਾ ੪੪੧)*

ਹੋਰਿ (ਪੁਲਿੰਗ)

੧. **'ਹੋਰਿ' ਸਾਦ ਸਭਿ ਫਿਕਿਆ, ਤਨੁ ਮਨੁ ਫਿਕਾ ਹੋਇ ॥੧॥੧੭॥** *(ਪੰਨਾ ੨੧੮)*

ਅਵਰਿ (ਪੁਲਿੰਗ)

੧. **'ਅਵਰਿ' ਕਾਜ ਤੇਰੈ ਕਿਤੈ ਨ ਕਾਮ ॥੧॥੪॥** *(ਪੰਨਾ ੧੨)*

ਅਉਰੀ (ਪੁਲਿੰਗ)

੧. **'ਅਉਰੀ' ਕਰਮ ਨ ਲੇਖੈ ਲਾਇ ॥ਸਲੋਕ ੧॥੧੪॥** *(ਪੰਨਾ ੯੫੪)*

ਅਵਰਾ (ਪੁਲਿੰਗ)

੧. **ਆਪਿ ਨਾਥੁ ਨਾਥੀ ਸਭ ਜਾ ਕੀ, ਰਿਧਿ ਸਿਧਿ 'ਅਵਰਾ' ਸਾਦ ॥੨੬॥** *(ਪੰਨਾ ੬)*

[ਅਉਰੀ, ਅਵਰਾ—ਅੰਤਲੇ ਸੁਰਾਂ ਦਾ ਉਚਾਰਣ ਨਾਸਿਕਤਾ ਬਿਨਾ]

ਹੋਰਿ (ਇਸਤਰੀ-ਲਿੰਗ)

੧. **'ਹੋਰਿ' ਗਲਾਂ ਸਭਿ ਕੂੜੀਆ, ਤੁਧੁ ਭਾਵੈ ਪਰਵਾਣੁ ॥੪॥੫॥** *(ਪੰਨਾ ੧੬)*

ਅਨਿਕ (ਪੁਲਿੰਗ)

੧. **'ਅਨਿਕ' ਸਿਆਨੇ ਪਚਿ ਗਏ, ਨਾ ਨਿਰਵਾਰੀ ਜਾਇ ॥੧੯੬॥** *(ਪੰਨਾ ੧੩੭੫)*

ਅਨੇਕ (ਪੁਲਿੰਗ)

੧. **'ਅਨੇਕ' ਜਤਨ ਭੇਖ ਕਰੇ ਜੋਗੀ, ਰੋਗੁ ਨ ਜਾਇ ਗਵਾਇਆ ॥੬॥੧੦॥** *(ਪੰਨਾ ੯੦੬)*

ਅਨਿਕ (ਇਸਤਰੀ-ਲਿੰਗ)

੧. **'ਅਨਿਕ' ਸੁਗੰਧਤ ਤਨ ਮਹਿ ਲਾਵਉ ॥੧॥੧੧॥** *(ਪੰਨਾ ੩੭੩)*

ਅਨੇਕ (ਇਸਤਰੀ-ਲਿੰਗ)

੧. **'ਅਨੇਕ' ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥** *(ਪੰਨਾ ੯੨੦)*

(II) ਸੰਬੰਧਕੀ-ਰੂਪ

ਕਰਤਾ ਕਾਰਕ—ਬਹੁ-ਵਚਨ—ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਵਿਰਲੀ

੧. **ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ, ਗਤਿ ਨਾਨਕ 'ਵਿਰਲੀ' ਜਾਤੀ ਜੀਉ ॥੪॥੧੩॥** *(ਪੰਨਾ ੯੮)*

੨. **ਅੰਮ੍ਰਿਤ ਕਾ ਰਸੁ 'ਵਿਰਲੀ' ਪਾਇਆ ਸਤਿਗੁਰ ਮੇਲਿ ਮਿਲਾਏ ॥੩॥੪॥** *(ਪੰਨਾ ੧੧੨੬)*

ਸਭਨੀ

੧. **'ਸਭਨੀ' ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ਸ.੩॥ਪਉੜੀ ੧੧॥** *(ਪੰਨਾ ੪੬੬)*

ਨੋਟ : (੧) ਉਪਰੋਕਤ ਉਦਾਹਰਣਾਂ ਅਨਿਸਚਿਤ ਪੜਨਾਂਵ ਦੀਆਂ ਹਨ। ਵਿਸ਼ੇਸ਼ਣ ਦੀ ਉਦਾਹਰਣ ਅਜੇ ਕੋਈ ਮਿਲੀ ਨਹੀਂ।

(੨) ਅੰਤਲੇ ਸੁਰ-ਚਿੰਨ੍ਹਾਂ ਦਾ ਉਚਾਰਣ ਨਾਸਕੀ।

ਕਰਮ ਕਾਰਕ—ਬਹੁ-ਵਚਨ—ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਸਰਬ

੧. **'ਸਰਬ' ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ ਜਿਉ ਬਾਲਕ ਪਿਤ ਮਾਤਾ ਰਾਮ ॥੪॥੬॥** *(ਪੰਨਾ ੫੪੧)*

ਕਰਣ ਕਾਰਕ—ਇਕ-ਵਚਨ—ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ

ਬਹੁਤੈ

੧. **ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,**
ਧਨਿ 'ਬਹੁਤੈ' ਡਿਠੈ ਤਪੈ ਧਰਮੁ ਹਾਰਿਆ ॥ਸਲੋਕ ੧॥ਪਉੜੀ ੩੦॥ *(ਪੰਨਾ ੩੧੫)*

ਅਵਰ

੧. **'ਅਵਰ' ਜਤਨਿ ਨਹੀ ਪਾਈਐ ॥੧॥੧੪੨॥** *(ਪੰਨਾ ੨੧੧)*

ਹੋਰਤੁ ਕਿਤੈ

੧. **ਦਇਆਲ ਦਮੋਦਰੁ ਗੁਰਮੁਖਿ ਪਾਈਐ, 'ਹੋਰਤੁ ਕਿਤੈ' ਨ ਭਾਤੀ ਜੀਉ ॥੨॥੧੩॥** *(ਪੰਨਾ ੯੮)*

ਕੈ

੧. **'ਕੈ' ਦੋਖੜੈ ਸੜਿਓਹਿ, ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥੩੦॥**
[ਕੈ ਦੋਖੜੈ—ਕਿਸ ਦੋਖ ਕਾਰਨ] *(ਪੰਨਾ ੧੪੧੨)*

ਏਤੈ

੧. **'ਏਤੈ' ਜਲਿ ਵਰਸਦੈ ਤਿਖ ਮਰਹਿ, ਭਾਗ ਤਿਨਾ ਕੇ ਨਾਹਿ ॥ਸਲੋਕ ੨॥ਪਉੜੀ ੬॥** *(ਪੰਨਾ ੧੨੮੨)*

ਸੰਪ੍ਰਦਾਨ ਕਾਰਕ—ਇਕ-ਵਚਨ—ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ

ਸਗਲ (ਇਸਤਰੀ-ਲਿੰਗ)

੧. **'ਸਗਲ' ਸ੍ਰਿਸਟਿ ਕਉ ਦੇ ਆਧਾਰੁ ॥੧॥੨੨॥** *(ਪੰਨਾ ੭੪੧)*

ਸੰਪ੍ਰਦਾਨ ਕਾਰਕ—ਬਹੁ-ਵਚਨ—ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਸਭ (ਪੁਲਿੰਗ)

੧. **'ਸਭ' ਮੀਤ ਬੰਧਪ ਹਰਖੁ ਉਪਜਿਆ, ਦੂਤ ਥਾਉ ਗਵਾਇਆ ॥੪॥੧॥** *(ਪੰਨਾ ੨੪੭)*

ਸਭਨਾ (ਪੁਲਿੰਗ)

੧. **'ਸਭਨਾ' ਜੀਆ ਇਕਾ ਛਾਉ ॥ਸ.੧॥ਪਉੜੀ ੩॥** *(ਪੰਨਾ ੮੩)*

ਸਭਨਾਹਾ (ਪੁਲਿੰਗ)

੧. **ਤੂ ਅਣਮੰਗਿਆ ਦਾਨੁ ਦੇਵਣਾ 'ਸਭਨਾਹਾ' ਜੀਆ ॥ਪਉੜੀ ੧॥** *(ਪੰਨਾ ੫੮੫)*
[ਸਭਨਾ, ਸਭਨਾਹਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ]

ਸਗਲ

੧. **'ਸਗਲ' ਘਟਾ ਕਉ ਦੇਵਹੁ ਦਾਨੁ ॥੭॥੩॥** *(ਪੰਨਾ ੨੬੬)*

ਸਰਬ

੧. **'ਸਰਬ' ਜੀਆ ਕਉ ਪ੍ਰਭੁ ਦਾਨੁ ਦੇਤਾ ॥ਰਹਾਉ॥੧੨॥** *(ਪੰਨਾ ੧੧੬੦)*

ਅਪਾਦਾਨ ਕਾਰਕ—ਇਕ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

ਅਪਾਦਾਨ ਕਾਰਕ—ਬਹੁ-ਵਚਨ—ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਸਗਲ

੧. **'ਸਗਲ' ਥਾਨ ਤੇ ਓਹੁ ਊਤਮ ਥਾਨੁ ॥੮॥੩॥** *(ਪੰਨਾ ੨੬੬)*

ਸਰਬ

੧. **'ਸਰਬ' ਰੋਗ ਤੇ ਓਹੁ ਹਰਿ ਜਨੁ ਰਹਤ ॥੪॥੧੪॥** *(ਪੰਨਾ ੨੮੧)*

ਸੰਬੰਧ ਕਾਰਕ—ਇਕ-ਵਚਨ—ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ

ਸਗਲ (ਇਸਤਰੀ-ਲਿੰਗ)

੧. **'ਸਗਲ' ਸ੍ਰਿਸਟਿ ਕੋ ਧਨੀ ਕਹੀਜੈ ਜਨ ਕੋ ਅੰਗੁ ਨਿਰਾਰੋ ॥ਰਹਾਉ॥੧੦॥** *(ਪੰਨਾ ੪੯੮)*

ਥੋੜ੍ਹੜੀ (ਇਸਤਰੀ-ਲਿੰਗ)

੧. **ਕਿਆ 'ਥੋੜ੍ਹੜੀ' ਬਾਤ ਗੁਮਾਨੁ ॥ਰਹਾਉ॥੬੨॥** *(ਪੰਨਾ ੫੦)*

ਸੰਬੰਧ ਕਾਰਕ—ਬਹੁ-ਵਚਨ—ਅਨਿਸਚਿਤ ਸੰਖਿਅਕ ਵਿਸ਼ੇਸ਼ਣ

ਸਭ

੧. **'ਸਭ' ਦੂਖਨ ਕੋ ਹੰਤਾ, 'ਸਭ' ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਉ ॥੧॥ਰਹਾਉ॥੧੦॥** *(ਪੰਨਾ ੧੨੦੧)*

ਸਭਨਾ

੧. **'ਸਭਨਾ' ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥** *(ਪੰਨਾ ੨)*

ਸਗਲ

੧. **'ਸਗਲ' ਘਟਾ ਕੇ ਅੰਤਰਜਾਮੀ ॥੩॥੭੬॥** *(ਪੰਨਾ ੧੭੮)*

੨. **'ਸਗਲ' ਵਿਕਾਰੀ ਹਾਰੁ ਪਰੋਇ ॥੩॥੪॥** *(ਪੰਨਾ ੨੨੨)*

ਸਰਬ

੧. **'ਸਰਬ' ਸੁਖਾ ਕਾ ਦਾਤਾ ਸਤਿਗੁਰੁ, ਤਾ ਕੀ ਸਰਨੀ ਪਾਈਐ ॥੧॥੮੬॥** *(ਪੰਨਾ ੬੩੦)*

ਅਧਿਕਰਣ ਕਾਰਕ—ਇਕ-ਵਚਨ—ਅਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ

ਸਭ

੧. **'ਸਭ' ਜਗ ਮਹਿ ਦੋਹੀ ਫੇਰੀਐ, ਬਿਨੁ ਨਾਵੈ ਸਿਰਿ ਕਾਲੁ ॥੪॥੧੬॥** *(ਪੰਨਾ ੬੩)*

ਸਭਤੁ

੧. **ਰਾਮੁ ਆਪੇ ਆਪਿ ਆਪੇ ਸਭੁ ਕਰਤਾ, ਰਾਮੁ ਆਪੇ ਆਪਿ ਆਪਿ 'ਸਭਤੁ' ਜਗੇ ॥੧॥੧੩॥** *(ਪੰਨਾ ੧੨੦੨)*

ਥੋੜੈ

੧. **ਜਿਉ ਜਲਿ 'ਥੋੜੈ' ਮਛੁਲੀ, ਕਰਣ ਪਲਾਵ ਕਰੇਇ ॥੨॥੫॥** *(ਪੰਨਾ ੫੬)*

ਥੋਰੈ

੧. **ਕਬੀਰ 'ਥੋਰੈ' ਜਲਿ ਮਾਛੁਲੀ, ਝੀਵਰਿ ਮੇਲਿਓ ਜਾਲੁ ॥੪੬॥** *(ਪੰਨਾ ੧੩੬੭)*

ਹੋਰਤੁ

੧. **ਤਿਸ ਕੀ ਮੁਹਤਾਜੀ ਲੋਕੁ ਕਢਦਾ, 'ਹੋਰਤੁ' ਹਟਿ ਨ ਵਥੁ ਨ ਵੇਸਾਹੁ ॥ਪਉੜੀ ੭॥** *(ਪੰਨਾ ੮੫੨)*

ਬਹੁਤੀ (ਪੁਲਿੰਗ)

੧. **ਮਨਮੁਖਿ ਭੂਲੀ 'ਬਹੁਤੀ' ਰਾਹੀ, ਫਾਥੀ ਮਾਇਆ ਫੰਦੇ ॥੩॥੪॥** *(ਪੰਨਾ ੭੭੯)*

ਬਹੁਤੇਰੀ (ਪੁਲਿੰਗ)

੧. **'ਬਹੁਤੇਰੀ' ਥਾਈ ਰਲਾਇ ਰਲਾਇ ਦਿਤਾ, ਉਘੜਿਆ ਪੜਦਾ, ਅਗੈ ਆਇ ਖਲੋਹਾ ॥ਸਲੋਕ ੨॥ਪਉੜੀ ੭॥** *(ਪੰਨਾ ੯੬੦)*
[ਬਹੁਤੀ, ਬਹੁਤੇਰੀ—ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ]

ਸਭੈ

੧. **'ਸਭੈ' ਘਟ ਰਾਮੁ ਬੋਲੈ ਰਾਮਾ ਬੋਲੈ ॥ਰਹਾਉ॥੩॥** *(ਪੰਨਾ ੯੮੮)*

ਸਭਨੀ

੧. **'ਸਭਨੀ' ਘਟੀ ਸਹੁ ਵਸੈ, ਸਹ ਬਿਨੁ ਘਟੁ ਨ ਕੋਇ ॥੧੬॥** *(ਪੰਨਾ ੧੪੧੨)*

ਸਭਨਾ

੧. **'ਸਭਨਾ' ਜੀਆ ਵਿਚਿ ਹਰਿ ਆਪਿ, ਸੋ ਭਗਤਾ ਕਾ ਮਿਤੁ ਹਰਿ ॥ਪਃ੨॥** *(ਪੰਨਾ ੮੪੯)*
[ਸਭਨੀ, ਸਭਨਾ—ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ]

ਸਗਲ

੧. **'ਸਗਲ' ਉਦਮ ਮਹਿ ਉਦਮੁ ਭਲਾ ॥੮॥੩॥** *(ਪੰਨਾ ੨੬੬)*

ਸਗਲੀ

੧. **'ਸਗਲੀ' ਰੂਤੀ ਹਰਿਆ ਹੋਇ ॥੩॥੧॥** *(ਪੰਨਾ ੧੧੮੦)*

ਸਗਲੀਂ

੧. **'ਸਗਲੀਂ' ਸਉਦੀ ਤੋਟਾ ਆਵੈ ॥੫॥੨੪॥** *(ਪੰਨਾ ੩੫੬)*

ਸਰਬ

੧. **'ਸਰਬ' ਜੀਆ ਮਹਿ ਏਕੋ ਰਵੈ ॥੫॥੧੬॥** *(ਪੰਨਾ ੨੨੮)*

ਸਰਬੇ

੧. **'ਸਰਬੇ' ਥਾਈ ਏਕੁ ਤੂੰ, ਜਿਉ ਭਾਵੈ ਤਿਉ ਰਾਖੁ ॥੮॥੧੩॥** *(ਪੰਨਾ ੬੨)*

ਸਰਬੀ

੧. **'ਸਰਬੀ' ਰੰਗੀ ਰੂਪੀ ਭੂੰਹੈ, ਤਿਸੁ ਬਖਸੇ ਜਿਸੁ ਨਦਰਿ ਕਰੇ ॥ਰਹਾਉ॥੨੨॥** *(ਪੰਨਾ ੩੫੫)*

੨. **'ਸਰਬੀ' ਥਾਈ ਵੇਪਰਵਾਹੁ ॥੫॥੩॥** *(ਪੰਨਾ ੧੧੮੮)*
[ਸਰਬੀ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

ਸਰਬ

੧. **'ਸਰਬ' ਨੈਨ ਆਪਿ ਪੇਖਨਹਾਰਾ ॥੬॥੨੩॥** *(ਪੰਨਾ ੨੮੪)*

ਅਨੇਕ

੧. **'ਅਨੇਕ' ਜੂਨੀ ਭਰਮਿ ਆਵੈ, ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥** *(ਪੰਨਾ ੯੨੦)*

੧੭.੪ ਨਿਸਚੇ-ਵਾਚਕ ਵਿਸ਼ੇਸ਼ਣ

ਲੱਛਣ

"ਅਜਿਹਾ ਵਿਸ਼ੇਸ਼ਣ ਜੋ ਆਪਣੇ ਵਿਸ਼ੇਸ਼ ਵੱਲ ਸੰਕੇਤ ਕਰ ਕੇ ਉਸ ਦਾ ਨਾਂ ਲਵੇ, ਨਿਸਚੇ-ਵਾਚਕ ਵਿਸ਼ੇਸ਼ਣ ਹੁੰਦਾ ਹੈ।" ਜਿਵੇਂ : ਇਹ ਗੁਟਕਾ, ਉਹ ਪੋਥੀ ਆਦਿ।

ਨੋਟ : (੧) ਨਿਸਚੇ-ਵਾਚਕ ਪੜਨਾਂਵ ਹੀ ਜਦੋਂ ਕਿਸੇ ਨਾਂਵ ਤੋਂ ਪਹਿਲਾਂ ਆਉਂਦੇ ਹਨ ਤਾਂ ਇਹ ਨਿਸਚੇ-ਵਾਚਕ ਵਿਸ਼ੇਸ਼ਣ ਹੋ ਜਾਂਦੇ ਹਨ।

(੨) ਅਨ-ਪੁਰਖ ਦੇ ਪੁਰਖਵਾਚੀ ਪੜਨਾਂਵ ('ਇਹ' ਅਤੇ 'ਉਹ' ਅਥਵਾ ਇਹਨਾਂ ਦੇ ਵਾਚਕ ਹੋਰ ਪੁਰਾਤਨ ਰੂਪ) ਹੀ ਜਦੋਂ ਕਿਸੇ ਵਿਅਕਤੀ ਜਾਂ ਵਸਤੂ ਵੱਲ ਸੰਕੇਤ ਕਰਦਿਆਂ, ਉਸ ਦਾ ਨਾਂ ਲੈ ਕੇ ਆਮ ਤੋਂ ਖ਼ਾਸ ਬਣਾ ਦੇਣ, ਉਸ ਹਾਲਤ ਵਿਚ ਇਹ ਨਿਸਚੇ-ਵਾਚਕ ਵਿਸ਼ੇਸ਼ਣ ਬਣ ਜਾਂਦੇ ਹਨ।

੧੭.੪.੧ ਨਿਸਚੇ-ਵਾਚਕ ਵਿਸ਼ੇਸ਼ਣਾਂ ਦੀ ਰੂਪ-ਸਾਧਨਾ

	ਇਕ-ਵਚਨ		*ਬਹੁ-ਵਚਨ*	
	ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
(I) ਸਾਧਾਰਨ-ਰੂਪ				
	ਓਹੁ, ਓਹੋ, ਵਹੁ	ਓਹ, ਓਹਾ	ਉਇ, ਓਇ, ਓਈ	—
	ਇਹੁ, ਇਹੈ, ਇਹੀ	ਇਹ, ਇਹਾ, ਏਹ, ਏਹਾ, ਏਉ	ਵੈ, ਵਾ	—
	ਇਆ, ਯਹ, ਯਾ	ਯਹ	ਇਹਿ, ਏਹਿ, ਇਹੀ, ਏ, ਏਉ	ਏਹਿ
	ਸੋ	ਸਾ	ਸੇ	ਸੇ
			ਤੇ	ਤੇ
(II) ਸੰਬੰਧਕੀ-ਰੂਪ				
ਕਰਤਾ ਕਾਰਕ	ਇਨਿ, ਉਨਿ	ਉਨਿ, ਇਨਿ	ਇਨ, ਏਨੀ*	ਏਨੀ*
ਕਰਮ ਕਾਰਕ	ਇਸੁ	ਇਆ	—	—
ਕਰਣ ਕਾਰਕ	ਇਤੁ	ਇਹ, ਇਨ	ਏਨੀ*, ਇਨੀ*	ਏਨੀ*, ਇਨੀ*
ਸੰਪ੍ਰਦਾਨ ਕਾਰਕ	ਉਆ, ਇਆ, ਇਸੁ, ਯਿਆ	ਇਆ, ਇਸੁ	ਏਨਾ*, ਉਨ	
ਅਪਾਦਾਨ ਕਾਰਕ	ਉਸੁ, ਇਆ	ਇਸੁ	—	—
ਸੰਬੰਧ ਕਾਰਕ	ਉਸੁ, ਉਆ, ਇਆ, ਇਸੁ	ਇਸੁ	ਉਨ	—
ਅਧਿਕਰਣ ਕਾਰਕ	ਉਸੁ, ਉਆ, ਇਸੁ, ਏਤੁ, ਐਤੁ, ਇਆ, ਯਾ	ਇਸੁ, ਇਆ, ਇਆਹੂ	ਏਨਾ*	—

ਨੋਟ : (੧) *ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ।

(੨) ਉਪਰੋਕਤ ਸ਼ਬਦ ਚੂੰਕਿ ਮੂਲਕ-ਤੌਰ 'ਤੇ ਨਿਸਚੇ-ਵਾਚਕ ਪੜਨਾਂਵ ਹਨ। ਨਾਂਵ ਨਾਲ ਆ ਕੇ ਇਹ ਨਿਸਚੇ-ਵਾਚਕ ਵਿਸ਼ੇਸ਼ਣ ਬਣ ਜਾਂਦੇ ਹਨ। ਇਹਨਾਂ ਦੋਹਾਂ ਹੀ ਸ਼੍ਰੇਣੀਆਂ ਵਿਚ ਇਹਨਾਂ ਸ਼ਬਦਾਂ ਦਾ ਲਿੰਗ, ਵਚਨ ਅਤੇ ਕਾਰਕ ਉੱਤੇ ਆਧਾਰਿਤ ਰੂਪ ਇਕਸਾਰ ਹੀ ਰਹਿੰਦਾ ਹੈ। ਸੋ, ਇਹਨਾਂ ਦੇ ਵੱਖ ਵੱਖ ਰੂਪਾਂ ਦੀਆਂ ਵਧੇਰੇ ਉਦਾਹਰਣਾਂ ਨਿਸਚੇ-ਵਾਚਕ ਪੜਨਾਂਵ ਵਾਲੇ ਅਧਿਆਇ ਵਿਚ ਉਪਲਬਧ ਹਨ।

੧੭.੪.੨ ਗੁਰਬਾਣੀ ਦੀਆਂ ਉਦਾਹਰਣਾਂ

(I) ਸਾਧਾਰਨ-ਰੂਪ

(ੳ) ਸਾਧਾਰਨ-ਰੂਪ—ਇਕ-ਵਚਨ

ਓਹੁ (ਪੁਲਿੰਗ)

੧. 'ਓਹੁ' ਬੈਰਾਗੀ ਮਰੈ ਨ ਜਾਇ ॥੪॥੮੨॥ *(ਪੰਨਾ ੩੯੦)*

੨. 'ਓਹੁ' ਨੇਹੁ ਨਵੇਲਾ ॥
ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥ਰਹਾਉ॥੧੫੦॥ *(ਪੰਨਾ ੪੦੭)*

ਓਹੋ (ਪੁਲਿੰਗ)

੧. 'ਓਹੋ' ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥੩॥੪੯॥ *(ਪੰਨਾ ੩੮੩)*

ਉਹ (ਇਸਤਰੀ-ਲਿੰਗ)

੧. ਦੂਰਿ ਰਹੀ 'ਉਹ' ਜਨ ਤੇ ਬਾਟ ॥੨॥੯੧॥ *(ਪੰਨਾ ੩੯੩)*

ਓਹਾ (ਇਸਤਰੀ-ਲਿੰਗ)

੧. ਜੋਤਿ 'ਓਹਾ' ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥੨॥ *(ਪੰਨਾ ੯੬੬)*

੨. ਓਹੋ ਸੁਖੁ 'ਓਹਾ' ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥੩॥੪੯॥ *(ਪੰਨਾ ੩੮੩)*

ਓਹ (ਇਸਤਰੀ-ਲਿੰਗ)

੧. 'ਓਹ' ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥੪॥੩੭॥ *(ਪੰਨਾ ੨੮)*

ਵਹੁ (ਪੁਲਿੰਗ)

੧. ਕਹੁ ਨਾਨਕ 'ਵਹੁ' ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੬॥ *(ਪੰਨਾ ੧੪੨੭)*

ਇਹੁ (ਪੁਲਿੰਗ)

੧. 'ਇਹੁ' ਮਨੁ ਕਰਮਾ ਇਹੁ ਮਨੁ ਧਰਮਾ ॥
'ਇਹੁ' ਮਨੁ ਪੰਚ ਤਤੁ ਤੇ ਜਨਮਾ ॥੩॥੮॥ *(ਪੰਨਾ ੪੧੫)*

ਇਹੈ (ਪੁਲਿੰਗ)

੧. ਨਾਨਕ ਦਾਸੁ 'ਇਹੈ' ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥ *(ਪੰਨਾ ੧੩)*

ਇਹੀ (ਪੁਲਿੰਗ)

੧. ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ 'ਇਹੀ' ਦਾਨੁ ਮੰਗਾ ॥੨॥੧੦੧॥ *(ਪੰਨਾ ੮੨੪)*

ਇਹ (ਇਸਤਰੀ-ਲਿੰਗ)

੧. 'ਇਹ' ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥੩॥੧॥ *(ਪੰਨਾ ੮੫੯)*

ਇਹਾ (ਇਸਤਰੀ-ਲਿੰਗ)

੧. ਸੰਤਹੁ 'ਇਹਾ' ਬਤਾਵਹੁ ਕਾਰੀ ॥
ਜਿਤੁ ਹਉਮੈ ਗਰਬੁ ਨਿਵਾਰੀ ॥ਰਹਾਉ॥੨੮॥ *(ਪੰਨਾ ੬੧੬)*

ਏਹ (ਇਸਤਰੀ-ਲਿੰਗ)

੧. 'ਏਹ' ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥੨॥੨੧॥ *(ਪੰਨਾ ੩੧੨)*

ਏਹਾ (ਇਸਤਰੀ-ਲਿੰਗ)

੧. ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ 'ਏਹਾ' ਹੈ ਕਾਰੀ ਜੀਉ ॥੩॥੪੬॥ *(ਪੰਨਾ ੧੦੮)*

ਏਉ (ਇਸਤਰੀ-ਲਿੰਗ)

੧. ਭੂਲੀ ਮਾਲਨੀ ਹੈ 'ਏਉ' ॥
ਸਤਿਗੁਰੁ ਜਾਗਤਾ ਹੈ ਦੇਉ ॥ਰਹਾਉ॥੧੪॥ *(ਪੰਨਾ ੪੭੬)*

ਇਆ (ਪੁਲਿੰਗ)

੧. 'ਇਆ' ਸੰਸਾਰੁ ਸਗਲ ਹੈ ਸੁਪਨਾ ॥੪੦॥ *(ਪੰਨਾ ੨੫੮)*

ਯਹ (ਪੁਲਿੰਗ)

੧. 'ਯਹ' ਮਨੁ ਨੈਕ ਨ ਕਹਿਓ ਕਰੈ ॥ਰਹਾਉ॥੧॥ *(ਪੰਨਾ ੫੩੬)*

੨. ਰੀਤੇ ਭਰੇ ਭਰੇ ਸਖਨਾਵੈ 'ਯਹ' ਤਾ ਕੌ ਬਿਵਹਾਰੇ ॥੧॥੨॥ *(ਪੰਨਾ ੫੩੭)*

ਯਹ (ਇਸਤਰੀ-ਲਿੰਗ)

੧. 'ਯਹ' ਮਾਲਾ ਅਪਨੀ ਲੀਜੈ ॥੧॥੧੧॥ *(ਪੰਨਾ ੬੫੬)*

ਯਾ (ਪੁਲਿੰਗ)

੧. 'ਯਾ' ਉਬਰਨ ਧਾਰੈ ਸਭੁ ਕੋਊ ॥
ਉਆਹਿ ਜਪੇ ਬਿਨੁ ਉਬਰ ਨ ਹੋਊ ॥ਪਉੜੀ ੪੩॥ *(ਪੰਨਾ ੨੫੯)*

(ਅ) ਸਾਧਾਰਨ-ਰੂਪ—ਬਹੁ-ਵਚਨ

ਉਇ (ਪੁਲਿੰਗ)

੧. 'ਉਇ' ਸੁਖ ਕਾ ਸਿਉ ਬਰਨਿ ਸੁਨਾਵਤ ॥ਰਹਾਉ॥੬॥ *(ਪੰਨਾ ੧੨੦੫)*

ਓਈ (ਪੁਲਿੰਗ)

੧. ਉਨ੍ ਭਿ ਆਵਹਿ 'ਓਈ' ਸਾਦ ॥ਸਲੋਕ ੨॥ਪਉੜੀ ੧੬॥ *(ਪੰਨਾ ੪੭੧)*

ਓਇ (ਪੁਲਿੰਗ)

੧. **'ਓਇ' ਜੁ ਦੀਸਹਿ ਅੰਬਰਿ ਤਾਰੇ ॥੧॥੨੬॥** *(ਪੰਨਾ ੩੨੬)*

ਵੈ (ਪੁਲਿੰਗ)

੧. **'ਵੈ' ਸੁਤ 'ਵੈ' ਬਿਤ 'ਵੈ' ਪੁਰ ਪਾਟਨ ਬਹੁਰਿ ਨ ਦੇਖੈ ਆਇ ॥੨॥੬॥** *(ਪੰਨਾ ੧੧੨੪)*

ਵਾ (ਪੁਲਿੰਗ)

੧. **ਚਿਤਵਉ 'ਵਾ' ਅਉਸਰ ਮਨ ਮਾਹਿ ॥ਰਹਾਉ॥੬੫॥** *(ਪੰਨਾ ੧੨੨੨)*

ਇਹਿ (ਪੁਲਿੰਗ)

੧. **ਦੁਸਟ ਬਿਦਾਰੇ ਸਾਜਨ ਰਹਸੇ 'ਇਹਿ' ਮੰਦਿਰ ਘਰ ਅਪਨਾਏ ॥੩॥੧॥** *(ਪੰਨਾ ੧੨੬੬)*

ਏਹਿ (ਪੁਲਿੰਗ)

੧. **'ਏਹਿ' ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥ਸਲੋਕ ੧॥ਪਉੜੀ ੫॥** *(ਪੰਨਾ ੫੮੭)*

ਇਹੀ (ਪੁਲਿੰਗ)

੧. **'ਇਹੀ' ਹਵਾਲ ਹੋਹਿਗੇ ਤੇਰੇ ॥੨॥੩੫॥** *(ਪੰਨਾ ੩੩੦)*

ਏ (ਪੁਲਿੰਗ)

੧. **'ਏ' ਅਖਰ ਖਿਰਿ ਜਾਹਿਗੇ 'ਓਇ' ਅਖਰ ਇਨ ਮਹਿ ਨਾਹਿ ॥੧॥੪੫॥** *(ਪੰਨਾ ੩੪੦)*

ਏਊ (ਪੁਲਿੰਗ)

੧. **ਪ੍ਰੀਤਿ ਨਹੀ ਜਉ ਨਾਮ ਸਿਉ ਤਉ 'ਏਊ' ਕਰਮ ਬਿਕਾਰ ॥ਪਉੜੀ ੬॥** *(ਪੰਨਾ ੨੫੨)*

ਏਹਿ (ਇਸਤਰੀ-ਲਿੰਗ)

੧. **ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ 'ਏਹਿ' ਵਡਿਆਈਆ ॥੪॥** *(ਪੰਨਾ ੯੧੭)*

ਸੇ/ਤੇ

੧. **ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥**
'ਸੇ' ਫਲ ਕੰਮਿ ਨ ਆਵਨ੍ਹੀ 'ਤੇ' ਗੁਣ ਮੈ ਤਨਿ ਹੰਨ੍ਹਿ ॥੪॥੩॥ *(ਪੰਨਾ ੭੨੯)*

(II) ਸੰਬੰਧਕੀ-ਰੂਪ

(ੳ) ਸੰਬੰਧਕੀ-ਰੂਪ—ਇਕ-ਵਚਨ

ਕਰਤਾ ਕਾਰਕ—ਇਕ-ਵਚਨ

ਉਨਿ (ਇਸਤਰੀ-ਲਿੰਗ)

੧. **ਜਿਉ ਮੋਹਿਓ 'ਉਨਿ' ਮੋਹਨੀ ਬਾਲਾ, ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥੧੨੭॥** *(ਪੰਨਾ ੨੦੬)*

ਇਨਿ (ਪੁਲਿੰਗ)

੧. **'ਇਨਿ' ਹਿੰਦੂ ਮੇਰਾ ਮਲਿਆ ਮਾਨੁ ॥੬॥੧੦॥** *(ਪੰਨਾ ੧੧੬੫)*

ਇਨਿ (ਇਸਤਰੀ-ਲਿੰਗ)

੧. **'ਇਨਿ' ਮਾਇਆ ਜਗਦੀਸ ਗੁਸਾਈ, ਤੁਮ੍ਰੇ ਚਰਨ ਬਿਸਾਰੇ ॥ਰਹਾਉ॥੬॥** *(ਪੰਨਾ ੮੫੭)*

ਕਰਮ ਕਾਰਕ—ਇਕ-ਵਚਨ

ਇਸੁ (ਪੁਲਿੰਗ)

੧. **'ਇਸੁ' ਮਨ ਕਉ ਕੋਈ ਖੋਜਹੁ ਭਾਈ ॥੪॥੩੬॥** *(ਪੰਨਾ ੩੩੦)*

ਇਆ (ਇਸਤਰੀ-ਲਿੰਗ)

੧. **'ਇਆ' ਦੇਹੀ ਪਰਮਲ ਮਹਕੰਦਾ ॥੨॥੧੨॥** *(ਪੰਨਾ ੩੨੫)*

ਕਰਣ ਕਾਰਕ—ਇਕ-ਵਚਨ

ਇਤੁ (ਪੁਲਿੰਗ)

੧. **'ਇਤੁ' ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ਰਹਾਉ॥੨॥** *(ਪੰਨਾ ੧੩੪੮)*

ਇਹ (ਇਸਤਰੀ-ਲਿੰਗ)

੧. **'ਇਹ' ਬਿਧਿ ਨਹ ਪਤੀਆਨੈ ਠਾਕੁਰ, ਜੋਗ ਜੁਗਤਿ ਕਰਿ ਜੈਨ ॥੨॥੧੩॥** *(ਪੰਨਾ ੬੭੪)*

ਇਨ (ਇਸਤਰੀ-ਲਿੰਗ)

੧. **'ਇਨ' ਬਿਧਿ ਇਹੁ ਮਨੁ ਹਰਿਆ ਹੋਇ ॥ਰਹਾਉ॥੧੭॥** *(ਪੰਨਾ ੧੧੭੭)*

ਸੰਪ੍ਰਦਾਨ ਕਾਰਕ—ਇਕ-ਵਚਨ

ਉਆ (ਪੁਲਿੰਗ)

੧. **'ਉਆ' ਅਉਸਰ ਕੈ ਹਉ ਬਲਿ ਜਾਈ ॥ਰਹਾਉ॥੧੮॥** *(ਪੰਨਾ ੧੨੦੭)*

ਇਆ (ਪੁਲਿੰਗ)

੧. **'ਇਆ' ਡੇਰਾ ਕਉ ਸ੍ਰਮੁ ਕਰਿ ਘਾਲੈ ॥੨੬॥** *(ਪੰਨਾ ੨੫੬)*

ਇਆ (ਇਸਤਰੀ-ਲਿੰਗ)

੧. **'ਇਆ' ਮੂਰਤਿ ਕੈ ਹਉ ਬਲਿਹਾਰੈ ॥੧॥੪॥** *(ਪੰਨਾ ੬੭੦)*

ਇਸੁ (ਪੁਲਿੰਗ)

੧. **'ਇਸੁ' ਮਨ ਕਉ ਨਹੀ ਆਵਨ ਜਾਨਾ ॥੬॥੩੬॥** *(ਪੰਨਾ ੩੩੦)*

ਇਸੁ (ਇਸਤਰੀ-ਲਿੰਗ)

੧. **'ਇਸੁ' ਦੇਹੀ ਕਉ ਬਹੁ ਸਾਧਨਾ ਕਰੈ ॥੩॥੩॥** *(ਪੰਨਾ ੨੬੫)*

ਯਿਆ (ਪੁਲਿੰਗ)

੧. **ਕਹੰਉ ਕਹਾ 'ਯਿਆ' ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥੨॥੬॥** *(ਪੰਨਾ ੬੩੩)*

ਅਪਾਦਾਨ ਕਾਰਕ—ਇਕ-ਵਚਨ

ਉਸੁ ਤੇ (ਪੁਲਿੰਗ)

੧. **'ਉਸੁ' ਅਸਥਾਨ ਤੇ ਬਹੁਰਿ ਨ ਆਵੈ ॥੮॥੧੧॥** *(ਪੰਨਾ ੨੭੮)*

ਇਆ ਤੇ (ਪੁਲਿੰਗ)

੧. **'ਇਆ' ਸੁਖ ਤੇ ਭਿਖ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥੧੧੨॥** *(ਪੰਨਾ ੧੩੭੦)*

ਇਸੁ ਤੇ (ਇਸਤਰੀ-ਲਿੰਗ)

੧. **'ਇਸੁ' ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥੫॥** *(ਪੰਨਾ ੧੦੭੫)*

ਸੰਬੰਧ ਕਾਰਕ—ਇਕ-ਵਚਨ

ਉਸੁ ਕਾ (ਪੁਲਿੰਗ)

੧. **'ਉਸੁ' ਅਸਥਾਨ ਕਾ ਨਹੀ ਬਿਨਾਸੁ ॥੮॥੧੧॥** *(ਪੰਨਾ ੨੭੮)*

ਉਆ ਕਾ (ਪੁਲਿੰਗ)

੧. **'ਉਆ' ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥ਪਉੜੀ ੨੯॥** *(ਪੰਨਾ ੨੫੬)*

ਇਆ (ਪੁਲਿੰਗ)

੧. **'ਇਆ' ਮੁੰਡੀਆ ਸਿਰਿ ਚਢਿਬੋ ਕਾਲ ॥੧॥** *(ਪੰਨਾ ੮੭੧)*

ਇਸੁ ਕਾ (ਪੁਲਿੰਗ)

੧. **'ਇਸੁ' ਜੁਗ ਕਾ ਧਰਮੁ ਪੜਹੁ ਤੁਮ ਭਾਈ ॥੧॥੩॥** *(ਪੰਨਾ ੨੩੦)*

ਇਸੁ ਕਾ (ਇਸਤਰੀ-ਲਿੰਗ)

੧. **'ਇਸੁ' ਭਗਤੀ ਕਾ ਕੋਈ ਜਾਣੈ ਭੇਉ ॥੩॥੪॥** *(ਪੰਨਾ ੧੧੭੩)*

ਅਧਿਕਰਣ ਕਾਰਕ—ਇਕ-ਵਚਨ

ਉਸੁ/ਮਹਿ (ਪੁਲਿੰਗ)

੧. **'ਉਸੁ' ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥੨੦੧॥** *(ਪੰਨਾ ੧੩੭੫)*

ਉਆ/ਉਆ ਮਹਿ (ਪੁਲਿੰਗ)

੧. **'ਉਆ' ਮਹਲੀ ਪਾਵਹਿ ਤੂ ਬਾਸਾ ॥ਪਉੜੀ ੧੦॥** *(ਪੰਨਾ ੨੫੨)*

੨. **'ਉਆ' ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥੫੧॥** *(ਪੰਨਾ ੮੧੩)*

ਇਸੁ ਮਹਿ (ਪੁਲਿੰਗ)

੧. **'ਇਸੁ' ਗ੍ਰਿਹ ਮਹਿ ਕੋਈ ਜਾਗਤੁ ਰਹੈ ॥ਰਹਾਉ॥੮੬॥** *(ਪੰਨਾ ੧੮੨)*

ਇਸੁ ਅੰਦਰਿ (ਇਸਤਰੀ-ਲਿੰਗ)

੧. **'ਇਸੁ' ਕਾਇਆ ਅੰਦਰਿ ਵਸਤੁ ਅਸੰਖਾ ॥੩॥੨॥** *(ਪੰਨਾ ੧੧੦)*

ਏਤੁ (ਪੁਲਿੰਗ)

੧. **'ਏਤੁ' ਜਨਮਿ ਹਰਿ ਨ ਚੇਤਿਓ ਭਾਈ ਕਿਆ ਮੁਹੁ ਦੇਸੀ ਜਾਇ ॥੭॥੩॥** *(ਪੰਨਾ ੬੩੯)*

ਐਤੁ (ਪੁਲਿੰਗ)

੧. **ਜਾ ਰਹਣਾ ਨਾਹੀ 'ਐਤੁ' ਜਗਿ ਤਾ ਕਾਇਤੁ ਗਾਰਬਿ ਹੰਢੀਐ ॥ਪਉੜੀ ੧੬॥** *(ਪੰਨਾ ੪੭੩)*

ਇਆ ਮਹਿ (ਪੁਲਿੰਗ)

੧. **'ਇਆ' ਮੰਦਰ ਮਹਿ ਕੌਨ ਬਸਾਈ ॥ਰਹਾਉ॥੫॥** *(ਪੰਨਾ ੮੭੧)*

ਇਆ ਮਹਿ (ਇਸਤਰੀ-ਲਿੰਗ)

੧. **'ਇਆ' ਮਾਇਆ ਮਹਿ ਜਨਮਹਿ ਮਰਨਾ ॥੧੧॥** *(ਪੰਨਾ ੨੫੨)*

ਇਆਹੁ (ਇਸਤਰੀ-ਲਿੰਗ)

੧. **'ਇਆਹੁ' ਜੁਗਤਿ ਬਿਹਾਨੇ ਕਈ ਜਨਮ ॥੭॥੪॥** *(ਪੰਨਾ ੨੬੮)*

ਯਾ ਮਹਿ (ਪੁਲਿੰਗ)

੧. **'ਯਾ' ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥ਰਹਾਉ॥੨॥** *(ਪੰਨਾ ੧੨੩੧)*

ਨੋਟ : ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਜਦੋਂ ਵਿਸ਼ੇਸ਼ਣ 'ਇਸੁ' ਨਾਲ ਸੰਬੰਧਤ ਨਾਂਵ ਦੇ ਅੱਗੇ ਕੋਈ ਵੱਖਰਾ ਸੰਬੰਧਕ ਆਉਂਦਾ ਹੋਵੇ ਤਾਂ ਇਸ ਦੇ ਰੂਪ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ। ਪਰ, ਜਦੋਂ ਇਸ ਨਾਲ ਸੰਬੰਧਤ ਨਾਂਵ ਅਧਿਕਰਣ ਕਾਰਕ ਦੇ 'ਸਮਿਲਤ-ਸੰਬੰਧਕੀ-ਰੂਪ' ਵਿਚ ਹੋਵੇ, ਭਾਵ ਸੰਬੰਧ-ਸੂਚਕ ਚਿੰਨ੍ਹ ਸੰਬੰਧਤ ਨਾਂਵ ਨਾਲ ਸੰਮਿਲਤ ਕੀਤਾ ਹੋਇਆ ਹੋਵੇ ਤਾਂ ਇਸ ਦਾ ਰੂਪ 'ਇਤੁ' ਹੋ ਜਾਂਦਾ ਹੈ।

(ਅ) ਸੰਬੰਧਕੀ-ਰੂਪ—ਬਹੁ-ਵਚਨ

ਕਰਤਾ ਕਾਰਕ—ਬਹੁ-ਵਚਨ

ਇਨ (ਪੁਲਿੰਗ)

੧. **'ਇਨ' ਦੂਤਨ ਖਲੁ ਬਧੁ ਕਰਿ ਮਾਰਿਓ ॥੫॥੧॥** *(ਪੰਨਾ ੭੧੦)*

ਏਨੀ (ਪੁਲਿੰਗ)

੧. **'ਏਨੀ' ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ਸਲੋਕ ੨॥੨੩॥** *(ਪੰਨਾ ੧੨੮੮)*

ਏਨੀ (ਇਸਤਰੀ-ਲਿੰਗ)

੧. **'ਏਨੀ' ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥ਸਲੋਕ ੨॥੨੬॥** *(ਪੰਨਾ ੧੨੯੦)*

[ਏਨੀ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ; 'ਨ' ਦਾ ਉਚਾਰਣ ਭਾਰ ਸਹਿਤ]

ਕਰਣ ਕਾਰਕ—ਬਹੁ-ਵਚਨ

ਏਨੀ (ਪੁਲਿੰਗ)

੧. **'ਏਨੀ' ਲੋਇਣੀ ਦੇਖਦਿਆ ਕੇਤੀ ਚਲਿ ਗਈ ॥੯੪॥** *(ਪੰਨਾ ੧੩੮੨)*

ਏਨੀ (ਇਸਤਰੀ-ਲਿੰਗ)

੧. **'ਏਨੀ' ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ਸਲੋਕ ੧॥੧॥** *(ਪੰਨਾ ੧੨੭੯)*

ਇਨੀ (ਇਸਤਰੀ-ਲਿੰਗ)

੧. **'ਇਨੀ' ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥੪॥** *(ਪੰਨਾ ੭੨੨)*

ਇਨ੍ਹੀ (ਪੁਲਿੰਗ)

੧. **ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ,**
'ਇਨ੍ਹੀ' ਨੇਤ੍ਰੀ ਜਗਤੁ ਨਿਹਾਲਿਆ ॥ਪਉੜੀ ੧੩॥ *(ਪੰਨਾ ੪੭੦)*
[ਏਨੀ ਲੋਇਣੀ, ਏਨੀ ਅਖੀ, ਇਨੀ ਬਾਤੀ, ਇਨ੍ਹੀ ਨੇਤ੍ਰੀ—ਇਹਨਾਂ ਸਭਨਾਂ ਵਿਸ਼ੇਸ਼ਣਾਂ ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ]

ਸੰਪ੍ਰਦਾਨ ਕਾਰਕ—ਬਹੁ-ਵਚਨ

ਏਨਾ ਨੋ (ਪੁਲਿੰਗ)

੧. **'ਏਨਾ' ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥ਪਉੜੀ ੬॥** *(ਪੰਨਾ ੧੨੮੧)*

ਉਨ ਕੈ (ਪੁਲਿੰਗ)

੧. **'ਉਨ' ਸੰਤਨ ਕੈ ਮੇਰਾ ਮਨੁ ਕੁਰਬਾਨੇ ॥੪॥੨੦॥** *(ਪੰਨਾ ੧੦੦)*
[ਏਨਾ ਜੰਤਾ—ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ]

ਸੰਬੰਧ ਕਾਰਕ—ਬਹੁ-ਵਚਨ

ਉਨ ਕਾ (ਪੁਲਿੰਗ)

੧. **'ਉਨ' ਸਾਧਾ ਕਾ ਦਰਸਨੁ ਪਾਵਉ ॥੪॥੮੬॥** *(ਪੰਨਾ ੩੮੩)*
[ਸਾਧਾ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

ਅਧਿਕਰਣ ਕਾਰਕ—ਬਹੁ-ਵਚਨ

ਏਨਾ ਮਹਿ (ਪੁਲਿੰਗ)

੧. **'ਏਨਾ' ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥੨॥**
(ਪੰਨਾ ੪੩੨)
[ਏਨਾ ਅਖਰਾ—ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ; ਏਨਾ—'ਨ' ਦਾ ਉਚਾਰਣ ਭਾਰ ਸਹਿਤ]

੧੭.੫ ਪੜਨਾਂਵੀ ਵਿਸ਼ੇਸ਼ਣ

੧੭.੫.੧ ਲੱਛਣ

"ਜੋ ਸ਼ਬਦ ਅਸਲ ਵਿਚ ਪੜਨਾਂਵ ਹੋਵੇ ਜਾਂ ਪੜਨਾਂਵ ਤੋਂ ਬਣਿਆ ਹੋਵੇ ਅਤੇ ਕਿਸੇ ਨਾਂਵ ਨਾਲ ਆ ਕੇ ਵਿਸ਼ੇਸ਼ਣ ਵਜੋਂ ਵਰਤਿਆ ਜਾਵੇ, ਪੜਨਾਂਵੀ-ਵਿਸ਼ੇਸ਼ਣ ਕਹੀਦਾ ਹੈ।"

੧੭.੫.੨ ਪੜਨਾਂਵੀ ਵਿਸ਼ੇਸ਼ਣ ਦੀਆਂ ਸ਼੍ਰੇਣੀਆਂ

ਪੜਨਾਂਵੀ ਵਿਸ਼ੇਸ਼ਣ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਗਈਆਂ ਹਨ :

(ੳ) ਮੂਲ-ਰੂਪੀ ਪੜਨਾਂਵੀ ਵਿਸ਼ੇਸ਼ਣ — ਅਜਿਹਾ ਪੜਨਾਂਵ ਜੋ ਆਪਣੇ ਪੜਨਾਂਵੀ ਰੂਪ ਵਿਚ ਹੀ ਕਿਸੇ ਨਾਂਵ ਨਾਲ ਆ ਕੇ ਵਿਸ਼ੇਸ਼ਣ ਵਜੋਂ ਵਰਤਿਆ ਜਾਵੇ; ਜਿਵੇਂ : 'ਜੋ' ਮਨੁੱਖ, 'ਜਿਹੜਾ' ਬੰਦਾ।

(ਅ) ਉਤਪੰਨ ਰੂਪੀ ਪੜਨਾਂਵੀ ਵਿਸ਼ੇਸ਼ਣ — ਅਜਿਹਾ ਸ਼ਬਦ ਜੋ ਕਿਸੇ ਪੜਨਾਂਉ ਤੋਂ ਬਣੇ ਅਤੇ ਸੰਬੰਧ ਕਾਰਕ ਵਾਚਕ ਪਿਛੇਤਰ ਲਗ ਕੇ ਵਿਸ਼ੇਸ਼ਣ ਹੋ ਜਾਏ; ਜਿਵੇਂ : 'ਮੇਰਾ' ਗੁਰੂ, 'ਤੇਰਾ' ਹੁਕਮ, 'ਅਸਾਡਾ' ਫ਼ਰਜ਼, ਆਦਿ।

੧੭.੫.੩ ਰੂਪ-ਸਾਧਨਾ

(ੳ) ਮੂਲ-ਰੂਪੀ ਪੜਨਾਂਵੀ ਵਿਸ਼ੇਸ਼ਣ

	ਇਕ-ਵਚਨ		*ਬਹੁ-ਵਚਨ*	
	ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
(I) ਸਾਧਾਰਨ-ਰੂਪ				
	ਜੋ	ਜੋ	ਜੋ	—
	ਜਿ	ਜਿ	—	—
	ਜਾ	—	—	—
	ਸੋ, ਸੋਈ	ਸਾ, ਸਾਈ	ਸੇ, ਸੇਈ, ਤੇ	ਸੇ
(II) ਸੰਬੰਧਕੀ-ਰੂਪ				
ਕਰਤਾ ਕਾਰਕ	ਜਿਨਿ, ਤਿਨਿ	ਜਿਨਿ	ਜਿਨ, ਜਿਨੀ ਤਿਨਾ, ਜਿਹ	ਜਿਨੀ
ਕਰਮ ਕਾਰਕ	ਜਿਸੁ,	ਜਾ, ਜਿ	—	—
ਕਰਣ ਕਾਰਕ	ਜਿਹ, ਜਿਤੁ ਤਿਤੁ	ਜਿਹ, ਜਿਤੁ,	ਜਿਨੀ	—

	ਇਕ-ਵਚਨ		ਬਹੁ-ਵਚਨ	
	ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
ਸੰਪ੍ਰਦਾਨ ਕਾਰਕ	ਜਿਸੁ, ਤਿਸੁ, ਤਿਸਹੀ, ਤਿਹ	ਜਿਸੁ, ਤਿਸੁ	ਤਿਨ, ਤਿਨਾ, ਉਨ	—
ਅਪਾਦਾਨ ਕਾਰਕ	ਜਿਸੁ, ਤਿਸੁ	—	—	—
ਸੰਬੰਧ ਕਾਰਕ	ਜਾ, ਜਿਸ, ਤਿਸੁ, ਤਿਹ	ਜੈ	—	—

(ਅ) ਉਤਪੰਨ ਰੂਪੀ ਪੜਨਾਂਵੀ ਵਿਸ਼ੇਸ਼ਣ

	ਇਕ-ਵਚਨ		ਬਹੁ-ਵਚਨ	
	ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
(I) ਸਾਧਾਰਨ-ਰੂਪ				
	ਮੇਰਾ, ਮੈਡਾ, ਮਹਿੰਡਾ	ਮੇਰੀ, ਮੈਡੀ	ਮੇਰੇ, ਮੈਡੇ	—
	ਮਹਿਜਾ/ ਮਹਿੰਜਾ	ਮਹਿਜੀ	ਮਹਿਜੇ/ ਮਹਿੰਜੇ	—
	ਅਪਣਾ	ਆਪਣੀ	ਆਪਣੇ	
	ਤੇਰਾ, ਤੈਡਾ, ਤਹਿਜਾ	ਤੇਰੀ, ਤੈਡੀ	ਤੇਰੇ, ਤੈਡੇ	—
	ਹਮਰਾ, ਅਸਾਡਾ	ਹਮਰੀ, ਅਸਾੜੀ	ਹਮਰੇ, ਅਸਾਡੜੇ	—
	ਤੁਮਰਾ	ਤੁਮਰੀ, ਤੁਸਾੜੀਆ	ਤੁਮਰੇ	—
(II) ਸੰਬੰਧਕੀ-ਰੂਪ				
ਕਰਤਾ ਕਾਰਕ	ਮੇਰੈ, ਅਪਨੈ ਹਮਰੈ	—	ਅਪਣੇ	—
ਕਰਣ ਕਾਰਕ	ਤੈਡੈ, ਤੇਰੈ, ਅਪਣੈ	ਤੇਰੀ	—	—
ਸੰਪ੍ਰਦਾਨ ਕਾਰਕ	ਮੇਰੇ, ਤੇਰੇ, ਅਪਨੇ	ਮੇਰੀ	ਤੇਰਿਆ	—
ਅਪਾਦਾਨ ਕਾਰਕ	—	ਤੁਮਰੀ	—	—
ਸੰਬੰਧ ਕਾਰਕ	ਮੇਰੇ, ਅਪਣੇ	ਤੈਡੀ	ਤੇਰਿਆ	—
ਅਧਿਕਰਣ ਕਾਰਕ	ਮੇਰੈ, ਤੇਰੈ, ਤੈਡੇ, ਹਮਰੈ, ਅਪਨੇ, ਅਪਨੈ	—	—	—

	ਇਕ-ਵਚਨ		ਬਹੁ-ਵਚਨ	
	ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
ਅਧਿਕਰਣ ਕਾਰਕ	ਜਾ, ਜੈ, ਤਿਸੁ, ਜਿਸੁ, ਤਿਹ, ਜਿਹ, ਜਿਤੁ, ਤਿਤੁ, ਜਿ	ਜਿਹ, ਤਿਹ	—	—

ਨੋਟ : 'ਤਿਸੁ', 'ਜਿਸੁ' ਅਧਿਕਰਣ ਕਾਰਕ ਵਿਚ ਓਦੋਂ ਵਰਤੇ ਜਾਂਦੇ ਹਨ, ਜਦੋਂ ਇਹਨਾਂ ਨਾਲ ਕਿਸੇ ਵੱਖਰੇ ਸੰਬੰਧਕੀ-ਪਦ ਦੀ ਵਰਤੋਂ ਕੀਤੀ ਹੋਈ ਹੋਵੇ। ਜੇ ਸੰਬੰਧਕੀ-ਪਦ ਲੁਪਤ ਹੋਵੇ ਤਾਂ ਇਹਨਾਂ ਦਾ ਰੂਪ ਕ੍ਰਮਵਾਰ 'ਤਿਤੁ' ਅਤੇ 'ਜਿਤੁ' ਹੋ ਜਾਂਦਾ ਹੈ।

ਸੰਬੋਧਨ ਕਾਰਕ	ਮੇਰੇ, ਮੈਡਿਆ, ਮੇਰਿਆ, ਮੈਡੜੇ	ਮੇਰੀ	—	—

੧੭.੫.੪ ਗੁਰਬਾਣੀ ਦੀਆਂ ਉਦਾਹਰਣਾਂ

(ੳ) ਮੂਲ-ਰੂਪੀ ਪੜਨਾਂਵੀ ਵਿਸ਼ੇਸ਼ਣ

(ੳ)(I)(i) ਸਾਧਾਰਨ-ਰੂਪ—ਇਕ-ਵਚਨ

ਜੋ (ਪੁਲਿੰਗ)

੧. **'ਜੋ' ਜਨੁ ਨਾਮ ਨਿਰੰਜਨ ਰਾਤਾ ॥**
ਨਾਨਕ ਸੋਈ ਪੁਰਖੁ ਬਿਧਾਤਾ ॥੫੧॥ *(ਪੰਨਾ ੯੪੩)*

ਜੋ (ਇਸਤਰੀ-ਲਿੰਗ)

੧. **ਰੂਪਵੰਤਿ ਸਾ ਸੁਘੜਿ ਬਿਚਖਣਿ 'ਜੋ' ਧਨ ਕੰਤ ਪਿਆਰੀ ਜੀਉ ॥੨॥੧੧॥** *(ਪੰਨਾ ੯੭)*

੨. **'ਜੋ' ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥੨॥੨॥** *(ਪੰਨਾ ੧੦੦੮)*

ਜਿ (ਪੁਲਿੰਗ)

੧. **'ਜਿ' ਪੁਰਖੁ ਸੁਣੈ ਸੁ ਹੋਇ ਨਿਹਾਲੁ ॥ਸਲੋਕ ੧॥ਪਉੜੀ ੩੩॥** *(ਪੰਨਾ ੩੧੭)*

ਜਿ (ਇਸਤਰੀ-ਲਿੰਗ)

੧. **'ਜਿ' ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥ਪਉੜੀ ੩॥** *(ਪੰਨਾ ੮੫੦)*

੨. **'ਜਿ' ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ,**
ਸਭ ਝਖਿ ਝਖਿ ਮਰੈ ਲੋਕਾਈ ॥ਪਉੜੀ ੪॥ *(ਪੰਨਾ ੮੫੦)*

ਜਾ (ਪੁਲਿੰਗ)

੧. **'ਜਾ' ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥੨੧॥** *(ਪੰਨਾ ੪)*

ਸੋ (ਪੁਲਿੰਗ)

੧. **'ਸੋ' ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ,**
ਜੋ ਜਾਇ ਲਗੈ ਗੁਰ ਪੈਰੇ ਰਾਮ ॥੨॥੪॥ *(ਪੰਨਾ ੫੪੦)*

ਸੋਈ (ਪੁਲਿੰਗ)

੧. **'ਸੋਈ' ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥** *(ਪੰਨਾ ੧੩੮੩)*

ਸਾ (ਇਸਤਰੀ-ਲਿੰਗ)

੧. **'ਸਾ' ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ਪਉੜੀ ੨੫॥** *(ਪੰਨਾ ੩੧੪)*

੨. **ਜਾਚੜੀ 'ਸਾ' ਸਾਰੁ ਜੋ ਜਾਚੰਦੀ ਹੇਕੜੋ ॥ਸਲੋਕ ੧॥ਪਉੜੀ ੧੪॥** *(ਪੰਨਾ ੩੨੧)*

ਸਾਈ (ਇਸਤਰੀ-ਲਿੰਗ)

੧. **'ਸਾਈ' ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥੪॥੧॥** *(ਪੰਨਾ ੭੫)*

੨. **ਜੋ ਤੁਧੁ ਭਾਵੈ 'ਸਾਈ' ਭਲੀ ਕਾਰ ॥੧੬॥** *(ਪੰਨਾ ੩)*

(ੳ)(I)(ii) ਸਾਧਾਰਨ-ਰੂਪ—ਬਹੁ-ਵਚਨ

ਜੋ (ਪੁਲਿੰਗ)

੧. **'ਜੋ' ਸਿਖ ਗੁਰ ਕਾਰ ਕਮਾਵਹਿ, ਹਉ ਗੁਲਮੁ ਤਿਨਾ ਕਾ ਗੋਲੀਆ ॥ਸ.੧॥੧੬॥** *(ਪੰਨਾ ੩੧੧)*

੨. **'ਜੋ' ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥੧॥੧॥** *(ਪੰਨਾ ੧੩੬)*

ਸੇ (ਪੁਲਿੰਗ)

੧. **'ਸੇ' ਜਨ ਸਾਚੇ ਸਦਾ ਸਦਾ ਜਿਨੀ ਹਰਿ ਰਸੁ ਪੀਤਾ ॥ਪਉੜੀ ੧੮॥** *(ਪੰਨਾ ੯੫੫)*

੨. **'ਸੇ' ਕਰ ਭਲੇ ਜਿਨੀ ਹਰਿ ਜਸੁ ਲੇਖਾ ॥੨॥੨੬॥** *(ਪੰਨਾ ੧੦੩)*

ਸੇ (ਇਸਤਰੀ-ਲਿੰਗ)

੧. **ਨਾਨਕ 'ਸੇ' ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥੨॥** *(ਪੰਨਾ ੫੭੭)*

੨. **ਸਹੀਆ 'ਸੇ' ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੬॥** *(ਪੰਨਾ ੭੨)*

ਸੇਈ (ਪੁਲਿੰਗ)

੧. **'ਸੇਈ' ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ ॥ਪਉੜੀ॥੧੭॥** *(ਪੰਨਾ ੬੪੯)*

੨. **'ਸੇਈ' ਸੰਤ ਭਲੇ ਤੁਧੁ ਭਾਵਹਿ ਜਿਨ੍ ਕੀ ਪਤਿ ਪਾਵਹਿ ਥਾਇ ॥੩॥੬੩॥** *(ਪੰਨਾ ੩੬੮)*

ਤੇ (ਪੁਲਿੰਗ)

੧. **'ਤੇ' ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ ॥੨॥੬॥** *(ਪੰਨਾ ੬੭੮)*

੨. **'ਤੇ' ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥੩॥੪॥** *(ਪੰਨਾ ੫੪੦)*

(ੳ)(II)(i) ਸੰਬੰਧਕੀ-ਰੂਪ—ਇਕ-ਵਚਨ

ਕਰਤਾ ਕਾਰਕ—ਇਕ-ਵਚਨ

ਜਿਨਿ (ਪੁਲਿੰਗ)

੧. **'ਜਿਨਿ' ਜਨਿ ਸੁਣੀ ਮਨੀ ਹੈ 'ਜਿਨਿ' ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥੮॥** *(ਪੰਨਾ ੯੭੭)*

ਜਿਨਿ (ਇਸਤਰੀ-ਲਿੰਗ)

੧. **'ਜਿਨਿ' ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥੧॥੪॥** *(ਪੰਨਾ ੧੨੫੫)*

ਜਿਨਿ (ਇਸਤਰੀ-ਲਿੰਗ)

੧. **'ਜਿਨਿ' ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ॥੩॥੨॥** *(ਪੰਨਾ ੫੫੮)*

ਕਰਮ ਕਾਰਕ—ਇਕ-ਵਚਨ

ਜਾਂ (ਇਸਤਰੀ-ਲਿੰਗ)

੧. **'ਜਾਂ' ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥੨॥੧॥** *(ਪੰਨਾ ੯੦੨)*

ਜਿ (ਇਸਤਰੀ-ਲਿੰਗ)

੧. **'ਜਿ' ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ ॥੪॥੧੩॥** *(ਪੰਨਾ ੧੩੯੪)*

ਜਿਸੁ (ਪੁਲਿੰਗ)

੧. **'ਜਿਸੁ' ਸੁਖ ਕਉ ਨਿਤ ਬਾਛਹਿ ਮੀਤ ॥**
ਸੋ ਸੁਖੁ ਸਾਧੂ ਸੰਗਿ ਪਰੀਤਿ ॥੨॥੧੬॥ *(ਪੰਨਾ ੨੮੮)*

ਕਰਣ ਕਾਰਕ—ਇਕ-ਵਚਨ

ਜਿਤੁ (ਪੁਲਿੰਗ)

੧. **'ਜਿਤੁ' ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ਰਹਾਉ॥੨॥** *(ਪੰਨਾ ੬੩੫)*

ਜਿਹ (ਪੁਲਿੰਗ)

੧. **'ਜਿਹ' ਮੁਖਿ ਪਾਂਚਉ ਅੰਮ੍ਰਿਤ ਖਾਏ ॥**
ਤਿਹ ਮੁਖ ਦੇਖਤ ਲੂਕਟ ਲਾਏ ॥੧॥੩੨॥ *(ਪੰਨਾ ੩੨੬)*

ਜਿਹ (ਇਸਤਰੀ-ਲਿੰਗ)

੧. **'ਜਿਹ' ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥੧॥੬॥** *(ਪੰਨਾ ੬੭੩)*

ਤਿਤੁ (ਪੁਲਿੰਗ)

੧. **ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ, ਹਰਿ 'ਤਿਤੁ' ਮੁਖਿ ਨਾਮੁ ਜਪਾਤੀ ॥ਪਉੜੀ ੧੩॥** *(ਪੰਨਾ ੬੬)*

ਜਿਸੁ ਕਉ (ਪੁਲਿੰਗ)

੧. 'ਜਿਸੁ' ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥੩॥ *(ਪੰਨਾ ੨੬੬)*

ਜਿਸੁ ਕਉ (ਇਸਤਰੀ-ਲਿੰਗ)

੧. 'ਜਿਸੁ' ਸੋਭਾ ਕਉ ਕਰਹਿ ਭਲੀ ਕਰਨੀ ॥
ਸਾ ਸੋਭਾ ਭਜੁ ਹਰਿ ਕੀ ਸਰਨੀ ॥੨॥੧੯॥ *(ਪੰਨਾ ੨੮੮)*

ਤਿਸੁ ਕਉ (ਪੁਲਿੰਗ)

੧. 'ਤਿਸੁ' ਜਨ ਕਉ ਹਰਿ ਮੀਠ ਲਗਾਨਾ,
ਜਿਸੁ ਹਰਿ ਹਰਿ ਕ੍ਰਿਪਾ ਕਰੈ ॥੧॥੩॥ *(ਪੰਨਾ ੧੨੬੩)*

ਤਿਸੁ (ਇਸਤਰੀ-ਲਿੰਗ)

੧. ਪਿਰਿ ਛੋਡੀ ਸੁਤੀ ਅਵਗਣਿ ਮੁਤੀ 'ਤਿਸੁ' ਧਨ ਵਿਧਣ ਰਾਤੇ ॥੧॥੪॥
(ਪੰਨਾ ੧੧੧੧)

ਤਿਸ ਹੀ (ਪੁਲਿੰਗ)

੧. 'ਤਿਸ ਹੀ' ਪੁਰਖ ਨ ਵਿਆਪੈ ਮਾਇਆ ॥੧੦॥੬੨॥ *(ਪੰਨਾ ੧੦੮੬)*

ਤਿਹ (ਪੁਲਿੰਗ)

੧. ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥
'ਤਿਹ' ਮੁਖ ਦੇਖਤ ਲੂਕਟ ਲਾਏ ॥੧॥੩੨॥ *(ਪੰਨਾ ੩੨੬)*

ਅਪਾਦਾਨ ਕਾਰਕ—ਇਕ-ਵਚਨ

ਜਿਸੁ ਤੇ (ਪੁਲਿੰਗ)

੧. 'ਜਿਸੁ' ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ ॥੨॥੩੮॥ *(ਪੰਨਾ ੧੬੩)*

ਤਿਸੁ ਤੇ (ਪੁਲਿੰਗ)

੧. 'ਤਿਸੁ' ਪ੍ਰਭ ਤੇ ਸਗਲੀ ਉਤਪਤਿ ॥੫॥੨੩॥ *(ਪੰਨਾ ੨੬੪)*

ਅਧਿਕਰਣ ਕਾਰਕ—ਇਕ-ਵਚਨ

ਜਾ (ਪੁਲਿੰਗ)

੧. 'ਜਾ' ਦਿਨਿ ਬਿਸਰੈ ਪ੍ਰਾਨ ਸੁਖ ਦਾਤਾ ਸੋ ਦਿਨੁ ਜਾਤ ਅਜਾਏ ॥ਰਹਾਉ॥੧੫੨॥
(ਪੰਨਾ ੨੧੨)

ਜੈ (ਪੁਲਿੰਗ)

੧. 'ਜੈ' ਘਰਿ ਕਰਤੇ ਕੀਰਤਿ ਹੋਇ ॥
ਸੋ ਘਰੁ ਰਾਖੁ ਵਡਾਈ ਤੋਹਿ ॥ਰਹਾਉ॥੩੦॥ *(ਪੰਨਾ ੩੫੭)*

ਤਿਸੁ ਪਹਿ (ਪੁਲਿੰਗ)

੧. 'ਤਿਸੁ' ਪਿਤਾ ਪਹਿ ਹਉ ਕਿਉ ਕਰਿ ਜਾਈ ॥੩॥੩॥ *(ਪੰਨਾ ੪੭੬)*

ਜਿਸੁ ਪਹਿ (ਪੁਲਿੰਗ)

੧. 'ਜਿਸੁ' ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥੧॥੭॥ *(ਪੰਨਾ ੪੬੭)*

ਜਿਹ (ਪੁਲਿੰਗ)

੧. 'ਜਿਹ' ਸਿਰਿ ਰਚਿ ਰਚਿ ਬਾਧਤ ਪਾਗ ॥੧॥੩੫॥ *(ਪੰਨਾ ੩੩੦)*

੨. 'ਜਿਹ' ਘਰ ਮਹਿ ਭੁਧੁ ਰਹਨਾ ਬਸਨਾ, ਸੋ ਘਰੁ ਚੀਤਿ ਨ ਆਇਓ ॥੩॥੧॥
(ਪੰਨਾ ੧੦੧੭)

ਜਿਹ (ਇਸਤਰੀ-ਲਿੰਗ)

੧. 'ਜਿਹ' ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥੬੭॥ *(ਪੰਨਾ ੧੩੬੯)*

ਤਿਹ ਊਪਰਿ (ਇਸਤਰੀ-ਲਿੰਗ)

੧. 'ਤਿਹ' ਸਿਲ ਊਪਰਿ ਖਿੜਕੀ ਅਉਰ ॥੩॥੧੦॥ *(ਪੰਨਾ ੧੧੫੯)*

ਜਿਤੁ (ਪੁਲਿੰਗ)

੧. 'ਜਿਤੁ' ਗ੍ਰਿਹਿ ਵਸੈ ਸੁ ਗ੍ਰਿਹੁ ਸੋਭਾਵੰਤਾ ॥੧॥੩॥ *(ਪੰਨਾ ੩੭੦)*

ਤਿਤੁ (ਪੁਲਿੰਗ)

੧. ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥
'ਤਿਤੁ' ਘਰਿ ਸਖੀਏ ਮੰਗਲੁ ਗਾਇਆ ॥੧॥੧੧॥ *(ਪੰਨਾ ੯੭)*

ਜਿਤੁ/ਤਿਤੁ (ਪੁਲਿੰਗ)

੧. 'ਜਿਤੁ' ਤਨਿ ਨਾਮੁ ਨ ਭਾਵਈ 'ਤਿਤੁ' ਤਨਿ ਹਉਮੈ ਵਾਦੁ ॥੬॥੧੩॥ *(ਪੰਨਾ ੬੧)*

ਜਿ (ਪੁਲਿੰਗ)

੧. ਫਰੀਦਾ 'ਜਿ' ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥੭੬॥ *(ਪੰਨਾ ੧੩੮੧)*

ਸੰਬੰਧ ਕਾਰਕ—ਇਕ-ਵਚਨ

ਜਾ ਕੀ (ਪੁਲਿੰਗ)

੧. 'ਜਾ' ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥੧॥੧੧੭॥ *(ਪੰਨਾ ੪੦੦)*

ਜੈ (ਇਸਤਰੀ-ਲਿੰਗ)

੧. ਲਾਲਨੁ ਤੈ ਪਾਇਆ ਆਪੁ ਗਵਾਇਆ 'ਜੈ' ਧਨ ਭਾਗ ਮਥਾਣੇ ॥੩॥੧॥ *(ਪੰਨਾ ੭੦੪)*

ਜਿਸੁ ਕੀ (ਪੁਲਿੰਗ)

੧. 'ਜਿਸੁ' ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥੬॥
(ਪੰਨਾ ੪੯੧)

ਤਿਸੁ ਕੇ (ਪੁਲਿੰਗ)

੧. 'ਤਿਸੁ' ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ,
ਜੋ ਮਾਰਗਿ ਧਰਮ ਚਲੇਸਹਿ ਰਾਮ ॥੩॥੪॥ *(ਪੰਨਾ ੫੪੦)*

ਤਿਹ (ਪੁਲਿੰਗ)

੧. 'ਤਿਹ' ਰਾਵਨ ਘਰਿ ਦੀਆ ਨ ਬਾਤੀ ॥੨॥੨੧॥ *(ਪੰਨਾ ੪੮੧)*

(ੳ)(II)(ii) ਸੰਬੰਧਕੀ-ਰੂਪ—ਬਹੁ-ਵਚਨ

ਕਰਤਾ ਕਾਰਕ—ਬਹੁ-ਵਚਨ

ਜਿਨ (ਪੁਲਿੰਗ)

੧. **'ਜਿਨ' ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥੨॥੬੪॥** *(ਪੰਨਾ ੧੨੧੭)*

ਜਿਨੀ (ਇਸਤਰੀ-ਲਿੰਗ)

੧. **'ਜਿਨੀ' ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ ॥੧॥੬੧॥** *(ਪੰਨਾ ੩੭)*

ਜਿਨੀ (ਪੁਲਿੰਗ)

੧. **'ਜਿਨੀ' ਠਗੀ ਜਗੁ ਠਗਿਆ ਸੇ ਭੁਧੁ ਮਾਰਿ ਨਿਵਾੜਾ ॥ਪਵੜੀ ੧੦॥** *(ਪੰਨਾ ੧੦੬੭)*

੨. **'ਜਿਨੀ' ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥੧॥੫੩॥** *(ਪੰਨਾ ੩੪)*

ਤਿਨ੍ਹ (ਪੁਲਿੰਗ)

੧. **'ਤਿਨ੍ਹ' ਪਿਆਰਿਆ ਭਾਈਆਂ ਅਗੈ ਦਿਤਾ ਬੰਨਿ੍ ॥੧੦੦॥** *(ਪੰਨਾ ੧੩੮੩)*

ਜਿਹ (ਪੁਲਿੰਗ)

੧. **'ਜਿਹ' ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥੨॥੧੬॥** *(ਪੰਨਾ ੧੩੬੫)*

ਕਰਮ ਕਾਰਕ—ਬਹੁ-ਵਚਨ

ਜਿਨ੍ ਕਉ

੧. **'ਜਿਨ੍' ਕਉ ਆਪਿ ਲਏ ਪ੍ਰਭੁ ਮੇਲਿ ॥**
ਤਿਨ ਕਉ ਕਾਲੁ ਨ ਸਾਕੈ ਪੇਲਿ ॥੨॥੧੫॥ *(ਪੰਨਾ ੩੫੩)*

ਕਰਣ ਕਾਰਕ—ਬਹੁ-ਵਚਨ

ਜਿਨ੍ਹੀ (ਪੁਲਿੰਗ)

੧. **'ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥** *(ਪੰਨਾ ੧੩੮੩)*

ਸੰਪ੍ਰਦਾਨ ਕਾਰਕ—ਬਹੁ-ਵਚਨ

ਤਿਨ (ਪੁਲਿੰਗ)

੧. **'ਤਿਨ' ਨਿੰਦਕ ਨਾਹੀ ਕਿਛੁ ਸਾਦੁ ॥ਰਹਾਉ॥੩੪॥** *(ਪੰਨਾ ੧੧੪੫)*

ਤਿਨਾ ਕਉ/ਕੰਉ (ਪੁਲਿੰਗ)

੧. **'ਤਿਨਾ' ਭਗਤ ਜਨਾ ਕਉ ਸਦ ਨਮਸਕਾਰੁ ਕੀਜੈ,**
ਜੋ ਅਨਦਿਨੁ ਹਰਿ ਗੁਣ ਗਾਵਣਿਆ ॥ਰਹਾਉ॥੨੪॥ *(ਪੰਨਾ ੧੨੩)*

੨. **'ਤਿਨਾ' ਗੁਰਸਿਖਾ ਕੰਉ ਹਉ ਵਾਰਿਆ,**
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥ਪਉੜੀ ੧੧॥ *(ਪੰਨਾ ੫੯੦)*

ਉਨ ਕੈ (ਪੁਲਿੰਗ)

੧. **'ਉਨ' ਸੰਤਨ ਕੈ ਮੇਰਾ ਮਨੁ ਕੁਰਬਾਨੇ ॥੪॥੨੦॥** *(ਪੰਨਾ ੧੦੦)*

ਸੰਬੰਧ ਕਾਰਕ—ਬਹੁ-ਵਚਨ

ਜਿਨਾ ਕੋ

੧. **'ਜਿਨਾ' ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ ॥੧॥੧੪॥** *(ਪੰਨਾ ੬੧੨)*

ਜਿਨ੍

੧. **'ਜਿਨ੍' ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥੪॥੪॥** *(ਪੰਨਾ ੮੪੫)*

ਤਿਨ ਕੀ (ਪੁਲਿੰਗ)

੧. **'ਤਿਨ' ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ ॥੧॥੧੧॥** *(ਪੰਨਾ ੧੨੦੧)*

(ਅ) ਉਤਪੰਨ-ਰੂਪੀ ਪੜਨਾਂਵੀ ਵਿਸ਼ੇਸ਼ਣ

(ਅ)(I) ਸਾਧਾਰਨ-ਰੂਪ

ਮੇਰਾ

੧. **'ਮੇਰਾ' ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥੨॥੮॥** *(ਪੰਨਾ ੧੨੬੦)*

ਮੇਰੀ

੧. **'ਮੇਰੀ' ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ਰਹਾਉ॥੨॥** *(ਪੰਨਾ ੬੯੪)*

ਮੇਰੇ

੧. **ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ 'ਮੇਰੇ' ਭਾਈ ॥ਸਲੋਕ ੨॥ਪਉੜੀ ੧੮॥** *(ਪੰਨਾ ੩੧੦)*

ਮੈਡਾ

੧. **ਦਾਨਾ ਬੀਨਾ ਸਾਈ 'ਮੈਡਾ' ਨਾਨਕ ਸਾਰ ਨ ਜਾਣਾ ਤੇਰੀ ॥ਸਲੋਕ ੧॥ਪਉੜੀ ੮॥** *(ਪੰਨਾ ੫੨੦)*

ਮੈਡੀ

੧. **ਹਿਕਸੁ ਕੰਤੈ ਬਾਹਰੀ 'ਮੈਡੀ' ਵਾਤ ਨ ਪੁਛੈ ਕੋਇ ॥ਸਲੋਕ ੧॥ਪਉੜੀ ੩॥** *(ਪੰਨਾ ੧੦੬੫)*

ਮੈਡੇ

੧. **ਫਰੀਦਾ ਕਾਲੇ 'ਮੈਡੇ' ਕਪੜੇ ਕਾਲਾ ਮੈਡਾ ਵੇਸੁ ॥੬੧॥** *(ਪੰਨਾ ੧੩੮੧)*

ਮਿਹੰਡਾ

੧. **ਗੋਸਾਈ 'ਮਿਹੰਡਾ' ਇਠੜਾ ॥੧॥੨੬॥** *(ਪੰਨਾ ੭੩)*

ਮਹਿੰਡਾ

੧. **ਦਾਨੁ 'ਮਹਿੰਡਾ' ਤਲੀ ਧਾਕੁ ਜੇ ਮਿਲੈ ਤ ਮਸਤਕਿ ਲਾਈਐ ॥ਪਉੜੀ ੧੦॥** *(ਪੰਨਾ ੪੬੮)*

ਮਹਿੰਜਾ

੧. **ਸਦਾ ਰੰਗੀਲਾ ਲਾਲੁ ਪਿਆਰਾ ਏਹੁ 'ਮਹਿੰਜਾ' ਆਸਰਾ ॥ਰਹਾਉ॥੪॥** *(ਪੰਨਾ ੭੬੧)*

ਮਹਿਜੀ

੧. **ਜਿਨਾ ਕੀ ਮੈ ਆਸੜੀ ਤਿਨਾ 'ਮਹਿਜੀ' ਆਸ ॥ਸਲੋਕ ੧॥ਪਉੜੀ ੬॥** *(ਪੰਨਾ ੧੦੬੭)*

ਮਹਿੰਜੇ

੧. ਨੈਣ 'ਮਹਿੰਜੇ' ਤਰਸਦੇ ਕਦਿ ਪਸੀ ਦੀਦਾਰੁ ॥ਸਲੋਕ ੧॥ਪਉੜੀ ੧॥ *(ਪੰਨਾ ੧੦੮੪)*

ਤੇਰਾ

੧. 'ਤੇਰਾ' ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥੪॥੨੦॥ *(ਪੰਨਾ ੧੧੮੬)*

ਤੇਰੀ

੧. 'ਤੇਰੀ' ਚਾਲ ਸੁਹਾਵੀ ਮਧੁਰਾੜੀ ਬਾਣੀ ॥੮॥੨॥ *(ਪੰਨਾ ੫੬੭)*

ਤੇਰੀਆ

੧. 'ਤੇਰੀਆ' ਸਦਾ ਸਦਾ ਚੰਗਿਆਈਆ ॥੨੪॥੧॥ *(ਪੰਨਾ ੭੩)*

ਤੇਰੇ

੧. 'ਤੇਰੇ' ਜਨ ਰਸਕਿ ਰਸਕਿ ਗੁਣ ਗਾਵਹਿ ॥ਰਹਾਉ॥੪੦॥ *(ਪੰਨਾ ੩੮੦)*

ਤੈਡਾ

੧. ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ 'ਤੈਡਾ' ਮਨ ਸਾਧਾਰਣੁ ॥ਸਲੋਕ ੧॥ਪਉੜੀ ੬॥ *(ਪੰਨਾ ੯੫੯)*

ਤੈਡੇ

੧. ਫਰੀਦਾ ਕਿਥੈ 'ਤੈਡੇ' ਮਾਪਿਆ ਜਿਨੀ ਤੂ ਜਣਿਓਹਿ ॥੭੩॥ *(ਪੰਨਾ ੧੩੮੧)*

ਤਹਿਜਾ

੧. ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ 'ਤਹਿਜਾ' ਨਾਉ ॥ਸਲੋਕ ੧॥ਪਉੜੀ ੧੧॥ *(ਪੰਨਾ ੧੦੯੮)*

ਹਮਰਾ

੧. 'ਹਮਰਾ' ਝਗਰਾ ਰਹਾ ਨ ਕੋਊ ॥੧॥੭॥ *(ਪੰਨਾ ੧੧੫੮)*

ਹਮਰੀ

੧. 'ਹਮਰੀ' ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ ॥ਸਲੋਕ ੧॥ਪਉੜੀ ੫॥ *(ਪੰਨਾ ੧੩੧੪)*

ਹਮਰੇ

੧. 'ਹਮਰੇ' ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ ॥੧॥੫੮॥ *(ਪੰਨਾ ੧੭੦)*

ਅਸਾਡਾ

੧. ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ 'ਅਸਾਡਾ' ਫਿਟੈ ॥ਸਲੋਕ ੨॥੧੬॥ *(ਪੰਨਾ ੪੭੨)*

ਅਸਾੜੀ

੧. ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ 'ਅਸਾੜੀ' ਜੀਉ ॥੪॥੩੭॥ *(ਪੰਨਾ ੧੦੫)*

ਅਸਾਡੜੇ

੧. ਜਿਨ੍ਹ ਦਿਸਦੰਡਿਆ ਦੁਰਮਤਿ ਵੰਞੈ ਮਿਤ੍ਰ 'ਅਸਾਡੜੇ' ਸੇਈ ॥ਸਲੋਕ ੨॥ਪਉੜੀ ੯॥ *(ਪੰਨਾ ੫੨੦)*

ਅਪਨਾ

੧. 'ਅਪਨਾ' ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥੧॥੧੦॥ *(ਪੰਨਾ ੫੯੮)*

ਆਪਣੀ

੧. 'ਆਪਣੀ' ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥ਰਹਾਉ॥੫੪॥ *(ਪੰਨਾ ੩੪)*

ਅਪਣੇ

੧. 'ਅਪਣੇ' ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ਰਹਾਉ॥੮੦॥ *(ਪੰਨਾ ੮੧੯)*

ਤੁਮਰਾ

੧. 'ਤੁਮਰਾ' ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥੧॥੧੩੫॥ *(ਪੰਨਾ ੨੦੯)*

ਤੁਮਰੀ

੧. 'ਤੁਮਰੀ' ਉਪਮਾ ਤੁਮ ਹੀ ਪ੍ਰਭ ਜਾਨਹੁ ਹਮ ਕਹਿ ਨ ਸਕਹਿ ਹਰਿ ਗੁਨੇ ॥੨॥੫॥ *(ਪੰਨਾ ੯੭੬)*

ਤੁਮਰੇ

੧. 'ਤੁਮਰੇ' ਗੁਨ ਤੁਮ ਹੀ ਪ੍ਰਭ ਜਾਨਹੁ ਹਮ ਪਰੇ ਹਾਰਿ ਤੁਮ ਸਰਨਭਾ ॥੪॥੬॥ *(ਪੰਨਾ ੧੩੩੭)*

ਤੁਸਾੜੀਆ

੧. ਸੇਵਾ ਕਰੀ 'ਤੁਸਾੜੀਆ' ਮੈ ਦਸਿਹੁ ਮਿਤਾ ॥ਪਉੜੀ ੧੬॥ *(ਪੰਨਾ ੯੬੫)*
[ਤੁਸਾੜੀਆ—ਅੰਤਲੇ ਸ੍ਵਰ ਦਾ ਉਚਾਰਣ ਨਾਸਿਕਤਾ ਬਿਨਾ]

(ਅ) (II) ਸੰਬੰਧਕੀ-ਰੂਪ

ਕਰਤਾ ਕਾਰਕ

ਮੇਰੈ

੧. 'ਮੇਰੈ' ਕਰਤੈ ਇਕ ਬਣਤ ਬਣਾਈ ॥੧੬॥੨੦॥ *(ਪੰਨਾ ੧੦੬੪)*

ਹਮਰੈ

੧. 'ਹਮਰੈ' ਸੁਆਮੀ ਲੋਚ ਹਮ ਲਾਈ ਹਮ ਜੀਵਹ ਦੇਖਿ ਹਰਿ ਮਿਲੇ ॥੪॥੨॥ *(ਪੰਨਾ ੯੭੫)*

ਅਪੁਨੈ

੧. 'ਅਪੁਨੈ' ਠਾਕੁਰਿ ਜੋ ਪਹਿਰਾਇਆ ॥
ਬਹੁਰਿ ਨ ਲੇਖਾ ਪੁਛਿ ਬੁਲਾਇਆ ॥੪॥੨੫॥ *(ਪੰਨਾ ੧੦੨)*

ਸੰਪ੍ਰਦਾਨ ਕਾਰਕ

ਮੇਰੇ ਕੋ

੧. ਮਾਈ 'ਮੇਰੇ' ਮਨ ਕੋ ਸੁਖੁ ॥ਰਹਾਉ॥੨੯॥ *(ਪੰਨਾ ੭੧੭)*

ਤੇਰੇ ਕਉ

੧. 'ਤੇਰੇ' ਦਾਸ ਕਉ ਤੁਹੀ ਵਡਿਆਈ ॥ਰਹਾਉ॥੧੫੧॥ *(ਪੰਨਾ ੧੯੬)*

ਮੇਰੀ ਕਉ

੧. ਕਬੀਰ 'ਮੇਰੀ' ਜਾਤਿ ਕਉ ਸਭੁ ਕੋ ਹਸਨੇਹਾਰੁ ॥੨॥ *(ਪੰਨਾ ੧੩੬੪)*

ਅਪਨੇ ਊਪਰਿ

੧. 'ਅਪਨੇ' ਗੁਰ ਊਪਰਿ ਕੁਰਬਾਨੁ ॥ਰਹਾਉ॥੬੨॥ *(ਪੰਨਾ ੬੩੧)*

੨. 'ਅਪਨੇ' ਲੋਭ ਕਉ ਕੀਨੋ ਮੀਤੁ ॥੧॥੧੪੮॥ *(ਪੰਨਾ ੧੬੫)*

ਤੇਰਿਆ ਕਉ

੧. 'ਤੇਰਿਆ' ਭਗਤਾ ਕਉ ਬਲਿਹਾਰਾ ॥ਰਹਾਉ॥੨੦॥ *(ਪੰਨਾ ੧੧੮੫)*

ਕਰਣ ਕਾਰਕ

ਤੇਰੈ

੧. 'ਤੇਰੈ' ਹੁਕਮੇ ਸਾਵਣੁ ਆਇਆ ॥੨॥੨੬॥ *(ਪੰਨਾ ੭੩)*

ਤੇਰੀ

੧. ਹਰਿ ਜੀਉ 'ਤੇਰੀ' ਦਾਤੀ ਰਾਜਾ ॥ਰਹਾਉ॥੧॥ *(ਪੰਨਾ ੬੦੮)*

ਤੈਡੈ

੧. 'ਤੈਡੈ' ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥ਸ.੨॥੮॥ *(ਪੰਨਾ ੫੨੦)*

ਅਪਣੈ

੧. ਇਕਿ 'ਅਪਣੈ' ਸੁਆਇ ਆਇ ਬਹਹਿ ਗੁਰ ਆਗੈ,
ਜਿਉ ਬਗੁਲ ਸਮਾਧਿ ਲਗਾਈਐ ॥੩॥੪॥ *(ਪੰਨਾ ੮੮੧)*

ਅਪਾਦਾਨ ਕਾਰਕ

ਤੁਮਰੀ ਤੇ

੧. 'ਤੁਮਰੀ' ਕ੍ਰਿਪਾ ਤੇ ਸੂਖ ਘਨੇਰੇ ॥੨॥੧੩੫॥ *(ਪੰਨਾ ੧੯੩)*

ਅਧਿਕਰਣ ਕਾਰਕ

ਮੇਰੈ

੧. 'ਮੇਰੈ' ਹਾਥਿ ਪਦਮੁ ਆਗਨਿ ਸੁਖ ਬਾਸਨਾ ॥੭॥ *(ਪੰਨਾ ੧੩੬੨)*

ਤੇਰੈ

੧. 'ਤੇਰੈ' ਹਥਿ ਨਿਬੇੜੁ ਤੂਹੈ ਮਨਿ ਭਾਇਆ ॥ਪਉੜੀ ੨੬॥ *(ਪੰਨਾ ੧੨੬੦)*

ਤੈਡੈ

੧. ਹਭੇ ਸਾਕ ਕੂੜਾਵੇ ਡਿਠੇ ਤਉ ਪਲੈ 'ਤੈਡੈ' ਲਾਗੀ ॥ਸ.੧॥ਪਉੜੀ ੧੪॥ *(ਪੰਨਾ ੯੬੩)*

ਹਮਰੈ

੧. 'ਹਮਰੈ' ਘਰਿ ਆਇਆ ਜਗਜੀਵਨੁ ਭਤਾਰੁ ॥ਰਹਾਉ॥੧੦॥ *(ਪੰਨਾ ੩੫੧)*

ਅਪੁਨੇ ਪਹਿ

੧. 'ਅਪੁਨੇ' ਸਤਿਗੁਰ ਪਹਿ ਬਿਨਉ ਕਹਿਆ ॥ਰਹਾਉ॥੨੪॥ *(ਪੰਨਾ ੫੩੩)*

ਆਪਣੇ ਵਿਚਿ

੧. 'ਆਪਣੇ' ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ ਵਡਿਆਈ ॥੨॥੨॥ *(ਪੰਨਾ ੧੩੩੩)*

ਅਪਨੈ

੧. 'ਅਪਨੈ' ਰੰਗਿ ਕਰਤਾ ਕੇਲ ॥੩॥੩੬॥ *(ਪੰਨਾ ੮੬੪)*

ਸੰਬੰਧ ਕਾਰਕ

ਤੇਰਿਆ

੧. 'ਤੇਰਿਆ' ਦਾਸਾ ਰਿਦੈ ਮੁਰਾਰੀ ॥੨॥੫੪॥ *(ਪੰਨਾ ੬੨੨)*

ਤੈਡੀ

੧. 'ਤੈਡੀ' ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥ਸ.੧॥ਪਉੜੀ ੧੫॥ *(ਪੰਨਾ ੯੬੪)*

ਮੇਰੇ ਕੀ

੧. ਮਾਈ 'ਮੇਰੇ' ਮਨ ਕੀ ਪਿਆਸ ॥ਰਹਾਉ॥੨੪॥ *(ਪੰਨਾ ੭੧੬)*

ਅਪਨੇ ਕੀ

੧. 'ਅਪਨੇ' ਕਰਮ ਕੀ ਗਤਿ ਮੈ ਕਿਆ ਜਾਨਉ ॥ਰਹਾਉ॥੨॥ *(ਪੰਨਾ ੬੭੦)*

ਸੰਬੋਧਨ ਕਾਰਕ

ਮੈਡਿਆ

੧. ਤੂ ਚਉ ਸਜਣ 'ਮੈਡਿਆ' ਡੇਈ ਸਿਸੁ ਉਤਾਰਿ ॥ਸਲੋਕ ੧॥ਪਉੜੀ ੧॥ *(ਪੰਨਾ ੧੦੮੪)*

ਮੈਡੜੇ

੧. ਸੁਣਿ ਸਜਣ ਜੀ 'ਮੈਡੜੇ' ਮੀਤਾ ਰਾਮ ॥੨॥੧॥ *(ਪੰਨਾ ੫੭੬)*

ਮੇਰਿਆ

੧. ਸੁਣਿ ਸਜਣ ਪ੍ਰੀਤਮ 'ਮੇਰਿਆ' ਮੈ ਸਤਿਗੁਰੁ ਦੇਹੁ ਦਿਖਾਲਿ ॥ਸ.੧॥ਪਉੜੀ ੨॥ *(ਪੰਨਾ ੯੫੭)*

ਮੇਰੇ

੧. ਮੇਰੇ ਰਾਮ ਮੈ ਮੂਰਖ ਹਰਿ ਰਾਖੁ 'ਮੇਰੇ' ਗੁਸਈਆ ॥ਰਹਾਉ॥੪੬॥ *(ਪੰਨਾ ੧੬੬)*

ਮੇਰੀ

੧. ਮਨੁ ਬੇਧਿਆ ਦਇਆਲ ਸੇਤੀ 'ਮੇਰੀ' ਮਾਈ ॥ਰਹਾਉ॥੨॥ *(ਪੰਨਾ ੭੬੫)*

੧੭.੬ ਪ੍ਰਸ਼ਨਵਾਚਕ ਵਿਸ਼ੇਸ਼ਣ

੧੭.੬.੧ ਲੱਛਣ

ਜਦ ਕੋਈ ਪ੍ਰਸ਼ਨ-ਵਾਚੀ ਪੜਨਾਂਵ, ਨਾਂਵ ਨਾਲ ਮਿਲ ਕੇ ਆਉਣ ਕਾਰਨ ਵਿਸ਼ੇਸ਼ਣ ਹੋ ਜਾਵੇ, ਉਸ ਨੂੰ ਪ੍ਰਸ਼ਨ-ਵਾਚੀ ਵਿਸ਼ੇਸ਼ਣ ਕਹੀਦਾ ਹੈ।

੧੭.੬.੨ ਪ੍ਰਸ਼ਨਵਾਚਕ ਪੜਨਾਂਵ ਅਤੇ ਪ੍ਰਸ਼ਨਵਾਚੀ ਵਿਸ਼ੇਸ਼ਣ ਵਿਚ ਪਰਸਪਰ ਫ਼ਰਕ

ਪ੍ਰਸ਼ਨਵਾਚਕ ਪੜਨਾਂਵ	*ਪ੍ਰਸ਼ਨਵਾਚਕ ਵਿਸ਼ੇਸ਼ਣ*
ਭਲਾ ਦੱਸੋ ਸਿਰ ਤਲੀ 'ਤੇ ਰੱਖ ਕੇ 'ਕਿਹੜਾ' ਜੂਝਿਆ ਸੀ ?	ਭਲਾ ਦੱਸੋ ਸਿਰ ਤਲੀ 'ਤੇ ਰੱਖ ਕੇ 'ਕਿਹੜਾ' ਸੂਰਮਾ ਜੂਝਿਆ ਸੀ ?
ਲੰਗਰ ਲਈ ਕੀ ਚਾਹੀਦਾ ਹੈ ?	ਲੰਗਰ ਲਈ ਕੀ ਪਦਾਰਥ ਚਾਹੀਦਾ ਹੈ ?

੧੭.੬.੩ ਗੁਰਬਾਣੀ ਦੀਆਂ ਉਦਾਹਰਣਾਂ

(ੳ) (i) ਸਾਧਾਰਨ-ਰੂਪ—ਇਕ-ਵਚਨ

ਕਵਨ

੧. 'ਕਵਨੁ' ਸਬਦੁ ਜਿਤੁ ਦੁਰਮਤਿ ਹਰੈ ॥ਰਹਾਉ॥੪॥ *(ਪੰਨਾ ੨੩੭)*

ਕਵਣ

੧. 'ਕਵਣ' ਕਥਾ ਲੇ ਰਹਹੁ ਨਿਰਾਲੇ ॥੪੩॥ *(ਪੰਨਾ ੯੪੨)*

ਕਵਨ

੧. 'ਕਵਨ' ਸੁ ਪੂਜਾ ਤੇਰੀ ਕਰਉ ॥
'ਕਵਨ' ਸੁ ਬਿਧਿ ਜਿਤੁ ਭਵਜਲ ਤਰਉ ॥੨॥੧੦੫॥ *(ਪੰਨਾ ੧੮੭)*

ਕਵਣੁ

੧. 'ਕਵਣੁ' ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥੨੧॥ *(ਪੰਨਾ ੪)*

ਕਿਆ

੧. 'ਕਿਆ' ਅਪਰਾਧੁ ਸੰਤ ਹੈ ਕੀਨ੍ਹ ॥੩॥੪॥ *(ਪੰਨਾ ੮੭੦)*

੨. 'ਕਿਆ' ਸੁਖ ਤੇਰੇ ਸੰਮਲਾ, ਕਵਨ ਬਿਧੀ ਬੀਚਾਰ ॥੩॥੧੧੬॥ *(ਪੰਨਾ ੨੦੩)*

੩. 'ਕਿਆ' ਸੇਵ ਕਮਾਵਉ ਕਿਆ ਕਹਿ ਰੀਝਾਵਉ, ਬਿਧਿ ਕਿਤੁ ਪਾਵਉ ਦਰਸਾਰੇ ॥੩॥੬॥ *(ਪੰਨਾ ੭੩੮)*

ਕੇਹਰੋ

੧. ਪ੍ਰਭ ਥਾਨੁ ਤੇਰੋ 'ਕੇਹਰੋ', ਜਿਤੁ ਜੰਤਨ ਕਰਿ ਬੀਚਾਰੁ ॥੨॥੩੭॥ *(ਪੰਨਾ ੧੩੦੫)*
[ਕਵਣੁ—ਪੁਲਿੰਗ ਰੂਪ, ਕਵਣ—ਇਸਤਰੀ-ਲਿੰਗ ਰੂਪ]

(ੳ) (ii) ਸਾਧਾਰਨ-ਰੂਪ—ਬਹੁ-ਵਚਨ

ਕਵਨ

੧. 'ਕਵਨ' ਬੋਲ ਪਾਰਬ੍ਰਹਮ ਰੀਝਾਵਉ ॥ਰਹਾਉ॥੧੦੫॥ *(ਪੰਨਾ ੧੮੭)*

ਨੋਟ : ਗੁਰਬਾਣੀ ਵਿਚ ਪ੍ਰਸ਼ਨਵਾਚਕ ਪੜਨਾਂਵ ਦਾ ਇਕ ਰੂਪ 'ਕਵਣਿ' ਗੁਰਬਾਣੀ ਵਿਚ ਕੇਵਲ ਇਕ ਵਾਰੀ ਆਇਆ ਹੈ। [ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ਜਪੁ॥(੪)] ਇਸ ਸ਼ਬਦ ਦੀ ਲਗਮਾਤ੍ਰੀ ਬਣਤਰ ਬਾਰੇ ਅਤੇ ਅਰਥ-ਭਾਵ ਬਾਰੇ ਸਥਿਤੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕੀ।

(ਅ) ਸੰਬੰਧਕੀ-ਰੂਪ—ਇਕ-ਵਚਨ

ਕਰਣ ਕਾਰਕ—ਇਕ-ਵਚਨ

ਕਿਤੁ

੧. 'ਕਿਤੁ' ਬਿਧਿ ਆਸਾ ਮਨਸਾ ਖਾਈ ॥੧੬॥ *(ਪੰਨਾ ੯੪੦)*

੨. 'ਕਿਤੁ' ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥੩॥੬੦॥ *(ਪੰਨਾ ੪੬)*

ਸੰਬੰਧ ਕਾਰਕ—ਇਕ-ਵਚਨ

ਕਿਸੁ

੧. 'ਕਿਸੁ' ਵਖਰ ਕੇ ਤੁਮ ਵਣਜਾਰੇ ॥੧੭॥ *(ਪੰਨਾ ੯੩੬)*

ਅਧਿਕਰਣ ਕਾਰਕ—ਇਕ-ਵਚਨ

ਕਿਤੁ

੧. ਜਿਸ ਨੋ ਵਾਇ ਸੁਣਾਈਐ ਸੋ ਕੇਵਡੁ 'ਕਿਤੁ' ਥਾਇ ॥੧॥੧॥ *(ਪੰਨਾ ੫੩)*

੧੮. ਕ੍ਰਿਆ



(ੳ) ਕ੍ਰਿਆ ਦਾ ਲੱਛਣ

"ਕਿਸੇ ਵਾਕ ਦਾ ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦੇ ਕੀਤੇ ਜਾਣ ਜਾਂ ਹੋਣ ਬਾਰੇ ਕਾਲ ਸਹਿਤ (ਵਾਪਰਨ ਦੇ ਸਮੇਂ ਸਹਿਤ) ਗਿਆਨ ਹੋਵੇ, ਉਸ ਨੂੰ ਕ੍ਰਿਆ ਆਖੀਦਾ ਹੈ।" ਜਿਵੇਂ :

(੧) ਕੀਤਾ (ਭੂਤ ਕਾਲ)
(੨) ਕਰੈ (ਵਰਤਮਾਨ ਕਾਲ)
(੩) ਕਰੇਗੁ (ਭਵਿੱਖਤ ਕਾਲ)

(ਅ) ਕ੍ਰਿਆ ਦਾ ਮਹੱਤਵ

'ਕ੍ਰਿਆ' ਦੇ ਮਹੱਤਵ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਇਸ ਤੋਂ ਬਗ਼ੈਰ ਕੋਈ ਵਾਕ ਸੰਪੂਰਨ ਨਹੀਂ ਹੋ ਸਕਦਾ। ਕਈ ਵਾਕਾਂ ਵਿਚ 'ਕਰਤਾ' ਅਤੇ 'ਕ੍ਰਿਆ' ਹੁੰਦੇ ਹਨ, ਕਈਆਂ ਵਿਚ 'ਕਰਮ' ਅਤੇ 'ਕ੍ਰਿਆ' ਅਤੇ ਕਈਆਂ ਵਿਚ ਇਹ ਤਿੰਨੇ (ਕਰਤਾ, ਕਰਮ, ਕ੍ਰਿਆ) ਹੁੰਦੇ ਹਨ :

(੧) ਸੰਗਤਿ ਬੈਠੀ ਹੈ। [ਸੰਗਤਿ—ਕਰਤਾ, ਬੈਠੀ ਹੈ—ਕ੍ਰਿਆ]
(੨) ਵਿਕਾਰ ਛੱਡੋ। [ਵਿਕਾਰ—ਕਰਮ, ਛੱਡੋ—ਕ੍ਰਿਆ]
(੩) ਰਾਗੀ ਜਥਾ ਕੀਰਤਨ ਕਰਦਾ ਹੈ। [ਰਾਗੀ ਜਥਾ—ਕਰਤਾ] [ਕੀਰਤਨ—ਕਰਮ] [ਕਰਦਾ ਹੈ—ਕ੍ਰਿਆ]

(ਏ)(i) ਕ੍ਰਿਆ-ਮੂਲ

ਜਿਨ੍ਹਾਂ ਮੂਲ-ਸ਼ਬਦਾਂ ਤੋਂ ਕ੍ਰਿਆ ਦੇ ਵੱਖ ਵੱਖ ਸਰੂਪ ਬਣਦੇ ਹਨ, ਉਹਨਾਂ ਨੂੰ 'ਕ੍ਰਿਆ-ਮੂਲ' ਅਥਵਾ 'ਧਾਤੂ' ਕਹੀਦਾ ਹੈ।

(ਏ)(ii) ਬਣਤਰ ਦੇ ਆਧਾਰ 'ਤੇ ਕ੍ਰਿਆ-ਮੂਲ ਦੀਆਂ ਸ਼੍ਰੇਣੀਆਂ

ਵਿਅੰਜਨ ਅੰਤਿਕ	*ਸੁਰ-ਅੰਤਿਕ*
ਉਠ, ਬੈਠ, ਦੇਖ, ਲਿਖ, ਬੋਲ, ਫਿਰ	ਆ, ਜਾ, ਖਾ, ਪਾ, ਲਾ
ਕਰ, ਡਰ, ਕਹ, ਬਹ, ਰਹ, ਢਹ,	
ਸਹ, ਆਦਿ	ਦੇ, ਲੈ, ਪੈ
	ਹੋ, ਧੋ, ਰੋ
	ਸਉ, ਭਉ, ਚਉ, ਪਉ, ਲਉ
	ਆਉ, ਗਾਉ, ਪਾਉ, ਖਾਉ

ਨੋਟ : ਅਜੋਕੀ ਭਾਸ਼ਾ ਦੀਆਂ ਵਿਆਕਰਣ-ਪੁਸਤਕਾਂ ਵਿਚ ਲਿਖਿਆ ਹੈ :

"ਧਾਤੂ ਸਦਾ ਮਧਮ ਪੁਰਖ, ਇਕ-ਵਚਨ ਹੁੰਦਾ ਹੈ ਅਤੇ ਆਗਿਆ ਜਾਂ ਹੁਕਮ ਦੇ ਅਰਥ ਦਿੰਦਾ ਹੈ।"

ਪਰ, ਗੁਰਬਾਣੀ ਦੇ ਲਗਮਾਤ੍ਰੀ ਨੇਮਾਂ ਅਨੁਸਾਰ ਵਿਅੰਜਨ-ਅੰਤਿਕ ਧਾਤੂ ਤੋਂ ਮਧਮ ਪੁਰਖ ਦੀ ਆਗਿਆ-ਬੋਧਕ ਕ੍ਰਿਆ, ਧਾਤੂ ਦੇ ਅੰਤਲੇ ਅੱਖਰ ਨਾਲ ਕ੍ਰਿਆਵੀ-ਚਿੰਨ੍ਹ (ਾ) ਜਾਂ (ੇ) ਲੱਗਣ ਬਗ਼ੈਰ ਨਹੀਂ ਬਣਦੀ।

(ਏ)(iii) ਨਾਂਵ-ਸ਼ਬਦਾਂ ਅਤੇ ਵਿਸ਼ੇਸ਼ਣ-ਸ਼ਬਦਾਂ ਤੋਂ ਬਣੀਆਂ ਕ੍ਰਿਆਵਾਂ

'ਕ੍ਰਿਆ-ਮੂਲ', ਜਿਵੇਂ ਇਸ ਦੇ ਨਾਮ ਤੋਂ ਹੀ ਵਿਦਤ ਹੈ, ਸਾਰੀਆਂ ਕ੍ਰਿਆਵਾਂ ਦਾ ਮੂਲ-ਸਰੋਤ ਹੁੰਦਾ ਹੈ। ਕ੍ਰਿਆ ਦੇ ਵੱਖ ਵੱਖ ਰੂਪ ਕ੍ਰਿਆ-ਮੂਲ ਨਾਲ ਵੱਖਰੇ ਵੱਖਰੇ ਕਾਲ-ਬੋਧਕ ਪਿਛੇਤਰ ਜੋੜਿਆਂ ਬਣਦੇ ਹਨ।

ਗੁਰਬਾਣੀ ਵਿਚ ਕਈ ਥਾਈਂ ਨਾਂਵ-ਸ਼ਬਦਾਂ, ਪੜਨਾਂਵ-ਸ਼ਬਦਾਂ ਜਾਂ ਵਿਸ਼ੇਸ਼ਣ-ਸ਼ਬਦਾਂ ਨਾਲ ਕ੍ਰਿਆਵੀ-ਪਿਛੇਤਰ ਜੋੜ ਕੇ ਬਣਾਈਆਂ ਕ੍ਰਿਆਵਾਂ ਵੀ ਮਿਲਦੀਆਂ ਹਨ। ਅਜਿਹੀਆਂ ਕ੍ਰਿਆਵਾਂ ਨਾਲ ਸੰਬੰਧਤ ਗੁਰਬਾਣੀ ਦੀਆਂ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ।

(ੳ) ਵਰਤਮਾਨ ਕਾਲ

੧. **ਗੀਤੇ ਭਰੇ ਭਰੇ 'ਸਖਨਾਵੈ' ਯਹ ਤਾ ਕੌ ਬਿਵਹਾਰੇ ॥੧॥੨॥** *(ਪੰਨਾ ੫੩੭)*

੨. **ਪ੍ਰਭ ਕੈ ਸਿਮਰਨਿ ਦੁਖੁ ਨ 'ਸੰਤਾਪੈ' ॥੨॥੧॥** *(ਪੰਨਾ ੨੬੨)*

੩. **ਧਨਵੰਤਾ ਹੋਇ ਕਰਿ 'ਗਰਬਾਵੈ' ॥**
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥੨॥੧੨॥ *(ਪੰਨਾ ੨੭੮)*

੪. ਹਰਿ ਅੰਮ੍ਰਿਤ ਪਾਨ ਕਰਹੁ ਸਾਧ ਸੰਗਿ ॥
ਮਨ 'ਤ੍ਰਿਪਤਾਸੈ' ਕੀਰਤਨ ਪ੍ਰਭ ਰੰਗਿ ॥ਪਉੜੀ ੧੨॥ (ਪੰਨਾ ੨੮੯)

੫. ਬਹੁ ਬਿਧਿ ਧਰਮ 'ਨਿਰੂਪੀਐ' ਕਰਤਾ ਦੀਸੈ ਸਭ ਲੋਇ ॥੨॥੧॥ (ਪੰਨਾ ੩੪੬)

੬. ਅਵਰ 'ਉਪਦੇਸੈ' ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥੭॥੫॥ (ਪੰਨਾ ੨੬੯)

(ਅ) ਭੂਤ ਕਾਲ

੧. ਇਹੁ ਮਨੁ ਸਾਚਿ 'ਸੰਤੋਖਿਆ' ਨਦਰਿ ਕਰੇ ਤਿਸੁ ਮਾਹਿ ॥੪॥੧੫॥ (ਪੰਨਾ ੧੯)

੨. ਜੈਸਾ ਸਾ ਤੈਸਾ 'ਦ੍ਰਿਸਟਾਇਆ' ॥੫॥੧੪॥ (ਪੰਨਾ ੨੮੧)

੩. ਮਹਾ ਅਨੰਦ ਅਚਿੰਤ 'ਸਹਜਾਇਆ' ॥
ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ਰਹਾਉ॥੫॥ (ਪੰਨਾ ੩੭੧)

੪. ਹਰਿ ਗੁਣ ਗਾਇ ਮੇਰਾ ਮਨੁ 'ਸੀਤਲਾਇਆ' ॥੪॥੩੧॥ (ਪੰਨਾ ੧੦੩)

੫. ਨੀਂਦ ਵਿਆਪਿਆ ਕਾਮਿ 'ਸੰਤਾਪਿਆ' ਮੁਖਹੁ ਹਰਿ ਹਰਿ ਕਹਾਵੈ ॥ਸ.੧॥੭॥
(ਪੰਨਾ ੯੬੦)

੬. ਮੇਰਾ ਮਨੁ ਤਨੁ ਬਹੁਤੁ 'ਬੈਰਾਗਿਆ' ਹਰਿ ਨੈਣ ਰਸਿ ਭਿੰਨੇ ॥੩॥੧੬॥ (ਪੰਨਾ ੪੪੯)

੭. ਕਾਢਿ ਖੜਗੁ ਕਾਲੁ ਭੈ 'ਕੋਪਿਓ' ਮੋਹਿ ਬਤਾਉ ਜੁ ਤੁਹਿ ਰਾਖੈ ॥੪॥੯॥ (ਪੰਨਾ ੧੧੬੫)

੮. ਕਾਟਿ ਜੇਵਰੀ ਕੀਓ ਦਾਸਰੋ ਸੰਤਨ 'ਟਹਲਾਇਓ' ॥੧॥੧੩੬॥ (ਪੰਨਾ ੨੦੯)

੯. ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ 'ਦੀਪਾਇਓ' ॥੨॥੧੪॥
(ਪੰਨਾ ੨੪੧)

੧੦. ਸੋ ਸੰਚਿਓ ਜਿਤੁ ਭੂਖ 'ਤਿਸਾਇਓ' ॥
ਅੰਮ੍ਰਿਤ ਨਾਮੁ ਭੋਸਾ ਨਹੀ ਪਾਇਓ ॥੩॥੧੬॥ (ਪੰਨਾ ੭੧੫)

੧੧. ਗੁਨ ਗਾਵਤ ਛੀਪਾ 'ਦੁਸਟਾਰਿਓ' ਪ੍ਰਭਿ ਰਾਖੀ ਪੈਜ ਜਨਗੇ ॥੨॥੪॥ (ਪੰਨਾ ੯੭੬)

੧੨. ਬਾਲ ਬਿਵਸਥਾ ਤੇ 'ਬਿਰਧਾਨਾ' ॥੨॥੭੫॥ (ਪੰਨਾ ੩੮੯)

੧੩. ਦੁਬਿਧਾ ਬਉਰੀ ਮਨੁ 'ਬਉਰਾਇਆ' ॥
ਝੂਠੈ ਲਾਲਚਿ ਜਨਮੁ ਗਵਾਇਆ ॥੧॥੧॥ (ਪੰਨਾ ੧੩੪੨)

੧੪. ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ 'ਆਪਾਇਓ' ॥੪॥੧੪॥ (ਪੰਨਾ ੨੪੧)

੧੫. ਦੁਸਟ ਬਿਦਾਰੇ ਸਾਜਨ ਰਹਸੇ, ਇਹਿ ਮੰਦਿਰ ਘਰ 'ਅਪਨਾਏ' ॥੩॥੧॥ (ਪੰਨਾ ੧੨੬੬)

ਇਸਤਰੀ-ਲਿੰਗ

੧. ਅਗਿਆਨੁ ਅੰਧੇਰਾ ਕਟਿਆ ਜੋਤਿ 'ਪਰਗਟਿਆਈ' ਰਾਮ ॥੨॥੪॥ (ਪੰਨਾ ੮੪੫)

੨. ਸੋਗ ਹਰਖ ਮਹਿ ਦੇਹ 'ਬਿਰਧਾਨੀ' ॥
ਸਾਕਤ ਇਵ ਹੀ ਕਰਤ ਬਿਹਾਨੀ ॥੩॥੧੯॥ (ਪੰਨਾ ੮੮੮)

੩. ਰਸਨਾ ਹਰਿ ਹਰਿ ਭੋਜਨਿ 'ਤ੍ਰਿਪਤਾਨੀ',
ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥ਰਹਾਉ॥੨੬॥ (ਪੰਨਾ ੧੩੦੩)

(ਏ) ਸੰਭਾਵ ਭਵਿੱਖਤ ਕਾਲ (ਕਰਮਨੀ ਵਾਚ)

੧. ਅਪਨੇ ਕਾਜ ਕਉ ਕਿਉ 'ਅਲਕਾਈਐ' ॥ਰਹਾਉ॥੮੩॥ (ਪੰਨਾ ੬੨੯)

੨. ਦੇਹਿ ਨਾਮੁ 'ਸੰਤੋਖੀਆ' ਉਤਰੈ ਮਨ ਕੀ ਭੁਖ ॥ਸ.੨॥੩॥ (ਪੰਨਾ ੯੫੮)
[ਸੰਤੋਖੀਆ—(ਉਚਾਰਣ ਨਾਸਕੀ) ਮੈਂ ਸੰਤੋਖਿਆ ਜਾਵਾਂ]

੩. ਨਾਮੁ ਜਪਤ ਗੋਬਿੰਦ ਨਹ 'ਅਲਸਾਈਐ' ॥੧॥੬॥ (ਪੰਨਾ ੪੫੬)

੪. ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ 'ਦੁਖੀਐ' ਕਉਣੁ ॥੮੮॥ (ਪੰਨਾ ੧੩੮੨)

(ਸ) ਸੰਭਾਵ ਭਵਿੱਖਤ ਕਾਲ (ਕਰਤ੍ਰੀ ਵਾਚ)

੧. ਸਾਹਿਬੁ 'ਸੰਕਟਵੈ' ਸੇਵਕੁ ਭਜੈ ॥੧॥੧॥ (ਪੰਨਾ ੧੧੬੫)
[ਸੰਕਟਵੈ—ਬਿਪਤਾ ਵਿਚ ਪਾਵੇ]

(ਹ) ਹੁਕਮੀ ਭਵਿੱਖਤ ਕਾਲ (ਕਰਤ੍ਰੀ ਵਾਚ)

੧. ਸਸਾ ਸੋ ਨੀਕਾ ਕਰਿ ਸੋਧਹੁ ॥
ਘਟ ਪਰਚਾ ਕੀ ਬਾਤ 'ਨਿਰੋਧਹੁ' ॥੩੬॥ (ਪੰਨਾ ੩੪੨)

(ਸ) ਕ੍ਰਿਆ ਦੀ ਵੰਡ

ਕ੍ਰਿਆ ਦੀਆਂ ਵੱਖ ਵੱਖ ਕਿਸਮਾਂ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਉਹ ਤੱਥ, ਜਿਨ੍ਹਾਂ ਦੇ ਆਧਾਰ 'ਤੇ ਕ੍ਰਿਆ ਦੇ ਵੱਖ ਵੱਖ ਨਾਂ ਰੱਖੇ ਜਾਂਦੇ ਹਨ, ਵੀ ਨਿਰਪੂਨ ਕੀਤੇ ਜਾਂਦੇ ਹਨ:

੧੮.੧ ਕਰਮ-ਆਧਾਰਤ ਕ੍ਰਿਆ

ਅਕਰਮਕ ਕ੍ਰਿਆ—ਸਕਰਮਕ ਕ੍ਰਿਆ—ਦੁਕਰਮਕ ਕ੍ਰਿਆ

ਆਧਾਰ — (੧) ਕ੍ਰਿਆ ਨੂੰ ਕਿਸੇ 'ਕਰਮ' ਦੀ ਲੋੜ ਨਾ ਹੋਵੇ — ਅਕਰਮਕ ਕ੍ਰਿਆ
(੨) ਕ੍ਰਿਆ ਨੂੰ ਇਕ 'ਕਰਮ' ਦੀ ਲੋੜ ਹੋਵੇ — ਸਕਰਮਕ ਕ੍ਰਿਆ
(੩) ਕ੍ਰਿਆ ਨੂੰ 'ਦੋ 'ਕਰਮਾਂ' ਦੀ ਲੋੜ ਹੋਵੇ — ਦੁਕਰਮਕ ਕ੍ਰਿਆ

੧੮.੨ ਅਪੂਰਣ ਕ੍ਰਿਆ

ਆਧਾਰ — 'ਹੋ' ਧਾਤੂ ਦਾ ਕੋਈ ਰੂਪ ਜੇਕਰ ਕਿਸੇ ਹੋਰ ਕ੍ਰਿਆ ਤੋਂ ਬਗ਼ੈਰ ਇਕੱਲਾ ਹੀ ਕ੍ਰਿਆ ਦਾ ਕੰਮ ਕਰ ਸਕਦਾ ਹੋਵੇ।

੧੮.੩ ਬਣਤਰ-ਆਧਾਰਤ ਕ੍ਰਿਆ

ਇਕਹਿਰੀ ਕ੍ਰਿਆ—ਸੰਜੁਕਤ ਕ੍ਰਿਆ

ਆਧਾਰ — (੧) ਕ੍ਰਿਆ ਇਕੱਲੇ ਧਾਤੂ ਤੋਂ ਬਣੀ ਹੋਵੇ — ਇਕਹਿਰੀ ਕ੍ਰਿਆ
(੨) ਕ੍ਰਿਆ ਵਧੇਰੇ ਧਾਤੂਆਂ ਤੋਂ ਮਿਲ ਕੇ ਬਣੀ ਹੋਵੇ — ਸੰਜੁਕਤ ਕ੍ਰਿਆ

ਮੁਖ-ਕ੍ਰਿਆ—ਸਹਾਇਕ ਕ੍ਰਿਆ

ਆਧਾਰ — (੧) ਸੰਜੁਕਤ-ਕ੍ਰਿਆ ਵਿਚਲਾ ਮੁਖ-ਅਰਥ ਨਿਰੂਪਨ ਕਰਨ ਵਾਲਾ ਸ਼ਬਦ — ਮੁਖ-ਕ੍ਰਿਆ
(੨) ਸੰਜੁਕਤ-ਕ੍ਰਿਆ ਵਿਚ 'ਮੁਖ-ਕ੍ਰਿਆ' ਨਾਲ ਆਉਣ ਵਾਲਾ ਬਾਕੀ ਸਾਰਾ ਸ਼ਬਦ-ਸਮੂਹ — ਸਹਾਇਕ ਕ੍ਰਿਆ

੧੮.੪ ਪ੍ਰੇਰਣਾਰਥਕ ਕ੍ਰਿਆ

ਆਧਾਰ — ਕ੍ਰਿਆ ਦਾ ਕੰਮ ਕਰਤਾ ਵਲੋਂ ਕਿਸੇ ਹੋਰ ਤੋਂ, ਪ੍ਰੇਰਣਾ ਕਰਕੇ, ਕਰਵਾਇਆ ਜਾਵੇ।

੧੮.੫ ਵਾਚ ਆਧਾਰਤ ਕ੍ਰਿਆ

ਕਰਤ੍ਰੀ-ਵਾਚ ਕ੍ਰਿਆ—ਕਰਮਨੀ-ਵਾਚ ਕ੍ਰਿਆ

ਆਧਾਰ — (੧) ਵਾਕ ਦਾ ਵਿਸ਼ਾ 'ਕਰਤਾ' ਹੋਵੇ — ਕਰਤ੍ਰੀ-ਵਾਚ
(੨) ਵਾਕ ਦਾ ਵਿਸ਼ਾ 'ਕਰਮ' ਹੋਵੇ — ਕਰਮਨੀ-ਵਾਚ

ਨੋਟ : ਇਹਨਾਂ ਵੱਖ ਵੱਖ ਕਿਸਮਾਂ ਦੀਆਂ ਕ੍ਰਿਆਵਾਂ ਬਾਰੇ ਵਧੇਰੇ ਜਾਣਕਾਰੀ ਅਤੇ ਹਰੇਕ ਪ੍ਰਕਾਰ ਦੀ ਕ੍ਰਿਆ ਨਾਲ ਸੰਬੰਧਤ ਗੁਰਬਾਣੀ ਦੀਆਂ ਉਦਾਹਰਣਾਂ ਦਾ ਵੇਰਵਾ ਅਗਲੇ ਪੰਨਿਆਂ ਉੱਤੇ ਦਿੱਤਾ ਹੋਇਆ ਹੈ।

੧੮.੧ ਕਰਮ-ਆਧਾਰਤ ਕ੍ਰਿਆ



੧੮.੧.੧ ਅਕਰਮਕ ਕ੍ਰਿਆ

੧੮.੧.੧.੧ ਲੱਛਣ

"ਜਿਸ ਕ੍ਰਿਆ ਦਾ ਕਰਮ ਕੋਈ ਨਾ ਹੋਵੇ; ਕੇਵਲ ਕਰਤਾ ਹੀ ਹੋਵੇ, ਅਕਰਮਕ ਕ੍ਰਿਆ ਕਹੀਦੀ ਹੈ।"

ਜਿਸ ਕ੍ਰਿਆ ਦੁਆਰਾ ਪ੍ਰਗਟਾਇਆ ਕੰਮ ਅਗਾਂਹ ਕਿਸੇ ਹੋਰ 'ਤੇ ਨਾ ਵਾਪਰੇ, ਉਹ ਅਕਰਮਕ ਕ੍ਰਿਆ ਹੁੰਦੀ ਹੈ; ਜਿਵੇਂ :

- ਗੁਰਦੇਵ ਪ੍ਰਸੰਨ ਹੋ ਗਏ।
- ਮੇਰਾ ਮਨ ਖਿੜ ਗਿਆ।
- ਅੰਮ੍ਰਿਤ-ਵੇਲਾ ਹੋ ਗਿਆ ਹੈ।
- ਉਮਰ-ਰਾਤਿ ਬੀਤਦੀ ਜਾ ਰਹੀ ਹੈ।

੧੮.੧.੧.੨ ਗੁਰਬਾਣੀ ਦੀਆਂ ਉਦਾਹਰਣਾਂ

੧. **ਬਰਸੁ ਘਨਾ ਮੇਰਾ ਪਿਰੁ ਘਰਿ 'ਆਇਆ'** ॥ਰਹਾਉ॥੪॥ *(ਪੰਨਾ ੧੨੫੫)*
੨. **ਬ੍ਰਹਮ ਗਿਆਨੀ ਸਦ 'ਜੀਵੈ' ਨਹੀ 'ਮਰਤਾ'** ॥੮॥੮॥ *(ਪੰਨਾ ੨੭੩)*
੩. **ਮੇਰਾ ਸਹੁ 'ਜਾਗੈ' ਹਉ ਨਿਸਿ ਭਰਿ 'ਸੋਵਾ'** ॥੧॥੨੬॥ *(ਪੰਨਾ ੩੫੬)*
੪. **ਬਾਬੀਹਾ ਖਿਨੁ ਖਿਨੁ 'ਬਿਲਲਾਇ'** ॥੨॥੨੨॥ *(ਪੰਨਾ ੧੨੬੨)*

ਨੋਟ : ਉਪਰਲੀਆਂ ਸਾਰੀਆਂ ਕ੍ਰਿਆਵਾਂ ਵਿਚ ਕੇਵਲ ਕਰਤਾ ਹੈ, ਕਰਮ ਕੋਈ ਨਹੀਂ, ਇਸ ਲਈ ਇਹ ਸਾਰੀਆਂ ਅਕਰਮਕ ਕ੍ਰਿਆ ਹਨ।

੧੮.੧.੨ ਸਕਰਮਕ ਕ੍ਰਿਆ

੧੮.੧.੨.੧ ਲੱਛਣ

"ਸਕਰਮਕ ਕ੍ਰਿਆ ਉਸ ਨੂੰ ਕਹੀਦਾ ਹੈ, ਜਿਸ ਨਾਲ ਕਿਸੇ ਕਰਮ ਦਾ ਆਉਣਾ ਜ਼ਰੂਰੀ ਹੋਵੇ।"

ਜਿਸ ਕ੍ਰਿਆ ਦੁਆਰਾ ਪ੍ਰਗਟਾਇਆ ਕੰਮ ਕਿਸੇ ਵਿਅਕਤੀ ਜਾਂ ਵਸਤੂ ਦੇ ਵਾਚਕ 'ਕਰਮ' ਉੱਤੇ ਵਾਪਰੇ, ਉਹ ਸਕਰਮਕ ਕ੍ਰਿਆ ਹੁੰਦੀ ਹੈ; ਜਿਵੇਂ :

- ਸੰਗਤ ਲੰਗਰ 'ਛਕ ਰਹੀ' ਹੈ।
- ਮੈਂ ਅੰਮ੍ਰਿਤ ਪਾਨ 'ਕੀਤਾ ਹੋਇਆ' ਹੈ।
- ਬੱਚੇ ਨਿਤਨੇਮ 'ਕਰ ਰਹੇ' ਹਨ।
- ਕ੍ਰਿਪਾ ਕਰ ਕੇ ਹੁਕਮਨਾਮਾ 'ਸੁਣਾਓ'।

ਕਰਤਾ	*ਕਰਮ*
ਸੰਗਤਿ	ਲੰਗਰ
ਮੈਂ	ਅੰਮ੍ਰਿਤ
ਬੱਚੇ	ਨਿਤਨੇਮ
'ਤੁਸੀਂ' ਲੁਪਤ ਹੈ	ਹੁਕਮਨਾਮਾ

੧੮.੧.੨.੨ ਸਕਰਮਕ ਕ੍ਰਿਆ ਦੀਆਂ ਗੁਰਬਾਣੀ ਵਿੱਚੋਂ ਉਦਾਹਰਣਾਂ

੧. **ਹਰਿ ਜਨੁ ਰਾਮ ਨਾਮ ਗੁਨ 'ਗਾਵੈ'** ॥੧॥ਰਹਾਉ॥੩॥ *(ਪੰਨਾ ੭੧੯)*
੨. **ਮੈ 'ਪੇਖਿਓ' ਗੀ ਊਚਾ ਮੋਹਨੁ ਸਭ ਤੇ ਊਚਾ** ॥੧॥ਰਹਾਉ॥੩੨॥ *(ਪੰਨਾ ੫੩੪)*
੩. **ਤੇਰੇ ਜਨ ਰਸਕਿ ਰਸਕਿ ਗੁਣ 'ਗਾਵਹਿ'** ॥੧॥ਰਹਾਉ॥੪੦॥ *(ਪੰਨਾ ੩੮੦)*
੪. **ਸਤਿਗੁਰਿ ਪੂਰੈ ਨਾਮੁ 'ਦੀਆ'** ॥੧॥ਰਹਾਉ॥੬॥ *(ਪੰਨਾ ੧੩੪੦)*

ਕਰਤਾ	*ਕਰਮ*	*ਕ੍ਰਿਆ*
ਹਰਿ ਜਨ	ਰਾਮ ਨਾਮ ਗੁਨ	ਗਾਵੈ
ਮੈ	ਊਚਾ ਮੋਹਨੁ	ਪੇਖਿਓ
ਤੇਰੇ ਜਨ	ਗੁਣ	ਗਾਵਹਿ
ਸਤਿਗੁਰਿ ਪੂਰੈ	ਨਾਮੁ	ਦੀਆ

ਨੋਟ : ਸਕਰਮਕ ਕ੍ਰਿਆ ਵਾਲੇ ਕਿਸੇ ਵਾਕ ਵਿਚ ਕਰਮ ਦਾ ਪ੍ਰਗਟ ਰੂਪ ਵਿਚ ਹੋਣਾ ਜ਼ਰੂਰੀ ਹੈ, ਭਾਵੇਂ ਕਰਤਾ ਲੁਪਤ ਹੀ ਹੋਵੇ; ਜਿਵੇਂ :

- ਲੰਗਰ ਸਵੇਰ ਤੋਂ ਵਰਤਾਇਆ ਜਾ ਰਿਹਾ ਹੈ।
- ਦੁਰਮਤਿ ਜੜ੍ਹੋਂ ਪੁੱਟੀ ਜਾਵੇਗੀ।

੧੮.੧.੩ ਦੁਕਰਮਕ ਕ੍ਰਿਆ

੧੮.੧.੩.੧ ਲੱਛਣ

ਇਕ ਕਰਮ ਨਾਲ ਸੰਬੰਧ ਰੱਖਣ ਵਾਲੀ ਕ੍ਰਿਆ — ਸਕਰਮਕ ਕ੍ਰਿਆ
ਦੋ ਕਰਮਾਂ ਨਾਲ ਸੰਬੰਧ ਰੱਖਣ ਵਾਲੀ ਕ੍ਰਿਆ — ਦੁਕਰਮਕ ਕ੍ਰਿਆ

ਸਕਰਮਕ ਕ੍ਰਿਆ ਦੀਆਂ ਉਦਾਹਰਣਾਂ ਉਪਰ ਦਿੱਤੀਆਂ ਗਈਆਂ ਹਨ। ਹੁਣ ਥੱਲੇ ਦੁਕਰਮਕ ਕ੍ਰਿਆਵਾਂ (ਅਜਿਹੀਆਂ ਕ੍ਰਿਆਵਾਂ ਜਿਨ੍ਹਾਂ ਦਾ ਸੰਬੰਧ ਇੱਕੋ ਵਾਕ ਵਿਚਲੇ ਦੋ ਕਰਮਾਂ ਨਾਲ ਹੋਵੇ) ਦੀਆਂ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

- ਏਥੋਂ ਮਨ ਨੂੰ ਧੀਰਜ ਨਹੀਂ ਮਿਲਦਾ।
- ਕੇਸਾਂ ਨੂੰ ਕੰਘਾ ਕਰੋ।
- ਸਤਿਗੁਰੂ ਸਿਖ ਨੂੰ ਨਾਮ-ਧਨ ਦੇਂਦਾ ਹੈ।
- ਗੁਟਕੇ ਨੂੰ ਚੋਲੀ ਚੜ੍ਹਾਓ।

ਉਪਰਲੀਆਂ ਉਦਾਹਰਣਾਂ ਵਿਚਲੀ ਦੁਕਰਮਕ ਕ੍ਰਿਆਵਾਂ ਅਤੇ ਉਹਨਾਂ ਨਾਲ ਸੰਬੰਧਤ ਕਰਮਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਦੁਕਰਮਿਕ ਕ੍ਰਿਆ	*ਕ੍ਰਿਆ ਨਾਲ ਸੰਬੰਧਤ ਦੋ ਕਰਮ*	
ਮਿਲਦਾ	ਮਨ ਨੂੰ,	ਧੀਰਜ
ਕਰੋ	ਕੇਸਾਂ ਨੂੰ,	ਕੰਘਾ
ਦੇਂਦਾ ਹੈ	ਸਿਖ ਨੂੰ,	ਨਾਮ-ਧਨ
ਚੜ੍ਹਾਓ	ਗੁਟਕੇ ਨੂੰ,	ਚੋਲੀ

ਉਪਰੋਕਤ ਦੋ ਦੋ ਕਰਮਾਂ ਵਿੱਚੋਂ ਇਕ ਨੂੰ 'ਪ੍ਰਧਾਨ ਕਰਮ' ਅਤੇ ਦੂਜੇ ਨੂੰ 'ਅਪ੍ਰਧਾਨ ਕਰਮ' ਆਖਦੇ ਹਨ। ਹਰੇਕ ਕਰਮ ਦੀ ਕਿਸਮ ਜਾਣਨ ਲਈ ਵਿਆਕਰਣਿਕ-ਜੁਗਤੀ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਇਹ ਕਿ ਕ੍ਰਿਆ ਨਾਲ 'ਕੀ' ਲਾ ਕੇ ਪ੍ਰਸ਼ਨ ਕੀਤਿਆਂ ਜੋ ਉੱਤਰ ਆਵੇ, ਉਹ 'ਪ੍ਰਧਾਨ ਕਰਮ' ਅਤੇ ਕ੍ਰਿਆ ਨਾਲ 'ਕਿਸ ਨੂੰ' ਲਾ ਕੇ ਪ੍ਰਸ਼ਨ ਕੀਤਿਆਂ ਜੋ ਉੱਤਰ ਆਵੇ, ਉਹ 'ਅਪ੍ਰਧਾਨ ਕਰਮ' ਹੁੰਦਾ ਹੈ।

੧੮.੧.੩.੨ ਗੁਰਬਾਣੀ ਦੀਆਂ ਉਦਾਹਰਣਾਂ

ਗੁਰਬਾਣੀ ਵਿੱਚੋਂ ਦੁਕਰਮਕ ਕ੍ਰਿਆ ਵਾਲੀਆਂ ਤੁਕਾਂ ਦੀਆਂ ਉਦਾਹਰਣਾਂ ਦੇ ਕੇ ਵਿਆਕਰਣਿਕ-ਜੁਗਤੀ ਨਾਲ ਉਹਨਾਂ ਵਿਚਲੇ 'ਪ੍ਰਧਾਨ ਕਰਮ' ਅਤੇ 'ਅਪ੍ਰਧਾਨ ਕਰਮ' ਦੀ ਪਛਾਣ ਕਰਦੇ ਹਾਂ :

ਉਦਾਹਰਣ—੧

ਉਰਝਿ ਰਹਿਓ ਬਿਖਿਆ ਕੈ ਸੰਗਾ ॥
ਮਨਹਿ ਬਿਆਪਤ ਅਨਿਕ ਤਰੰਗਾ ॥੧॥੧॥ *(ਪੰਨਾ ੭੫੯)*

ਪ੍ਰਸ਼ਨ	*ਉੱਤਰ*	*ਕਰਮ ਦੀ ਕਿਸਮ*
ਕੀ ਬਿਆਪਤ ?	ਤਰੰਗਾ	ਪ੍ਰਧਾਨ ਕਰਮ (ਕਰਮ ਕਾਰਕ)
ਕਿਸ ਨੂੰ ਬਿਆਪਤ ?	ਮਨਹਿ	ਅਪ੍ਰਧਾਨ ਕਰਮ (ਸੰਪ੍ਰਦਾਨ ਕਾਰਕ)

ਉਦਾਹਰਣ—੨

ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥੧॥੩॥ *(ਪੰਨਾ ੭੫੫)*

ਪ੍ਰਸ਼ਨ	*ਉੱਤਰ*	*ਕਰਮ ਦੀ ਕਿਸਮ*
ਕੀ ਪੀਆਈਐ ?	ਦੁਧੁ	ਪ੍ਰਧਾਨ ਕਰਮ (ਕਰਮ ਕਾਰਕ)
ਕਿਸ ਨੂੰ ਪੀਆਈਐ ?	ਸਪੈ	ਅਪ੍ਰਧਾਨ ਕਰਮ (ਸੰਪ੍ਰਦਾਨ ਕਾਰਕ)

ਉਦਾਹਰਣ—੩

ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਆਉ ॥੧॥ *(ਪੰਨਾ ੧੪੦੮)*

ਪ੍ਰਸ਼ਨ	*ਉਤਰ*	*ਕਰਮ ਦੀ ਕਿਸਮ*
ਕੀ ਦੀਅਉ ?	ਛਤ੍ਰੁ	ਪ੍ਰਧਾਨ ਕਰਮ (ਕਰਮ ਕਾਰਕ)
ਕਿਸ ਨੂੰ ਦੀਅਉ ?	ਗੁਰ ਰਾਮਹਿ	ਅਪ੍ਰਧਾਨ ਕਰਮ (ਸੰਪ੍ਰਦਾਨ ਕਾਰਕ)

ਨੋਟ : (੧) 'ਪ੍ਰਧਾਨ ਕਰਮ' ਨੂੰ 'ਕਥਿਤ ਕਰਮ' (Direct object) ਅਤੇ 'ਅਪ੍ਰਧਾਨ ਕਰਮ' ਨੂੰ 'ਅਕਥਿਤ ਕਰਮ' (Indirect object) ਵੀ ਆਖਦੇ ਹਨ। 'ਪ੍ਰਧਾਨ ਕਰਮ' ਕਰਮ ਕਾਰਕ ਵਿਚ ਹੁੰਦਾ ਹੈ ਅਤੇ 'ਅਪ੍ਰਧਾਨ ਕਰਮ' ਸੰਪ੍ਰਦਾਨ ਕਾਰਕ ਵਿਚ।

(੨) ਇਸ ਬਾਰੇ ਵਧੇਰੇ ਵੇਰਵਾ ਕਾਰਕਾਂ ਵਾਲੇ ਅਧਿਆਇ ਵਿਚ ਦਿੱਤਾ ਹੋਇਆ ਹੈ। ਦੇਖੋ 'ਕਰਮ ਕਾਰਕ' ਅਤੇ 'ਸੰਪ੍ਰਦਾਨ ਕਾਰਕ'।

੧੮.੨ ਅਪੂਰਣ ਕ੍ਰਿਆ (Auxiliary Verb)

੧੮.੨.੧ ਲੱਛਣ

"ਕ੍ਰਿਆ-ਮੂਲ 'ਹੋ' ਦਾ ਕੋਈ ਰੂਪ (ਹੈ, ਹਾਂ, ਹੈਂ, ਸੀ, ਸਾਂ, ਸੈਂ, ਹਨ, ਸਨ ਆਦਿ) ਜਦੋਂ ਕਿਸੇ ਵਾਕ ਵਿਚ ਕਿਸੇ ਹੋਰ ਕ੍ਰਿਆ ਤੋਂ ਬਗ਼ੈਰ ਇਕੱਲਾ ਹੀ ਕ੍ਰਿਆ ਵਜੋਂ ਵਰਤਿਆ ਜਾਵੇ ਤਾਂ ਉਸ ਨੂੰ ਅਪੂਰਣ (ਸੰਸਰਗੀ) ਕ੍ਰਿਆ ਕਹੀਦਾ ਹੈ।"

੧੮.੨.੨ ਰੂਪ-ਸਾਧਨਾ

ਅਪੂਰਣ (ਸੰਸਰਗੀ) ਕ੍ਰਿਆ 'ਹਾਂ' ਅਤੇ 'ਸਾਂ' ਆਦਿ ਦੀ ਰੂਪ-ਸਾਧਨਾ ਇਸ ਪ੍ਰਕਾਰ ਹੈ :

	ਵਰਤਮਾਨ ਕਾਲ		ਭੂਤ ਕਾਲ	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਉਤਮ ਪੁਰਖ	ਮੈਂ ਹਾਂ	ਅਸੀ ਹਾਂ	ਮੈਂ ਸਾਂ	ਅਸੀ ਸਾਂ, ਸੇ
ਮਧਮ ਪੁਰਖ	ਤੂੰ ਹੈਂ	ਤੁਸੀ ਹੋ	ਤੂੰ ਸੈਂ	ਤੁਸੀ ਸਾਓ
ਅਨ-ਪੁਰਖ	ਉਹ ਹੈ	ਉਹ ਹਨ	ਉਹ ਸੀ, ਸਾ	ਉਹ ਸਨ

੧੮.੨.੩ ਗੁਰਬਾਣੀ ਵਿਚਲੀਆਂ ਅਪੂਰਣ ਕ੍ਰਿਆ ਦੀਆਂ ਉਦਾਹਰਣਾਂ

੧੮.੨.੩.੧ ਵਰਤਮਾਨ ਕਾਲ

(ੳ) ਅਨ-ਪੁਰਖ

ਇਕ-ਵਚਨ

੧. ਹਰਿ ਮੇਰੀ ਪ੍ਰੀਤਿ ਰੀਤਿ 'ਹੈ' ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥ਰਹਾਉ॥੪॥ *(ਪੰਨਾ ੪੯੦)*

੨. 'ਹੈ' ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ *(ਪੰਨਾ ੧)*

੩. ਸਾਹਿਬੁ ਮੇਰਾ ਏਕੋ 'ਹੈ' ॥
ਏਕੋ 'ਹੈ' ਭਾਈ ਏਕੋ 'ਹੈ' ॥ਰਹਾਉ॥੫॥ *(ਪੰਨਾ ੩੫੦)*

੪. ਏਕੁ ਤੂੰ ਤਾ ਸਭੁ ਕਿਛੁ 'ਹੈ' ਮੈ ਤੁਧੁ ਬਿਨੁ ਦੂਜਾ ਨਾਹੀ ॥੧॥੪੬॥ *(ਪੰਨਾ ੩੮੨)*

ਨੋਟ : ਉਪਰੋਕਤ ਉਦਾਹਰਣਾਂ ਵਿਚ 'ਹੈ' ਅਪੂਰਣ-ਕ੍ਰਿਆ ਹੈ। 'ਹੈ' ਸ਼ਬਦ ਏਸੇ ਰੂਪ ਵਿਚ ਇਕ ਦੋ ਥਾਵੇਂ ਕ੍ਰਿਆ-ਵਿਸ਼ੇਸ਼ਣ ਦੇ ਤੌਰ 'ਤੇ ਵੀ ਗੁਰਬਾਣੀ ਵਿਚ ਵਰਤਿਆ ਮਿਲਦਾ ਹੈ, ਜੋ ਵਾਸਤਵ ਵਿਚ 'ਹਾਇ' ਦਾ ਸੰਖਿਪਤ ਰੂਪ ਹੈ; ਜਿਵੇਂ :

੧. 'ਹੈ ਹੈ' ਕਰਿ ਕੈ ਓਹਿ ਕਰੇਨਿ ॥
ਗਲ੍ਹ ਪਿਟਨਿ ਸਿਰੁ ਖੋਹੇਨਿ ॥੬॥੩੩॥ *(ਪੰਨਾ ੧੪੧੦)*

੨. 'ਹੈ ਹੈ' ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥ਸਲੋਕ ੨॥ਪਉੜੀ ੧੦॥ *(ਪੰਨਾ ੧੨੪੧)*

ਬਹੁ-ਵਚਨ

੧. ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ 'ਹੰਨ੍ਹਿ' ॥੪॥੩॥ *(ਪੰਨਾ ੭੨੬)*

੨. 'ਹੈਨਿ' ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥੩੩॥ *(ਪੰਨਾ ੧੪੧੧)*

੩. ਗਲਾ ਵਾਲੇ 'ਹੈਨਿ' ਘਣੇਰੇ ਛਡਿ ਨ ਸਕੈ ਕੋਈ ॥ਸਲੋਕ ੨॥੧੬॥ *(ਪੰਨਾ ੧੨੮੬)*

੪. ਨਾਨਕ ਨਾਮ ਰਤੇ ਸੇ ਧਨਵੰਤ 'ਹੈਨਿ' ਨਿਰਧਨੁ ਹੋਰੁ ਸੰਸਾਰੁ ॥੨੬॥ *(ਪੰਨਾ ੧੪੧੫)*

੫. ਸਹਸ ਤਵ ਨੈਨ ਨਨ ਨੈਨ 'ਹਹਿ' ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥੨॥੩॥ *(ਪੰਨਾ ੧੩)*

੬. ਸਭਿ ਰਸ ਭੋਗਣ ਬਾਦਿ 'ਹਹਿ' ਸਭਿ ਸੀਗਾਰ ਵਿਕਾਰ ॥੫॥੧੩॥ *(ਪੰਨਾ ੧੯)*

੭. ਏਕਲ ਮਾਟੀ ਕੁੰਜਰ ਚੀਟੀ ਭਾਜਨ 'ਹੈਂ' ਬਹੁ ਨਾਨਾ ਰੇ ॥੧॥੩॥ *(ਪੰਨਾ ੬੬੮)*

(ਅ) ਮਧਮ ਪੁਰਖ

ਇਕ-ਵਚਨ

੧. ਤੂ ਮੇਰਾ ਪਿਤਾ ਤੂ 'ਹੈ' ਮੇਰਾ ਮਾਤਾ ॥
ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥੧॥੩੧॥ *(ਪੰਨਾ ੧੧੪੪)*

੨. 'ਹੈ' ਤੂਹੈ ਤੂ ਹੋਵਨਹਾਰ ॥
ਅਗਮ ਅਗਾਧਿ ਊਚ ਆਪਾਰ ॥੨॥੨॥ *(ਪੰਨਾ ੭੨੪)*

੩. ਤੂਹੈ 'ਹੈ' ਵਾਹੁ ਤੇਰੀ ਰਜਾਇ ॥ਰਹਾਉ॥੮॥ *(ਪੰਨਾ ੧੩੨੯)*
['ਹੈ'—ਉਚਾਰਣ ਨਾਸਕੀ]

ਬਹੁ-ਵਚਨ

੧. ਤੁਮ 'ਹੋ' ਸਭ ਰਾਜਨ ਕੇ ਰਾਜਾ ॥
ਆਪੇ ਆਪਿ ਗਰੀਬ ਨਿਵਾਜਾ ॥ *(ਕ੍ਰਿਸਨਾਵਤਾਰ)*
[ਆਦਰਵਾਚੀ]

੨. ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ 'ਹਹੁ' ਹਮ ਨਾਹੀ ॥੧॥੭੨॥ *(ਪੰਨਾ ੩੩੯)*
[ਆਦਰਵਾਚੀ]

੩. ਜਤ ਕਤ ਤੁਮ੍ ਭਰਪੂਰ 'ਹਹੁ' ਮੇਰੇ ਦੀਨ ਦਇਆਲੀ ॥੩॥੪੨॥ *(ਪੰਨਾ ੮੧੧)*
[ਆਦਰਵਾਚੀ]

੪. ਜਨ ਨਾਨਕ ਕੇ ਗੁਰਸਿਖ ਪੁਤ 'ਹਹੁ' ਹਰਿ ਜਪਿਅਹੁ ਹਰਿ ਨਿਸਤਾਰਿਆ ॥ਸਲੋਕ ੨॥੨੦॥ *(ਪੰਨਾ ੩੧੨)*

੫. ਜਿਨ ਕੇ ਜਣੇ ਬਡੀਰੇ ਤੁਮ 'ਹਉ' ਤਿਨ ਸਿਉ ਝਗਰਤ ਪਾਪ ॥ਰਹਾਉ॥੭॥ *(ਪੰਨਾ ੧੨੦੦)*

(ੲ) ਉਤਮ ਪੁਰਖ

ਇਕ-ਵਚਨ

੧. ਮੈ 'ਹੌਂ' ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ ॥ *(ਦਸਮ ਗ੍ਰੰਥ)*

੨. ਬਾਬਾ ਮੂਰਖੁ 'ਹਾ' ਨਾਵੈ ਬਲਿ ਜਾਉ ॥ਰਹਾਉ॥੧੧॥ *(ਪੰਨਾ ੧੦੧੫)*
['ਹਾ'—ਉਚਾਰਣ ਨਾਸਕੀ]

ਬਹੁ-ਵਚਨ

੧. ਹਮ ਆਦਮੀ 'ਹਾਂ' ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥੧॥੨॥ *(ਪੰਨਾ ੬੬੦)*

੧੮.੨.੩.੨ ਭੂਤ ਕਾਲ

(ੳ) ਅਨ-ਪੁਰਖ

ਇਕ-ਵਚਨ

੧. ਜਿਸ ਕਾ 'ਸਾ' ਤਿਨਿ ਲੀਆ ਮਿਲਾਇ ॥੩॥੨੦॥ *(ਪੰਨਾ ੨੮੬)*

੨. ਖੋਲਿ ਕਿਵਾਰਾ ਮਹਲਿ ਬੁਲਾਇਆ ॥
ਜੈਸਾ 'ਸਾ' ਤੈਸਾ ਦਿਖਲਾਇਆ ॥੪॥੧੪॥ *(ਪੰਨਾ ੮੮੭)*

੩. ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ 'ਥਾ' ਬੇਗਾਨਾ ॥੧॥ਰਹਾਉ॥੪੭॥
(ਪੰਨਾ ੩੩੩)

੪. ਜਬ ਇਹੁ ਨ 'ਸੋ' ਤਬ ਕਿਨਹਿ ਉਪਾਇਆ ॥
ਕਵਨ ਮੂਲ ਤੇ ਕਿਆ ਪ੍ਰਗਟਾਇਆ ॥੨॥੩੮॥ *(ਪੰਨਾ ੧੧੪੬)*

੫. ਜਬ ਕਛੁ ਨ 'ਸੀਓ' ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥੧॥੫੩॥
(ਪੰਨਾ ੭੪੮)

੬. ਜਾਂ ਨ 'ਸਿਆ' ਕਿਆ ਚਾਕਰੀ ਜਾਂ ਜੰਮੇ ਕਿਆ ਕਾਰ ॥ਸਲੋਕ ੨॥ਪਉੜੀ ੧੨॥
(ਪੰਨਾ ੧੨੪੨)

੭. ਕਿਥਹੁ ਆਇਆ ਕਹ ਗਇਆ ਕਿਹੁ ਨ 'ਸੀਓ' ਕਿਹੁ 'ਸੀ' ॥ਸ.੨॥੨੦॥
(ਪੰਨਾ ੧੨੮੭)

ਨੋਟ : (੧) 'ਸਾ' ਅਨ-ਪੁਰਖ, ਇਕ-ਵਚਨ, ਇਸਤਰੀ-ਲਿੰਗ ਪੜਨਾਂਵ/ਪੜਨਾਵੀਂ-ਵਿਸ਼ੇਸ਼ਣ ਵੀ ਹੈ ਅਤੇ ਸੰਬੰਧਕੀ-ਪਦ ਵੀ :

੧. **'ਸਾ' ਵਡਿਆਈ ਦੇਹਿ ਜਿਤੁ ਨਾਮਿ ਤੇਰੈ ਲਾਗਿ ਰਹਾਂ ॥ਰਹਾਉ॥੧॥**
[ਪੜਨਾਂਵੀਂ-ਵਿਸ਼ੇਸ਼ਣ] *(ਪੰਨਾ ੬੬੦)*

੨. ਹਰਿ **'ਸਾ'** ਪ੍ਰੀਤਮੁ ਕਰਿ ਮਨ ਮੀਤ ॥ਰਹਾਉ॥੧੦੮॥ *(ਪੰਨਾ ੧੮੭)*
[ਸੰਬੰਧਕੀ-ਪਦ 'ਵਰਗਾ']

(੨) 'ਸੋ' ਅਨ-ਪੁਰਖ, ਇਕ-ਵਚਨ, ਪੁਲਿੰਗ ਪੜਨਾਂਵ/ਪੜਨਾਂਵੀਂ-ਵਿਸ਼ੇਸ਼ਣ ਵੀ ਹੈ ਅਤੇ ਸੰਬੰਧਕੀ ਪਦ ਵੀ :

੧. **'ਸੋ' ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥੩॥੩੦॥** *(ਪੰਨਾ ੭੪੩)*
[ਪੜਨਾਂਵੀਂ-ਵਿਸ਼ੇਸ਼ਣ]

੨. **ਹਰਿ 'ਸੋ' ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥੨੪੨॥**
[ਸੰਬੰਧਕੀ-ਪਦ 'ਵਰਗਾ'] *(ਪੰਨਾ ੧੩੭੭)*

(ਅ) ਅਨ ਪੁਰਖ

ਬਹੁ-ਵਚਨ

੧. **ਸਚਾ ਸੁਖੁ ਸਚੀ ਵਡਿਆਈ ਜਿਸ ਕੇ 'ਸੇ' ਤਿਨਿ ਜਾਤੇ ॥੩॥੫੪॥** *(ਪੰਨਾ ੭੪੯)*

੨. **ਜਿਸ ਕੇ 'ਸੇ' ਫਿਰਿ ਤਿਨ ਹੀ ਸਮ੍ਹਾਲੇ ਬਿਨਸੇ ਸੋਗ ਸੰਤਾਪ ॥੧॥੧੪॥** *(ਪੰਨਾ ੭੧੪)*

੩. **ਜੋ ਸਜਣ ਭੁਇ ਭਾਰੁ 'ਥੇ' ਸੇ ਕਿਉ ਆਵਹਿ ਅਜੁ ॥੬੯॥** *(ਪੰਨਾ ੧੩੮੧)*

੪. **ਜੋ ਮਨਿ ਚਿਤਿ ਨ ਚੇਤੇ 'ਸਨਿ' ਸੋ ਗਾਲੀ ਰਬ ਕੀਆਂ ॥੯੯॥** *(ਪੰਨਾ ੧੩੮੩)*

ਇਸਤਰੀ-ਲਿੰਗ

੧. **ਜਦਹੁ 'ਸੀਆ' ਵੀਆਹੀਆ ਲਾੜੇ ਸੋਹਨਿ ਪਾਸਿ ॥੨॥੧੧॥** *(ਪੰਨਾ ੪੧੭)*
[ਸੀਆ—(੧) ਅੰਤਲੇ ਸੁਰ ਦਾ ਉਚਾਰਣ ਨਾਸਕੀ, (੨) ਏਥੇ ਇਹ ਸਹਾਇਕ ਕ੍ਰਿਆ ਹੈ।]

(ਏ) ਉਤਮ ਪੁਰਖ

ਬਹੁ-ਵਚਨ

੧. **ਹਮ ਮੂੜ ਮੁਗਧ ਸਦਾ 'ਸੇ' ਭਾਈ ਗੁਰ ਕੈ ਸਬਦਿ ਪ੍ਰਗਾਸਾ ॥੧॥੪॥** *(ਪੰਨਾ ੬੦੧)*

ਨੋਟ : ਕਾਵਿ-ਰਚਨਾ ਹੋਣ ਕਰਕੇ ਗੁਰਬਾਣੀ ਵਿਚ ਕਈ ਪੰਗਤੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਅੰਦਰ ਪ੍ਰਗਟ ਤੌਰ 'ਤੇ ਕੋਈ ਕ੍ਰਿਆ ਨਹੀਂ ਹੈ। ਇਹਨਾਂ ਅੰਦਰ ਅਪੂਰਣ ਕ੍ਰਿਆ 'ਹੈ' ਜਾਂ 'ਪੁਰਖ' ਅਤੇ ਵਚਨ ਦੇ ਆਧਾਰ 'ਤੇ ਇਸ ਦਾ ਕੋਈ ਬਦਲਵਾਂ ਰੂਪ ਲੁਪਤ ਰੂਪ ਵਿਚ ਹੀ ਹੈ; ਜਿਵੇਂ :

੧. **ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ,**
ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥੨॥੪॥ *(ਪੰਨਾ ੪੯੦)*

੨. **ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥੩੧॥**
(ਪੰਨਾ ੧੦੩)

੩. **ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ਸ.੧॥** *(ਪੰਨਾ ੮)*

੪. **ਕਵਣ ਮੂਲੁ ਕਵਣ ਮਤਿ ਵੇਲਾ ॥**
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥੪੩॥ *(ਪੰਨਾ ੯੪੨)*

੫. **ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥੩॥੧॥** *(ਪੰਨਾ ੬੮੮)*

੬. **ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥ *(ਪੰਨਾ ੨੬੨)*

੭. **ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥**
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥੭॥੧॥ *(ਪੰਨਾ ੨੬੩)*

੮. **ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ਸਲੋਕੁ॥੨੧॥**
(ਪੰਨਾ ੨੬੦)

੯. **ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ਸਲੋਕ॥੧੬॥**
(ਪੰਨਾ ੨੮੩)

੧੦. **ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥੧॥** *(ਪੰਨਾ ੨੬੬)*

੧੧. **ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ਸ.੧॥੧॥**
(ਪੰਨਾ ੭੦੫)

੧੨. **ਅਤਿ ਊਚਾ ਤਾ ਕਾ ਦਰਬਾਰਾ ॥**
ਅੰਤੁ ਨਾਹੀ ਕਿਛੁ ਪਾਰਾਵਾਰਾ ॥੧॥੧॥ *(ਪੰਨਾ ੫੬੨)*

੧੮.੩ ਬਣਤਰ-ਆਧਾਰਤ ਕ੍ਰਿਆ



ਮੁੱਢਲੀ ਜਾਣ-ਪਛਾਣ

ਸਾਰੀਆਂ ਕ੍ਰਿਆਵਾਂ ਕ੍ਰਿਆ-ਮੂਲ (ਧਾਤੂ)-ਸ਼ਬਦਾਂ ਤੋਂ ਬਣਦੀਆਂ ਹਨ।

- ਇਕੱਲੇ ਕ੍ਰਿਆ-ਮੂਲ ਤੋਂ ਬਣੀ ਇਕ-ਸ਼ਬਦੀ ਕ੍ਰਿਆ—ਸਾਧਾਰਨ (ਇਕਹਿਰੀ) ਕ੍ਰਿਆ।
- ਦੋ ਜਾਂ ਦੋ ਤੋਂ ਵਧੇਰੇ ਕ੍ਰਿਆ-ਮੂਲ-ਸ਼ਬਦਾਂ ਤੋਂ ਬਣੀ ਕ੍ਰਿਆ—ਸੰਜੁਕਤ ਕ੍ਰਿਆ।

੧੮.੩.੧ ਸਾਧਾਰਣ (ਇਕਹਿਰੀ) ਕ੍ਰਿਆ

ਲੱਛਣ

ਇਕੱਲੇ ਕ੍ਰਿਆ-ਮੂਲ ਤੋਂ ਬਣੀ, ਇਕ-ਸ਼ਬਦੀ ਕ੍ਰਿਆ ਨੂੰ ਸਾਧਾਰਣ (ਇਕਹਿਰੀ) ਕ੍ਰਿਆ ਆਖੀਦਾ ਹੈ; ਜਿਵੇਂ : ਕਰੈ, ਕਰਉ, ਕਰਹੁ, ਕੀਤਾ, ਕਰੇਗੁ, ਆਦਿ।

੧੮.੩.੨ ਸੰਜੁਕਤ ਕ੍ਰਿਆ

ਲੱਛਣ

ਦੋ, ਜਾਂ ਦੋ ਤੋਂ ਵਧੇਰੇ ਧਾਤੂਆਂ ਤੋਂ ਬਣੀ ਕ੍ਰਿਆ ਨੂੰ ਸੰਜੁਕਤ ਕ੍ਰਿਆ ਕਹੀਦਾ ਹੈ; ਜਿਵੇਂ : ਕਰਤ ਰਹੈ, ਬੈਠਾ ਰਹਹੁ, ਬੁਝ ਗਈ, ਮਰ ਜਾਣਗੇ, ਆਦਿ। ਸੰਜੁਕਤ ਕ੍ਰਿਆ ਦੇ ਦੋ ਭਾਗ ਹੁੰਦੇ ਹਨ, 'ਮੁਖ ਕ੍ਰਿਆ' ਅਤੇ 'ਸਹਾਇਕ ਕ੍ਰਿਆ'।

(ੳ) ਮੁਖ ਕ੍ਰਿਆ — ਸੰਜੁਕਤ ਕ੍ਰਿਆ ਦੇ ਕ੍ਰਿਆਵੀ ਸ਼ਬਦ-ਸਮੂਹ ਵਿੱਚੋਂ ਜਿਹੜਾ ਸ਼ਬਦ ਕ੍ਰਿਆ ਦੇ ਅਸਲ ਕਾਰਜ (ਮੁਖ-ਅਰਥ) ਦਾ ਬੋਧਕ ਹੋਵੇ ਉਹ 'ਮੁਖ ਕ੍ਰਿਆ' ਹੁੰਦਾ ਹੈ।

(ਅ) ਸਹਾਇਕ ਕ੍ਰਿਆ — ਬਾਕੀ ਦੇ ਸਾਰੇ ਸ਼ਬਦ 'ਸਹਾਇਕ ਕ੍ਰਿਆ' ਦੀ ਸ਼੍ਰੇਣੀ ਵਿਚ ਆਉਂਦੇ ਹਨ; ਜਿਵੇਂ :

ਵਾਕ—ਪੁਰਾਤਨ ਸਿੰਘ, ਸਾਸ-ਗਿਰਾਸ ਨਾਮ 'ਜਪਦੇ ਰਹਿੰਦੇ ਸਨ'।
ਸੰਜੁਕਤ ਕ੍ਰਿਆ—ਜਪਦੇ ਰਹਿੰਦੇ ਸਨ।
(ੳ) ਮੁਖ ਕ੍ਰਿਆ—ਜਪਦੇ।
(ਅ) ਸਹਾਇਕ ਕ੍ਰਿਆ—ਰਹਿੰਦੇ ਸਨ।

ਵਾਕ—ਉਮਰ ਨਦੀ ਦੇ ਪ੍ਰਵਾਹ ਵਾਂਗ 'ਵਹਿੰਦੀ ਜਾ ਰਹੀ ਹੈ'।
ਸੰਜੁਕਤ ਕ੍ਰਿਆ—ਵਹਿੰਦੀ ਜਾ ਰਹੀ ਹੈ।
(ੳ) ਮੁਖ ਕ੍ਰਿਆ—ਵਹਿੰਦੀ।
(ਅ) ਸਹਾਇਕ ਕ੍ਰਿਆ—ਜਾ ਰਹੀ ਹੈ।

ਨੋਟ : ਜਦੋਂ ਕਿਸੇ ਸੰਜੁਕਤ ਕ੍ਰਿਆ ਵਿਚ ਕਾਲ-ਬੋਧਕ ਅੰਸ਼ ਵੱਖਰਾ ਨਾ ਹੋਵੇ ਤਾਂ ਇਹ (ਕਾਲ-ਬੋਧਕ ਚਿੰਨ੍ਹ) ਸਦਾ ਸਹਾਇਕ ਕ੍ਰਿਆ ਨਾਲ ਸੰਮਿਲਤ ਹੁੰਦਾ ਹੈ, ਭਾਵ, ਕ੍ਰਿਆ ਦੇ ਕਾਲ ਬਾਰੇ ਸੂਚਨਾ ਪਿਛਲੇ ਸ਼ਬਦ ਅਰਥਾਤ 'ਸਹਾਇਕ ਕ੍ਰਿਆ' ਤੋਂ ਹੀ ਮਿਲਦੀ ਹੈ।

੧੮.੩.੩ ਇਕਹਿਰੀ ਕ੍ਰਿਆ ਅਤੇ ਸੰਜੁਕਤ ਕ੍ਰਿਆ ਵਾਲੀਆਂ ਗੁਰਬਾਣੀ ਦੀਆਂ ਉਦਾਹਰਣਾਂ

ਗੁਰਬਾਣੀ ਵਿੱਚੋਂ 'ਇਕਹਿਰੀ ਕ੍ਰਿਆ' ਅਤੇ 'ਸੰਜੁਕਤ ਕ੍ਰਿਆ' ਦੀਆਂ ਉਦਾਹਰਣਾਂ ਥੱਲੇ ਆਮ੍ਹੋ-ਸਾਮ੍ਹਣੇ ਦਿੱਤੀਆਂ ਜਾ ਰਹੀਆਂ ਹਨ।

ਸੰਜੁਕਤ ਕ੍ਰਿਆਵਾਂ ਵਿਚਲੀਆਂ 'ਮੁਖ ਕ੍ਰਿਆਵਾਂ' ਅਤੇ 'ਸਹਾਇਕ ਕ੍ਰਿਆਵਾਂ' ਦਾ ਨਿਖੇੜਾ ਫੁਟ ਨੋਟ ਵਿਚ ਕੀਤਾ ਗਿਆ ਹੈ।

ਸਾਧਾਰਨ (ਇਕਹਿਰੀ) ਕ੍ਰਿਆ	*ਸੰਜੁਕਤ ਕ੍ਰਿਆ*
੧. ਹਰਿ 'ਦੇਵੈ' ਜਲਿ ਥਲਿ ਜੰਤਾ ਸਭੈ ॥੬॥੨॥ *(ਪੰਨਾ ੧੦੭੦)*	੧. 'ਦੇਦਾ ਰਹੈ' ਨ ਚੂਕੈ ਭੋਗੁ ॥੩॥੩॥ *(ਪੰਨਾ ੬)*
੨. ਸਬਦਿ 'ਮਰਹੁ' ਫਿਰਿ 'ਜੀਵਹੁ' ਸਦ ਹੀ, ਤਾ ਫਿਰਿ ਮਰਣੁ ਨ ਹੋਈ ॥੩॥੧੧॥ *(ਪੰਨਾ ੬੦੪)*	੨. ਜੀਵਤ ਜੀਵਤ 'ਜੀਵਤ ਰਹਹੁ' ॥ਰਹਾਉ॥੧੧॥ *(ਪੰਨਾ ੧੧੩੮)*
੩. ਅਹਿਨਿਸਿ 'ਜਾਗੈ' ਨੀਦ ਨ 'ਸੋਵੈ' ॥੧॥੧੨॥ *(ਪੰਨਾ ੬੬੩)*	੩. 'ਜਾਗਤੁ ਰਹੈ' ਨ ਅਲੀਆ ਭਾਖੈ ॥੬॥੧॥ *(ਪੰਨਾ ੬੭੪)*
੪. ਮਨਮੁਖ ਨਿੰਦਾ ਕਰਿ ਕਰਿ ਵਿਗੁਤਾ ॥ ਅੰਤਰਿ ਲੋਭੁ 'ਭਉਕੈ' ਜਿਸੁ ਕੁਤਾ ॥੮॥੩॥ *(ਪੰਨਾ ੧੦੪੬)*	੪. ਅੰਤਰਿ ਤਿਸਾ ਭੂਖ ਅਤਿ ਬਹੁਤੀ, 'ਭਉਕਤ ਫਿਰੈ' ਦਰ ਬਾਰੁ ॥੨॥੧੮॥ *(ਪੰਨਾ ੧੧੩੨)*
੫. ਹਰਿ ਹਰਿ ਨਿਤ 'ਜਪਿਹੁ' ਜੀਅਹੁ, ਲਾਹਾ 'ਖਟਿਹੁ' ਦਿਹਾੜੀ ॥੩੧॥ *(ਪੰਨਾ ੬੨੧)*	੫. ਈਹਾ 'ਖਾਟਿ ਚਲਹੁ' ਹਰਿ ਲਾਹਾ, ਆਗੈ ਬਸਨੁ ਸੁਹੇਲਾ ॥੧॥੫॥ *(ਪੰਨਾ ੧੩)*
੬. ਤ੍ਰਿਸਨਾ 'ਬੁਝੈ' ਹਰਿ ਕੈ ਨਾਮਿ ॥ਰਹਾਉ॥੫੧॥ *(ਪੰਨਾ ੬੮੨)*	੬. 'ਬੁਝਿ ਗਈ' ਤ੍ਰਿਸਨਾ, ਹਰਿ ਜਸਹਿ ਅਘਾਨੇ ॥੧॥੬੨॥ *(ਪੰਨਾ ੩੬੩)*
੭. ਨਾਨਕ ਅਉਗਣ 'ਵੀਸਰੇ', ਗੁਰਿ ਰਾਖੇ ਪਤਿ ਤਾਹਿ ॥੪॥੧੫॥ *(ਪੰਨਾ ੨੦)*	੭. ਜਿਨੀ ਗੁਰ ਕੈ ਬਚਨਿ ਆਰਾਧਿਆ, ਤਿਨ 'ਵਿਸਰਿ ਗਏ' ਸਭਿ ਦੁਖਾ ॥ਪਉੜੀ ੬॥ *(ਪੰਨਾ ੫੮੮)*
੮. ਏਕੁ ਕਬੀਰਾ ਨਾ 'ਮੂਆ', ਜਿਹ ਨਾਹੀ ਰੋਵਨਹਾਰੁ ॥੬੯॥ *(ਪੰਨਾ ੧੩੬੮)*	੮. ਉਹੁ ਸਾਕਤੁ ਬਪੁਰਾ 'ਮਰ�ि ਗਇਆ', ਕੋਇ ਨ ਲੈਹੈ ਨਾਉ ॥੧੪੩॥ *(ਪੰਨਾ ੧੩੭੨)*

ਨੋਟ : (੧) ਉਪਰੋਕਤ ਸੱਜੇ ਪਾਸੇ ਵਾਲੀਆਂ ਉਦਾਹਰਣਾਂ ਵਿਚ 'ਦੇਦਾ ਰਹੈ, ਜੀਵਤ ਰਹਹੁ, ਜਾਗਤੁ ਰਹੈ, ਭਉਕਤ ਫਿਰੈ, ਖਾਟਿ ਚਲਹੁ, ਬੁਝਿ ਗਈ, ਵਿਸਰਿ ਗਏ, ਮਰਿ ਗਇਆ', ਇਹ ਸਾਰੀਆਂ ਸੰਜੁਕਤ ਕ੍ਰਿਆ ਹਨ। ਇਹਨਾਂ ਕ੍ਰਿਆਵੀ-ਜੋਟਿਆਂ ਦਾ ਹਰ ਪਹਿਲਾ ਸ਼ਬਦ ਜੋ ਕ੍ਰਿਆ ਦੇ ਅਸਲ ਕਰਮ (ਮੁਖ ਅਰਥ) ਦਾ ਬੋਧਕ ਹੈ, ਮੁਖ ਕ੍ਰਿਆ ਹੈ ਅਤੇ ਪਿਛਲਾ ਸ਼ਬਦ ਸਹਾਇਕ ਕ੍ਰਿਆ। ਕਾਲ-ਬੋਧਕ ਚਿੰਨ੍ਹ ਹਮੇਸ਼ਾ ਸਹਾਇਕ ਕ੍ਰਿਆ ਨਾਲ ਸੰਮਿਲਤ ਹੁੰਦਾ ਹੈ।

(੨) ਵਾਰਤਕ ਵਿਚ 'ਮੁਖ ਕ੍ਰਿਆ' ਵਾਲਾ ਸ਼ਬਦ 'ਸੰਜੁਕਤ ਕ੍ਰਿਆ' ਦੇ ਆਰੰਭ ਵਿਚ ਹੀ ਹੁੰਦਾ ਹੈ, ਪਰ ਕਾਵਿ-ਰਚਨਾ ਵਿਚ ਕਾਵਿ-ਪ੍ਰਬੰਧ ਅਧੀਨ ਇਹ ਕਦੀ ਪਿੱਛੋਂ ਵੀ ਆਉਂਦਾ ਹੈ; ਜਿਵੇਂ :

ਬੈਰਾਗੈ ਤੇ ਹਰਿ ਪਾਈਐ ਹਰਿ ਸਿਉ 'ਰਹੈ ਸਮਾਇ' ॥੨॥੫॥ *(ਪੰਨਾ ੪੯੦)*

ਗੁਰਬਾਣੀ ਵਿਚ ਆਈਆਂ ਕੁਝ ਹੋਰ ਸੰਜੁਕਤ ਕ੍ਰਿਆਵਾਂ ਪਾਠਕਾਂ ਦੀ ਗਿਆਤ ਲਈ ਥੱਲੇ ਦਿੱਤੀਆਂ ਜਾਂਦੀਆਂ ਹਨ :

ਸੰਜੁਕਤ ਕ੍ਰਿਆ	*ਪਦਾ/ਅੰਕ*	*ਪੰਨਾ*
ਚਲਿ ਚਲਿ ਗਈਆਂ	॥੬੬॥	(੧੩੮੧)
ਲਿਖਿ ਲੈ ਜਾਹੁ	॥੨੦॥	(੪)
ਗਿਰਿ ਗਿਰਿ ਪਰਤੇ	ਰਹਾਉ॥੧੬੨॥	(੨੧੫)
ਨਚਿ ਨਚਿ ਹਸਹਿ	ਸ.੨॥ਪ.੫॥	(੪੬੫)
ਤਜਿ ਛੋਡੇ	੪॥੩॥	(੪੩੧)
ਮੁਕਰਿ ਪਾਉ	੨॥੩੧॥	(੨੫)
ਪੈ ਪੈ ਸੋਇਆ	੧॥੮॥	(੭੩੮)
ਰਖਿ ਲੀਨੀ	੧॥੩॥	(੯੬੯)
ਹਸਣ ਲਗੇ	ਸ.੧॥ਪਉੜੀ ੩੦॥	(੩੧੫)
ਲਿਖਿ ਪਾਇਆ	੧॥੩੭॥	(੧੬੨)
ਢਹਿ ਪਾਇ	੧॥੧੩॥	(੧੮)
ਭਉਕਤ ਫਿਰੈ	੨॥੧੮॥	(੧੧੩੨)
ਮਰਿ ਮਰਿ ਜਾਤੇ	ਰਹਾਉ॥੨੦॥	(੩੨੭)
ਜੁੜਿ ਜੁੜਿ ਵਿਛੁੜੇ	ਸ. ੨॥ਪ. ੩॥	(੧੨੩੮)
ਖਪਿ ਖਪਿ ਮੁਏ	੪੯॥	(੯੩੭)
ਪੜਿ ਪੜਿ ਭੂਲਹਿ	੫॥੨॥	(੬੮੬)
ਚਟਿ ਜਾਹੁ	ਸ. ੨॥ਪ. ੨੨॥	(੧੨੮੮)
ਚਖਿ ਛੋਡੀ	੩॥੩॥	(੭੬੬)
ਪਾਇ ਛੋਡੀ	੨੪॥	(੪੭੫)
ਠਾਕਿ ਰਹਾਏ	੭॥੧॥	(੧੦੬)
ਲੈ ਚਲਹੁ	ਰਹਾਉ॥੨੩॥	(੨੨)

੧੮.੪ ਪ੍ਰੇਰਣਾਰਥਕ ਕ੍ਰਿਆ (Causative Verb)

੧੮.੪.੧ ਲੱਛਣ

ਜਦੋਂ 'ਕਰਤਾ' ਕ੍ਰਿਆ ਤੋਂ ਪ੍ਰਗਟ ਹੋਣ ਵਾਲੇ ਕਿਸੇ ਕੰਮ ਨੂੰ ਆਪ ਕਰਨ ਦੀ ਬਜਾਏ, ਕਿਸੇ ਹੋਰ ਨੂੰ ਪ੍ਰੇਰਣਾ ਕਰ ਕੇ ਉਸ ਤੋਂ ਕਰਾਏ ਜਾਂ ਕਰਵਾਏ ਤਾਂ ਸੰਬੰਧਤ ਕ੍ਰਿਆ ਨੂੰ 'ਪ੍ਰੇਰਣਾਰਥਕ ਕ੍ਰਿਆ' ਆਖੀਦਾ ਹੈ। ਅਜਿਹੀ ਕ੍ਰਿਆ ਦੇ ਧਾਤੂ ਨੂੰ ਪ੍ਰੇਰਣਾਰਥਕ ਧਾਤੂ ਕਹੀਦਾ ਹੈ।

੧੮.੪.੨ ਮੂਲ-ਧਾਤੂ ਅਤੇ ਪ੍ਰੇਰਣਾਰਥਕ ਧਾਤੂ

ਥੱਲੇ ਕੁਝ ਮੂਲ-ਧਾਤੂ ਅਤੇ ਉਹਨਾਂ ਤੋਂ ਬਣੇ ਪ੍ਰੇਰਣਾਰਥਕ ਧਾਤੂ ਆਮ੍ਹੋ-ਸਾਹਮਣੇ ਦਿੱਤੇ ਜਾਂਦੇ ਹਨ :

ਮੂਲ-ਧਾਤੂ	*ਪ੍ਰੇਰਣਾਰਥਕ ਧਾਤੂ*	*ਮੂਲ-ਧਾਤੂ*	*ਪ੍ਰੇਰਣਾਰਥਕ ਧਾਤੂ*
ਚਲ	ਚਲਾ	ਦੇ	ਦੇਵਾ, ਦਿਵਾ
ਵਸ	ਵਸਾ	ਕਹ	ਕਹਾ
ਕਰ	ਕਰਾ	ਹਾਰ	ਹਾਰਾ
ਜਰ	ਜਰਾ	ਪਕਰ	ਪਕਰਾ
ਨਚ	ਨਚਾ	ਜਾਣ	ਜਾਣਾ
ਜਪ	ਜਪਾ	ਭਵ	ਭਵਾ
ਬੋਲ	ਬੋਲਾ	ਬੈਠ, ਬੈਸ	ਬੈਠਾ, ਬੈਸਾਲ

ਨੋਟ : (੧) ਉਪਰੋਕਤ ਪ੍ਰੇਰਣਾਰਥਕ ਧਾਤੂਆਂ ਦਾ ਉਚਾਰਣ ਇਹਨਾਂ ਦੇ ਅੰਤਲੇ ਸੂਰ ਦੀ ਧੁਨੀ ਨੂੰ ਲਮਕਾਅ ਕੇ ਬੋਲਿਆਂ ਸ਼ੁਧ ਬਣਦਾ ਹੈ।

(੨) ਪ੍ਰੇਰਣਾਰਥਕ ਕ੍ਰਿਆ ਬਣਾਉਣ ਲਈ ਪ੍ਰੇਰਣਾਰਥਕ ਧਾਤੂ ਦੇ ਅੰਤ ਵਿਚ ਕਾਲ-ਬੋਧਕ ਅੰਸ ਸੰਮਿਲਤ ਕੀਤਾ ਜਾਂਦਾ ਹੈ।

(੩) ਪ੍ਰੇਰਣਾਰਥਕ ਧਾਤੂ ਦੋ ਕਿਸਮ ਦੇ ਹੁੰਦੇ ਹਨ; 'ਸਮਾਨ' ਅਤੇ 'ਵਿਸ਼ੇਸ਼'। ਗੁਰਬਾਣੀ ਵਿਚ ਆਈਆਂ ਪ੍ਰੇਰਣਾਰਥਕ ਕ੍ਰਿਆਵਾਂ ਬਹੁਤ ਕਰਕੇ ਸਮਾਨ ਧਾਤੂਆਂ ਤੋਂ ਬਣੀਆਂ ਹੋਈਆਂ ਹੀ ਹਨ।

੧੮.੪.੩ ਪ੍ਰੇਰਣਾਰਥਕ ਕ੍ਰਿਆ ਦੀ ਰੂਪ-ਸਾਧਨਾ

ਕਾਲ	*ਅਨ-ਪੁਰਖ*	*ਮਧਮ ਪੁਰਖ*	*ਉਤਮ ਪੁਰਖ*
ਵਰਤਮਾਨ ਕਾਲ			
ਇਕ-ਵਚਨ	ਕਹਾਵੈ, ਕਰਾਵੈ, ਨਚਾਵੈ, ਗਾਵਾਏ, ਦੇਵਾਏ, ਭਵਾਈਐ, ਭੋਗਾਇਦਾ, ਗਾਵਾਇਦਾ	ਜਾਣਾਇਹਿ*, ਚਲਾਇਹਿ*, ਕਰਾਇਹਿ*, ਬੋਲਾਵਹਿ*, ਬੈਸਾਲਹਿ, ਕਰਾਇਦਾ	ਚਲਾਈ*, ਕਰਾਈ*, ਭੁਲਾਈ*, ਕਹਾਵਉ*, ਕਰਾਵਾ*
ਬਹੁ-ਵਚਨ	ਕਹਾਹਿ, ਸਦਾਵਹਿ, ਫਹਾਇਨਿ, ਸਦਾਇਦੇ, ਕਹਾਇਦੇ	ਬੁਲਾਵਹੁ	
ਭੂਤਕਾਲ			
ਇਕ-ਵਚਨ (ਪੁਲਿੰਗ)	ਦੇਵਾਇਆ, ਅਣਾਇਆ, ਕਰਾਇਆ, ਪਿੰਜਾਇਆ, ਰੋਆਇਆ	—	—
(ਇਸਤਰੀ-ਲਿੰਗ)	ਕਰਾਈ		
ਬਹੁ-ਵਚਨ	ਪਕਰਾਏ	—	—

ਕਾਲ	*ਅਨ-ਪੁਰਖ*	*ਮਧਮ ਪੁਰਖ*	*ਉਤਮ ਪੁਰਖ*
ਭਵਿਖਤ ਕਾਲ			
ਇਕ-ਵਚਨ	ਕਰਾਇਸੀ, ਮਨਾਇਸੀ	—	ਕਹਾਵਉਗੌ†
ਹੁਕਮੀ ਭਵਿਖਤ ਕਾਲ			
ਇਕ-ਵਚਨ	—	ਜਪਾਇ, ਕਰਾਇ, ਵੇਖਾਲਿ	
ਬਹੁ-ਵਚਨ	—	ਜਨਾਵਹੁ, ਕਰਾਵਹੁ, ਜਪਾਵਹੁ	—
ਸੰਭਾਵ ਭਵਿਖਤ ਕਾਲ			
ਇਕ-ਵਚਨ	ਕਟਾਈਐ, ਦੇਵਾਏ	—	ਚਲਾਈ*, ਕਰਾਈ*, ਭੁਲਾਈ*, ਕਰਾਵਾ*, ਕਹਾਵਉ*, ਦਿਖਾਲਾ*

ਨੋਟ : (੧) *ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ।
(੨) †ਕਹਾਵਉਗੌ ਵਿਚ 'ਉ' ਦਾ ਉਚਾਰਣ ਨਾਸਕੀ।
(੩) ਉਤਮ ਪੁਰਖ ਦੀਆਂ ਬਹੁਤੀਆਂ ਕ੍ਰਿਆਵਾਂ ਦਾ ਵਰਤਮਾਨ ਕਾਲ ਅਤੇ ਸੰਭਾਵ-ਭਵਿੱਖਤ ਕਾਲ ਦਾ ਰੂਪ ਇਕਸਾਰ ਹੀ ਹੁੰਦਾ ਹੈ।

੧੮.੪.੪ ਪ੍ਰੇਰਣਾਰਥਕ ਕ੍ਰਿਆ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ

(ੳ) ਵਰਤਮਾਨ ਕਾਲ

(੧) ਅਨ-ਪੁਰਖ

ਇਕ-ਵਚਨ

੧. ਆਪਸ ਕਉ ਜੋ ਭਲਾ 'ਕਹਾਵੈ'॥
ਤਿਸਹਿ ਭਲਾਈ ਨਿਕਟਿ ਨ ਆਵੈ॥੩॥੧੨॥ *(ਪੰਨਾ ੨੭੮)*

੨. ਕਹੁ ਮਾਨੁਖ ਤੇ ਕਿਆ ਹੋਇ ਆਵੈ॥
ਜੋ ਤਿਸੁ ਭਾਵੈ ਸੋਈ 'ਕਰਾਵੈ'॥੩॥੧੧॥ *(ਪੰਨਾ ੨੭੭)*

੩. ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ॥
ਜਿਉ ਪ੍ਰਭ ਭਾਵੈ ਤਿਵੈ 'ਨਚਾਵੈ'॥੭॥੧੧॥ *(ਪੰਨਾ ੨੭੮)*

੪. ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥
ਤਿਉ ਸਾਕਤੁ ਜੋਨੀ ਪਾਇ ਭਵੈ 'ਭਵਾਈਐ'॥੧॥੪॥ *(ਪੰਨਾ ੭੫੨)*

੫. ਆਪਿ 'ਜਪਾਏ' ਜਪੈ ਸੋ ਨਾਉ॥
ਆਪਿ 'ਗਾਵਾਏ' ਸੁ ਹਰਿ ਗੁਨ ਗਾਉ॥੮॥੬॥ *(ਪੰਨਾ ੨੭੦)*

੬. ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ 'ਦੇਵਾਏ'॥੪॥੧੨॥ *(ਪੰਨਾ ੭੩੫)*

੭. ਇਕਨਾ ਭੋਗ 'ਭੋਗਾਇਦਾ' ਮੇਰੇ ਗੋਵਿੰਦਾ,
ਇਕਿ ਨਗਨ ਫਿਰਹਿ ਨੰਗ ਨੰਗੀ ਜੀਉ॥੨॥੬੮॥ *(ਪੰਨਾ ੧੭੪)*

੮. ਆਪੇ ਗੁਣ 'ਗਾਵਾਇਦਾ' ਪਿਆਰਾ, ਆਪੇ ਸਬਦਿ ਸਮਾਹਾ॥੧॥੬॥ *(ਪੰਨਾ ੬੦੬)*

ਬਹੁ-ਵਚਨ

੧. ਜਤੀ 'ਸਦਾਵਹਿ' ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥ਸਲੋਕ ੨॥ਪਉੜੀ ੧੧॥ *(ਪੰਨਾ ੪੬੯)*

੨. ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ 'ਕਹਾਹਿ'॥੨॥੬॥ *(ਪੰਨਾ ੪੯੧)*

੩. ਫਾਂਧੀ ਲਗੀ ਜਾਤਿ 'ਫਹਾਇਨਿ' ਅਗੈ ਨਾਹੀ ਥਾਉ॥ਸਲੋਕ ੨॥੨੨॥ *(ਪੰਨਾ ੧੨੮੮)*

੪. ਬਾਹਰਹੁ ਪੰਡਿਤ 'ਸਦਾਇਦੇ' ਮਨਹੁ ਮੂਰਖ ਗਾਵਾਰ॥ਸ.੧॥੧੬॥ *(ਪੰਨਾ ੧੦੯੧)*

੫. ਖਾਨ ਮਲੂਕ 'ਕਹਾਇਦੇ' ਕੋ ਰਹਣੁ ਨ ਪਾਈ॥ਪਉੜੀ ੨੩॥ *(ਪੰਨਾ ੧੨੪੬)*

(੨) ਮਧਮ ਪੁਰਖ

ਇਕ-ਵਚਨ

੧. ਜਿਸ ਨੋ ਤੂ 'ਜਾਣਾਇਹਿ' ਸੋਈ ਜਨੁ ਜਾਣੈ॥੩॥੨॥ *(ਪੰਨਾ ੧੧)*

੨. ਜਿਉ ਤੂ 'ਚਲਾਇਹਿ' ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥੧੫॥ *(ਪੰਨਾ ੯੧੬)*

੩. ਦਾਸਨਿ ਦਾਸੁ ਕਹੈ ਜਨੁ ਨਾਨਕੁ,
ਜੇਹਾ ਤੂੰ 'ਕਰਾਇਹਿ' ਤੇਹਾ ਹਉ ਕਰੀ ਵਖਿਆਨੁ॥੪॥੧੧॥ *(ਪੰਨਾ ੭੩੪)*

੪. ਜਿਉ 'ਬੋਲਾਵਹਿ' ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥੮॥੧॥ *(ਪੰਨਾ ੫੦੮)*

੫. ਜਹ 'ਬੈਸਾਲਹਿ' ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ॥੧॥੧॥ *(ਪੰਨਾ ੬੬੩)*

੬. ਤੂੰ ਆਪੇ ਮੁਕਤਿ 'ਕਰਾਇਦਾ' ਇਕ ਨਿਮਖ ਘੜੀ ਕਰਿ ਖਿਆਲੁ॥ਪਉੜੀ ੭॥ *(ਪੰਨਾ ੮੫)*

ਬਹੁ-ਵਚਨ

੧. ਬੇਸੁਮਾਰ ਅਥਾਹ ਅਗਨਤ ਅਤੋਲੈ॥
ਜਿਉ 'ਬੁਲਾਵਹੁ' ਤਿਉ ਨਾਨਕ ਦਾਸ ਬੋਲੈ॥੮॥੨੧॥ *(ਪੰਨਾ ੨੬੨)*

(ਅ) ਭੂਤਕਾਲ

(੧) ਅਨ-ਪੁਰਖ

ਇਕ-ਵਚਨ

੧. ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ 'ਦੇਵਾਇਆ'॥ਪਉੜੀ ੬॥ *(ਪੰਨਾ ੮੫੩)*

੨. ਚਉਕੜਿ ਮੁਲਿ 'ਅਣਾਇਆ' ਬਹਿ ਚਉਕੈ ਪਾਇਆ॥ਸਲੋਕ ੧॥ਪਉੜੀ ੧੫॥ *(ਪੰਨਾ ੪੭੧)*

੩. ਆਪਹਿ ਕੀਆ 'ਕਰਾਇਆ' ਆਪਹਿ ਕਰਨੈ ਜੋਗੁ॥ਸਲੋਕ ੧॥ਪਉੜੀ ੧॥ *(ਪੰਨਾ ੨੫੦)*

৪. ਵੇਲਿ 'ਪਿੰਞਾਇਆ' ਕਤਿ 'ਵੁਣਾਇਆ'॥
ਕਟਿ ਕੁਟਿ ਕਰਿ ਖੁੰਬਿ ਚੜਾਇਆ॥ਸਲੋਕ ੧॥੧੯॥ (ਪੰਨਾ ੯੫੫)

੫. ਸਹੰਸਰ ਦਾਨ ਦੇ ਇੰਦ੍ਰ 'ਰੋਆਇਆ'॥ਸਲੋਕ ੧॥੧੪॥ (ਪੰਨਾ ੯੫੩)

(ਇਸਤਰੀ-ਲਿੰਗ)

੬. ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ 'ਕਰਾਈ'॥੧॥੨॥ (ਪੰਨਾ ੭੫)

ਸਮੀਪੀ-ਭੂਤ (ਇਸਤਰੀ-ਲਿੰਗ)

੭. ਲਹਣੇ ਦੀ 'ਫੇਰਾਈਐ' ਨਾਨਕਾ ਦੋਹੀ ਖਟੀਐ॥੨॥ (ਪੰਨਾ ੯੬੬)
[ਫੇਰਾਈਐ—ਫਿਰਾਈ ਗਈ ਹੈ]

ਬਹੁ-ਵਚਨ

੧. ਕਰਿ ਕਿਰਪਾ ਰਾਖਿਓ ਗੁਰਿ ਸਰਨਾ॥
ਗੁਰਿ 'ਪਕਰਾਏ' ਹਰਿ ਕੇ ਚਰਨਾ॥੨॥੧੬॥ (ਪੰਨਾ ੮੮੭)

੨. ਤਿਨਿ ਪਾਏ ਸਭੇ ਥੋਕ ਜਿਸੁ ਆਪਿ 'ਦਿਵਾਇਐ'॥ਪਉੜੀ ੮॥ (ਪੰਨਾ ੫੨੦)
[ਦਿਵਾਇਐ—ਦਿਵਾਏ ਹਨ]

(ਏ) ਹੁਕਮੀ ਭਵਿਖਤ ਕਾਲ

(੧) ਮਧਮ ਪੁਰਖ

ਇਕ-ਵਚਨ

੧. ਤੂ ਮਾਰਿ ਜੀਵਾਲਹਿ ਬਖਸਿ ਮਿਲਾਇ॥
ਜਿਉ ਭਾਵੀ ਤਿਉ ਨਾਮੁ 'ਜਪਾਇ'॥੩॥੧੦॥ (ਪੰਨਾ ੧੫੪)

੨. ਸੋਈ 'ਕਰਾਇ' ਜੋ ਤੁਧੁ ਭਾਵੈ॥
ਮੋਹਿ ਸਿਆਣਪ ਕਛੂ ਨ ਆਵੈ॥੧॥੭੧॥ (ਪੰਨਾ ੬੨੬)

੩. ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ 'ਵੇਖਾਲਿ'॥੩॥੪॥ (ਪੰਨਾ ੭੬੧)

ਬਹੁ-ਵਚਨ

੧. ਅਪੁਨੀ ਬਿਧਿ ਆਪਿ 'ਜਨਾਵਹੁ'॥
ਹਰਿ ਜਨ ਮੰਗਲ ਗਾਵਹੁ॥ਰਹਾਉ॥੩॥ (ਪੰਨਾ ੬੧੭)

੨. ਉਦਮੁ ਕਰਉ 'ਕਰਾਵਹੁ' ਠਾਕੁਰ ਪੇਖਤ ਸਾਧੂ ਸੰਗਿ॥੧॥੧੩੬॥ (ਪੰਨਾ ੪੦੫)

੩. ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ 'ਜਪਾਵਹੁ'॥ਰਹਾਉ॥੬॥ (ਪੰਨਾ ੧੧੨੦)

(ਸ) ਸੰਭਾਵ ਭਵਿਖਤ ਕਾਲ

(੧) ਅਨ-ਪੁਰਖ

ਇਕ-ਵਚਨ

੧. ਅਰਧ ਸਰੀਰੁ 'ਕਟਾਈਐ' ਸਿਰਿ ਕਰਵਤੁ ਧਰਾਇ॥੩॥੧੪॥ (ਪੰਨਾ ੬੨)
[ਕਟਾਈਐ—ਭਾਵੇਂ ਕਟਾਈਏ, ਕਰਮਨੀ-ਵਾਚ ਕ੍ਰਿਆ]

੨. ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ, ਅਕੈ ਕੋਈ ਕਿਹੁ 'ਦੇਵਾਏ',
ਏਹੁ ਹਰਿ ਧਨੁ ਜੋਰਿ ਕੀਤੈ ਕਿਸੇ ਨਾਲਿ ਨ ਜਾਇ ਵੰਡਾਇਆ॥ਪਉੜੀ ੯॥ (ਪੰਨਾ ੮੫੩)

(੨) ਉਤਮ ਪੁਰਖ

ਇਕ-ਵਚਨ

੧. ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ 'ਚਲਾਈ'॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ 'ਕਰਾਈ'॥ਸਲੋਕ ੧॥੧੬॥
[ਚਲਾਈ—(ਉਚਾਰਣ ਨਾਸਕੀ) ਮੈਂ ਚਲਾਵਾਂ] (ਪੰਨਾ ੧੪੭)
[ਕਰਾਈ—(ਉਚਾਰਣ ਨਾਸਕੀ) ਮੈਂ ਕਰਾਵਾਂ]

੨. ਜਿਸਹਿ 'ਦਿਖਾਲਾ' ਵਾਟੜੀ ਤਿਸਹਿ ਭੁਲਾਵੈ ਕਉਣੁ॥
ਜਿਸਹਿ 'ਭੁਲਾਈ' ਪੰਧ ਸਿਰਿ ਤਿਸਹਿ ਦਿਖਾਵੈ ਕਉਣੁ॥ਸਲੋਕ ੧॥੧੨॥
[ਦਿਖਾਲਾ—(ਉਚਾਰਣ ਨਾਸਕੀ) ਮੈਂ ਵਿਖਾਵਾਂ] (ਪੰਨਾ ੯੫੨)
[ਭੁਲਾਈ—(ਉਚਾਰਣ ਨਾਸਕੀ) ਮੈਂ ਭਟਕਾਅ ਦਿਆਂ]

੩. ਖਾਨੁ ਮਲੂਕੁ 'ਕਹਾਵਉ' ਰਾਜਾ॥
ਅਬੇ ਤਬੇ ਕੂੜੇ ਹੈ ਪਾਜਾ॥੭॥੧੦॥ (ਪੰਨਾ ੨੨੫)
[ਕਹਾਵਉ—(ਉਚਾਰਣ ਨਾਸਕੀ) ਮੈਂ ਅਖਵਾਵਾਂ]

੪. ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ 'ਕਰਾਵਾ'॥੧॥੬॥
[ਕਰਾਵਾ—(ਉਚਾਰਣ ਨਾਸਕੀ) ਮੈਂ ਕਰਾਵਾਂ] (ਪੰਨਾ ੭੩੦)

(ਸ) ਭਵਿਖਤ ਕਾਲ

(੧) ਉਤਮ ਪੁਰਖ

ਇਕ-ਵਚਨ

੧. ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ 'ਕਹਾਵਉਗੋ'॥੪॥੨॥ (ਪੰਨਾ ੬੭੩)

(੨) ਅਨ-ਪੁਰਖ

ਇਕ-ਵਚਨ

੧. ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ 'ਕਰਾਇਸੀ'॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ 'ਮਨਾਇਸੀ'॥ਪਉੜੀ ੧੫॥ (ਪੰਨਾ ੪੭੧)

੧੮.੫ ਵਾਚ-ਆਧਾਰਤ ਕ੍ਰਿਆ (Verb)



ਲੱਛਣ

'ਵਾਚ (Voice)', ਕ੍ਰਿਆ ਦੇ ਉਸ ਰੂਪ ਜਾਂ ਪੱਖ ਦਾ ਲਖਾਇਕ ਹੁੰਦਾ ਹੈ, ਜਿਸ ਤੋਂ ਇਹ ਵਿਦਤ ਹੋਵੇ ਕਿ ਇਸ ਨਾਲ ਸੰਬੰਧਤ ਵਾਕ ਦਾ ਵਿਸ਼ਾ 'ਕਰਤਾ' ਹੈ ਜਾਂ 'ਕਰਮ'।

ਕਿਸਮਾਂ

ਗੁਰਬਾਣੀ ਵਿਚ ਦੋ ਪ੍ਰਕਾਰ ਦੇ 'ਵਾਚ' ਦੀ ਵਰਤੋਂ ਕੀਤੀ ਮਿਲਦੀ ਹੈ:

(੧) ਕਰਤ੍ਰੀ-ਵਾਚ (Active Voice)
(੨) ਕਰਮਨੀ-ਵਾਚ (Passive Voice)

੧੮.੫.੧ ਕਰਤ੍ਰੀ-ਵਾਚ

ਲੱਛਣ

ਕ੍ਰਿਆ ਦਾ ਉਹ ਪੱਖ ਜਾਂ ਰੂਪ ਜਿਸ ਤੋਂ ਇਹ ਪ੍ਰਗਟ ਹੋਵੇ ਕਿ ਇਸ ਨਾਲ ਸੰਬੰਧਤ ਵਾਕ ਦਾ ਵਿਸ਼ਾ 'ਕਰਤਾ' ਹੈ।

ਉਦਾਹਰਣਾਂ

- ਗੁਰੂ, ਸਿਖ ਦਾ ਹਲਤ ਪਲਤ 'ਸਵਾਰਦਾ ਹੈ'।
- ਸਿਖ ਸਾਸ-ਗਿਰਾਸ ਨਾਮ 'ਜਪਦਾ ਹੈ'।
- ਪਾਰਬ੍ਰਹਮ ਨੇ ਵਚਿਤ੍ਰ ਜਗਤ-ਰਚਨਾ 'ਰਚੀ ਹੋਈ ਹੈ'।
- ਸੰਗਤ ਲੰਗਰ 'ਛਕ ਰਹੀ ਹੈ'।

ਨੋਟ : (੧) ਜਿਨ੍ਹਾਂ ਵਾਕਾਂ ਵਿਚ 'ਕਰਤਾ' ਸੰਬੰਧਕੀ-ਰੂਪ ਵਿਚ ਹੋਵੇ, ਉਹਨਾਂ ਵਿਚਲੀ ਭੂਤ-ਕਾਲੀ ਸਕਰਮਕ ਕ੍ਰਿਆ ਦੀ ਅਨੁਸਾਰਤਾ (ਵਚਨ ਅਤੇ ਲਿੰਗ ਦਾ ਮੇਲ) ਸਾਧਾਰਨ-ਰੂਪ ਵਾਲੇ 'ਕਰਮ' ਨਾਲ ਹੁੰਦੀ ਹੈ।

(੨) ਜਿਨ੍ਹਾਂ ਵਾਕਾਂ ਦਾ 'ਕਰਤਾ' ਸਾਧਾਰਨ-ਰੂਪ ਵਿਚ ਹੋਵੇ, ਉਹਨਾਂ ਵਿਚਲੀ ਕ੍ਰਿਆ ਦੀ ਅਨੁਸਾਰਤਾ (ਵਚਨ ਅਤੇ ਲਿੰਗ ਦਾ ਮੇਲ) 'ਕਰਤਾ' ਨਾਲ ਹੁੰਦੀ ਹੈ।

(੩) ਜਿਸ ਕ੍ਰਿਆ ਦੀ ਅਨੁਸਾਰਤਾ (ਮੇਲ) 'ਕਰਤਾ' ਜਾਂ 'ਕਰਮ' ਦੋਹਾਂ ਤੋਂ ਸੁਤੰਤਰ ਹੋਵੇ ਉਸ ਨੂੰ ਸੁਤੰਤਰ-ਮੇਲ ਕ੍ਰਿਆ ਕਹੀਦਾ ਹੈ; ਜਿਵੇਂ : ਸੰਤ ਜਨਾਂ ਨੇ ਮਾਇਆ ਨੂੰ ਵਸ 'ਕੀਤਾ ਹੁੰਦਾ ਹੈ'।

੧੮.੫.੨ ਕਰਮਨੀ-ਵਾਚ

ਲੱਛਣ

ਕ੍ਰਿਆ ਦਾ ਉਹ ਪੱਖ ਜਾਂ ਰੂਪ ਜਿਸ ਤੋਂ ਇਹ ਪ੍ਰਗਟ ਹੋਵੇ ਕਿ ਇਸ ਨਾਲ ਸੰਬੰਧਤ ਵਾਕ ਦਾ ਵਿਸ਼ਾ 'ਕਰਮ' (ਜਿਸ ਉੱਤੇ ਕ੍ਰਿਆ ਵਾਪਰੇ) ਹੈ।

ਉਦਾਹਰਣਾਂ

- ਗੁਰਮੁਖ ਸੱਚੀ ਦਰਗਾਹ ਵਿਚ 'ਸਨਮਾਨੇ ਜਾਂਦੇ ਹਨ'।
- ਲੰਗਰ 'ਛਕਿਆ ਜਾ ਰਿਹਾ ਹੈ'।
- ਪੰਜੇ ਮਹਾਬਲੀ 'ਬੰਨ੍ਹ ਲਏ ਗਏ'।
- ਮਰਯਾਦਾ ਗੁਰਮਤਿ ਸਿਧਾਂਤ ਅਨੁਸਾਰ 'ਨਿਭਾਈ ਗਈ'।

ਨੋਟ : ਕਰਮਨੀ-ਵਾਚ ਵਾਲੇ ਵਾਕਾਂ ਵਿਚ ਕ੍ਰਿਆ ਦਾ ਮੇਲ (ਸਾਧਾਰਨ-ਰੂਪ ਵਾਲੇ) ਕਰਮ ਨਾਲ ਹੁੰਦਾ ਹੈ।

੧੮.੫.੩ ਕਰਤ੍ਰੀ-ਵਾਚ ਤੋਂ ਕਰਮਨੀ-ਵਾਚ ਬਣਾਉਣ ਦੀ ਵਿਧੀ

ਕਰਮ-ਵਾਚ ਦੇ ਸੰਬੰਧ ਵਿਚ ਪ੍ਰੋ: ਸਾਹਿਬ ਸਿੰਘ ਜੀ *ਗੁਰਬਾਣੀ ਵਿਆਕਰਣ* ਵਿਚ ਇਸ ਤਰ੍ਹਾਂ ਲਿਖਦੇ ਹਨ:

"ਸੰਸਕ੍ਰਿਤ ਵਿਚ ਕਰਤ੍ਰੀ-ਵਾਚ ਤੋਂ ਕਰਮ-ਵਾਚ ਬਣਾਉਣ ਵਾਸਤੇ ਧਾਤੂ ਦੇ ਅੰਤ ਵਿਚ 'ਯ' ਲਗਾਇਆ ਜਾਂਦਾ ਹੈ, ਇਸ ਤੋਂ ਉਪਰੰਤ ਵਰਤਮਾਨ ਕਾਲ, ਭੂਤ ਕਾਲ ਆਦਿਕ ਦੇ ਚਿਹਨ ਲਗਾਏ ਜਾਂਦੇ ਹਨ।

ਇਸ 'ਯ' ਦੇ ਲਗਾਣ ਤੋਂ ਪਹਿਲਾਂ ਕਈ ਧਾਤੂਆਂ ਦੇ ਅਸਲੀ ਰੂਪ ਦੇ ਅੰਤ ਵਿਚ ਕੋਈ ਕੋਈ ਤਬਦੀਲੀ ਕੀਤੀ ਜਾਂਦੀ ਹੈ; ਜਿਵੇਂ : 'ਆ—ਅੰਤ' ਧਾਤੂਆਂ ਦੇ 'ਅ' ਦਾ (ੀ) ਹੋ ਜਾਂਦਾ ਹੈ:

- 'ਦਾ' (ਦੇਣਾ) ਤੋਂ 'ਦੀਯ'
- 'ਪਾ' (ਪੀਣਾ) ਤੋਂ 'ਪੀਯ' *(ਗੁਰਬਾਣੀ ਵਿਆਕਰਣ, ਪੰਨਾ ੨੭੨-੭੩)*"

ਸਬਦਾਂ ਨੂੰ ਪਿਛੇਤਰ ਰੂਪ ਵਿਚ ਲੱਗਾ 'ਯ' ਆਮ ਤੌਰ 'ਤੇ ਸ੍ਵਰ-ਧੁਨੀ ਦਾ ਲਖਾਇਕ ਹੁੰਦਾ ਹੈ। 'ਯ' ਦੀ ਸ੍ਵਰ ਵਜੋਂ ਵਰਤੋਂ ਸੰਸਕ੍ਰਿਤ ਅਤੇ ਹਿੰਦੀ ਵਿਚ ਆਮ ਕੀਤੀ ਜਾਂਦੀ ਹੈ। ਪੁਰਾਣੀ ਪੰਜਾਬੀ ਅਥਵਾ ਗੁਰਬਾਣੀ ਵਿਚ ਵੀ ਇਸ ਦੀ ਸੀਮਤ ਵਰਤੋਂ ਕੀਤੀ ਮਿਲਦੀ ਹੈ।

ਵਿਅੰਜਨ 'ਯ' ਦੀ ਥਾਵੇਂ ਹੁਣ ਆਮ ਤੌਰ 'ਤੇ ਪੰਜਾਬੀ ਵਿਚ ਵਿਅੰਜਨ 'ਜ' ਦੀ ਵਰਤੋਂ ਕੀਤੀ ਮਿਲਦੀ ਹੈ।

ਗੁਰਬਾਣੀ ਵਿਚ ਵਰਤਿਆ ਗਿਆ ਸ੍ਵਰ 'ਯ' ਕਈ ਬਦਲਵੀਆਂ ਲਗਮਾਤ੍ਰੀ ਧੁਨੀਆਂ ਦਾ ਲਖਾਇਕ ਹੈ, ਜਿਨ੍ਹਾਂ ਵਿੱਚੋਂ ਕਰਮਨੀ-ਵਾਚ ਕ੍ਰਿਆਵਾਂ ਦੀ ਬਣਤਰ ਵਿਚ ਇਹ / ਈ + ਅ / ਧੁਨੀ ਦਾ ਲਖਾਇਕ ਹੁੰਦਾ ਹੈ।

ਗੁਰਬਾਣੀ ਵਿਚ ਆਈਆਂ ਪੁਰਾਤਨ ਰੂਪ ਵਾਲੀਆਂ ਕਰਮਨੀ-ਵਾਚ ਕ੍ਰਿਆਵਾਂ ਵਿੱਚੋਂ ਕੁਝ ਤਾਂ ਅਜਿਹੀਆਂ ਹਨ, ਜਿਨ੍ਹਾਂ ਨਾਲ ਕਾਲ-ਬੋਧਕ ਅੰਸ਼ ਸੰਮਿਲਤ ਰੂਪ ਵਿਚ ਮਿਲਦਾ ਹੈ ਅਤੇ ਕਈ ਅਜਿਹੀਆਂ ਵੀ ਹਨ, ਜਿਨ੍ਹਾਂ ਨਾਲ ਕਾਲ-ਬੋਧਕ ਅੰਸ਼ ਵੱਖਰੇ ਰੂਪ ਵਿਚ ਆਇਆ ਮਿਲਦਾ ਹੈ; ਜਿਵੇਂ :

ਕਰਤ੍ਰੀ-ਵਾਚ ਧਾਤੂ	ਇਸ ਤੋਂ ਬਣਿਆ ਕਰਮਨੀ-ਵਾਚ ਧਾਤੂ-ਸਰੂਪ	ਵਰਤਮਾਨ ਕਾਲ ਬੋਧ ਚਿੰਨ੍ਹ ਸਹਿਤ ਕਰਮਨੀ-ਵਾਚ ਕ੍ਰਿਆ ਦਾ ਰੂਪ			
		ਸੰਮਿਲਤ ਰੂਪ ਵਿਚ ਕਾਲ-ਬੋਧ ਚਿੰਨ੍ਹ ਸਹਿਤ		ਵੱਖਰੇ ਕਾਲ-ਬੋਧ ਚਿੰਨ੍ਹ ਸਹਿਤ	
		ਇਕ-ਵਚਨ	ਬਹੁ-ਵਚਨ	ਇਕ-ਵਚਨ	ਬਹੁ-ਵਚਨ
ਕਹ	ਕਹੀਜ/ਕਹੀਅ*	ਕਹੀਜੈ (ਅਨ-ਪੁਰਖ)	—	—	—
		ਕਹਿਜੈ (ਅਨ-ਪੁਰਖ)	—	—	—
		ਕਹੀਐ (ਅਨ-ਪੁਰਖ)	—	—	—
			ਕਹੀਅਹਿ	—	—
		—	ਕਹੀਅਨਿ	—	—
		ਕਹੀਅਉ (ਉਤਮ ਪੁਰਖ)	—	—	—
		ਕਹੀਆ (ਉਤਮ ਪੁਰਖ)	—	—	—
		ਕਹੀਅਤ (ਸਾਰੇ ਪੁਰਖ)	—	—	—
				ਕਹੀਅਤ ਹੈ (ਅਨ-ਪੁਰਖ)	—
		—	—	ਕਹੀਅਤ ਹੈਂ (ਮਧਮ ਪੁਰਖ)	—
		—	—	ਕਹੀਅਤ ਹਹਿ (ਮਧਮ ਪੁਰਖ)	ਕਹੀਅਤ ਹਹੁ
ਕਰ	ਕਰੀਜ/ਕਰੀਅ*	ਕਰੀਜੈ (ਅਨ-ਪੁਰਖ)	—	—	—
		ਕਰਿਜੈ (ਅਨ-ਪੁਰਖ)	—	—	—
		ਕੀਜੈ/ਕੀਚੈ (ਅਨ-ਪੁਰਖ)	ਕੀਜਹਿ/ ਕੀਚਹਿ/ ਕੀਚਨਿ	—	—
		ਕਿਜੈ (ਅਨ-ਪੁਰਖ)	—	—	—
		ਕੀਜਈ/ਕੀਚਈ (ਅਨ-ਪੁਰਖ)	—	—	—

ਕਰਤ੍ਰੀ-ਵਾਚ ਧਾਤੂ	ਇਸ ਤੋਂ ਬਣਿਆ ਕਰਮਨੀ-ਵਾਚ ਧਾਤੂ-ਸਰੂਪ	ਵਰਤਮਾਨ ਕਾਲ ਬੋਧ ਚਿੰਨ੍ਹ ਸਹਿਤ ਕਰਮਨੀ-ਵਾਚ ਕ੍ਰਿਆ ਦਾ ਰੂਪ			
		ਸੰਮਿਲਤ ਰੂਪ ਵਿਚ ਕਾਲ-ਬੋਧ ਚਿੰਨ੍ਹ ਸਹਿਤ		ਵਖਰੇ ਕਾਲ-ਬੋਧ ਚਿੰਨ੍ਹ ਸਹਿਤ	
		ਇਕ-ਵਚਨ	ਬਹੁ-ਵਚਨ	ਇਕ-ਵਚਨ	ਬਹੁ-ਵਚਨ
		ਕਰੀਐ (ਅਨ-ਪੁਰਖ)	ਕਰੀਅਹਿ	—	—
		ਕੀਜੀਐ (ਅਨ-ਪੁਰਖ)	ਕੀਜੀਅਹਿ	—	—
		ਕੀਜਤ/ ਕੀਚਤ (ਅਨ-ਪੁਰਖ)	—	ਕੀਜਤ ਹੈ	—
ਜਾਣ(ਨ)	ਜਾਣੀਜ/ ਜਾਣੀਅ*	ਜਾਨੀਜੈ (ਅਨ-ਪੁਰਖ)	—	—	—
		ਜਾਣੀਐ (ਅਨ-ਪੁਰਖ)	ਜਾਣੀਅਹਿ	—	—
			ਜਾਣੀਅਨਿ	—	—
		ਜਾਣੀਅਹਿ (ਮਧਮ ਪੁਰਖ)	ਜਾਣੀਅਹੁ (ਮਧਮ ਪੁਰਖ)	—	—
		ਜਾਣੀਆ (ਉਤਮ ਪੁਰਖ)	—	—	—
	(ਪਰ)	ਜਾਨੀਅਤੁ (ਅਨ-ਪੁਰਖ)	—	—	—

ਨੋਟ : (੧) ਅੰਤਲਾ 'ਅ*' ਸੰਸਕ੍ਰਿਤ ਦੇ ਕਰਮਨੀ-ਵਾਚ ਪਿਛੇਤਰ 'ਯ' ਦਾ ਰੂਪਾਂਤਰ ਹੈ ਅਤੇ ਅੰਤਲਾ 'ਜ' 'ਯ' ਦਾ ਅਜੋਕਾ ਬਦਲ।

(੨) ਕਾਲਮ ਨੰ: ੩ ਵਿਚ ਉਤਮ ਪੁਰਖ ਅਤੇ ਮਧਮ ਪੁਰਖ ਨਾਲ ਸੰਬੰਧਤ ਕ੍ਰਿਆਵਾਂ ਨਾਲ ਪੁਰਖ ਦਾ ਵੇਰਵਾ ਦਿੱਤਾ ਗਿਆ ਹੈ। ਬਾਕੀ ਕ੍ਰਿਆਵਾਂ/ਅਨ-ਪੁਰਖ ਨਾਲ ਸੰਬੰਧਤ ਹਨ।

(੩) ਉਪਰੋਕਤ ਚਿਤ੍ਰ ਦੇ ਕਾਲਮ (੨) ਹੇਠ ਸੰਸਕ੍ਰਿਤ ਦੇ ਕਰਮਨੀ-ਵਾਚ ਦੇ ਲਖਾਇਕ ਪਿਛੇਤਰ 'ਯ' ਦਾ ਬਦਲਵਾਂ ਪੰਜਾਬੀ ਵਿਅੰਜਨ 'ਜ' ਅਤੇ 'ਯ' ਦਾ ਬਦਲਵਾਂ ਸੁਰ (ਈ + ਅ) ਵਰਤੋਂ ਵਿਚ ਲਿਆਂਦਾ ਗਿਆ ਹੈ।

(੪) ਉਪਰੋਕਤ ਵੇਰਵਾ ਪੁਰਾਤਨ ਕਾਲ ਦੀਆਂ ਸੰਜੋਗਾਤਮਿਕ ਰੂਪ ਵਾਲੀਆਂ ਕਰਮਨੀ-ਵਾਚ ਕ੍ਰਿਆਵਾਂ ਦੀ ਬਣਤਰ ਬਾਰੇ ਦਿੱਤਾ ਗਿਆ ਹੈ।

ਗੁਰੂ-ਕਾਲ ਵਿਚ ਹੀ ਭਾਸ਼ਾ ਵਿਜੋਗਾਤਮਿਕ ਰੂਪ ਵੀ ਧਾਰਨ ਕਰ ਰਹੀ ਸੀ। ਇਸ ਲਈ ਗੁਰਬਾਣੀ ਵਿਚ ਵਿਜੋਗਾਤਮਿਕ ਰੂਪ ਵਾਲੀਆਂ

ਕਰਮਨੀ-ਵਾਚ ਕ੍ਰਿਆਵਾਂ ਦੇ ਦਰਸ਼ਨ ਵੀ ਹੁੰਦੇ ਹਨ। ਅਜਿਹੀਆਂ ਕ੍ਰਿਆਵਾਂ ਦੀ ਬਣਤਰ-ਵਿਧੀ ਇਸ ਪ੍ਰਕਾਰ ਹੈ :

ਸੰਬੰਧਤ ਸਕਰਮਕ ਮੂਲ-ਧਾਤੂ ਦੇ ਭੂਤ-ਕ੍ਰਿਦੰਤ ਤੋਂ ਮਗਰੋਂ 'ਜਾ' ਧਾਤੂ ਵੱਖਰੇ ਤੌਰ 'ਤੇ ਵਧਾਇਆ ਜਾਂਦਾ ਹੈ। ਕਾਲ ਬੋਧਕ ਅੰਸ਼ 'ਜਾ' ਧਾਤੂ ਨਾਲ ਹੀ ਸੰਮਿਲਤ ਰੂਪ ਵਿਚ ਜਾਂ ਵੱਖਰੇ ਰੂਪ ਵਿਚ ਲੱਗਦਾ ਹੈ।

ਮੂਲ-ਧਾਤੂ 'ਲਿਖ' ਅਤੇ ਵਧਾਏ ਗਏ ਧਾਤੂ (ਜਾ) ਦੇ ਰੂਪ ਵਿਚ ਕਾਲ, ਵਚਨ ਅਤੇ ਲਿੰਗ ਆਦਿ ਦੇ ਭੇਦ ਕਰਕੇ ਜੋ ਤਬਦੀਲੀ ਵਾਪਰਦੀ ਹੈ, ਉਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

	ਇਕ-ਵਚਨ		*ਬਹੁ-ਵਚਨ*	
	ਪੁਲਿੰਗ	*ਇਸਤਰੀ-ਲਿੰਗ*	*ਪੁਲਿੰਗ*	*ਇਸਤਰੀ-ਲਿੰਗ*
ਵਰਤਮਾਨ ਕਾਲ	ਲਿਖਿਆ ਜਾਂਦਾ ਹੈ	ਲਿਖੀ ਜਾਂਦੀ ਹੈ	ਲਿਖੇ ਜਾਂਦੇ ਹਨ	ਲਿਖੀਆਂ ਜਾਂਦੀਆਂ ਹਨ
ਭੂਤ ਕਾਲ	ਲਿਖਿਆ ਗਇਆ	ਲਿਖੀ ਗਈ	ਲਿਖੇ ਗਏ	ਲਿਖੀਆਂ ਗਈਆਂ
ਭਵਿਖਤ ਕਾਲ	ਲਿਖਿਆ ਜਾਏਗਾ	ਲਿਖੀ ਜਾਏਗੀ	ਲਿਖੇ ਜਾਣਗੇ	ਲਿਖੀਆਂ ਜਾਣਗੀਆਂ

੧੮.੫.੪ ਮੂਲ-ਰੂਪੀ ਕਰਮਨੀ-ਵਾਚ ਧਾਤੂ

ਪੰਜਾਬੀ ਭਾਸ਼ਾ ਦੇ ਕਈ ਧਾਤੂ ਮੂਲ-ਰੂਪ ਵਿਚ ਹੀ ਕਰਮਨੀ-ਵਾਚ ਹਨ; ਜਿਵੇਂ :

ਕਰਤ੍ਰੀ-ਵਾਚ ਧਾਤੂ	*ਕਰਮਨੀ-ਵਾਚ ਧਾਤੂ*	*ਕਰਤ੍ਰੀ-ਵਾਚ ਧਾਤੂ*	*ਕਰਮਨੀ-ਵਾਚ ਧਾਤੂ*
ਰਿੰਨ੍ਹ (ਣਾ)	ਰਿਝ (ਣਾ)	ਗੁਨ੍ਹ (ਣਾ)	ਗੁਝ (ਣਾ)
ਬੰਨ੍ਹ (ਣਾ)	ਬਝ (ਣਾ)	ਭੰਨ (ਣਾ)	ਭਜ (ਣਾ)
ਭਿਓ (ਣਾ)	ਭਿਜ (ਣਾ)	ਦਾਹ (ਣਾ)	ਦਝ (ਣਾ)
ਵਿੰਨ੍ਹ (ਣਾ)	ਵਿਝ (ਣਾ)	ਭੁਨ (ਣਾ)	ਭੁਜ (ਣਾ)
ਕੁਹ (ਣਾ)	ਕੁਸ (ਣਾ)	ਖੁਹ (ਣਾ)	ਖੁਸ (ਣਾ)
ਪੀਹ (ਣਾ)	ਪਿਸ (ਣਾ)	ਫਿਹ (ਣਾ)	ਫਿਸ (ਣਾ)
ਮੁਹ (ਣਾ)	ਮੁਠ (ਣਾ)	ਢਾਹ (ਣਾ)	ਢਠ (ਣਾ)
ਵੇਖ (ਣਾ)	ਦਿਸ (ਣਾ)/ਦਿਖ (ਣਾ)		
ਮੋੜ (ਨਾ)	ਮੁੜ (ਨਾ)	ਜੋੜ (ਨਾ)	ਜੁੜ (ਨਾ)
ਰੋੜ੍ਹ (ਨਾ)	ਰੁੜ੍ਹ (ਨਾ)	ਤੋੜ (ਨਾ)	ਤੁਟ (ਣਾ)
ਜੋੜ (ਨਾ)	ਜੁੜ (ਨਾ)	ਛਡ (ਣਾ)	ਛੁਟ (ਣਾ)
ਮੇਟ (ਣਾ)	ਮਿਟ (ਣਾ)	ਡੇਗ (ਣਾ)	ਡਿਗ (ਣਾ)
ਭੇੜ (ਨਾ)	ਭਿੜ (ਨਾ)	ਵੇਚ (ਣਾ)	ਵਿਕ (ਣਾ)
ਡੋਬ (ਣਾ)	ਡੁਬ (ਣਾ)	ਚੋਭ (ਣਾ)	ਚੁਭ (ਣਾ)
ਖੋਲ੍ਹ (ਣਾ)	ਖੁਲ੍ਹ (ਣਾ)	ਤੋਲ (ਣਾ)	ਤੁਲ (ਣਾ)

ਕਰਤ੍ਰੀ-ਵਾਚ ਧਾਤੂ	*ਕਰਮਨੀ-ਵਾਚ ਧਾਤੂ*	*ਕਰਤ੍ਰੀ-ਵਾਚ ਧਾਤੂ*	*ਕਰਮਨੀ-ਵਾਚ ਧਾਤੂ*
ਧੋ (ਣਾ)	ਧੁਪ (ਣਾ)	ਜੋ (ਣਾ)	ਜੁਪ (ਣਾ)
ਸਿਉ (ਣਾ)	ਸੀਪ (ਣਾ)	ਰੰਗ (ਣਾ)	ਰਪ (ਣਾ)
ਜਿਤ (ਣਾ)	ਜਿਪ (ਣਾ)	ਜਾਨ (ਣਾ)	ਜਾਪ (ਣਾ)
ਸਿਵਾਨ (ਣਾ)	ਸਿਵਾਪ (ਣਾ)		

੧੮.੫.੫ ਇੱਕੋ ਰੂਪ ਵਾਲੀਆਂ ਕਰਮਨੀ-ਵਾਚ ਕ੍ਰਿਆਵਾਂ ਦੇ ਵੱਖ ਵੱਖ ਲਹਿਜੇ

ਹੁਕਮੀ ਭਵਿੱਖਤ ਕਾਲ ਦੀਆਂ ਕਰਮਨੀ-ਵਾਚ ਸਰੂਪ ਵਾਲੀਆਂ ਕੁਝ ਕ੍ਰਿਆਵਾਂ, ਇਕੋ ਹੀ ਸਰੂਪ ਵਿਚ, ਵੱਖ ਵੱਖ ਥਾਂਈਂ ਵੱਖ ਵੱਖ ਲਹਿਜੇ (moods) ਨਿਰੂਪਨ ਕਰਦੀਆਂ ਹਨ। ਅਸੂਲਨ, ਇਹਨਾਂ ਦੇ ਅਰਥ, ਇਹਨਾਂ ਦੇ ਸਰੂਪ ਉੱਤੇ ਆਧਾਰਤ ਕਰਮਨੀ-ਵਾਚ ਭਾਸ਼ਾ ਵਿਚ ਹੀ ਕਰਕੇ ਬਣਦੇ ਹਨ, ਪਰ ਅਜੋਕੇ ਭਾਸ਼ਾਚਾਰੀਆਂ ਵਲੋਂ ਇਹਨਾਂ ਸਰੂਪਾਂ ਵਾਲੀਆਂ ਕਰਮਨੀ-ਵਾਚ ਕ੍ਰਿਆਵਾਂ ਦੇ ਕਾਲ-ਬੋਧਕ ਅੰਸ਼ ਵਿਚ ਥੋੜੀ ਬਹੁਤ ਤਬਦੀਲੀ ਕਰ ਕੇ ਇਹਨਾਂ ਦਾ ਕਰਤ੍ਰੀ-ਵਾਚ ਸਰੂਪ ਬਣਾ ਲਿਆ ਗਿਆ ਹੈ ਅਤੇ ਵਧੇਰੇ ਟੀਕਾਕਾਰਾਂ ਨੇ ਗੁਰਬਾਣੀ ਦੇ ਅਰਥ ਕਰਤ੍ਰੀ-ਵਾਚ ਭਾਸ਼ਾ ਵਿਚ ਹੀ ਕੀਤੇ ਹਨ। ਅਜਿਹੀਆਂ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

ਉਦਾਹਰਣ ਨੰ: ੧

੧. **ਕਿਵ ਸਚਿਆਰਾ 'ਹੋਈਐ' ਕਿਵ ਕੂੜੈ ਤੁਟੈ ਪਾਲਿ ॥੧॥** *(ਪੰਨਾ ੧)*

੨. **ਫੇਰਿ ਕਿ ਅਗੈ 'ਰਖੀਐ' ਜਿਤੁ ਦਿਸੈ ਦਰਬਾਰੁ ॥੪॥** *(ਪੰਨਾ ੨)*

੩. **ਮੁਹੌ ਕਿ ਬੋਲਣੁ 'ਬੋਲੀਐ' ਜਿਤੁ ਸੁਣਿ ਧਰੇ ਪਿਆਰੁ ॥੪॥** *(ਪੰਨਾ ੨)*

ਕ੍ਰਿਆ	*ਕਰਮਨੀ-ਵਾਚ ਭਾਸ਼ਾ ਵਿਚ ਬਣਦੇ ਅਰਥ*	*ਕਰਤ੍ਰੀ-ਵਾਚ ਭਾਸ਼ਾ ਵਿਚ ਕੀਤੇ ਗਏ ਅਰਥ*
ਹੋਈਐ	ਹੋਇਆ ਜਾਏ	(ਅਸੀਂ) ਹੋਈਏ
ਰਖੀਐ	ਰਖਿਆ ਜਾਏ	(ਅਸੀਂ) ਰਖੀਏ
ਬੋਲੀਐ	ਬੋਲਿਆ ਜਾਏ	(ਅਸੀਂ) ਬੋਲੀਏ

ਉਦਾਹਰਣ ਨੰ: ੨

੧. **ਤਨੁ ਬੈਸੰਤਰਿ 'ਹੋਮੀਐ' ਇਕ ਰਤੀ ਤੋਲਿ ਕਟਾਇ ॥੨॥੧੪॥** *(ਪੰਨਾ ੬੨)*

੨. **ਅਰਧ ਸਰੀਰੁ 'ਕਟਾਈਐ' ਸਿਰਿ ਕਰਵਤੁ ਧਰਾਇ ॥**
ਤਨੁ ਹੈਮੰਚਲਿ 'ਗਾਲੀਐ' ਭੀ ਮਨ ਤੇ ਰੋਗੁ ਨ ਜਾਇ ॥੩॥੧੪॥ *(ਪੰਨਾ ੬੨)*

ਕ੍ਰਿਆ	*ਕਰਮਨੀ-ਵਾਚ ਭਾਸ਼ਾ ਵਿਚ ਬਣਦੇ ਅਰਥ*	*ਕਰਤ੍ਰੀ-ਵਾਚ ਭਾਸ਼ਾ ਵਿਚ ਕੀਤੇ ਗਏ ਅਰਥ*
ਹੋਮੀਐ	(ਭਾਵੇਂ) ਸਾੜ ਦਿੱਤਾ ਜਾਏ	(ਭਾਵੇਂ ਅਸੀਂ) ਸਾੜ ਦੇਈਏ
ਕਟਾਈਐ	(ਭਾਵੇਂ) ਕਟਾਇਆ ਜਾਏ	(ਭਾਵੇਂ ਅਸੀਂ) ਕਟਾ ਦੇਈਏ
ਗਾਲੀਐ	(ਭਾਵੇਂ) ਗਾਲ ਦਿੱਤਾ ਜਾਏ	(ਭਾਵੇਂ ਅਸੀਂ) ਗਾਲ ਦੇਈਏ

ਉਦਾਹਰਣ ਨੰ: ੩

੧. **ਆਉ ਸਖੀ ਸੰਤ ਪਾਸਿ ਸੇਵਾ 'ਲਾਗੀਐ'॥**
ਪੀਸਉ ਚਰਣ ਪਖਾਰਿ ਆਪੁ 'ਤਿਆਗੀਐ'॥
ਤਜਿ ਆਪੁ ਮਿਟੈ ਸੰਤਾਪੁ ਆਪੁ ਨਹ 'ਜਾਣਾਈਐ'॥
ਸਰਣਿ 'ਗਹੀਜੈ' ਮਾਨਿ 'ਲੀਜੈ' ਕਰੇ ਸੋ ਸੁਖੁ 'ਪਾਈਐ'॥੩॥੭॥ *(ਪੰਨਾ ੪੫੭)*

ਕ੍ਰਿਆ	*ਕਰਮਨੀ-ਵਾਚ ਭਾਸ਼ਾ ਵਿਚ ਬਣਦੇ ਅਰਥ*	*ਕਰਤ੍ਰੀ-ਵਾਚ ਭਾਸ਼ਾ ਵਿਚ ਕੀਤੇ ਗਏ ਅਰਥ*
(ਸੇਵਾ) ਲਾਗੀਐ	(ਸੇਵਾ ਵਿਚ) ਲੱਗ ਜਾਣਾ ਚਾਹੀਦਾ ਹੈ।	(ਅਸੀ ਸੇਵਾ ਵਿਚ) ਲੱਗ ਜਾਈਏ!
(ਆਪੁ) ਤਿਆਗੀਐ	(ਆਪਾ-ਭਾਵ) ਤਿਆਗ ਦਿੱਤਾ ਜਾਣਾ ਚਾਹੀਦਾ ਹੈ।	(ਅਸੀ ਆਪਾ-ਭਾਵ) ਤਿਆਗ ਦੇਈਏ!
(ਆਪ ਨਹ) ਜਾਣਾਈਐ	(ਆਪਾ-ਭਾਵ ਨਹੀਂ) ਜਾਣਾਇਆ ਜਾਣਾ ਚਾਹੀਦਾ।	(ਅਸੀ ਆਪਾ-ਭਾਵ ਨਾ) ਜਾਣਾਈਏ।
(ਸਰਣਿ) ਗਹੀਜੈ	(ਸਰਣ) ਫੜੀ ਜਾਣੀ ਚਾਹੀਦੀ ਹੈ।	(ਅਸੀ ਸਰਣ) ਫੜ ਲਈਏ!
(ਮਾਨਿ) ਲੀਜੈ	(ਹੁਕਮ) ਮੰਨ ਲਿਆ ਜਾਣਾ ਚਾਹੀਦਾ ਹੈ।	(ਅਸੀ ਹੁਕਮ) ਮੰਨ ਲਈਏ!
(ਸੁਖੁ) ਪਾਈਐ	(ਸੁਖ ਜਾਣ ਕੇ) ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ।	(ਅਸੀ ਸੁਖ ਜਾਣ ਕੇ) ਪ੍ਰਾਪਤ ਕਰ ਲਈਏ!

ਉਦਾਹਰਣ ਨੰ: ੪

੧. **ਹਮਾਰੈ ਏਹ ਕਿਰਪਾ 'ਕੀਜੈ'॥**
ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ॥ਰਹਾਉ॥੧॥
ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ 'ਦੀਜੈ'॥੧॥੧॥
(ਪੰਨਾ ੧੩੨੧)

ਕ੍ਰਿਆ	*ਕਰਮਨੀ-ਵਾਚ ਭਾਸ਼ਾ ਵਿਚ ਬਣਦੇ ਅਰਥ*	*ਕਰਤ੍ਰੀ-ਵਾਚ ਭਾਸ਼ਾ ਵਿਚ ਕੀਤੇ ਗਏ ਅਰਥ*
(ਕ੍ਰਿਪਾ) ਕੀਜੈ	(ਕਿਰਪਾ) ਕੀਤੀ ਜਾਏ	*(ਕਿਰਪਾ) ਕਰੀਏ ਜੀ!
(ਬੂੰਦ) ਦੀਜੈ	(ਬੂੰਦ) ਦਿੱਤੀ ਜਾਏ	*(ਬੂੰਦ) ਦੇਵੀਏ (ਦੇਣਾ ਕਰੀਏ) ਜੀ!

ਨੋਟ : *ਕੁਝ ਟੀਕਾਕਾਰਾਂ ਨੇ ਇਹਨਾਂ ਕ੍ਰਿਆਵਾਂ ਦਾ ਅਰਥ, 'ਕਿਰਪਾ (ਮਿਹਰ), ਕਰ', ਅਤੇ 'ਬੂੰਦ ਦੇਹ' ਸਪੱਸ਼ਟ ਕਰਤ੍ਰੀ-ਵਾਚ ਭਾਸ਼ਾ ਵਿਚ ਕੀਤੇ ਹਨ, ਜੋ ਉਪਰੇ ਲੱਗਦੇ ਹਨ।

ਉਦਾਹਰਣ ਨੰ: ੫

੧. **ਕਿਰਪਾ 'ਕੀਜੈ' ਸਾ ਮਤਿ 'ਦੀਜੈ' ਆਠ ਪਹਰ ਤੁਧੁ ਧਿਆਈ॥੧॥੪॥** *(ਪੰਨਾ ੭੭੯)*

ਕ੍ਰਿਆ	*ਕਰਮਨੀ-ਵਾਚ ਭਾਸ਼ਾ ਵਿਚ ਬਣਦੇ ਅਰਥ*	*ਕਰਤ੍ਰੀ-ਵਾਚ ਭਾਸ਼ਾ ਵਿਚ ਕੀਤੇ ਗਏ ਅਰਥ*
(ਕਿਰਪਾ) ਕੀਜੈ	(ਕਿਰਪਾ) ਕੀਤੀ ਜਾਏ	*(ਕਿਰਪਾ) ਕੀਜੀਏ ਜੀ!
(ਸਾ ਮਤਿ) ਦੀਜੈ	ਦਿਤੀ ਜਾਏ	*ਦੀਜੀਏ (ਦੇਣਾ ਕਰੀਏ) ਜੀ!

ਨੋਟ : *ਕੁਝ ਟੀਕਾਕਾਰਾਂ ਨੇ ਉਪਰੋਕਤ ਕ੍ਰਿਆਵਾਂ ਦਾ ਅਰਥ ਸਪੱਸ਼ਟ ਕਰਤ੍ਰੀ-ਵਾਚ ਭਾਸ਼ਾ ਵਿਚ 'ਮਿਹਰ ਕਰ' ਅਤੇ 'ਅਜਿਹੀ ਮਤਿ ਬਖ਼ਸ਼' ਕੀਤੇ ਹਨ, ਜੋ ਉਪਰੇ ਲੱਗਦੇ ਹਨ।

੧੮.੫.੬ ਗੁਰਬਾਣੀ ਵਿੱਚੋਂ ਕਰਮਨੀ-ਵਾਚ ਕ੍ਰਿਆ ਦੀਆਂ ਉਦਾਹਰਣਾਂ

(ੳ) ਵਰਤਮਾਨ ਕਾਲ

(੧) ਅਨ-ਪੁਰਖ

ਇਕ-ਵਚਨ

੧. **'ਦਿਸੈ' 'ਸੁਣੀਐ' 'ਜਾਣੀਐ' ਸਾਉ ਨ ਪਾਇਆ ਜਾਇ॥ਸਲੋਕ ੨॥ਪਉੜੀ ੩॥** *(ਪੰਨਾ ੧੩੯)*
[ਦਿਸੈ—ਦਿਸਦਾ ਹੈ। ਸੁਣੀਐ—ਸੁਣੀਦਾ ਹੈ। ਜਾਣੀਐ—ਜਾਣੀਦਾ ਹੈ।]

੨. **ਬ੍ਰਹਮੁ 'ਦੀਸੈ' ਬ੍ਰਹਮੁ 'ਸੁਣੀਐ' ਏਕੁ ਏਕੁ 'ਵਖਾਣੀਐ'॥੪॥੨॥** *(ਪੰਨਾ ੮੪੬)*
[ਦੀਸੈ—ਦਿਸਦਾ ਹੈ। ਸੁਣੀਐ—ਸੁਣੀਦਾ ਹੈ। ਵਖਾਣੀਐ—ਵਖਾਣੀਦਾ ਹੈ।]

੩. **'ਖਾਜੈ' 'ਪੈਝੈ' ਰਲੀ 'ਕਰੀਜੈ'॥**
ਬਿਨੁ ਅਭ ਭਗਤੀ ਬਾਦਿ 'ਮਰੀਜੈ'॥੧੩॥੭॥ *(ਪੰਨਾ ੧੦੨੭)*
[ਖਾਜੈ—ਖਾਈਦਾ ਹੈ। ਪੈਝੈ—ਪੈਨ੍ਹੀਦਾ ਹੈ। ਰਲੀ ਕਰੀਜੈ—ਮੌਜ ਕਰੀਦੀ ਹੈ। ਮਰੀਜੈ—ਮਰੀਦਾ ਹੈ।]

੪. **ਚਉਰਾਸੀਹ ਨਰਕ ਸਾਕਤੁ 'ਭੋਗਾਈਐ'॥**
ਜੈਸਾ 'ਕੀਚੈ' ਤੈਸੋ 'ਪਾਈਐ'॥੬॥੮॥ *(ਪੰਨਾ ੧੦੨੮)*
[ਭੋਗਾਈਐ—ਭੋਗਾਇਆ ਜਾਂਦਾ ਹੈ। ਕੀਚੈ—ਕਰੀਦਾ ਹੈ। ਪਾਈਐ—ਪਾਈਦਾ ਹੈ।]

੫. **ਵਖਰੁ ਰਾਖੁ ਮੁਈਏ 'ਖਾਜੈ' ਖੇਤੀ ਰਾਮ॥੨॥੨॥** *(ਪੰਨਾ ੧੧੧੦)*
[ਇਸਤਰੀ-ਲਿੰਗ, ਖਾਜੈ—ਖਾਧੀ ਜਾ ਰਹੀ ਹੈ]

੬. **ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ 'ਦੀਸੈ' ਨਾ 'ਸੁਣੀਐ'॥**
ਆਪਣ ਵਾਰੀ ਸਭਸੈ ਆਵੈ ਪਕੀ ਖੇਤੀ 'ਲੁਣੀਐ'॥੫॥੨॥ *(ਪੰਨਾ ੧੧੧੦)*
[ਨਾ ਦੀਸੈ—ਨਹੀਂ ਦਿਸਦਾ। ਨ ਸੁਣੀਐ—ਨਹੀਂ ਸੁਣੀਦਾ। ਲੁਣੀਐ—ਕਟੀਦੀ ਹੈ।]

੭. **ਮਾਨੈ ਹੁਕਮੁ ਸੁ ਦਰਗਹ 'ਪੈਝੈ' ਸਾਚਿ ਮਿਲਾਇ ਸਮਾਇਦਾ॥੧੩॥੧੬॥**
[ਪੈਝੈ—ਪੈਨ੍ਹਾਇਆ (ਸਨਮਾਨਿਆ) ਜਾਂਦਾ ਹੈ।] *(ਪੰਨਾ ੧੦੩੭)*

੮. **ਜੀਉ ਪਿੰਡੁ ਸਭੁ ਤਿਸ ਦਾ ਦੇ 'ਖਾਜੈ' ਆਖਿ 'ਗਵਾਈਐ'॥ਪਉੜੀ ੫॥** *(ਪੰਨਾ ੪੬੫)*
[ਖਾਜੈ—ਖਾਈਦਾ ਹੈ। ਗਵਾਈਐ—ਗਵਾਈਦਾ ਹੈ।]

੬. **ਗੁਰ ਕੀ ਚਾਲ ਗੁਰੂ ਤੇ 'ਜਾਪੈ'॥**
ਪੂਰਾ ਸੇਵਕੁ ਸਬਦਿ 'ਸਿਞਾਪੈ'॥੧੩॥੨॥ *(ਪੰਨਾ ੧੦੪੫)*
[ਇਸਤਰੀ-ਲਿੰਗ, ਜਾਪੈ—ਜਾਣੀਦੀ ਹੈ। ਸਿਞਾਪੈ—ਸਿਞਾਪਦਾ ਹੈ, ਸਿਞਾਣੀਦਾ ਹੈ।]

ਵਿਜੋਗਾਤਮਿਕ ਸਰੂਪ ਵਾਲੀਆਂ ਕਰਮਨੀ-ਵਾਚ ਕ੍ਰਿਆਵਾਂ

੧. **ਹੁਕਮੀ ਹੋਵਨਿ ਆਕਾਰ ਹੁਕਮੁ ਨ 'ਕਹਿਆ ਜਾਈ'॥੨॥ਜਪੁ॥** *(ਪੰਨਾ ੧)*

੨. **ਲਿਖਿਆ 'ਮੇਟਿ ਨ ਸਕੀਐ' ਜੋ ਧੁਰਿ ਲਿਖਿਆ ਕਰਤਾਰਿ॥ਸਲੋਕ ੧॥ਪਉੜੀ ੧੬॥** *(ਪੰਨਾ ੮੯)*

੩. **ਤੇਰੀ ਅਕਥ ਕਥਾ 'ਕਥਨੁ ਨ ਜਾਈ'॥ਰਹਾਉ॥੮॥** *(ਪੰਨਾ ੬੧੦)*

੪. **ਤੇਰਾ ਅੰਤੁ ਨ 'ਜਾਈ ਲਖਿਆ' ਅਕਥੁ 'ਨ ਜਾਈ ਹਰਿ ਕਥਿਆ'॥੧੮॥੨॥** *(ਪੰਨਾ ੪੩੫)*

੫. **ਸੰਤਨ ਕੈ 'ਸੁਨੀਅਤ' ਪ੍ਰਭ ਕੀ ਬਾਤ॥ਰਹਾਉ ੮॥** *(ਪੰਨਾ ੮੨੦)*
[ਇਸਤਰੀ-ਲਿੰਗ, ਸੁਨੀਅਤ—ਸੁਣੀ ਜਾਂਦੀ (ਸੁਣੀਦੀ) ਹੈ।]

੬. **ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ 'ਕਹੀਅਤ ਹੈ' ਸੂਰਾ॥੧॥੩੫॥** *(ਪੰਨਾ ੬੮੦)*
[ਪੁਲਿੰਗ, ਕਹੀਅਤ ਹੈ—ਕਹਿਆ ਜਾਂਦਾ (ਕਹੀਦਾ) ਹੈ।]

੭. **ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
ਸੋ ਬ੍ਰਾਹਮਣੁ 'ਕਹੀਅਤੁ ਹੈ' ਹਮਾਰੈ॥੪॥੭॥ *(ਪੰਨਾ ੩੨੪)*
[ਪੁਲਿੰਗ, ਕਹੀਅਤੁ ਹੈ—ਕਹਿਆ ਜਾਂਦਾ (ਕਹੀਦਾ) ਹੈ।]

੮. **ਕਾਹੇ 'ਕੀਜਤੁ ਹੈ' ਮਨਿ ਭਾਵਨੁ॥**
ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ॥ਰਹਾਉ॥੬॥ *(ਪੰਨਾ ੧੧੦੪)*
[ਪੁਲਿੰਗ, ਕੀਜਤੁ ਹੈ—ਕੀਤਾ ਜਾਂਦਾ (ਕਰੀਦਾ) ਹੈ।]

੯. **ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ, ਇਕ ਸਖਨੀ ਹੋਰ ਫੇਰ 'ਭਰੀਅਤ ਹੈ'॥੨॥੮॥** *(ਪੰਨਾ ੧੩੨੯)*
[ਇਸਤਰੀ-ਲਿੰਗ, ਭਰੀਅਤ ਹੈ—ਭਰੀ ਜਾਂਦੀ (ਭਰੀਦੀ) ਹੈ।]

੧੦. **ਤਿਹ ਜਨ ਜਾਚਹੁ ਜਗਤ੍ 'ਪਰਜਾਨੀਅਤੁ',**
ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮੁ ਸਿਉ॥੩॥ਮਥੁਰਾ॥ *(ਪੰਨਾ ੧੪੦੮)*
[ਪੁਲਿੰਗ, ਪਰਜਾਨੀਅਤੁ—ਭਲੀ ਪ੍ਰਕਾਰ ਜਾਣਿਆ ਜਾਂਦਾ ਹੈ।]

੧੧. **'ਦੀਸਿ ਆਵਤ ਹੈ' ਬਹੁਤੁ ਭੀਹਾਲਾ॥੩॥੫੪॥** *(ਪੰਨਾ ੩੮੪)*
[ਪੁਲਿੰਗ, ਦੀਸਿ ਆਵਤ ਹੈ—ਦਿਸ ਆਉਂਦਾ ਹੈ।]

੧੨. **ਭਗਤਿ ਵਛਲੁ ਉਆ ਕੋ ਨਾਮੁ 'ਕਹੀਅਤੁ ਹੈ' ਸਰਣਿ ਪ੍ਰਭੂ ਤਿਸੁ ਪਾਛੈ ਪਈਆ॥੪॥੮॥** *(ਪੰਨਾ ੮੩੬)*
[ਪੁਲਿੰਗ, ਕਹੀਅਤੁ ਹੈ—ਕਹਿਆ ਜਾਂਦਾ ਹੈ।]

(੧) ਅਨ-ਪੁਰਖ

ਬਹੁ-ਵਚਨ

੧. **ਨਦੀਆ ਅਤੈ ਵਾਹ ਪਵਹਿ ਸਮੁੰਦਿ ਨ 'ਜਾਣੀਅਹਿ'॥੨੩॥ਜਪੁ ਜੀ॥** *(ਪੰਨਾ ੫)*
[ਨ ਜਾਣੀਅਹਿ—ਨਹੀਂ ਜਾਣੇ ਜਾਂਦੇ (ਜਾਣੀਦੇ)।]

੨. **ਦਰਗਹ 'ਘੜੀਅਹਿ' ਤੀਨੇ ਲੇਖ॥**
ਖੋਟਾ ਕਾਮਿ ਨ ਆਵੈ ਵੇਖੁ॥੧॥੭॥ *(ਪੰਨਾ ੬੬੨)*
[ਘੜੀਅਹਿ—ਘੜੇ ਜਾਂਦੇ (ਘੜੀਦੇ) ਹਨ।]

੩. **ਮਾਘਿ ਸੁਚੇ ਸੇ 'ਕਾਂਢੀਅਹਿ' ਜਿਨ ਪੂਰਾ ਗੁਰੁ ਮਿਹਰਵਾਨੁ॥੧੨॥** *(ਪੰਨਾ ੧੩੬)*
[ਕਾਂਢੀਅਹਿ—ਕਹੇ ਜਾਂਦੇ (ਕਹੀਦੇ) ਹਨ।]

੪. **ਓਇ ਮਨਮੁਖ ਮੂੜ ਅਗਿਆਨੀ 'ਕਹੀਅਹਿ' ਤਿਨ ਮਸਤਕਿ ਭਾਗੁ ਮੰਦੇਰਾ॥੩॥੧॥**
[ਕਹੀਅਹਿ—ਕਹੇ ਜਾਂਦੇ (ਕਹੀਦੇ) ਹਨ।] *(ਪੰਨਾ ੭੧੧)*

੫. **ਐਥੈ ਓਥੈ 'ਮੰਨੀਅਨਿ' ਹਰਿ ਨਾਮਿ ਲਗੇ ਵਾਪਾਰਿ॥੨੬॥** *(ਪੰਨਾ ੧੪੧੫)*
[ਮਨੀਅਨਿ—ਮੰਨੇ ਜਾਂਦੇ (ਮਨੀਦੇ) ਹਨ।]

੬. **ਸੇ ਸਿਰ ਕਾਤੀ 'ਮੁੰਨੀਅਨਿ੍' ਗਲ ਵਿਚਿ ਆਵੈ ਧੁੜਿ॥੧॥੧੧॥** *(ਪੰਨਾ ੪੧੭)*
[ਮੁੰਨੀਅਨਿ੍—ਮੁੰਨੇ ਜਾ ਰਹੇ (ਮੁਨੀਦੇ) ਹਨ।]

੭. **ਜਮ ਪੁਰਿ ਬਧੇ 'ਮਾਰੀਅਨਿ' ਕੋ ਸੁਣੈ ਨ ਪੂਕਾਰਾ॥ਪਉੜੀ॥੧੨॥** *(ਪੰਨਾ ੫੧੩)*
[ਮਾਰੀਅਨਿ—ਮਾਰੇ ਜਾਂਦੇ (ਮਾਰੀਦੇ) ਹਨ।]

੮. **'ਪਾਈਅਨਿ' ਸਭਿ ਨਿਧਾਨ ਤੇਰੈ ਰੰਗਿ ਰਤਿਆ॥ਪਉੜੀ॥੭॥** *(ਪੰਨਾ ੫੧੯)*
[ਪਾਈਅਨਿ—ਪਾਏ ਜਾਂਦੇ (ਪਾਈਦੇ) ਹਨ।]

੯. **ਗੁਰਮੁਖਿ ਸਬਦਿ 'ਸਿਞਾਪਦੇ' ਤਿਤੁ ਸਾਚੈ ਦਰਬਾਰਿ॥੨੬॥** *(ਪੰਨਾ ੧੪੧੫)*
[ਸਿਞਾਪਦੇ—ਸਿਞਾਣੇ ਜਾਂਦੇ (ਸਿਞਾਣੀਦੇ) ਹਨ।]

੧੦. **ਐਥੈ ਘਰਿ ਘਰਿ 'ਜਾਪਦੇ' ਆਗੈ ਜੁਗਿ ਜੁਗਿ ਪਰਗਟੁ ਹੋਇ॥੧॥੩੧॥** *(ਪੰਨਾ ੪੨੭)*
[ਜਾਪਦੇ—ਜਾਣੇ ਜਾਂਦੇ (ਜਾਣੀਦੇ) ਹਨ।]

੧੧. **ਬਿਧੈ ਬਿਲਾਸ 'ਕਹੀਅਤ' ਬਹੁਤੇਰੇ ਚਲਤ ਨ ਕਛੂ ਸੰਗਾਰੈ॥੨॥੭॥** *(ਪੰਨਾ ੭੧੩)*
[ਕਹੀਅਤ—ਕਹੇ ਜਾਂਦੇ (ਕਹੀਦੇ) ਹਨ, ਕਾਲ-ਬੋਧਕ-ਅੰਸ ਲੁਪਤ ਹੈ।]

੧੨. **ਕੋਟਿ 'ਪੂਰੀਅਤ ਹੈ' ਜਾ ਕੈ ਨਾਦ॥੪॥੫॥** *(ਪੰਨਾ ੧੧੫੬)*
[ਪੂਰੀਅਤ ਹੈ—(ਹੈ—ਉਚਾਰਣ ਨਾਸਕੀ) ਪੂਰੇ ਜਾਂਦੇ ਹਨ।]

(੨) ਮਧਮ ਪੁਰਖ

ਇਕ-ਵਚਨ

੧. **ਤੂ ਜੁ ਦਇਆਲੁ ਕ੍ਰਿਪਾਲੁ 'ਕਹੀਅਤੁ ਹੈਂ' ਅਤਿਭੁਜ ਭਇਓ ਅਪਾਰਲਾ॥੩॥੨॥**
[ਕਹੀਅਤੁ ਹੈਂ—ਤੂੰ ਕਿਹਾ ਜਾਂਦਾ ਹੈਂ] *(ਪੰਨਾ ੧੨੬੨)*

੨. **ਤੂ 'ਕਹੀਅਤ ਹੀ' ਆਦਿ ਭਵਾਨੀ॥**
ਮੁਕਤਿ ਕੀ ਬਰੀਆ ਕਹਾ ਛਪਾਨੀ॥੪॥੬॥ *(ਪੰਨਾ ੮੭੪)*
[ਕਹੀਅਤ ਹੀ—ਤੂੰ ਕਹੀ ਜਾਂਦੀ ਹੈਂ]

੩. **ਤੂ ਹੋਰਤੁ ਉਪਾਇ ਨ 'ਲਭਹੀ' ਅਬਿਨਾਸੀ ਸ੍ਰਿਸਟਿ ਕਰਣ॥ਪਉੜੀ ੨॥**
(ਪੰਨਾ ੧੦੬੫)
[(ਨ) ਲਭਹੀ—(ਅੰਤਲੇ ਸ੍ਵਰ ਦਾ ਉਚਾਰਣ ਨਾਸਕੀ) ਤੂੰ ਨਹੀਂ ਲਭਿਆ ਜਾ ਸਕਦਾ।]

(੨) ਮਧਮ ਪੁਰਖ

ਬਹੁ-ਵਚਨ

੧. **ਤੁਮ 'ਕਹੀਅਤ ਹੈਂ' ਜਗਤ ਗੁਰ ਸੁਆਮੀ ॥**
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥੧॥ *(ਪੰਨਾ ੭੧੦)*
[ਕਹੀਅਤ ਹੈਂ—ਤੁਸੀਂ ਕਹੇ ਜਾਂਦੇ (ਕਹੀਦੇ) ਹੋ—ਆਦਰਵਾਚੀ]

(੩) ਉਤਮ ਪੁਰਖ

ਇਕ-ਵਚਨ

੧. **ਤੂੰ ਉਤਮੁ ਹਉ ਨੀਚੁ ਸੇਵਕੁ 'ਕਾਂਢੀਆ' ॥**
ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥ *(ਪੰਨਾ ੪੨੨)*
[ਕਾਂਢੀਆ—(ਵਿਚਕਾਰਲੇ ਅਤੇ ਅੰਤਲੇ (ਾ) ਦਾ ਉਚਾਰਣ ਨਾਸਕੀ) ਮੈਂ ਕਹਿਆ ਜਾਂਦਾ ਹਾਂ।]

੨. **ਸੰਧਿਕ ਤੋਹਿ, ਸਾਧ ਨਹੀ 'ਕਹੀਅਉ' ਸਰਨਿ ਪਰੇ ਤੁਮਰੀ ਪਗਰੀ ॥੨॥੬॥** *(ਪੰਨਾ ੮੫੬)*
[(ਨਹੀ) ਕਹੀਅਉ—(ਅੰਤਲੇ ਸ੍ਵਰ ਦਾ ਉਚਾਰਣ ਨਾਸਕੀ) ਮੈਂ (ਸਾਧ) ਨਹੀਂ ਕਿਹਾ ਜਾਂਦਾ।]

੩. **ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ 'ਕਾਢੀਆ' ॥੧॥੪॥** *(ਪੰਨਾ ੭੬੧)*
[ਇਸਤਰੀ-ਲਿੰਗ; ਕਾਢੀਆ (ਉਚਾਰਣ ਨਾਸਕੀ)—ਮੈਂ ਕਹੀ ਜਾਂਦੀ (ਕਹੀਦੀ) ਹਾਂ।]

੪. **ਮੋ ਕਉ ਕੋਇ ਨ ਜਾਨਤ 'ਕਹੀਅਤ' ਦਾਸੁ ਤੁਮਾਰਾ ॥**
ਏਹਾ ਓਟ ਆਧਾਰਾ ॥ਰਹਾਉ॥੨੨॥ *(ਪੰਨਾ ੧੦੦੫)*
[ਕਹੀਅਤ—ਮੈਂ ਕਿਹਾ ਜਾਂਦਾ ਹਾਂ (ਕਾਲ-ਬੋਧਕ ਅੰਸ਼ ਲੁਪਤ ਹੈ)]

(੩) ਉਤਮ ਪੁਰਖ

ਬਹੁ-ਵਚਨ

੧. **ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ 'ਕਾਢੇ' ॥੪॥੫੯॥**
(ਪੰਨਾ ੧੭੧)
[ਕਾਢੇ—(ਵਿਚਕਾਰਲੇ (ਾ) ਦਾ ਉਚਾਰਣ ਨਾਸਕੀ) ਅਸੀਂ ਕਹੇ ਜਾਂਦੇ ਹਾਂ।]

੨. **ਨਾ ਹਮ ਚੰਗੇ 'ਆਖੀਅਹ' ਬੁਰਾ ਨ ਦਿਸੈ ਕੋਇ ॥੮॥੧੦॥** *(ਪੰਨਾ ੧੦੧੫)*
[(ਨ) ਆਖੀਅਹ—(ਉਚਾਰਣ ਨਾਸਕੀ) ਅਸੀਂ (ਨਹੀਂ) ਆਖੇ ਜਾਂਦੇ (ਆਖੀਦੇ) ਹਾਂ।]

੩. **ਤੁਮ ਕਹੀਅਤ ਹੈਂ ਜਗਤ ਗੁਰ ਸੁਆਮੀ ॥**
ਹਮ 'ਕਹੀਅਤ' ਕਲਿਜੁਗ ਕੇ ਕਾਮੀ ॥੧॥੧॥ *(ਪੰਨਾ ੭੧੦)*
[ਹਮ ਕਹੀਅਤ—ਅਸੀਂ ਕਹੇ ਜਾਂਦੇ ਹਾਂ।]

(ਅ) ਭੂਤ ਕਾਲ

(੧) ਅਨ-ਪੁਰਖ

ਇਕ-ਵਚਨ

੧. **ਜਨੁ ਨਾਨਕੁ ਦਾਸੁ ਹਰਿ 'ਕਾਂਢਿਆ' ਹਰਿ ਪੈਜ ਰਖਾਏ ॥੪॥੧੭॥** *(ਪੰਨਾ ੪੫੦)*
[ਕਾਂਢਿਆ—(ਕਾ-ਉਚਾਰਣ ਨਾਸਕੀ) ਕਿਹਾ ਗਿਆ ਹੈ।]

੨. **ਮਰਗ ਸਵਾਈ ਨੀਹਿ ਜਾਂ 'ਭਰਿਆ' ਤਾਂ 'ਲਦਿਆ' ॥੮॥** *(ਪੰਨਾ ੧੩੭੮)*
[ਭਰਿਆ—ਭਰਿਆ ਗਿਆ, ਲਦਿਆ—ਲਦ ਲਿਆ ਗਿਆ।]

੩. **ਜਾ ਪਕਾ ਤਾ 'ਕਟਿਆ' ਰਹੀ ਸੁ ਪਲਰਿ ਵਾੜਿ ॥ਪਵੜੀ ੧੧॥੧॥** *(ਪੰਨਾ ੧੪੨)*

੪. **ਸਣੁ ਕੀਸਾਰਾ 'ਚਿਥਿਆ' ਕਣੁ ਲਇਆ ਤਨੁ ਝਾੜਿ ॥ਪਵੜੀ ੧੧॥੧॥** *(ਪੰਨਾ ੧੪੨)*
[ਕਟਿਆ—ਕਟ ਲਿਆ ਗਿਆ, ਚਿਥਿਆ—ਗਾਹਿਆ ਗਿਆ।]

(੧) ਅਨ-ਪੁਰਖ

ਬਹੁ-ਵਚਨ

੧. **ਜੋ 'ਬੀਧੇ' ਸੇ ਊਬਰੇ ਭਾਈ ਸਬਦੁ ਸਚਾ ਨੀਸਾਨੁ ॥੬॥੪॥** *(ਪੰਨਾ ੬੩੭)*
[ਬੀਧੇ—ਵਿੰਨ੍ਹੇ ਗਏ]

੨. **'ਬੀਧੇ' 'ਬਾਂਧੇ' ਕਮਲ ਮਹਿ ਭਵਰ ਰਹੇ ਲਪਟਾਇ ॥੪॥੧੧॥** *(ਪੰਨਾ ੧੩੬੪)*
[ਬੀਧੇ—ਵਿੰਨ੍ਹੇ ਹੋਏ, ਬਾਂਧੇ—ਬੰਨ੍ਹੇ ਹੋਏ (ਇਹ ਭੂਤ ਕ੍ਰਿਦੰਤ ਹਨ)]

(ੲ) ਸੰਭਾਵ ਭਵਿਖਤ ਕਾਲ

(੧) ਅਨ-ਪੁਰਖ

ਇਕ-ਵਚਨ

੧. **ਅਰਧ ਸਰੀਰੁ 'ਕਟਾਈਐ' ਸਿਰਿ ਕਰਵਤੁ ਧਰਾਇ ॥**
ਤਨੁ ਹੈਮੰਚਲਿ 'ਗਾਲੀਐ' ਭੀ ਮਨ ਤੇ ਰੋਗੁ ਨ ਜਾਇ ॥੩॥੧੪॥ *(ਪੰਨਾ ੬੨)*

੨. **ਜੇ ਕਰਿ ਸੂਤਕੁ 'ਮੰਨੀਐ' ਸਭ ਤੈ ਸੂਤਕੁ ਹੋਇ ॥ਸਲੋਕ ੧॥੧੮॥** *(ਪੰਨਾ ੪੭੨)*

੩. **ਸਬਦਿ 'ਧੋਪੈ' ਤਾ ਹਛੀ ਹੋਵੈ, ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥੨॥** *(ਪੰਨਾ ੧੦੪੫)*

੪. **ਕਿਸੁ ਨਾਲਿ 'ਕੀਚੈ' ਦੋਸਤੀ ਸਭੁ ਜਗੁ ਚਲਣਹਾਰੁ ॥ਸਲੋਕ ੧॥ਪਉੜੀ ੧੦॥**
[ਕਟਾਈਐ—ਭਾਵੇਂ ਕਟਾਇਆ ਜਾਏ, ਮੰਨੀਐ—ਮੰਨ ਲਿਆ ਜਾਵੇ। *(ਪੰਨਾ ੪੬੮)*
ਧੋਪੈ—ਧੋਤੀ ਜਾਏ, ਕੀਚੈ—ਕੀਤੀ ਜਾਏ।]

੫. **ਖੋਟੁ 'ਨ ਕੀਚਈ' ਪ੍ਰਭੁ ਪਰਖਣਹਾਰਾ ॥੩॥੧੩॥** *(ਪੰਨਾ ੪੬੧)*

੬. **ਮੰਦਾ ਮੂਲਿ ਨ 'ਕੀਚਈ' ਦੇ ਲੰਮੀ ਨਦਰਿ 'ਨਿਹਾਲੀਐ' ॥ਪਉੜੀ॥੨੧॥** *(ਪੰਨਾ ੪੭੪)*

੭. **ਤਿਨ੍ ਸੰਗਿ ਸੰਗੁ ਨ 'ਕੀਚਈ' ਨਾਨਕ ਜਿਨਾ ਆਪਣਾ ਸੁਆਉ ॥ਸਲੋਕ ੨॥੧੦॥**
(ਪੰਨਾ ੫੨੦)

੮. **ਸਹੁ ਕਹੈ ਸੋ 'ਕੀਜੈ' ਤਨੁ ਮਨੋ 'ਦੀਜੈ' ਐਸਾ ਪਰਮਲੁ 'ਲਾਈਐ' ॥੩॥੪॥** *(ਪੰਨਾ ੭੨੨)*

੯. **ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
ਨਾਨਕ 'ਗਾਵੀਐ' ਗੁਣੀ ਨਿਧਾਨੁ ॥੫॥ਜਪੁ ਜੀ॥ *(ਪੰਨਾ ੨)*

੧੦. **'ਬੋਲੀਐ' ਸਚੁ ਧਰਮੁ ਝੂਠੁ ਨ 'ਬੋਲੀਐ' ॥**
ਜੋ ਗੁਰੁ ਦਸੈ ਵਾਟ ਮੁਰੀਦਾ 'ਜੋਲੀਐ' ॥੩॥੨॥ *(ਪੰਨਾ ੪੬੬)*

੧੧. **ਸੰਤੁ ਮਿਲੈ ਕਿਛੁ 'ਸੁਨੀਐ' 'ਕਹੀਐ' ॥**
ਮਿਲੈ ਅਸੰਤੁ ਮਸਟਿ ਕਰਿ 'ਰਹੀਐ' ॥੧॥੧॥ *(ਪੰਨਾ ੮੭੦)*

੧੨. ਸੋਰਠਿ ਸੋ ਰਸੁ 'ਪੀਜੀਐ' ਕਬਹੂ ਨ ਫੀਕਾ ਹੋਇ ॥੫॥ *(ਪੰਨਾ ੧੪੨੫)*

੧੩. ਮੰਦਾ ਕਿਸੈ ਨ 'ਆਖੀਐ' ਪੜਿ ਅਖਰੁ ਏਹੋ 'ਬੁਝੀਐ' ॥ਪਉੜੀ ੧੯॥ *(ਪੰਨਾ ੪੭੩)*

੧੪. ਗੋਬਿੰਦ ਜਸੁ 'ਗਾਈਐ' ਹਰਿ ਨੀਤ ॥
ਮਿਲਿ 'ਭਜੀਐ' ਸਾਧ ਸੰਗਿ ਮੇਰੇ ਮੀਤ ॥ਰਹਾਉ॥ਪਉੜੀ ੨॥ *(ਪੰਨਾ ੨੯੬)*

੧੫. ਰੇ ਮਨ ਤਾ ਕਉ 'ਧਿਆਈਐ' ਸਭ ਬਿਧਿ ਜਾ ਕੈ ਹਾਥਿ ॥
ਰਾਮ ਨਾਮ ਧਨੁ 'ਸੰਚੀਐ' ਨਾਨਕ ਨਿਬਹੈ ਸਾਥਿ ॥ਸਲੋਕ ੩॥੩॥ *(ਪੰਨਾ ੭੦੪)*

੧੬. ਐਸੀ ਕਲਾ ਨ 'ਖੇਡੀਐ' ਜਿਤੁ ਦਰਗਹ ਗਇਆ 'ਹਾਰੀਐ' ॥ਪਉੜੀ॥੧੨॥
[ਇਸਤਰੀ-ਲਿੰਗ] *(ਪੰਨਾ ੪੬੯)*

[ਨ ਕੀਚਈ—ਨਹੀਂ ਕੀਤਾ ਜਾਣਾ ਚਾਹੀਦਾ, ਨਿਹਾਲੀਐ—ਵੇਖਿਆ ਜਾਣਾ ਚਾਹੀਦਾ ਹੈ।
ਕੀਜੈ—ਕੀਤਾ ਜਾਣਾ ਚਾਹੀਦਾ ਹੈ, ਦੀਜੈ—ਦਿੱਤਾ ਜਾਣਾ ਚਾਹੀਦਾ ਹੈ।
ਗਾਵੀਐ—ਗਾਇਆ ਜਾਣਾ ਚਾਹੀਦਾ ਹੈ, ਬੋਲੀਐ—ਬੋਲਿਆ ਜਾਣਾ ਚਾਹੀਦਾ ਹੈ।
ਜੋਲੀਐ—ਚਲਿਆ ਜਾਣਾ ਚਾਹੀਦਾ ਹੈ।
ਸੁਨੀਐ—ਸੁਣਿਆ ਜਾਣਾ ਚਾਹੀਦਾ ਹੈ।
ਕਹੀਐ—ਆਖਿਆ ਜਾਣਾ ਚਾਹੀਦਾ ਹੈ।
ਪੀਜੀਐ—ਪੀਤਾ ਜਾਣਾ ਚਾਹੀਦਾ ਹੈ।
ਨ ਆਖੀਐ—ਨਹੀਂ ਆਖਿਆ ਜਾਣਾ ਚਾਹੀਦਾ।
ਬੁਝੀਐ—ਬੁਝਿਆ ਜਾਣਾ ਚਾਹੀਦਾ ਹੈ।
ਗਾਈਐ—ਗਾਇਆ ਜਾਣਾ ਚਾਹੀਦਾ ਹੈ।
ਧਿਆਈਐ—ਧਿਆਇਆ ਜਾਣਾ ਚਾਹੀਦਾ ਹੈ।
ਸੰਚੀਐ—ਸੰਚਿਆ ਜਾਣਾ ਚਾਹੀਦਾ ਹੈ।
ਨ ਖੇਡੀਐ—ਨਹੀਂ ਖੇਡੀ ਜਾਣੀ ਚਾਹੀਦੀ।]

(੧) ਅਨ-ਪੁਰਖ

ਬਹੁ-ਵਚਨ

੧. ਜੇ 'ਕੀਚਨਿ' ਲਖ ਉਪਾਵ ਤਾਂ ਕਹੀ ਨ ਘੁਲੀਐ ॥ਪਉੜੀ॥੧੪॥ *(ਪੰਨਾ ੯੬੪)*

੨. ਜੇ ਸਉ ਸਾਇਰ 'ਮੇਲੀਅਹਿ' ਤਿਲੁ ਨ ਪੁਜਾਵਹਿ ਰੋਇ ॥੨॥੧॥ *(ਪੰਨਾ ੫੩)*
[ਕੀਚਨਿ-ਕੀਤੇ ਜਾਣ, ਮੇਲੀਅਹਿ—ਮੇਲੇ ਜਾਣ।]

੩. ਨਾਨਕ ਰਾਮ ਨਾਮ ਗੁਨ 'ਗਾਈਅਹਿ' ਦਰਗਹ ਨਿਰਮਲ ਸੋਇ ॥੫॥ *(ਪੰਨਾ ੧੪੨੫)*

੪. ਗੁਨ ਗੋਵਿਦ ਸਦ 'ਗਾਈਅਹਿ' ਪਾਰਬ੍ਰਹਮ ਕੈ ਰੰਗੇ ਰਾਮ ॥੧॥੯॥ *(ਪੰਨਾ ੬੪੮)*
[ਗਾਈਅਹਿ—ਗਾਏ ਜਾਣੇ ਚਾਹੀਦੇ ਹਨ]

(੨) ਉਤਮ ਪੁਰਖ

ਇਕ-ਵਚਨ

੧. 'ਕੁਸਾ' 'ਕਟੀਆ' ਵਾਰ ਵਾਰ ਪੀਸਣਿ 'ਪੀਸਾ' ਪਾਇ ॥੨॥੨॥ *(ਪੰਨਾ ੧੪)*

੨. ਅਗੀ ਸੇਤੀ 'ਜਾਲੀਆ' ਭਸਮ ਸੇਤੀ ਰਲਿ ਜਾਉ ॥੨॥੨॥ *(ਪੰਨਾ ੧੪)*
[ਕੁਸਾ, ਕਟੀਆ, ਪੀਸਾ, ਜਾਲੀਆ—(ਉਚਾਰਣ ਨਾਸਕੀ) ਮੈਂ ਕੋਹਿਆ ਜਾਵਾਂ, ਕਟਿਆ ਜਾਵਾਂ, ਪੀਸਿਆ ਜਾਵਾਂ, ਸਾੜਿਆ ਜਾਵਾਂ।]

੩. ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ,
ਨਵਾ ਖੰਡਾ ਵਿਚਿ 'ਜਾਣੀਆ' ਅਪਨੇ ਚਜ ਵੀਚਾਰ ॥੩॥੬੭॥ *(ਪੰਨਾ ੧੪੧੩)*
[ਜਾਣੀਆ—(ਉਚਾਰਣ ਨਾਸਕੀ) ਮੈਂ ਜਾਣਿਆ ਜਾਵਾਂ]

੪. ਨਾ ਹਉ ਥਕਾਂ ਨ 'ਠਾਕੀਆ' ਏਵਡ ਰਖਹਿ ਜੋਤਿ ॥
ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥੨॥੧੦॥ *(ਪੰਨਾ ੧੨੪੧)*
[ਨ ਠਾਕੀਆ—(ਉਚਾਰਣ ਨਾਸਕੀ) ਨਾ ਮੈਂ ਕਿਸੇ ਤੋਂ ਰੋਕਿਆ ਜਾਵਾਂ]

੫. ਦੇਹਿ ਨਾਮੁ 'ਸੰਤੋਖੀਆ' ਉਤਰੈ ਮਨ ਕੀ ਭੁਖ ॥ਸਲੋਕ ੨॥੩॥ *(ਪੰਨਾ ੯੫੮)*
[ਸੰਤੋਖੀਆ—(ਉਚਾਰਣ ਨਾਸਕੀ) ਮੈਂ ਸੰਤੋਖਿਆ ਜਾਵਾਂ]

੬. ਨਵ ਖੰਡ ਮਧੇ 'ਪੂਜੀਆ' ਅਪਣੈ ਚਜਿ ਵੀਚਾਰਿ ॥ਸਲੋਕ ੧॥ਪਉੜੀ ੧੧॥
[ਪੂਜੀਆ—(ਉਚਾਰਣ ਨਾਸਕੀ) ਮੈਂ ਪੂਜਿਆ ਜਾਵਾਂ] *(ਪੰਨਾ ੧੦੯੦)*

(ਸ) ਹੁਕਮੀ ਭਵਿਖਤ ਕਾਲ

(੧) ਮਧਮ ਪੁਰਖ

ਇਕ-ਵਚਨ

੧. ਮੋ ਕਉ ਧਾਰਿ ਕ੍ਰਿਪਾ 'ਮਿਲੀਐ' ਗੁਰ ਦਾਤੇ ਹਰਿ ਨਾਨਕ ਭਗਤਿ ਉਮਾਹਾ ॥੪॥੨॥੮॥ *(ਪੰਨਾ ੬੯੯)*

੨. ਕਹੁ ਨਾਨਕ ਪ੍ਰਭ ਬਿਨਉ 'ਸੁਨੀਜੈ' ॥
ਕੁਚਲੁ ਕਠੋਰੁ ਕਾਮੀ ਮੁਕਤੁ 'ਕੀਜੈ' ॥੪॥੭॥ *(ਪੰਨਾ ੭੩੮)*

੩. ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ, ਜਲਤਉ ਕਿਰਪਾ 'ਕੀਜੈ' ॥
ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ 'ਕੀਜੈ' ॥੨॥੧੭॥ *(ਪੰਨਾ ੧੨੬੯)*
[ਮਿਲੀਐ—ਮਿਲੀਏ ਜੀ! ਸੁਨੀਜੈ—ਸੁਣਨਾ ਕਰੀਏ ਜੀ! ਕੀਜੈ—ਕਰੀਏ ਜੀ!]

(੧) ਮਧਮ ਪੁਰਖ

ਬਹੁ-ਵਚਨ

੧. ਸਬਦੁ ਹਰਿ ਹਰਿ ਜਪੈ, ਨਾਮੁ ਨਵ ਨਿਧਿ ਅਪੈ,
ਰਸਨਿ ਅਹਿਨਿਸਿ ਰਸੈ ਸਤਿ ਕਰਿ 'ਜਾਨੀਅਹੁ' ॥੧॥੧੩॥ *(ਪੰਨਾ ੧੪੦੦)*
[ਜਾਨੀਅਹੁ—ਜਾਣ ਲਇਓ ਜੇ!]

(ਹ) ਭਵਿਖਤ ਕਾਲ

(੧) ਅਨ ਪੁਰਖ

ਇਕ-ਵਚਨ

੧. ਜਿਸ ਨੋ ਆਪੇ ਰੰਗੇ ਸੁ 'ਰਪਸੀ' ਸਤਸੰਗਤਿ ਮਿਲਾਇ ॥੫॥੩੧॥ *(ਪੰਨਾ ੪੨੭)*
[ਰਪਸੀ—ਰੰਗਿਆ ਜਾਵੇਗਾ]

(੨) ਅਨ ਪੁਰਖ

ਬਹੁ-ਵਚਨ

੧. ਤਲਬਾ 'ਪਉਸਨਿ' ਆਕੀਆ ਬਾਕੀ ਜਿਨਾ ਰਹੀ ॥ਸ.੨॥ਪਉੜੀ ੧੩॥ *(ਪੰਨਾ ੯੫੩)*

੨. **ਅਗੈ ਗਏ 'ਸਿੰਞਾਪਸਨਿ' ਚੋਟਾਂ ਖਾਸੀ ਕਉਣੁ ॥੪੪॥** *(ਪੰਨਾ ੧੩੮੦)*
[ਪਉਸਨਿ—ਪੈਣ ਗੀਆਂ, ਸਿੰਞਾਪਸਨਿ—ਸਿੰਞਾਣੇ ਜਾਣਗੇ]

(੨) ਮਧਮ ਪੁਰਖ

ਇਕ-ਵਚਨ

ਕੋਈ ਉਦਾਹਰਣ ਨਹੀਂ ਮਿਲੀ।

(੨) ਮਧਮ ਪੁਰਖ

ਬਹੁ-ਵਚਨ

੧. **ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ,**
ਜਨਮੁ ਕੁਲ ਉਧਰਹੁ ਦ੍ਵਾਰਿ ਹਰਿ 'ਮਾਨੀਅਹੁ' ॥੧॥੧੩॥ *(ਪੰਨਾ ੧੪੦੦)*
[ਮਾਨੀਅਹੁ—ਤੁਸੀਂ ਸਨਮਾਨੇ ਜਾਓਗੇ]

੨. **ਤਾਂ ਵਾਪਾਰੀ 'ਜਾਣੀਅਹੁ' ਲਾਹਾ ਲੈ ਜਾਵਹੁ ॥੮॥੧੩॥** *(ਪੰਨਾ ੪੧੮)*
[ਜਾਣੀਅਹੁ—ਤੁਸੀਂ ਜਾਣੇ ਜਾਓਗੇ]

(੩) ਉਤਮ ਪੁਰਖ

ਇਕ-ਵਚਨ

੧. **ਅਗੈ ਗਈ 'ਨ ਮੰਨੀਆ' ਮਰਉ ਵਿਸੂਰਿ ਵਿਸੂਰੇ ॥੧॥੩॥** *(ਪੰਨਾ ੫੫੮)*
[ਇਸਤਰੀ-ਲਿੰਗ, ਨ ਮੰਨੀਆ—(ਉਚਾਰਣ ਨਾਸਕੀ) ਮੈਂ ਪ੍ਰਵਾਨ ਨਹੀਂ ਪਵਾਂਗੀ।]

੧੮.੬ ਕਿਰਦੰਤ

ਕਿਰਦੰਤ-ਵਿਸਥਾਰ

ਭਾਵਾਰਥ ਕਿਰਦੰਤ ੧੮.੬.੧	ਭੂਤ ਕਿਰਦੰਤ ੧੮.੬.੨	ਕ੍ਰਿਆ-ਫਲ ਕਿਰਦੰਤ ੧੮.੬.੩	ਪੂਰਬ-ਪੂਰਣ ਕਿਰਦੰਤ ੧੮.੬.੪	ਵਰਤਮਾਨ ਕਿਰਦੰਤ ੧੮.੬.੫	ਕਰਤ੍ਰੀ-ਵਾਚਕ ਕਿਰਦੰਤ ੧੮.੬.੬

(ੳ) ਲੱਛਣ

"ਜੋ ਸ਼ਬਦ ਕ੍ਰਿਆ-ਮੂਲ ਤੋਂ ਬਣਿਆ ਹੋਵੇ, ਪਰ ਕ੍ਰਿਆ ਨਾ ਹੋਵੇ ਬਲਕਿ ਕਿਸੇ ਹੋਰ ਵਿਆਕਰਣਿਕ ਸ਼ਬਦ-ਸ਼੍ਰੇਣੀ ਵਜੋਂ ਵਰਤਿਆ ਜਾਵੇ, ਉਸ ਨੂੰ ਕਿਰਦੰਤ ਕਹੀਦਾ ਹੈ।"

(ਅ) 'ਕ੍ਰਿਆ' ਅਤੇ 'ਕਿਰਦੰਤ' ਦਾ ਪਰਸਪਰ ਫ਼ਰਕ

ਨਿਰਸੰਦੇਹ, 'ਕ੍ਰਿਆ' ਅਤੇ 'ਕਿਰਦੰਤ' ਦੋਹਾਂ ਦਾ ਮੂਲ-ਸੋ੍ਤ ਕ੍ਰਿਆ-ਮੂਲ ਹੀ ਹੁੰਦਾ ਹੈ, ਪਰ ਇਸ ਦੇ ਬਾਵਜੂਦ ਦੋਹਾਂ ਦੀ ਅੱਡਰੀ ਅੱਡਰੀ ਹੋਂਦ ਹੈ। ਕਿਸੇ ਵਾਕ ਵਿਚ ਆਈ

ਕ੍ਰਿਆ ਕਿਸੇ ਕੰਮ ਦੇ ਕਰਨ ਅਥਵਾ ਹੋਣ ਨੂੰ ਕਾਲ ਸਹਿਤ ਪ੍ਰਗਟ ਕਰਦੀ ਹੈ, ਪਰ ਕ੍ਰਿਆ-ਮੂਲ ਤੋਂ ਬਣੇ ਹੋਣ ਕਾਰਨ, ਕਿਰਦੰਤ ਤੋਂ ਕਿਸੇ ਕੰਮ ਦਾ ਹੋਣਾ ਜਾਂ ਕੀਤਾ ਜਾਣਾ ਤਾਂ ਪ੍ਰਗਟ ਹੁੰਦਾ ਹੈ, ਪਰ ਇਸ ਦੀ ਵਰਤੋਂ ਕਿਰਿਆ ਦੀ ਬਜਾਏ ਵਿਆਕਰਣ ਦੀ ਕਿਸੇ ਹੋਰ ਸ਼ਬਦ-ਸ਼੍ਰੇਣੀ (ਨਾਉਂ, ਵਿਸ਼ੇਸ਼ਣ, ਕ੍ਰਿਆ ਵਿਸ਼ੇਸ਼ਣ ਆਦਿ) ਵਜੋਂ ਹੁੰਦੀ ਹੈ, ਜਿਵੇਂ :

(ੳ) ੧. ਗੁਰਮੁਖ ਸੁਆਸ ਸੁਆਸ ਨਾਮ ਜਪਦਾ ਹੈ।
[ਜਪਦਾ ਹੈ—ਕ੍ਰਿਆ]
੨. ਰਾਮ 'ਜਪਦਾ ਜਪਦਾ' ਕਬੀਰ ਰਾਮ ਹੀ ਹੋ ਨਿਬੜਿਆ।
[ਜਪਦਾ ਜਪਦਾ—ਕਿਰਦੰਤ]

(ਅ) ੧. ਜੀਵ ਸੰਸਾਰ 'ਤੇ ਨਾਮ-ਵਣਜ ਕਰਨ 'ਆਇਆ ਹੈ'।
[ਆਇਆ ਹੈ—ਕ੍ਰਿਆ]
੨. ਸੰਸਾਰ 'ਤੇ 'ਆਇਆ' ਸਫਲ ਓਸੇ ਦਾ ਜੋ ਨਾਮ ਜਪਦਾ ਹੈ।
[ਆਇਆ—ਕਿਰਦੰਤ]

(ਏ) ੧. ਮੈਂ ਆਪਣੇ ਕਰਤਾਰ ਨੂੰ 'ਢੂੰਢਦਾ ਹਾਂ'।
[ਢੂੰਢਦਾ ਹਾਂ—ਕ੍ਰਿਆ]
੨. 'ਢੂੰਢਦਾ ਢੂੰਢਦਾ' ਓੜਕ ਮੈਂ ਟਿਕਾਣੇ 'ਤੇ ਪੁੱਜ ਗਿਆ।
[ਢੂੰਢਦਾ ਢੂੰਢਦਾ—ਕਿਰਦੰਤ]

ਨੋਟ : ਪੰਜਾਬੀ ਭਾਸ਼ਾ ਦੀਆਂ ਬਹੁਤੀਆਂ ਕ੍ਰਿਆਵਾਂ ਭੂਤ-ਕਿਰਦੰਤ ਅਤੇ ਵਰਤਮਾਨ ਕਿਰਦੰਤ ਤੋਂ ਹੀ ਬਣਦੀਆਂ ਹਨ।

(ਏ) ਕਿਰਦੰਤ ਦੀਆਂ ਕਿਸਮਾਂ

ਕਿਰਦੰਤ ਹੇਠ ਲਿਖੇ ਛੇ ਪ੍ਰਕਾਰ ਦੇ ਮੰਨੇ ਗਏ ਹਨ :

੧. ਭਾਵਾਰਥ ਕਿਰਦੰਤ
੨. ਭੂਤ ਕਿਰਦੰਤ
੩. ਕਿਰਿਆ-ਫਲ ਕਿਰਦੰਤ
੪. ਪੂਰਬ ਪੂਰਣ ਕਿਰਦੰਤ
੫. ਵਰਤਮਾਨ ਕਿਰਦੰਤ
੬. ਕਰਤਰੀ-ਵਾਚੀ ਕਿਰਦੰਤ

੧੮.੬.੧ ਭਾਵਾਰਥ ਕਿਰਦੰਤ

੧੮.੬.੧.੧ ਲੱਛਣ ਅਤੇ ਬਣਤਰ

ਕ੍ਰਿਆ-ਮੂਲ ਦੇ ਅੰਤ ਵਿਚ 'ਣਾ' ਜਾਂ 'ਨਾ' ਲਾਇਆਂ, ਜੋ ਨਾਂਵ-ਸ਼ਬਦ ਬਣਦਾ ਹੈ, ਉਸ ਨੂੰ 'ਭਾਵਾਰਥ' ਆਖਦੇ ਹਨ; ਜਿਵੇਂ :

ਕ੍ਰਿਆ-ਮੂਲ	*ਭਾਵਾਰਥ*
ਕਰ	ਕਰਨਾ
ਸੜ	ਸੜਨਾ
ਲਿਖ	ਲਿਖਣਾ
ਬੋਲ	ਬੋਲਣਾ
ਉਠ	ਉਠਣਾ

ਨੋਟ : (੧) ਗੁਰਬਾਣੀ ਵਿਚ ਭਾਵਾਰਥ ਕਿਰਦੰਤ ਜਦੋਂ ਇਕ-ਵਚਨ ਨਾਂਵ ਹੋਵੇ ਤਾਂ ਉਸਦੇ ਅੰਤਲੇ 'ਨ/ਣ' ਨੂੰ ਔਂਕੜ (ੰ) ਜਾਂ ਕੰਨਾ (ਾ) ਲੱਗਦਾ ਹੈ [ਜੰਮਣੁ ਜਾਂ ਜੰਮਣਾ]। ਬਹੁ-ਵਚਨ ਦੀ ਹਾਲਤ ਵਿਚ ਮੁਕਤਾ-ਅੰਤਿਕ ਕਿਰਦੰਤ ਦਾ ਅੰਤਲਾ 'ਨ/ਣ' ਮੁਕਤਾ ਹੋ ਜਾਂਦਾ ਹੈ ਅਤੇ ਾ-ਅੰਤਿਕ ਕਿਰਦੰਤ ਦਾ ਅੰਤਲਾ (ਾ) ਲਾਂ (ਾਂ) ਵਿਚ ਵਟੀਜ ਜਾਂਦਾ ਹੈ।

(੨) ਜੇ ਕਿਸੇ ਤੁਕ ਵਿਚ ਇਕ ਤੋਂ ਵਧੇਰੇ ਭਾਵਾਰਥ ਕਿਰਦੰਤ ਇਕੱਠੇ ਆ ਜਾਣ ਤਾਂ ਇਕ-ਵਚਨ ਦਾ ਲਖਾਇਕ ਲਗਮਾਤ੍ਰੀ ਚਿੰਨ੍ਹ (ੰ) ਜਾਂ (ਾ) ਕਈ ਵਾਰ ਕੇਵਲ ਅਖ਼ੀਰਲੇ ਭਾਵਾਰਥ ਕਿਰਦੰਤ ਨੂੰ ਲੱਗਾ ਹੁੰਦਾ ਹੈ।

(੩) ਪੁਰਾਤਨ ਪੰਜਾਬੀ ਅਥਵਾ ਗੁਰਬਾਣੀ ਵਿਚ ਭਾਵਾਰਥ ਦੇ ਕੁਝ ਅਜਿਹੇ ਰੂਪ ਵੀ ਮਿਲਦੇ ਹਨ, ਜੋ ਧਾਤੂ ਦੇ ਅੰਤ ਵਿਚ 'ਬੋ' ਜਾਂ 'ਬੇ' ਲਾਇਆਂ ਬਣਦੇ ਹਨ। ਅਜਿਹੀ ਬਣਤਰ ਹਿੰਦੀ ਦੀ ਅਵਧੀ ਉਪ-ਭਾਖਾ ਦੇ ਆਧਾਰ 'ਤੇ ਹੈ।

ਕ੍ਰਿਆ-ਮੂਲ	*ਭਾਵਾਰਥ*
ਕਰ, ਤਰ, ਬਸ,	ਕਰਬੋ, ਤਰਬੋ, ਬਸਬੋ,
ਮਿਲ, ਮਰ	ਮਿਲਬੋ, ਮਰਬੋ

ਨੋਟ : ਉਪਰੋਕਤ ਕਿਸਮ ਦੇ ਭਾਵਾਰਥ ਨਾਲ ਜਦੋਂ ਕੋਈ ਸੰਬੰਧਕੀ-ਪਦ ਆਵੇ ਤਾਂ ਉਸ ਦਾ ਅੰਤਲਾ 'ਬੋ' ਬਦਲ ਕੇ 'ਬੇ' ਹੋ ਜਾਂਦਾ ਹੈ।

੧੮.੬.੧.੨ ਭਾਵਾਰਥ ਦੀ 'ਕਰਤਾ' ਜਾਂ 'ਕਰਮ' ਵਜੋਂ ਵਰਤੋਂ

ਨਾਂਵ ਵਾਂਗ ਭਾਵਾਰਥ ਦੀ ਵਰਤੋਂ ਵੀ 'ਕਰਤਾ' ਜਾਂ 'ਕਰਮ' ਵਜੋਂ ਹੋ ਸਕਦੀ ਹੈ :

- 'ਬੋਲਣਾ' ਵੀ ਇਕ ਕਲਾ ਹੈ। (ਬੋਲਣਾ—ਕਰਤਾ)
- ਸਭਾ ਵਿਚ 'ਬੋਲਣਾ' ਕਿਸੇ ਕਿਸੇ ਨੂੰ ਹੀ ਆਉਂਦਾ ਹੈ। (ਬੋਲਣਾ—ਕਰਮ)

੧੮.੬.੧.੩ ਭਾਵਾਰਥ ਦੀ ਸੰਬੰਧਕੀ-ਪਦਾਂ ਨਾਲ ਵਰਤੋਂ

ਨਾਂਵ ਵਾਂਗ ਹੀ ਭਾਵਾਰਥ ਨਾਲ ਵੀ ਸੰਬੰਧਕੀ-ਪਦਾਂ ਅਥਵਾ ਸੰਬੰਧ-ਵਾਚਕ ਪਿਛੇਤਰ-ਚਿੰਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ; ਜਿਵੇਂ :

- ਗ਼ੁਲਾਮੀ ਦੇ 'ਜੀਉਣ ਨੂੰ' ਧਿਰਕਾਰ।
- ਝੂਠ 'ਬੋਲਣ ਤੋਂ' (ਬੋਲਣੋਂ) ਸਦਾ ਸੰਕੋਚ ਕਰੋ।
- ਫਿੱਕਾ 'ਬੋਲਣ ਨਾਲ' ਤਨ ਮਨ ਫਿੱਕਾ ਹੋ ਜਾਂਦਾ ਹੈ।
- ਮੈਨੂੰ 'ਮਰਨ ਦੀ' ਚਿੰਤਾ ਨਹੀਂ।
- ਉਸ ਦੇ 'ਬੋਲਣ ਨੇ' ਸਾਰੀ ਖੇਡ ਵਿਗਾੜ ਦਿੱਤੀ।

੧੮.੬.੧.੪ ਭਾਵਾਰਥ ਕਿਰਦੰਤ ਅਤੇ ਅਮਿਤ ਕ੍ਰਿਆ ਵਿਚ ਫ਼ਰਕ

ਅਮਿਤ ਕ੍ਰਿਆ ਵੀ ਣ/ਨ-ਅੰਤਿਕ ਹੁੰਦੀ ਹੈ; ਜਿਵੇਂ : ਬੋਲਣਾ, ਕਰਨਾ, ਲਿਖਣਾ, ਆਦਿ। ਸੋ, ਭਾਵਾਰਥ ਕਿਰਦੰਤ ਅਤੇ 'ਅਮਿਤ-ਕ੍ਰਿਆ' ਦੀ ਬਣਤਰ ਦਾ ਤਰੀਕਾ ਇਕਸਾਰ ਹੈ। ਅਮਿਤ ਕ੍ਰਿਆ ਅਤੇ ਭਾਵਾਰਥ ਕਿਰਦੰਤ, ਦੋਹਾਂ ਵਿਚ ਫ਼ਰਕ ਇਹ ਹੈ ਕਿ 'ਅਮਿਤ ਕ੍ਰਿਆ' ਅਜਿਹੀ ਕ੍ਰਿਆ ਹੈ, ਜਿਸ ਦੇ ਰੂਪ ਤੋਂ ਕਾਲ ਬਾਰੇ ਕੋਈ ਸੰਕੇਤ ਨਹੀਂ ਮਿਲਦਾ। ਭਾਵ, ਅਜਿਹੀ ਕ੍ਰਿਆ, ਕਾਲ ਦੇ ਪ੍ਰਭਾਵ ਤੋਂ ਮੁਕਤ ਹੁੰਦੀ ਹੈ। ਭਾਵਾਰਥ ਕਿਰਦੰਤ ਦੀ ਵਰਤੋਂ ਨਾਂਵ ਵਜੋਂ ਹੁੰਦੀ ਹੈ। ਦੋਹਾਂ ਦੇ ਫ਼ਰਕ ਨੂੰ ਨਿਰੂਪਨ ਕਰਨ ਲਈ ਥੱਲੇ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :

ਭਾਵਾਰਥ ਕਿਰਦੰਤ	*ਅਮਿਤ ਕ੍ਰਿਆ*
• ਏਥੇ ਮੇਰਾ 'ਬੋਲਣਾ' ਵਿਅਰਥ ਹੈ।	• ਤੁਹਾਨੂੰ ਏਥੇ 'ਬੋਲਣਾ' ਹੀ ਚਾਹੀਦਾ ਹੈ।
• ਮਨਮੁਖਾਂ ਦਾ 'ਜੀਉਣਾ' ਧਿਕਾਰ-ਜੋਗ ਹੈ।	• ਜੇ 'ਜੀਉਣਾ' ਚਾਹੁੰਦੇ ਹੋ ਤਾਂ ਹਾਰ ਮੰਨ ਲਓ।

੧੮.੬.੧.੫ ਭਾਵਾਰਥ ਕਿਰਦੰਤ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ

(ੳ) ਸਾਧਾਰਨ-ਰੂਪ

੧. ਧਾਤੂ ਦੇ ਅੰਤ ਵਿਚ 'ਣੁ', 'ਨੁ' ਲੱਗ ਕੇ ਬਣੇ ਭਾਵਾਰਥ

ਇਕ-ਵਚਨ

੧. **ਲੇਖੈ 'ਬੋਲਣੁ', ਲੇਖੈ 'ਚਲਣੁ', ਕਾਇਤੁ ਕੀਚਹਿ ਦਾਵੇ ॥ਸ.੨॥੨॥** *(ਪੰਨਾ ੧੨੩੮)*

੨. **'ਆਖਣੁ','ਵੇਖਣੁ','ਬੋਲਣੁ','ਚਲਣੁ','ਜੀਵਣੁ',ਮਰਣਾ ਧਾਤੁ ॥ਸਲੋਕ ੨॥ਪਉੜੀ ੧੫॥** *(ਪੰਨਾ ੧੪੫)*

੩. **ਸਹਜਿ ਮਿਲੈ ਮਿਲਿਆ ਪਰਵਾਣੁ ॥**
ਨਾ ਤਿਸੁ 'ਮਰਣੁ', ਨ 'ਆਵਣੁ' 'ਜਾਣੁ' ॥੧॥੨॥ *(ਪੰਨਾ ੬੮੬)*

੪. **ਜਿਨਿ ਹਰਿ ਤੇਰਾ 'ਰਚਨੁ' ਰਚਿਆ, ਸੋ ਹਰਿ ਮਨਿ ਨ ਵਸਾਇਆ ॥੩੫॥ਅਨੰਦੁ॥** *(ਪੰਨਾ ੯੨੨)*

੫. **ਈਹਾ ਖਾਟਿ ਚਲਹੁ ਹਰਿ ਲਾਹਾ, ਆਗੈ 'ਬਸਨੁ' ਸੁਹੇਲਾ ॥੧॥੫॥ਸੋਹਿਲਾ॥** *(ਪੰਨਾ ੧੩)*

੬. **ਦੂਤਹ 'ਦਹਨੁ' ਭਇਆ, ਗੋਵਿੰਦੁ ਪ੍ਰਗਟਾਇਆ ॥੨॥੧੨॥** *(ਪੰਨਾ ੪੬੦)*

੭. **ਜਾਨੀ ਵਿਛੁੰਨੜੇ ਮੇਰਾ 'ਮਰਣੁ' ਭਇਆ, ਧ੍ਰਿਗੁ ਜੀਵਣੁ ਸੰਸਾਰੇ ॥੬॥੩॥** *(ਪੰਨਾ ੫੮੦)*

੮. **'ਆਵਣ' 'ਜਾਣੁ' ਰਹੈ ਥਿਰੁ ਨਾਮਿ ਸਮਾਣੇ ॥੨॥੪੬॥** *(ਪੰਨਾ ੩੬੪)*

੯. **'ਜੰਮਣ' 'ਮਰਣੁ' ਨ ਸੁਝਈ, ਕਿਰਤੁ ਨ ਮੇਟਿਆ ਜਾਇ ॥੫॥੨॥** *(ਪੰਨਾ ੧੦੦੯)*

੧੦. **'ਜੀਵਣ' 'ਮਰਣੁ' ਕੋ ਸਮਸਰਿ ਵੇਖੈ ॥੨॥੧੦॥** *(ਪੰਨਾ ੭੯੮)*

ਨੋਟ : (੧) ਗੁਰਮਤਿ ਕਾਵਿ-ਪ੍ਰਬੰਧ ਅਧੀਨ ਕਿਧਰੇ ਕਿਧਰੇ ਭਾਵਾਰਥ ਕਿਰਦੰਤ ਦਾ ਅੰਤਲਾ (ੁ) ਬਦਲ ਕੇ ਹੋੜਾ (ੂ) ਹੋਇਆ ਮਿਲਦਾ ਹੈ; ਜਿਵੇਂ :

ਸੰਗਤਿ ਮੀਤ ਮਿਲਾਪ ਪੂਰਾ 'ਨਾਵਣੋ' ॥੩॥੧॥ *(ਪੰਨਾ ੬੮੮)*

(੨) ਜਦੋਂ ਇਕ ਤੋਂ ਵਧੇਰੇ ਭਾਵਾਰਥ ਉਤੋੜੁਤੀ ਆਉਣ ਤਾਂ ਅੰਤਲਾ ਇਕ-ਵਚਨੀ ਚਿੰਨ੍ਹ (_) ਕਈ ਵਾਰੀ ਕੇਵਲ ਇੱਕੋ ਨੂੰ, ਖ਼ਾਸ ਕਰਕੇ ਪਿਛਲੇਰੇ ਭਾਵਾਰਥ ਨੂੰ, ਲੱਗਾ ਮਿਲਦਾ ਹੈ।

੨. ਧਾਤੂ ਦੇ ਅੰਤ ਵਿਚ 'ਣਾ', 'ਨਾ' ਲੱਗ ਕੇ ਬਣੇ ਭਾਵਾਰਥ

ਇਕ-ਵਚਨ

੧. **'ਪੜਣਾ', 'ਗੁੜਣਾ' ਸੰਸਾਰ ਕੀ ਕਾਰ ਹੈ, ਅੰਦਰਿ ਤ੍ਰਿਸਨਾ ਵਿਕਾਰੁ ॥੧॥੨੧॥** *(ਪੰਨਾ ੬੫੦)*

੨. **ਹੋਰੁ ਕੂੜੁ 'ਪੜਣਾ', ਕੂੜੁ 'ਬੋਲਣਾ', ਮਾਇਆ ਨਾਲਿ ਪਿਆਰੁ ॥ਸਲੋਕ ੨॥ਪਉੜੀ ੬॥** *(ਪੰਨਾ ੮੪)*

੩. **ਕਿਆ 'ਸਵਣਾ' ਕਿਆ 'ਜਾਗਣਾ', ਗੁਰਮੁਖਿ ਤੇ ਪਰਵਾਣੁ ॥ਸ.੧॥ਪਉੜੀ ੨੨॥** *(ਪੰਨਾ ੩੧੩)*

੪. **'ਖਾਣਾ', 'ਪੀਣਾ', 'ਹਸਣਾ', 'ਸਉਣਾ', ਵਿਸਰਿ ਗਇਆ ਹੈ 'ਮਰਣਾ' ॥੧॥੧॥** *(ਪੰਨਾ ੧੨੫੪)*

੩. ਧਾਤੂ ਦੇ ਅੰਤ ਵਿਚ 'ਬੋ' ਲੱਗ ਕੇ ਬਣੇ ਭਾਵਾਰਥ

ਇਕ-ਵਚਨ

੧. **ਕਬੀਰ ਮੈ ਜਾਨਿਓ 'ਪੜਿਬੋ' ਭਲੋ, ਪੜਿਬੇ ਸਿਉ ਭਲ ਜੋਗੁ ॥੪੫॥ਸ੍ਰੀ ਕਬੀਰ ਜੀ॥** *(ਪੰਨਾ ੧੩੬੬)*

੨. **ਮੈ ਅਜਾਨੁ ਜਨੁ 'ਤਰਿਬੇ' ਨ ਜਾਨਉ, ਬਾਪ ਬੀਠੁਲਾ ਬਾਹ ਦੇ ॥ਰਹਾਉ॥੩॥** *(ਪੰਨਾ ੮੭੩)*

੪. ਧਾਤੂ ਦੇ ਅੰਤ ਵਿਚ 'ਣ', 'ਣੇ' ਲੱਗ ਕੇ ਬਣੇ ਬਹੁ-ਵਚਨ, ਭਾਵਾਰਥ

ਬਹੁ-ਵਚਨ

੧. **ਧੋਤੇ ਮੂਲਿ ਨ ਉਤਰਹਿ, ਜੇ ਸਉ 'ਧੋਵਣ' ਪਾਹਿ ॥ਸਲੋਕ ੧॥ਪਉੜੀ ੨੪॥** *(ਪੰਨਾ ੧੪੯)*

੨. **ਈਹਾ ਸੁਖੁ, ਆਗੈ ਮੁਖ ਊਜਲ, ਮਿਟਿ ਗਏ 'ਆਵਣ' 'ਜਾਣੇ' ॥੩॥੨੧॥** *(ਪੰਨਾ ੬੧੪)*

(ਅ) ਸੰਬੰਧਕੀ-ਰੂਪ

ਭਾਵਾਰਥ ਦੇ ਸੰਬੰਧਕੀ-ਰੂਪ—ਵਖਰੇ ਸੰਬੰਧਕੀ ਪਦਾਂ ਨਾਲ

੧. **'ਮਰਣੈ ਕੀ' ਚਿੰਤਾ ਨਹੀ, 'ਜੀਵਣ ਕੀ' ਨਹੀ ਆਸ ॥੧॥੧੮॥** *(ਪੰਨਾ ੨੦)*

੨. **'ਮਰਣੈ ਤੇ' ਜਗਤੁ ਡਰੈ, ਜੀਵਿਆ ਲੋੜੇ ਸਭੁ ਕੋਇ ॥ਸ.੨॥ਪਉੜੀ ੧੭॥** *(ਪੰਨਾ ੫੫੫)*

੩. **'ਨਾਵਨ ਕਉ' ਤੀਰਥ ਘਨੇ, ਮਨ ਬਉਰਾ ਰੇ, 'ਪੂਜਨ ਕਉ' ਬਹੁ ਦੇਵ ॥੪॥੫੭॥** *(ਪੰਨਾ ੩੩੬)*

੪. **ਆਇਓ 'ਸੁਨਨ ਪੜਨ ਕਉ' ਬਾਣੀ ॥ਰਹਾਉ॥੭੬॥** *(ਪੰਨਾ ੧੨੧੬)*

੫. **ਮਨੁ ਲੋਚੈ ਹਰਿ 'ਮਿਲਣ ਕਉ', ਕਿਉ ਦਰਸਨੁ ਪਾਈਆ ॥ਪਉੜੀ ੧੨॥** *(ਪੰਨਾ ੧੦੮੮)*

੬. **'ਖਾਣ ਜੀਵਣ ਕੀ' ਬਹੁਤੀ ਆਸ ॥੨॥੧੮॥** *(ਪੰਨਾ ੩੫੪)*

੭. **ਕਬੀਰ ਮੈ ਜਾਨਿਓ ਪੜਿਬੋ ਭਲੋ, 'ਪੜਿਬੇ ਸਿਉ' ਭਲ ਜੋਗੁ ॥੪੫॥ਸ੍ਰੀ ਕਬੀਰ ਜੀ॥** *(ਪੰਨਾ ੧੩੬੬)*

੮. **ਪ੍ਰਭ 'ਮਿਲਬੇ ਕਉ' ਪ੍ਰੀਤਿ ਮਨ ਲਾਗੀ ॥ਰਹਾਉ॥੧੧੬॥** *(ਪੰਨਾ ੨੦੪)*

੯. **ਮਰ 'ਜਇਬੇ ਕਉ' ਕਿਆ ਕਰਹੁ ਅਭਾਗੇ ॥ਰਹਾਉ॥੧॥** *(ਪੰਨਾ ੭੬੨)*

੧੦. **ਭੈ 'ਮਰਬੇ ਕੋ' ਬਿਸਰਤ ਨਾਹਿਨ, ਤਿਹ ਚਿੰਤਾ ਤਨੁ ਜਾਰਾ ॥੧॥੨॥** *(ਪੰਨਾ ੭੦੩)*

(ੲ) ਸੰਮਿਲਤ-ਸੰਬੰਧਕੀ-ਰੂਪ

ਸੰਮਿਲਤ-ਸੰਬੰਧਕੀ-ਰੂਪ—ਸੰਮਿਲਤ ਸੰਬੰਧਕੀ-ਚਿੰਨ੍ਹਾਂ ਸਹਿਤ

੧. **ਕੀਮਤਿ ਕਿਨੈ ਨ ਪਾਈਆ, 'ਕਹਣਿ' ਨ ਵਡਾ ਹੋਇ ॥੩॥੩॥** *(ਪੰਨਾ ੧੫)*

੨. **'ਆਖਣਿ' ਜੋਰੁ, ਚੁਪੈ ਨਹ ਜੋਰੁ ॥ ਜੋਰੁ ਨ 'ਮੰਗਣਿ' 'ਦੇਣਿ' ਨ ਜੋਰੁ ॥**
ਜੋਰੁ ਨ 'ਜੀਵਣਿ', 'ਮਰਣਿ' ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥੩॥ *(ਪੰਨਾ ੭)*

੩. **ਪ੍ਰਾਣੀ ਤੂੰ ਆਇਆ, ਲਾਹਾ 'ਲੈਣਿ' ॥ਰਹਾਉ॥੭॥** *(ਪੰਨਾ ੪੩)*

੪. **ਮਨ, ਧਰ 'ਤਰਬੇ' ਹਰਿ ਨਾਮਨੋ ॥ਰਹਾਉ॥੧੪੦॥** *(ਪੰਨਾ ੨੧੦)*

[ਕਹਣਿ—ਆਖਣ ਨਾਲ, ਆਖਣਿ—ਆਖਣ ਵਿਚ, ਮੰਗਣਿ—ਮੰਗਣ ਵਿਚ, ਜੀਵਣਿ—ਜਿਊਣ ਵਿਚ, ਮਰਣਿ—ਮਰਨ ਵਿਚ, ਲੈਣਿ—ਲੈਣ ਵਾਸਤੇ, (ਧਰ) ਤਰਬੇ—ਤਰਨ ਦੀ (ਟੇਕ)]

ਨੋਟ : ਪੁਰਾਤਨ ਪੰਜਾਬੀ ਅਥਵਾ ਗੁਰਬਾਣੀ ਵਿਚ ਭਾਵਾਰਥ ਕਿਰਦੰਤ ਦੇ ਟਾਵੇਂ ਟਾਵੇਂ ਕੁਝ ਹੋਰ ਵਿਲੱਖਣ ਢੰਗ ਨਾਲ ਬਣੇ ਰੂਪਾਂ ਦੇ ਵੀ ਦਰਸ਼ਨ ਹੁੰਦੇ ਹਨ :

੧. **ਮਾਲੁ ਜੋਬਨੁ ਛੋਡਿ ਵੈਸੀ, ਰਹਿਓ ਪੈਨਣੁ 'ਖਾਇਆ' ॥੧॥੧੧॥** *(ਪੰਨਾ ੪੬੦)*

੨. **ਹੰਢੈ ਉੰਨ ਕਤਾਇਦਾ, 'ਪੈਧਾ' ਲੋੜੈ ਪਟੁ ॥੨੩॥** *(ਪੰਨਾ ੧੩੭੯)*

੩. **ਵੇਖਣੁ ਸੁਨਣਾ ਝੂਠੁ ਹੈ, ਮੁਖਿ ਝੂਠਾ 'ਆਲਾਉ' ॥੧੧॥** *(ਪੰਨਾ ੧੪੧੧)*

੪. **ਮੁਕਤਿ ਦੁਆਰਾ ਮੋਕਲਾ, ਸਹਿਜੇ 'ਆਵਉ' 'ਜਾਉ' ॥ਸ.੧॥ਪਉੜੀ ੪॥** *(ਪੰਨਾ ੫੦੯)*

[ਖਾਇਆ—ਖਾਣਾ, ਪੈਧਾ—ਪੈਨ੍ਹਣਾ (ਪੈਨ੍ਹੇ ਜਾਣਾ), ਆਲਾਉ—ਬੋਲਣਾ, ਆਵਉ ਜਾਉ— ਆਉਣਾ ਜਾਣਾ]

੫. **ਸੰਤਨ ਸਿਉ ਮੇਰੀ 'ਲੇਵਾ ਦੇਵੀ', ਸੰਤਨ ਸਿਉ ਬਿਉਹਾਰਾ ॥੨॥੧੬॥**
[ਲੇਵਾ-ਦੇਵੀ—ਲੈਣ-ਦੇਣ] *(ਪੰਨਾ ੬੧੪)*

੧੮.੬.੨ ਭੂਤ-ਕਿਰਦੰਤ

੧੮.੬.੨.੧ ਲੱਛਣ

"ਭੂਤ-ਕਿਰਦੰਤ ਤੋਂ ਭਾਵ ਹੈ ਕ੍ਰਿਆ-ਮੂਲ ਤੋਂ ਬਣਿਆ ਅਜਿਹਾ ਸ਼ਬਦ ਜਿਸ ਦੀ ਬਣਤਰ ਵਿਚ ਭੂਤ ਕਾਲ ਦੀ ਦਿਖ ਤਾਂ ਭਾਵੇਂ ਹੋਵੇ, ਪਰ ਉਸ (ਸ਼ਬਦ) ਦੀ ਵਰਤੋਂ ਕ੍ਰਿਆ ਦੀ ਬਜਾਏ ਵਿਸ਼ੇਸ਼ਣ ਦੇ ਤੌਰ 'ਤੇ ਕੀਤੀ ਗਈ ਹੋਵੇ।"

੧੮.੬.੨.੨ ਭੂਤ-ਕਿਰਦੰਤ ਦੀ ਬਣਤਰ

(ੳ) ਆਮ ਤੌਰ 'ਤੇ ਭੂਤ-ਕਿਰਦੰਤ, ਕ੍ਰਿਆ-ਮੂਲ ਨਾਲ ਪਿਛੇਤਰ (ਇ + ਅ) ਲਾਇਆਂ ਬਣਦੇ ਹਨ; ਜਿਵੇਂ :

ਕ੍ਰਿਆ-ਮੂਲ	*ਭੂਤ-ਕਿਰਦੰਤ*	*ਕ੍ਰਿਆ-ਮੂਲ*	*ਭੂਤ-ਕਿਰਦੰਤ*
ਪੜ੍ਹ	ਪੜ੍ਹਿਆ (ਮਨੁੱਖ)	ਲਾ	ਲਾਇਆ (ਜ਼ੋਰ)
ਬੋਲ	ਬੋਲਿਆ (ਬਚਨ)	ਖਾ	ਖਾਇਆ (ਭੋਜਨ)
ਕਹ	ਕਹਿਆ (ਕਥਨ)	ਬਣਾ	ਬਣਾਇਆ (ਪਖੰਡ)
ਜੀਵ	ਜੀਵਿਆ (ਜੀਵਨ)	ਗਾ	ਗਾਇਆ (ਕੀਰਤਨ)
ਸੁਣ	ਸੁਣਿਆ (ਭਾਸ਼ਨ)	ਧੋ	ਧੋਇਆ (ਤਨ)

ਨੋਟ : ਸੂਰ 'ਇ' ਜਦੋਂ ਕਿਸੇ ਵਿਅੰਜਨ ਅੱਖਰ ਨੂੰ ਲੱਗਦਾ ਹੈ ਤਾਂ ਇਸ ਦੇ 'ਏ' ਭਾਗ ਦਾ ਲੋਪ ਹੋ ਜਾਂਦਾ ਹੈ, ਕੇਵਲ ਲਗ ਹੀ ਵਿਅੰਜਨ ਅੱਖਰ ਨਾਲ ਲੱਗਦੀ ਹੈ; ਜਿਵੇਂ :

ਬੋਲਿਆ /ਬੋਲ + ਇ + ਆ/
ਜੀਵਿਆ /ਜੀਵ + ਇ + ਆ/

(ਅ) ਭੂਤ-ਕਿਰਦੰਤ ਦੇ ਕਈ, ਹੋਰਵੇਂ ਢੰਗ ਨਾਲ ਬਣੇ ਪੁਰਾਤਨ ਰੂਪ ਵੀ ਮਿਲਦੇ ਹਨ; ਜਿਵੇਂ :

ਧਾਤੂ	*ਭੂਤ-ਕਿਰਦੰਤ*	*ਧਾਤੂ*	*ਭੂਤ-ਕਿਰਦੰਤ*
ਕਰ	ਕੀਤਾ, ਕੀਆ, ਕੀਨਾ	ਖਾ	ਖਾਧਾ
ਬਨ੍ਹ	ਬਧਾ	ਪੀ	ਪੀਤਾ, ਪੀਆ
ਜਾਣ	ਜਾਤਾ	ਦੇ	ਦਿੱਤਾ, ਦੀਆ, ਦੀਨਾ
ਰਿਨ੍ਹ	ਰਿਧਾ	ਲੈ	ਲੀਤਾ, ਲੀਆ, ਲੀਨਾ
ਲਭ	ਲਧਾ	ਧੋ	ਧੋਤਾ
ਕੁਹ	ਕੁਠਾ	ਕਮਾ	ਕਮਾਤਾ, ਕਮਾਣਾ
ਰੁਸ	ਰੁਠਾ	ਗੁਨ੍ਹ	ਗੁਧਾ
ਮੋਹ	ਮੁਠਾ	ਪਹੁਚ	ਪਹੁਤਾ
ਦੇਖ	ਡਿਠਾ	ਫਸ	ਫਾਥਾ

੧੮.੬.੨.੩ ਭੂਤ-ਕਿਰਦੰਤ ਦੀਆਂ ਸਾਧਾਰਣ ਉਦਾਹਰਣਾਂ

- ਤੁਹਾਡਾ 'ਕੀਤਾ' ਉਪਕਾਰ ਮੈਂ ਜੀਵਨ ਭਰ ਨਹੀਂ ਭੁੱਲ ਸਕਦਾ।
- ਅਭਾਖਿਆ ਕਾ 'ਕੁਠਾ' ਬਕਰਾ ਖਾਵੇ ਨਾਹੀਂ।
- ਕਲ੍ਹ 'ਡਿਠਾ' ਦ੍ਰਿਸ਼ ਬੜਾ ਭਿਆਨਕ ਸੀ।
- ਜੀਵਨ ਭਰ ਦਾ 'ਖਟਿਆ' ਧਨ ਮੌਤ ਆਉਣ 'ਤੇ ਧਰਿਆ ਧਰਾਇਆ ਰਹਿ ਗਿਆ।
- ਵਿਧਾਤਾ ਵੱਲੋਂ 'ਲਿਖਿਆ' ਲੇਖ ਕੋਈ ਮੇਟ ਨਹੀਂ ਸਕਦਾ।

ਨੋਟ : ਪੰਜਾਬੀ ਬੋਲੀ ਵਿਚ ਬਹੁਤੀਆਂ ਕ੍ਰਿਆਵਾਂ ਭੂਤ-ਕਿਰਦੰਤ ਅਤੇ ਵਰਤਮਾਨ ਕਿਰਦੰਤ ਤੋਂ ਹੀ ਬਣਦੀਆਂ ਹਨ।

ਸਾਵਧਾਨੀ

ਨੋਟ : ਇਹ ਤੱਥ ਜਾਣ ਲੈਣਾ ਅਤਿ ਜ਼ਰੂਰੀ ਹੈ ਕਿ 'ਕ੍ਰਿਆ-ਫਲ ਕਿਰਦੰਤ' ਦਾ ਰੂਪ ਵੀ ਬਿਲਕੁਲ ਓਹੀ ਹੁੰਦਾ ਹੈ, ਜੋ 'ਭੂਤ-ਕਿਰਦੰਤ' ਦਾ। ਦੋਹਾਂ ਵਿਚ ਫ਼ਰਕ ਕੇਵਲ ਇਹ ਹੈ ਕਿ ਜਦੋਂ ਅਜਿਹੀ ਕਿਸਮ ਦਾ ਕਿਰਦੰਤ ਵਿਸ਼ੇਸ਼ਣ ਦੇ ਤੌਰ 'ਤੇ ਵਰਤਿਆ ਜਾਵੇ ਤਾਂ ਭੂਤ-ਕਿਰਦੰਤ ਹੁੰਦਾ ਹੈ ਅਤੇ ਨਾਂਵ ਦੇ ਤੌਰ 'ਤੇ ਵਰਤਿਆ ਓਹੀ ਕਿਰਦੰਤ-ਸ਼ਬਦ 'ਕ੍ਰਿਆ-ਫਲ ਕਿਰਦੰਤ' ਬਣ ਜਾਂਦਾ ਹੈ। ਇਸ ਫ਼ਰਕ ਨੂੰ ਸਪੱਸ਼ਟ ਕਰਨ ਲਈ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

(ੳ) (੧) ਮੇਰਾ 'ਬੋਲਿਆ' 'ਚਾਲਿਆ' ਮਾਫ਼ ਕਰ ਦੇਣਾ।
[ਬੋਲਿਆ ਚਾਲਿਆ—ਕ੍ਰਿਆ-ਫਲ ਕਿਰਦੰਤ]
(੨) ਤੁਹਾਡਾ 'ਬੋਲਿਆ' ਬਚਨ ਕਲਿਆਣ ਕਾਰੀ ਹੈ।
[ਬੋਲਿਆ (ਬਚਨ)—ਭੂਤ-ਕਿਰਦੰਤ]

(ਅ) (੧) ਜੋ ਮਨੁੱਖ ਕਿਸੇ ਦਾ 'ਕੀਤਾ' ਨਾ ਜਾਣੇ ਉਹ ਅਕ੍ਰਿਤਘਣ ਹੈ।
[ਕੀਤਾ—ਕ੍ਰਿਆ-ਫਲ ਕਿਰਦੰਤ]
(੨) ਤੁਹਾਡਾ 'ਕੀਤਾ' ਉਪਕਾਰ ਮੈਂ ਕਦੀ ਭੁੱਲ ਨਹੀਂ ਸਕਦਾ।
[ਕੀਤਾ (ਉਪਕਾਰ)—ਭੂਤ-ਕਿਰਦੰਤ]

੧੮.੬.੨.੪ ਭੂਤ-ਕਿਰਦੰਤ ਦੀਆਂ ਗੁਰਬਾਣੀ ਵਿੱਚੋਂ ਉਦਾਹਰਣਾਂ

(ੳ) ਇਕ-ਵਚਨ

(੧) ਪੁਲਿੰਗ

੧. **ਆਠ ਪਹਰ ਅਰਾਧਿਓ ਹਰਿ ਹਰਿ, ਮਨ 'ਚਿੰਦਿਆ' ਫਲੁ ਪਾਇਆ ॥ਰਹਾਉ॥੭॥** *(ਪੰਨਾ ੬੨੭)*

੨. **ਮਨੁ 'ਵਿਛੁੜਿਆ' ਹਰਿ ਮੇਲੀਐ, ਨਾਨਕ ਏਹੁ ਸੁਆਉ ॥੪॥੧॥** *(ਪੰਨਾ ੧੩੭)*

੩. **'ਪਇਆ' ਕਿਰਤੁ ਨ ਮੇਟੈ ਕੋਇ ॥੭॥੧੩॥** *(ਪੰਨਾ ੨੮੦)*

੪. **'ਭੂਲਾ' ਮਨੁ ਸਮਝੈ ਗੁਰ ਸਬਦੀ, ਹਰਿ ਹਰਿ ਸਦਾ ਧਿਆਏ ॥੧॥੩॥** *(ਪੰਨਾ ੫੬੧)*

੫. **'ਭੂਲਾ' ਦੈਤੁ ਨ ਸਮਝਈ, ਤਿਨਿ ਪ੍ਰਭ ਕੀਏ ਕਾਮ ॥੨੬॥** *(ਪੰਨਾ ੧੪੧੨)*

੬. **ਗੁਰਸਿਖਾ ਨੋ ਸਾਬਾਸਿ ਹੈ ਹਰਿ 'ਤੁਠਾ' ਮੇਲਿ ਮਿਲਾਇ ॥੨੭॥** *(ਪੰਨਾ ੧੪੨੪)*

੭. **ਗੁਰੁ 'ਤੁਠਾ' ਬਖਸੇ ਭਗਤਿ ਭਾਉ ॥੩॥੭॥** *(ਪੰਨਾ ੧੧੭੦)*

੮. **ਤੂ ਜਾਣਾਇਹਿ ਤਾ ਕੋਈ ਜਾਣੈ ॥**
ਤੇਰਾ 'ਦੀਆ' ਨਾਮੁ ਵਖਾਣੈ ॥੧॥੮॥ *(ਪੰਨਾ ੫੬੩)*

ਨੋਟ : ਉਪਰਲੀਆਂ ਉਦਾਹਰਣਾਂ ਵਿਚ 'ਚਿੰਦਿਆ, ਵਿਛੁੜਿਆ, ਪਇਆ, ਭੂਲਾ, ਤੁਠਾ, ਦੀਆ' ਸਾਰੇ ਭੂਤ-ਕਿਰਦੰਤ (ਵਿਸ਼ੇਸ਼ਣ) ਵਜੋਂ ਆਏ ਹਨ।

(ਓ) ਇਕ-ਵਚਨ

(੨) ਇਸਤਰੀ-ਲਿੰਗ

੧. **ਕਬੀਰ ਐਸਾ ਜੰਤੁ ਇਕੁ ਦੇਖਿਆ, ਜੈਸੀ 'ਧੋਈ' ਲਾਖੁ ॥੧੩੯॥** *(ਪੰਨਾ ੧੩੭੧)*

੨. **ਕਬੀਰ ਬਨ ਕੀ 'ਦਾਧੀ' ਲਾਕਰੀ, ਠਾਢੀ ਕਰੈ ਪੁਕਾਰ ॥੯੦॥** *(ਪੰਨਾ ੧੩੬੯)*

੩. **'ਫਾਥੀ' ਮਛੁਲੀ ਕਾ ਜਾਲਾ ਤੂਟਾ ॥੨॥੫੦॥** *(ਪੰਨਾ ੮੯੮)*

ਨੋਟ : ਉਪਰੋਕਤ ਉਦਾਹਰਣਾਂ ਵਿਚ 'ਧੋਈ, ਦਾਧੀ, ਫਾਥੀ' ਇਹ ਸਾਰੇ ਭੂਤ-ਕਿਰਦੰਤ (ਵਿਸ਼ੇਸ਼ਣ) ਵਜੋਂ ਆਏ ਹਨ।

(ਅ) ਬਹੁ-ਵਚਨ

ਪੁਲਿੰਗ

੧. **ਮਨ 'ਚਿੰਦੇ' ਫਲ ਪਾਈਅਹਿ ਹਰਿ ਕੇ ਗੁਣ ਗਾਉ ॥੫॥** *(ਪੰਨਾ ੭੦੭)*

੨. **ਤੇਰੇ 'ਕੀਤੇ' ਕੰਮ ਤੁਧੈ ਹੀ ਗੋਚਰੇ ॥ਪਉੜੀ ੧੧॥** *(ਪੰਨਾ ੫੨੧)*

੩. **'ਭੂਲੇ' ਸਿਖ ਗੁਰੂ ਸਮਝਾਏ ॥੧੩॥੧੧॥** *(ਪੰਨਾ ੧੦੩੨)*

ਨੋਟ : ਉਪਰੋਕਤ ਉਦਾਹਰਣਾਂ ਵਿਚ 'ਚਿੰਦੇ, ਕੀਤੇ, ਭੂਲੇ', ਭੂਤ-ਕਿਰਦੰਤ (ਵਿਸ਼ੇਸ਼ਣ) ਵਜੋਂ ਆਏ ਹਨ।

੧੮.੬.੩ ਕ੍ਰਿਆ-ਫਲ ਕਿਰਦੰਤ •

੧੮.੬.੩.੧ ਲੱਛਣ

ਸ: ਕਰਮ ਸਿੰਘ ਜੀ ਗੰਗਾ ਵਾਲਾ ਵੱਲੋਂ ਪੰਜਾਬੀ ਵਿਆਕਰਣ ਭਾਗ-੩ ਵਿਚ ਕ੍ਰਿਆ-ਫਲ ਕਿਰਦੰਤ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਮਿਲਦੀ ਹੈ :

"ਧਾਤੂ ਦੇ ਅੰਤ ਵਿਚ 'ਿ ਆ' ਜਾਂ 'ਇ ਆ' ਲਾਇਆਂ, ਜੋ ਨਾਉਂ ਬਣਦਾ ਹੈ, ਉਸ ਨੂੰ 'ਕ੍ਰਿਆ-ਫਲ' ਆਖਦੇ ਹਨ; ਜਿਵੇਂ : ਤੇਰਾ 'ਪੜ੍ਹਿਆ' ਵਿਅਰਥ ਗਿਆ।"

ਸਾਵਧਾਨੀ

ਇਹ ਤੱਥ ਜਾਣ ਲੈਣਾ ਅਤੀ ਜ਼ਰੂਰੀ ਹੈ ਕਿ 'ਕ੍ਰਿਆ-ਫਲ ਕਿਰਦੰਤ' ਅਤੇ 'ਭੂਤ-ਕਿਰਦੰਤ' ਦਾ ਸਰੂਪ ਇੱਕੋ ਜਿਹਾ ਹੀ ਹੁੰਦਾ ਹੈ। ਦੋਹਾਂ ਵਿਚ ਫ਼ਰਕ ਦਾ ਆਧਾਰ ਇਹ ਹੈ ਕਿ ਜੇਕਰ ਕਿਰਦੰਤ ਸ਼ਬਦ ਦੀ ਵਰਤੋਂ ਵਿਸ਼ੇਸ਼ਣ ਦੇ ਤੌਰ ਉੱਤੇ ਹੋਵੇ ਤਾਂ ਉਹ ਭੂਤ-ਕਿਰਦੰਤ ਹੁੰਦਾ ਹੈ, ਪਰ ਨਾਂਵ ਦੇ ਤੌਰ 'ਤੇ ਵਰਤਿਆ ਗਿਆ ਉਹੀ ਸ਼ਬਦ ਕ੍ਰਿਆ-ਫਲ ਕਿਰਦੰਤ ਹੁੰਦਾ ਹੈ; ਜਿਵੇਂ :

- ਮੇਰਾ 'ਬੋਲਿਆ' ਚਾਲਿਆ ਮੁਆਫ਼ ਕਰ ਦੇਣਾ। [ਕ੍ਰਿਆ-ਫਲ ਕਿਰਦੰਤ]
- ਤੁਹਾਡਾ 'ਬੋਲਿਆ' ਬਚਨ ਕਲਿਆਣਕਾਰੀ ਹੈ। [ਭੂਤ-ਕਿਰਦੰਤ]

ਹੋਰ ਦਿੱਤਾ ਬਿਓਰਾ ਇਸ ਪ੍ਰਕਾਰ ਹੈ :

" 'ਕ੍ਰਿਆ-ਫਲ' ਦੇ 'ਸੰਬੰਧਕੀ' ਅਤੇ 'ਸੰਮਿਲਤ ਸੰਬੰਧਕੀ' ਰੂਪ ਵੀ ਹੁੰਦੇ ਹਨ; ਜਿਵੇਂ : ਤੇਰੇ ਪੜ੍ਹੇ (ਪੜ੍ਹਨ) ਤੋਂ ਕੁਝ ਲਾਭ ਨਹੀਂ ਹੋਇਆ। ਤੇਰੇ 'ਪੜ੍ਹਿਆਂ' (=ਪੜ੍ਹਨ ਕਰਕੇ) ਕੀ ਸਉਰਿਆ ?

ਸੋ, ਕ੍ਰਿਆ-ਫਲ ਕਿਰਦੰਤ ਨਾਂਵ ਦੇ ਤੌਰ 'ਤੇ ਆਉਂਦਾ ਹੈ; ਜਿਵੇਂ :

(ਓ) ਕ੍ਰਿਆ-ਫਲ ਕਿਰਦੰਤ—ਸਾਧਾਰਨ-ਰੂਪ

- 'ਪੜ੍ਹਿਆ' ਕਿਸ ਕੰਮ ਜੇ ਅਮਲ ਵਿਚ ਨਾ ਆਇਆ ?
- ਸ਼ਰਧਾ-ਪ੍ਰੇਮ ਨਾਲ 'ਗਾਵਿਆ' 'ਸੁਣਿਆ' ਪ੍ਰਭੂ ਕਬੂਲ ਕਰਦਾ ਹੈ।
- ਹਰ ਕਿਸੇ ਨੂੰ ਆਪਣਾ 'ਬੀਜਿਆ' ਖਾਣਾ ਪੈਂਦਾ ਹੈ।
- ਸੰਸਾਰ ਵਿਚ 'ਆਇਆ' ਸਫਲ ਓਸੇ ਦਾ, ਜੋ ਨਾਮ ਜਪਦਾ ਹੈ।
- ਧੁਰੋਂ 'ਲਿਖਿਆ' ਮਿਟਦਾ ਨਹੀਂ।

(ਅ) ਕ੍ਰਿਆ-ਫਲ ਕਿਰੰਦਤ—ਸੰਬੰਧਕੀ-ਰੂਪ

- ਧੁਰੋਂ 'ਲਿਖੇ ਨੂੰ' ਕੋਈ ਮੇਟ ਨਹੀਂ ਸਕਦਾ।
- ਤੁਹਾਡੇ 'ਲਿਖੇ ਤੋਂ' ਕੁਝ ਪੱਲੇ ਨਹੀਂ ਪੈਂਦਾ।
- ਜੇ ਨਾਮ ਨਹੀਂ ਜਪਿਆ ਤਾਂ ਸੰਸਾਰ 'ਤੇ 'ਆਏ ਦਾ' ਕੀ ਲਾਭ ?
- ਥੋੜੇ 'ਦਿੱਤੇ ਨੂੰ' ਬਹੁਤਾ ਜਾਣਿਓ ?
- ਤੇਰੇ 'ਬੋਲੇ 'ਤੇ' ਮੈਨੂੰ ਕ੍ਰੋਧ ਆ ਗਿਆ।
- ਤੇਰੇ 'ਬੋਲਿਆਂ' ਝਗੜਾ ਵਧ ਸਕਦਾ ਸੀ।

ਨੋਟ : ਉਪਰੋਕਤ ਉਦਾਹਰਣਾਂ ਵਿਚ 'ਲਿਖੇ ਨੂੰ', 'ਲਿਖੇ ਤੋਂ', 'ਆਏ ਦਾ', 'ਦਿੱਤੇ ਨੂੰ', 'ਬੋਲੇ 'ਤੇ' 'ਬੋਲਿਆਂ' ਕ੍ਰਿਆ-ਫਲ ਕਿਰਦੰਤ ਦੀ, ਸੰਬੰਧਕੀ-ਰੂਪ ਵਿਚ ਵਰਤੋਂ ਦੇ ਨਮੂਨੇ ਹਨ।

੧੮.੬.੩.੨ ਕ੍ਰਿਆ-ਫਲ ਕਿਰਦੰਤ ਦੀਆਂ ਗੁਰਬਾਣੀ ਵਿੱਚੋਂ ਉਦਾਹਰਣਾਂ

(ੳ) ਸਾਧਾਰਣ ਰੂਪ

(੧) ਪੁਲਿੰਗ—ਇਕ-ਵਚਨ

੧. 'ਗਾਵਿਆ', 'ਸੁਣਿਆ' ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥੧੧॥ *(ਪੰਨਾ ੬੬੯)*

੨. ਗੁਰ ਕਾ 'ਕਹਿਆ' ਮਨਿ ਵਸੈ, ਹਉਮੈ ਤ੍ਰਿਸਨਾ ਮਾਰਿ ॥ਰਹਾਉ॥੨੨॥ *(ਪੰਨਾ ੨੨)*

੩. ਗੁਰ ਕਾ 'ਕਹਿਆ' ਜੇ ਕਰੇ, ਸੁਖੀ ਹੂ ਸੁਖੁ ਸਾਰੁ ॥ਸ.੧॥ਪਉੜੀ ੨੬॥
(ਪੰਨਾ ੧੨੪੮)

੪. ਓਹੁ ਗਲ ਫਰੋਸੀ ਕਰੇ ਬਹੁਤੇਰੀ,
ਓਸ ਦਾ 'ਬੋਲਿਆ' ਕਿਸੈ ਨ ਭਾਇਆ ॥ਸਲੋਕ ੨॥ਪਉੜੀ ੮॥ *(ਪੰਨਾ ੩੦੩)*

੫. ਸਾਹ ਚਲੇ ਵਣਜਾਰਿਆ, 'ਲਿਖਿਆ' ਦੇਵੈ ਨਾਲਿ ॥ਸ.੧॥ਪਉੜੀ ੩॥ *(ਪੰਨਾ ੧੨੩੮)*

੬. ਜਿਸੁ ਅੰਦਰਿ ਚੁਗਲੀ ਚੁਗਲੋ ਵਜੈ,
'ਕੀਤਾ ਕਰਤਿਆ' ਓਸ ਦਾ ਸਭੁ ਗਇਆ ॥ਸਲੋਕ ੧॥ਪਉੜੀ ੧੫॥ *(ਪੰਨਾ ੩੦੮)*

੭. ਮੈ 'ਕੀਤਾ' ਨ ਜਾਤਾ ਹਰਾਮਖੋਰੁ ॥
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥੪॥੨੬॥ *(ਪੰਨਾ ੨੪)*

੮. 'ਕੀਤਾ' ਕਿਆ ਸਾਲਾਹੀਐ, ਕਰੇ 'ਸੋਇ' ਸਾਲਾਹਿ ॥ਸ.੨॥ਪਉੜੀ ੪॥
(ਪੰਨਾ ੧੨੩੮)

੯. ਜਿਵ ਆਇਆ ਤਿਵ ਜਾਇਸੀ, 'ਕੀਆ' ਲਿਖਿ ਲੈ ਜਾਇ ॥੩॥੧੩॥ *(ਪੰਨਾ ੧੩੩੧)*

੧੦. 'ਖਾਧਾ' ਹੋਇ ਸੁਆਹ, ਭੀ ਖਾਣੇ ਸਿਉ ਦੋਸਤੀ ॥ਸਲੋਕ ੧॥ਪਉੜੀ ੧੭॥ *(ਪੰਨਾ ੧੪੬)*

੧੧. ਫੇਰਿ ਓਹ ਵੇਲਾ ਓਸੁ ਹਥਿ ਨ ਆਵੈ,
ਓਹੁ ਆਪਣਾ 'ਬੀਜਿਆ' ਆਪੇ ਖਾਵੈ ॥ਸਲੋਕ ੧॥ਪਉੜੀ ੮॥ *(ਪੰਨਾ ੩੦੩)*

੧੨. ਧਿਗੁ ਤਿਨਾ ਕਾ 'ਜੀਵਿਆ', ਕਿਤੁ ਆਏ ਸੰਸਾਰਿ ॥੧੩॥੬੭॥ *(ਪੰਨਾ ੧੪੧੪)*

੧੩. ਨਾਨਕ 'ਕਮਾਣਾ' ਸੰਗਿ ਚੁਲਿਆ, ਨਹ ਜਾਇ ਕਿਰਤੁ ਮਿਟਾਇਆ ॥੧॥੧੧॥
(ਪੰਨਾ ੪੬੦)

੧੪. ਜੋ ਪ੍ਰਾਣੀ ਗੋਵਿੰਦੁ ਧਿਆਵੈ ॥
'ਪੜਿਆ' 'ਅਣਪੜਿਆ' ਪਰਮ ਗਤਿ ਪਾਵੈ ॥੧॥੧੫੬॥ *(ਪੰਨਾ ੧੮੭)*

੧੫. ਦੇਂਦੇ ਥਾਵਹੁ 'ਦਿਤਾ' ਚੰਗਾ, ਮਨਮੁਖਿ ਐਸਾ ਜਾਣੀਐ ॥ਸ.੨॥ਪਉੜੀ ੨॥
(ਪੰਨਾ ੧੩੮)

੧੬. 'ਨਾਤਾ' ਸੋ ਪਰਵਾਣੁ ਸਚੁ ਕਮਾਈਐ ॥੧॥੧॥ *(ਪੰਨਾ ੫੬੫)*

(੨) ਪੁਲਿੰਗ—ਬਹੁ-ਵਚਨ

੧. ਰਾਜੇ ਸੀਹ, ਮੁਕਦਮ ਕੁਤੇ ॥
ਜਾਇ ਜਗਾਇਨਿ 'ਬੈਠੇ' 'ਸੁਤੇ' ॥ਸ.੨॥ਪਉੜੀ ੨੨॥ *(ਪੰਨਾ ੧੨੮੮)*

੨. ਆਖਹਿ 'ਪੜੇ' ਕਰਹਿ ਵਖਿਆਣ ॥੨੬॥ *(ਪੰਨਾ ੫)*

(ਅ) ਕ੍ਰਿਆ-ਫਲ ਕਿਰਦੰਤ ਦੀ ਸੰਬੰਧਕੀ-ਪਦਾਂ ਸਹਿਤ ਵਰਤੋਂ

੧. 'ਲਿਖੇ' ਉਪਰਿ ਹੁਕਮੁ ਹੋਇ, ਲਈਐ ਵਸਤੁ ਸਮ੍ਹਲਿ ॥੧॥ਪਉੜੀ ੩॥ *(ਪੰਨਾ ੧੨੩੮)*

੨. 'ਲਿਖੇ' ਬਾਝਹੁ ਸੁਰਤਿ ਨਾਹੀ, ਬੋਲਿ ਬੋਲਿ ਗਵਾਈਐ ॥੧॥੧॥ *(ਪੰਨਾ ੫੬੬)*

੩. 'ਕੀਤੇ' ਕਉ ਮੇਰੈ ਸੰਮਾਨੈ, ਕਰਣਹਾਰੁ ਤ੍ਰਿਣੁ ਜਾਨੈ ॥੨॥੧੮॥ *(ਪੰਨਾ ੬੧੩)*

੪. 'ਕੀਤੇ' ਕੈ ਕਹਿਐ ਕਿਆ ਹੋਈ ॥੫॥੨॥ *(ਪੰਨਾ ੧੧੫੪)*

੫. 'ਕੀਤੇ' ਕਾ ਨਾਹੀ ਕਿਹੁ ਚਾਰਾ ॥੧॥੨੨॥ *(ਪੰਨਾ ੧੦੪੨)*

੬. 'ਕੀਤੇ' ਕਾਰਣਿ ਪਾਕੜੀ, ਕਾਲੁ ਨ ਟਲੈ ਸਿਰਾਹੁ ॥੧॥੪॥ *(ਪੰਨਾ ੫੫)*

(ਏ) ਸੰਮਿਲਤ ਸੰਬੰਧਕੀ-ਰੂਪ

ਧਾਤੂ ਦੇ ਅੰਤ ਵਿਚ ਜੋੜੇ ਚਿੰਨ੍ਹ 'ਇਆ' ਦੇ ਅੰਤਲੇ ਸੁਰ ਨੂੰ ਨਾਸਕੀ ਕੀਤਿਆਂ

੧. ਜਿਨ 'ਡਿਠਿਆ' ਮਨੁ ਰਹਸੀਐ, ਕਿਉ ਪਾਈਐ ਤਿਨ੍ ਸੰਗੁ ਜੀਉ ॥੧॥੩॥
(ਪੰਨਾ ੭੬੦)

੨. ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥
ਜਿਨ 'ਮਿਲਿਆ' ਦੁਖ ਜਾਹਿ ਹਮਾਰੇ ॥ਰਹਾਉ॥੪੧॥ *(ਪੰਨਾ ੧੬੪)*

੩. ਜੀਵਨ ਪਦਵੀ ਹਰਿ ਕੇ ਦਾਸ ॥
ਜਿਨ 'ਮਿਲਿਆ' ਆਤਮ ਪਰਗਾਸੁ ॥੧॥੧੭੦॥ *(ਪੰਨਾ ੨੦੦)*

੪. ਜਿਨ੍ 'ਦਿਸਿ ਆਇਆ' ਹੋਹਿ ਰਲੀਆ, ਜੀਅ ਸੇਤੀ ਗਹਿ ਰਹਹਿ ॥੨॥੪॥
[ਡਿਠਿਆ, ਮਿਲਿਆ, ਆਇਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ] *(ਪੰਨਾ ੭੬੫)*

ਵਿਲੱਖਣ ਢੰਗ ਨਾਲ ਬਣੇ ਕਿਰਦੰਤ

੧. 'ਖਰੇ' 'ਖਰੋਏ' ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥੫॥੩॥ *(ਪੰਨਾ ੧੩੦੯)*

੧੮.੬.੩.੩ ਪੁਰਾਤਨ ਸੰਮਿਲਤ ਸੰਬੰਧਕੀ-ਰੂਪ

ਗੁਰਬਾਣੀ ਵਿਚ ਕ੍ਰਿਆ-ਫਲ ਕਿਰਦੰਤ ਦਾ ਇਕ ਸੰਮਿਲਤ ਸੰਬੰਧਕੀ-ਰੂਪ (ਧਾਤੂ ਦੇ ਅੰਤ ਵਿਚ 'f + ਐ' ਜੋੜਨ ਨਾਲ) ਹੋਰ ਵੀ ਮਿਲਦਾ ਹੈ, ਜੋ ਇਕੱਲਾ ਵੀ ਆਇਆ ਹੈ ਅਤੇ ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਆਦਿ ਨਾਲ 'ਵਾਕਾਂਸ਼-ਰੂਪ' ਵਿਚ ਵੀ; ਜਿਵੇਂ :

(ੳ) ਮੁਕਤਾ-ਅੰਤਿਕ ਨਾਵਾਂ ਨਾਲ

(੧) ਇਕੱਲੇ ਰੂਪ ਵਿਚ

੧. 'ਸੁਣਿਐ', ਸਿਧ, ਪੀਰ, ਸੁਰਿ ਨਾਥ ॥
'ਸੁਣਿਐ' ਧਰਤਿ ਧਵਲ ਆਕਾਸ ॥੮॥ *(ਪੰਨਾ ੨)*

੨. 'ਮਿਲਿਐ', ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ ॥ਸ.੩॥੧੯॥ *(ਪੰਨਾ ੭੯੧)*

(੨) ਨਿਯਮਤ ਬਣਤਰ ਵਾਲੇ ਕ੍ਰਿਆ-ਫਲ ਕਿਰਦੰਤ ਵਾਕਾਂਸ਼ ਰੂਪ ਵਿਚ

੧. ਸਤਿਗੁਰਿ 'ਮਿਲਿਐ' ਸਚੁ ਪਾਇਆ, ਜਿਨ੍ ਕੈ ਹਿਰਦੈ ਸਚੁ ਵਸਾਇਆ ॥ਪਉੜੀ॥੮॥ (ਪੰਨਾ ੪੬੭)

੨. ਨਾਨਕ ਨਾਮਿ 'ਵਿਸਾਰਿਐ', ਦਰਿ ਗਇਆ ਕਿਆ ਹੋਇ ॥੪॥੮॥ (ਪੰਨਾ ੧੭)

੩. ਸੀਸਿ 'ਨਿਵਾਇਐ' ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ ॥ਸ.੧॥ਪਉੜੀ ੧੪॥ (ਪੰਨਾ ੪੭੦)

੪. ਸਾਜਨਿ 'ਮਿਲਿਐ' ਸੁਖੁ ਪਾਇਆ, ਜਮਦੂਤ ਮੁਏ ਬਿਖੁ ਖਾਇ ॥੫॥੪॥ (ਪੰਨਾ ੫੫)

੫. ਸਤਿਗੁਰਿ 'ਸੇਵਿਐ' ਮਨੁ ਨਿਰਮਲਾ, ਭਏ ਪਵਿਤ੍ਰ ਸਰੀਰ ॥੧॥੨੫॥ (ਪੰਨਾ ੬੯)

੬. ਨਾਨਕ ਨਾਮਿ 'ਅਰਾਧਿਐ', ਕਾਰਜੁ ਆਵੈ ਰਾਸਿ ॥ਸ.੧॥ਪਉੜੀ ੧੦॥ (ਪੰਨਾ ੩੨੦)

੭. ਨਾਨਕਿ ਨਾਮਿ 'ਸਲਾਹਿਐ', ਮਨੁ ਤਨੁ ਸੀਤਲੁ ਹੋਇ ॥ਸ.੧॥ਪਉੜੀ ੧੩॥ (ਪੰਨਾ ੩੨੧)

੮. ਏਕਸੁ ਸਿਉ ਮਨੁ ਰਹਿਆ ਸਮਾਏ, ਮਨਿ 'ਮੰਨਿਐ' ਮਨਹਿ ਮਿਲਾਵਣਿਆ ॥੭॥੨੨॥ (ਪੰਨਾ ੧੨੨)

੯. ਮੁੰਡਿ 'ਮੁੰਡਾਇਐ' ਜੇ ਗੁਰੁ ਪਾਈਐ, ਹਮ ਗੁਰੁ ਕੀਨੀ ਗੰਗਾਤਾ ॥੨॥੧੫॥ (ਪੰਨਾ ੧੫੫)

੧੦. ਜਿਸੁ ਲੜਿ 'ਲਗਿਐ' ਜੀਵੀਐ, ਭਵਜਲੁ ਪਈਐ ਪਾਰਿ ॥੩॥੧੭॥ (ਪੰਨਾ ੨੧੮)

੧੧. ਭੈ ਭੰਜਨ ਅਬਿਨਾਸੀ ਰਾਇ ॥
ਦਰਸਨਿ 'ਦੇਖਿਐ' ਸਭੁ ਦੁਖੁ ਜਾਇ ॥੧॥੪੭॥ (ਪੰਨਾ ੧੧੪੯)

੧੨. ਜਨੁ ਨਾਨਕ ਨਾਮੁ ਲਏ ਤਾਂ ਜੀਵੈ, ਜਿਉ ਚਾਤ੍ਰਿਕੁ ਜਲਿ 'ਪੀਐ' ਤ੍ਰਿਪਤਾਸੀ ॥੨॥੧੨॥ (ਪੰਨਾ ੧੨੦੨)

੧੩. ਸਾਸਿ 'ਗਇਐ' ਕਾਇਆ ਢਲਿ ਪਾਇ ॥੩॥੭॥ (ਪੰਨਾ ੧੨੫੬)

੧੪. ਡਕੈ ਢੁਕੈ ਖੇਹ ਉਡਾਵੈ, ਸਾਹਿ 'ਗਇਐ' ਪਛੁਤਾਇ ॥ਸ.੨॥ਪਉੜੀ ੧੬॥ (ਪੰਨਾ ੧੨੮੬)

੧੫. ਦਰਸਨਿ 'ਪਰਸਿਐ' ਗੁਰੂ ਕੈ ਅਠਸਠਿ ਮਜਨੁ ਹੋਇ ॥੮॥ (ਪੰਨਾ ੧੩੯੨)

੧੬. ਸਾਕਤ ਸਿਉ ਮੁਖਿ 'ਜੋਰਿਐ' ਅਧ ਵੀਚਹੁ ਟੂਟੈ ॥੪॥੪੪॥ (ਪੰਨਾ ੮੧੧)

(੩) ਹੋਰਵੀਂ ਬਣਤਰ ਵਾਲੇ ਕ੍ਰਿਆ-ਫਲ ਕਿਰਦੰਤ ਵਾਕਾਂਸ਼ ਰੂਪ ਵਿਚ

੧. ਸਹਿ 'ਤੁਠੈ' ਨਉ ਨਿਧਿ ਪਾਈਆ ॥ਪਉੜੀ ੧੮॥ (ਪੰਨਾ ੪੭੩)

੨. ਕਰਮਿ 'ਲਿਖੰਤੈ' ਪਾਈਐ, ਇਹ ਰੁਤਿ ਸੁਹਾਈ ॥੧॥੧॥ (ਪੰਨਾ ੧੧੯੩)

੩. ਸਬਦਿ 'ਰਪੈ' ਘਰੁ ਪਾਈਐ, ਨਿਰਬਾਣੀ ਪਦੁ ਨੀਤਿ ॥੪॥੮॥ (ਪੰਨਾ ੫੮)

੪. ਹਰਿ ਅਮਿਉ ਰਸਾਇਣੁ ਪੀਵੀਐ ॥
ਮੁਹਿ 'ਡਿਠੈ' ਜਨ ਕੈ ਜੀਵੀਐ ॥੪॥੩੮॥ (ਪੰਨਾ ੧੩੨)

੫. ਓਹ ਆਲੁ ਪਤਾਲੁ ਮੁਹਹੁ ਬੋਲਦੇ, ਜਿਉ 'ਪੀਤੈ' ਮਦਿ ਮਤਵਾਲੇ ॥ਪਉੜੀ ੧੬॥ (ਪੰਨਾ ੩੧੧)

੬. ਭਾਉ ਭੋਜਨੁ ਸਤਿਗੁਰਿ 'ਤੁਠੈ' ਪਾਏ ॥੩॥੧੧॥ (ਪੰਨਾ ੧੧੫)

੭. ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ,
ਛਪੜਿ 'ਨਾਤੈ' ਸਗਵੀ ਮਲੁ ਲਾਏ ॥ਸਲੋਕ ੨॥੫॥ (ਪੰਨਾ ੧੪੦)

੮. ਮਨਿ ਮੈਲੈ ਸਭੁ ਕਿਛੁ ਮੈਲਾ, ਤਨਿ 'ਧੋਤੈ' ਮਨੁ ਹਛਾ ਨ ਹੋਇ ॥੧॥੧॥ (ਪੰਨਾ ੫੫੮)

੯. ਕੂੜਿ 'ਕਮਾਣੈ' ਕੂੜੋ ਹੋਵੈ, ਨਾਨਕ ਸਿਫਤਿ ਵਿਗਾਸਿ ॥ਸਲੋਕ ॥੩॥ਪਉੜੀ ੨੨॥ (ਪੰਨਾ ੪੭੪)

੧੦. ਗੁਰਿ 'ਡੀਠੈ' ਗੁਰ ਕਾ ਸਿਖੁ ਬਿਗਸੈ, ਜਿਉ ਬਾਰਿਕੁ ਦੇਖਿ ਮਹਤਾਰੀ ॥੩॥੧॥ (ਪੰਨਾ ੧੨੬੩)

੧੧. ਨਾਨਕ ਦੁਨੀਆ ਚਾਰਿ ਦਿਹਾੜੇ, ਸੁਖਿ 'ਕੀਤੈ' ਦੁਖੁ ਹੋਈ ॥੨॥੧੬॥ (ਪੰਨਾ ੧੨੮੬)

੧੨. ਆਈ ਪੰਥੀ ਸਗਲ ਜਮਾਤੀ ਮਨਿ 'ਜੀਤੈ' ਜਗੁ ਜੀਤੁ ॥੨੮॥ (ਪੰਨਾ ੬)

ਨੋਟ : (੧) ਉਪਰਲੀਆਂ ਉਦਾਹਰਣਾਂ ਵਿਚ ਕਈ ਕ੍ਰਿਆ-ਫਲ ਕਿਰਦੰਤ ਮੁਕਤਾ-ਅੰਤਿਕ ਨਾਵਾਂ ਨਾਲ ਮਿਲ ਕੇ ਇਕ ਤਰ੍ਹਾਂ ਦੀ 'ਅਧੀਨ-ਵਾਕੰਸ' (subordinate clause) ਦੇ ਰੂਪ ਵਿਚ ਆਏ ਹਨ। ਇਸ ਅਧੀਨ ਵਾਕੰਸ਼ ਵਿਚਲੇ ਨਾਂਵ ਅਤੇ ਕ੍ਰਿਆ-ਫਲ ਕਿਰਦੰਤ ਦੇ ਸ਼ਬਦ-ਜੋੜੇ ਵਿਚ ਕੁਝ ਕਾਰਨ ਨਿਰੂਪਨ ਕੀਤਾ ਹੋਇਆ ਹੈ ਅਤੇ ਇਸ ਦੇ ਨਾਲ ਲੱਗਦੇ ਵਾਕੰਸ਼ ਵਿਚ ਉਸਦਾ ਫਲ ਦਰਸਾਇਆ ਹੋਇਆ ਹੈ। ਉਪਰੋਕਤ ਕਿਸਮ ਦੇ 'ਕ੍ਰਿਆ-ਫਲ ਕਿਰਦੰਤ' ਨੂੰ ਅਜੋਕੇ ਵਿਆਕਰਣ ਵਿਚ 'ਕਾਰਨ-ਕਾਰਜ ਕਿਰਦੰਤ' ਕਿਹਾ ਜਾਂਦਾ ਹੈ। ਇਹ ਆਪਣੇ ਨਾਲ ਆਏ ਨਾਂਵ, ਪੜਨਾਂਵ, ਵਿਸ਼ੇਸ਼ਣ ਦੇ ਰੂਪ ਨੂੰ ਵੀ ਪ੍ਰਭਾਵਤ ਕਰਦਾ ਹੈ। ਇਸੇ ਕਰਕੇ, ਕ੍ਰਿਆ-ਫਲ ਕਿਰਦੰਤ ਨਾਲ ਸੰਬੰਧਤ ਸਾਰੇ ਮੁਕਤਾ-ਅੰਤਿਕ ਨਾਵਾਂ ਦੇ ਅੰਤਲੇ ਅੱਖਰ ਨੂੰ ਕਰਣ ਕਾਰਕ ਦਾ ਕਾਰਕ-ਚਿੰਨ੍ਹ (ਾ) ਲੱਗਾ ਹੋਇਆ ਹੈ।

(੨) ਉਪਰੋਕਤ ਉਦਾਹਰਣਾਂ ਵਿਚ 'ਕ੍ਰਿਆ-ਫਲ ਕਿਰਦੰਤ' ਦੇ ਅੰਤਲੇ ਸੁਰ (ੈ) ਦਾ ਉਚਾਰਣ ਨਾਸਿਕਤਾ ਬਿਨਾਂ ਹੈ।

(ਅ) 'ਉ'-ਅੰਤਿਕ ਨਾਂਵਾਂ ਨਾਲ

੧. ਨਾਉ ਤੇਰਾ ਨਿਰੰਕਾਰੁ ਹੈ, ਨਾਇ 'ਲਇਐ' ਨਰਕਿ ਨ ਜਾਈਐ ॥ਪਉੜੀ ੫॥ (ਪੰਨਾ ੪੬੫)

੨. ਨਾਮੈ ਤੇ ਸਭਿ ਊਪਜੈ ਭਾਈ ਨਾਇ 'ਵਿਸਰਿਐ' ਮਰਿ ਜਾਇ ॥੨॥੬॥ (ਪੰਨਾ ੬੦੩)

੩. ਨਾਇ 'ਮੰਨਿਐ' ਪਤਿ ਊਪਜੈ, ਸਾਲਾਹੀ ਸਚੁ ਸੂਤੁ ॥ਸ.੩॥ਪਉੜੀ ੧੫॥ (ਪੰਨਾ ੪੭੧)

੪. ਨਾਨਕ ਨਾਇ 'ਵਿਸਾਰਿਐ', ਸੁਖੁ ਕਿਨੇਹਾ ਹੋਇ ॥ਸ.੧॥ਪਉੜੀ ੧੧॥ (ਪੰਨਾ ੩੨੦)

੫. ਭੈ 'ਪਇਐ' ਮਲੁ ਕਟੀਐ, ਨਿਰਮਲ ਹੋਵੈ ਸਰੀਰੁ ॥ਸ.੧॥ਪਉੜੀ ੧੬॥ (ਪੰਨਾ ੫੧੬)

ਨੋਟ : (੧) ਉ-ਅੰਤਿਕ ਨਾਵਾਂ ਨਾਲ, ਕ੍ਰਿਆ-ਫਲ ਕਿਰਦੰਤ ਅਧੀਨ-ਵਾਕੰਸ਼ ਰੂਪ ਵਿਚ ਆਏ ਹਨ। ਨਾਂਵ ਅਤੇ ਕ੍ਰਿਆ-ਫਲ ਕਿਰਦੰਤ ਦੇ ਸ਼ਬਦ-ਜੋੜੇ

ਵਿਚ ਕੁਝ ਕਾਰਨ ਨਿਰਪੂਨ ਕੀਤਾ ਹੋਇਆ ਹੈ, ਜਿਸ ਦਾ ਫਲ ਨਾਲ ਲੱਗਦੇ ਵਾਕੰਸ਼ ਵਿਚ ਦਰਸਾਇਆ ਹੋਇਆ ਹੈ। ਉਪਰੋਕਤ ਕਿਸਮ ਦੇ ਕ੍ਰਿਆ-ਫਲ ਕਿਰਦੰਤ ਜਿਸ ਨੂੰ ਅਜੋਕੇ, ਵਿਆਕਰਣ ਵਿਚ 'ਕਾਰਨ- ਕਾਰਜ ਕਿਰਦੰਤ' ਕਹੀਦਾ ਹੈ, ਇਹ ਆਪਣੇ ਨਾਲ ਆਏ ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਦੇ ਰੂਪ ਨੂੰ ਵੀ ਪ੍ਰਭਾਵਤ ਕਰਦਾ ਹੈ। ਇਸੇ ਕਾਰਨ ਕ੍ਰਿਆ-ਫਲ ਕਿਰਦੰਤ ਨਾਲ ਆਏ 'ਉ'-ਅੰਤਿਕ ਨਾਵਾਂ ਦਾ ਰੂਪ ਵੀ ਕਰਣ ਕਾਰਕ ਵਾਲਾ ਕਰ ਦਿੱਤਾ ਹੋਇਆ ਹੈ; ਜਿਵੇਂ : ਨਾਉ ਤੋਂ ਨਾਇ, ਭਉ ਤੋਂ ਭੈ।

(੨) ਕ੍ਰਿਆ-ਫਲ ਕਿਰਦੰਤ ਦੇ ਅੰਤਲੇ ਸ੍ਵਰ (ੈ) ਦਾ ਉਚਾਰਣ ਨਾਸਿਕਤਾ ਬਿਨਾ।

(ਏ) ਕੰਨਾ-ਅੰਤਿਕ ਨਾਵਾਂ ਨਾਲ

੧. **ਨਾਨਕ ਫਿਕੈ 'ਬੋਲਿਐ', ਤਨੁ ਮਨੁ ਫਿਕਾ ਹੋਇ ॥ਸ.੧॥ਪਉੜੀ ੨੦॥** *(ਪੰਨਾ ੪੭੩)*

੨. **ਢੁਠੈ 'ਹੋਇਐ' ਹੋਇ ਬਿਲਾਵਲੁ, ਜੀਆ ਜੁਗਤਿ ਸਮਾਣੀ ॥ਸ.੧॥੨੬॥** *(ਪੰਨਾ ੧੫੦)*

੩. **ਅਗੈ ਲੈਖੈ 'ਮੰਗਿਐ' ਹੋਰ ਦਸੂਣੀ ਪਾਇ ॥ਸ.੨॥ਪਉੜੀ ੮॥** *(ਪੰਨਾ ੧੨੪੦)*

ਨੋਟ : (੧) ਉਪਰੋਕਤ ਉਦਾਹਰਣਾਂ ਵਿਚ ਕੰਨਾ-ਅੰਤਿਕ ਨਾਂਵ ਅਤੇ ਕ੍ਰਿਆ ਫਲ ਕਿਰਦੰਤ ਦੇ ਸ਼ਬਦ-ਜੁਟ ਤੋਂ ਬਣੀ ਅਧੀਨ-ਵਾਕੰਸ਼ ਵਿਚ ਕੁਝ ਕਾਰਨ ਦੱਸਿਆ ਹੋਇਆ ਹੈ, ਜਿਸ ਦਾ ਫਲ ਨਾਲ ਲੱਗਦੀ ਵਾਕੰਸ਼ ਵਿਚ ਦਰਸਾਇਆ ਹੋਇਆ ਹੈ। ਉਪਰੋਕਤ ਕਿਸਮ ਦੇ ਕ੍ਰਿਆ-ਫਲ ਕਿਰਦੰਤ ਨੂੰ ਅਜੋਕੇ ਵਿਆਕਰਣ ਵਿਚ 'ਕਾਰਨ-ਕਾਰਜ ਕਿਰਦੰਤ' ਕਿਹਾ ਜਾਂਦਾ ਹੈ। ਇਹ ਆਪਣੇ ਨਾਲ ਆਏ ਨਾਂਵ, ਪੜਨਾਂਵ, ਵਿਸ਼ੇਸ਼ਣ ਦੇ ਰੂਪ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸ ਲਈ ਕ੍ਰਿਆ-ਫਲ ਕਿਰਦੰਤ ਨਾਲ ਆਏ ਕੰਨਾ-ਅੰਤਿਕ ਨਾਂਵ ਦਾ ਸਰੂਪ ਵੀ ਕਰਣ ਕਾਰਕ ਵਾਲਾ ਹੀ ਕਰ ਦਿੱਤਾ ਹੋਇਆ ਹੈ; ਜਿਵੇਂ : ਫਿਕਾ ਤੋਂ ਫਿਕੈ, ਢੁਠਾ ਤੋਂ ਢੁਠੈ, ਲੇਖਾ ਤੋਂ ਲੇਖੈ।

(੨) ਕ੍ਰਿਆ-ਫਲ ਕਿਰਦੰਤ ਦੇ ਅੰਤਲੇ ਸ੍ਵਰ (ੈ) ਦਾ ਉਚਾਰਣ ਨਾਸਿਕਤਾ ਬਿਨਾ।

(ਸ) ਮੁਕਤਾ-ਅੰਤਿਕ ਨਾਵਾਂ ਅਤੇ ਕੰਨਾ-ਅੰਤਿਕ ਵਿਸ਼ੇਸ਼ਣਾਂ ਨਾਲ ਸਾਂਝੇ ਤੌਰ 'ਤੇ

੧. **ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,**
ਧਨਿ ਬਹੁਤੈ 'ਭਿਠੈ', ਤਪੈ ਧਰਮੁ ਹਾਰਿਆ ॥ਸ.੧॥ਪਉੜੀ ੩੦॥ *(ਪੰਨਾ ੩੧੫)*

੨. **ਸਤਿਗੁਰਿ ਪੂਰੈ 'ਸੇਵਿਐ', ਦੂਖਾ ਕਾ ਹੋਇ ਨਾਸੁ ॥ਸ.੧॥ਪਉੜੀ ੧੦॥** *(ਪੰਨਾ ੩੨੦)*

੩. **ਨਾਨਕ ਸਚੈ ਸਤਿਗੁਰਿ 'ਸੇਵਿਐ', ਸਦਾ ਸਚੁ ਵਾਪਾਰੁ ॥ਸ.੧॥ਪਉੜੀ ੧॥** *(ਪੰਨਾ ੮੩)*

ਨੋਟ : (੧) ਸੰਮਿਲਤ ਸੰਬੰਧਕੀ-ਰੂਪ ਵਾਲੇ ਉਪਰੋਕਤ ਕ੍ਰਿਆ-ਫਲ ਕਿਰਦੰਤਾਂ

(ਕਾਰਨ-ਕਾਰਜ ਕਿਰਦੰਤ) ਨਾਲ ਸੰਬੰਧਤ ਮੁਕਤਾ-ਅੰਤਿਕ ਨਾਵਾਂ ਦੇ ਅੰਤਲੇ ਅੱਖਰ ਨਾਲ ਕਰਣ ਕਾਰਕ ਦਾ ਚਿੰਨ੍ਹ ਸਿਹਾਰੀ (ਿ) ਲੱਗਾ ਹੋਇਆ ਹੈ, ਜਦ ਕਿ ਉਹਨਾਂ ਨਾਲ ਸੰਬੰਧਤ ਕੰਨਾ-ਅੰਤਿਕ ਵਿਸ਼ੇਸ਼ਣਾਂ ਦਾ ਅੰਤਲਾ ਕੰਨਾ (ਾ) ਕਰਣ ਕਾਰਕ ਦੇ ਸੰਬੰਧਤ ਕਾਰਕ-ਚਿੰਨ੍ਹ ਦੋਲਾਵਾਂ (ੈ) ਵਿਚ ਬਦਲਿਆ ਹੋਇਆ ਹੈ।

ਮੁਕਤਾ-ਅੰਤਿਕ ਨਾਂਵ	*ਕੰਨਾ-ਅੰਤਿਕ ਵਿਸ਼ੇਸ਼ਣ*
ਧਨ ਤੋਂ ਧਨਿ	ਥੋੜਾ ਤੋਂ ਥੋੜੈ, ਪੂਰਾ ਤੋਂ ਪੂਰੈ
ਸਤਿਗੁਰ ਤੋਂ ਸਤਿਗੁਰਿ	ਸਚਾ ਤੋਂ ਸਚੈ

(੨) ਕ੍ਰਿਆ-ਫਲ ਕਿਰਦੰਤ ਦੇ ਅੰਤਲੇ ਸ੍ਵਰ (ੈ) ਦਾ ਉਚਾਰਣ ਨਾਸਿਕਤਾ ਬਿਨਾ।

(ਹ) ਪੜਨਾਂਵਾਂ ਅਤੇ ਵਿਸ਼ੇਸ਼ਣਾਂ ਨਾਲ

੧. **ਇਤੁ 'ਕਮਾਣੈ' ਸਦਾ ਦੁਖੁ ਪਾਵੈ, ਜੰਮੈ ਮਰੈ ਫਿਰਿ ਆਵੈ ਜਾਇ ॥ ਸ.੨॥ਪਉੜੀ ੧੦॥** *(ਪੰਨਾ ੫੧੨)*

੨. **ਸਤਿਗੁਰਿ ਕਉ ਬਲਿ ਜਾਈਐ ॥**
ਜਿਤੁ 'ਮਿਲਿਐ' ਪਰਮ ਗਤਿ ਪਾਈਐ ॥੪॥੧॥ *(ਪੰਨਾ ੭੧)*

੩. **ਜਿਤੁ 'ਸੇਵਿਐ' ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਹਾਲੀਐ ॥ਪਉੜੀ ੨੧॥** *(ਪੰਨਾ ੪੭੪)*

੪. **ਹਉ ਹਰਿ ਕੈ ਸਦ ਬਲਿਹਾਰਣੈ, ਜਿਤੁ 'ਸੇਵਿਐ' ਸੁਖੁ ਪਾਇ ॥ਸ.੧॥ਪਉੜੀ ੨੯॥** *(ਪੰਨਾ ੬੫੩)*

੫. **ਇਤੁ ਧਨਿ 'ਪਾਇਐ' ਭੁਖ ਲਥੀ, ਸੁਖੁ ਵਸਿਆ ਮਨਿ ਆਇ ॥ਸ.੧॥੧੭॥** *(ਪੰਨਾ ੧੦੬੨)*

੬. **ਇਤੁ ਮਨਿ 'ਮਉਲਿਐ' ਭਇਆ ਅਨੰਦੁ ॥੨॥੧੪॥** *(ਪੰਨਾ ੧੧੭੬)*

ਨੋਟ : (੧) ਕ੍ਰਿਆ-ਫਲ ਕਿਰਦੰਤ (ਕ ਤਨ-ਕਾਰਜ ਕਿਰਦੰਤ) ਨਾਲ ਆਉਣ ਕਰਕੇ ਇਸ ਨਾਲ ਸੰਬੰਧਤ ਪੜਨਾਂਵ/ਵਿਸ਼ੇਸ਼ਣ 'ਇਸੁ' ਅਤੇ 'ਜਿਸੁ' ਦਾ ਰੂਪ ਵੀ ਕਰਣ ਕਾਰਕ ਵਾਲਾ 'ਇਤੁ' ਅਤੇ 'ਜਿਤੁ' ਹੋਇਆ ਹੈ।

(੨) ਕ੍ਰਿਆ-ਫਲ ਕਿਰਦੰਤ ਦੇ ਅੰਤਲੇ ਸ੍ਵਰ (ੈ) ਦਾ ਉਚਾਰਣ ਨਾਸਿਕਤਾ ਬਿਨਾ।

(ਕ) ਇਸਤਰੀ-ਲਿੰਗ ਕ੍ਰਿਆ-ਫਲ ਕਿਰਦੰਤ

੧. **ਜਿਤੁ 'ਸੁਣੀ' ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥੩੭॥** *(ਪੰਨਾ ੯੨੨)*

੨. **ਗਲਾ ਉਪਰਿ ਤਪਾਵਸੁ ਨ ਹੋਈ ਵਿਸੁ 'ਖਾਧੀ' ਤਤਕਾਲ ਮਰਿ ਜਾਏ ॥ਸ.੧॥ਪਉੜੀ ੧੫॥** *(ਪੰਨਾ ੩੦੮)*

੩. **ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ 'ਖਾਧੀ' ਮਰੀਐ ॥ਪਉੜੀ ੩੦॥** *(ਪੰਨਾ ੩੧੬)*

ਵਿਸ਼ੇਸ਼ ਨੋਟ [ਵਿਆਕਰਣ-ਵਿਗਿਆਨ ਦੇ ਵਿਦਵਾਨਾਂ ਦੇ ਧਿਆਨ ਗੋਚਰੇ] :

(੧) ਉਪਰੋਕਤ ਉਦਾਹਰਣਾਂ ਤੋਂ ਇਹ ਸੂਹ ਮਿਲਦੀ ਹੈ ਕਿ ਇਸ ਵਿਲੱਖਣ ਕਿਸਮ ਦੇ ਕ੍ਰਿਆ-ਫਲ ਕਿਰਦੰਤ ਦੇ, ਇਸ ਦੀ ਬਣਤਰ ਦੇ ਆਧਾਰ 'ਤੇ ਅਰਥ ਕਰਮਨੀ-ਵਾਚ ਵਿਚ ਕੀਤੇ ਜਾਣੇ ਬਣਦੇ ਹਨ; ਜਿਵੇਂ :

'ਜਿਤੁ ਸੁਣੀ'— ਜਿਸ (ਬਾਣੀ) ਸੁਣੀ ਜਾਣ ਸਦਕਾ।
'ਵਿਸੁ ਖਾਧੀ'—ਵਿਸੁ ਖਾਧੀ ਜਾਣ ਕਰਕੇ।

ਇਸ ਵਿਲੱਖਣ ਕਿਰਦੰਤ ਦੇ ਅਰਥ ਪ੍ਰੋ: ਸਾਹਿਬ ਸਿੰਘ ਵੱਲੋਂ ਵੀ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* ਅੰਦਰ ਕਈ ਥਾਵੇਂ ਕਰਮਨੀ ਵਾਚ ਵਿਚ ਕੀਤੇ ਮਿਲਦੇ ਹਨ; ਜਿਵੇਂ :

ਪੰਨਾ ਦਰਪਣ	*ਸ਼ਬਦਾਰਥ ਪੰਨਾ*	*ਅੰਕ*	*ਕਿਰਦੰਤ*	
੪੦੩	੫੮	੪॥੮॥	ਸਬਦਿ ਰਪੈ	ਜੇ ਗੁਰੂ ਦੇ ਸ਼ਬਦ ਵਿਚ ਮਨ ਰੰਗਿਆ ਜਾਏ।
੧੮੮ (ਪਦ-ਅਰਥ)	੧੭	੪॥੮॥	ਨਾਮਿ ਵਿਸਾਰਿਐ	ਜੇ ਪ੍ਰਭੂ ਦਾ ਨਾਮ ਵਿਸਾਰ ਦਿੱਤਾ ਜਾਵੇ।
੪੬੩ (ਪਦ-ਅਰਥ)	੬੯	੧॥੨੫॥	ਸਤਿਗੁਰਿ ਸੇਵਿਐ	ਜੇ ਸਤਿਗੁਰ ਦੀ ਸੇਵਾ ਕੀਤੀ ਜਾਏ।

ਪਿਛਲੇ ਪੰਨਿਆਂ ਉੱਤੇ ਆਈਆਂ ਕੁਝ ਉਦਾਹਰਣਾਂ ਵਿਚਲੇ ਵਿਲੱਖਣ ਰੂਪ ਵਾਲੇ ਕ੍ਰਿਆ-ਫਲ ਕਿਰਦੰਤ ਦੇ ਕਰਮਨੀ-ਵਾਚ ਅਰਥ-ਨਮੂਨੇ ਥੱਲੇ ਦਿੱਤੇ ਜਾਂਦੇ ਹਨ :

ਸਤਿਗੁਰਿ ਮਿਲਿਐ — ਸਤਿਗੁਰੂ ਮਿਲ ਪੈਣ ਸਦਕਾ...
ਸੀਸਿ ਨਵਾਇਐ — ਸਿਰ ਨਿਵਾਏ ਜਾਣ ਨਾਲ...
ਮੁੰਡਿ ਮੁਡਾਇਐ — ਸਿਰ ਮੁਨਾਏ ਜਾਣ ਨਾਲ...
ਜਿਸੁ ਲੜਿ ਲਗਿਐ — ਜਿਸ ਦੇ ਲੜ ਲੱਗ ਜਾਣ ਨਾਲ...
ਸਾਸਿ ਗਇਐ — ਸੁਆਸ ਨਿਕਲ ਜਾਣ ਕਾਰਨ...
ਦਰਸਨਿ ਪਰਸਿਐ — ਦਰਸਨ ਪਰਸੇ ਜਾਣ ਸਦਕਾ...
ਮੁਖਿ ਜੋਰਿਐ — ਮੂੰਹ ਜੋੜੇ ਜਾਣ ਕਾਰਨ
ਗੁਰਿ ਡੀਠੈ — ਗੁਰੂ ਦਿਸ ਪੈਣ 'ਤੇ
ਕੂੜਿ ਕਮਾਣੈ — ਕੂੜ ਕਮਾਏ ਜਾਣ ਦੇ ਫਲ-ਸਰੂਪ

(੨) **ਉਪਰੋਕਤ ਸੁਝਾਅ ਗੁਰਬਾਣੀ ਵਿਆਕਰਣ ਦੇ ਵਿਦਵਾਨਾਂ ਦੇ ਵਿਚਾਰ ਲਈ ਅਤੇ ਪੰਥਕ-ਪਧਰ 'ਤੇ ਉਚਿਤ ਨਿਰਣੇ ਲਈ ਪੇਸ਼ ਹੈ। ਇਹ ਮਸਲਾ ਗੌਰ-ਤਲਬ ਹੈ।**

੧੮.੬.੪ ਪੂਰਬ-ਪੂਰਣ ਕਿਰਦੰਤ

੧੮.੬.੪.੧ ਲੱਛਣ

'ਪੂਰਬ-ਪੂਰਣ ਕਿਰਦੰਤ' ਜਿਵੇਂ ਕਿ ਇਸ ਦੇ ਨਾਮ ਤੋਂ ਹੀ ਪ੍ਰਗਟ ਹੈ, ਕਿਰਦੰਤ

ਦੀ ਅਜਿਹੀ ਕਿਸਮ ਹੈ, ਜਿਸ ਤੋਂ ਇਹ ਵਿਦਤ ਹੁੰਦਾ ਹੈ ਕਿ ਇਸ ਕਿਰਦੰਤ ਨਾਲ ਸੰਬੰਧਤ ਕੰਮ ਪਹਿਲਾਂ ਸੰਪੂਰਨ ਕਰ ਕੇ ਹੀ ਕੁਝ ਹੋਰ ਕੰਮ ਕੀਤਾ ਗਿਆ ਹੈ, ਕੀਤਾ ਜਾ ਰਿਹਾ ਹੈ ਜਾਂ ਕੀਤਾ ਜਾਣਾ ਹੈ।

ਕਿਸੇ ਵਾਕ ਵਿਚ 'ਪੂਰਬ-ਪੂਰਣ ਕਿਰਦੰਤ' ਅਤੇ ਉਸ ਵਾਕ ਦੀ ਕਿਰਿਆ, ਇਹਨਾਂ ਦੋਹਾਂ ਦਾ ਕਰਤਾ ਇੱਕੋ ਹੀ ਹੁੰਦਾ ਹੈ।

- ਮੈਂ ਇਸ਼ਨਾਨ 'ਕਰ ਕੇ' ਨਿਤਨੇਮ ਕੀਤਾ।
- ਤੁਹਾਨੂੰ 'ਪੁੱਛ ਕੇ' ਹੀ ਮੈਂ ਨਵਾਂ ਕਾਰਜ ਅਰੰਭਾਂਗਾ।
- ਅੰਮ੍ਰਿਤ 'ਛਕ ਕੇ' ਗੁਰੂ ਵਾਲੇ ਬਣ ਜਾਓ।
- ਨਾਮ 'ਜਪ ਕੇ' ਕਬੀਰ ਜਗਤ-ਪ੍ਰਸਿੱਧ ਹੋ ਗਿਆ।
- ਇਕਾਗਰ ਚਿਤ 'ਹੋ ਕੇ' ਗੁਰਬਾਣੀ ਸਰਵਣ ਕਰੋ।

ਉਪਰਲੀਆਂ ਤੁਕਾਂ ਵਿਚਲਾ :

ਪੂਰਬ ਪੂਰਣ ਕਿਰਦੰਤ	*ਕ੍ਰਿਆ*
ਕਰ ਕੇ	ਕੀਤਾ
ਪੁੱਛ ਕੇ	ਅਰੰਭਾਂਗਾ
ਛਕ ਕੇ	ਬਣ ਜਾਓ
ਜਪ ਕੇ	ਹੋ ਗਿਆ
ਹੋ ਕੇ	ਸਰਵਣ ਕਰੋ

ਨੋਟ : ਪੂਰਬ-ਪੂਰਣ ਕਿਰਦੰਤ 'ਕਰ ਕੇ' ਵਿਚ 'ਕੇ' ਪਦ ਧਾਤੂ ਤੋਂ ਵੱਖਰਾ ਹੁੰਦਾ ਹੈ, ਜਦ ਕਿ 'ਕਰਕੇ' ਇਕੱਠਾ ਪਦ ਕਰਣ ਕਾਰਕ ਦੀ ਵਿਭਕਤੀ ਬਣ ਜਾਂਦਾ ਹੈ; ਜਿਵੇਂ :

- ਮਨ 'ਕਰਕੇ' ਨਾਮ ਜਪੋ।
- ਮਨ-ਹਠ 'ਕਰਕੇ' ਪ੍ਰਭੂ ਨਹੀਂ ਮਿਲਦਾ।
  [ਕਰਕੇ—ਦੁਆਰਾ]

੧੮.੬.੪.੨ ਬਣਤਰ

ਪੁਰਾਤਨ ਪੰਜਾਬੀ ਅਥਵਾ ਗੁਰਬਾਣੀ ਵਿਚ ਪੂਰਬ-ਪੂਰਣ ਕਿਰਦੰਤ ਬਣਾਉਣ ਦੇ ਹੇਠ ਲਿਖੇ ਢੰਗ ਵਰਤੇ ਮਿਲਦੇ ਹਨ :

(੧) ਵਿਅੰਜਨ-ਅੰਤਿਕ ਧਾਤੂਆਂ ਦੇ ਅੰਤਲੇ ਅੱਖਰ ਨੂੰ ਸਿਹਾਰੀ (ਿ) ਲਾ ਕੇ

ਧਾਤੂ	*ਪੂਰਬ ਪੂਰਣ ਕਿਰਦੰਤ*	*ਧਾਤੂ*	*ਪੂਰਬ ਪੂਰਣ ਕਿਰਦੰਤ*
ਸਾਜ	ਸਾਜਿ	ਪੜ੍ਹ	ਪੜ੍ਹਿ
ਵਿਸਾਰ	ਵਿਸਾਰਿ	ਮਾਰ	ਮਾਰਿ
ਤੁਸ	ਤੁਸਿ	ਜੁੜ	ਜੁੜਿ

(੨) ਸੂਰ-ਅੰਤਿਕ ਧਾਤੂਆਂ ਦੇ ਅੰਤ ਵਿਚ 'ਇ' ਲਾ ਕੇ

ਧਾਤੂ-ਸ਼੍ਰੇਣੀ	*ਧਾਤੂ*	*ਪੂਰਬ-ਪੂਰਨ ਕਿਰਦੰਤ*
ਕੰਨਾ-ਅੰਤਿਕ	ਖਾ	ਖਾਇ
	ਲਾ	ਲਾਇ
	ਜਾ	ਜਾਇ
ੀ-ਅੰਤਿਕ	ਪੀ	ਪੀਇ (ਸੰਖਿਪਤ ਰੂਪ 'ਪੀ')
	ਜੀ	ਜੀਇ (ਸੰਖਿਪਤ ਰੂਪ 'ਜੀ')
ੇ-ਅੰਤਿਕ	ਦੇ	ਦੇਇ (ਸੰਖਿਪਤ ਰੂਪ 'ਦੇ')
ੈ-ਅੰਤਿਕ	ਪੈ	ਪੈਇ (ਸੰਖਿਪਤ ਰੂਪ 'ਪੈ')
ੋ-ਅੰਤਿਕ	ਹੋ	ਹੋਇ
	ਖੋ	ਖੋਇ

ਨੋਟ : ਗੁਰਬਾਣੀ ਵਿਚ ਕਈ ਥਾਈਂ ਅਜਿਹੇ ਕਿਰਦੰਤ ਮਗਰੋਂ 'ਕੈ' ਜਾਂ 'ਕਰਿ' ਵੀ ਵਰਤਿਆ ਮਿਲਦਾ ਹੈ; ਜਿਵੇਂ : ਖਾਇ ਕੈ, ਖਾਇ ਕਰਿ, ਆਇ ਕੈ, ਆਇ ਕਰਿ, ਆਦਿ [ਵੇਖੋ 'ਏ']

੧੮.੬.੪.੩ ਗੁਰਬਾਣੀ ਵਿਚਲੀਆਂ ਪੂਰਬ-ਪੂਰਨ ਕਿਰਦੰਤ ਦੀਆਂ ਉਦਾਹਰਣਾਂ

(ੳ) ਵਿਅੰਜਨ-ਅੰਤਿਕ ਧਾਤੂਆਂ ਦੇ ਅੰਤਲੇ ਅੱਖਰ ਨੂੰ ਸਿਹਾਰੀ (ਿ) ਲਾ ਕੇ

੧. ਗਾਵੈ ਕੋ 'ਸਾਜਿ' ਕਰੇ ਤਨੁ ਖੇਹ ॥੨॥ *(ਪੰਨਾ ੧)*

੨. ਨਾਮੁ 'ਵਿਸਾਰਿ' ਦੋਖ ਦੁਖ ਸਹੀਐ ॥੮॥੮॥ *(ਪੰਨਾ ੧੦੨੮)*

੩. ਬਾਟ 'ਪਾਰਿ' ਘਰੁ 'ਮੂਸਿ' ਬਿਰਾਨੋ, ਪੇਟੁ ਭਰੈ ਅਪ੍ਰਾਧੀ ॥੨॥੬॥ *(ਪੰਨਾ ੧੨੫੩)*

੪. ਸਤਿਗੁਰੁ ਦਾਤਾ ਆਖੀਐ, 'ਤੁਸਿ' ਕਰੇ ਪਸਾਓ ॥੧੬॥੨॥ *(ਪੰਨਾ ੭੨੬)*

੫. ਸੁਣਿਐ, 'ਪੜਿ ਪੜਿ' ਪਾਵਹਿ ਮਾਨੁ ॥੧੦॥ *(ਪੰਨਾ ੩)*

੬. 'ਜੁੜਿ ਜੁੜਿ' ਵਿਛੁੜੇ, 'ਵਿਛੁੜਿ' ਜੁੜੇ ॥
'ਜੀਵਿ ਜੀਵਿ' ਮੁਏ, ਮੁਏ ਜੀਵੇ ॥ਸ.੨॥ਪਉੜੀ ੩॥ *(ਪੰਨਾ ੧੨੩੮)*

੭. ਗਿਆਨ ਵਿਹੂਣਾ 'ਕਥਿ ਕਥਿ' ਲੂਝੈ ॥ਸ.੧॥ਪਉੜੀ ੭॥ *(ਪੰਨਾ ੪੬੬)*
[ਸਾਜਿ—ਸਾਜ ਕੇ, ਵਿਸਾਰਿ—ਵਿਸਾਰ ਕੇ,
ਪਾਰਿ—ਪਾੜ ਕੇ, ਮੂਸਿ—ਲੁੱਟ ਕੇ,
ਤੁਸਿ—ਤੂਠ ਕੇ, ਪੜਿ ਪੜਿ—ਪੜ ਪੜ ਕੇ,
ਜੁੜਿ ਜੁੜਿ—ਜੁੜ ਜੁੜ ਕੇ, ਜੀਵਿ ਜੀਵਿ—ਜੀਊ ਜੀਊ ਕੇ,
ਕਥਿ ਕਥਿ—ਆਖ ਆਖ ਕੇ]

ਨੋਟ : (੧) ਕਿਸੇ ਕੰਮ ਦਾ ਬਾਰ ਬਾਰ ਵਾਪਰਨਾ ਪ੍ਰਗਟਾਉਣ ਲਈ ਸੰਬੰਧਤ ਕਿਰਦੰਤ ਨੂੰ ਦੁਹਰਾਇਆ ਗਿਆ ਹੈ।

(੨) ਗੁਰਮਤਿ ਕਾਵਿ-ਪ੍ਰਬੰਧ ਅਧੀਨ ਪੂਰਬ-ਪੂਰਨ ਕਿਰਦੰਤ ਦੇ ਅੰਤਲੇ ਅੱਖਰ ਨੂੰ ਲੱਗੀ (ਿ) ਕਿਧਰੇ ਲਾਂ (ੰ) ਵਿਚ ਅਤੇ ਕਿਧਰੇ (ੀ) ਵਿਚ ਬਦਲੀ ਮਿਲਦੀ ਹੈ :

ਅੰਤਲੀ (ਿ) ਦੇ ਬਦਲ ਵਿਚ (ੰ)

੧. ਬੇਦ 'ਪੜੇ' ਪੜਿ ਬ੍ਰਹਮੇ ਹਾਰੇ, ਇਕੁ ਤਿਲੁ ਨਹੀ ਕੀਮਤਿ ਪਾਈ ॥੨॥੪੬॥ *(ਪੰਨਾ ੭੪੭)*

੨. ਕਹਦੇ ਕਹਹਿ, 'ਕਹੇ' ਕਹਿ ਜਾਵਹਿ, ਤੁਮ ਸਰਿ ਅਵਰੁ ਨ ਕੋਈ ॥੪॥੧॥ *(ਪੰਨਾ ੭੨੮)*

੩. ਹਰਿ ਹਰਿ ਨਾਮੁ 'ਜਪੇ' ਜਪਿ ਤਰਿਆ ਜੀਉ ॥੪॥੧੬੭॥ *(ਪੰਨਾ ੨੧੭)*

੪. ਕਿਆ ਹਉ ਕਥੀ, 'ਕਥੇ' ਕਥਿ ਦੇਖਾ,
ਮੈ ਅਕਥੁ ਨ ਕਥਨਾ ਜਾਈ ॥੩॥੧॥ *(ਪੰਨਾ ੭੬੫)*

ਅੰਤਲੀ (ਿ) ਦੇ ਬਦਲ ਵਿਚ (ੀ)

੧. ਤਿਉ ਜੀਵਹਿ ਸਾਕਤ ਨਾਮੁ 'ਬਿਸਾਰੀ' ॥੧॥੭॥ *(ਪੰਨਾ ੨੩੬)*

੨. ਤਿਉ ਹਰਿ ਜਨੁ ਜੀਵੈ ਨਾਮੁ 'ਚਿਤਾਰੀ' ॥੧॥੧੬੨॥ *(ਪੰਨਾ ੧੬੮)*
[ਬਿਸਾਰੀ—ਵਿਸਾਰ ਕੇ, ਚਿਤਾਰੀ—ਚਿਤਾਰ ਕੇ]

(ਅ) ਸੂਰ-ਅੰਤਿਕ ਧਾਤੂਆਂ ਦੇ ਅੰਤ ਵਿਚ 'ਇ' ਲਾ ਕੇ

੧. ਸਤਿਗੁਰ ਸਰਣੀ 'ਜਾਇ' ਸੀਸੁ ਨਿਵਾਇਆ ॥
ਗੁਰ ਚਰਣੀ ਚਿਤੁ 'ਲਾਇ' ਮਥਾ ਲਾਇਆ ॥
ਗੁਰਮਤਿ ਰਿਦੈ 'ਵਸਾਇ' ਆਪੁ ਗਵਾਇਆ ॥ਵਾਰ ੩॥ਪਉੜੀ੨੦॥
(ਭਾਈ ਗੁਰਦਾਸ ਜੀ)

੨. 'ਧਿਆਇ' 'ਧਿਆਇ' ਭਗਤਹ ਸੁਖੁ ਪਾਇਆ ॥੨॥੧੬॥ *(ਪੰਨਾ ੨੮੪)*

੩. 'ਧਾਇ' 'ਧਾਇ' ਬਹੁ ਬਿਧਿ ਕਉ ਧਾਵੈ, ਸਗਲ ਨਿਰਾਰਥ ਕਾਮ ॥੧॥੬॥ *(ਪੰਨਾ ੭੧੩)*

੪. 'ਖਾਇ' 'ਖਾਇ' ਕਰੇ ਬਦਫੈਲੀ, ਜਾਣੁ ਵਿਸੂ ਕੀ ਵਾੜੀ ਜੀਉ ॥੨॥੩੭॥ *(ਪੰਨਾ ੧੦੫)*

੫. 'ਧਾਇ' 'ਧਾਇ' ਕ੍ਰਿਪਨ ਸ੍ਰਮੁ ਕੀਨੋ, ਇਕਤ੍ਰ ਕਰੀ ਹੈ ਮਾਇਆ ॥੧॥੪॥ *(ਪੰਨਾ ੭੧੨)*

ਨੋਟ : (੧) ਅੰਤਲੀਆਂ ਚਾਰ ਉਦਾਹਰਣਾਂ ਵਿਚ ਕਿਰਦੰਤ ਦਾ ਦੁਹਰਾਅ ਹੈ।

(੨) ਗੁਰਮਤਿ ਕਾਵਿ-ਪ੍ਰਬੰਧ ਅਧੀਨ ਕਿਧਰੇ ਕਿਧਰੇ ਸੂਰ-ਅੰਤਿਕ ਧਾਤੂਆਂ ਤੋਂ 'ਇ' ਲਾ ਕੇ ਬਣਾਏ ਪੂਰਬ-ਪੂਰਨ ਕਿਰਦੰਤ ਦੇ ਅੰਤਲੇ ਚਿੰਨ੍ਹ 'ਇ' ਦਾ ਲੋਪ ਹੋਇਆ ਮਿਲਦਾ ਹੈ :

'ਦੇਇ' ਦੀ ਥਾਵੇਂ 'ਦੇ'

੧. 'ਦੇ ਦੇ' ਮੰਗਹਿ ਸਹਸਾ ਗੁਣਾ, ਸੋਭ ਕਰੇ ਸੰਸਾਰੁ ॥ਸਲੋਕ ੧॥ਪਉੜੀ ੬॥ *(ਪੰਨਾ ੪੬੬)*

੨. ਜੇਵਡੁ ਸਾਹਿਬੁ ਤੇਵਡ ਦਾਤੀ, 'ਦੇ ਦੇ' ਕਰੇ ਰਜਾਈ ॥ਸਲੋਕ ੧॥੧੯॥ *(ਪੰਨਾ ੧੪੭)*

੩. 'ਦੇ ਦੇ' ਨੀਵ ਦਿਵਾਲ ਉਸਾਰੀ, ਭਸ ਮੰਦਰ ਕੀ ਢੇਰੀ ॥੫॥੧੩॥ *(ਪੰਨਾ ੧੫੫)*

'ਲੇਇ' ਤੋਂ 'ਲੇ'

੧. ਦਾਸ ਤੁਮਾਰੇ ਕੀ ਪਾਵਉ ਧੂਰਾ, ਮਸਤਕਿ 'ਲੇ ਲੇ' ਲਾਵਉ ॥੧॥੫॥ *(ਪੰਨਾ ੭੧੨)*

੨. ਹਰਿ ਹਰਿ ਜਪਹੁ ਪਿਆਰਿਆ, ਗੁਰਮਤਿ 'ਲੇ' ਹਰਿ ਬੋਲਿ ॥੧॥੨੧॥ *(ਪੰਨਾ ੨੨)*

੩. ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ,
'ਲੇ' ਮਾਤ ਪਿਤਾ ਗਲਿ ਲਾਇ ॥੨॥੩॥ *(ਪੰਨਾ ੭੬)*

'ਪੀਇ' ਤੋਂ 'ਪੀ'

੧. 'ਪੀ' ਅੰਮ੍ਰਿਤੁ ਆਘਾਨਿਆ, ਗੁਰਿ ਅਮਰੁ ਕਰਾਇਆ ॥੨॥੩੩॥ *(ਪੰਨਾ ੬੦੮)*

੨. ਮਜਲਸ ਕੂੜੇ ਲਬ ਕੀ, 'ਪੀ ਪੀ' ਹੋਇ ਖੁਆਰ ॥ਸਲੋਕ ੧॥ਪਉੜੀ ੧੨॥ *(ਪੰਨਾ ੫੫੩)*

੩. ਸਤਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅੰਮ੍ਰਿਤ ਭਰੀ,
'ਪੀ ਪੀ' ਕਟਹਿ ਬਿਕਾਰ ॥ਸਲੋਕ ੩॥ਪਉੜੀ ੧੨॥ *(ਪੰਨਾ ੫੫੩)*

(ਏ) ਪੂਰਬ-ਪੂਰਨ ਕਿਰਦੰਤ ਨਾਲ ਸਹਾਇਕ ਚਿੰਨ੍ਹ 'ਕਰਿ' (ਕਰੇ) ਅਤੇ 'ਕੈ' ਦੀ ਵਰਤੋਂ

੧. 'ਸੁਨਿ ਕਰਿ' ਬਚਨ ਤੁਮ੍ਹਾਰੇ ਸਤਿਗੁਰ, ਮਨੁ ਤਨੁ ਮੇਰਾ ਠਾਢੁ ਥੀਓ ॥ਰਹਾਉ॥੪੭॥ *(ਪੰਨਾ ੩੮੨)*

੨. 'ਲੈ ਕਰਿ' ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ ॥੧॥੭॥ *(ਪੰਨਾ ੬੭੫)*

੩. ਦਾਨੁ 'ਦੇਇ ਕਰਿ' ਪੂਜਾ ਕਰਨਾ ॥
ਲੈਤ ਦੇਤ ਊਨ੍ ਮੂਕਰਿ ਪਰਨਾ ॥੧॥੮॥ *(ਪੰਨਾ ੩੭੨)*

੪. ਪਤਿਤ ਪਾਵਨ ਪ੍ਰਭੁ 'ਤਿਆਗਿ ਕਰੇ', ਕਹੁ ਕਤ ਠਹਰਾਈਐ ਰਾਮ ॥੨॥੪॥ *(ਪੰਨਾ ੬੪੬)*

੫. ਗੁਰੁ ਸੁੰਦਰੁ ਮੋਹਨੁ 'ਪਾਇ ਕਰੇ', ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥੪॥੫॥ *(ਪੰਨਾ ੭੭੬)*

੬. ਪਾਖਾਨ 'ਗਢਿ ਕੈ' ਮੂਰਤਿ ਕੀਨੀ, ਦੇ ਕੈ ਛਾਤੀ ਪਾਉ ॥੩॥੧੪॥ *(ਪੰਨਾ ੪੭੬)*

੭. ਸਤਿਗੁਰੁ ਨੋ 'ਪੁਛਿ ਕੈ', ਬਹਿ ਰਹੈ ਕਰੇ ਨਿਵਾਸੁ ॥ਸਲੋਕ ੨॥ਪਉੜੀ ੧੦॥ *(ਪੰਨਾ ੪੬੮)*

੮. ਸਾਹਿਬੁ ਸਦਾ ਹਜੂਰਿ ਹੈ, ਭਰਮੈ ਕੇ ਛਉੜ 'ਕਟਿ ਕੈ',
ਅੰਤਰਿ ਜੋਤਿ ਧਰੇਹੁ ॥ਸ.੨॥ਪਉੜੀ ੧੫॥ *(ਪੰਨਾ ੫੫੪)*

੯. ਨਾਕਹੁ ਕਾਟੀ ਕਾਨਹੁ ਕਾਟੀ, 'ਕਾਟਿ ਕੂਟਿ ਕੈ' ਡਾਰੀ ॥੪॥੪॥ *(ਪੰਨਾ ੪੭੬)*

੧੦. ਧਰਤਿ ਕਾਇਆ 'ਸਾਧਿ ਕੈ', ਵਿਚਿ ਦੇਇ ਕਰਤਾ ਬੀਉ ॥ਸ.੨॥ਪਉੜੀ ੧੦॥ *(ਪੰਨਾ ੪੬੮)*

੧੮.੬.੫ ਵਰਤਮਾਨ ਕਿਰਦੰਤ

੧੮.੬.੫.੧ ਲੱਛਣ

ਕ੍ਰਿਆ-ਮੂਲ ਦੇ ਅੰਤ ਵਿਚ 'ਦਾ' ਲਾਉਣ ਨਾਲ ਜੋ ਵਿਸ਼ੇਸ਼ਣ ਬਣੇ, ਉਸ ਨੂੰ ਵਰਤਮਾਨ ਕਿਰਦੰਤ ਕਹੀਦਾ ਹੈ।

੧੮.੬.੫.੨ ਬਣਤਰ

(ੳ) ਵਿਅੰਜਨ-ਅੰਤਿਕ ਧਾਤੂਆਂ ਤੋਂ

ਧਾਤੂ	*ਵਰਤਮਾਨ ਕਿਰਦੰਤ*
ਵਗ	'ਵਗਦਾ' (ਪਾਣੀ)।
ਭਖ	'ਭਖਦਾ' (ਮਸਲਾ)।
ਜਗ	'ਜਗਦਾ' (ਦੀਵਾ)।

ਨੋਟ : (੧) ਕੰਨਾ-ਅੰਤਿਕ ਵਰਤਮਾਨ ਕਿਰਦੰਤ ਦਾ ਰੂਪ ਲਿੰਗ ਅਤੇ ਵਚਨ ਦੇ ਭੇਦ ਕਰਕੇ ਬਦਲਦਾ ਹੈ; ਜਿਵੇਂ : ਚੱਲਦਾ, ਚੱਲਦੇ, ਚੱਲਦੀ, ਚੱਲਦੀਆਂ।

(੨) ਲਹਿੰਦੀ ਵਿਚ ਕਿਸੇ ਧਾਤੂ ਤੋਂ ਵਰਤਮਾਨ ਕਿਰਦੰਤ ਬਣਾਉਣ ਲਈ ਉਸ ਦੇ ਅੰਤ ਵਿਚ 'ਦਾ' ਲਾਉਣ ਤੋਂ ਪਹਿਲਾਂ ਧਾਤੂ ਦੇ ਅੰਤਲੇ ਅੱਖਰ ਨੂੰ ਕਦੀ ਕੇਵਲ ਨਾਸਕੀ ਕੀਤਾ ਜਾਂਦਾ ਹੈ ਅਤੇ ਕਦੇ ਅੰਤਲੇ ਅੱਖਰ ਨਾਲ ਨਾਸਕੀ ਲਾਂ (◌ੱ) ਲਾਈ ਜਾਂਦੀ ਹੈ, ਜਿਵੇਂ :

ਧਾਤੂ	*ਵਰਤਮਾਨ ਕਿਰਦੰਤ*
ਬੋਲ	ਬੋਲੰਦਾ, ਬੋਲੇਂਦਾ (ਪੰਛੀ)
ਹਸ	ਹਸੰਦਾ, ਹਸੇਂਦਾ (ਮਨੁੱਖ)

(੩) ਹਿੰਦੀ ਵਿਚ ਧਾਤੂ ਦੇ ਅੰਤ ਵਿਚ 'ਤ' ਜਾਂ 'ਤਾ' ਲਾਇਆ ਜਾਂਦਾ ਹੈ :

ਧਾਤੂ	*ਵਰਤਮਾਨ ਕਿਰਦੰਤ*
ਉਡ	ਉਡਤ, ਉਡਤਾ (ਪੰਖੇਰੂ)
ਚਲ	ਚਲਤ, ਚਲਤਾ (ਪ੍ਰਵਾਹ)

(੪) ਕੰਨਾ-ਅੰਤਿਕ ਵਰਤਮਾਨ ਕਿਰਦੰਤ ਦਾ ਰੂਪ ਲਿੰਗ ਅਤੇ ਵਚਨ ਦੇ ਭੇਦ ਕਰਕੇ ਬਦਲਦਾ ਹੈ।

(ਅ) ਸੁਰ-ਅੰਤਿਕ ਧਾਤੂਆਂ ਤੋਂ

(੧) ਵਰਤਮਾਨ ਕਿਰਦੰਤ ਦਾ ਚਿੰਨ੍ਹ 'ਦਾ' ਲਾਉਣ ਤੋਂ ਪਹਿਲਾਂ ਧਾਤੂ ਦੇ ਅੰਤਲੇ ਸੁਰ ਨੂੰ ਨਾਸਕੀ ਕਰ ਦਿੱਤਾ ਜਾਂਦਾ ਹੈ :

ਧਾਤੂ	*ਵਰਤਮਾਨ ਕਿਰਦੰਤ*
ਖਾ	ਖਾਂਦਾ (ਮਨੁੱਖ)
ਦੇ	ਦੇਂਦਾ (ਦਾਤਾ)
ਲੈ	ਲੈਂਦਾ (ਭਿਖਾਰੀ)
ਪੀ	ਪੀਂਦਾ (ਮਨੁੱਖ)

(੨) ਕਈ ਧਾਤੂਆਂ ਦੇ ਅੰਤਲੇ ਸੁਰ ਨੂੰ ਨਾਸਕੀ ਕਰਨ ਦੀ ਬਜਾਏ ਉਹਨਾਂ ਨਾਲ 'ਦਾ' ਤੋਂ ਪਹਿਲਾਂ 'ਉਂ' ਵਧਾ ਦਿੱਤਾ ਜਾਂਦਾ ਹੈ :

ਧਾਤੂ	*ਵਰਤਮਾਨ ਕਿਰਦੰਤ*
ਆ	ਆਉਂਦਾ (ਪ੍ਰਾਹੁਣਾ)
ਭਾ	ਭਾਉਂਦਾ (ਭੋਜਨ)

੧੮.੬.੫.੩ ਗੁਰਬਾਣੀ ਵਿਚਲੀਆਂ ਵਰਤਮਾਨ ਕਿਰਦੰਤ ਦੀਆਂ ਉਦਾਹਰਣਾਂ

(ੳ) ਵਿਸ਼ੇਸ਼ਣ ਵਜੋਂ

੧. ਖੰਭ 'ਵਿਕਾਂਜ਼ਦੇ' ਜੇ ਲਹਾਂ, ਘਿੰਨਾ ਸਾਵੀ ਤੋਲਿ ॥੨੧॥ *(ਪੰਨਾ ੧੪੨੬)*

੨. ਨਾਨਕ 'ਜੀਵਦਾ' ਪੁਰਖੁ ਧਿਆਇਆ ਅਮਰਾ ਪਦੁ ਹੋਈ ॥ਪਉੜੀ ੨੫॥ *(ਪੰਨਾ ੧੨੪੭)*

੩. 'ਧਾਵਤ' ਮਨੂਆ ਆਵੈ ਠਾਇ ॥੨॥੨॥ *(ਪੰਨਾ ੨੩੬)*

੪. ਸਤਸੰਗਤਿ ਸਾਧ ਪਾਈ ਵਡਭਾਗੀ, ਮਨੁ 'ਚਲਤੌ' ਭਇਓ ਅਰੂੜਾ ॥੧॥੬॥ *(ਪੰਨਾ ੬੯੮)*

ਨੋਟ : 'ਵਰਤਮਾਨ ਕਿਰਦੰਤ' ਆਮ ਤੌਰ 'ਤੇ ਨਾਂਵ ਨਾਲ ਵਿਸ਼ੇਸ਼ਣ ਰੂਪ ਵਿਚ ਵਰਤੀਂਦੇ ਹਨ। ਗੁਰਬਾਣੀ ਵਿਚ ਕਿਧਰੇ ਕਿਧਰੇ ਇਹ ਵਿਸ਼ੇਸ਼ਣ ਇਕੱਲੇ ਨਾਂਵ ਵਜੋਂ ਵਰਤੇ ਵੀ ਮਿਲਦੇ ਹਨ। ਅਜਿਹੀ ਹਾਲਤ ਵਿਚ ਇਹ ਕਰਤ੍ਰੀ-ਵਾਚਕ ਸੰਗਿਆ ਦਾ ਹੀ ਰੂਪ ਹੋ ਨਿਬੜਦੇ ਹਨ; ਜਿਵੇਂ :

ਫਰੀਦਾ ਕੋਠੇ ਮੰਡਪ ਮਾੜੀਆ 'ਉਸਾਰੇਦੇ' ਭੀ ਗਏ ॥੪੬॥ *(ਪੰਨਾ ੧੩੮੦)*

ਸਾਧਾਰਨ-ਰੂਪ

੧. 'ਦੇਦਾ' ਦੇ 'ਲੈਦੇ' ਥਕਿ ਪਾਹਿ ॥੩॥ *(ਪੰਨਾ ੨)*

੨. 'ਦੇਂਦਾ' ਨਰਕਿ ਸੁਰਗਿ 'ਲੈਦੇ' ਦੇਖਹੁ ਏਹੁ ਧਿਙਾਣਾ ॥ਸ.੨॥੨੫॥ *(ਪੰਨਾ ੧੨੯੦)*

੩. 'ਕਹਤੇ' ਪਵਿਤ੍ਰ 'ਸੁਣਤੇ' ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥੫॥੩॥ *(ਪੰਨਾ ੮੧)*

[ਉਸਾਰੇਦੇ—('ਰੇ' ਉਚਾਰਣ ਨਾਸਕੀ) ਉਸਾਰਨ ਵਾਲੇ,
ਦੇਦਾ—('ਦੇ' ਉਚਾਰਣ ਨਾਸਕੀ) ਦੇਣ ਵਾਲਾ,
ਲੈਦੇ—('ਲੈ' ਉਚਾਰਣ ਨਾਸਕੀ) ਲੈਣ ਵਾਲੇ,
ਕਹਤੇ—ਕਹਿਣ ਵਾਲੇ, ਸੁਣਤੇ—ਸੁਣਨ ਵਾਲੇ]

ਸੰਬੰਧਕੀ-ਰੂਪ

੧. 'ਦੇਂਦੇ' ਥਾਵਹੁ ਦਿਤਾ ਚੰਗਾ, ਮਨਮੁਖਿ ਐਸਾ ਜਾਣੀਐ ॥ਸ.੨॥੨॥ *(ਪੰਨਾ ੧੩੮)*

੨. 'ਹੋਂਦੀ' ਕਉ ਅਣਹੋਂਦੀ ਹਿਰੈ ॥੨॥੫੪॥ *(ਪੰਨਾ ੯੦੦)*

੩. 'ਭੁਲਿਆਂ' ਆਪਿ ਸਮਝਾਇਸੀ, ਜਾ ਕਉ ਨਦਰਿ ਕਰੇ ॥੬੭॥ *(ਪੰਨਾ ੧੪੨੧)*

੪. ਪੂਛਉ 'ਬੇਦ ਪੜੰਤਿਆ', ਮੂਠੀ ਵਿਣੁ ਮਾਨੇ ॥੮॥੬॥ *(ਪੰਨਾ ੧੦੧੨)*

੫. ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ, 'ਲਿਖਤੀ' ਕੁਲੁ ਤਾਰਿਆ ਜੀਉ ॥੫॥੩॥ *(ਪੰਨਾ ੮੧)*

[ਦੇਂਦੇ ਥਾਵਹੁ—ਦੇਣ ਵਾਲੇ ਤੋਂ, ਹੋਂਦੀ ਕਉ—ਹੋਂਦ ਵਾਲੀ ਨੂੰ,
ਭੁਲਿਆਂ—ਭੁਲੇ ਹੋਇਆਂ ਨੂੰ, ਬੇਦ ਪੜੰਤਿਆ—ਬੇਦ ਪੜ੍ਹਨ ਵਾਲਿਆਂ ਨੂੰ,
ਲਿਖਤੀ—ਲਿਖਣ ਵਾਲਿਆਂ ਨੇ]

(ਅ) ਕ੍ਰਿਆ-ਵਿਸ਼ੇਸ਼ਣ ਵਜੋਂ

(੧) ਧਾਤੂ ਦੇ ਅੰਤ ਵਿਚ 'ਤ' ਵਾਲੇ

੧. 'ਹਸਤ' 'ਖੇਲਤ' ਤੇਰੇ ਦੇਹੁਰੇ ਆਇਆ ॥
ਭਗਤਿ 'ਕਰਤ' ਨਾਮਾ ਪਕਰਿ ਉਠਾਇਆ ॥੧॥੬॥ *(ਪੰਨਾ ੧੧੬੪)*

੨. 'ਖਾਤ', 'ਪੀਤ', 'ਖੇਲਤ', 'ਹਸਤ', ਭਰਮੇ ਜਨਮ ਅਨੇਕ ॥ਸ.੧॥੫੩॥ *(ਪੰਨਾ ੨੬੧)*

੩. 'ਕਰਤ' 'ਕਰਤ' ਇਵ ਹੀ ਬਿਰਧਾਨੋ, ਹਾਰਿਓ ਉਕਤੇ ਤਨੁ ਖੀਨਸੁਆ ॥੩॥੧੨੭॥ *(ਪੰਨਾ ੨੦੬)*

੪. 'ਊਠਤ', 'ਬੈਠਤ', 'ਸੋਵਤੇ', ਹਰਿ ਹਰਿ ਹਰਿ ਚੇਤ ॥ਰਹਾਉ॥੩੬॥ *(ਪੰਨਾ ੮੧੦)*

੫. 'ਹਸਤੋ' ਜਾਇ ਸੁ 'ਰੋਵਤੁ' ਆਵੈ, ਰੋਵਤੁ ਜਾਇ ਸੁ ਹਸੈ ॥੧॥੨॥ *(ਪੰਨਾ ੧੨੫੨)*

੬. ਕਬੀਰ 'ਮਰਤਾ' 'ਮਰਤਾ' ਜਗੁ ਮੂਆ, ਮਰਿ ਭੀ ਨ ਜਾਨਿਆ ਕੋਇ ॥੨੬॥ *(ਪੰਨਾ ੧੩੬੫)*

੭. ਪਾਪ 'ਕਰੰਤਾ' ਮਰਿ ਗਇਆ, ਅਉਧ ਪੁਨੀ ਖਿਨ ਮਾਹਿ ॥੨੨੧॥ *(ਪੰਨਾ ੧੩੭੬)*

੮. ਸੁਖੁ 'ਮਾਂਗਤ' ਦੁਖੁ ਆਗੈ ਆਵੈ ॥੧॥੩੬॥ *(ਪੰਨਾ ੩੩੦)*

੯. 'ਬਲਤੋ' 'ਜਲਤੋ' ਤਉਕਿਆ, ਗੁਰ ਚੰਦਨੁ ਸੀਤਲਾਇਓ ॥੧॥੧੪॥ *(ਪੰਨਾ ੨੪੧)*

੧੦. ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ 'ਕਰਤੋ' ਨਰਕਿ ਜਾਵੈ ॥੫॥੧੦॥ *(ਪੰਨਾ ੨੪੦)*

੧੧. ਪਾਪ 'ਕਰੰਤੋ' ਨਹ ਸੰਗਾਇ ॥
ਬਿਖੁ ਕਾ ਮਾਤਾ ਆਵੈ ਜਾਇ ॥੨॥੨॥ *(ਪੰਨਾ ੧੧੬੨)*

੧੨. ਨ ਹੋਵੀ ਪਛੋਤਾਉ ਤੁਧਨੋ 'ਜਪਤਿਆ' ॥ਪਉੜੀ ੭॥ *(ਪੰਨਾ ੫੧੬)*

੧੩. ਹਰਿ ਹਰਿ ਨਾਮੁ 'ਜਪੰਤਿਆ' ਕਛੁ ਨ ਕਹੈ ਜਮਕਾਲੁ ॥ਸ.੧॥ਪਉੜੀ ੮॥
[ਜਪਤਿਆ, ਜਪੰਤਿਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ] *(ਪੰਨਾ ੪੫੭)*

(੨) ਧਾਤੂ ਦੇ ਅੰਤ ਵਿਚ 'ਦ' ਵਾਲੇ (ਪੁਲਿੰਗ—ਇਕ-ਵਚਨ)

੧. ਧ੍ਰੂ 'ਹਸਦਾ' ਘਰਿ ਆਇਆ, ਕਰਿ ਪਿਆਰੁ ਪਿਉ ਕੁਛੜਿ ਲੀਤਾ ॥ਵਾਰ ੧੦॥ਪਉੜੀ ੧॥
(ਭਾਈ ਗੁਰਦਾਸ ਜੀ)

੨. ਊਂਨਵਿ ਊਂਨਵਿ ਆਇਆ, ਅਵਰਿ 'ਕਰੇਂਦਾ' ਵੰਨ ॥ਸ.੧॥ਪਉੜੀ ੫॥ *(ਪੰਨਾ ੧੨੮੦)*

੩. 'ਜਾਂਦੇ' ਬਿਲਮੁ ਨ ਹੋਵਈ, ਵਿਣੁ ਨਾਵੈ ਬਿਸਮਾਦੁ ॥੧॥੯੧॥ *(ਪੰਨਾ ੫੦)*

੪. 'ਦੇਂਦੇ' ਤੋਟਿ ਨ ਆਵਈ, ਅਗਨਤ ਭਰੇ ਭੰਡਾਰ ॥੩੪॥ *(ਪੰਨਾ ੨੫੭)*

੫. ਹਰਿ 'ਜਪਦਿਆ' ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,
ਮਤੁ ਕਿ ਜਾਪੈ, ਸਾਹੁ ਆਵੈ ਕਿ ਨ ਆਵੈ ਰਾਮ ॥੨॥੫॥ *(ਪੰਨਾ ੫੪੦)*

੬. 'ਮਿਲਦਿਆ' ਢਿਲ ਨ ਹੋਵਈ, ਜੇ ਨੀਅਤਿ ਰਾਸਿ ਕਰੇ ॥ਸ.੧॥ਪਉੜੀ ੨੦॥
(ਪੰਨਾ ੫੯੪)

੭. 'ਖਾਂਦਿਆ' 'ਖਾਂਦਿਆ' ਮੁਹੁ ਘਠਾ, ਪੈਨੰਦਿਆ ਸਭੁ ਅੰਗੁ ॥ਸ.੨॥ਪਉੜੀ ੧੮॥
(ਪੰਨਾ ੫੨੩)

੮. ਏਨੀ ਲੋਇਣੀ 'ਦੇਖਦਿਆ', ਕੇਤੀ ਚਲਿ ਗਈ ॥੯੪॥ *(ਪੰਨਾ ੧੩੮੨)*

੯. ਏਤੇ ਚਾਨਣ 'ਹੋਦਿਆਂ', ਗੁਰ ਬਿਨੁ ਘੋਰ ਅੰਧਾਰ ॥ਸ.੨॥ਪਉੜੀ ੧॥ *(ਪੰਨਾ ੪੬੩)*

੧੦. 'ਜੀਵੰਦਿਆ' ਹਰਿ ਚੇਤਿਆ, 'ਮਰੰਦਿਆ' ਹਰਿ ਰੰਗਿ ॥ਸ.੨॥ਪਉੜੀ ੧੬॥
(ਪੰਨਾ ੫੨੩)

੧੧. 'ਹਸੰਦਿਆ', 'ਖੇਲੰਦਿਆ', 'ਪੈਨੰਦਿਆ', 'ਖਾਵੰਦਿਆ',
ਵਿਚੇ ਹੋਵੈ ਮੁਕਤਿ ॥ਸ.੨॥ਪਉੜੀ ੧੬॥ *(ਪੰਨਾ ੫੨੨)*

੧੨. ਫਰੀਦਾ 'ਕੂਕੇਦਿਆ', 'ਚਾਂਗੋਦਿਆ', ਮਤੀ 'ਦੇਦਿਆ' ਨਿਤ ॥੧੫॥ *(ਪੰਨਾ ੧੩੭੮)*

੧੩. ਰਾਮ ਗੋਬਿੰਦ 'ਜਪੇਦਿਆ' ਹੋਆ ਮੁਖੁ ਪਵਿਤ੍ਰ ॥੧॥੧੭॥ *(ਪੰਨਾ ੨੧੮)*

ਨੋਟ : (੧) ਜਪਦਿਆ, ਮਿਲਦਿਆ, ਖਾਂਦਿਆ, ਦੇਖਦਿਆ, ਹੋਦਿਆ, ਜੀਵੰਦਿਆ, ਮਰੰਦਿਆ, ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ, ਕੂਕੇਦਿਆ, ਚਾਂਗੋਦਿਆ, ਜਪੇਦਿਆ, ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ।

(੨) ਉਪਰੋਕਤ ਉਦਾਹਰਣ ਨੰ: ੧੨, ੧੩ ਤੋਂ ਸੇਧ ਮਿਲਦੀ ਹੈ ਕਿ ਵਰਤਮਾਨ ਕਿਰਦੰਤ ਦੇ ਚਿੰਨ੍ਹ 'ਦਾ', 'ਦੇ' ਜਾਂ 'ਦਿਆ' ਲਾਉਣ ਤੋਂ ਪਹਿਲਾਂ ਜੇ ਧਾਤੂ ਦੇ ਅੰਤਲੇ ਅੱਖਰ ਨਾਲ ਕੋਈ ਦੀਰਘ ਲਗ ਲੱਗੀ ਹੋਵੇ ਤਾਂ ਉਸ ਦਾ ਉਚਾਰਣ ਨਾਸਕੀ ਹੋ ਜਾਂਦਾ ਹੈ।

(੩) ਪੁਲਿੰਗ—ਬਹੁ-ਵਚਨ

੧. ਹੁਕਮੁ ਹੋਆ ਹਾਸਲੁ, ਤਦੇ ਹੋਇ ਨਿਬੜਿਆ, ਹੰਢਹਿ ਜੀਅ 'ਕਮਾਂਦੇ' ॥ਸ.੧॥੨੮॥
(ਪੰਨਾ ੬੫੩)

੨. ਮੋਇਆ ਰੋਂਹਿ, 'ਰੋਂਦੇ' ਮਰਿ ਜਾਂਹੀ ॥ਸ.੧॥ਪਉੜੀ ੨੦॥ *(ਪੰਨਾ ੧੨੮੭)*

੩. ਜੇ ਓਇ ਦਿਸਹਿ ਨਰਕਿ 'ਜਾਂਦੇ', ਤਾਂ ਉਨ੍ ਕਾ ਦਾਨੁ ਨ ਲੈਣਾ ॥ਸ.੨॥ਪਉੜੀ ੨੫॥
(ਪੰਨਾ ੧੨੯੦)

ਨੋਟ : ਵਰਤਮਾਨ ਕਿਰਦੰਤ ਦੇ ਅੰਤਲੇ ਚਿੰਨ੍ਹ 'ਦੇ' ਲਗਣ ਤੋਂ ਪਹਿਲਾਂ ਧਾਤੂ ਦੇ ਅੰਤਲੇ ਅੱਖਰਾਂ ਨੂੰ ਲੱਗੀਆਂ ਦੀਰਘ ਲਗਾਂ ਦਾ ਉਚਾਰਣ ਨਾਸਕੀ।

(੪) ਇਸਤਰੀ-ਲਿੰਗ—ਇਕ-ਵਚਨ

੧. ਨਦੀ 'ਤਰੰਦੜੀ' ਮੈਡਾ ਖੋਜੁ ਨ ਖੁੰਭੈ, ਮੰਝਿ ਮੁਹਬਤਿ ਤੇਰੀ ॥ਸ.੧॥ਪਉੜੀ ੯॥
(ਪੰਨਾ ੫੨੦)

੨. ਸੋਇ 'ਸੁਣੰਦੜੀ' ਮੇਰਾ ਤਨੁ ਮਨੁ ਮਉਲਾ, ਨਾਮੁ ਜਪੰਦੜੀ ਲਾਲੀ ॥
ਪੰਧ 'ਜੁਲੰਦੜੀ' ਮੇਰਾ ਅੰਦਰੁ ਠੰਢਾ, ਗੁਰ ਦਰਸਨੁ ਦੇਖਿ ਨਿਹਾਲੀ ॥ਸ.੧॥ਪਉੜੀ ੧੭॥
(ਪੰਨਾ ੯੬੪)

੩. 'ਫਿਰਦੀ' 'ਫਿਰਦੀ' ਨਾਨਕ ਜੀਉ ਹਉ ਫਾਵੀ ਥੀਈ,
ਬਹੁਤੁ ਦਿਸਾਵਰ ਪੰਧਾ ॥ਸ.੨॥ਪਉੜੀ ੧੪॥ *(ਪੰਨਾ ੯੬੩)*

[ਨਦੀ ਤਰੰਦੜੀ—ਨਦੀ ਨੂੰ ਤਰਦੀ ਹੋਈ ਦਾ, ਸੋਇ ਸੁਣੰਦੜੀ—ਸੋਅ ਸੁਣਦੀ ਹੋਈ ਦਾ, ਪੰਥ ਜੁਲੰਦੜੀ—ਮਾਰਗ 'ਤੇ ਚੱਲਦੀ ਹੋਈ ਦਾ, ਫਿਰਦੀ ਫਿਰਦੀ—ਭਟਕਦੀ ਭਟਕਦੀ ਹੋਈ।]

੧੮.੬.੬ ਕਰਤਰੀ-ਵਾਚਕ ਕਿਰਦੰਤ

੧੮.੬.੬.੧ ਲੱਛਣ

"ਭਾਵਾਰਥ* ਕਿਰਦੰਤ ਦਾ ਅੰਤਲਾ ਕੰਨਾ (ਾ) ਲਾਹ ਕੇ, ਬਾਕੀ ਬਚਦੇ ਸ਼ਬਦ ਨਾਲ 'ਹਾਰ' ਜਾਂ 'ਵਾਲਾ' ਪਦ ਲਾਇਆਂ ਜੋ ਕਿਰਦੰਤ ਬਣਦਾ ਹੈ, ਉਸ ਨੂੰ 'ਕਰਤਰੀ- ਵਾਚਕ ਕਿਰਦੰਤ' ਆਖੀਦਾ ਹੈ।"

੧੮.੬.੬.੨ ਬਣਤਰ

ਭਾਵਾਰਥ	*ਕਰਤਰੀ-ਵਾਚਕ ਸੰਗਿਆ*	
ਕਰਨਾ	ਕਰਨਹਾਰ,	ਕਰਨ ਵਾਲਾ
ਪੜ੍ਹਨਾ	ਪੜ੍ਹਨਹਾਰ,	ਪੜ੍ਹਨ ਵਾਲਾ
ਬਿਨਸਣਾ	ਬਿਨਸਣਹਾਰ,	ਬਿਨਸਣ ਵਾਲਾ
ਸਿਰਜਣਾ	ਸਿਰਜਣਹਾਰ,	ਸਿਰਜਣ ਵਾਲਾ
ਮਰਨ	ਮਰਨਹਾਰ,	ਮਰਨ ਵਾਲਾ

ਨੋਟ : *'ਭਾਵਾਰਥ ਕਿਰਦੰਤ' ਧਾਤੂ ਦੇ ਅੰਤ ਵਿਚ 'ਨਾ' ਜਾਂ 'ਣਾ' ਲਾਇਆਂ ਬਣਦਾ ਹੈ।

ਇਹ ਕਿਰਦੰਤ (ਕਰਤਰੀ-ਵਾਚਕ ਕਿਰਦੰਤ) ਧਾਤੂ ਤੋਂ ਸਿੱਧਾ ਹੀ ਕਈ ਹੋਰ ਢੰਗਾਂ ਨਾਲ ਵੀ ਬਣਦਾ ਹੈ; ਜਿਵੇਂ :

ਧਾਤੂ	*ਕਰਤਰੀ-ਵਾਚਕ ਕਿਰਦੰਤ*
ਕਰ, ਕਥ, ਸੁਨ, ਬਕ	ਕਰਤਾ, ਕਥਤਾ, ਸੁਨਤਾ, ਬਕਤਾ
ਦੇ, ਲੈ, ਭਉ	ਦੇਂਦਾ, ਲੈਂਦਾ, ਭਉਂਦੀ (ਭਉਣ ਵਾਲੀ, ਮੱਖੀ)
ਧੋ	ਧੋਬੀ

ਧਾਤੂ	*ਕਰਤਰੀ-ਵਾਚਕ ਕਿਰਦੰਤ*
ਪੀ	ਪਿਆਕੜ
ਬੋਲ	ਬੋਲਾਰਾ
ਲਿਖ	ਲੇਖਕ, ਲੇਖਾਰੀ
ਖਟ	ਖਟੂ
ਡਰ	ਡਰਾਕਲ, ਡਰੂ
ਪੜ੍ਹ	ਪੜ੍ਹਾਕੂ, ਪਾੜ੍ਹਾ
ਉਡ	ਉਡਾਰੂ
ਜਾਣ	ਜਾਣੂ, ਜਾਣੋਈ
ਖਾ	ਖਾਊ, ਖਾਂਦਾ-ਪੀਂਦਾ

ਨੋਟ : 'ਦੇਂਦਾ', 'ਲੈਂਦਾ', 'ਖਾਂਦਾ-ਪੀਂਦਾ' ਆਦਿ ਕਿਰਦੰਤ ਕ੍ਰਿਆ-ਮੂਲ ਦੇ ਅੰਤ ਵਿਚ 'ਦਾ' ਲਾਇਆਂ ਬਣੇ ਹਨ। ਇਹ ਏਸੇ ਰੂਪ ਵਿਚ ਵਰਤਮਾਨ ਕਿਰਦੰਤ ਦੇ ਤੌਰ 'ਤੇ ਵੀ ਵਰਤੀਂਦੇ ਹਨ ਅਤੇ ਕਰਤਰੀ-ਵਾਚਕ ਸੰਗਿਆ ਦੇ ਤੌਰ 'ਤੇ ਵੀ; ਜਿਵੇਂ :

- 'ਦੇਂਦਾ' ਦੇਈ ਜਾ ਰਿਹਾ ਹੈ, ਲੈਂਦੇ ਥਕ ਪੈਂਦੇ ਹਨ। [ਕਰਤਰੀ-ਵਾਚਕ ਕਿਰਦੰਤ]
- ਮੈਂ 'ਦੇਂਦਾ ਦੇਂਦਾ' ਹੁਣ ਥਕ ਗਿਆ ਹਾਂ। [ਵਰਤਮਾਨ ਕਿਰਦੰਤ]

੧੮.੬.੬.੩ ਵਰਤੋਂ

ਇਹ ਕਿਰਦੰਤ (ਕਰਤਰੀ-ਵਾਚਕ ਕਿਰਦੰਤ) ਨਾਂਵ ਅਤੇ ਵਿਸ਼ੇਸ਼ਣ ਦੋਹਾਂ ਤਰ੍ਹਾਂ ਨਾਲ ਵਰਤਿਆ ਜਾਂਦਾ ਹੈ; ਜਿਵੇਂ :

(ੳ) ਆਤਮਾ 'ਬਿਨਸਨਹਾਰ' ਨਹੀਂ। [ਬਿਨਸਨਹਾਰ—ਵਿਸ਼ੇਸ਼ਣ]
'ਬਿਨਸਨਹਾਰ' ਕਾਹਦੇ ਲਈ ਵਾਧੂ ਵਿਸਥਾਰ ਕਰੇ। [ਬਿਨਸਨਹਾਰ—ਨਾਂਵ]

(ਅ) 'ਸਿਰਜਨਹਾਰ' ਕਰਤਾਰ ਨੂੰ ਸਭ ਦੀ ਚਿੰਤਾ ਏ। [ਸਿਰਜਨਹਾਰ—ਵਿਸ਼ੇਸ਼ਣ]
'ਸਿਰਜਨਹਾਰ' ਦੇ ਰੰਗ ਨਿਆਰੇ ਨੇ। [ਸਿਰਜਨਹਾਰ—ਨਾਂਵ]

(ੲ) 'ਡਰੂ' ਮਨੁੱਖ ਮੌਤ ਤੋਂ ਪਹਿਲਾਂ ਸੌ ਵਾਰੀ ਮਰਦਾ ਹੈ। [ਡਰੂ—ਵਿਸ਼ੇਸ਼ਣ]
'ਡਰੂ' ਨਸ ਗਏ, ਸੂਰਮੇ ਮੈਦਾਨ ਵਿਚ ਡਟੇ ਰਹੇ। [ਡਰੂ—ਨਾਂਵ]

ਨੋਟ : (੧) ਇਸ ਕਿਰਦੰਤ ਦੇ ਸੰਬੰਧਕੀ-ਰੂਪ ਵੀ ਹੁੰਦੇ ਹਨ; ਜਿਵੇਂ :

- 'ਦੇਵਣ ਵਾਲੇ' ਨੂੰ ਪ੍ਰਣਾਮ !
- 'ਸਿਰਜਣਹਾਰ' ਨੇ ਰੰਗ ਬਰੰਗੀ ਕੁਦਰਤਿ ਬਣਾਈ ਹੈ।
- 'ਮੰਗਣਵਾਲੇ' ਤੋਂ ਕੀ ਮੰਗਣਾ ?
- ਸਾਰਾ ਦ੍ਰਿਸਟਮਾਨ ਪਸਾਰਾ 'ਕਰਨਹਾਰ' ਕਰਤਾਰ ਦਾ ਹੀ ਹੈ।

(੨) ਲਿੰਗ ਅਤੇ ਵਚਨ ਦੇ ਭੇਦ ਕਰ ਕੇ ਾ-ਅੰਤਿਕ ਕਿਰਦੰਤ ਦਾ ਰੂਪ ਬਦਲਦਾ ਹੈ; ਜਿਵੇਂ :

ਕਰਨਹਾਰਾ, ਕਰਨਹਾਰੇ, ਕਰਨਹਾਰੀ, ਕਰਨਹਾਰੀਆਂ।

੧੮.੬.੬.੪ ਗੁਰਬਾਣੀ ਵਿਚਲੀਆਂ ਕਰਤਰੀ-ਵਾਚਕ ਕਿਰਦੰਤ ਦੀਆਂ ਉਦਾਹਰਣਾਂ

(ੳ) ਨਾਂਵ ਵਜੋਂ—ਸਾਧਾਰਨ-ਰੂਪ

(੧) ਪੁਲਿੰਗ, ਇਕ-ਵਚਨ

੧. **'ਦੇਵਣ ਵਾਲਾ'** ਸਭ ਬਿਧਿ ਜਾਣੈ, ਗੁਰਮੁਖਿ ਪਾਈਐ ਨਾਮੁ ਨਿਧਾਨੁ ॥ਰਹਾਉ॥੨੪॥ *(ਪੰਨਾ ੪੨੩)*

੨. **'ਆਖਣ ਵਾਲਾ'** ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥੪॥੨॥ *(ਪੰਨਾ ੯)*

੩. ਗੁਰ ਕੀ ਮਹਿਮਾ ਅਗਮ ਹੈ, ਕਿਆ ਕਥੇ **'ਕਥਨਹਾਰੁ'** ॥੩॥੯੯॥ *(ਪੰਨਾ ੫੨)*

੪. **'ਕਰਣੈਹਾਰਾ'** ਬੂਝਹੁ ਰੇ ॥
ਸਤਿਗੁਰੁ ਮਿਲੈ ਤ ਸੂਝੈ ਰੇ ॥ਰਹਾਉ॥੧੭॥ *(ਪੰਨਾ ੧੦੦੩)*

੫. ਮਮਾ **'ਮਾਗਨਹਾਰ'** ਇਆਨਾ ॥
'ਦੇਨਹਾਰ' ਦੇ ਰਹਿਓ ਸੁਜਾਨਾ ॥੪੧॥ *(ਪੰਨਾ ੨੫੮)*

੬. ਅਵਰੁ ਨ ਕੋਊ **'ਮਾਰਨਵਾਰਾ'** ॥
ਜੀਅਉ ਹਮਾਰਾ ਜੀਉ **'ਦੇਨਹਾਰਾ'** ॥ਰਹਾਉ॥੮੩॥ *(ਪੰਨਾ ੩੯੧)*

੭. **'ਦੇਂਦਾ'** ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ਸ.੨॥ਪਉੜੀ ੨੫॥ *(ਪੰਨਾ ੧੨੯੦)*

੮. **'ਦੇਦਾ'** ਦੇ ਲੈਦੇ ਥਕਿ ਪਾਹਿ ॥੩॥ *(ਪੰਨਾ ੨)*

(੨) ਇਸਤਰੀ-ਲਿੰਗ, ਇਕ-ਵਚਨ

੧. **'ਗਾਵਨਹਾਰੀ'** ਗਾਵੈ ਗੀਤ ॥
ਤੇ ਉਧਰੇ ਬਸੇ ਜਿਹ ਚੀਤ ॥੧॥੫॥ *(ਪੰਨਾ ੧੨੯੯)*

੨. ਤਾ ਕੀ ਹੋਹੁ **'ਬਿਲੋਵਨਹਾਰੀ'** ॥
ਕਿਉ ਮੇਟੈ ਗੋ ਛਾਛਿ ਤੁਹਾਰੀ ॥੧॥ *(ਪੰਨਾ ੬੫੫)*

੩. ਗਿਲੀ ਗਿਲੀ ਰੋਡੜੀ **'ਭਉਦੀ'** ਭਵਿ ਭਵਿ ਆਇ ॥ਸ.੨॥੬॥ *(ਪੰਨਾ ੧੦੬੭)*
[ਭਉਦੀ—'ਉ' ਉਚਾਰਣ ਨਾਸਕੀ, ਭਉਣ ਵਾਲੀ, ਮੱਖੀ]

(੩) ਪੁਲਿੰਗ, ਬਹੁ-ਵਚਨ

੧. **'ਆਖਣ ਵਾਲੇ'** ਜੇਤੜੇ, ਸਭਿ ਆਖਿ ਰਹੇ ਲਿਵ ਲਾਇ ॥੧॥੧॥ *(ਪੰਨਾ ੫੩)*

੨. **'ਰੋਵਣ ਵਾਲੇ'** ਜੇਤੜੇ, ਸਭਿ ਬੰਨਹਿ ਪੰਡ ਪਰਾਲਿ ॥੨॥੩॥ *(ਪੰਨਾ ੧੫)*

੩. **'ਮੰਗਣ ਵਾਲੇ'** ਕੇਤੜੇ, ਦਾਤਾ ਏਕੋ ਸੋਇ ॥੨॥੧੧॥ *(ਪੰਨਾ ੧੮)*

੪. **'ਕਰਣਹਾਰ'** ਮੇਰੇ ਪ੍ਰਭ ਏਕ ॥੨॥੩੭॥ *(ਪੰਨਾ ੮੯੪)*

(ਅ) ਸੰਬੰਧਕੀ-ਰੂਪ

(੧) ਪੁਲਿੰਗ, ਇਕ-ਵਚਨ

ਕਰਤਾ ਕਾਰਕ

੧. **'ਰੋਵਨਹਾਰੈ' ਝੂਠੁ ਕਮਾਨਾ ॥੧॥੭੫॥** *(ਪੰਨਾ ੩੮੯)*

੨. **'ਕਰਣਹਾਰਿ' ਖਿਨ ਭੀਤਰਿ ਕਰਿਆ ॥੪॥੩੦॥** *(ਪੰਨਾ ੧੦੩)*

੩. **'ਰੋਵਨਹਾਰੀ' ਰੋਜੁ ਬਨਾਇਆ ॥੧॥੩੩॥** *(ਪੰਨਾ ੧੧੪੫)*
[ਇਸਤਰੀ-ਲਿੰਗ]

ਕਰਮ ਕਾਰਕ

੧. **'ਕਰਨੈਹਾਰੁ' ਨ ਬੂਝਈ, ਆਪੁ ਗਨੈ ਬਿਗਾਨਾ ॥੧॥੫੦॥** *(ਪੰਨਾ ੮੧੩)*

ਸੰਪ੍ਰਦਾਨ

੧. **'ਕਰਣਹਾਰ' ਕਉ ਕਿਛੁ ਅਚਰਜੁ ਨਾਹਿ ॥੩॥੫੧॥** *(ਪੰਨਾ ੮੯੯)*

੨. **'ਦੇਵਣਹਾਰੇ' ਕਉ ਜੈਕਾਰੁ ॥੩॥੬॥** *(ਪੰਨਾ ੧੧੨੯)*

੩. **'ਜਾਨਣਹਾਰੇ' ਕਉ ਬਲਿ ਜਾਉ ॥੪॥੧੦॥** *(ਪੰਨਾ ੮੮੫)*

ਸੰਬੰਧ ਕਾਰਕ

੧. **'ਦੇਵਣਹਾਰੇ ਕੈ' ਹਥਿ ਦਾਨੁ ॥੧॥੩੨॥** *(ਪੰਨਾ ੨੫)*

੨. **'ਰੋਵਨਹਾਰੇ ਕੀ' ਕਵਨ ਟੇਕ ॥੧॥੧੦॥** *(ਪੰਨਾ ੮੮੫)*
[ਉਦਾਹਰਣ ਨੰ: ੧ ਵਿਚ ਸੰਬੰਧਕ 'ਕੇ' ਦਾ ਰੂਪ 'ਕੈ'; ਇਸ ਦੇ ਅੱਗੇ ਅਧਿਕਰਣ ਕਾਰਕ, ਇਕ-ਵਚਨ ਨਾਂਵ 'ਹਥਿ' ਕਾਰਨ ਹੋਇਆ ਹੈ]

(ੲ) ਵਿਸ਼ੇਸ਼ਣ ਵਜੋਂ—ਸਾਧਾਰਨ-ਰੂਪ

(੧) ਪੁਲਿੰਗ, ਇਕ-ਵਚਨ

੧. **ਜਾ ਤੂੰ 'ਕਰਣਹਾਰੁ' ਕਰਤਾਰੁ ॥**
ਕਿਆ ਮੁਹਤਾਜੀ ਕਿਆ ਸੰਸਾਰੁ ॥੨॥੩॥ *(ਪੰਨਾ ੩੪੯)*

੨. **ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥**
'ਬੋਲਨਹਾਰੁ' ਪਰਮ ਗੁਰੁ ਏਹੀ ॥੧॥੪॥ *(ਪੰਨਾ ੧੧੫੮)*

੩. **ਮੇਰਾ ਮੇਰਾ ਕਰਿ ਬਿਲਲਾਹੀ ॥**
'ਮਰਣਹਾਰੁ' ਇਹੁ ਜੀਅਰਾ ਨਾਹੀ ॥੩॥੧੧੨॥ *(ਪੰਨਾ ੧੮੮)*

੪. **'ਜਾਨਨਹਾਰ' ਪ੍ਰਭੁ ਪਰਬੀਨ ॥**
ਬਾਹਰਿ ਭੇਖ ਨ ਕਾਹੂ ਭੀਨ ॥੭॥੫॥ *(ਪੰਨਾ ੨੬੯)*

੧੮.੭ ਵਿਆਕਰਣਕ ਕਾਲ (Tense)

(ੳ) ਕਾਲ—ਅਰਥ-ਵਿਆਖਿਆ

'ਕਾਲ' ਦਾ ਸ਼ਾਬਦਿਕ ਅਰਥ ਹੈ—ਸਮਾਂ (Time)। ਸਮਾਂ ਨਿਰੰਤਰ ਗਤੀ-ਸ਼ੀਲ

(ਚਾਲੇ ਪਿਆ) ਰਹਿੰਦਾ ਹੈ। ਇਸ ਲਈ, ਹਰ ਸਥਿਤੀ (state) ਦੀ ਤਬਦੀਲੀ ਸਮੇਂ ਦੇ ਪ੍ਰਭਾਵ ਅਧੀਨ ਨਿਰੰਤਰ ਹੁੰਦੀ ਰਹਿੰਦੀ ਹੈ।

(ਅ) ਵਿਆਕਰਣਕ ਕਾਲ (Tense)—ਲੱਛਣ

"ਹਰੇਕ ਕ੍ਰਿਆ ਦੇ ਰੂਪ ਅਤੇ ਅਰਥ ਤੋਂ ਕਿਸੇ ਕੰਮ ਦੇ ਕੀਤੇ ਜਾਣ ਜਾਂ ਹੋਣ ਬਾਰੇ ਗਿਆਤ ਹੁੰਦੀ ਹੈ। ਸੋ, ਵਿਆਕਰਣਕ ਕਾਲ ਤੋਂ ਭਾਵ ਹੈ ਕ੍ਰਿਆ ਦਾ ਰੂਪਾਂਤਰ (ਰੂਪ ਵਿਚ ਤਬਦੀਲੀ) ਜੋ ਕਿਸੇ ਕੰਮ ਦੇ ਵਾਪਰਨ ਦੇ ਸਮੇਂ ਦੇ ਭੇਦ ਕਰਕੇ ਹੁੰਦਾ ਹੈ।"

(ੲ) ਕਾਲ-ਬੋਧਕ ਅੰਸ

ਕ੍ਰਿਆ ਦੇ ਜਿਸ ਅੰਸ [ਸੰਮਿਲਤ-ਰੂਪ ਵਿਚ ਜਾਂ ਵੱਖਰੇ ਰੂਪ ਵਿਚ] ਤੋਂ ਕਾਲ ਬਾਰੇ ਬੋਧ ਹੋਵੇ, ਉਸ ਨੂੰ ਕਾਲ-ਬੋਧਕ ਅੰਸ ਕਹੀਦਾ ਹੈ।

(ਸ) ਕਾਲ ਦੇ ਮੁਖ ਭੇਦ

ਕਾਲ ਦੇ ਮੁਖ ਭੇਦ ਤਿੰਨ ਮੰਨੇ ਗਏ ਹਨ: ਭੂਤ, ਵਰਤਮਾਨ ਅਤੇ ਭਵਿੱਖਤ।

੧੮.੭.੧ ਭੂਤ ਕਾਲ

ਕਾਲ ਦੀ ਅਜਿਹੀ ਕਿਸਮ, ਜਿਸ ਤੋਂ ਕਿਸੇ ਕੰਮ ਦੇ ਬੀਤੇ ਸਮੇਂ ਵਿਚ ਵਾਪਰੇ ਹੋਣ ਬਾਰੇ ਸੰਕੇਤ ਮਿਲੇ:

- ਮੈਂ ਕੱਲ 'ਅੰਮ੍ਰਿਤ ਪਾਨ ਕੀਤਾ'।
- ਪਾਵਨ ਬੀੜ ਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਏਕਮ ਸੰਮਤ ੧੬੬੧ ਵਿਚ 'ਹੋਇਆ'।
- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਨ ੧੪੬੯ ਵਿਚ ਰਾਇ ਭੋਇੰ ਦੀ ਤਲਵੰਡੀ ਵਿਖੇ ਅਵਤਾਰ 'ਧਾਰਿਆ'।
- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਵਿਚ ਖ਼ਾਲਸੇ ਦੀ ਸਿਰਜਨਾ 'ਕੀਤੀ'।
- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਮਤ ੧੭੬੫ ਵਿਚ ਨਾਂਦੇੜ (ਦੱਖਣ) ਵਿਖੇ ਗੁਰ-ਗੱਦੀ 'ਤੇ 'ਸਥਾਪਿਤ ਕੀਤਾ ਗਿਆ'।

੧੮.੭.੨ ਵਰਤਮਾਨ ਕਾਲ

ਕਾਲ ਦੀ ਅਜਿਹੀ ਕਿਸਮ, ਜਿਸ ਤੋਂ ਕਿਸੇ ਕੰਮ ਦੇ ਚਾਲੂ ਸਮੇਂ ਵਿਚ ਵਾਪਰਨ ਬਾਰੇ ਸੰਕੇਤ ਮਿਲੇ; ਜਿਵੇਂ:

- ਗੁਰਮੁਖ ਸੁਆਸ ਸੁਆਸ ਨਾਮ 'ਜਪਦੇ ਹਨ'।
- ਸ੍ਰੀ ਹਰਿਮੰਦਰ ਸਾਹਿਬ ਵਿਚ ਦਿਨ ਰਾਤ ਹਰਿ-ਜਸ ਦਾ ਪ੍ਰਵਾਹ 'ਚੱਲਦਾ ਰਹਿੰਦਾ ਹੈ'।

- ਸੰਗਤ ਲੰਗਰ 'ਛਕ ਰਹੀ ਹੈ'।
- ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁਧਵਾਰ ਅਤੇ ਐਤਵਾਰ ਨੂੰ ਅੰਮ੍ਰਿਤ-ਸਿੰਚਾਰ 'ਹੁੰਦਾ ਹੈ'।
- ਮੇਰਾ ਮਨ ਸਤਿਗੁਰਾਂ ਦੇ ਦਰਸ਼ਨਾਂ ਲਈ ਹਰ ਦਮ 'ਤਾਂਘਦਾ ਰਹਿੰਦਾ ਹੈ'।

੧੮.੭.੩ ਭਵਿੱਖਤ ਕਾਲ

ਕਾਲ ਦੀ ਅਜਿਹੀ ਕਿਸਮ, ਜਿਸ ਤੋਂ ਕਿਸੇ ਕੰਮ ਦੇ ਆਉਣ ਵਾਲੇ ਸਮੇਂ ਵਿਚ ਵਾਪਰਨ ਬਾਰੇ ਸੰਕੇਤ ਮਿਲੇ; ਜਿਵੇਂ :

- ਆਉਂਦੇ ਐਤਵਾਰ ਨੂੰ ਸ੍ਰੀ ਮੰਜੀ ਸਾਹਿਬ ਵਿਖੇ ਕੀਰਤਨ ਦਰਬਾਰ 'ਹੋਵੇਗਾ'।
- ਗੁਰੂ ਗੁਰੂ ਜਪੋ, ਜਨਮ 'ਸਵਰੇਗਾ'।
- ਰਾਜ 'ਕਰੇਗਾ' ਖ਼ਾਲਸਾ।
- 'ਕਰੇਗਾ' ਸੋ 'ਭਰੇਗਾ'।
- 'ਅੜੇਗਾ' ਸੋ 'ਝੜੇਗਾ'।
- ਜੋ ਜੰਮਿਆ ਹੈ ਅਵਸ਼ ਮਰਸੀ'।

ਨੋਟ : *ਗੁਰਬਾਣੀ ਵਿਆਕਰਣ* ਵਿਚ ਕ੍ਰਿਆ ਦੇ ਵੱਖ ਵੱਖ ਰੂਪਾਂ ਅਤੇ ਕਾਲਾਂ ਸੰਬੰਧੀ ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ :

" 'ਕ੍ਰਿਆ' ਦੇ ਕਈ ਤਰ੍ਹਾਂ ਦੇ ਰੂਪ ਮਿਟ ਕੇ ਅੰਤ ਹੇਠ ਲਿਖੇ ਰੂਪ ਰਹਿ ਗਏ— ਵਰਤਮਾਨ ਕਾਲ, ਹੁਕਮੀ ਭਵਿਖਤ ਕਾਲ, ਭਵਿਖਤ ਅਤੇ ਭੂਤ ਕਾਲ...।"

(ਗੁਰਬਾਣੀ ਵਿਆਕਰਣ, ਚੌਥੀ ਐਡੀਸ਼ਨ, ਪੰਨਾ ੨੧੨)

ਭਵਿਖਤ ਕਾਲ ਦੇ ਤਿੰਨ ਭੇਦ ਹਨ :

(੧) ਸਾਧਾਰਨ ਭਵਿਖਤ ਕਾਲ
(੨) ਹੁਕਮੀ ਭਵਿਖਤ ਕਾਲ
(੩) ਸੰਭਾਵ ਭਵਿਖਤ ਕਾਲ

ਨੋਟ : ਸਾਧਾਰਨ ਭਵਿਖਤ ਕਾਲ ਬਾਰੇ ਜਾਣਕਾਰੀ ਉਪਰ ਦਿੱਤੀ ਜਾ ਚੁੱਕੀ ਹੈ। ਹੁਕਮੀ ਭਵਿਖਤ ਕਾਲ ਅਤੇ ਸੰਭਾਵ ਭਵਿਖਤ ਕਾਲ ਦੇ ਲਛਣ ਥੱਲੇ ਦਿੱਤੇ ਜਾਂਦੇ ਹਨ :

੧੮.੭.੪ ਹੁਕਮੀ ਭਵਿਖਤ ਕਾਲ—ਲੱਛਣ

ਭਵਿਖਤ ਕਾਲ ਦੀ ਅਜਿਹੀ ਸ਼੍ਰੇਣੀ ਜਿਸ ਤੋਂ ਆਉਣ ਵਾਲੇ ਸਮੇਂ ਵਿਚ ਕੰਮ ਕੀਤੇ ਜਾਣ ਲਈ ਹੁਕਮ, ਆਗਿਆ, ਉਪਦੇਸ਼ ਆਦਿ ਦਾ ਪ੍ਰਗਟਾਅ ਹੋਵੇ।

੧੮.੭.੫ ਸੰਭਾਵ ਭਵਿਖਤ ਕਾਲ—ਲੱਛਣ

ਭਵਿਖਤ ਕਾਲ ਦੀ ਅਜਿਹੀ ਸ਼੍ਰੇਣੀ, ਜਿਸ ਤੋਂ ਆਉਣ ਵਾਲੇ ਸਮੇਂ ਵਿਚ ਕਿਸੇ ਕੰਮ ਦੇ ਹੋਣ ਦੀ ਸੰਭਾਵਨਾ ਦਾ ਪ੍ਰਗਟਾਅ ਹੋਵੇ।

੧੮.੭.੬ ਕ੍ਰਿਆ ਦਾ ਰੂਪਾਂਤਰ

ਕ੍ਰਿਆ ਦਾ ਰੂਪਾਂਤਰ (ਰੂਪ ਵਿਚ ਤਬਦੀਲੀ) ਹੇਠ ਲਿਖੇ ਮੁਖ ਕਾਰਨਾਂ ਕਰਕੇ ਹੁੰਦੀ ਹੈ :

(ੳ) ਕਾਲ-ਭੇਦ ਕਰਕੇ

ਭੂਤ ਕਾਲ	ਕੀਤਾ।
ਵਰਤਮਾਨ ਕਾਲ	ਕਰੈ।
ਭਵਿਖਤ ਕਾਲ	ਕਰੇਗੁ, ਕਰਸੀ।

(ਅ) ਪੁਰਖ-ਭੇਦ ਕਰਕੇ

ਉਤਮ ਪੁਰਖ	ਕਰਉ, ਕਰੀ, ਕਰਾ, ਕਰਊ। (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)
ਮਧਮ ਪੁਰਖ	ਕਰਹਿ। (ਅੰਤਲੇ ਸ੍ਵਰ ਦਾ ਉਚਾਰਣ ਨਾਸਕੀ)
ਅਨ ਪੁਰਖ	ਕਰੈ, ਕਰੇਇ।

(ੲ) ਵਚਨ-ਭੇਦ ਕਰਕੇ

ਇਕ-ਵਚਨ (ਅਨ ਪੁਰਖ)	ਕਰੈ, ਕਰੇਇ।
ਬਹੁ-ਵਚਨ (ਅਨ ਪੁਰਖ)	ਕਰਹਿ, ਕਰਨਿ, ਕਰਹੀ। (ਅੰਤਲੇ 'ਹਿ' ਅਤੇ 'ਹੀ' ਦਾ ਉਚਾਰਣ ਨਾਸਕੀ)

(ਸ) ਲਿੰਗ-ਭੇਦ ਕਰਕੇ

ਪੁਲਿੰਗ	ਕੀਤਾ, ਕਰਦਾ ਹੈ, ਕਰੇਗੁ।
ਇਸਤਰੀ-ਲਿੰਗ	ਕੀਤੀ, ਕਰਦੀ ਹੈ, ਕਰੇਗਿ।

੧੮.੭.੭ ਕ੍ਰਿਆ ਦੀ ਰੂਪ-ਸਾਧਨਾ

ਲੱਛਣ

ਕਾਲ, ਲਿੰਗ, ਵਚਨ ਅਤੇ ਪੁਰਖ ਦੇ ਪ੍ਰਭਾਵ ਅਧੀਨ ਕ੍ਰਿਆ ਦੇ ਰੂਪ ਵਿਚ ਤਬਦੀਲੀ ਵਾਪਰਦੀ ਹੈ। ਇਸ ਤਬਦੀਲੀ ਦੇ ਫਲਸਰੂਪ ਕ੍ਰਿਆ ਦੇ ਜੋ ਜੋ ਰੂਪ ਬਣਦੇ ਹਨ, ਉਹ ਸਾਰੇ ਰੂਪ, ਵਿਧੀ-ਵਿਉਂਤ ਅਨੁਸਾਰ ਦਰਸਾਏ ਜਾਣ ਨੂੰ ਕ੍ਰਿਆ ਦੀ 'ਰੂਪ-ਸਾਧਨਾ ਆਖੀਦਾ ਹੈ।

ਰੂਪ-ਸਾਧਨਾ

ਕਰਤ੍ਰੀ-ਵਾਚ ਸਕਰਮਕ ਕ੍ਰਿਆ-ਮੂਲ 'ਕਰ' ਤੋਂ ਕਾਲ, ਲਿੰਗ, ਵਚਨ ਅਤੇ ਪੁਰਖ ਦੇ ਭੇਦ ਕਰਕੇ ਬਣਨ ਵਾਲੀਆਂ ਵੱਖ ਵੱਖ ਕਿਸਮ ਦੀਆਂ ਕ੍ਰਿਆਵਾਂ ਦੇ ਅਜੋਕੇ ਰੂਪਾਂ ਦੀ ਰੂਪ-ਸਾਧਨਾ ਹੇਠਾਂ ਦਿੱਤੀ ਜਾਂਦੀ ਹੈ :

ਲਿੰਗ	*ਪੁਰਖ*	*ਇਕ-ਵਚਨ*	*ਬਹੁ-ਵਚਨ*
ਭੂਤ ਕਾਲ			
ਪੁਲਿੰਗ	ਉਤਮ ਪੁਰਖ	ਮੈਂ ਕੀਤਾ (ਕਰਿਆ)।	ਅਸੀ ਕੀਤਾ (ਕਰਿਆ)।
	ਮਧਮ ਪੁਰਖ	ਤੂੰ ਕੀਤਾ।	ਤੁਸੀ ਕੀਤਾ।
	ਅਨ ਪੁਰਖ	ਉਸ ਨੇ ਕੀਤਾ।	ਉਹਨਾਂ ਨੇ ਕੀਤਾ।
ਇਸਤਰੀ-ਲਿੰਗ	ਉਤਮ ਪੁਰਖ	ਮੈਂ ਕੀਤਾ।	ਅਸੀ ਕੀਤਾ।
	ਮਧਮ ਪੁਰਖ	ਤੂੰ ਕੀਤਾ।	ਤੁਸੀ ਕੀਤਾ।
	ਅਨ ਪੁਰਖ	ਉਸ ਨੇ ਕੀਤਾ।	ਉਹਨਾਂ ਨੇ ਕੀਤਾ।
ਵਰਤਮਾਨ ਕਾਲ			
ਪੁਲਿੰਗ	ਉਤਮ ਪੁਰਖ	ਮੈਂ ਕਰਦਾ ਹਾਂ।	ਅਸੀ ਕਰਦੇ ਹਾਂ।
	ਮਧਮ ਪੁਰਖ	ਤੂੰ ਕਰਦਾ ਹੈਂ।	ਤੁਸੀ ਕਰਦੇ ਹੋ।
	ਅਨ ਪੁਰਖ	ਉਹ ਕਰਦਾ ਹੈ।	ਉਹ ਕਰਦੇ ਹਨ।
ਇਸਤਰੀ-ਲਿੰਗ	ਉਤਮ ਪੁਰਖ	ਮੈਂ ਕਰਦੀ ਹਾਂ।	ਅਸੀ ਕਰਦੀਆਂ ਹਾਂ।
	ਮਧਮ ਪੁਰਖ	ਤੂੰ ਕਰਦੀ ਹੈਂ।	ਤੁਸੀ ਕਰਦੀਆਂ ਹੋ।
	ਅਨ ਪੁਰਖ	ਉਹ ਕਰਦੀ ਹੈ।	ਉਹ ਕਰਦੀਆਂ ਹਨ।
ਭਵਿਖਤ ਕਾਲ			
ਪੁਲਿੰਗ	ਉਤਮ ਪੁਰਖ	ਮੈਂ ਕਰਾਂਗਾ।	ਅਸੀ ਕਰਾਂਗੇ।
	ਮਧਮ ਪੁਰਖ	ਤੂੰ ਕਰੇਂਗਾ।	ਤੁਸੀ ਕਰੋਗੇ।
	ਅਨ ਪੁਰਖ	ਉਹ ਕਰੇਗਾ।	ਉਹ ਕਰਨਗੇ।
ਇਸਤਰੀ-ਲਿੰਗ	ਉਤਮ ਪੁਰਖ	ਮੈਂ ਕਰਾਂਗੀ।	ਅਸੀ ਕਰਾਂਗੀਆਂ।
	ਮਧਮ ਪੁਰਖ	ਤੂੰ ਕਰੇਂਗੀ।	ਤੁਸੀ ਕਰੋਗੀਆਂ।
	ਅਨ ਪੁਰਖ	ਉਹ ਕਰੇਗੀ।	ਉਹ ਕਰਨਗੀਆਂ।
ਹੁਕਮੀ ਭਵਿਖਤ/ਸੰਭਾਵ ਭਵਿਖਤ ਕਾਲ			
ਉਤਮ ਪੁਰਖ	—	ਮੈਂ ਕਰਾਂ।	ਅਸੀ ਕਰੀਏ। (ਪ੍ਰੇਰਨਾ)
ਮਧਮ ਪੁਰਖ	ਸੰਭਾਵਨਾ	ਜੇ ਤੂੰ ਕਰੇਂ।	ਜੇ ਤੁਸੀ ਕਰੋ।
	ਬੇਨਤੀ/ਹੁਕਮੀ	ਤੂੰ ਕਰ।	ਤੁਸੀ ਕਰੋ।
	ਤਾਕੀਦ	ਤੂੰ (ਜ਼ਰੂਰ) ਕਰੀਂ।	ਤੁਸੀ (ਜ਼ਰੂਰ) ਕਰਿਓ।
ਅਨ ਪੁਰਖ	ਇੱਛਾ	ਉਹ ਕਰੇ।	ਉਹ ਕਰਨ।

ਪੁਰਾਤਨ ਪੰਜਾਬੀ ਵਿਚ ਵਧੇਰੇ ਕਰ ਕੇ ਸੰਜੋਗਾਤਮਿਕ ਰੁਚੀ ਪ੍ਰਧਾਨ ਸੀ, ਜਿਸ ਦੇ ਫਲ-ਸਰੂਪ ਬਹੁਤੀਆਂ ਕ੍ਰਿਆਵਾਂ, ਕ੍ਰਿਆ-ਮੂਲਾਂ, ਵਰਤਮਾਨ ਕਿਰਦੰਤਾਂ ਅਤੇ ਭੂਤ-ਕਿਰਦੰਤਾਂ ਦੇ ਅੰਤ ਵਿਚ ਕਾਲ-ਵਾਚੀ, ਪੁਰਖਵਾਚੀ, ਵਚਨ-ਵਾਚੀ ਅਤੇ ਲਿੰਗ-ਵਾਚੀ, ਪਿਛੇਤਰ-ਚਿੰਨ੍ਹ ਆਦਿ ਸੰਮਿਲਤ ਕਰ ਕੇ ਬਣਾਈਆਂ ਜਾਂਦੀਆਂ ਸਨ।

ਪੁਰਾਤਨ ਪੰਜਾਬੀ ਦੀਆਂ ਗੁਰਬਾਣੀ ਵਿਚ ਵਰਤੀਆਂ ਸੰਜੋਗਾਤਮਿਕ ਕ੍ਰਿਆਵਾਂ ਵਿੱਚੋਂ ਕੇਵਲ 'ਕਰ' ਸਕਰਮਕ ਧਾਤੂ ਤੋਂ ਕਾਲ, ਵਚਨ, ਲਿੰਗ ਅਤੇ ਪੁਰਖ ਦੇ ਭੇਦ ਕਰਕੇ ਬਣਨ ਵਾਲੀਆਂ ਵੱਖ ਵੱਖ ਕਿਸਮ ਦੀਆਂ ਕ੍ਰਿਆਵਾਂ ਦੀ ਰੂਪ-ਸਾਧਨਾ ਥੱਲੇ ਦਿੱਤੀ ਜਾਂਦੀ ਹੈ :

ਲਿੰਗ	*ਪੁਰਖ*	*ਇਕ-ਵਚਨ*	*ਬਹੁ-ਵਚਨ*
ਭੂਤ ਕਾਲ			
ਪੁਲਿੰਗ	ਉਤਮ ਪੁਰਖ	ਕਰਿਆ (ਕਰਿਓ), ਕੀਆ (ਕੀਓ) ਕੀਤਾ (ਕੀਤੋ), ਕੀਨਾ (ਕੀਨੋ)	ਕਰੇ, ਕੀਏ, ਕੀਤੇ, ਕੀਨੇ
	ਮਧਮ ਪੁਰਖ	—ਉਹੀ—	—ਉਹੀ—
	ਅਨ-ਪੁਰਖ	—ਉਹੀ—	—ਉਹੀ—
ਭੂਤ ਕਾਲ			
ਇਸਤਰੀ-ਲਿੰਗ	ਉਤਮ ਪੁਰਖ	ਕਰੀ, ਕੀਈ, ਕੀਤੀ, ਕੀਨੀ*	ਕਰੀਆ, ਕੀਤੀਆ, ਕੀਨੀਆ (ਅੰਤਲੇ ਸੁਰਾਂ ਦਾ ਉਚਾਰਣ ਨਾਸਕੀ)
	ਮਧਮ ਪੁਰਖ	—ਉਹੀ—	—ਉਹੀ—
	ਅਨ-ਪੁਰਖ	—ਉਹੀ—	—ਉਹੀ—

ਨੋਟ : *ਗੁਰਬਾਣੀ ਵਿਚ ਕਈ ਭੂਤ ਕਾਲ ਦੀਆਂ ਇਕ-ਵਚਨੀ ਇਸਤਰੀ-ਲਿੰਗ ਕ੍ਰਿਆਂ ਦੇ ਅੰਤ ਵਿਚ 'ਆ' ਵੀ ਲਗ ਮਿਲਦਾ ਹੈ; ਕਰੀਆ, ਕੀਤੀਆ, ਕੀਨੀਆ ਆਦਿ। ਕਿਆਸ ਹੈ ਕਿ ਇਹ ਅੰਤਲਾ 'ਆ' ਸਮੀਪੀ ਭੂਤ ਕਾਲ ਦਾ ਕਾਲ-ਬੋਧ-ਅੰਸ ਹੈ। ਅਜਿਹੀਆਂ ਇਕ-ਵਚਨੀ ਕ੍ਰਿਆਵਾਂ ਦੇ ਅੰਤਲੇ 'ਆ' ਦਾ ਉਚਾਰਣ ਨਾਸਿਕਤਾ ਬਿਨਾ ਹੀ ਕਰਨਾ ਦਰੁਸਤ ਹੁੰਦਾ ਹੈ। ਜਦੋਂ ਬਹੁ-ਵਚਨ ਹੋਣ ਤਾਂ 'ਆ' ਦਾ ਉਚਾਰਣ ਨਾਸਕੀ ਹੁੰਦਾ ਹੈ।

ਲਿੰਗ	*ਪੁਰਖ*	*ਇਕ-ਵਚਨ*	*ਬਹੁ-ਵਚਨ*
ਵਰਤਮਾਨ ਕਾਲ			
ਪੁਲਿੰਗ	ਉਤਮ ਪੁਰਖ	ਕਰਾ, ਕਰਉ (ਕਰਊ), ਕਰੀ, ਕਰਿ ਹਉ (ਅੰਤਲੇ ਸੁਰਾਂ ਦਾ ਉਚਾਰਣ ਨਾਸਕੀ)	ਕਰਹ, ਕਰਹਾ (ਅੰਤਲੇ ਸੁਰਾਂ ਦਾ ਉਚਾਰਣ ਨਾਸਕੀ)
	ਮਧਮ ਪੁਰਖ	ਕਰਿ, ਕਰਹਿ, ਕਰਹੀ, ਕਰੇਹਿ, ਕਰਸਿ (ਅੰਤਲੇ 'ਹਿ' ਅਤੇ 'ਹੀ' ਦਾ ਉਚਾਰਣ ਨਾਸਕੀ)	ਕਰਹੁ, ਕਰਿਹੁ, ਕਰੇਹੁ
	ਅਨ-ਪੁਰਖ	ਕਰੈ, ਕਰੇ, ਕਰੇਇ, ਕਰਈ, ਕਰੇਈ, ਕਰਤ, ਕਰਸਿ	ਕਰਹਿ, ਕਰਹੀ, ਕਰਨਿ, ਕਰਨੀ (ਅੰਤਲੇ 'ਹਿ', 'ਹੀ' ਦਾ ਉਚਾਰਣ ਨਾਸਕੀ)
ਇਸਤਰੀ-ਲਿੰਗ	ਉਤਮ ਪੁਰਖ	ਪੁਲਿੰਗ-ਰੂਪਾਂ ਵਾਂਗ ਹੀ	ਪੁਲਿੰਗ-ਰੂਪਾਂ ਵਾਂਗ ਹੀ
	ਮਧਮ ਪੁਰਖ	—ਉਹੀ—	—ਉਹੀ—
	ਅਨ-ਪੁਰਖ	—ਉਹੀ—	—ਉਹੀ—

ਲਿੰਗ	ਪੁਰਖ	ਇਕ-ਵਚਨ	ਬਹੁ-ਵਚਨ
ਭਵਿਖਤ ਕਾਲ			
ਪੁਲਿੰਗ	ਉਤਮ ਪੁਰਖ	ਕਰਾ, ਕਰਉ (ਕਰਊ), ਕਰੀ, ਕਰਿ ਹਉ, ਕਰਸਾ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)	ਕਰਹ, ਕਰਹਾ, ਕਰਸਾ, ਕਰਸਹ, ਕਰਹਗੇ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)
	ਮਧਮ ਪੁਰਖ	ਕਰਹਿ, ਕਰੇਹਿ, ਕਰਹੀ, ਕਰੇਹੀ, ਕਰਸਹਿ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ) ਕਰਹਿਗਾ ('ਹਿ' ਉਚਾਰਣ ਨਾਸਕੀ)	ਕਰਹੁ, ਕਰਹੁਗੇ
	ਅਨ-ਪੁਰਖ	ਕਰੈ, ਕਰੇ, ਕਰੇਗੁ, ਕਰੈਗਾ, ਕਰਸੀ	ਕਰਹਿ, ਕਰਸਹਿ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ) ਕਰਸਨਿ, ਕਰਹਿਗੇ (ਵਿਚਕਾਰਲੇ 'ਹਿ' ਦਾ ਉਚਾਰਣ ਨਾਸਕੀ)
ਇਸਤਰੀ-ਲਿੰਗ	ਉਤਮ ਪੁਰਖ	ਕਰਾ, ਕਰਉ (ਕਰਊ), ਕਰੀ, ਕਰਿ ਹਉ, (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ) ਕਰਉਗੀ ('ਉ' ਉਚਾਰਣ ਨਾਸਕੀ)	ਕਰਹ, ਕਰਹਾ, ਕਰਸਾ, ਕਰਸਹ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)
	ਮਧਮ ਪੁਰਖ	ਕਰਹਿ, ਕਰੇਹਿ, ਕਰਹੀ, ਕਰੇਹੀ, ਕਰਸਹਿ, (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ) ਕਰਹਿਗੀ ('ਹਿ' ਉਚਾਰਣ ਨਾਸਕੀ)	ਕਰ੍ਹ, ਕਰਹਾ, ਕਰਸਾ, ਕਰਸਹ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)
	ਅਨ-ਪੁਰਖ	ਕਰੈ, ਕਰੇ, ਕਰੇਗਿ, ਕਰੈਗੀ, ਕਰਸੀ, ਕਰਸਿ	ਕਰਹਿ, ਕਰਸਹਿ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ), ਕਰਸਨਿ

ਲਿੰਗ	ਪੁਰਖ	ਇਕ-ਵਚਨ	ਬਹੁ-ਵਚਨ
ਹੁਕਮੀ ਭਵਿਖਤ ਕਾਲ/ਸੰਭਾਵ ਭਵਿਖਤ ਕਾਲ			
ਪੁਲਿੰਗ ਇਸਤਰੀ-ਲਿੰਗ	ਉਤਮ ਪੁਰਖ (ਸੰਭਾਵ)	ਕਰਾ, ਕਰਉ, ਕਰੀ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)	ਕਰਹ, ਕਰਹਾ (ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ)
	ਮਧਮ ਪੁਰਖ	(ਹੁਕਮੀ) ਕਰਿ, ਕਰੁ, ਕਰਹਿ, ਕਰੇਹਿ (ਸੰਭਾਵ) ('ਹਿ' ਉਚਾਰਣ ਨਾਸਕੀ)	ਕਰਹੁ, ਕਰਿਹੁ, ਕਰੇਹੁ, ਕਰੀਅਹੁ
	ਅਨ-ਪੁਰਖ (ਸੰਭਾਵ)	ਕਰੇ, ਕਰੈ, ਕਰੇਇ ਕਰਈ, ਕਰੇਈ	ਕਰਹਿ, ਕਰਹੀ, ਕਰਨਿ ('ਹਿ' ਉਚਾਰਣ ਨਾਸਕੀ)

੧੮.੭.੧ ਭੂਤ ਕਾਲ (Past Tense)

(ੳ) ਲੱਛਣ

ਕਾਲ ਦੀ ਅਜਿਹੀ ਕਿਸਮ, ਜਿਸ ਤੋਂ ਕਿਸੇ ਕੰਮ ਦਾ ਬੀਤੇ ਸਮੇਂ ਵਿਚ ਵਾਪਰਨਾ ਪ੍ਰਗਟ ਹੋਵੇ; ਜਿਵੇਂ :

(ਅ) ਉਦਾਹਰਣਾਂ

ਇਕ-ਵਚਨ — ਮੈਂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ 'ਕੀਤਾ'। (ਸੰਬੰਧਕੀ-ਰੂਪ)
ਮੈਂ ਅੰਮ੍ਰਿਤ ਵੇਲੇ 'ਜਾਗਿਆ'। (ਸਾਧਾਰਨ-ਰੂਪ)
ਬਹੁ-ਵਚਨ — ਅਸੀ ਅੰਮ੍ਰਿਤ ਵੇਲੇ ਜਾਗੇ। (ਸਾਧਾਰਨ-ਰੂਪ)
ਅਸਾਂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ। (ਸੰਬੰਧਕੀ-ਰੂਪ)

(ੲ) ਭੂਤਕਾਲੀ ਕ੍ਰਿਆਵਾਂ ਦੀ ਬਣਤਰ

ਅਨਿਸਚਿਤ ਭੂਤਕਾਲੀ ਕ੍ਰਿਆਵਾਂ ਆਮ ਤੌਰ 'ਤੇ ਕ੍ਰਿਆ-ਮੂਲ ਦੇ ਅੰਤ ਵਿਚ 'ਆ', 'ਇਆ', 'ਿਆ' ਪਿਛੇਤਰ ਲਾਉਣ ਨਾਲ ਬਣਦੀਆਂ ਹਨ, ਪਰ ਇਸ ਕਾਲ ਦੀਆਂ ਕੁਝ ਕ੍ਰਿਆਵਾਂ ਹੋਰਵੇਂ ਪ੍ਰਾਚੀਨ ਢੰਗ ਨਾਲ ਬਣੀਆਂ ਵੀ ਮਿਲਦੀਆਂ ਹਨ।

ਗੁਰਬਾਣੀ ਵਿਚ ਆਈਆਂ ਭੂਤਕਾਲ ਦੀਆਂ ਕੁਝ ਕੁ ਕ੍ਰਿਆਵਾਂ ਦੀ ਬਣਤਰ ਵਿਲੱਖਣ ਹੈ। ਇਸ ਦਾ ਵੇਰਵਾ ਸੂਚਨਾ ਹਿਤ ਥੱਲੇ ਦਿੱਤਾ ਜਾਂਦਾ ਹੈ :

(੧) ਸ੍ਵਰ-ਅੰਤਿਕ ਕ੍ਰਿਆ-ਮੂਲਾਂ ਦੀਆਂ ਭੂਤਕਾਲੀ ਕ੍ਰਿਆਵਾਂ ਦੀ ਬਣਤਰ

ਕ੍ਰਿਆ-ਮੂਲ	*ਭੂਤਕਾਲੀ ਕ੍ਰਿਆ ਦੇ ਇਕ-ਵਚਨ ਪੁਲਿੰਗ ਸਰੂਪ*
ਆ	ਆਯਾ, ਆਯਉ, ਆਇਅਉ, ਆਇਆ, ਆਇਓ
ਪਾ	ਪਾਯਾ, ਪਾਯਉ, ਪਾਇਅਉ, ਪਾਇਆ, ਪਾਇਓ
ਗ	ਗਇਆ, ਗਇਓ, ਗਯਉ
ਖਾ	ਖਾਯਾ, ਖਾਇਆ, ਖਾਇਓ, ਖਾਧਾ

ਕ੍ਰਿਆ-ਮੂਲ	*ਭੂਤਕਾਲੀ ਕ੍ਰਿਆ ਦੇ ਇਕ-ਵਚਨ ਪੁਲਿੰਗ ਸਰੂਪ*
ਨਾ (ਉਚਾਰਣ ਭਾਰ ਸਹਿਤ)	ਨਾਇਆ, ਨਾਤਾ
ਧਾ	ਧਾਯਉ, ਧਾਇਯਉ, ਧਾਇਅਉ, ਧਾਇਆ, ਧਾਇਓ
ਭਾ	ਭਾਯਉ, ਭਾਇਓ, ਭਾਇਆ, ਭਾਣਾ
ਥੀ	ਥੀਓ, ਥੀਆ, ਥਿਆ
ਪੀ	ਪੀਆ, ਪੀਅਉ, ਪੀਓ, ਪੀਤਾ, ਪੀਨਾ
ਦੇ	ਦੀਆ, ਦੀਉ, ਦੀਓ, ਦੀਅਉ, ਦਿਤਾ, ਦੀਤਾ, ਦੀਤ, ਦੀਨ, ਦੀਨਾ, ਦੀਨੁ, ਦੀਨੋ, ਦਇਆ
ਲੈ	ਲਯੋ, ਲਇਅਉ, ਲਇਓ, ਲਇਆ, ਲੀਆ, ਲੀਓ, ਲੀਅਉ, ਲੀਤ, ਲੀਤਾ, ਲੀਤੜਾ, ਲੀਨਉ, ਲੀਨੋ
ਭਇ	ਭਯਾ, ਭਯਉ, ਭਯੋ, ਭਯੋ, ਭਇਅਉ, ਭਇਆ
ਹੋ	ਹੋਯੋ, ਹੋਯਉ, ਹੋਆ, ਹੋਇਆ, ਹੋਇਓ, ਹੋਇਅਉ, ਹੂਆ, ਹੋਇਲਾ
ਬੋ	ਬੋਇਓ, ਬੋਇਆ
ਧੋ	ਧੋਇਆ, ਧੋਤਾ
ਰੋ	ਰੋਇਆ, ਰੁੰਨਾ
ਸਉ	ਸੋਇਆ, ਸੁਤਾ (ਸੂਤਾ)
ਸਿਉ	ਸੀਤਾ

(੨) ਵਿਅੰਜਨ-ਅੰਤਿਕ ਕ੍ਰਿਆ-ਮੂਲਾਂ ਦੀਆਂ ਭੂਤਕਾਲੀ ਕ੍ਰਿਆਵਾਂ ਦੀ ਬਣਤਰ

ਕਰ	ਕਰਿਆ, ਕਰਿਉ, ਕਰਿਅਉ, ਕੀਆ, ਕੀਓ, ਕੀਯਉ, ਕੀਅਉ, ਕੀਅਲੋ, ਕੀਨ, ਕੀਨੁ, ਕੀਨੋ, ਕੀਨਉ, ਕੀਨਾ, ਕੀਤਾ, ਕੀਤੋ
ਮਰ	ਮਰਿਆ, ਮੋਇਆ, ਮੁਆ, ਮੂਆ, ਮੁਇਓ, ਮੁਇਆ, ਮੁਓ
ਪਛਾਣ	ਪਛਾਣਿਆ, ਪਛਾਣਿਓ, ਪਛਾਨਾ, ਪਛਾਨਿਓ, ਪਛਾਤਾ
ਲਖ	ਲਖਿਆ, ਲਖਿਓ, ਲਖ੍ਹਾ
ਲਭ	ਲਭਾ, ਲਧਾ, ਲਧੜਾ, ਲਧਿਆ
ਬੰਨ੍ਹ, ਗੁੰਨ੍ਹ, ਰਿੰਨ੍ਹ, ਵਿੰਨ੍ਹ	ਬਧਾ, ਗੁਧਾ, ਰਿਧਾ, ਵਿਧਾ
ਵੇਖ, ਰੁਸ, ਪੀਸ	ਵੇਖਿਆ/ਡਿਠਾ, ਰੁਸਿਆ/ਰੁਠਾ, ਪੀਸਿਆ/ਪੀਠਾ
ਬਹਿ	ਬੈਠਾ
ਸਮਾ, ਪਛੁਤਾ, ਲੁਭਾ, ਗਵਾ	ਸਮਾਇਆ/ਸਮਾਣਾ, ਪਛੁਤਾਇਆ/ਪਛੁਤਾਣਾ, ਲੁਭਾਇਆ/ਲੁਭਾਣਾ, ਗਵਾਇਆ/ਗਵਾਤਾ
ਤਾਰ	ਤਾਰਿਓ, ਤਾਰਿਅਉ, ਤਾਰੀਲੇ, ਤਾਰੀਅਲੇ

(ਸ) ਭੂਤਕਾਲੀ ਕ੍ਰਿਆਵਾਂ ਦੀ ਬਣਤਰ ਅਤੇ ਵਰਤੋਂ ਬਾਰੇ ਧਿਆਨ-ਜੋਗ ਵਿਸ਼ੇਸ਼ ਨੁਕਤੇ

(੧) ਭੂਤਕਾਲ ਦੀਆਂ ਸਕਰਮਕ ਕ੍ਰਿਆਵਾਂ ਜਦੋਂ ਸੰਬੰਧਕੀ-ਰੂਪ ਵਿਚ ਹੋਣ ਤਾਂ ਉਹਨਾਂ ਦਾ ਲਿੰਗ ਅਤੇ ਵਚਨ 'ਕਰਤਾ' ਦੀ ਬਜਾਏ 'ਕਰਮ' ਦੇ ਲਿੰਗ ਅਤੇ ਵਚਨ ਅਨੁਸਾਰ ਹੁੰਦਾ ਹੈ। ਕਰਤਾ ਕਾਰਕ ਪੜਨਾਂਵ ਭਾਵੇਂ ਕਿਸੇ ਪੁਰਖ (ਉਤਮ, ਮਧਮ, ਅਨ) ਵਿਚ ਹੋਵੇ, ਕ੍ਰਿਆ ਦਾ ਲਿੰਗ ਅਤੇ ਵਚਨ ਇਕਸਾਰ ਹੀ ਰਹਿੰਦਾ ਹੈ; ਜਿਵੇਂ :

ਭੂਤਕਾਲੀ ਕ੍ਰਿਆ	*ਪੁਲਿੰਗ*		*ਇਸਤਰੀ-ਲਿੰਗ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਸਕਰਮਕ—ਵੇਖਿਆ				
ਉਤਮ ਪੁਰਖ	ਮੈਂ/ਅਸੀ ਵੇਖਿਆ	ਮੈਂ/ਅਸੀ ਵੇਖੇ	ਮੈਂ/ਅਸੀ ਵੇਖੀ	ਮੈਂ/ਅਸੀ ਵੇਖੀਆਂ
ਮਧਮ ਪੁਰਖ	ਤੂੰ/ਤੁਸੀ ਵੇਖਿਆ	ਤੂੰ/ਤੁਸੀ ਵੇਖੇ	ਤੂੰ/ਤੁਸੀ ਵੇਖੀ	ਤੂੰ/ਤੁਸੀ ਵੇਖੀਆਂ
ਅਨ-ਪੁਰਖ	ਉਹਨੇ/ਉਹਨਾਂ ਨੇ ਵੇਖਿਆ	ਉਹਨੇ/ਉਹਨਾਂ ਨੇ ਵੇਖੇ	ਉਹਨੇ/ਉਹਨਾਂ ਨੇ ਵੇਖੀ	ਉਹਨੇ/ਉਹਨਾਂ ਨੇ ਵੇਖੀਆਂ

(੨) ਭੂਤਕਾਲ ਦੀਆਂ ਅਕਰਮਕ ਕ੍ਰਿਆਵਾਂ ਦਾ ਕਰਤਾ ਸਾਧਾਰਨ-ਰੂਪ ਵਿਚ ਹੁੰਦਾ ਹੈ। ਅਜਿਹੀ ਹਾਲਤ ਵਿਚ ਕ੍ਰਿਆ ਦਾ ਰੂਪ ਕਰਤਾ ਦੇ ਪੁਰਖ, ਲਿੰਗ ਅਤੇ ਵਚਨ ਅਨੁਸਾਰ ਹੁੰਦਾ ਹੈ; ਜਿਵੇਂ :

ਅਕਰਮਕ ਕ੍ਰਿਆ—ਬੈਠਾ

ਉਤਮ ਪੁਰਖ	ਮੈਂ ਬੈਠਾ	ਅਸੀ ਬੈਠੇ	ਮੈਂ ਬੈਠੀ	ਅਸੀ ਬੈਠੀਆਂ
ਮਧਮ ਪੁਰਖ	ਤੂੰ ਬੈਠਾ	ਤੁਸੀ ਬੈਠੇ	ਤੂੰ ਬੈਠੀ	ਤੁਸੀ ਬੈਠੀਆਂ
ਅਨ-ਪੁਰਖ	ਉਹ ਬੈਠਾ	ਉਹ ਬੈਠੇ	ਉਹ ਬੈਠੀ	ਉਹ ਬੈਠੀਆਂ

(੩) ਕਈ ਭੂਤਕਾਲੀ, ਬਹੁ-ਵਚਨੀ, ਪੁਲਿੰਗ ਕ੍ਰਿਆਵਾਂ ਦੇ ਅੰਤ ਵਿਚ 'ਆ' ਜਾਂ 'ਐ' ਪਿਛੇਤਰ ਲੱਗਾ ਮਿਲਦਾ ਹੈ; ਜਿਵੇਂ :

੧. **ਏਹ ਵੈਰੀ ਮਿਤ੍ਰ ਸਭਿ 'ਕੀਤਿਆ', ਨਹ ਮੰਗਹਿ ਮੰਦਾ ॥...**
ਸਭੇ ਕਾਜ 'ਸਵਾਰਿਐ' ਜਾ ਤੁਧੁ ਭਾਵੰਦਾ ॥ਪਉੜੀ ੭॥ *(ਪੰਨਾ ੧੦੯੬)*

ਕੀਤਿਆ—ਇਹ ਰੂਪ 'ਕੀਤੇ + ਆ' ਦਾ ਸੁਮੇਲ ਜਾਪਦਾ ਹੈ—ਕਰ ਦਿੱਤੇ ਹਨ।
ਸਵਾਰਿਐ—ਇਹ ਰੂਪ 'ਸਵਾਰੇ + ਐ' ਦਾ ਸੁਮੇਲ ਜਾਪਦਾ ਹੈ—ਸਵਾਰ ਦਿੱਤੇ ਹਨ।

ਨੋਟ : ਅਜਿਹੀਆਂ ਕ੍ਰਿਆਵਾਂ ਦੀ ਬਣਤਰ ਬਾਰੇ ਵਧੇਰੇ ਜਾਣਕਾਰੀ ਲਈ ਵੇਖੋ **੧੮.੭.੧.੪**

(੪) (ਉ) ਇਸਤਰੀ-ਲਿੰਗ ਦੀਆਂ ਭੂਤਕਾਲੀ, ਇਕ-ਵਚਨੀ, ਕ੍ਰਿਆਵਾਂ ਦੇ ਅੰਤ ਵਿਚ ਆਮ ਤੌਰ 'ਤੇ 'ਈ' ਜਾਂ 'ਾ' ਆਉਂਦੀ ਹੈ; ਜਿਵੇਂ :

ਆਈ, ਗਈ, ਪੀਤੀ, ਹੋਈ, ਲਈ, ਪਛਾਣੀ, ਪ੍ਰਗਾਸੀ, ਕੀਨੀ, ਆਦਿ।

(ਅ) ਭੂਤਕਾਲੀ, ਬਹੁ-ਵਚਨੀ, ਇਸਤਰੀ-ਲਿੰਗ ਕ੍ਰਿਆਵਾਂ ਦੇ ਅੰਤਲੇ ਬਹੁ-ਵਚਨ ਵਾਚੀ ਅੰਸ਼ 'ਆ' ਦਾ ਉਚਾਰਣ ਨਾਸਕੀ ਹੁੰਦਾ ਹੈ; ਜਿਵੇਂ :

ਆਈਆਂ, ਗਈਆਂ, ਪੀਤੀਆਂ, ਹੋਈਆਂ, ਲਈਆਂ, ਪਛਾਣੀਆਂ, ਕੀਤੀਆਂ, ਆਦਿ।

(ਏ) ਗੁਰਬਾਣੀ ਵਿਚ ਕਈ ਥਾਵੇਂ ਭੂਤਕਾਲ ਦੀਆਂ ਕੁਝ ਇਕ-ਵਚਨੀ, ਇਸਤਰੀ-ਲਿੰਗ ਕ੍ਰਿਆਵਾਂ ਦੇ ਅੰਤ ਵਿਚ 'ਆ' ਪਿਛੇਤਰ ਲੱਗਾ ਮਿਲਦਾ ਹੈ। ਇਕ-ਵਚਨ ਦੇ ਸੂਚਕ ਇਸ 'ਆ' ਪਿਛੇਤਰ ਦਾ ਉਚਾਰਣ ਨਾਸਿਕਤਾ ਬਿਨਾ ਹੁੰਦਾ ਹੈ; ਜਿਵੇਂ :

੧. **ਅੰਤਰ ਜੋਤਿ 'ਪ੍ਰਗਾਸੀਆ', ਨਾਨਕ ਨਾਮਿ ਸਮਾਇ ॥ਸ.੨॥ਪਉੜੀ ੧੬॥** *(ਪੰਨਾ ੩੦੯)*

੨. **ਸਤਿਗੁਰ ਕੀ ਸੇਵ ਨ 'ਕੀਨੀਆ',**
ਹਰਿ ਨਾਮਿ ਨ ਲਗੋ ਪਿਆਰੁ ॥ਸ.੨॥ਪਉੜੀ ੯॥ *(ਪੰਨਾ ੫੮੯)*

[ਪ੍ਰਗਾਸੀਆ—ਇਹ ਰੂਪ 'ਪ੍ਰਗਾਸੀ + ਆ' ਦਾ ਸੁਮੇਲ ਜਾਪਦਾ ਹੈ, ਪ੍ਰਗਾਸ ਹੋ ਗਈ ਹੈ]
[(ਨ)ਕੀਨੀਆ—ਇਹ ਰੂਪ 'ਕੀਨੀ + ਆ' ਦਾ ਸੁਮੇਲ ਜਾਪਦਾ ਹੈ, ਨਹੀਂ ਕੀਤੀ ਹੈ]

ਨੋਟ : ਅਜਿਹੀਆਂ ਕ੍ਰਿਆਵਾਂ ਦੀ ਬਣਤਰ ਬਾਰੇ ਵਧੇਰੇ ਜਾਣਕਾਰੀ ਲਈ ਵੇਖੋ **੧੮.੭.੧.੫**

(੫) **'ਲ' ਪਿਛੇਤਰ ਲੱਗ ਕੇ ਬਣੀਆਂ ਭੂਤਕਾਲੀ ਕ੍ਰਿਆਵਾਂ**

ਅਸਾਮੀ, ਉੜੀਆ, ਬੰਗਲਾ ਅਤੇ ਮਰਾਠੀ; ਇਹਨਾਂ ਬੋਲੀਆਂ ਦੀਆਂ ਕਈ ਭੂਤਕਾਲੀ ਕ੍ਰਿਆਵਾਂ ਪਿਛੇਤਰ 'ਲ' ਨਾਲ ਬਣਦੀਆਂ ਹਨ; ਜਿਵੇਂ : ਦੈਲਾ, ਭੇਟੁਲਾ, ਬਾਧਿਲਾ, ਡੀਠੁਲਾ, ਆਦਿ।

(੬) **'ਵ' ਪਿਛੇਤਰ ਲੱਗ ਕੇ ਬਣੀਆਂ ਭੂਤਕਾਲੀ ਕ੍ਰਿਆਵਾਂ**

ਅਵਧੀ ਭਾਸ਼ਾ ਦੇ ਪਿਛੇਤਰ 'ਵਾ' ਲੱਗ ਕੇ ਬਣੇ ਕੁਝ ਕ੍ਰਿਆ-ਰੂਪ ਵੀ ਸ੍ਰੀ ਕਬੀਰ ਜੀ ਦੀ 'ਬਾਵਨ ਅਖਰੀ' ਵਿਚ ਮਿਲਦੇ ਹਨ; ਜਿਵੇਂ : ਆਵਾ, ਪਾਵਾ, ਗਾਵਾ, ਸਮਝਾਵਾ, ਆਦਿ।

ਗੁਰਬਾਣੀ ਦੀਆਂ ਉਦਾਹਰਣਾਂ

੧੮.੭.੧.੧ ਭੂਤਕਾਲ—ਇਕ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ 'ਯਾ' ਜੋੜਿਆਂ ['ਯਾ' ਦੀ ਸੁਰੀ-ਧੁਨੀ 'ਇਆ']

ਪੁਲਿੰਗ—ਪਿਛੇਤਰ 'ਯਾ'

੧. **ਸਤਗੁਰ ਮਤਿ ਗੂੜ੍ ਬਿਮਲ ਸਤ ਸੰਗਤਿ ਆਤਮੁ ਰੰਗਿ ਚਲੂਲੁ 'ਭਯਾ' ॥੩॥** *(ਪੰਨਾ ੧੩੯੬)*

੨. **ਹੰਸਾ ਵੇਖਿ ਤਰੰਦਿਆ ਬਗਾਂ ਭਿ 'ਆਯਾ' ਚਾਉ ॥ਸ.੩॥ਪਉੜੀ ੧॥** *(ਪੰਨਾ ੫੮੫)*

੩. **ਸੰਸਾਰੁ ਅਗਮ ਸਾਗਰੁ, ਤੁਲਹਾ ਹਰਿ ਨਾਮੁ ਗੁਰੁ ਮੁਖਿ 'ਪਾਯਾ' ॥੩॥** *(ਪੰਨਾ ੧੪੦੨)*

੪. **ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ 'ਭਯਾ' ਜਸੁ ਜਨ ਕੈ ॥੪॥** *(ਪੰਨਾ ੧੪੦੨)*

੫. **ਰਾਸਿ ਬਿਰਾਨੀ ਰਾਖਤੇ 'ਖਾਯਾ' ਘਰ ਕਾ ਖੇਤੁ ॥੬੮॥** *(ਪੰਨਾ ੧੩੬੯)*

[ਭਯਾ (ਭਇਆ)—ਹੋ ਗਿਆ, ਆਯਾ—(ਆਇਆ), ਪਾਯਾ (ਪਾਇਆ)—ਪ੍ਰਾਪਤ ਕਰ ਲਿਆ, ਖਾਯਾ (ਖਾਇਆ)—ਖਾ ਲਿਆ।]

(੨) ਕ੍ਰਿਆ-ਮੂਲ ਦੇ ਅੰਤ ਵਿਚ 'ਯੋ' ਜੋੜਿਆਂ ['ਯੋ' ਦੀ ਸੁਰੀ-ਧੁਨੀ 'ਇਓ']

ਪੁਲਿੰਗ—ਪਿਛੇਤਰ 'ਯੋ'

੧. **'ਹੋਯੋ' ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥੨੩॥** *(ਪੰਨਾ ੧੩੬੧)*

੨. **ਗਰਲ ਨਾਸੁ ਤਨਿ 'ਨਠਯੋ' ਅਮਿਉ ਅੰਤਰਗਤਿ ਪੀਓ ॥੭॥** *(ਪੰਨਾ ੧੩੬੨)*

੩. **ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ 'ਉਪਜ੍ਯੋ' ਜੁ ਪ੍ਰਗਾਸੁ ॥੨॥** *(ਪੰਨਾ ੧੪੦੬)*

[ਹੋਯੋ (ਹੋਇਓ)—ਜੋ (ਵਾਹਿਗੁਰੂ) ਅਤੀਤ ਵਿਚ ਹੋਇਆ ਹੈ, ਨਠਯੋ (ਨਠਿਓ)—ਨਸ ਗਿਆ, ਉਪਜ੍ਯੋ (ਉਪਜਿਓ)—ਪੈਦਾ ਹੋ ਗਿਆ।]

(੩) ਕ੍ਰਿਆ-ਮੂਲ ਦੇ ਅੰਤ ਵਿਚ 'ਇਅ' ਅਥਵਾ 'ਇਓ' ਜੋੜਿਆਂ

ਪੁਲਿੰਗ—ਪਿਛੇਤਰ 'ਇਆ'/'ਇਓ'

੧. **'ਪਾਇਆ' ਲਾਲ ਰਤਨੁ ਮਨਿ 'ਪਾਇਆ' ॥**
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ 'ਸਮਾਇਆ' ॥ਰਹਾਉ॥੧੬੧॥ *(ਪੰਨਾ ੨੧੫)*

੨. **ਮਿਰਤਕ ਕਉ 'ਪਾਇਓ' ਤਨਿ ਸਾਸਾ ਬਿਛੁਰਤ ਆਨਿ 'ਮਿਲਾਇਆ' ॥**
ਪਸੂ ਪ੍ਰੇਤ ਮੁਗਧ ਭਏ ਸੂਤੇ ਹਰਿ ਨਾਮਾ ਮੁਖਿ 'ਗਾਇਆ' ॥੧॥੨੧॥ *(ਪੰਨਾ ੬੧੪)*

੩. **ਵਖਤੁ ਨ 'ਪਾਇਓ' ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥੨੧॥** *(ਪੰਨਾ ੪)*

੪. **'ਗਾਇਓ' ਰੀ 'ਗਾਇਓ' ਪ੍ਰਭ ਨਾਨਕ ਗੁਣੀ ਗਹੇਰੋ ॥੨॥੪੩॥** *(ਪੰਨਾ ੧੩੦੬)*

੫. **'ਧਿਆਇਓ' ਅੰਤਿ ਬਾਰ ਨਾਮੁ ਸਖਾ ॥ਰਹਾਉ॥੪੦॥** *(ਪੰਨਾ ੧੨੧੨)*

(੪) ਕ੍ਰਿਆ-ਮੂਲ ਦੇ ਅੰਤ ਵਿਚ 'ਈ' ਅਥਵਾ 'ੀ' ਜੋੜਿਆਂ

ਇਸਤਰੀ-ਲਿੰਗ—ਪਿਛੇਤਰ 'ਈ' ਜਾਂ 'ੀ'

੧. **ਸਭਿ ਸੁਰਤੀ ਮਿਲਿ ਸੁਰਤਿ 'ਕਮਾਈ' ॥**
ਸਭ ਕੀਮਤਿ ਮਿਲਿ ਕੀਮਤਿ 'ਪਾਈ' ॥੨॥੨॥ *(ਪੰਨਾ ੯)*

੨. **ਨਾਨਕ ਜਨ ਹਰਿ ਕੀਰਤਿ 'ਗਾਈ' ਛੂਟਿ ਗਇਓ ਜਮ ਕਾ ਸਭ ਸੋਰ ॥੪॥੮॥** *(ਪੰਨਾ ੧੨੬੫)*

੩. **ਜਿਨਿ 'ਲਾਈ' ਪ੍ਰੀਤਿ ਸੋਈ ਫਿਰਿ ਖਾਇਆ ॥**
ਜਿਨਿ ਸੁਖਿ 'ਬੈਠਾਲੀ' ਤਿਸੁ ਭਉ ਬਹੁਤੁ ਦਿਖਾਇਆ ॥੧॥੧॥ *(ਪੰਨਾ ੩੭੦)*

੪. **ਕਹਿ ਕਬੀਰ ਬੁਧਿ ਹਰਿ 'ਲਈ' ਮੇਰੀ ਬੁਧਿ 'ਬਦਲੀ' ਸਿਧਿ 'ਪਾਈ' ॥੨॥੭੨॥** *(ਪੰਨਾ ੩੩੬)*

੫. **ਆਪ ਕਮਾਣੈ 'ਵਿਛੁੜੀ' ਦੋਸੁ ਨ ਕਾਹੂ ਦੇਣ ॥੧॥੧॥** *(ਪੰਨਾ ੧੩੬)*

(੫) ਕ੍ਰਿਆ-ਮੂਲ ਦੇ ਅੰਤ ਵਿਚ 'ਯਉ' ਜੋੜਿਆਂ ['ਯਉ' ਦੀ ਸੁਰ-ਧੁਨੀ 'ਇਅਉ' ਅਤੇ 'ਅਉ']

ਪੁਲਿੰਗ—ਪਿਛੇਤਰ 'ਯਉ'

੧. ਗੁਰਿ ਅਮਰਦਾਸਿ ਕਰਤਾਰੁ 'ਕੀਅਉ' ਵਸਿ ਵਾਹੁ ਵਾਹੁ ਕਰਿ 'ਧ੍ਯਾਇਯਉ' ॥੨॥ *(ਪੰਨਾ ੧੪੦੫)*

੨. ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ 'ਪਾਇਯਉ' ॥੨॥ *(ਪੰਨਾ ੧੪੦੫)*

੩. ਕੁਲ ਸੰਬੂਹ ਸਮੁਧਰੇ 'ਪਾਯਉ' ਨਾਮ ਨਿਵਾਸੁ ॥੮॥ *(ਪੰਨਾ ੧੩੯੩)*

੪. ਸਤਿਗੁਰੁ ਸੇਵਿ ਪਰਮ ਪਦੁ 'ਪਾਯਉ' ॥
ਅਬਿਨਾਸੀ ਅਬਿਗਤੁ 'ਧਿਆਯਉ' ॥੧॥ *(ਪੰਨਾ ੧੩੯੬)*

੫. ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਯੰ ਦਿਸਿ 'ਧਾਯਉ' ॥੬॥੧੦॥ *(ਪੰਨਾ ੧੪੦੦)*

੬. ਤਾ ਤੇ ਅੰਗਦੁ 'ਭਯਉ' ਤਤ ਸਿਉ ਤਤੁ 'ਮਿਲਾਯਉ' ॥੧॥ *(ਪੰਨਾ ੧੪੦੮)*

੭. ਦੇਵ ਪੁਰੀ ਮਹਿ 'ਗਯਉ' ਆਪਿ ਪਰਮੇਸੁਰ 'ਭਾਯਉ' ॥੧॥ *(ਪੰਨਾ ੧੪੦੯)*

[ਧ੍ਯਾਇਯਉ (ਧਿਆਇਅਉ)—ਧਿਆਇਆ, ਪਾਇਯਉ (ਪਾਇਅਉ)—ਪਾਇਆ,
ਪਾਯਉ (ਪਾਇਅਉ)—ਪਾਇਆ, ਧਾਯਉ (ਧਾਇਅਉ)—ਧਾਇਆ,
ਭਯਉ (ਭਇਅਉ)—ਹੋ ਗਿਆ, ਗਯਉ (ਗਇਅਉ)—ਗਇਆ,
ਭਾਯਉ (ਭਾਇਅਉ)—ਭਾਇਆ, ਚੰਗਾ ਲੱਗਾ]

(੬) ਕ੍ਰਿਆ-ਮੂਲ ਦੇ ਅੰਤ ਵਿਚ 'ਯੌ' ਜੋੜਿਆਂ [ਯੌ ਦੀ ਲਗਮਾਤ੍ਰੀ-ਧੁਨੀ 'ਇਅਉ']

ਪੁਲਿੰਗ—ਪਿਛੇਤਰ 'ਯੌ'

੧. ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਯਾਹਜਿ 'ਲਯੌ' ॥
ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ 'ਭਯੌ' ॥੬॥ *(ਪੰਨਾ ੧੩੯੨)*

੨. ਪਰਮ ਅਤੀਤੁ ਪਰਮੇਸੁਰ ਕੈ ਰੰਗਿ 'ਰੰਗ੍ਯੌ',
ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥
ਅਪਰ ਪਰੰਪਰ ਪੁਰਖ ਸਿਉ ਪ੍ਰੇਮੁ 'ਲਾਗ੍ਯੌ',
ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥੩॥ *(ਪੰਨਾ ੧੪੦੮)*

[ਲਯੌ (ਲਇਓ)—ਲਇਆ, ਭਯੌ (ਭਇਓ)—ਹੋਇਆ, ਰੰਗ੍ਯੌ (ਰੰਗਿਅਉ)—ਰੰਗਿਆ,
ਲਾਗ੍ਯੌ (ਲਾਗਿਅਉ)—ਲਗਿਆ।]

(੭) ਕ੍ਰਿਆ-ਮੂਲ ਦੇ ਅੰਤ ਵਿਚ 'ਇਅਉ' ਜੋੜਿਆਂ

੧. ਸੁਖ ਸਾਗਰੁ 'ਪਾਇਅਉ' ਦਿੰਤੁ ਹਰਿ ਮਗਿ ਨ ਹੁਟੈ ॥੬॥ *(ਪੰਨਾ ੧੩੯੭)*

੨. ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ 'ਮਿਲਾਇਅਉ' ॥੫॥ *(ਪੰਨਾ ੧੪੦੭)*

੩. ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ 'ਸਮਾਇਅਉ' ॥੫॥ *(ਪੰਨਾ ੧੪੦੭)*

[ਪਾਇਅਉ—ਪਾਇਆ, ਮਿਲਾਇਅਉ—ਮਿਲਾਇਆ, ਸਮਾਇਅਉ—ਸਮਾਅ ਗਿਆ।]

(੮) ਕ੍ਰਿਆ-ਮੂਲ ਦੇ ਅੰਤ ਵਿਚ 'ਆ' ਅਥਵਾ 'ਓ' ਜੋੜਿਆਂ

ਪੁਲਿੰਗ—ਪਿਛੇਤਰ 'ਆ'

੧. ਅੰਮ੍ਰਿਤੁ 'ਪੀਆ' ਸਤਿਗੁਰਿ 'ਦੀਆ' ॥
ਅਵਰੁ ਨ ਜਾਣਾ ਦੂਆ ਤੀਆ ॥੧੨॥੧੩॥ *(ਪੰਨਾ ੧੦੩੪)*

੨. ਤਨੁ ਸੀਤਲੁ ਮਨੁ ਸੀਤਲੁ 'ਥੀਆ' ਸਤਗੁਰ ਸਬਦਿ ਸਮਾਇਆ ॥ਰਹਾਉ॥੧੬੧॥ *(ਪੰਨਾ ੨੧੫)*

੩. ਏਕ ਨਿਮਖ ਜੌ ਸਿਮਰਨ ਮਹਿ 'ਜੀਆ' ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥ਰਹਾਉ॥੭॥ *(ਪੰਨਾ ੨੩੯)*

੪. ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ 'ਲੀਆ' ਪਤਿ ਪਾਇ ॥੨॥੭੦॥ *(ਪੰਨਾ ੪੨)*

ਨੋਟ : ਗੁਰਬਾਣੀ ਵਿਚ ਪੂਰਨ ਭੂਤਕਾਲ ਦੀਆਂ ਕ੍ਰਿਆਵਾਂ ਵੀ ਮਿਲਦੀਆਂ ਹਨ :

੧. ਬਾਹਰਿ ਢੂਢਨ ਤੇ ਛੂਟਿ ਪਰੇ,
ਗੁਰਿ ਘਰ ਹੀ ਮਾਹਿ 'ਦਿਖਾਇਆ ਥਾ' ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ,
ਮੇਰਾ ਮਨੁ ਛੋਡਿ ਨ ਕਤਹੂ 'ਜਾਇਆ ਥਾ' ॥੧॥੧੨॥ *(ਪੰਨਾ ੧੦੦੨)*

ਪਿਛੇਤਰ 'ਓ' ਜਾਂ 'ਉ'

੧. ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ 'ਕੀਓ' ਨ ਮੀਤੁ ॥੯੬॥ *(ਪੰਨਾ ੧੩੯੯)*

੨. ਜਿਨਿ ਗੁਰਿ ਮੋ ਕਉ ਦੀਨਾ ਜੀਉ ॥
ਆਪੁਨਾ ਦਾਸਰਾ ਆਪੇ ਮੁਲਿ 'ਲੀਉ' ॥੬॥੯॥ *(ਪੰਨਾ ੨੪੦)*

੩. ਕਰਿ ਕਿਰਪਾ 'ਦੀਓ' ਮੋਹਿ ਨਾਮਾ ਬੰਧਨ ਤੇ ਛੁਟਕਾਏ ॥੧॥੩॥ *(ਪੰਨਾ ੬੭੧)*

੪. ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥
ਗੁਰ ਸਬਦੀ ਮਥਿ ਅੰਮ੍ਰਿਤੁ 'ਪੀਉ' ॥੭॥੧੨॥ *(ਪੰਨਾ ੨੨੬)*

(੯) ਕ੍ਰਿਆ-ਮੂਲ ਦੇ ਅੰਤ ਵਿਚ 'ਈ' ਜੋੜਿਆਂ

ਇਸਤਰੀ-ਲਿੰਗ—ਪਿਛੇਤਰ 'ਈ'

੧. ਗੁਰੁ ਭੇਟਿਆ ਹੈ ਮੁਕਤਿ ਦਾਤਾ ॥
ਹਰਿ 'ਕੀਈ' ਹਮਾਰੀ ਸਫਲ ਜਾਤਾ ॥੧॥੧੭॥ *(ਪੰਨਾ ੮੦੧)*

੨. 'ਦੀਈ' ਭਵਾਰੀ ਪੁਰਖਿ ਬਿਧਾਤੈ ॥
ਬਹੁਰਿ ਬਹੁਰਿ ਜਨਮਾਧੇ ॥੩॥੧੨੬॥ *(ਪੰਨਾ ੪੦੩)*

੩. ਧਨ 'ਥੀਈ' ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥੧॥੧॥ *(ਪੰਨਾ ੨੪੨)*

੪. ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ 'ਥੀਈ' ਬਹੁਤੁ ਦਿਸਾਵਰ ਪੰਧਾ ॥ਸ.੨॥੧੪॥ *(ਪੰਨਾ ੯੬੩)*

(੧੦) ਕ੍ਰਿਆ-ਮੂਲ ਦੇ ਅੰਤ ਵਿਚ 'ਤ', 'ਤਾ', 'ਤੋ', 'ਤਿਓ', 'ਤਿਆ' ਜੋੜਿਆਂ

ਪੁਲਿੰਗ—ਪਿਛੇਤਰ 'ਤ'

੧. ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ 'ਦੀਤ' ॥੪॥੬॥ *(ਪੰਨਾ ੬੭੩)*

ਪੁਲਿੰਗ—ਪਿਛੇਤਰ 'ਤਾ'

੧. 'ਕੀਤਾ' ਪਸਾਉ, ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥੧੬॥ *(ਪੰਨਾ ੩)*

੨. ਸੇ ਜਨ ਸਾਚੇ ਸਦਾ ਸਦਾ ਜਿਨੀ ਹਰਿ ਰਸੁ 'ਪੀਤਾ' ॥ਪਉੜੀ ੧੮॥ *(ਪੰਨਾ ੬੫੫)*

੩. ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ 'ਦੀਤਾ' ॥
ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ 'ਲੀਤਾ' ॥੨॥੧॥ *(ਪੰਨਾ ੫੭੭)*

੪. ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ 'ਕਮਾਤਾ' ਹੇ ॥੨॥੧੧॥ *(ਪੰਨਾ ੧੦੩੧)*

੫. ਮਨ ਮੇਰੇ ਜਿਨਿ ਅਪੁਨਾ ਭਰਮੁ 'ਗਵਾਤਾ' ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ 'ਪਛਾਤਾ' ॥ਰਹਾਉ॥੬॥ *(ਪੰਨਾ ੬੧੦)*

ਪੁਲਿੰਗ—ਪਿਛੇਤਰ 'ਤੋ'

੧. ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ 'ਜੀਤੋ' ਜਗੁ ਸਾਰੀ ॥੧॥੧੬੧॥ *(ਪੰਨਾ ੨੧੫)*

ਪੁਲਿੰਗ—ਪਿਛੇਤਰ 'ਤਿਓ'

੧. ਮੈ 'ਜੀਤਿਓ' ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥੧੨॥ *(ਪੰਨਾ ੨੪੧)*

ਪੁਲਿੰਗ—ਪਿਛੇਤਰ 'ਤਿਆ'

੧. ਗੁਰ ਕੈ ਸਬਦਿ ਮਨੁ 'ਜੀਤਿਆ' ਗਤਿ ਮੁਕਤਿ ਘਰੈ ਮਹਿ ਪਾਇ ॥੨॥੩੫॥ *(ਪੰਨਾ ੨੬)*

(੧੧) ਕ੍ਰਿਆ-ਮੂਲ ਦੇ ਅੰਤ ਵਿਚ 'ਤੀ' ਜੋੜਿਆਂ ਬਣੀਆਂ ਇਸਤਰੀ-ਲਿੰਗ ਕ੍ਰਿਆ

ਇਸਤਰੀ-ਲਿੰਗ—ਪਿਛੇਤਰ 'ਤੀ'

੧. ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ 'ਪੀਤੀ' ਤਿਸੁ ਮੋਖ ਦੁਆਰ ॥੫॥੪॥ *(ਪੰਨਾ ੧੨੭੫)*

੨. ਜਿਨਿ 'ਕੀਤੀ' ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥ਸ.੧॥੧੪॥ *(ਪੰਨਾ ੫੫੩)*

੩. ਮੋਹਿ ਦੀਨ ਹਰਿ ਹਰਿ ਓਟ 'ਲੀਤੀ' ॥੨॥੧॥ *(ਪੰਨਾ ੬੧੨)*

੪. ਮਾਈ ਰੀ 'ਮਾਤੀ' ਚਰਣ ਸਮੂਹ ॥੧॥ਰਹਾਉ॥੧੧੮॥ *(ਪੰਨਾ ੧੨੨੭)*

੫. ਰਸਨਾ ਰਾਮ ਰਸਾਇਨਿ 'ਮਾਤੀ' ॥ਰਹਾਉ॥੪੩॥ *(ਪੰਨਾ ੬੮੧)*

ਨੋਟ : ਗੁਰਬਾਣੀ ਵਿਚ ਪੂਰਨ-ਭੂਤ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ; ਜਿਵੇਂ :

੧. ਪਾਂਡੇ ਤੁਮਰੀ ਗਾਇਤ੍ਰੀ ਲੋਂਧੇ ਕਾ ਖੇਤੁ 'ਖਾਤੀ ਥੀ' ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ 'ਜਾਤੀ ਥੀ' ॥੧॥੭॥ *(ਪੰਨਾ ੬੭੫)*

(੧੨) ਕ੍ਰਿਆ-ਮੂਲ ਦੇ ਅੰਤ ਵਿਚ 'ਣਾ', 'ਨਾ' (ਪੁਲਿੰਗ) ਅਤੇ 'ਣੀ', 'ਨੀ' (ਇਸਤਰੀ-ਲਿੰਗ) ਜੋੜਿਆਂ

ਪੁਲਿੰਗ—ਪਿਛੇਤਰ 'ਣਾ', 'ਨਾ'

੧. ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ 'ਕਮਾਣਾ' ॥੪॥੨॥ *(ਪੰਨਾ ੬੬੦)*

੨. ਠਾਕੁਰੁ ਸਰਬੇ 'ਸਮਾਣਾ' ॥ਰਹਾਉ॥੬੬॥ *(ਪੰਨਾ ੫੧)*

੩. ਗੁਰ ਪਰਸਾਦੀ ਏਕੋ 'ਜਾਣਾ' ॥
ਦੂਜਾ ਮਾਰਿ ਮਨੁ ਸਚਿ 'ਸਮਾਣਾ' ॥੮॥੧੮॥ *(ਪੰਨਾ ੧੨੦)*

੪. ਕਿਆ ਡਰੀਐ ਡਰੁ ਡਰਹਿ 'ਸਮਾਨਾ' ॥
ਪੂਰੇ ਗੁਰ ਕੈ ਸਬਦਿ 'ਪਛਾਨਾ' ॥ਰਹਾਉ॥੧੧॥ *(ਪੰਨਾ ੧੫੪)*

[ਕਮਾਣਾ—ਕਮਾਇਆ, ਸਮਾਣਾ—ਸਮਾਇਆ ਹੋਇਆ, ਜਾਣਾ—ਜਾਣਿਆ ਹੈ, ਸਮਾਨਾ—ਸਮਾ ਗਿਆ, ਪਛਾਨਾ—ਪਛਾਣ ਲਿਆ।]

ਇਸਤਰੀ-ਲਿੰਗ—ਪਿਛੇਤਰ 'ਣੀ', 'ਨੀ'

੧. ਮਨਸਾ ਮਾਰਿ ਦੁਬਿਧਾ ਸਹਜਿ 'ਸਮਾਣੀ' ਪਾਇਆ ਨਾਮੁ ਅਪਾਰਾ ॥੨॥੧੧॥ *(ਪੰਨਾ ੬੦੪)*

੨. ਜਿਹ ਕਰਣੀ ਹੋਵਹਿ ਸਰਮਿੰਦਾ ਇਹਾ 'ਕਮਾਨੀ' ਰੀਤਿ ॥੧॥੬॥ *(ਪੰਨਾ ੬੭੩)*

੩. ਜੈਸੇ ਰਸਨਾ ਸਾਦਿ 'ਲੁਭਾਨੀ' ਤਿਉ ਹਰਿ ਜਨ ਹਰਿ ਗੁਣ ਗਾਵਹਿ ॥੩॥੧੬॥ *(ਪੰਨਾ ੬੧੩)*

੪. ਜਹ ਤੇ ਉਪਜੀ ਤਹੀ 'ਸਮਾਨੀ' ਇਹ ਬਿਧਿ ਬਿਸਰੀ ਤਬ ਹੀ ॥੨॥੫੧॥ *(ਪੰਨਾ ੩੩੪)*

[ਸਮਾਣੀ—ਸਮਾਅ ਗਈ, ਕਮਾਨੀ—ਕਮਾਈ,
ਲੁਭਾਨੀ—ਲੁਭਾਇਮਾਨ ਹੋਈ ਹੋਈ ਹੈ, ਸਮਾਨੀ—ਸਮਾਅ ਗਈ।]

੧੮.੭.੧.੨ ਭੂਤਕਾਲ—ਬਹੁ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ 'ਏ' ਅਥਵਾ ' ੇ' ਲਾਇਆਂ

ਪੁਲਿੰਗ

੧. ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ 'ਕੀਏ' ਕਰਮ ਅਨੇਕਾ ॥ਰਹਾਉ॥੩॥ *(ਪੰਨਾ ੬੪੧)*

੨. ਧੁੜੀ ਮਜਨੁ ਸਾਧ ਖੇ ਸਾਈ 'ਥੀਏ' ਕ੍ਰਿਪਾਲ ॥ਡਖਣਾ॥੩॥ *(ਪੰਨਾ ੮੦)*

੩. ਜਿਨਿ 'ਦੀਏ' ਤੁਧੁ ਬਾਪ ਮਹਤਾਰੀ ॥
ਜਿਨਿ 'ਦੀਏ' ਭ੍ਰਾਤ ਪੁਤ ਹਾਰੀ ॥੨॥੨॥ *(ਪੰਨਾ ੬੧੩)*

੪. ਆਪਿ 'ਲੀਏ' ਲੜਿ ਲਾਇ ਦਰਿ ਦਰਵੇਸ ਸੇ ॥੨॥੨॥ *(ਪੰਨਾ ੪੮੮)*

੫. ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ 'ਪਰਗਟੀਆਏ' ॥ਪਉੜੀ ੭॥ *(ਪੰਨਾ ੩੦੩)*

੬. ਸਭਿ 'ਆਏ' ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥੧॥੧॥ *(ਪੰਨਾ ੭੨੩)*

੭. ਇਕਿ 'ਹੋਏ' ਅਸਵਾਰ ਇਕਨਾ ਸਾਥਤੀ ॥
ਇਕਨੀ 'ਬਧੇ' ਭਾਰ ਇਕਨਾ ਤਾਖਤੀ ॥ਪਉੜੀ ੧੦॥ *(ਪੰਨਾ ੧੪੨)*

੮. ਬਲੁ ਹੋਆ ਬੰਧਨ 'ਛੁਟੇ' ਸਭੁ ਕਿਛੁ ਹੋਤੁ ਉਪਾਇ ॥੫॥ *(ਪੰਨਾ ੧੪੨੯)*

੯. ਧੰਨੁ ਧੰਨੁ ਗੁਰੁ ਨਾਨਕ ਜਨ ਕੇਰਾ ਜਿਤੁ ਮਿਲਿਐ 'ਚੂਕੇ' ਸਭਿ ਸੋਗ ਸੰਤਾਪੇ ॥੪॥੪੯॥ *(ਪੰਨਾ ੧੬੭)*

੧੦. ਜਿਨ੍ ਪੀਆ ਸੇ ਮਸਤ ਭਏ ਹੈ 'ਤੂਟੇ' ਬੰਧਨ ਫਾਹੇ ॥੨॥੮॥ *(ਪੰਨਾ ੩੫੧)*

੧੧. ਕਰੁ ਮਸਤਕਿ ਧਾਰਿ ਸਾਜਿ 'ਨਿਵਾਜੇ' ਮੁਏ ਦੁਸਟ ਜੋ ਖਾਇਆ ॥੧॥੨੪॥ *(ਪੰਨਾ ੫੩੩)*

(੨) ਉਪਰੋਕਤ ਕਿਸਮ ਦੀਆਂ ਪੁਲਿੰਗ ਸੰਜੁਕਤ ਕ੍ਰਿਆਵਾਂ
[ਸਹਾਇਕ ਕ੍ਰਿਆ-ਮੂਲ ਦੇ ਅੰਤ 'ਾ' ਜੋੜਿਆਂ]

ਪੁਲਿੰਗ

੧. ਅਵਰਿ ਸਾਦ 'ਚਖਿ ਸਗਲੇ ਦੇਖੇ' ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥੨੨॥ *(ਪੰਨਾ ੧੦੦)*

੨. ਚਰਨ ਕਮਲ ਕੀ ਆਸ ਪਿਆਰੇ ॥
ਜਮ ਕੰਕਰ 'ਨਸਿ ਗਏ' ਵਿਚਾਰੇ ॥੧॥੭੭॥ *(ਪੰਨਾ ੩੮੯)*

੩. ਸਭਿ ਅੰਦੇਸੇ 'ਮਿਟਿ ਗਏ' ਜਮ ਕਾ ਭਉ ਛੁਟੁ ॥ਪ.੨੯॥ *(ਪੰਨਾ ੩੧੫)*

੪. ਅਨਿਕ ਸਿਆਨੇ 'ਪਚਿ ਗਏ' ਨਾ ਨਿਰਵਾਰੀ ਜਾਇ ॥੧੯੬॥ *(ਪੰਨਾ ੧੩੭੫)*

(੩) ਇਸਤਰੀ-ਲਿੰਗ ਸੰਜੁਕਤ ਕ੍ਰਿਆਵਾਂ

ਇਸਤਰੀ-ਲਿੰਗ

੧. ਕਬੀਰ ਜੋ ਹਮ ਜੰਤੁ ਬਜਾਵਤੇ 'ਟੂਟਿ ਗਈਂ' ਸਭ ਤਾਰ ॥੧੦੩॥ *(ਪੰਨਾ ੧੩੬੯)*

੨. 'ਉਘਰਿ ਗਈਆਂ' ਖਿਨਹਿ ਭੀਤਰਿ ਜਮਹਿ ਗ੍ਰਸੇ ਝੋਟ ॥੧॥੧੦੪॥ *(ਪੰਨਾ ੧੨੨੪)*

੩. 'ਚਲਿ ਚਲਿ ਗਈਆਂ' ਪੰਖੀਆਂ ਜਿਨ੍ੀ ਵਸਾਏ ਤਲ ॥(੬੬) *(ਪੰਨਾ ੧੩੮੧)*

(੪) ਕ੍ਰਿਆ-ਮੂਲ ਦੇ ਅੰਤ ਵਿਚ 'ਤੇ' ਜੋੜਿਆਂ

ਪੁਲਿੰਗ

੧. ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ 'ਥੀਤੇ' ਸਦ ਥਾਏ ॥੨॥੨੭॥ *(ਪੰਨਾ ੫੩੩)*

੨. ਜਿਨਿ 'ਕੀਤੇ' ਸੋਈ ਬਿਧਿ ਜਾਣੈ ॥
ਆਪਿ ਕਰੇ ਤਾ ਹੁਕਮਿ ਪਛਾਣੈ ॥੭॥੧੫॥ *(ਪੰਨਾ ੧੧੮)*

੩. ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ 'ਗਵਾਤੇ' ਦੁਖਾ ਘਾਣਿ ॥ਪਉੜੀ ੨੨॥ *(ਪੰਨਾ ੬੫੧)*

੪. ਜੋ 'ਰਾਤੇ' ਰੰਗ ਏਕ ਕੈ ਨਾਨਕ ਗੂੜਾ ਰੰਗੁ ॥ਸ.੧॥ਪਉੜੀ ੧੦॥ *(ਪੰਨਾ ੨੫੨)*

੫. ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ 'ਦਿਤੇ' ॥ਪਉੜੀ ੨੦॥ *(ਪੰਨਾ ੫੨੩)*

੬. ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ 'ਲਿਤੇ' ॥ਪਉੜੀ ੨੭॥ *(ਪੰਨਾ ੬੫੩)*

[ਥੀਤੇ—ਥਿਤ ਹੋ ਗਏ, ਕੀਤੇ—ਕੀਏ, ਗਵਾਤੇ—ਗਵਾ (ਦੂਰ ਕਰ) ਦਿੱਤੇ,
ਰਾਤੇ—ਰਤੇ ਗਏ, ਨ ਦਿਤੇ—ਨ ਦੀਏ, ਲਿਤੇ—ਲੀਏ।]

(੫) ਕ੍ਰਿਆ-ਮੂਲ ਦੇ ਅੰਤ ਵਿਚ 'ਤੀਆ' ਜੋੜਿਆਂ (ਉਚਾਰਣ ਨਾਸਕੀ)

ਇਸਤਰੀ-ਲਿੰਗ

੧. ਨਾਨਕ ਜਿਨਿ ਅਖੀ 'ਲੀਤੀਆ' ਸੋਈ ਸਚਾ ਦੇਇ ॥ਸ.੨॥ਪਉੜੀ ੧॥ *(ਪੰਨਾ ੮੩)*

੨. ਸੇ ਵਸਤੂ ਸਹਿ 'ਦਿਤੀਆ' ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥੧ ਕੁਚਜੀ॥ *(ਪੰਨਾ ੭੬੨)*

(੬) ਕ੍ਰਿਆ-ਮੂਲ ਦੇ ਅੰਤ ਵਿਚ 'ਣੇ' ਜੋੜਿਆਂ

ਪੁਲਿੰਗ

੧. ਮੁਹਲਤਿ ਕਰਿ ਦੀਨੀ ਕਰਮ 'ਕਮਾਣੇ' ਜੈਸਾ ਲਿਖਤੁ ਧੁਰਿ ਪਾਇਆ ॥੧॥੪॥ *(ਪੰਨਾ ੭੭)*

੨. ਪ੍ਰਿਅ ਕੇ ਬਚਨ 'ਸੁਖਾਨੇ' ਹੀਅਰੈ ਇਹ ਚਾਲ ਬਨੀ ਹੈ ਭਲੀ ॥੧॥੨॥ *(ਪੰਨਾ ੫੨੭)*
[ਕਮਾਣੇ—ਕਮਾਏ, ਸੁਖਾਨੇ—ਸੁਖਾਏ]

(੭) ਪੂਰਨ ਭੂਤਕਾਲ ਦੀਆਂ ਸੰਜੁਕਤ ਕ੍ਰਿਆਵਾਂ

੧. ਕਲਿ ਘੋਰ ਸਮੁਦ੍ ਮੈ 'ਬੂਡਤ ਥੇ' ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥੬॥ *(ਪੰਨਾ ੧੪੦੯)*

੨. ਬਹੁਤ ਜਨਮ 'ਬਿਛੁਰੇ ਥੇ' ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥੨॥੧॥ *(ਪੰਨਾ ੬੯੪)*

੩. 'ਚਾਲੇ ਥੇ' ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥ *(ਪੰਨਾ ੧੩੬੯)*

੪. ਅੰਧ ਕੂਪ ਮਹਿ 'ਗਲਤ ਥੇ' ਕਾਢੇ ਦੇ ਹਾਥੇ ॥੧॥੪੯॥ *(ਪੰਨਾ ੮੧੩)*
[ਬੂਡਤ ਥੇ—ਅਸੀਂ ਡੁਬਦੇ ਜਾ ਰਹੇ ਸਾਂ, ਬਿਛੁਰੇ ਥੇ—ਅਸੀਂ ਵਿਛੜੇ ਹੋਏ ਸਾਂ,
ਚਾਲੇ ਥੇ—ਅਸੀਂ ਚਲੇ ਸਾਂ, ਗਲਤ ਥੇ—ਅਸੀਂ ਡਿਗੇ ਪਏ ਸਾਂ]

(੮) ਪਿਛੇਤਰ 'ਲ' ਸਹਿਤ ਭੂਤਕਾਲੀ ਕ੍ਰਿਆਵਾਂ

(ੳ) ਅਸਾਮੀ, ਉੜੀਆ, ਬੰਗਲਾ ਅਤੇ ਮਰਾਠੀ; ਇਹਨਾਂ ਬੋਲੀਆਂ ਦੇ ਕਈ ਭੂਤ-ਕਿਰਦੰਤ 'ਲ' ਪਿਛੇਤਰ ਨਾਲ ਬਣਦੇ ਹਨ। ਗੁਰਬਾਣੀ ਵਿਚ, ਮਹਾਰਾਸ਼ਟਰ ਦੇ ਭਗਤ ਸ੍ੀ ਨਾਮਦੇਵ ਜੀ ਦੇ ਕਈ ਸ਼ਬਦਾਂ ਵਿਚ ਲ-ਅੰਤਿਕ ਕ੍ਰਿਆਵਾਂ ਮਿਲਦੀਆਂ ਹਨ। ਅਜਿਹੀਆਂ ਕ੍ਰਿਆਵਾਂ ਦੇ ਅੰਤਲੇ 'ਲ' ਅੱਖਰ ਨੂੰ ਵੱਖ ਵੱਖ ਸੁਰ ਲੱਗੇ ਮਿਲਦੇ ਹਨ। ਕੁਝ ਅੰਤਲੇ ਸੁਰਾਂ ਤੋਂ ਸੰਬੰਧਤ ਕ੍ਰਿਆ ਦੇ ਵਚਨ ਅਤੇ ਲਿੰਗ ਬਾਰੇ ਸਪੱਸ਼ਟ ਸੰਕੇਤ ਮਿਲਦਾ ਹੈ; ਜਿਵੇਂ :

੧. ਛੀਪੇ ਕੇ ਘਰਿ ਜਨਮੁ 'ਦੈਲਾ' ਗੁਰ ਉਪਦੇਸੁ 'ਭੈਲਾ' ॥
ਸੰਤਹ ਕੈ ਪਰਸਾਦਿ ਨਾਮਾ ਹਰਿ 'ਭੇਟੁਲਾ' ॥੨॥੫॥ *(ਪੰਨਾ ੪੮੬)*

੨. ਨਾਮਾ ਸੁਲਤਾਨੇ 'ਬਾਧਿਲਾ' ॥
ਦੇਖਉ ਤੇਰਾ ਹਰਿ ਬੀਠੁਲਾ ॥ਰਹਾਉ॥੧੦॥ *(ਪੰਨਾ ੧੧੬੫)*

੩. ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ 'ਡੀਠੁਲਾ' ॥੫॥੩॥ *(ਪੰਨਾ ੬੮੩)*

੪. ਨਾਦਿ 'ਸਮਾਇਲੋ' ਰੇ ਸਤਿਗੁਰੁ ਭੇਟਿਲੇ ਦੇਵਾ ॥ਰਹਾਉ॥੧॥ *(ਪੰਨਾ ੬੫੭)*
[ਦੈਲਾ—ਦਿੱਤਾ, ਭੈਲਾ—(ਪ੍ਾਪਤ) ਭਇਆ, ਭੇਟੁਲਾ—ਮਿਲ ਪਿਆ,
ਬਾਧਿਲਾ—ਬੰਨ੍ ਲਿਆ, ਡੀਠੁਲਾ—ਡਿੱਠਾ, ਵੇਖਿਆ, ਸਮਾਇਲੋ—ਸਮਾ ਗਿਆ।]

(ਅ) ਪਰ ਅੰਤ ਵਿਚ 'ਲ' ਸੰਮਿਲਤ ਕਰ ਕੇ ਬਣੀਆਂ ਕੁਝ ਅਜਿਹੀਆਂ ਕ੍ਰਿਆਵਾਂ ਵੀ ਭਗਤ-ਬਾਣੀ ਵਿਚ ਮਿਲਦੀਆਂ ਹਨ, ਜਿਨ੍ਹਾਂ ਦੇ ਅੰਤਲੇ 'ਲ' ਨੂੰ ਲੱਗਾ ਸੁਰ ਓਸੇ ਰੂਪ ਵਿਚ ਵੱਖ ਵੱਖ ਲਿੰਗ/ਵਚਨ ਵੱਲ ਸੰਕੇਤ ਕਰਦਾ ਹੈ। ਪਾਠਕਾਂ ਦੀ ਗਿਆਤ ਲਈ ਅਜਿਹੀਆਂ ਕ੍ਰਿਆਵਾਂ ਦੀਆਂ ਉਦਾਹਰਣਾਂ ਥੱਲੇ ਦੇ ਕੇ ਲ-ਅੰਤਿਕ ਕ੍ਰਿਆਵਾਂ ਦੇ ਪ੍ਰਸੰਗਕ ਅਰਥ ਵੀ ਨਾਲ ਦਿੱਤੇ ਜਾਂਦੇ ਹਨ :

੧. **ਜੈਸੇ ਗਾਇ ਕਾ ਬਾਛਾ 'ਛੂਟਲਾ'॥**
ਥਨ ਚੋਖਤਾ ਮਾਖਨੁ 'ਘੂਟਲਾ'॥੨॥੪॥ *(ਪੰਨਾ ੮੭੪)*
[ਛੂਟਲਾ—(ਕਿਲੇ ਤੋਂ) ਛੁਟਿਆ ਹੋਇਆ, ਘੂਟਲਾ—ਘੁਟ ਭਰਦਾ ਹੈ]

੨. **ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਉਪਰਿ ਸਭ 'ਕੋਪਿਲਾ'॥੧॥੨॥** *(ਪੰਨਾ ੧੨੯੨)*
[ਕੋਪਿਲਾ—(ਸਭਨਾ ਨੂੰ) ਗ਼ੁਸਾ ਆਇਆ ਹੈ]

੩. **ਅਬ ਕਹੁ ਰਾਮ ਕਵਨ ਗਤਿ ਮੋਰੀ॥**
'ਤਜੀਲੇ' ਬਨਾਰਸ ਮਤਿ ਭਈ ਥੋਰੀ॥ਰਹਾਉ॥੧੫॥ *(ਪੰਨਾ ੩੨੬)*
[ਤਜੀਲੇ—ਤਿਆਗ ਦਿੱਤਾ]

੪. **ਜਿਨਿ ਤ੍ਰਿਭਵਣੁ 'ਡਸੀਅਲੇ' ਗੁਰ ਪ੍ਰਸਾਦਿ ਡੀਠੀ॥ਰਹਾਉ॥੧੬॥** *(ਪੰਨਾ ੪੬੦)*
[ਡਸੀਅਲੇ—ਡੰਗ ਮਾਰਿਆ ਹੈ]

੫. **ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ 'ਪੇਖੀਅਲੇ' ਧਰਮਰਾਓ॥੪॥੨॥** *(ਪੰਨਾ ੯੨)*
[ਪੇਖੀਅਲੇ—ਵੇਖ ਲਿਆ ਹੈ]

੬. **ਮਾਇਆ ਮੋਹੁ ਤਬ ਬਿਸਰਿ ਗਇਆ ਜਾਂ 'ਤਜੀਅਲੇ' ਸੰਸਾਰੰ॥੩॥੨॥** *(ਪੰਨਾ ੯੨)*
[ਤਜੀਅਲੇ—ਛਡਿਆ]

੭. **ਰਮਾ ਭਗਤਹ 'ਚੇਤੀਅਲੇ' ਅਚਿੰਤ ਮਨੁ ਰਾਖਸੀ॥੧॥੫॥** *(ਪੰਨਾ ੪੮੬)*
[ਚੇਤੀਅਲੇ—ਚੇਤਿਆ ਹੈ]

੮. **ਦੇਵਾ ਪਾਹਨ 'ਤਾਰੀਅਲੇ'॥**
ਰਾਮ ਕਹਤ ਜਨ ਕਸ ਨ ਤਰੇ॥ਰਹਾਉ॥੧॥ *(ਪੰਨਾ ੩੪੫)*

੯. **'ਤਾਰੀਲੇ' ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ 'ਤਾਰੀਅਲੇ'॥੧॥੧॥** *(ਪੰਨਾ ੩੪੫)*
[ਤਾਰੀਅਲੇ—ਤਾਰ ਦਿੱਤੇ, ਤਾਰੀਲੇ—ਤਾਰ ਦਿੱਤੀ, ਤਾਰੀਅਲੇ—ਤਾਰ ਦਿੱਤਾ]

੧੦. **ਮੇਰੈ ਮਾਥੈ 'ਲਾਗੀਲੇ' ਧੂਰਿ ਗੋਬਿੰਦ ਚਰਨਨ ਕੀ॥**
ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ॥ਰਹਾਉ॥੫॥ *(ਪੰਨਾ ੬੯੪)*
[ਲਾਗੀਲੇ—ਲਗੀ ਹੈ]

੧੧. **'ਦਾਧੀਲੇ' ਲੰਕਾ ਗੜ੍ਹ 'ਉਪਾੜੀਲੇ' ਰਾਵਣ ਬਣੁ,**
ਸਲਿ ਬਿਸਲਿ ਆਣਿ 'ਤੋਖੀਲੇ' ਹਰੀ॥੫॥੧॥ *(ਪੰਨਾ ੬੯੫)*
[ਦਾਧੀਲੇ—ਸਾੜ ਫੂਕ ਦਿੱਤਾ, ਉਪਾੜੀਲੇ—ਪੁੱਟ (ਉਜਾੜ) ਦਿੱਤਾ,
ਤੋਖੀਲੇ—ਪ੍ਰਸੰਨ ਕੀਤਾ।]

੧੨. **'ਸੇਵੀਲੇ' ਗੋਪਾਲ ਰਾਇ ਅਕੁਲ ਨਿਰੰਜਨ॥**
ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ॥ਰਹਾਉ॥੧॥ *(ਪੰਨਾ ੧੨੯੨)*

੧੩. **ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ,**
ਸਪਤ ਲੋਕ ਸਾਮਾਨਿ 'ਪੂਰੀਅਲੇ'॥੧॥...
ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵਡਾ ਜਿਨ ਬਿਸ੍ਵ ਸੰਸਾਰੁ 'ਰਾਚੀਲੇ'॥੨॥
ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆ ਭਾਖੀਲੇ'॥੨॥੧॥
(ਪੰਨਾ ੧੨੯੨)
[ਸੇਵੀਲੇ—ਮੈਂ ਸਿਮਰਿਆ ਹੈ, ਪੂਰੀਅਲੇ—ਪਰਿਪੂਰਣ (ਵਿਆਪਕ) ਹੋਇਆ ਪਿਆ ਹੈ,
ਰਾਚੀਲੇ—ਰਚਿਆ ਹੈ, ਭਾਖੀਲੇ—ਉਚਾਰਿਆ ਹੈ।]

੧੪. **'ਆਨੀਲੇ' ਕੁੰਭ 'ਭਰਾਈਲੇ' ਊਦਕ ਠਾਕੁਰ ਕਉ ਇਸਨਾਨੁ ਕਰਉ॥**
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ 'ਭੈਲਾ' ਕਾਇ ਕਰਉ॥੧॥
ਜਤ੍ਰ ਜਾਉ ਤਤ ਬੀਠਲੁ 'ਭੈਲਾ'॥ ਮਹਾ ਅਨੰਦ ਕਰੇ ਸਦ ਕੇਲਾ॥੧॥ਰਹਾਉ॥
'ਆਨੀਲੇ' ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥
ਪਹਿਲੇ ਬਾਸੁ ਲਈ ਹੈ ਭਵਰਹ ਬੀਠਲ 'ਭੈਲਾ' ਕਾਇ ਕਰਉ॥੨॥
ਆਨੀਲੇ ਦੂਧੁ 'ਰੀਧਾਈਲੇ' ਖੀਰੰ ਠਾਕੁਰ ਕਉ ਨੈਵੇਦੁ ਕਰਉ॥
ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ 'ਭੈਲਾ' ਕਾਇ ਕਰਉ॥੩॥੨॥ *(ਪੰਨਾ ੪੮੫)*
[ਆਨੀਲੇ (ਕੁੰਭ)—(ਘੜਾ) ਲਿਆਂਦਾ, ਭਰਾਈਲੇ (ਊਦਕ)—(ਪਾਣੀ) ਭਰਾਇਆ, ਭੈਲਾ—
ਭਇਆ (ਮੌਜੂਦ ਹੈ), ਆਨੀਲੇ (ਫੂਲ)—(ਫੁਲ) ਲਿਆਂਦੇ, ਪਰੋਈਲੇ (ਮਾਲਾ)—ਪਰੋ ਲਈ
(ਮਾਲਾ), ਆਨੀਲੇ (ਦੂਧੁ)—(ਦੁਧ) ਲਿਆਂਦਾ, ਰੀਧਾਲੀਏ (ਖੀਰੰ)—(ਖੀਰ) ਰਿੰਨ੍ਹਾ ਲਈ।]

੧੫. **'ਆਨੀਲੇ' ਕਾਗਦੁ 'ਕਾਟੀਲੇ' ਗੂਡੀ ਆਕਾਸ ਮਧੇ 'ਭਰਮੀਅਲੇ'॥**
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ 'ਰਾਖੀਅਲੇ'॥੧॥
ਮਨੁ ਰਾਮ ਨਾਮਾ 'ਬੇਧੀਅਲੇ'॥ ਜੈਸੇ ਕਨਿਕ ਕਲਾ ਚਿਤੁ 'ਮਾਂਡੀਅਲੇ'॥੧॥ਰਹਾਉ॥
'ਆਨੀਲੇ' ਕੁੰਭੁ 'ਭਰਾਈਲੇ' ਊਦਕ ਰਾਜ ਕੁਆਰਿ ਪੁਰੰਦਰੀਏ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ 'ਰਾਖੀਅਲੇ'॥੨॥
ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ 'ਛਾਡੀਅਲੇ'॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ 'ਰਾਖੀਅਲੇ'॥੩॥
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ 'ਪਉਢੀਅਲੇ'॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ 'ਰਾਖੀਅਲੇ'॥੪॥੧॥ *(ਪੰਨਾ ੯੭੨)*
[ਆਨੀਲੇ (ਕਾਗਦੁ)—(ਕਾਗਦ) ਲਿਆਂਦਾ, ਕਾਟੀਲੇ (ਗੂਡੀ)—(ਗੁਡੀ) ਕਟੀ, ਭਾਵ ਕਟ
ਕੇ ਬਣਾਈ, ਰਾਖੀਅਲੇ—ਰਖਿਆ ਹੁੰਦਾ ਹੈ, ਆਨੀਲੇ (ਕੁੰਭੁ)—(ਘੜਾ) ਲਿਆਂਦਾ,
ਭਰਾਈਲੇ (ਊਦਕ)—(ਪਾਣੀ) ਭਰਿਆ, ਰਾਖੀਅਲੇ—ਰਖਿਆ ਹੁੰਦਾ ਹੈ, ਛਾਡੀਅਲੇ—ਛਡੀ
ਹੁੰਦੀ ਹੈ, ਰਾਖੀਅਲੇ—ਰਖਿਆ ਹੁੰਦਾ ਹੈ, ਪਉਢੀਅਲੇ—ਪਾਇਆ ਹੁੰਦਾ ਹੈ, ਰਾਖੀਅਲੇ—
ਰਖਿਆ ਹੁੰਦਾ ਹੈ।]

੧੬. **ਮੂੰਦਿ ਲੀਏ ਦਰਵਾਜੇ॥**
'ਬਾਜੀਅਲੇ' ਅਨਹਦ ਬਾਜੇ॥੧॥੧੦॥ *(ਪੰਨਾ ੬੫੬)*
[ਬਾਜੀਅਲੇ—ਵੱਜ ਪਏ]

(ੲ) ਵ-ਅੰਤਿਕ ਭੂਤਕਾਲੀ ਕ੍ਰਿਆਵਾਂ

੧. **ਖਖਾ ਇਹੈ ਖੋੜਿ ਮਨ 'ਆਵਾ'॥ ਖੋੜੇ ਛਾਡਿ ਨ ਦਹ ਦਿਸ 'ਧਾਵਾ'॥੮॥**
ਰੇ ਮਨ ਮੈ ਤਉ ਛਿਨ ਛਿਨ 'ਸਮਝਾਵਾ'॥ ਤਾਹਿ ਛਾਡਿ ਕਤ ਆਪੁ 'ਬਧਾਵਾ'॥੧੩॥
ਦੇਖਿ ਅਟਲ ਟਲਿ ਕਤਹਿ ਨ 'ਜਾਵਾ'॥ ਰਹੈ ਲਪਟਿ ਘਟ ਪਰਚਉ 'ਪਾਵਾ'॥੧੭॥

ਜਿਨਿ ਠਗਿ ਠਗਿਆ ਸਗਲ ਜਗੁ 'ਖਾਵਾ' ॥ ਸੋ ਠਗੁ ਠਗਿਆ ਠਉਰ ਮਨੁ 'ਆਵਾ' ॥੧੮॥
[ਆਵਾ—ਆਇਆ, ਨ ਧਾਵਾ—ਨਾ ਧਾਇਆ, *(ਪੰਨਾ ੩੪੦-੪੧)*
ਸਮਝਾਵਾ—ਸਮਝਾਇਆ ਹੈ, ਬਧਾਵਾ—ਬੰਨ੍ਹਾ ਰਖਿਆ ਹੈ,
ਨ ਜਾਵਾ—ਨਹੀਂ ਗਿਆ, ਪਾਵਾ—ਪਾਇਆ,
ਖਾਵਾ—ਖਾ ਲਿਆ ਹੈ, ਆਵਾ—ਆ ਗਿਆ]

੧੮.੭.੧.੩ ਪੜਨਾਂਵੀ-ਪਿਛੇਤਰ

ਪਰਿਭਾਸ਼ਾ

"ਪੜਨਾਂਵੀ-ਪਿਛੇਤਰ ਤੋਂ ਭਾਵ ਹੈ ਅਜਿਹੇ ਪਿਛੇਤਰ ਜੋ ਪੜਨਾਂਵ ਵਜੋਂ ਚਿੰਨ੍ਹ-ਰੂਪ ਵਿਚ ਕਿਸੇ ਕ੍ਰਿਆ ਨਾਲ ਸੰਮਿਲਤ ਰੂਪ ਵਿਚ ਵਰਤੇ ਜਾਣ।"

ਪੜਨਾਂਵੀ-ਪਿਛੇਤਰਾਂ ਦਾ ਮੰਤਵ

ਪੰਜਾਬੀ ਦੀ ਲਹਿੰਦੀ ਉਪ-ਭਾਖਾ ਵਿਚ ਪੜਨਾਂਵੀ-ਪਿਛੇਤਰਾਂ ਦੀ ਵਰਤੋਂ ਕ੍ਰਿਆਵਾਂ ਨਾਲ ਆਮ ਕੀਤੀ ਮਿਲਦੀ ਹੈ। ਅਜਿਹੀਆਂ ਕ੍ਰਿਆਵਾਂ ਦੇ ਅੰਤਲੇ ਚਿੰਨ੍ਹ ਤੋਂ ਹੀ ਉਹਨਾਂ ਦੇ ਪੁਰਖ ਅਤੇ ਵਚਨ ਬਾਰੇ ਜਾਣਕਾਰੀ ਹੋ ਜਾਂਦੀ ਹੈ। ਗੁਰਬਾਣੀ ਵਿਚ ਪੜਨਾਂਵੀ-ਪਿਛੇਤਰਾਂ ਦੀ ਵਰਤੋਂ ਵਧੇਰੇ ਕਰਕੇ ਭੂਤਕਾਲ ਦੀਆਂ ਕ੍ਰਿਆਵਾਂ ਨਾਲ ਕੀਤੀ ਮਿਲਦੀ ਹੈ।

ਗੁਰਬਾਣੀ ਵਿਚ ਵਰਤੇ ਗਏ ਪੜਨਾਂਵੀ-ਪਿਛੇਤਰ

ਗੁਰਬਾਣੀ ਵਿਚ ਹੇਠ ਲਿਖੇ ਪੜਨਾਂਵੀ-ਪਿਛੇਤਰ ਵਰਤੇ ਮਿਲਦੇ ਹਨ :

ਮੁ	— ਉਤਮ ਪੁਰਖ, ਇਕ-ਵਚਨ ਦੇ ਸੰਕੇਤ ਵਜੋਂ।
ਈ	— ਮਧਮ ਪੁਰਖ, ਇਕ-ਵਚਨ ਦੇ ਸੰਕੇਤ ਵਜੋਂ।
ਹਿ (ਉਚਾਰਣ ਨਾਸਕੀ)	— ਮਧਮ ਪੁਰਖ, ਇਕ-ਵਚਨ ਦੇ ਸੰਕੇਤ ਵਜੋਂ।
ਹੁ (ਉਚਾਰਣ ਨਾਸਕੀ)	— ਮਧਮ ਪੁਰਖ, ਇਕ-ਵਚਨ ਦੇ ਸੰਕੇਤ ਵਜੋਂ।
ਸੁ	— ਅਨ-ਪੁਰਖ, ਇਕ-ਵਚਨ ਕਰਮ ਦੇ ਸੰਕੇਤ ਵਜੋਂ।
ਨੁ	— ਅਨ-ਪੁਰਖ, ਇਕ-ਵਚਨ (ਕਰਤਾ ਦੇ ਸੰਕੇਤ ਵਜੋਂ)।

ਗੁਰਬਾਣੀ ਵਿਚਲੀਆਂ ਵੱਖ ਵੱਖ ਪੜਨਾਂਵੀ-ਪਿਛੇਤਰਾਂ ਦੀਆਂ ਉਦਾਹਰਣਾਂ

'ਮੁ'—ਉਤਮ ਪੁਰਖ, ਇਕ-ਵਚਨ

੧. **ਈਧਣੁ ਕੀਤੋ ਮੁ ਘਣਾ ਭੋਰੀ 'ਦਿਤੀਮੁ' ਭਾਹਿ ॥ਸਲੋਕ ੨॥ਪਉੜੀ ੫॥** *(ਪੰਨਾ ੭੦੬)*

੨. **ਬਨਿ ਭੀਹਾਵਲੈ ਹਿਕੁ ਸਾਥੀ 'ਲਧਮੁ' ਦੂਖ ਹਰਤਾ ਹਰਿ ਨਾਮਾ ॥ਸਲੋਕ ੨॥ਪਉੜੀ ੭॥** *(ਪੰਨਾ ੫੧੯)*

੩. **ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ 'ਤਾਰਿਅਮੁ' ॥ਸਲੋਕ ੨॥ਪਉੜੀ ੧੬॥** *(ਪੰਨਾ ੭੧੦)*

੪. **ਤੈਡੈ ਸਿਮਰਣਿ ਹਭੁ ਕਿਛੁ 'ਲਧਮੁ' ਬਿਖਮੁ ਨ 'ਡਿਠਮੁ' ਕੋਈ ॥ਸਲੋਕ ੨॥ਪਉੜੀ ੮॥** *(ਪੰਨਾ ੫੨੦)*

੫. **ਗੁਝੜਾ 'ਲਧਮੁ' ਲਾਲੁ ਮਥੈ ਹੀ ਪਰਗਟੁ ਥਿਆ ॥ਸ.੩॥ਪਉੜੀ ੭॥** *(ਪੰਨਾ ੧੦੬੬)*

੬. **'ਢੰਢੋਲਿਮੁ' 'ਢੂਢਿਮੁ' ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥੧॥** *(ਪੰਨਾ ੧੩੮)*
[ਦਿਤੀਮੁ ਭਾਹਿ—ਮੈਂ ਅਗ ਦਿੱਤੀ, ਸਾਥੀ ਲਧਮੁ—ਮੈਨੂੰ ਇਕ ਸਾਥੀ ਲਭਾ,
ਨ ਡਿਠਮੁ—ਮੈਂ ਕੋਈ ਨਹੀਂ ਵੇਖਿਆ, ਤਾਰਿਅਮੁ—ਮੈਨੂੰ ਤਾਰ ਦਿੱਤਾ,
ਲਧਮੁ—ਮੈਨੂੰ ਲਭ ਪਿਆ,
ਢੰਢੋਲਿਮੁ ਢੂਢਿਮੁ—ਮੈਂ ਟੋਲਿਆ ਭਾਲਿਆ।]

'ਈ'—ਮਧਮ ਪੁਰਖ, ਇਕ-ਵਚਨ

੧. **ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ 'ਕੀਤੋਈ' ॥ਸਲੋਕ ੧॥** *(ਪੰਨਾ ੧੪੨੯)*

੨. **ਮੈ ਨਿਰਗੁਣਿਆਰੇ ਕੌ ਗੁਣੁ ਨਾਹੀ ਆਪੇ ਤਰਸੁ 'ਪਇਓਈ' ॥ਸਲੋਕ ੧॥** *(ਪੰਨਾ ੧੪੨੯)*

੩. **ਏਹੁ ਜਨੇਊ ਜੀਅ ਕਾ 'ਹਈ' ਤ ਪਾਡੇ ਘਤੁ ॥ਸਲੋਕ ੧॥ਪਉੜੀ ੧੫॥** *(ਪੰਨਾ ੪੭੧)*

੪. **ਨਾਨਕ ਆਥੇ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ 'ਸੰਜਿਆਹੀ' ॥੪॥੨੭॥**
[ਕੀਤੋਈ—ਤੂੰ ਕੀਤਾ ਹੈ, ਪਇਓਈ—ਤੈਨੂੰ ਪਿਆ ਹੈ, *(ਪੰਨਾ ੨੪)*
ਹਈ—ਜੇ ਤੇਰੇ ਪਾਸ ਹੈ, ਸੰਜਿਆਹੀ—ਤੂੰ ਇਕਤ੍ਰ ਕੀਤਾ ਹੋਇਆ ਹੈ।]

ਨੋਟ : (੧) ਮੂਲ-ਕ੍ਰਿਆ ਸੰਜਿਆ ਨਾਲ ਆਇਆ ਪ੍ਰਤਯ 'ਹੀ' ਵਾਸਤਵ ਵਿਚ 'ਹਈ' ਦਾ ਸੰਖਿਪਤ ਰੂਪ ਹੈ।

(੨) ਗੁਰਮਤਿ ਕਾਵਿ-ਪ੍ਰਬੰਧ ਅਨੁਸਾਰ ਕਿਧਰੇ ਕਿਧਰੇ ਪੜਨਾਂਵੀ-ਪਿਛੇਤਰ 'ਈ' ਦਾ ਬਦਲਵਾਂ ਰੂਪ 'ਇ' ਵੀ ਗੁਰਬਾਣੀ ਵਿਚ ਵਰਤਿਆ ਮਿਲਦਾ ਹੈ :

੧. **ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ 'ਪਾਇਓਇ' ॥**
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ 'ਆਇਓਇ' ॥੪॥੯੨॥ *(ਪੰਨਾ ੫੦)*
[ਪਾਇਓਇ—ਤੂੰ ਪਾਇਆ ਹੈ, ਆਇਓਇ—ਤੇਰਾ ਆਇਆ ਹੈ।]

'ਹਿ (ਉਚਾਰਣ ਨਾਸਕੀ)'—ਮਧਮ ਪੁਰਖ, ਇਕ-ਵਚਨ

(ੳ) ਪੁਲਿੰਗ ਕ੍ਰਿਆ ਨਾਲ

੧. **ਫਰੀਦਾ ਪਿਛਲ ਰਾਤਿ ਨ 'ਜਾਗਿਓਹਿ', ਜੀਵਦੜੋ 'ਮੁਇਓਹਿ' ॥**
ਜੇ ਤੈ ਰਬੁ ਵਿਸਾਰਿਆ, ਤ ਰਬਿ ਨ 'ਵਿਸਰਿਓਹਿ' ॥੧੦੭॥ *(ਪੰਨਾ ੧੩੮੩)*

੨. **ਕੈ ਦੋਖੜੈ 'ਸੜਿਓਹਿ' ਕਾਲੀ ਹੋਈਆ ਦੇਹੁਰੀ, ਨਾਨਕ ਮੈ ਤਨਿ ਭੰਗੁ ॥੩੦॥** *(ਪੰਨਾ ੧੪੧੨)*
[(ਨ) ਜਾਗਿਓਹਿ—ਤੂੰ ਨਹੀਂ ਜਾਗਿਆ, ਮੁਇਓਹਿ—ਤੂੰ ਮਰਿਆ ਪਿਆ ਹੈਂ,
(ਨ) ਵਿਸਰਿਓਹਿ—ਤੂੰ ਨਹੀਂ ਵਿਸਰਿਆ (ਰੱਬ ਤੋਂ), ਸੜਿਓਹਿ—ਤੂੰ ਸੜ ਗਿਆ ਹੈਂ।]

(ਅ) ਇਸਤਰੀ-ਲਿੰਗ ਕ੍ਰਿਆ ਨਾਲ

੧. **ਹੰਸੁ ਚਲਿਆ ਤੂੰ ਪਿਛੈ 'ਰਹੀਏਹਿ', ਛੁਟੜਿ 'ਹੋਈਅਹਿ' ਨਾਰੀ ॥੨॥੧੩॥** *(ਪੰਨਾ ੧੫੫)*

੨. **ਤੂੰ ਕਾਇਆ 'ਰਹੀਅਹਿ' ਸੁਪਨੰਤਰਿ, ਤੁਧੁ ਕਿਆ ਕਰਮ ਕਮਾਇਆ ॥੩॥੧੩॥**
[ਰਹੀਏਹਿ—ਤੂੰ (ਇਕੱਲੀ) ਰਹਿ ਗਈ ਹੈਂ, ਹੋਈਅਹਿ—ਤੂੰ ਹੋ ਗਈ ਹੈਂ, *(ਪੰਨਾ ੧੫੫)*
ਰਹੀਅਹਿ—ਤੂੰ ਮਦਹੋਸ਼ ਰਹੀ ਹੈਂ।]

(ਏ) 'ਹੁ (ਉਚਾਰਣ ਨਾਸਕੀ)'—ਮਧਮ ਪੁਰਖ, ਇਕ-ਵਚਨ

੧. **'ਫਾਥੋਹੁ' ਮਿਰਗ ਜਿਵੈ, ਪੇਖਿ ਰੈਣਿ ਚੰਦ੍ਰਾਇਣੁ ॥੨॥੧੧॥** *(ਪੰਨਾ ੪੬੦)*

੨. **ਤਤੈ ਤਾਅਸਿ 'ਜਲਿਓਹੁ' ਮੂੜੇ, ਥਥੈ ਥਾਨ ਭਰਿਸਟੁ ਹੋਆ ॥੬॥** *(ਪੰਨਾ ੪੩੫)*

੩. **ਭਭੈ ਭਵਜਲਿ 'ਡੁਬੋਹੁ' ਮੂੜੇ, ਮਾਇਆ ਵਿਚਿ ਗਲਤਾਨੁ ਭਇਆ ॥੧੧॥** *(ਪੰਨਾ ੪੩੫)*

੪. **ਕਕੈ ਕਾਮਿ ਕ੍ਰੋਧਿ 'ਭਰਮਿਓਹੁ' ਮੂੜੇ, ਮਮਤਾ ਲਾਗੇ ਤੁਧੁ ਹਰਿ ਵਿਸਾਰਿਆ ॥੮॥**
(ਪੰਨਾ ੪੩੫)

੫. **'ਬਧੋਹੁ' ਪੁਰਖਿ ਬਿਧਾਤੈ, ਤਾਂ ਤੂ ਸੋਹਿਆ ॥੧੦॥** *(ਪੰਨਾ ੧੩੬੨)*
[ਫਾਥੋਹੁ—ਤੂੰ ਫਸ ਗਿਆ, ਜਲਿਓਹੁ—ਤੂੰ ਸੜ ਗਿਆ, ਡੁਬੋਹੁ—ਤੂੰ ਡੁਬ ਗਿਆ,
ਭਰਮਿਓਹੁ—ਤੂੰ ਭਟਕ ਗਿਆ, ਬਧੋਹੁ—ਤੂੰ ਬੰਨ੍ਹਿਆ ਗਿਆ (ਤੇਰਾ ਬੰਧਾਨ ਬੱਧਾ ਗਿਆ)]

'ਨੁ', 'ਸੁ'

'ਉਹੁ' ਅਨ-ਪੁਰਖ, ਇਕ-ਵਚਨ, ਪੁਰਖਵਾਚੀ ਪੜਨਾਂਵ ਦਾ ਸਾਧਾਰਨ-ਰੂਪ ਹੈ। ਇਸ ਦੇ ਇਕ-ਵਚਨੀ ਸੰਬੰਧਕੀ-ਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਕਰਤਾ ਕਾਰਕ, ਇਕ-ਵਚਨ—ਉਨਿ
ਕਰਮ ਕਾਰਕ, ਸੰਪ੍ਰਦਾਨ ਕਾਰਕ, ਸੰਬੰਧ ਕਾਰਕ, ਇਕ-ਵਚਨ—ਉਸੁ

ਉਪਰੋਕਤ ਦੋਹਾਂ ਕਿਸਮਾਂ ਦੇ ਸੰਬੰਧਕੀ-ਰੂਪਾਂ ਦੇ ਅਧਾਰ 'ਤੇ ਇਸ ਪੜਨਾਂਵ ਦੇ ਅਨ-ਪੁਰਖ, ਇਕ-ਵਚਨ ਦੇ ਵਾਚਕ ਪੜਨਾਂਵੀ ਪਿਛੇਤਰ-ਚਿੰਨ੍ਹਾਂ ਦੇ ਵੱਖਰੇ ਵੱਖਰੇ ਰੂਪ ('ਨੁ' ਅਤੇ 'ਸੁ') ਗੁਰਬਾਣੀ ਵਿਚ ਮਿਲਦੇ ਹਨ।

ਭੂਤਕਾਲ ਦੀਆਂ ਸਕਰਮਕ ਕ੍ਰਿਆਵਾਂ ਦਾ ਲਿੰਗ ਅਤੇ ਵਚਨ ਸਾਧਾਰਨ-ਰੂਪ ਵਾਲੇ 'ਕਰਮ' ਅਨੁਸਾਰ ਹੁੰਦਾ ਹੈ। ਸੋ, ਉਪਰੋਕਤ ਵਰਣਤ ਪੜਨਾਂਵੀ-ਪਿਛੇਤਰ ('ਨੁ' ਅਤੇ 'ਸੁ') ਵਾਲੀਆਂ ਗੁਰਬਾਣੀ ਦੀਆਂ ਉਦਾਹਰਣਾਂ ਦੇਣ ਤੋਂ ਪਹਿਲਾਂ ਵੱਖ ਵੱਖ ਲਿੰਗ ਅਤੇ ਵਚਨ ਦੇ ਆਧਾਰ 'ਤੇ ਬਣੀਆਂ ਭੂਤਕਾਲੀ ਕ੍ਰਿਆਵਾਂ ਦੇ ਵੱਖਰੇ ਵੱਖਰੇ ਰੂਪਾਂ ਬਾਰੇ ਜਾਣ ਲੈਣਾ ਜ਼ਰੂਰੀ ਹੈ ਤਾਂ ਜੁ ਉਹਨਾਂ ਨਾਲ ਪੜਨਾਂਵੀ-ਪਿਛੇਤਰ ਸੰਮਿਲਤ ਕੀਤੇ ਜਾਣ ਮਗਰੋਂ ਜੋ ਸਮੁੱਚਾ ਰੂਪ ਬਣਦਾ ਹੈ, ਉਸ ਦੇ ਵੱਖ ਵੱਖ ਅੰਸ਼ਾਂ ਬਾਰੇ ਸੋਝੀ ਹੋ ਆਵੇ :

ਵਾਕ	*ਕ੍ਰਿਆ ਨਾਲ ਸੰਬੰਧਤ ਕਰਮ ਦਾ ਲਿੰਗ ਅਤੇ ਵਚਨ*	*ਕਰਮ ਦੇ ਲਿੰਗ/ ਵਚਨ ਦੇ ਆਧਾਰ 'ਤੇ ਕ੍ਰਿਆ ਦਾ ਰੂਪ*	*ਪੜਨਾਂਵੀ ਪਿਛੇਤਰ ਸਹਿਤ ਕ੍ਰਿਆ ਦਾ ਰੂਪ ਅਤੇ ਪਿਛੇਤਰ ਦਾ ਨਿਖੇੜ*
'ਨੁ'			
• ਉਸ ਨੇ ਬ੍ਰਹਿਮੰਡ ਸਾਜਿਆ ਹੈ।	ਪੁਲਿੰਗ, ਇਕ-ਵਚਨ	ਸਾਜਿਆ	ਸਾਜਿਓਨੁ [ਸਾਜਿਆ + ਉਨੁ]
• ਉਸ ਨੇ ਜੀਵ ਸਾਜੇ ਹਨ।	ਪੁਲਿੰਗ, ਬਹੁ-ਵਚਨ	ਸਾਜਿਆ [ਸਾਜੇ + ਆ]	ਸਾਜਿਅਨੁ [ਸਾਜੇ + ਆ + ਉਨੁ]

ਵਾਕ	*ਕ੍ਰਿਆ ਨਾਲ ਸੰਬੰਧਤ ਕਰਮ ਦਾ ਲਿੰਗ ਅਤੇ ਵਚਨ*	*ਕਰਮ ਦੇ ਲਿੰਗ/ ਵਚਨ ਦੇ ਆਧਾਰ 'ਤੇ ਕ੍ਰਿਆ ਦਾ ਰੂਪ*	*ਪੜਨਾਂਵੀ ਪਿਛੇਤਰ ਸਹਿਤ ਕ੍ਰਿਆ ਦਾ ਰੂਪ ਅਤੇ ਪਿਛੇਤਰ ਦਾ ਨਿਖੇੜ*
• ਉਸ ਨੇ ਧਰਤੀ ਸਾਜੀ ਹੈ।	ਇਸਤਰੀ-ਲਿੰਗ ਇਕ-ਵਚਨ	ਸਾਜੀਆ [ਸਾਜੀ + ਆ]	ਸਾਜੀਅਨੁ [ਸਾਜੀ + ਆ + ਉਨੁ]
'ਸੁ'			
• ਉਸ ਨੂੰ ਟਿਕਾ ਦਿੱਤਾ।	ਪੁਲਿੰਗ, ਇਕ-ਵਚਨ	ਦਿਤਾ/ਦਿਤੋ	ਦਿਤੋਸੁ [ਦਿਤਾ + ਉਸੁ]
• ਉਸ ਨੂੰ ਦੂਣੀ ਮੈਲ ਚੜ੍ਹ ਗਈ ਹੈ।	ਇਸਤਰੀ-ਲਿੰਗ, ਇਕ-ਵਚਨ	ਚੜੀਆ [ਚੜੀ + ਆ]	ਚੜੀਅਸੁ [ਚੜੀਆ + ਉਸੁ]
• ਉਸ ਦੇ ਗਲ ਫਾਹੀ ਪੈ ਗਈ।	ਇਸਤਰੀ-ਲਿੰਗ, ਇਕ-ਵਚਨ	ਪਈ	ਪਈਸੁ [ਪਈ + ਉਸੁ]
• ਉਸ ਦਾ ਪੁੱਤਰ, ਮਿਤਰ, ਧਨ, ਕੁਝ ਵੀ ਨਾ ਰਿਹਾ।	ਪੁਲਿੰਗ, ਇਕ-ਵਚਨ	ਰਹਿਆ	ਰਹਿਓਸੁ [ਰਹਿਆ + ਉਸੁ]
• ਉਸ ਦੀਆਂ ਸਾਰੀਆਂ ਧਿਰਾਂ ਨਿਖੁਟ ਗਈਆਂ।	ਇਸਤਰੀ-ਲਿੰਗ, ਬਹੁ-ਵਚਨ	ਨਿਖੁਟੀਆ	ਨਿਖੁਟੀਅਸੁ [ਨਿਖੁਟੀਆ + ਉਸੁ]

ਨੋਟ : ਕਰਤਾ ਕਾਰਕ, ਇਕ-ਵਚਨ ਦੇ ਪੜਨਾਂਵ ਜਾਂ ਪੜਨਾਵੀਂ ਪਿਛੇਤਰ ਦਾ ਸੰਬੰਧਕੀ-ਰੂਪ 'ਉਨਿ' ਹੈ। ਇਸ ਦਾ ਅਖ਼ੀਰਲਾ 'ਨਿ' ਬਦਲ ਕੇ 'ਨੁ' ਕਿਸ ਨੇਮ ਅਨੁਸਾਰ ਬਣਦਾ ਹੈ, ਇਸ ਬਾਰੇ ਮੈਨੂੰ ਸਮਝ ਅਜੇ ਨਹੀਂ ਪਈ।

'ਨੁ'—ਇਕ-ਵਚਨੀ ਪੁਲਿੰਗ, ਸਕਰਮਕ ਕ੍ਰਿਆ ਨਾਲ

੧. **ਹਉ ਨਿਰਗੁਣੁ ਢਾਢੀ 'ਬਖਸਿਓਨੁ', ਪ੍ਰਭਿ ਪੁਰਖਿ ਵੇਦਾਵੈ ॥ਪਉੜੀ ੬॥** *(ਪੰਨਾ ੧੦੬੭)*

੨. **ਹਉਮੈ ਝਗੜਾ 'ਪਾਇਓਨੁ', ਝਗੜੈ ਜਗੁ ਮੁਇਆ ॥**
ਗੁਰਮੁਖਿ ਝਗੜੁ 'ਚੁਕਾਇਓਨੁ', ਇਕੋ ਰਵਿ ਰਹਿਆ ॥ਪਉੜੀ ੧੪॥ *(ਪੰਨਾ ੧੬੦)*

੩. **ਆਪੇ ਤਖਤੁ 'ਰਚਾਇਓਨੁ', ਆਕਾਸ ਪਤਾਲਾ ॥ਪਉੜੀ ੧॥** *(ਪੰਨਾ ੧੬੫)*

੪. **ਇਹੁ ਜਗੁ ਆਪਿ 'ਉਪਾਇਓਨੁ', ਕਰਿ ਚੋਜ ਵਿਡਾਨੁ ॥ਪਉੜੀ ੪॥** *(ਪੰਨਾ ੧੬੬)*

੫. **ਭਗਤਿ ਖਜਾਨਾ 'ਬਖਸਿਓਨੁ', ਹਰਿ ਨਾਮੁ ਨਿਧਾਨੁ ॥ਪਉੜੀ ੪॥** *(ਪੰਨਾ ੧੬੬)*

੬. **ਜੇਹਾ 'ਕੀਤੋਨੁ', ਤੇਹਾ ਹੋਆ, ਜੇਹੇ ਕਰਮ ਕਮਾਇ ॥੩॥੫੦॥** *(ਪੰਨਾ ੩੩)*

੭. **ਸਭੁ ਕਿਛੁ 'ਕੀਤੋਨੁ' ਆਪਣਾ, ਜੀਇ ਨ ਸੰਕ ਧਰਿਆ ॥੮॥੨੬॥** *(ਪੰਨਾ ੭੧)*
[ਬਖਸਿਓਨੁ—ਉਸ ਨੇ ਬਖ਼ਸ਼ਿਆ, ਪਾਇਓਨੁ—ਉਸ ਨੇ ਪਾਇਆ ਹੋਇਆ ਹੈ,
ਚੁਕਾਇਓਨੁ—ਉਸ ਨੇ ਚੁਕਾ ਦਿੱਤਾ, ਰਚਾਇਓਨੁ—ਉਸ ਨੇ ਰਚਾਇਆ ਹੋਇਆ ਹੈ,
ਉਪਾਇਓਨੁ—ਉਸ ਨੇ ਉਪਾਇਆ ਹੋਇਆ ਹੈ, ਬਖਸਿਓਨੁ—ਉਸ ਨੇ ਬਖ਼ਸ਼ਿਆ ਹੋਇਆ ਹੈ,
ਕੀਤੋਨੁ—ਉਸ ਨੇ ਕੀਤਾ ਹੋਇਆ ਹੈ।]

'ਨੁ'—ਬਹੁ-ਵਚਨੀ, ਪੁਲਿੰਗ, ਸਕਰਮਕ ਕ੍ਰਿਆ ਨਾਲ

੧. ਭਗਤ ਆਪੇ 'ਮੇਲਿਅਨੁ', ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ 'ਖੁਆਇਅਨੁ', ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ਪਉੜੀ ੧੬॥
(ਪੰਨਾ ੧੪੫)

੨. ਜੋਰਾ ਪੁਰਖ ਸਭਿ ਆਪਿ 'ਉਪਾਇਅਨੁ', ਹਰਿ ਖੇਲ ਸਭਿ ਖਿਲਾ ॥ਸਲੋਕ ੨॥ਪਉੜੀ ੬॥
(ਪੰਨਾ ੩੦੪)

੩. ਆਪਣੇ ਚਰਣ 'ਜਪਾਇਅਨੁ', ਵਿਚਿ ਦਯੁ ਖੜੋਆ ॥੨॥੧॥ *(ਪੰਨਾ ੧੧੬੩)*

੪. ਅੰਬਰੁ ਧਰਤਿ 'ਵਿਛੋੜਿਅਨੁ', ਵਿਚਿ ਸਚਾ ਅਸਰਾਉ ॥ਪਉੜੀ ੬॥ *(ਪੰਨਾ ੯੪੯)*

੫. ਆਪਿ 'ਵਿਛੋੜੇਨੁ', ਸੇ ਵਿਛੁੜੇ,
ਦੂਜੈ ਭਾਇ ਖੁਆਇ ॥ਸ.੨॥ਪਉੜੀ ੮॥ *(ਪੰਨਾ ੬੪੫)*

[ਮੇਲਿਅਨੁ—ਉਸ ਨੇ ਮੇਲੇ ਹੋਏ ਹਨ, ਖੁਆਇਅਨੁ—ਉਸ ਨੇ ਖੁੰਝਾਏ ਹੋਏ ਹਨ,
ਉਪਾਇਅਨੁ—ਉਸ ਨੇ ਉਪਾਏ ਹੋਏ ਹਨ, ਜਪਾਇਅਨੁ—ਉਸ ਨੇ ਜਪਾਏ ਹਨ,
ਵਿਛੋੜਿਅਨੁ—ਉਸ ਨੇ ਵਿਛੋੜੇ ਹੋਏ ਹਨ, ਵਿਛੋੜੇਨੁ—ਉਸ ਨੇ ਵਿਛੋੜੇ ਹਨ।]

'ਨੁ'—ਇਕ-ਵਚਨੀ, ਇਸਤਰੀ-ਲਿੰਗ ਸਕਰਮਕ ਕ੍ਰਿਆਵਾਂ ਨਾਲ

੧. ਆਪੇ ਸ੍ਰਿਸਟਿ 'ਉਪਾਈਅਨੁ', ਆਪਿ ਕਰੇ ਬੀਚਾਰੁ ॥ਸ.੧॥ਪਉੜੀ ੩੦॥ *(ਪੰਨਾ ੧੨੪੮)*

੨. ਮੋਹ ਠਗਉਲੀ 'ਪਾਈਅਨੁ', ਬਹੁ ਦੂਜੈ ਭਾਇ ਵਿਕਾਰ ॥੧॥ਪਉੜੀ ੨੮॥ *(ਪੰਨਾ ੧੨੪੮)*

੩. ਜਿਨ ਕਉ ਕਿਰਪਾ 'ਧਾਰੀਅਨੁ', ਤਿਨਾ ਸਤਿਗੁਰੁ ਮਿਲਿਆ ਆਇ ॥੧੮॥
(ਪੰਨਾ ੧੪੧੪)

੪. ਹਰਿ ਆਪਣੀ ਭਗਤਿ ਕਰਾਇ ਵਡਿਆਈ 'ਵੇਖਾਲੀਅਨੁ' ॥ਪਉੜੀ ੧੯॥ *(ਪੰਨਾ ੯੦)*

੫. ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ 'ਘਾਲੀਅਨੁ' ॥ਪਉੜੀ ੧੯॥ *(ਪੰਨਾ ੯੦)*

੬. ਹਲਤੁ ਪਲਤੁ ਸਵਾਰਿਓਨੁ, ਨਿਹਚਲ 'ਦਿਤੀਅਨੁ' ਜਾਇ ॥੧੩॥ *(ਪੰਨਾ ੧੩੬)*

੭. 'ਕੀਤੀਅਨੁ' ਆਪਣੀ ਰਖ ਗਰੀਬ ਨਿਵਾਜਿ ਥਾਪਿ ॥ਪਉੜੀ ੧੩॥ *(ਪੰਨਾ ੫੨੧)*

੮. ਜੀਉ ਪਿੰਡੁ ਜਿਨਿ ਸਾਜਿਆ, ਕਰਿ ਕਿਰਪਾ 'ਦਿਤੀਨੁ' ਜਿੰਦੁ ॥੩॥੧॥ *(ਪੰਨਾ ੧੩੭)*

[ਉਪਾਈਅਨੁ—ਉਸ ਨੇ ਉਪਾਈ ਹੋਈ ਹੈ, ਪਾਈਅਨੁ—ਉਸ ਨੇ ਪਾਈ ਹੋਈ ਹੈ,
ਧਾਰੀਅਨੁ—ਉਸ ਨੇ ਧਾਰੀ ਹੈ, ਵੇਖਾਲੀਅਨੁ—ਉਸ ਨੇ ਵਿਖਾਲੀ ਹੈ,
ਘਾਲੀਅਨੁ—ਉਸ ਨੇ ਘਾਲੀ ਹੈ, ਦਿਤੀਅਨੁ—ਉਸ ਨੇ ਦਿੱਤੀ ਹੈ,
ਕੀਤੀਅਨੁ—ਉਸ ਨੇ ਕੀਤੀ ਹੈ, ਦਿਤੀਨੁ—ਉਸ ਨੇ ਦਿੱਤੀ ਹੈ।]

'ਸੁ'—ਅਨੁ-ਪੁਰਖ, ਇਕ-ਵਚਨੀ ਕ੍ਰਿਆਵਾਂ ਨਾਲ

੧. ਸਹਿ ਟਿਕਾ 'ਦਿਤੋਸੁ' ਜੀਵਦੇ ॥੧॥ *(ਪੰਨਾ ੯੬੬)*

੨. ਦੂਯੈ ਭਾਇ ਵਿਗੁਚੀਐ, ਗਲਿ 'ਪਈਸੁ' ਜਮ ਕੀ ਫਾਸ ॥੫॥ *(ਪੰਨਾ ੧੩੪)*

੩. ਇਕੁ ਭਾਉ ਲਥੀ ਨਾਤਿਆ, ਦੁਇ ਭਾ 'ਚੜੀਅਸੁ' ਹੋਰ ॥ਸਲੋਕ ੨॥ਪਉੜੀ ੧੨॥
(ਪੰਨਾ ੭੬੯)

੪. ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ, ਹਰਿ 'ਬਖਸਿਓਸੁ' ਸਭੁ ਜਹਾਨੁ ॥ਪਉੜੀ ੧੦॥
(ਪੰਨਾ ੮੫੩)

੫. ਪੁਤ੍ਰ ਮੀਤ ਧਨੁ ਕਿਛੂ ਨ 'ਰਹਿਓਸੁ', ਛੋਡਿ ਗਇਆ ਸਭ ਭਾਈ ਸਾਕੁ ॥੨॥੧੦੪॥
(ਪੰਨਾ ੮੨੫)

੬. ਪਾਣੀ ਧੋਤੈ 'ਉਤਰਸੁ' ਖੇਹ ॥੨੦॥ *(ਪੰਨਾ ੪)*

੭. ਕਉਤਕ ਕੋਡ ਤਮਾਸਿਆ, ਚਿਤਿ ਨ 'ਆਵਸੁ' ਨਾਉ ॥ਸਲੋਕ ੨॥ਪਉੜੀ ੬॥
(ਪੰਨਾ ੭੦੭)

[ਦਿਤੋਸੁ—ਉਸ (ਭਾਈ ਲਹਣਾ ਜੀ) ਨੂੰ ਦਿੱਤਾ, ਪਈਸੁ—ਉਸ ਦੇ (ਗਲ ਵਿਚ) ਪਈ,
ਚੜੀਅਸੁ—ਉਸ ਨੂੰ (ਮੇਲ) ਚੜ੍ਹ ਗਈ, ਬਖਸਿਓਸੁ—ਉਸ (ਮੇਰੇ ਸਤਿਗੁਰੂ) ਨੂੰ ਬਖ਼ਸ਼ਿਆ,
ਨ ਰਹਿਓਸੁ—ਉਸ ਦਾ ਨਾ ਰਹਿਆ, ਉਤਰਸੁ—ਉਸ (ਅੰਗ) ਦੀ ਉਤਰ ਜਾਂਦੀ ਹੈ,
ਨ ਆਵਸੁ—ਉਸ ਨੂੰ ਨਹੀਂ ਆਉਂਦਾ।]

ਪੰਜਾਬੀ ਲੋਕ-ਭਾਸ਼ਾ ਵਿਚ ਇਕ ਪਿਛੇਤਰ-ਅੰਸ਼ 'ਸੂ' ਵੀ ਪ੍ਰਚਲਤ ਹੈ, ਜਿਸ ਦੀਆਂ ਟੂਕ-ਮਾਤ੍ਰ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

੧. ਨਿਤਨੇਮ ਕਰ ਲਿਆ 'ਸੂ' ? [ਕੀ ਉਸ ਨੇ ਨਿਤਨੇਮ ਕਰ ਲਿਆ ਹੈ ?]
੨. ਲਿਆ 'ਸੂ' ਗੁਰੂ ਦੀ ਚਰਣੀ। [ਤੂੰ ਉਸ ਨੂੰ ਗੁਰੂ ਦੀ ਚਰਣੀ ਲਿਆ।]
੩. ਮਾਰ 'ਸੂ' ਸ਼ਬਦ ਦਾ ਬਾਣ। [ਤੂੰ ਉਸ ਨੂੰ ਸ਼ਬਦ ਦਾ ਬਾਣ ਮਾਰ।]
੪. ਜਦੋਂ ਕੋਲ ਕੁਝ ਨ ਰਹਿਓ 'ਸੂ' ਤਾਂ ਉਸ ਨੂੰ ਹੋਸ਼ ਆਈ। [ਜਦੋਂ ਉਸ ਦੇ ਕੋਲ ਕੁਝ ਨਾ ਰਿਹਾ ਤਾਂ ਉਸ ਨੂੰ ਹੋਸ਼ ਆਈ।]
੫. ਹੁਣ ਜਦ ਸਿਰ 'ਤੇ ਪਈ 'ਸੂ' ਤਾਂ ਸਮਝਿਐ। [ਹੁਣ ਜਦੋਂ ਉਸ ਦੇ ਸਿਰ 'ਤੇ (ਜ਼ਿੰਮੇਦਾਰੀ) ਪਈ ਹੈ ਤਾਂ ਸ਼ਮਝਿਐ।]

ਗੁਰਬਾਣੀ ਦੀਆਂ ਪਿੱਛੇ ਦਿੱਤੀਆਂ ਉਦਾਹਰਣਾਂ ਵਿਚਲਾ ਪੜਨਾਂਵੀ-ਪਿਛੇਤਰ 'ਸੁ', ਸ਼ਾਇਦ 'ਸੂ' ਦਾ ਹੀ ਸੰਖਿਪਤ ਰੂਪ ਹੋਵੇ।

ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਹੇਠ ਲਿਖੀਆਂ ਉਦਾਹਰਣਾਂ ਅੰਦਰ 'ਕੀਤੋਸੁ' ਦਾ ਅੰਤਲਾ ਕ੍ਰਿਆਵੀ-ਪਿਛੇਤਰ 'ਸੁ', ਸਹਾਇਕ ਕ੍ਰਿਆ 'ਸੂ' ਦਾ ਸੂਚਕ ਜਾਪਦਾ ਹੈ :

੧. ਸਬਦਿ ਜਿਤੀ ਸਿਧਿ ਮੰਡਲੀ 'ਕੀਤੋਸੁ' ਅਪਣਾ ਪੰਥੁ ਨਿਰਾਲਾ ॥
(ਵਾਰ ੧, ਪਉੜੀ ੩੧, ਭਾਈ ਗੁਰਦਾਸ ਜੀ)

੨. ਓੜਕੁ 'ਕੀਤੁਸੁ' ਆਪਣਾ ਆਪ ਗਣਾਇਐ ਭਰਮਿ ਭੁਲਾਣਾ ॥
(ਵਾਰ ੧੨, ਪਉੜੀ ੭, ਭਾਈ ਗੁਰਦਾਸ ਜੀ)

[ਕੀਤੋਸੁ—ਕੀਤੋ ਸੂ; ਕੀਤੁਸੁ—ਕੀਤੋ ਸੂ]

ਨੋਟ : (੧) ਇਕ ਵਿਲੱਖਣ ਪ੍ਰਤਯ 'ਨੀ' ਦੀ ਵਰਤੋਂ ਵੀ ਗੁਰਬਾਣੀ ਵਿੱਚੋਂ ਦ੍ਰਿਸ਼ਟੀ ਗੋਚਰ ਹੋਈ ਹੈ :

ਆਇ ਲਗੇ 'ਨੀ' ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ ॥ਪਉੜੀ ੩੦॥
(ਪੰਨਾ ੩੧੬)

[ਆਇ ਲਗੇ ਨੀ—ਤੇਰੇ (ਦਿਨ) ਮੁਕਣ ਕਿਨਾਰੇ ਆ ਲੱਗੇ ਨੇ]

(੨) ਇਕ ਪੜਨਾਂਵੀ-ਪਿਛੇਤਰ 'ਨੇ' ਦੀ ਵਰਤੋਂ ਦਸਮ ਗ੍ਰੰਥ ਵਿਚ ਵੱਖ ਵੱਖ ਅਰਥਾਂ ਵਿਚ ਕੀਤੀ ਮਿਲਦੀ ਹੈ :

ਲਖੀ ਜੰਗਲ ਖਾਲਸਾ ਆਇ ਦੀਦਾਰ 'ਲਗੌਨੇ'॥
ਸੁਣ ਕੈ ਸੱਦ ਮਾਹੀਦਾ ਮੇਹੀ ਪਾਣੀ ਘਾਹੁ 'ਮੁਤੌਨੇ'॥
ਕਿਸੇ ਨਾਲਿ ਨ ਰਲੀਆ ਕਾਈ ਕੌਈ ਸਉਕ 'ਪਇਓਨੇ'॥
ਗਿਆ ਫਿਰਾਕ ਮਿਲਿਆ ਮਿਤੁ ਮਾਹੀ ਤਾ ਹੀ ਸ਼ੁਕਰ 'ਕਿਤੌਨੇ'॥

[ਲਗੌਨੇ—ਉਹਨਾਂ ਨੂੰ ਪ੍ਰਾਪਤ ਹੋਇਆ।
ਮੁਤੌਨੇ—ਉਹਨਾਂ ਨੇ ਛੱਡ ਦਿੱਤਾ।
ਪਇਓਨੇ—ਉਹਨਾਂ ਨੂੰ ਪਿਆ।
ਕਿਤੌਨੇ—ਉਹਨਾਂ ਨੇ ਕੀਤਾ।]

(ਅਜਿਹੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਦ੍ਰਿਸ਼ਟੀ-ਗੋਚਰ ਨਹੀਂ ਹੋਈ।)

੧੬.੭.੧.੪

ਪ੍ਰਸ਼ਨ : ਗੁਰਬਾਣੀ ਵਿਚ ਕ੍ਰਿਆਵੀ-ਸ਼ਬਦ 'ਆਇਆ' ਇਕ-ਵਚਨ, ਪੁਲਿੰਗ ਨਾਵਾਂ ਨਾਲ ਵੀ ਵਰਤਿਆ ਮਿਲਦਾ ਹੈ ਅਤੇ ਬਹੁ-ਵਚਨ ਪੁਲਿੰਗ ਨਾਵਾਂ ਨਾਲ ਵੀ। ਘੋਖ-ਨਿਰਖ ਕੇ ਦੋਹੀਂ ਥਾਈਂ ਇੱਕੋ ਰੂਪ ਵਿਚ ਵਰਤੇ, ਇਸ ਸ਼ਬਦ ਦੇ ਵੱਖ ਵੱਖ ਅਰਥ-ਭਾਵ ਬਾਰੇ ਸਥਿਤੀ ਸਪੱਸ਼ਟ ਕਰੋ ?

ਉੱਤਰ : ਟੂਕ-ਮਾਤ੍ਰ ਵਜੋਂ ਗੁਰਬਾਣੀ ਵਿਚਲੀਆਂ ਕੁਝ ਤੁਕਾਂ; ਜਿਨ੍ਹਾਂ ਵਿਚ ਕ੍ਰਿਆਵੀ-ਸ਼ਬਦ 'ਆਇਆ' ਇਕ-ਵਚਨ, ਪੁਲਿੰਗ ਨਾਵਾਂ ਨਾਲ ਅਤੇ ਬਹੁ-ਵਚਨ ਪੁਲਿੰਗ ਨਾਵਾਂ ਨਾਲ ਵੀ ਵਰਤਿਆ ਮਿਲਦਾ ਹੈ, ਥੱਲੇ ਦਿੱਤੀਆਂ ਜਾਂਦੀਆਂ ਹਨ :

(ੳ) ਇਕ-ਵਚਨ, ਪੁਲਿੰਗ ਨਾਵਾਂ ਨਾਲ ਕ੍ਰਿਆਵੀ ਸ਼ਬਦ 'ਆਇਆ' ਦੀ ਵਰਤੋਂ

੧. **ਬਰਸੁ ਘਨਾ ਮੇਰਾ ਪਿਰੁ ਘਰਿ 'ਆਇਆ'॥ਰਹਾਉ॥੪॥** *(ਪੰਨਾ ੧੨੫੫)*

੨. **ਘਰਿ ਲਾਲੁ 'ਆਇਆ' ਪਿਆਰਾ ਸਭ ਤ੍ਰਿਖਾ ਬੁਝਾਈ॥੪॥੧॥** *(ਪੰਨਾ ੨੪੭)*

੩. **ਮੇਰਾ ਹਰਿ ਪ੍ਰਭੁ ਸੇਜੈ 'ਆਇਆ' ਮਨੁ ਸੁਖਿ ਸਮਾਣਾ ਰਾਮ॥੧॥੩॥** *(ਪੰਨਾ ੮੪੪)*

(ਅ) ਬਹੁ-ਵਚਨ, ਪੁਲਿੰਗ ਨਾਵਾਂ ਨਾਲ ਕ੍ਰਿਆਵੀ ਸ਼ਬਦ 'ਆਇਆ' ਦੀ ਵਰਤੋਂ

੧. **ਜਿਨ੍ ਕੇ ਬੰਕੇ ਘਰੀ ਨ 'ਆਇਆ' ਤਿਨ੍ ਕਿਉ ਰੈਣਿ ਵਿਹਾਣੀ॥੬॥੧੨॥**
(ਪੰਨਾ ੪੧੮)

੨. **ਪੰਚ ਦੂਤ ਸਭਿ ਵਸਗਤਿ 'ਆਇਆ'॥੩॥੬੮॥** *(ਪੰਨਾ ੩੬੫)*

੩. **ਸਭ ਇਕਠੇ ਹੋਇ 'ਆਇਆ'॥**
ਘਰਿ ਜਾਸਨਿ ਵਾਟ ਵਟਾਇਆ॥੧੬॥੨੬॥ *(ਪੰਨਾ ੭੪)*

ਕ੍ਰਿਆਵੀ-ਸ਼ਬਦ 'ਆਇਆ' ਭੂਤ-ਕਿਰਦੰਤ ਦਾ ਪੁਲਿੰਗ ਰੂਪ ਹੈ ਅਤੇ ਇਸ ਦੀ ਬਣਤਰ 'ਆ' ਕ੍ਰਿਆ-ਮੂਲ ਨਾਲ ਭੂਤਕਾਲ ਵਾਚੀ ਪਿਛੇਤਰ 'ਇਆ' ਲਾਉਣ ਨਾਲ ਬਣੀ ਹੈ। ਏਸ ਰੂਪ ਵਿਚ ਇਹ ਸ਼ਬਦ (ਆਇਆ) ਅਨਿਸਚਿਤ ਭੂਤਕਾਲ ਦੀ ਪੁਲਿੰਗ, ਇਕ-ਵਚਨ ਕ੍ਰਿਆ ਹੈ, ਜੋ ਉਪਰ 'ਓ' ਸਾਹਮਣੇ ਅੰਕਿਤ ਗੁਰਬਾਣੀ ਦੀਆਂ ਉਦਾਹਰਣਾਂ ਵਿਚ ਵਰਤਿਆ ਹੋਇਆ ਹੈ। ਇਸ ਬਾਰੇ ਕਿਸੇ ਨੂੰ ਟਪਲਾ ਲੱਗਣ ਦੀ ਕੋਈ ਸੰਭਾਵਨਾ ਨਹੀਂ।

ਕ੍ਰਿਆ ਦਾ ਇਹੀ ਰੂਪ (ਆਇਆ) ਉਪਰ 'ਅ' ਸਾਹਮਣੇ ਅੰਕਿਤ ਗੁਰਬਾਣੀ ਦੀਆਂ ਉਦਾਹਰਣਾਂ ਵਿਚ ਬਹੁ-ਵਚਨੀ ਪੁਲਿੰਗ ਨਾਵਾਂ ਨਾਲ ਵੀ ਵਰਤਿਆ ਹੋਇਆ ਹੈ ਤਾਂ ਸਥਿਤੀ ਜਨ-ਸਾਧਾਰਨ ਨੂੰ ਸਮਝਣ ਵਿਚ ਕਠਿਨਾਈ ਆਉਂਦੀ ਹੈ। ਸੋ, ਸਥਿਤੀ ਥੱਲੇ ਸਪੱਸ਼ਟ ਕੀਤੀ ਜਾਂਦੀ ਹੈ।

ਬਹੁ-ਵਚਨ ਪੁਲਿੰਗ ਨਾਵਾਂ ਨਾਲ ਵਰਤਿਆ ਕ੍ਰਿਆਵੀ ਸ਼ਬਦ 'ਆਇਆ' ਵਾਸਤਵ ਵਿਚ ਤਿੰਨ ਵੱਖਰੇ ਵੱਖਰੇ ਕ੍ਰਿਆਵੀ-ਅੰਸ਼ਾਂ (ਆ + ਏ + ਆ) ਦਾ ਸੰਧੀ-ਰੂਪ ਹੈ। ਇਸ ਦੀ ਬਣਤਰ-ਵਿਧੀ ਥੱਲੜੇ ਚਿੱਤ੍ਰ ਵਿਚ ਦਰਸਾਈ ਜਾਂਦੀ ਹੈ :

ਕ੍ਰਿਆ-ਮੂਲ	*ਅਨਿਸਚਿਤ ਭੂਤਕਾਲ ਦੀ ਇਕ-ਵਚਨ, ਪੁਲਿੰਗ ਕ੍ਰਿਆ*	*ਅਨਿਸਚਿਤ ਭੂਤਕਾਲ ਦੀ ਬਹੁ-ਵਚਨ, ਪੁਲਿੰਗ ਕ੍ਰਿਆ*	*ਸਮੀਪੀ ਭੂਤਕਾਲ ਦੀ ਕ੍ਰਿਆ ਦਾ ਪੁਲਿੰਗ, ਬਹੁ-ਵਚਨੀ ਰੂਪ*
੧	੨	੩	੪
ਆ	ਆ + ਇਆ (ਆਇਆ)	ਆ + ਏ (ਆਏ)	ਆ + ਏ + ਆ ਦਾ ਸੰਧੀ-ਰੂਪ 'ਆਇਆ'

ਉਪਰਲੇ ਚਿੱਤ੍ਰ ਦੇ ਕਾਲਮ ਨੰ: ੪ ਤੋਂ ਭਲੀ ਪ੍ਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਪੁਲਿੰਗ, ਬਹੁ-ਵਚਨ ਨਾਵਾਂ ਨਾਲ ਵਰਤੇ ਸ਼ਬਦ 'ਆਇਆ' ਦਾ ਪਹਿਲਾ ਅੰਸ਼ 'ਆ' ਕ੍ਰਿਆ-ਮੂਲ ਦਾ ਵਾਚਕ ਹੈ, ਦੂਜਾ ਅੰਸ਼ 'ਏ' ਅਨਿਸਚਿਤ ਭੂਤਕਾਲ ਬਹੁ-ਵਚਨ ਦਾ ਅਤੇ ਅੰਤਲਾ 'ਆ' ਸਮੀਪੀ ਭੂਤਕਾਲ ਦਾ ਕਾਲ-ਬੋਧਕ ਅੰਸ਼ ਹੈ। ਇਸ ਅਨੁਸਾਰ ਬਹੁ-ਵਚਨ ਪੁਲਿੰਗ ਨਾਵਾਂ ਨਾਲ ਵਰਤਿਆ ਕ੍ਰਿਆਵੀ-ਸ਼ਬਦ 'ਆਇਆ' ਸਮੀਪੀ ਭੂਤਕਾਲ ਦੀ ਪੁਲਿੰਗ, ਬਹੁ-ਵਚਨੀ ਕ੍ਰਿਆ ਦਾ ਸੰਧੀ-ਰੂਪ ਹੈ। ਸੰਧੀ-ਰੂਪ ਵਿਚ ਇਸ ਦਾ ਉਚਾਰਣ 'ਆਇਆ' ਹੈ।

ਸਮੀਪੀ ਭੂਤਕਾਲ ਦੇ ਸਾਹਿਤਕ ਕਾਲ-ਬੋਧਕ ਅੰਸ਼ ਹਨ, 'ਹੈ' (ਇਕ-ਵਚਨ) ਅਤੇ 'ਹਨਿ' (ਬਹੁ-ਵਚਨ), ਪਰ ਇਹਨਾਂ ਦੇ ਇਲਾਕਾਈ ਰੂਪ ਸਾਹਿਤਕ ਰੂਪ ਤੋਂ ਵਿਭਿੰਨ ਹਨ; ਜਿਵੇਂ :

ਸਮੀਪੀ ਭੂਤਕਾਲ, ਕ੍ਰਿਆ ਦਾ ਸਾਹਿਤਕ ਰੂਪ		*ਇਲਾਕਾਈ ਰੂਪ*	
ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਆਇਆ ਹੈ	ਆਏ ਹਨ	ਆਇਆ ਵਾ (ਆ)	ਆਏ ਆ ਆਏ ਨੇ
ਸਾਜਿਆ ਹੈ	ਸਾਜੇ ਹਨ	ਸਾਜਿਆ ਵਾ (ਆ)	ਸਾਜੇ ਆ ਸਾਜੇ ਐ ਸਾਜੇ ਨੇ

ਉਪਰੋਕਤ ਘੋਖਵੀਂ ਵਿਚਾਰ ਤੋਂ ਭਲੀ ਪ੍ਰਕਾਰ ਸਪੱਸ਼ਟ ਹੁੰਦਾ ਹੈ ਕਿ :

"ਬਹੁ-ਵਚਨੀ ਪੁਲਿੰਗ ਨਾਵਾਂ ਨਾਲ ਵਰਤਿਆ ਕ੍ਰਿਆਵੀ-ਸ਼ਬਦ 'ਆਇਆ' ਤਿੰਨ ਵੱਖ ਵੱਖ ਕ੍ਰਿਆਵੀ-ਅੰਸ਼ਾਂ (ਆ + ਏ + ਆ) ਦਾ ਸੰਧੀ-ਰੂਪ ਹੈ ਅਤੇ ਇਸ ਤਰ੍ਹਾਂ ਇਹ ਸਮੀਪੀ ਭੂਤਕਾਲ ਦੀ ਪੁਲਿੰਗ ਬਹੁ-ਵਚਨੀ ਕ੍ਰਿਆ ਹੈ, ਜਿਸ ਦਾ ਅਰਥ ਹੈ : 'ਆਏ ਹਨ'।"

''ਬਹੁ-ਵਚਨ ਪੁਲਿੰਗ ਨਾਵਾਂ ਨਾਲ ਵਰਤੇ ਕ੍ਰਿਆਵੀ-ਸ਼ਬਦ 'ਸਾਜਿਐ', 'ਸਵਾਰਿਐ' ਅਤੇ 'ਦਿਵਾਇਐ' ਵੀ ਤਿੰਨ ਵੱਖ ਵੱਖ ਕ੍ਰਿਆਵੀ-ਅੰਸ਼ਾਂ ਦੇ ਸੰਧੀ-ਰੂਪ ਹਨ ਅਤੇ ਸਮੀਪੀ ਭੂਤਕਾਲ ਦੀਆਂ ਪੁਲਿੰਗ ਬਹੁ-ਵਚਨੀ ਕ੍ਰਿਆਵਾਂ ਹਨ; ਜਿਵੇਂ :

ਸਾਜਿਐ — ਸਾਜ + ਏ + ਐ [ਸਾਜੇ ਹੋਏ ਹਨ]
ਸਵਾਰਿਐ — ਸਵਾਰ + ਏ + ਐ [ਸਵਾਰ ਦਿੱਤੇ ਹਨ]
ਦਿਵਾਇਐ — ਦਿਵਾ + ਏ + ਐ [ਦਿਵਾਏ ਹਨ]''

ਉਪਰੋਕਤ ਤੱਥਾਂ ਦੇ ਚਾਨਣ ਵਿਚ ਅਜਿਹੀ ਸ਼੍ਰੇਣੀ ਦੀਆਂ ਕ੍ਰਿਆਵਾਂ ਵਾਲੀਆਂ ਗੁਰਬਾਣੀ ਦੀਆਂ ਉਦਾਹਰਣਾਂ ਦੇ ਕੇ ਉਹਨਾਂ ਵਿਚਲੀ ਇਕੱਲੀ ਇਕੱਲੀ ਕ੍ਰਿਆ ਦਾ ਸੰਧੀ-ਛੇਦ (ਵਿਉਤਪਤੀ) ਰੂਪ ਅਤੇ ਅਰਥ ਥੱਲੇ ਆਮ੍ਹੋ-ਸਾਹਮਣੇ ਦਿੱਤੇ ਜਾਂਦੇ ਹਨ।

ਗੁਰਬਾਣੀ ਦੀਆਂ ਉਦਾਹਰਣਾਂ

੧. ਜਿਨ੍ ਕੇ ਬੰਕੇ ਘਰੀ ਨ 'ਆਇਆ' ਤਿਨ੍ ਕਿਉ ਰੈਣਿ ਵਿਹਾਣੀ ॥੬॥੧੨॥ *(ਪੰਨਾ ੪੧੮)*

੨. ਪੰਚ ਦੂਤ ਸਭਿ ਵਸਗਤਿ 'ਆਇਆ' ॥੩॥੯੮॥ *(ਪੰਨਾ ੩੯੫)*

੩. ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ 'ਆਇਆ' ॥੧੩॥ *(ਪੰਨਾ ੯੧੮)*

੪. ਚਾਰੇ ਜੁਗ ਮੈ 'ਸੋਧਿਆ' ਵਿਣੁ ਸੰਗਤਿ ਅਹੰਕਾਰੁ ਨ ਭਰੀ ॥ਪਉੜੀ ੧੧॥ *(ਪੰਨਾ ੧੦੯੮)*

੫. ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ 'ਸਵਾਰਿਆ' ॥੮॥ *(ਪੰਨਾ ੯੧੮)*

੬. ਸਭ ਭਾਂਡੇ ਤੁਧੈ 'ਸਾਜਿਆ' ਵਿਚਿ ਵਸਤੁ ਹਰਿ ਥਾਰਾ ॥੨॥੧੭॥ *(ਪੰਨਾ ੪੪੯)*

੭. ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ 'ਕਮਾਇਆ' ॥੩੫॥ *(ਪੰਨਾ ੯੨੨)*

੮. ਕਿ ਕਰਮ 'ਕਮਾਇਆ' ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥੩੫॥ *(ਪੰਨਾ ੯੨੨)*

੯. ਏਹ ਵੈਰੀ ਮਿਤ੍ ਸਭਿ 'ਕੀਤਿਆ' ਨਹ ਮੰਗਹਿ ਮੰਦਾ ॥ਪਉੜੀ ੭॥ *(ਪੰਨਾ ੧੦੯੬)*

੧੦. ਜੋ ਬੈਠੇ ਸੇ 'ਫਾਥਿਆ' ਊਬਰੇ ਭਾਗ ਮਥਾਇ ॥ਸਲੋਕ ੨॥ਪਉੜੀ ੬॥ *(ਪੰਨਾ ੧੦੯੭)*

੧੧. ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ 'ਰਾਤਿਆ' ॥੩॥੩॥ *(ਪੰਨਾ ੫੪੩)*

੧੨. ਇਕਨੈ ਭਾਂਡੇ 'ਸਾਜਿਐ' ਇਕੁ ਚਾਨਣੁ ਤਿਹੁ ਲੋਇ ॥੬॥੧੪॥ *(ਪੰਨਾ ੬੨)*

੧੩. ਸਭੇ ਕਾਜ 'ਸਵਾਰਿਐ' ਜਾ ਤੁਧੁ ਭਾਵੰਦਾ ॥ਪਉੜੀ ੭॥ *(ਪੰਨਾ ੧੦੯੬)*

੧੪. ਤਿਨਿ ਪਾਏ ਸਭੇ ਥੋਕ ਜਿਸੁ ਆਪਿ 'ਦਿਵਾਇਐ' ॥ਪਉੜੀ ੮॥ *(ਪੰਨਾ ੫੨੦)*

ਕ੍ਰਮ ਨੰ:	ਕ੍ਰਿਆਵੀ-ਸ਼ਬਦ ਦਾ ਸੰਧੀ-ਰੂਪ	ਕ੍ਰਿਆਵੀ-ਸ਼ਬਦ ਦੀ ਵਿਉਤਪਤੀ	ਅਰਥ
੧.	(ਨ) ਆਇਆ	ਆ + ਏ + ਆ = ਆਏ ਆ	(ਨਹੀਂ) ਆਏ ਹਨ।
੨.	ਆਇਆ	ਆ + ਏ + ਆ = ਆਏ ਆ	ਆ ਗਏ ਹਨ।
੩.	ਆਇਆ	ਆ + ਏ + ਆ = ਆਏ ਆ	ਆਏ ਹਨ।
੪.	ਸੋਧਿਆ	ਸੋਧ + ਏ + ਆ = ਸੋਧੇ ਆ	ਸੋਧੇ ਹਨ।
੫.	ਸਵਾਰਿਆ	ਸਵਾਰ + ਏ + ਆ = ਸਵਾਰੇ ਆ	ਸਵਾਰੇ ਗਏ ਹਨ।
੬.	ਸਾਜਿਆ	ਸਾਜ + ਏ + ਆ = ਸਾਜੇ ਆ	ਸਾਜੇ ਹੋਏ ਹਨ।
੭.	ਕਮਾਇਆ	ਕਮਾ + ਏ + ਆ = ਕਮਾਏ ਆ	ਕਮਾਏ ਹਨ।
੮.	ਕਮਾਇਆ	ਕਮਾ + ਏ + ਆ = ਕਮਾਏ ਆ	ਕਮਾਏ ਹਨ।
੯.	ਕੀਤਿਆ	ਕੀਤੇ + ਆ = ਕੀਤੇ ਆ	ਕਰ ਦਿੱਤੇ ਹਨ।
੧੦.	ਫਾਥਿਆ	ਫਾਥੇ + ਆ = ਫਾਥੇ ਆ	ਫਸ ਗਏ ਹਨ।
੧੧.	ਰਾਤਿਆ	ਰਾਤੇ + ਆ = ਰਾਤੇ ਆ	ਰੰਗੇ ਹੋਏ ਹਨ।
੧੨.	ਸਾਜਿਐ	ਸਾਜ + ਏ + ਐ = ਸਾਜੇ ਐ	ਸਾਜੇ ਹੋਏ ਹਨ।
੧੩.	ਸਵਾਰਿਐ	ਸਵਾਰ + ਏ + ਐ = ਸਵਾਰੇ ਐ	ਸਵਾਰ ਦਿੱਤੇ ਹਨ।
੧੪.	ਦਿਵਾਇਐ	ਦਿਵਾ + ਏ + ਐ = ਦਿਵਾਏ ਐ	ਦਿਵਾਏ ਹਨ।

੧੮.੭.੧.੫

ਪ੍ਰਸ਼ਨ : ਗੁਰਬਾਣੀ ਵਿਚ ਕ੍ਰਿਆਵੀ-ਰੂਪ 'ਆਈਆ' ਬਹੁ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਅਤੇ ਇਹੀ ਰੂਪ ਇਕ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਵੀ ਵਰਤਿਆ ਮਿਲਦਾ ਹੈ। ਘੋਖ-ਨਿਰਖ ਕੇ, ਦੋਹੀਂ ਥਾਈਂ ਇਕੋ ਰੂਪ ਵਿਚ ਵਰਤੇ, ਇਸ ਸ਼ਬਦ ਦੇ ਵੱਖ ਵੱਖ ਉਚਾਰਣ ਅਤੇ ਅਰਥ-ਭਾਵ ਬਾਰੇ ਸਥਿਤੀ ਸਪੱਸ਼ਟ ਕਰੋ ?

ਉੱਤਰ : ਟੂਕ-ਮਾਤ੍ਰ ਵਜੋਂ ਗੁਰਬਾਣੀ ਵਿਚਲੀਆਂ ਦੋ ਤੁਕਾਂ; ਜਿਨ੍ਹਾਂ ਵਿਚ ਕ੍ਰਿਆਵੀ-ਰੂਪ 'ਆਈਆ' ਬਹੁ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਅਤੇ ਇਹੀ ਰੂਪ ਇਕ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਵਰਤਿਆ ਮਿਲਦਾ ਹੈ, ਥੱਲੇ ਦਿੱਤੀਆਂ ਜਾਂਦੀਆਂ ਹਨ :

(ੳ) ਬਹੁ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਕ੍ਰਿਆਵੀ-ਰੂਪ 'ਆਈਆ' ਦੀ ਵਰਤੋਂ

੧. **ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ 'ਆਈਆ' ॥੧॥** *(ਪੰਨਾ ੯੧੭)*
[ਆਈਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

(ਅ) ਇਕ-ਵਚਨ, ਇਸਤਰੀ-ਲਿੰਗ ਨਾਵਾਂ ਨਾਲ ਕ੍ਰਿਆਵੀ-ਰੂਪ 'ਆਈਆ' ਦੀ ਵਰਤੋਂ

੧. **ਵਵੈ ਵਾਰੀ 'ਆਈਆ' ਮੂੜੇ ਵਾਸੁਦੇਉ ਤੁਧੁ ਵੀਸਰਿਆ ॥੧੨॥੨॥** *(ਪੰਨਾ ੪੩੫)*
[ਆਈਆ—ਅੰਤਲੇ ਸ੍ਵਰ ਦਾ ਉਚਾਰਣ ਨਾਸਿਕਤਾ ਬਿਨਾ]

ਗੁਰਬਾਣੀ ਦੀਆਂ ਉਪਰੋਕਤ ਦੋਹਾਂ ਕਿਸਮਾਂ ਦੀਆਂ ਉਦਾਹਰਣਾਂ ਵਿਚ ਕ੍ਰਿਆਵੀ-ਸ਼ਬਦ 'ਆਈਆ' ਦਾ ਰੂਪ ਭਾਵੇਂ ਇੱਕੋ ਜਿਹਾ ਹੀ ਹੈ, ਪਰ ਇਹਨਾਂ ਦੋਹਾਂ ਕਿਸਮਾਂ ਵਿਚ ਇਸ ਦੀ ਬਣਤਰ-ਵਿਧੀ ਵੱਖਰੀ ਵੱਖਰੀ ਹੈ ਅਤੇ ਇਸ ਦੇ ਆਧਾਰ 'ਤੇ ਇਹਨਾਂ ਦਾ ਉਚਾਰਣ ਅਤੇ ਅਰਥ ਵੀ ਵੱਖਰਾ ਵੱਖਰਾ ਹੈ। ਸੋ, ਦੋਹਾਂ ਹਾਲਤਾਂ ਵਿਚ 'ਆਈਆ' ਦੀ ਬਣਤਰ-ਵਿਧੀ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

ਉਪਰ 'ਓ' ਸਾਹਮਣੇ ਦਿੱਤੀ ਉਦਾਹਰਣ ਵਿਚ ਕ੍ਰਿਆ 'ਆਈਆ' ਕ੍ਰਿਆ-ਮੂਲ 'ਆ' ਨਾਲ 'ਈਆ' ਕ੍ਰਿਆਵੀ-ਪਿਛੇਤਰ ਲਾਉਣ ਨਾਲ ਬਣੀ ਹੈ। 'ਈਆ' ਪਿਛੇਤਰ, ਦੋ ਕ੍ਰਿਆਵੀ-ਭਾਵਾਸ਼ਾਂ ਦਾ ਸੁਮੇਲ ਹੈ। 'ਈ' ਇਸਤਰੀ-ਲਿੰਗ ਦਾ ਸੂਚਕ ਭਾਵਾਂਸ਼ ਹੈ ਅਤੇ 'ਆ' ਬਹੁ-ਵਚਨ ਦਾ। ਇਸ ਅਵਸਥਾ ਵਿਚ 'ਆਈਆ' ਅਨਿਸਚਿਤ ਭੂਤਕਾਲ ਦੀ ਬਹੁ-ਵਚਨੀ ਇਸਤਰੀ-ਲਿੰਗ ਕ੍ਰਿਆ ਹੈ। ਇਸ ਦੇ ਅੰਤਲੇ ਬਹੁ-ਵਚਨ ਦੇ ਸੂਚਕ ਭਾਵਾਂਸ਼ 'ਆ' ਦਾ ਉਚਾਰਣ ਨਾਸਕੀ ਹੈ ਅਤੇ ਅਰਥ 'ਆਈਆਂ' ਹੈ। ਉਪਰੋਕਤ ਸਥਿਤੀ ਸਪੱਸ਼ਟ ਹੈ ਅਤੇ ਇਸ ਬਾਰੇ ਕਿਸੇ ਟਪਲੇ ਦੀ ਸੰਭਾਵਨਾ ਨਹੀਂ।

ਕ੍ਰਿਆ 'ਆਈਆ' ਦਾ ਏਹੀ ਰੂਪ ਉਪਰ 'ਅ' ਸਾਹਮਣੇ ਅੰਕਿਤ ਉਦਾਹਰਣ ਵਿਚ ਇਕ-ਵਚਨ, ਇਸਤਰੀ-ਲਿੰਗ ਨਾਂਵ ਨਾਲ ਵੀ ਵਰਤਿਆ ਹੋਇਆ ਹੈ, ਜਿਸ ਤੋਂ ਜਨ-ਸਾਧਾਰਨ ਨੂੰ ਟਪਲਾ ਲੱਗਣ ਦੀ ਸੰਭਾਵਨਾ ਹੋ ਸਕਦੀ ਹੈ। ਸੋ, ਇਸ ਹਾਲਤ ਵਿਚ 'ਆਈਆ' ਕ੍ਰਿਆ ਦੀ ਬਣਤਰ ਬਾਰੇ ਜਾਣਕਾਰੀ ਥੱਲੇ ਦਿੱਤੀ ਜਾਂਦੀ ਹੈ।

ਇਕ-ਵਚਨ ਇਸਤਰੀ-ਲਿੰਗ ਨਾਂਵ ਨਾਲ ਵਰਤਿਆ ਕ੍ਰਿਆਵੀ-ਰੂਪ 'ਆਈਆ' ਵਾਸਤਵ ਵਿਚ ਤਿੰਨ ਵੱਖਰੇ ਵੱਖਰੇ ਕ੍ਰਿਆਵੀ-ਅੰਸ਼ਾਂ (ਆ + ਈ + ਆ) ਦਾ ਸੰਮਿਲਤ-ਰੂਪ ਹੈ। ਇਸ ਦੀ ਬਣਤਰ ਦਾ ਵੇਰਵਾ ਥੱਲੜੇ ਚਿੱਤ੍ਰ ਵਿਚ ਦਿੱਤਾ ਜਾਂਦਾ ਹੈ :

ਕ੍ਰਿਆ-ਮੂਲ	*ਅਨਿਸਚਿਤ ਭੂਤਕਾਲ ਦੀ ਇਕ-ਵਚਨੀ, ਇਸਤਰੀ-ਲਿੰਗ ਕ੍ਰਿਆ*	*ਸਮੀਪੀ ਭੂਤਕਾਲ ਦੀ ਇਸਤਰੀ-ਲਿੰਗ, ਇਕ-ਵਚਨੀ ਕ੍ਰਿਆ ਦਾ ਰੂਪ*	*ਅਰਥ*
੧	੨	੩	੪
ਆ	ਆ + ਈ (ਆਈ)	ਆ + ਈ + ਆ	ਆਈ ਹੈ।

ਉਪਰਲੇ ਚਿੱਤ੍ਰ ਦੇ ਕਾਲਮ ਨੰ: ੩ ਤੋਂ ਭਲੀ ਪ੍ਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਇਸਤਰੀ-ਲਿੰਗ, ਇਕ-ਵਚਨ ਨਾਂਵ ਨਾਲ ਵਰਤਿਆ ਕ੍ਰਿਆਵੀ ਰੂਪ 'ਆਈਆ' ਦਾ ਪਹਿਲਾ ਅੰਸ਼ 'ਆ' ਕ੍ਰਿਆ-ਮੂਲ ਦਾ ਵਾਚਕ ਹੈ, ਦੂਜਾ ਅੰਸ਼ 'ਈ' ਇਸਤਰੀ-ਲਿੰਗ ਵਾਚੀ ਅਨਿਸਚਿਤ ਭੂਤਕਾਲ ਦਾ ਅਤੇ ਅੰਤਲਾ 'ਆ' ਸਮੀਪੀ ਭੂਤਕਾਲ ਦਾ ਇਕ-ਵਚਨੀ ਕਾਲ-ਬੋਧਕ ਅੰਸ਼ ਹੈ। ਇਸ ਅਨੁਸਾਰ ਇਹ ਕ੍ਰਿਆਵੀ-ਰੂਪ ਵਾਸਤਵ ਵਿਚ ਸਮੀਪੀ ਭੂਤਕਾਲ ਦੀ ਇਸਤਰੀ-ਲਿੰਗ, ਇਕ-ਵਚਨ ਕ੍ਰਿਆ ਹੈ।

ਸਮੀਪੀ ਭੂਤਕਾਲ ਦੇ ਸਾਹਿਤਕ ਕਾਲ-ਬੋਧਕ ਅੰਸ਼ ਹਨ, 'ਹੈ' (ਇਕ-ਵਚਨ) ਅਤੇ 'ਹਨਿ' (ਬਹੁ-ਵਚਨ), ਪਰ ਇਹਨਾਂ ਦੇ ਇਲਾਕਾਈ ਰੂਪ ਸਾਹਿਤਕ ਰੂਪ ਤੋਂ ਵਿਭਿੰਨ ਹਨ; ਜਿਵੇਂ :

ਸਾਹਿਤਕ ਰੂਪ		*ਇਲਾਕਾਈ ਰੂਪ*	
ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਆਈ ਹੈ	ਆਈਆਂ ਹਨ	ਆਈ ਆ	ਆਈਆਂ ਵਾ
		ਆਈ ਐ	ਆਈਆਂ ਨੇ

ਉਪਰੋਕਤ ਵੀਚਾਰ ਦੇ ਚਾਨਣ ਵਿਚ ਵਿਚਾਰ-ਅਧੀਨ ਸ਼੍ਰੇਣੀ ਦੀਆਂ ਕ੍ਰਿਆਵਾਂ ਵਾਲੀਆਂ ਗੁਰਬਾਣੀ ਦੀਆਂ ਉਦਾਹਰਣਾਂ ਦੇ ਕੇ ਉਹਨਾਂ ਵਿਚ ਇਕੱਲੀ ਇਕੱਲੀ ਕ੍ਰਿਆ ਦਾ ਪਦ-ਛੇਦ ਰੂਪ ਅਤੇ ਅਰਥ ਥੱਲੇ ਦਿੱਤੇ ਜਾਂਦੇ ਹਨ :

ਸਮੀਪੀ ਭੂਤਕਾਲ ਦੀਆਂ ਇਕ-ਵਚਨ ਇਸਤਰੀ-ਲਿੰਗ ਕ੍ਰਿਆਵਾਂ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ

੧. **ਸਤਿਗੁਰ ਕੀ ਸੇਵਾ ਨ 'ਕੀਤੀਆ' ਅੰਤਿ ਗਇਆ ਪਛੁਤਾਈ ॥ਪਉੜੀ ੮॥** *(ਪੰਨਾ ੫੧੧)*

੨. **ਸਤਿਗੁਰ ਕੀ ਸੇਵ ਨ 'ਕੀਤੀਆ' ਸਬਦਿ ਨ ਲਗੋ ਭਾਉ ॥ਸਲੋਕ ੨॥ਪਉੜੀ ੩॥** *(ਪੰਨਾ ੮੫੦)*

੩. **ਸਿਫਤਿ ਜਿਨਾ ਕਉ 'ਬਖਸੀਐ' ਸੇਈ ਪੋਤੇਦਾਰ ॥ਸਲੋਕ ੨॥ਪਉੜੀ ੫॥** *(ਪੰਨਾ ੧੨੩੯)*

੪. **ਕੁੰਜੀ ਜਿਨ ਕਉ 'ਦਿਤੀਆ' ਤਿਨ੍ ਮਿਲੇ ਭੰਡਾਰ ॥ਸਲੋਕ ੨॥ਪਉੜੀ ੫॥** *(ਪੰਨਾ ੧੨੩੯)*

੫. **ਧਨ ਹਰਿ ਪ੍ਰਭਿ ਪਿਆਰੈ 'ਰਾਵੀਆ' ਜਾਂ ਹਰਿ ਪ੍ਰਭ ਭਾਈ ਰਾਮ ॥੩॥੪॥** *(ਪੰਨਾ ੮੪੫)*

੬. **ਕੀਮਤਿ ਕਿਨੈ ਨ 'ਪਾਈਆ' ਕਹਣਿ ਨ ਵਡਾ ਹੋਇ ॥੩॥੩॥** *(ਪੰਨਾ ੧੫)*

(ਨ) ਕੀਤੀਆ — (ਨ) ਕੀਤੀ + ਆ — ਨਹੀਂ ਕੀਤੀ ਹੈ।
ਬਖਸੀਐ — ਬਖਸੀ + ਐ — ਬਖ਼ਸ਼ੀ ਹੋਈ ਹੈ।
ਦਿਤੀਆ — ਦਿਤੀ + ਆ — ਦਿੱਤੀ ਹੋਈ ਹੈ।
ਰਾਵੀਆ — ਰਾਵੀ + ਆ — ਰਾਵੀ ਹੈ।
(ਨ) ਪਾਈਆ — (ਨ) ਪਾਈ + ਆ — ਨਹੀਂ ਪਾਈ ਹੈ।

ਉਪਰੋਕਤ ਕਿਸਮ ਦੀਆਂ ਕੁਝ ਹੋਰ ਕ੍ਰਿਆਵਾਂ :

ਪ੍ਰਗਾਸੀਆ (ਸਲੋਕ ੨॥੧੬॥, ਪੰਨਾ ੩੦੯)
ਭਾਈਆ (੪॥੧੬॥, ਪੰਨਾ ੪੪੯)
ਧਾਰੀਆ (੨॥੨॥, ਪੰਨਾ ੨੪੮)
ਮੇਲੀਆ (ਸ.੧॥੧॥, ਪੰਨਾ ੭੦੩)
ਤੁਟੜੀਆ (ਸ.੨॥ਪਉੜੀ ੪॥, ਪੰਨਾ ੭੦੬)

੧. **ਤੁਧੁ ਆਪੇ ਧਰਤੀ 'ਸਾਜੀਐ' ਚੰਦੁ ਸੂਰਜੁ ਦੁਇ ਦੀਵੇ ॥ਪਉੜੀ ੩॥** *(ਪੰਨਾ ੮੩)*

੨. **ਤੂੰ ਜਾਣਹਿ ਜਿਨਿ 'ਉਪਾਈਐ' ਸਭੁ ਖੇਲੁ ਤੁਮਾਤੀ ॥ਪਉੜੀ ੧॥** *(ਪੰਨਾ ੧੩੮)*

੩. **ਇਕਨਿ ਕਿਨੈ 'ਚਾਲੀਐ' ਦਰਵੇਸਾਵੀ ਰੀਤਿ ॥੧੧੮॥** *(ਪੰਨਾ ੧੩੮੪)*

੪. **ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ 'ਧਾਰੀਐ' ॥ਪਉੜੀ ੨੦॥** *(ਪੰਨਾ ੪੭੪)*

ਸਾਜੀਐ — ਸਾਜੀ + ਐ — ਸਾਜੀ ਹੋਈ ਹੈ।
ਉਪਾਈਐ — ਉਪਾਈ + ਐ — ਉਪਾਈ ਹੋਈ ਹੈ।
ਚਾਲੀਐ — ਚਾਲੀ + ਐ — ਚਲੀ ਹੈ।
ਧਾਰੀਐ — ਧਾਰੀ + ਐ — ਧਾਰੀ ਹੈ।

ਅਨਿਸਚਿਤ ਭੂਤਕਾਲ ਦੀਆਂ ਬਹੁ-ਵਚਨ, ਇਸਤਰੀ-ਲਿੰਗ ਕ੍ਰਿਆਵਾਂ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ

੧. ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ 'ਪਲੀਆਂ' ॥੫੫॥ *(ਪੰਨਾ ੧੩੮੦)*

੨. ਬਾਜ ਪਏ ਤਿਸੁ ਰਬ ਦੇ ਕੇਲਾਂ 'ਵਿਸਰੀਆਂ' ॥੬੬॥ *(ਪੰਨਾ ੧੩੮੩)*

੩. ਚਲਿ ਚਲਿ 'ਗਈਆਂ' ਪੰਖੀਆਂ ਜਿਨ੍ਹੀ ਵਸਾਏ ਤਲ ॥੬੬॥ *(ਪੰਨਾ ੧੩੮੧)*

੪. ਅਉਘਟ ਰੁਧੇ ਰਾਹ ਗਲੀਆਂ 'ਰੋਕੀਆਂ' ॥ਪਉੜੀ ੨੩॥ *(ਪੰਨਾ ੧੨੮੮)*

੫. ਮੈ ਚਾਰੇ ਕੁੰਡਾ 'ਭਾਲੀਆ' ਤੁਧੁ ਜੇਵਡੁ ਨ ਸਾਈਆ ॥ਪਉੜੀ ੧੨॥ *(ਪੰਨਾ ੧੦੬੮)*

੬. ਨਾਨਕ 'ਲਧੜੀਆ' ਤਿੰਨਾਹ ਜਿਨਾ ਭਾਗੁ ਮਥਾਹੜੈ ॥ਸਲੋਕ ੨॥ਪਉੜੀ ੨੧॥ *(ਪੰਨਾ ੧੧੦੧)*

੭. ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ 'ਆਈਆ' ॥੧॥ *(ਪੰਨਾ ੯੧੭)*

੮. ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ 'ਗਵਾਈਆ' ॥੪॥ *(ਪੰਨਾ ੯੧੭)*

੯. ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ 'ਲੁਭਾਈਆ' ॥ਪਉੜੀ ੬॥ *(ਪੰਨਾ ੧੦੬੬)*

ਉਪਰੋਕਤ ਸਾਰੀਆਂ ਉਦਾਹਰਣਾਂ ਵਿਚ ਅਨਿਸਚਿਤ ਭੂਤਕਾਲ ਦੀਆਂ ਇਸਤਰੀ-ਲਿੰਗ, ਬਹੁ-ਵਚਨੀ ਕ੍ਰਿਆ ਹਨ, ਜੋ ਕ੍ਰਿਆ-ਮੂਲ ਦੇ ਨਾਲ ਕ੍ਰਿਆਵੀ ਪਿਛੇਤਰ 'ਈ + ਆ' ਲੱਗ ਕੇ ਬਣੀਆਂ ਹਨ। ਕ੍ਰਿਆਵੀਂ ਪਿਛੇਤਰ ਦਾ ਪਹਿਲਾ ਅੰਸ਼ 'ਈ' ਇਸਤਰੀ-ਲਿੰਗ ਅਨਿਸਚਿਤ ਭੂਤਕਾਲ ਦਾ ਵਾਚਕ ਹੈ ਅਤੇ ਦੂਜਾ 'ਆ' ਭੂਤਕਾਲ ਬਹੁ-ਵਚਨ ਦਾ ਕਾਲ-ਬੋਧਕ ਅੰਸ਼ ਹੈ। ਅਨਿਸਚਿਤ ਭੂਤਕਾਲ ਦੀਆਂ ਇਸਤਰੀ-ਲਿੰਗ, ਬਹੁ-ਵਚਨੀ ਕ੍ਰਿਆਵਾਂ ਦੇ ਅੰਤਲੇ ਕਾਲ-ਬੋਧਕ ਅੰਸ਼ ਦਾ ਉਚਾਰਣ ਸਦਾ ਨਾਸਕੀ ਹੁੰਦਾ ਹੈ।

ਨੋਟ : ਗੁਰਬਾਣੀ ਦੀਆਂ ਉਪਰੋਕਤ ਪਹਿਲੀਆਂ ਚਾਰ ਉਦਾਹਰਣਾਂ ਵਿਚ 'ਆਈਆਂ' ਕ੍ਰਿਆਵਾਂ ਦਾ ਅੰਤਲਾ ਕਾਲ-ਬੋਧਕ ਅੰਸ਼ ਬਿੰਦੇ ਸਹਿਤ ਹੈ। ਇਸ ਤੋਂ ਸੇਧ ਲੈ ਕੇ ਬਾਕੀ ਉਦਾਹਰਣਾਂ ਵਿਚ ਵੀ ਉਚਾਰਣ ਨਾਸਕੀ ਕੀਤਾ ਜਾਣਾ ਹੀ ਸ਼ੁਧ ਹੈ।

੧੬.੭.੨ ਵਰਤਮਾਨ ਕਾਲ

(ੳ) ਲੱਛਣ

ਕਾਲ ਦੀ ਅਜਿਹੀ ਕਿਸਮ, ਜਿਸ ਤੋਂ ਕਿਸੇ ਕੰਮ ਦੇ, ਚਾਲੂ ਸਮੇਂ ਵਿਚ ਵਾਪਰਨ ਬਾਰੇ ਸੰਕੇਤ ਮਿਲੇ।

(ਅ) ਸਾਧਾਰਨ ਉਦਾਹਰਣਾਂ

- ਗੁਰਮੁਖ ਸੁਆਸ ਸੁਆਸ ਨਾਮ 'ਜਪਦੇ ਹਨ'।
- ਸ੍ਰੀ ਹਰਿਮੰਦਰ ਸਾਹਿਬ ਵਿਚ ਦਿਨ-ਰਾਤ ਹਰਿ-ਜਸ਼ ਦਾ ਪ੍ਰਵਾਹ 'ਚਲਦਾ ਰਹਿੰਦਾ ਹੈ'।
- ਸੰਗਤ ਲੰਗਰ ਛਕ ਰਹੀ ਹੈ।

- ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁਧਵਾਰ ਅਤੇ ਐਤਵਾਰ ਨੂੰ ਅੰਮ੍ਰਿਤ-ਸਿੰਚਾਰ ਹੁੰਦਾ ਹੈ।
- ਮੇਰਾ ਮਨ ਸਤਿਗੁਰਾਂ ਦੇ ਦਰਸ਼ਨਾਂ ਲਈ ਹਰਦਮ 'ਤਾਂਘਦਾ ਰਹਿੰਦਾ ਹੈ'।

(ਏ) ਵਰਤਮਾਨ-ਕਾਲੀ ਕ੍ਰਿਆ ਦੀ ਰੂਪ-ਸਾਧਨਾ

ਧਾਤੂ	*ਇਕ-ਵਚਨ*			*ਬਹੁ-ਵਚਨ*	
ਉਤਮ ਪੁਰਖ (First Person)					
ਕਰ	ਕਰਉ* / ਕਰਊ*	ਕਰਈ* / ਕਰੀ*	ਕਰਤ, ਕਰਤ ਹਉ* / ਕਰਿ ਹਉ*	ਕਰਾ*	ਕਰਹ* / ਕਰਹਾ* ; ਕਰਿਹਾ* / ਕਰੇਹਾ*
ਧਿਆਵ	ਧਿਆਵਉ* / ਧਿਆਵਊ*	ਧਿਆਵਈ*	ਧਿਆਵਾ*		ਧਿਆਵਹ* / ਧਿਆਵਹਾ*
ਲਾ	ਲਾਉ* / ਲਾਊ*	ਲਾਈ*			
ਹੋ	ਹੋ* / ਹਉ*			ਹਾ*	
ਮਧਮ ਪੁਰਖ (Second Person)					
ਕਰ	ਕਰਹਿ(ਨ)	ਕਰਹੀ(ਨ)	ਕਰੇਹਿ(ਨ) / ਕਰੇਹੀ(ਨ)	ਕਰਸਿ	ਕ਼ਰਹੁ ; ਕਰਿਹੁ / ਕਰੇਹੁ
	ਕਰਤ				
ਧਿਆਵ	ਧਿਆਵਹਿ* / ਧਿਆਵਹੇ*	ਧਿਆਵਹੀ*		ਧਿਆਵਸਿ	ਧਿਆਵਹੁ ਧਿਆਵਹੋ
	ਧਿਆਵਤ				
ਲਾ	ਲਾਇਹਿ* / ਲਾਏਹਿ*				ਲਾਇਹੁ
ਹੋ	ਹੈ* / ਹਹਿ*				ਹਹੁ, ਹੋ, ਹੋਹੁ
ਅਨ-ਪੁਰਖ (Third Person)					
ਕਰ	ਕਰਇ / ਕਰੇਇ	ਕਰਈ / ਕਰੇਈ	ਕਰਤ / ਕਰੰਤ	ਕਰਤੁ ਹੈ / ਕਰਤ ਹੈ	ਕਰਹਿ* / ਕਰੇਹਿ* ; ਕਰਹੀ* / ਕਰੇਹੀ* ; ਕਰਨਿ / ਕਰੰਨਿ / ਕਰੇਨਿ
	ਕਰਸਿ, ਕਰੇ, ਕਰੈ				

*ਅੰਤਲੀ ਧੁਨੀ ਦਾ ਉਚਾਰਨ ਨਾਸਕੀ ਹੈ।

ਧਾਤੁ	ਇਕ-ਵਚਨ			ਬਹੁ-ਵਚਨ	
ਧਿਆਵ	ਧਿਆਵਏ, ਧਿਆਵਈ, ਧਿਆਵਤ,			ਧਿਆਵਹਿ* / ਧਿਆਵਹੇ*	ਧਿਆਵਹੀ*
	ਧਿਆਵਤੁ ਹੈ / ਧਿਆਵਤ ਹੈ	ਧਿਆਵਸਿ	ਧਿਆਵੈ / ਧਿਆਵਏ	ਧਿਆਵਨਿ,	ਧਿਆਵਨੀ
ਲਾ	ਲਾਇ / ਲਾਏ / ਲਾਏਇ	ਲਾਈ		ਲਾਇਹਿ* / ਲਾਏਹਿ*	ਲਾਇਨਿ / ਲਾਏਨਿ ਲਾਇਨੀ
ਹੋ	ਹੋਇ / ਹੋਏ	ਹੋਈ,	ਹੋਤ / ਹੋਤਾ, ਹੋਤੁ ਹੈ / ਹੋਤ ਹੈ,	ਹੋਵਸਿ ਹੈ	ਹੈ* / ਹਹਿ* ਹੈਨਿ / ਹਨਿ
ਭਣ	ਭਣਤ	ਭਣਤਿ			
ਬਿਨਵ	ਬਿਨਵੰਤ	ਬਿਨਵੰਤਿ			

੧੮.੭.੨ ਵਰਤਮਾਨ ਕਾਲ—ਗੁਰਬਾਣੀ ਦੀਆਂ ਉਦਾਹਰਣਾਂ

੧੮.੭.੨.੧ ਉਤਮ ਪੁਰਖ

੧੮.੭.੨.੧.੧ *ਇਕ-ਵਚਨ*

(੧) ਕ੍ਰਿਆ-ਮੂਲ ਦੇ ਅੰਤ ਵਿਚ 'ਤ' ਜਾਂ 'ਤਾ' ਜੋੜਿਆਂ

੧. ਗੁਰ ਚਰਣ ਲਾਗਿ ਹਮ 'ਬਿਨਵਤਾ' 'ਪੂਛਤ' ਕਹ ਜੀਉ ਪਾਇਆ ॥੧॥੧॥ *(ਪੰਨਾ ੪੭੫)*

੨. ਮੁਖ ਕੀ ਬਾਤ ਸਗਲ ਸਿਉ 'ਕਰਤਾ' ॥
ਜੀਅ ਸੰਗਿ ਪ੍ਰਭੁ ਅਪੁਨਾ 'ਧਰਤਾ' ॥੨॥੫੪॥ *(ਪੰਨਾ ੩੮੪)*
[ਹਮ ਬਿਨਵਤਾ—ਮੈਂ ਬੇਨਤੀ ਕਰਦਾ ਹਾਂ, ਪੂਛਤ—ਮੈਂ ਪੁਛਦਾ ਹਾਂ,
ਕਰਤਾ—ਮੈਂ ਕਰਦਾ ਹਾਂ, ਧਰਤਾ—ਮੈਂ ਧਰਦਾ ਹਾਂ।]

੩. ਮੋ ਕਉ ਕੋਇ ਨ ਜਾਨਤ 'ਕਹੀਅਤ' ਦਾਸੁ ਤੁਮਾਰਾ ॥ਰਹਾਉ॥੨੨॥ *(ਪੰਨਾ ੧੦੦੫)*
[ਕਹੀਅਤ—ਮੈਂ ਕਿਹਾ ਜਾਂਦਾ ਹਾਂ (ਕਰਮਨੀ ਵਾਚ)]

(੨) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਦਾ' ਜੋੜਿਆਂ

ਪੁਲਿੰਗ

੧. ਹਉ ਗੁਰ ਮਿਲਿ ਇਕੁ 'ਪਛਾਣਦਾ' ॥
ਦੂਯਾ ਕਾਗਲੁ ਚਿਤਿ ਨ 'ਜਾਣਦਾ' ॥੩॥ *(ਪੰਨਾ ੭੩)*

੨. ਹਉ ਵਾਰੀ ਘੁੰਮਾ 'ਜਾਵਦਾ' ॥
ਇਕ ਸਾਹਾ ਤੁਧੁ 'ਧਿਆਇਦਾ' ॥੬॥ *(ਪੰਨਾ ੭੩)*

*ਅੰਤਲੀ ਧੁਨੀ ਦਾ ਉਚਾਰਨ ਨਾਸਕੀ ਹੈ।

੩. ਹਰਿ ਇਠੈ ਨਿਤ 'ਧਿਆਇਦਾ' ॥
ਮਨਿ ਚਿੰਦੀ ਸੋ ਫਲੁ 'ਪਾਇਦਾ' ॥੭॥ *(ਪੰਨਾ ੭੩)*
[ਪਛਾਣਦਾ—ਮੈਂ ਪਛਾਣਦਾ ਹਾਂ, ਨ ਜਾਣਦਾ—ਮੈਂ ਨਹੀਂ ਜਾਣਦਾ ਹਾਂ,
ਜਾਵਦਾ—ਮੈਂ ਜਾਂਦਾ ਹਾਂ, ਧਿਆਇਦਾ—ਮੈਂ ਧਿਆਉਂਦਾ ਹਾਂ,
ਪਾਇਦਾ—ਮੈਂ ਪਾਉਂਦਾ ਹਾਂ।]

(੩) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਦੀ' ਜੋੜਿਆਂ

੧. ਹਉ 'ਢੂੰਢੇਂਦੀ' ਸਜਣਾ ਸਜਣੁ ਮੈਡੈ ਨਾਲਿ ॥ਸ.੧॥ਪਉੜੀ ੧੫॥ *(ਪੰਨਾ ੧੩੧੮)*

੨. ਹਉ 'ਢੂਢੇਦੀ' ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥੧॥੧੮॥ *(ਪੰਨਾ ੭੧੫)*

੩. ਹਉ 'ਢੂਢੇਦੀ' ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥ਸ.੨॥ਪਉੜੀ ੬॥
[ਢੂੰਢੇਂਦੀ—ਮੈਂ ਢੂੰਢਦੀ ਫਿਰਦੀ ਹਾਂ] *(ਪੰਨਾ ੫੨੦)*

ਨੋਟ : ਵਿਚਕਾਰਲੇ 'ਢ' ਨੂੰ ਲੱਗੇ ਸੁਰ ਦਾ ਉਚਾਰਣ ਨਾਸਕੀ।

(੪) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਟਿੱਪੀ (◌ੰ) ਲਾ ਕੇ ਫਿਰ ਪਿਛੇਤਰ 'ਦਾ' ਜੋੜਿਆਂ

ਪੁਲਿੰਗ

੧. ਲਖਮੀ ਤੋਟਿ ਨ ਆਵਈ ਖਾਇ ਖਰਚਿ 'ਰਹੰਦਾ' ॥...
ਸਭੇ ਕਾਜ ਸਵਾਰਿਐ ਜਾ ਤੁਧੁ 'ਭਾਵੰਦਾ' ॥ਪਉੜੀ ੭॥ *(ਪੰਨਾ ੧੦੯੬)*
[ਖਾਇ ਖਰਚਿ ਰਹੰਦਾ—ਖ਼ਰਚਦਾ ਖਾਂਦਾ ਰਹਿੰਦਾ ਹਾਂ, ਤੁਧੁ ਭਾਵੰਦਾ—ਮੈਂ ਤੈਨੂੰ ਭਾਂਵਦਾ ਹਾਂ]

(੫) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਉ' ਜੋੜਿਆਂ

ਪੁਲਿੰਗ

੧. ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ 'ਕਰਉ' ਗੁਰ ਪਾਸਿ ॥੧॥੪॥ *(ਪੰਨਾ ੧੦)*

੨. ਸਗਲ ਸੰਤਨ ਪਹਿ ਵਸਤੁ ਇਕ 'ਮਾਂਗਉ' ॥
'ਕਰਉ' ਬਿਨੰਤੀ ਮਾਨੁ 'ਤਿਆਗਉ' ॥੧॥੧੮॥ *(ਪੰਨਾ ੯੯)*

੩. ਭਗਤਿ 'ਕਰਉ' ਹਰਿ ਕੇ ਗੁਨ 'ਗਾਵਉ' ॥
ਆਠ ਪਹਰ ਅਪਨਾ ਖਸਮੁ 'ਧਿਆਵਉ' ॥੩॥੩॥ *(ਪੰਨਾ ੪੮੫)*

੪. ਬਰਨਿ ਨ 'ਸਾਕਉ' ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥੨॥੧੨੮॥ *(ਪੰਨਾ ੨੦੭)*
[ਕਰਉ—ਮੈਂ ਕਰਦਾ ਹਾਂ, ਮਾਂਗਉ—ਮੈਂ ਮੰਗਦਾ ਹਾਂ,
ਤਿਆਗਉ—ਮੈਂ ਤਿਆਗਦਾ ਹਾਂ, ਗਾਵਉ—ਮੈਂ ਗਾਉਂਦਾ ਹਾਂ,
ਧਿਆਵਉ—ਮੈਂ ਧਿਆਂਵਦਾ ਹਾਂ, ਬਰਨ ਨ ਸਾਕਉ—ਮੈਂ ਵਰਣਨ ਨਹੀਂ ਕਰ ਸਕਦਾ।]

ਨੋਟ : ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।

(੬) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਲਾਂ (◌ਾਂ) ਲਾ ਕੇ 'ਉ' ਪਿਛੇਤਰ ਜੋੜਿਆਂ

ਇਸਤਰੀ ਲਿੰਗ

੧. ਆਵਉ ਵੰਞਉ ਭੁੰਮਣੀ ਕਿਤੀ ਮਿਤ੍ਰ 'ਕਰੇਉ' ॥੧॥੬॥ *(ਪੰਨਾ ੧੦੧੪)*

੨. **ਕਿਤੀ ਚਖਉ ਸਾਡੜੇ ਕਿਤੀ ਵੇਸ 'ਕਰੇਉ'॥੫॥੬॥** *(ਪੰਨਾ ੧੦੧੫)*

੩. **ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੁਰੇਦੀ 'ਝੁਰੇਉ'॥੫॥੬॥** *(ਪੰਨਾ ੧੦੧੫)*
[ਕਰੇਉ—ਮੈਂ ਕਰਦੀ ਹਾਂ, ਕਰੇਉ—ਮੈਂ ਕਰਦੀ ਹਾਂ, ਝੁਰੇਉ—ਮੈਂ ਝੁਰਦੀ ਰਹਿੰਦੀ ਹਾਂ।]

ਨੋਟ : ਅੰਤਲੇ 'ਉ' ਦਾ ਉਚਾਰਣ ਨਾਸਕੀ।

(੭) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਊ' ਜੋੜਿਆਂ

ਪੁਲਿੰਗ

੧. **ਤਿਸੁ ਬਿਨੁ ਘੜੀ ਨ 'ਜੀਵਊ' ਬਿਨੁ ਨਾਵੈ ਮਰਿ ਜਾਉ॥੨॥੮॥** *(ਪੰਨਾ ੫੮)*

੨. **ਸੇਵਾ ਕਛੂ ਨ 'ਜਾਨਊ' ਨੀਚ ਮੂਰਖਾਰੇ॥੧॥੩੪॥** *(ਪੰਨਾ ੮੦੬)*

੩. **ਹਉ ਗੁਰ ਸਾਲਾਹਿ ਨ 'ਰਜਊ' ਮੈ ਮੇਲੇ ਹਰਿ ਪ੍ਰਭੁ ਪਾਸਿ॥੨॥੬੮॥** *(ਪੰਨਾ ੪੧)*
[ਨ ਜੀਵਊ—ਮੈਂ ਜੀਉਂ ਨਹੀਂ ਸਕਦਾ, ਨ ਜਾਨਊ—ਮੈਂ ਨਹੀਂ ਜਾਣਦਾ,
ਨ ਰਜਊ—ਮੈਂ ਨਹੀਂ ਰਜਦਾ ਭਾਵ ਮੇਰਾ ਰਜ ਨਹੀਂ ਹੁੰਦਾ]

ਨੋਟ : ਅੰਤਲੇ 'ਊ' ਦਾ ਉਚਾਰਣ ਨਾਸਕੀ।

(੮) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ (ਾ) ਜੋੜਿਆਂ

ਪੁਲਿੰਗ

੧. **ਦੁਇ ਦੁਇ ਲੋਚਨ 'ਪੇਖਾ'॥**
ਹਉ ਹਰਿ ਬਿਨੁ ਅਉਰੁ ਨ 'ਦੇਖਾ'॥੧॥੪॥ *(ਪੰਨਾ ੬੫੫)*

੨. **ਕਹੁ ਭੀਖਨ ਦੁਇ ਨੈਨ ਸੰਤੋਖੇ ਜਹ 'ਦੇਖਾਂ' ਤਹ ਸੋਈ॥੨॥੨॥** *(ਪੰਨਾ ੬੫੯)*

੩. **ਫਰੀਦਾ ਦਰ ਦਰਵੇਸੀ ਗਾਖੜੀ 'ਚਲਾਂ' ਦੁਨੀਆਂ ਭਤਿ॥੨॥** *(ਪੰਨਾ ੧੩੭੮)*
[ਪੇਖਾ—ਮੈਂ ਵੇਖਦਾ ਹਾਂ, ਨ ਦੇਖਾ—ਮੈਂ ਨਹੀਂ ਵੇਖਦਾ, ਚਲਾਂ—ਮੈਂ ਚਲਦਾ ਹਾਂ।]

ਇਸਤਰੀ-ਲਿੰਗ

੧. **ਪੰਥੁ 'ਦਸਾਵਾ' ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ॥੨॥੧੬॥** *(ਪੰਨਾ ੪੪੯)*

੨. **ਹਉ 'ਜਾਇ ਪੁਛਾ' ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ॥੩॥੩॥** *(ਪੰਨਾ ੫੬੧)*
[ਦਸਾਵਾ—(ਅੰਤਲੇ ਸੁਰ ਦਾ ਉਚਾਰਣ ਨਾਸਕੀ) ਮੈਂ ਪੁਛਦੀ ਹਾਂ,
ਜਾਇ ਪੁਛਾ—(ਅੰਤਲੇ ਸੁਰ ਦਾ ਉਚਾਰਣ ਨਾਸਕੀ) ਮੈਂ ਜਾ ਪੁਛਦੀ ਹਾਂ।]

ਕੁਝ ਸੰਜੁਕਤ ਕ੍ਰਿਆਵਾਂ

ਪੁਲਿੰਗ

੧. **ਹਰਿ ਕੀ ਵਡਿਆਈ ਹਉ 'ਆਖਿ ਨ ਸਾਕਾ' ਹਉ ਮੂਰਖੁ ਮੁਗਧੁ ਨੀਚਾਣੁ॥੪॥੨੪॥** *(ਪੰਨਾ ੭੩੬)*

ਇਸਤਰੀ-ਲਿੰਗ

੧. **ਤੁਧੁ ਬਾਝੁ ਇਕੁ ਤਿਲੁ 'ਰਹਿ ਨ ਸਾਕਾ' ਕਹਣਿ ਸੁਨਣਿ ਨ ਧੀਜਏ॥੨॥੧॥** *(ਪੰਨਾ ੪੩੬)*

(੯) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ (ੀ) ਜੋੜਿਆਂ

ਪੁਲਿੰਗ

੧. **'ਸੇਵੀ' ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ॥੪॥੧॥** *(ਪੰਨਾ ੬੬੦)*

੨. **ਗੁਰੁ ਗੁਰੁ 'ਜਪੀ' ਗੁਰੂ ਗੁਰੁ 'ਧਿਆਈ'॥**
ਜੀਅ ਕੀ ਅਰਦਾਸਿ ਗੁਰੂ ਪਹਿ 'ਪਾਈ'॥ਰਹਾਉ॥੮॥ *(ਪੰਨਾ ੩੯੬)*

੩. **ਕਰਿ ਕਿਰਪਾ ਪ੍ਰਤਿਪਾਲਣ ਲਾਗਾ 'ਕਰੀ' ਤੇਰਾ ਕਰਾਇਆ॥ਰਹਾਉ॥੭॥** *(ਪੰਨਾ ੬੨੭)*

੪. **ਤੁਮਰਾ ਦੀਆ ਪੈਨ੍ਹਉ 'ਖਾਈ'॥**
ਤਉ ਪ੍ਰਸਾਦਿ ਪ੍ਰਭ ਸੁਖੀ 'ਵਲਾਈ'॥੨॥੬੦॥ *(ਪੰਨਾ ੩੮੬)*

੫. **ਅਪੁਨੇ ਸਤਿਗੁਰ ਕਉ ਸਦ ਬਲਿ 'ਜਾਈ'॥**
ਗੁਰ ਕਿਰਪਾ ਤੇ ਹਰਿ ਮੰਨਿ 'ਵਸਾਈ'॥੧॥੧॥ *(ਪੰਨਾ ੬੬੩)*
[ਸੇਵੀ—ਮੈਂ ਸੇਂਵਦਾ ਹਾਂ, ਜਪੀ—ਮੈਂ ਜਪਦਾ ਹਾਂ, ਧਿਆਈ—ਮੈਂ ਧਿਆਉਂਦਾ ਹਾਂ,
ਪਾਈ—ਮੈਂ ਪਾਉਂਦਾ ਹਾਂ, ਕਰੀ—ਮੈਂ ਕਰਦਾ ਹਾਂ, ਖਾਈ—ਮੈਂ ਖਾਂਦਾ ਹਾਂ,
ਵਲਾਈ—ਮੈਂ ਗੁਜ਼ਾਰਦਾ ਹਾਂ, ਜਾਈ—ਮੈਂ ਜਾਂਦਾ ਹਾਂ, ਵਸਾਈ—ਮੈਂ ਵਸਾਂਦਾ ਹਾਂ।]

ਨੋਟ : ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।

੧੮.੭.੨.੧ ਉਤਮ ਪੁਰਖ

੧੮.੭.੨.੧.੨ ਬਹੁ-ਵਚਨ

(੧) ਕਰਮਨੀ ਵਾਚ ਕ੍ਰਿਆ-ਮੂਲ ਦੇ ਅੰਤ 'ਚ 'ਤ' ਜੋੜਿਆਂ

੧. **ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥**
ਹਮ 'ਕਹੀਅਤ' ਕਲਿਜੁਗ ਕੇ ਕਾਮੀ॥੧॥੧॥ *(ਪੰਨਾ ੭੧੦)*
[ਕਹੀਅਤ—ਅਸੀਂ ਕਹੇ ਜਾਂਦੇ ਹਾਂ]

(੨) ਕ੍ਰਿਆ-ਮੂਲ ਦੇ ਅੰਤ ਵਿਚ 'ਤੇ' ਜੋੜਿਆਂ

੧. **ਮੋਹ ਚੀਕੜਿ ਫਾਥੇ ਨਿਘਰਤ ਹਮ 'ਜਾਤੇ' ਹਰਿ ਬਾਂਹ ਪ੍ਰਭੂ ਪਕਰਾਇ ਜੀਉ॥੪॥੧੨॥** *(ਪੰਨਾ ੪੪੬)*

੨. **ਹਮ ਅਪਰਾਧੀ ਸਦ 'ਭੂਲਤੇ' ਤੁਮ੍ ਬਖਸਨਹਾਰੇ॥ਰਹਾਉ॥੩੪॥** *(ਪੰਨਾ ੮੦੬)*
[ਨਿਘਰਤ ਜਾਤੇ—ਅਸੀਂ ਨਿਘਰਦੇ ਜਾ ਰਹੇ ਹਾਂ, ਭੂਲਤੇ—ਅਸੀਂ ਭੂਲਦੇ ਹਾਂ।]

(੩) ਕ੍ਰਿਆ-ਮੂਲ ਦੇ ਅੰਤ ਵਿਚ 'ਹ' ਜੋੜਿਆਂ

੧. **ਤਿਨ ਕੀ ਧੂਰਿ 'ਮੰਗਹ' ਪ੍ਰਭ ਸੁਆਮੀ ਹਮ ਹਰਿ ਲੋਚ ਲੁਚਾਨੀ॥੨॥੩॥** *(ਪੰਨਾ ੬੬੭)*

੨. **ਹਮ 'ਭੂਲਹ' ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ॥੧॥੪੫॥** *(ਪੰਨਾ ੧੨੧੩)*

੩. **ਅਸੀ ਬੋਲਵਿਗਾੜ 'ਵਿਗਾੜਹ' ਬੋਲ॥**
ਤੂ ਨਦਰੀ ਅੰਦਰਿ ਤੋਲਹਿ ਤੋਲ॥੩॥੩੦॥ *(ਪੰਨਾ ੨੫)*

੪. ਹਮ ਭੂਲਿ 'ਵਿਗਾੜਹ' ਦਿਨਸੁ ਰਾਤਿ ਹਰਿ ਲਾਜ ਰਖਾਏ ॥੪॥੧੭॥
(ਪੰਨਾ ੪੫੦)

੫. ਜਿਉ ਬੋਲਾਵਹਿ ਤਿਉ 'ਬੋਲਹ' ਸੁਆਮੀ ਕੁਦਰਤਿ ਕਵਨ ਹਮਾਰੀ ॥੮॥੮॥
(ਪੰਨਾ ੫੦੮)

[ਮੰਗਹ—ਅਸੀਂ ਮੰਗਦੇ ਹਾਂ, ਭੂਲਹ—ਅਸੀਂ ਭੂਲਦੇ ਹਾਂ,
ਵਿਗਾੜਹ—ਅਸੀਂ ਵਿਗਾੜਦੇ ਹਾਂ, ਬੋਲਹ—ਅਸੀਂ ਬੋਲਦੇ ਹਾਂ।]

ਨੋਟ : ਅੰਤਲੇ 'ਹ' ਦਾ ਉਚਾਰਣ ਨਾਸਕੀ।

(੪) ਕ੍ਰਿਆ-ਮੂਲ ਦੇ ਅੰਤ ਵਿਚ 'ਹਾ' ਜੋੜਿਆਂ

੧. ਹਮ ਮੂਰਖ ਕਿਛੂਅ ਨ 'ਜਾਣਹਾ' ਕਿਵ ਪਾਵਹ ਪਾਰੋ ॥੩॥੧੭॥ *(ਪੰਨਾ ੪੫੦)*
[ਨ ਜਾਣਹਾ—(ਅੰਤਲੇ ਸੁਰ ਦਾ ਉਚਾਰਣ ਨਾਸਕੀ) ਅਸੀਂ ਨਹੀਂ ਜਾਣਦੇ]

੧੮.੭.੨ ਵਰਤਮਾਨ ਕਾਲ

੧੮.੭.੨.੨ ਮਧਮ ਪੁਰਖ

੧੮.੭.੨.੨.੧ ਇਕ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ 'ਤ' ਜੋੜਿਆਂ

ਪੁਲਿੰਗ

੧. ਤੂ 'ਜਾਨਤ' ਮੈ ਕਿਛੁ ਨਹੀ ਭਵ ਖੰਡਨ ਰਾਮ ॥ਰਹਾਉ॥੧॥ *(ਪੰਨਾ ੮੫੮)*

੨. ਬਹਤੀ ਜਾਤ ਕਦੇ ਦ੍ਰਿਸਟਿ ਨ 'ਧਾਰਤ' ॥
ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥੩੩॥ *(ਪੰਨਾ ੭੪੩)*

੩. ਕਹਉ ਕਹਾ ਬਾਰ ਬਾਰ 'ਸਮਝਤ' ਨਹ ਕਿਉ ਗਵਾਰ ॥
ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥ਰਹਾਉ॥੨॥ *(ਪੰਨਾ ੧੩੫੨)*

੪. ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ 'ਕਰਤ' ਮਾਨੁ ॥੧॥੧॥ *(ਪੰਨਾ ੧੩੫੨)*
[ਜਾਨਤ—ਤੂੰ ਜਾਣਦਾ ਹੈਂ, ਨ ਧਾਰਤ—ਤੂੰ ਨਹੀਂ ਧਾਰਦਾ,
ਸਮਝਤ ਨਹ—ਤੂੰ ਨਹੀਂ ਸਮਝਦਾ, ਕਰਤ—ਤੂੰ ਕਰਦਾ ਹੈਂ।]

(੨) ਕਰਮਨੀ ਵਾਚ ਕ੍ਰਿਆ-ਮੂਲ ਦੇ ਅੰਤ ਵਿਚ 'ਤ' ਜਾਂ 'ਤੁ' ਜੋੜ ਕੇ, ਨਾਲ ਵੱਖਰੇ ਤੌਰ 'ਤੇ 'ਹੈਂ' ਜਾਂ 'ਹੀ' ਲਾਇਆਂ

ਪੁਲਿੰਗ

੧. ਤੂ ਜੁ ਦਇਆਲੁ ਕ੍ਰਿਪਾਲੁ 'ਕਹੀਅਤੁ ਹੈਂ' ਅਤਿਭੁਜ ਭਇਓ ਅਪਾਰਲਾ ॥੩॥੨॥
(ਪੰਨਾ ੧੨੯੨)

ਇਸਤਰੀ-ਲਿੰਗ

੧. ਤੂੰ 'ਕਹੀਅਤ ਹੀ' ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛੁਪਾਨੀ ॥੪॥੬॥ *(ਪੰਨਾ ੮੭੪)*
[ਕਹੀਅਤੁ ਹੈਂ—ਤੂੰ ਕਿਹਾ ਜਾਂਦਾ ਹੈਂ, ਕਹੀਅਤ ਹੀ—ਤੂੰ ਕਹੀ ਜਾਂਦੀ ਹੈਂ।]

(੩) ਕ੍ਰਿਆ-ਮੂਲ ਦੇ ਅੰਤ ਵਿਚ 'ਸਿ' ਜੋੜਿਆਂ

ਪੁਲਿੰਗ

੧. ਮਨ ਏਕੁ ਨ 'ਚੇਤਸਿ' ਮੂੜ ਮਨਾ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ਰਹਾਉ॥੩॥ *(ਪੰਨਾ ੧੨)*

੨. ਚਿਤ 'ਚੇਤਸਿ' ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ਰਹਾਉ॥੩॥ *(ਪੰਨਾ ੯੯੦)*

੩. ਰੇ ਚਿਤ 'ਚੇਤਸਿ' ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥ਰਹਾਉ॥੩॥
(ਪੰਨਾ ੪੮੮)

੪. ਅਬ ਨ 'ਭਜਸਿ' ਭਜਸਿ ਕਬ ਭਾਈ ॥
ਆਵੈ ਅੰਤੁ ਨ ਭਜਿਆ ਜਾਈ ॥੪॥੯॥ *(ਪੰਨਾ ੧੧੫੯)*

੫. ਕਹਾ ਨਰ 'ਗਰਬਸਿ' ਥੋਰੀ ਬਾਤ ॥ਰਹਾਉ॥੧॥ *(ਪੰਨਾ ੧੨੫੧)*

੬. ਕਾਹੇ 'ਗਰਬਸਿ' ਮੂੜੇ ਮਾਇਆ ॥
ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੋ ਹੋਹਿ ਨ ਅੰਤਿ ਸਖਾਇਆ ॥ਰਹਾਉ॥੨੬॥
(ਪੰਨਾ ੨੩)

ਇਸਤਰੀ-ਲਿੰਗ

੧. ਨਾਰਾਇਣ 'ਨਿੰਦਸਿ' ਕਾਇ ਭੂਲੀ ਗਵਾਰੀ ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ਰਹਾਉ॥੧॥ *(ਪੰਨਾ ੬੯੫)*

੨. ਚੇਰੀ ਤੂ ਰਾਮੁ ਨ 'ਕਰਸਿ' ਭਤਾਰਾ ॥
ਜਗ ਜੀਵਨ ਪ੍ਰਾਨ ਅਧਾਰਾ ॥ਰਹਾਉ॥੫॥ *(ਪੰਨਾ ੬੫੫)*
[ਨ ਚੇਤਸਿ—ਤੂੰ ਨਹੀਂ ਚੇਤਦਾ, ਚੇਤਸਿ ਕੀ ਨਹੀ—ਤੂੰ ਕਿਉਂ ਨਹੀਂ ਚੇਤਦਾ,
ਨ ਭਜਸਿ—ਤੂੰ ਨਹੀਂ ਭਜਦਾ, ਕਹਾ ਗਰਬਸਿ, ਕਾਹੇ ਗਰਬਸਿ—ਕਿਉਂ ਗਰਬ ਕਰਦਾ ਹੈਂ,
ਨਿੰਦਸਿ ਕਾਇ—ਕਿਉਂ ਨਿੰਦਦੀ ਹੈਂ, ਨ ਕਰਸਿ—ਤੂੰ ਨਹੀਂ ਕਰਦੀ।]

(੪) ਕ੍ਰਿਆ-ਮੂਲ ਦੇ ਅੰਤ ਵਿਚ 'ਦ' ਜੋੜਿਆਂ

ਸਾਧਾਰਣ ਕ੍ਰਿਆ

੧. ਤੂ ਕਰਤਾ ਸਭੁ ਕਿਛੁ 'ਜਾਣਦਾ' ਸਭਿ ਜੀਅ ਤੁਮਾਰੇ ॥ਪਉੜੀ ੮॥ *(ਪੰਨਾ ੫੮੯)*

੨. ਤੂ ਕਰਤਾ ਸਭੁ ਕਿਛੁ 'ਜਾਣਦਾ' ਜੋ ਜੀਆ ਅੰਦਰਿ ਵਰਤੈ ॥ਪਉੜੀ ੨੪॥
(ਪੰਨਾ ੩੧੪)

੩. ਤੂ ਘਟਿ ਘਟਿ ਇਕੁ 'ਵਰਤਦਾ' ਸਚੁ ਸਾਹਿਬ ਚਲਤੈ ॥ਪਉੜੀ ੨੪॥
(ਪੰਨਾ ੩੧੪)

ਪ੍ਰੇਰਣਾਰਥ ਕ੍ਰਿਆ

੧. ਤੂ ਆਪੇ ਮੁਕਤਿ 'ਕਰਾਇਦਾ' ਇਕ ਨਿਮਖ ਘੜੀ ਕਰਿ ਖਿਆਲੁ ॥ਪਉੜੀ ੭॥
(ਪੰਨਾ ੮੫)

[ਜਾਣਦਾ—ਤੂੰ ਜਾਣਦਾ ਹੈਂ, ਵਰਤਦਾ—ਤੂੰ ਵਰਤਦਾ ਹੈਂ,
ਕਰਾਇਦਾ—ਤੂੰ ਕਰਾਉਂਦਾ ਹੈਂ।]

(੫) ਕ੍ਰਿਆ-ਮੂਲ ਦੇ ਅੰਤ ਵਿਚ 'ਹਿ' ਪਿਛੇਤਰ ਜੋੜਿਆਂ

ਸਾਧਾਰਨ ਕ੍ਰਿਆ—ਪੁਲਿੰਗ

੧. ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ 'ਪਾਇਹਿ' ਥਾਇ ਜੀਉ ॥੧੪॥ *(ਪੰਨਾ ੭੪)*

੨. ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ 'ਲਾਇਹਿ' ॥੨॥੫੫॥ *(ਪੰਨਾ ੭੪੯)*

੩. ਜਿਸ ਨੋ ਕਥਾ 'ਸੁਣਾਇਹਿ' ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥੧੫॥ *(ਪੰਨਾ ੯੧੯)*

੪. ਦੁਇ ਕਰ ਜੋੜਿ ਕਰਉ ਅਰਦਾਸਿ ॥
ਤੁਧੁ ਭਾਵੈ ਤਾ 'ਆਣਹਿ' ਰਾਸਿ ॥੪॥੨॥ *(ਪੰਨਾ ੭੩੭)*

੫. ਦਾਤਾ ਕਰਤਾ ਆਪਿ ਤੂੰ ਤੁਸਿ 'ਦੇਵਹਿ' 'ਕਰਹਿ' ਪਸਾਉ ॥ਪਉੜੀ ੧॥ *(ਪੰਨਾ ੪੬੩)*

ਇਸਤਰੀ-ਲਿੰਗ

੧. ਸ੍ਰੀ ਗੋਪਾਲੁ ਨ 'ਉਚਰਹਿ' ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥੩॥੪॥
(ਪੰਨਾ ੮੪੮)

੨. ਲਗੀ 'ਆਵਹਿ' ਸਾਹੁਰੈ ਨਿਤ ਨ ਪੇਈਆ ਹੋਇ ॥੩॥੨੪॥ *(ਪੰਨਾ ੨੩)*

੩. ਇਆਨੜੀਏ ਮਾਨੜਾ ਕਾਇ 'ਕਰੇਹਿ' ॥
ਆਪਨੜੈ ਘਰਿ ਹਰਿ ਰੰਗੋ ਕੀ ਨ 'ਮਾਣੇਹਿ' ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ 'ਢੂਢੇਹਿ' ॥੧॥੩॥ *(ਪੰਨਾ ੭੨੨)*

ਨੋਟ : ਸਾਰੀਆਂ ਕ੍ਰਿਆਵਾਂ ਦੇ ਅੰਤਲੇ 'ਹਿ' ਦਾ ਉਚਾਰਣ ਨਾਸਕੀ।

ਪ੍ਰੇਰਣਾਰਥਕ

੧. ਦਾਸਨਿ ਦਾਸੁ ਕਹੈ ਜਨੁ ਨਾਨਕੁ,
ਜੇਹਾ ਤੂੰ 'ਕਰਾਇਹਿ' ਤੇਹਾ ਹਉ ਕਰੀ ਵਖਿਆਨੁ ॥੪॥੧੧॥ *(ਪੰਨਾ ੭੩੪)*

੨. ਜਿਉ 'ਬੋਲਾਵਹਿ' ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥੮॥੧॥ *(ਪੰਨਾ ੫੦੮)*

੩. ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ 'ਕਰਾਇਹਿ' ॥੨॥੫੫॥
(ਪੰਨਾ ੭੪੯)

੪. ਤੂ 'ਜਾਣਾਇਹਿ' ਤਾ ਕੋਈ ਜਾਣੈ ॥
ਤੇਰਾ ਦੀਆ ਨਾਮੁ ਵਖਾਣੈ ॥੧॥੮॥ *(ਪੰਨਾ ੫੬੩)*

ਨੋਟ : ਸਾਰੀਆਂ ਕ੍ਰਿਆਵਾਂ ਦੇ ਅੰਤਲੇ 'ਹਿ' ਦਾ ਉਚਾਰਣ ਨਾਸਕੀ।

ਨੋਟ : ਮਧਮ ਪੁਰਖ, ਇਕ-ਵਚਨ (ਵਰਤਮਾਨ ਕਾਲ) ਕ੍ਰਿਆ ਦਾ ਅੰਤਲਾ ਪਿਛੇਤਰ 'ਹਿ' ਕਿਧਰੇ ਕਿਧਰੇ ਬਦਲਵੇਂ ਰੂਪ 'ਹੇ' ਵਿਚ ਮਿਲਦਾ ਹੈ, ਜਿਵੇਂ :

੧. ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ 'ਪਾਵਹੇ' ॥...
ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ 'ਚਲਾਵਹੇ' ॥੧੫॥
(ਪੰਨਾ ੯੧੯)

੨. ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ 'ਜਾਣਹੇ' ॥੧੨॥
(ਪੰਨਾ ੯੧੮)

ਨੋਟ : ਸਾਰੀਆਂ ਕ੍ਰਿਆਵਾਂ ਦੇ ਅੰਤਲੇ 'ਹੇ' ਦਾ ਉਚਾਰਣ ਨਾਸਕੀ।

(੬) ਕ੍ਰਿਆ-ਮੂਲ ਦੇ ਅੰਤ ਵਿਚ 'ਹੀ' ਪਿਛੇਤਰ ਜੋੜਿਆਂ

ਪੁਲਿੰਗ

੧. ਤੂ ਸਰਬ ਜੀਆ 'ਪ੍ਰਤਿਪਾਲਹੀ' ਲੇਖੈ ਸਾਸ ਗਿਰਾਸ ॥੧॥੧੮॥ *(ਪੰਨਾ ੨੦)*

੨. ਤੂ ਹੋਰਤੁ ਉਪਾਇ ਨ 'ਲਭਹੀ' ਅਬਿਨਾਸੀ ਸ੍ਰਿਸਟਿ ਕਰਣ ॥ਪਉੜੀ ੨॥
(ਪੰਨਾ ੧੦੯੫)

ਇਸਤਰੀ-ਲਿੰਗ

੧. ਪ੍ਰਭੁ ਭਗਤਿ ਵਛਲੁ ਨਹ 'ਸੇਵਹੀ' ਕਾਇਆ ਕਾਕ ਗ੍ਰਸਨਾ ਰਾਮ ॥
ਭ੍ਰਮਿ ਮੋਹੀ ਦੂਖ ਨ 'ਜਾਣਹੀ' ਕੋਟਿ ਜੋਨੀ ਬਸਨਾ ਰਾਮ ॥੩॥੪॥ *(ਪੰਨਾ ੮੪੮)*

ਨੋਟ : ਅੰਤਲੇ 'ਹੀ' ਦਾ ਉਚਾਰਣ ਨਾਸਕੀ।

(੭) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ (◌ਾ) ਲਾ ਕੇ ਪਿਛੇਤਰ 'ਹੀ' ਜੋੜਿਆਂ

ਇਸਤਰੀ-ਲਿੰਗ

੧. ਕੀ ਨ 'ਸੁਣੇਹੀ' ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥੨੪॥ *(ਪੰਨਾ ੨੩)*

(੮) ਕ੍ਰਿਆ-ਮੂਲ ਨੂੰ ਲੱਗੇ (◌ੈ) ਚਿੰਨ੍ਹ ਦਾ ਉਚਾਰਣ ਨਾਸਕੀ ਕੀਤਿਆਂ

੧. ਹਉ ਜੀਵਾ ਗੁਣ ਸਾਰਿ ਅੰਤਰਿ ਤੂ 'ਵਸੈ' ॥
ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥੩॥ *(ਪੰਨਾ ੭੫੨)*

੨. ਸਗਲ ਸੂਖ ਜਾਂ ਤੂੰ ਚਿਤਿ 'ਆਵੈਂ' ॥ਰਹਾਉ॥੫੯॥ *(ਪੰਨਾ ੩੮੫)*
[ਤੂ ਵਸੈ—(ਅੰਤਲੇ ਸੁਰ ਦਾ ਉਚਾਰਣ ਨਾਸਕੀ) ਤੂੰ ਵਸਦਾ ਹੈਂ।]

੧੮.੭.੨.੨ ਮਧਮ ਪੁਰਖ

੧੮.੭.੨.੨.੨ ਬਹੁ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ 'ਤ' ਜੋੜ ਕੇ ਨਾਲ ਵੱਖਰੇ ਤੌਰ 'ਤੇ 'ਹਹੁ, ਹਉ, ਹੋਂ' ਲਾਇਆਂ

੧. ਮਾਧਵੇ 'ਜਾਨਤ ਹਹੁ' ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥ਰਹਾਉ॥੨॥ *(ਪੰਨਾ ੬੫੮)*

੨. ਤੁਮ੍ ਜੁ 'ਕਹਤ ਹਉ' ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥ਰਹਾਉ॥੧੬॥
(ਪੰਨਾ ੩੩੮)

੩. ਜਿਸੁ ਧਨ ਕਾ ਤੁਮ ਗਰਬੁ 'ਕਰਤ ਹਉ' ਸੋ ਧਨੁ ਕਿਸਹਿ ਨ ਆਪ ॥੧॥੭॥
(ਪੰਨਾ ੧੨੦੦)

੪. ਕਰਮ ਬਧ ਤੁਮ ਜੀਉ 'ਕਹਤ ਹੋਂ' ਕਰਮਹਿ ਕਿਨਿ ਜੀਉ ਦੀਨੁ ਰੇ ॥੨॥੩॥
(ਪੰਨਾ ੮੭੦)

[ਜਾਨਤ ਹਹੁ—ਤੁਸੀਂ ਜਾਣਦੇ ਹੋ, ਕਹਤ ਹਉ—ਤੁਸੀਂ ਆਖਦੇ ਹੋ,
ਕਰਤ ਹਉ—ਤੁਸੀਂ ਕਰਦੇ ਹੋ, ਕਹਤ ਹੋਂ—ਤੁਸੀਂ ਆਖਦੇ ਹੋ।]

(੨) ਧਾਤੂ ਨਾਲ ਕਰਮਨੀ-ਵਾਚ ਅੰਸ 'ਇਅਤ' ਜੋੜ ਕੇ ਨਾਲ ਵੱਖਰੇ ਤੌਰ 'ਤੇ 'ਹੈਂ' ਲਾਇਆਂ

੧. ਤੁਮ 'ਕਹੀਅਤ ਹੈਂ' ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥੧॥ *(ਪੰਨਾ ੭੧੦)*
[ਕਹੀਅਤ ਹੈਂ—ਤੁਸੀਂ ਕਹੇ ਜਾਂਦੇ ਹੋ]

(੩) ਕ੍ਰਿਆ-ਮੂਲ ਦੇ ਅੰਤ ਵਿਚ 'ਹੁ' ਜੋੜਿਆਂ

੧. ਲਾਜ ਨ 'ਮਰਹੁ' 'ਕਹਹੁ' ਘਰੁ ਮੇਰਾ ॥
ਅੰਤ ਕੀ ਬਾਰ ਨਹੀ ਕਛੁ ਤੇਰਾ ॥ਰਹਾਉ॥੧੧॥ *(ਪੰਨਾ ੩੨੫)*

੨. ਤੁਮ 'ਕਰਹੁ' ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥੩॥੧੭॥ *(ਪੰਨਾ ੬੧੩)*

੩. ਤੁਮ 'ਦੇਵਹੁ' ਤਿਲੁ ਸੰਕ ਨ 'ਮਾਨਹੁ' ਹਮ ਭੁੰਚਹ ਸਦਾ ਨਿਹਾਲਾ ॥੨॥੬॥ *(ਪੰਨਾ ੬੬੪)*

੪. ਤੁਮ੍ 'ਦੇਵਹੁ' ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥੩॥੩੪॥ *(ਪੰਨਾ ੬੦੯)*

੫. 'ਨਾਵਹੁ' 'ਧੋਵਹੁ' ਤਿਲਕੁ 'ਚੜਾਵਹੁ' ਸੁਚ ਵਿਣੁ ਸੋਚ ਨ ਹੋਈ ॥੬॥੧॥ *(ਪੰਨਾ ੬੦੩)*
[ਨ ਮਰਹੁ—ਤੁਸੀਂ ਮਰ ਕਿਉਂ ਨਹੀਂ ਜਾਂਦੇ, ਕਹਹੁ—ਤੁਸੀਂ ਆਖਦੇ ਹੋ,
ਕਰਹੁ—ਤੁਸੀਂ ਕਰਦੇ ਹੋ, ਦੇਵਹੁ—ਤੁਸੀਂ ਦੇਂਦੇ ਹੋ, ਨ ਮਾਨਹੁ—ਨਹੀਂ ਮੰਨਦੇ (ਸੰਕ),
ਨਾਵਹੁ—ਤੁਸੀਂ ਨਹਾਉਂਦੇ ਹੋ, ਧੋਵਹੁ—ਤੁਸੀਂ ਧੋਂਦੇ ਹੋ, ਚੜਾਵਹੁ—ਤੁਸੀਂ ਚੜ੍ਹਾਉਂਦੇ ਹੋ।]

੧੮.੭.੨ ਵਰਤਮਾਨ ਕਾਲ

੧੮.੭.੨.੩ ਅਨ-ਪੁਰਖ

੧੮.੭.੨.੩.੧ ਇਕ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ 'ਤ' ਜੋੜਿਆਂ

ਪੁਲਿੰਗ

੧. ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ 'ਧਰਤ' ਧਿਆਨੁ 'ਬਸਤ' ਤਿਹ ਨੇਰੇ ॥੫॥੬॥ *(ਪੰਨਾ ੧੪੦੦)*

੨. ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ 'ਜਰਤ' ॥੨॥੩॥ *(ਪੰਨਾ ੫੨੯)*

੩. ਭਗਤ ਸੰਗਿ ਪ੍ਰਭੁ ਗੋਸਟਿ 'ਕਰਤ' ॥੩॥੩੫॥ *(ਪੰਨਾ ੬੯੪)*

੪. ਮੋ ਕਉ ਕੋਇ ਨ 'ਜਾਨਤ' ਕਹੀਅਤ ਦਾਸੁ ਤੁਮਾਰਾ ॥ਰਹਾਉ॥੨੨॥ *(ਪੰਨਾ ੧੦੦੫)*
[ਕਰਤ—ਕਰਦਾ ਹੈ, ਧਰਤ—ਧਰਦਾ ਹੈ, ਬਸਤ—ਬਸਦਾ ਹੈ,
ਜਰਤ—ਜਰਦਾ ਹੈ, ਨ ਜਾਨਤ—ਨਹੀਂ ਜਾਣਦਾ।]

ਇਸਤਰੀ-ਲਿੰਗ

੧. ਸਾ ਮਤਿ ਨਿਰਮਲ 'ਕਹੀਅਤ' ਧੀਰ ॥
ਰਾਮ ਰਸਾਇਣੁ 'ਪੀਵਤ' ਬੀਰ ॥੧॥੧੬੧॥ *(ਪੰਨਾ ੧੯੮)*

੨. ਤ੍ਰਿਸਨਾ 'ਚਲਤ' ਬਹੁ ਪਰਕਾਰਿ ॥
ਪੂਰਨ 'ਹੋਤ' ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥ਰਹਾਉ॥੧੦੭॥ *(ਪੰਨਾ ੧੨੨੫)*

੩. ਤ੍ਰਿਪਤਿ ਨ 'ਹੋਵਤ' ਕੂਕਰੀ ਆਸਾ ਇਤੁ ਲਾਗੌ ਬਿਖਿਆ ਛਾਰ ॥ਰਹਾਉ॥੧੦੧॥ *(ਪੰਨਾ ੧੨੨੩)*
[ਕਹੀਅਤ—ਕਹੀਦੀ ਹੈ (ਕਰਮਨੀ), ਪੀਵਤ—ਪੀਂਦੀ ਹੈ, ਚਲਤ—ਚਲਦੀ ਹੈ,
ਹੋਤ ਨ—ਨਹੀਂ ਹੁੰਦੀ, (ਨ) ਹੋਵਤ—(ਨਹੀਂ) ਹੁੰਦੀ।]

(੨) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ (ੰ) ਲਾ ਕੇ ਨਾਲ 'ਤ' ਜੋੜਿਆਂ

ਪੁਲਿੰਗ

੧. 'ਘਟੰਤ' ਰੂਪੰ 'ਘਟੰਤ' ਦੀਪੰ 'ਘਟੰਤ' ਰਵਿ ਸਸੀਅਰ ਨਖ੍ਯ੍ਰ ਗਗਨੰ ॥੬॥ *(ਪੰਨਾ ੧੩੫੪)*

੨. ਕ੍ਰਿਪਾ 'ਕਰੰਤ' ਗੋਬਿੰਦ ਗੋਪਾਲਹ ਸਗਲੰ੍ ਰੋਗ ਖੰਡਣਹ ॥੫੬॥ *(ਪੰਨਾ ੧੩੫੯)*

੩. ਅਚੇਤ ਮੂੜਾ ਨ 'ਜਾਣੰਤ' ਘਟੰਤ ਸਾਸਾ ਨਿਤ ਪ੍ਰਤੇ ॥੬੧॥ *(ਪੰਨਾ ੧੩੫੯)*

ਇਸਤਰੀ-ਲਿੰਗ

੧. 'ਛਿਜੰਤ' ਮਹਾ ਸੁੰਦਰੀ ਕਾਂਇਆ ਕਾਲ ਕੰਨਿਆ ਗ੍ਰਾਸਤੇ ॥੬੧॥ *(ਪੰਨਾ ੧੩੫੯)*
[ਘਟੰਤ—ਘਟਦਾ ਹੈ, ਕਰੰਤ—ਕਰਦਾ ਹੈ, ਨ ਜਾਣੰਤ—ਨਹੀਂ ਜਾਣਦਾ,
ਛਿਜੰਤ—ਛਿਜਦੀ ਹੈ।]

(੩) ਕ੍ਰਿਆ-ਮੂਲ ਦੇ ਅੰਤ ਵਿਚ ਪੁਲਿੰਗ-ਵਾਚੀ ਪਿਛੇਤਰ 'ਤਾ' ਜਾਂ
ਇਸਤਰੀ-ਲਿੰਗ ਵਾਚੀ ਪਿਛੇਤਰ 'ਤੀ' ਜੋੜਿਆਂ

ਪੁਲਿੰਗ

੧. ਕੋਈ 'ਪੜਤਾ' ਸਹਸਾਕਿਰਤਾ ਕੋਈ ਪੜੈ ਪੁਰਾਨਾ ॥੧॥੧॥ *(ਪੰਨਾ ੬੭੬)*

੨. ਸੂਖ ਸਹਜ ਦਇਆ ਕਾ ਪੋਤਾ ॥
ਹਰਿ ਭਗਤਾ ਹਵਾਲੈ 'ਹੋਤਾ' ॥੧॥੩੫॥ *(ਪੰਨਾ ੬੯੩)*

੩. ਬਿਘਨੁ ਨ ਕੋਊ 'ਲਾਗਤਾ' ਗੁਰ ਪਹਿ ਅਰਦਾਸਿ ॥੧॥੬੩॥ *(ਪੰਨਾ ੬੧੬)*

੪. ਨਾਨਕ ਦਾਸਨਿ ਦਾਸੁ ਤੁਧੁ ਆਗੈ 'ਬਿਨਵਤਾ' ॥ਪਉੜੀ ੧੬॥ *(ਪੰਨਾ ੬੬੫)*
[ਪੜਤਾ—ਪੜ੍ਹਦਾ ਹੈ, ਹੋਤਾ—ਹੁੰਦਾ ਹੈ, ਨਾ ਲਾਗਤਾ—ਨਹੀਂ ਲੱਗਦਾ,
ਬਿਨਵਤਾ—ਬੇਨਤੀ ਕਰਦਾ ਹੈ।]

ਇਸਤਰੀ-ਲਿੰਗ

੧. ਤ੍ਰਿਸਨਾ ਚਲਤ ਬਹੁ ਪਰਕਾਰਿ ॥
ਪੂਰਨ ਹੋਤ ਨ ਕਤਹੁ ਬਾਤਹਿ ਅੰਤਿ 'ਪਰਤੀ' ਹਾਰਿ ॥ਰਹਾਉ॥੧੦੭॥ *(ਪੰਨਾ ੧੨੨੫)*

੨. ਮੋਹਿ 'ਲਾਗਤੀ' ਤਾਲਾ ਬੇਲੀ ॥
ਬਛਰੇ ਬਿਨੁ ਗਾਇ ਅਕੇਲੀ ॥੧॥੪॥ *(ਪੰਨਾ ੬੭੪)*

੩. ਜੈਸੀ ਗਗਨਿ 'ਫਿਰੰਤੀ ਊਡਤੀ' ਕਪਰੇ ਬਾਗੇ ਵਾਲੀ ॥੨॥੫੧॥ *(ਪੰਨਾ ੧੬੮)*

[ਪਰਤੀ (ਹਾਰਿ)—ਹਾਰ ਪੈਂਦੀ ਹੈ, ਲਾਗਤੀ—ਲੱਗਦੀ ਹੈ,
ਫਿਰੰਤੀ ਊਡਤੀ—ਉਡਦੀ ਫਿਰਦੀ ਹੈ।]

(੪) ਕ੍ਰਿਆ-ਮੂਲ ਦੇ ਅੰਤ ਵਿਚ 'ਤਿ' ਜੋੜਿਆਂ

ਪੁਲਿੰਗ

੧. 'ਬਿਨਵੰਤਿ' ਨਾਨਕ ਸੁਖ ਸਹਜਿ ਮੇਲਾ ਪ੍ਰਭੁ ਆਪਿ ਬਣਾਇਆ ॥੨॥੧੨॥ *(ਪੰਨਾ ੪੬੦)*

੨. 'ਭਣਤਿ' ਨਾਨਕੁ ਸਹੁ ਹੈ ਭੀ ਹੋਸੀ ॥
ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥ *(ਪੰਨਾ ੭੫੦)*

੩. 'ਪ੍ਰਣਵਤਿ' ਨਾਨਕੁ ਅਗਮੁ ਸੁਣਾਏ ॥
ਗੁਰ ਚੇਲੇ ਕੀ ਸੰਧਿ ਮਿਲਾਏ ॥੪॥੫॥ *(ਪੰਨਾ ੮੭੭)*

੪. 'ਬਦਤਿ' ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥ *(ਪੰਨਾ ੧੧੦੬)*

੫. 'ਜਾਚੰਤਿ' ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥ *(ਪੰਨਾ ੧੩੫੬)*

[ਬਿਨਵੰਤਿ—ਨਿਮਰਤਾ ਸਹਿਤ ਬੇਨਤੀ ਕਰਦਾ ਹੈ, ਭਣਤਿ—ਆਖਦਾ ਹੈ,
ਪ੍ਰਣਵਤਿ—ਸਤਿਕਾਰ ਸਹਿਤ ਆਖਦਾ ਹੈ, ਬਦਤਿ—ਆਖਦਾ ਹੈ,
ਜਾਚੰਤਿ—ਜਾਚਦਾ (ਮੰਗਦਾ) ਹੈ।]

ਨੋਟ : ਕਿਧਰੇ ਕਿਧਰੇ ਕ੍ਰਿਆ-ਮੂਲ ਦੇ ਅੰਤ ਵਿਚ 'ਤਿ' ਜੋੜਨ ਤੋਂ ਪਹਿਲਾਂ ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ (ੰ) ਲੱਗੀ ਮਿਲਦੀ ਹੈ।

(੫) ਕ੍ਰਿਆ-ਮੂਲ ਦੇ ਅੰਤ ਵਿਚ 'ਤਾ ਹੈ' ਪਿਛੇਤਰ ਜੋੜਿਆਂ

੧. ਵਾਹੁ ਵਾਹੁ ਕਿਆ ਖੂਬੁ 'ਗਾਵਤਾ ਹੈ' ॥
ਹਰਿ ਕਾ ਨਾਮੁ ਮੇਰੈ ਮਨਿ 'ਭਾਵਤਾ ਹੈ' ॥ਰਹਾਉ॥੧੩॥ *(ਪੰਨਾ ੪੭੮)*

੨. ਸਤਿਗੁਰੁ 'ਜਾਗਤਾ ਹੈ' ਦੇਉ ॥੧॥ਰਹਾਉ॥੧੪॥ *(ਪੰਨਾ ੪੭੯)*

(੬) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਟਿੱਪੀ (ੰ) ਲਾ ਕੇ ਪਿਛੇਤਰ 'ਤਾ' ਜੋੜਿਆਂ

੧. ਪੋਥੀ ਪੰਡਿਤ ਬੇਦ 'ਖੋਜੰਤਾ' ਜੀਉ ॥
ਹੋਇ ਬੈਰਾਗੀ ਤੀਰਥਿ 'ਨਾਵੰਤਾ' ਜੀਉ ॥੩॥੧੬੬॥ *(ਪੰਨਾ ੨੧੬)*

[ਖੋਜੰਤਾ—ਖੋਜਦਾ ਫਿਰਦਾ ਹੈ, ਨਾਵੰਤਾ—ਨਹਾਉਂਦਾ ਫਿਰਦਾ ਹੈ]

(੭) ਕ੍ਰਿਆ-ਮੂਲ ਦੇ ਅੰਤ ਵਿਚ 'ਤੁ ਹੈ' ਪਿਛੇਤਰ ਜੋੜਿਆਂ

੧. ਕਬਹੂ ਜੀਅੜਾ ਊਭਿ 'ਚੜਤੁ ਹੈ' ਕਬਹੂ ਜਾਇ ਪਇਆਲੇ ॥੨॥੧॥ *(ਪੰਨਾ ੮੭੬)*

੨. ਲੋਭੀ ਜੀਅੜਾ ਥਿਰੁ ਨ 'ਰਹਤੁ ਹੈ' ਚਾਰੇ ਕੁੰਡਾ ਭਾਲੇ ॥੨॥੧॥ *(ਪੰਨਾ ੮੭੬)*

੩. ਜਨਨੀ ਜਾਨਤ ਸੁਤੁ ਬਡਾ 'ਹੋਤੁ ਹੈ' ਇਤਨਾ ਕੁ ਨ ਜਾਨੈ,
ਜਿ ਦਿਨ ਦਿਨ ਅਵਧ 'ਘਟਤੁ ਹੈ' ॥੧॥੧॥ *(ਪੰਨਾ ੯੧)*

(੮) ਕ੍ਰਿਆ-ਮੂਲ ਦੇ ਅੰਤ ਵਿਚ ਪੁਲਿੰਗ-ਵਾਚੀ ਪਿਛੇਤਰ (ਦਾ) ਜਾਂ ਇਸਤਰੀ-ਲਿੰਗ 'ਦੀ' ਜੋੜਿਆਂ

ਪੁਲਿੰਗ

੧. ਹਰਿ ਮਿਲਣੈ ਨੋ ਮਨੁ 'ਲੋਚਦਾ' ਕਰਮਿ ਮਿਲਾਵਣਹਾਰੁ ॥੬॥ *(ਪੰਨਾ ੧੩੪)*

੨. ਸਦ 'ਸੁਣਦਾ' ਸਦ 'ਵੇਖਦਾ' ਸਬਦਿ ਰਹਿਆ ਭਰਪੂਰਿ ॥ਰਹਾਉ॥੩੫॥ *(ਪੰਨਾ ੪੨੯)*

੩. ਰਾਖਿ ਲੀਨੋ ਸਭੁ ਜਨ ਕਾ ਪੜਦਾ ॥
ਨਾਨਕੁ ਤਿਸ ਕੀ ਉਸਤਤਿ 'ਕਰਦਾ' ॥੪॥੧੬॥੩੨॥ *(ਪੰਨਾ ੧੧੪੫)*

[ਲੋਚਦਾ—ਤਾਂਘਦਾ ਹੈ, ਸੁਣਦਾ—ਸੁਣਦਾ ਹੈ, ਵੇਖਦਾ—ਵੇਖਦਾ ਹੈ,
ਕਰਦਾ—ਕਰਦਾ ਹੈ।]

ਇਸਤਰੀ-ਲਿੰਗ

੧. ਸਹਜੈ ਨੋ ਸਭ 'ਲੋਚਦੀ' ਬਿਨੁ ਗੁਰ ਪਾਇਆ ਨ ਜਾਇ ॥੧॥੨੩॥ *(ਪੰਨਾ ੬੮)*

੨. ਗੁਰ ਰਸਨਾ ਅੰਮ੍ਰਿਤੁ 'ਬੋਲਦੀ' ਹਰਿ ਨਾਮਿ ਸੁਹਾਵੀ ॥੧੮॥੨॥ *(ਪੰਨਾ ੭੨੬)*

੩. 'ਢਹਦੀ ਜਾਇ' ਕਰਾਰਿ ਵਹਣਿ ਵਹੰਦੇ ਮੈ ਡਿਠਿਆ ॥ਸ.੩॥੮॥ *(ਪੰਨਾ ੧੦੬੧)*

੪. ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ 'ਦੇਦੀ' ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ 'ਭਰੇਦੀ' ॥੩॥੪॥ *(ਪੰਨਾ ੧੧੧੧)*

[ਲੋਚਦੀ—ਲੋਚਦੀ ਹੈ, ਬੋਲਦੀ—ਬੋਲਦੀ ਹੈ, ਦੇਦੀ—ਦੇਂਦੀ ਹੈ, ਭਰੇਦੀ—ਭਰਦੀ ਹੈ,
ਢਹਦੀ ਜਾਇ (ਸੰਜੁਕਤ ਕ੍ਰਿਆ)—ਢਠਦੀ ਜਾਂਦੀ ਹੈ।]

ਨੋਟ : ਪਿਛੇਤਰ ਦਾ/ਦੀ ਲੱਗਣ ਤੋਂ ਪਹਿਲਾਂ ਜੇ ਕ੍ਰਿਆ-ਮੂਲ ਸੁਰ-ਅੰਤਿਕ ਹੋਵੇ ਜਾਂ ਸੁਰ ਅੰਤਿਕ ਕੀਤਾ ਗਿਆ ਹੋਵੇ ਤਾਂ ਕ੍ਰਿਆ ਦੇ ਉਚਾਰਣ ਵਿਚ ਕ੍ਰਿਆ-ਮੂਲ ਦਾ ਅੰਤਲਾ ਸੁਰ ਨਾਸਕੀ ਬੋਲਦਾ ਹੈ।

ਕੁਝ ਹੋਰ ਉਦਾਹਰਣਾਂ

ਪੁਲਿੰਗ

੧. ਧਨੁ ਧੰਨੁ ਗੁਰੂ ਗੁਣ 'ਗਾਵਦਾ' ਤਿਸ ਨੋ ਸਦਾ ਸਦਾ ਨਮਸਕਾਰੁ ॥ਸ.੧॥੬॥ *(ਪੰਨਾ ੩੦੨)*

੨. ਨਾਨਕ ਸੋ ਸਾਲਾਹੀਐ ਜਿ 'ਦੇਂਦਾ' ਸਭਨਾਂ ਜੀਆ ਰਿਜਕੁ ਸਮਾਇ ॥ਸ.੧॥੧੫॥ *(ਪੰਨਾ ੧੨੮੪)*

[ਗਾਵਦਾ—ਗਾਉਂਦਾ ਹੈ, ਦੇਂਦਾ—ਦੇਂਦਾ ਹੈ]

ਨੋਟ : ਇਸ ਸ਼੍ਰੇਣੀ ਦੀਆਂ ਸੰਜੁਕਤ ਕ੍ਰਿਆ 'ਭਉਦਾ ਫਿਰੈ' (੨॥੪੩॥, ਪੰਨਾ ੩੦), 'ਦੇਦਾ ਰਹੈ' (੩॥੩॥, ਪੰਨਾ ੧੦)।

ਇਸਤਰੀ-ਲਿੰਗ

੧. ਮੁੰਧ ਨੈਣ 'ਭਰੇਦੀ' ਗੁਣ 'ਸਾਰੇਦੀ' ਕਿਉ ਪ੍ਰਭ ਮਿਲਾ ਪਿਆਰੇ ॥੩॥੪॥ *(ਪੰਨਾ ੧੧੧੧)*

੨. ਜਾਚੜੀ ਸਾ ਸਾਰੁ ਜੋ 'ਜਾਚੰਦੀ' ਹੇਕੜੋ ॥ਸ.੧॥੧੪॥ *(ਪੰਨਾ ੩੨੧)*

੩. ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ 'ਸੁਹੰਦੀ' ॥੩॥੧॥ *(ਪੰਨਾ ੭੮)*

੪. ਧਨੁ 'ਕੂਕੇਂਦੀ' ਗੌਰ ਮੇਂ ਤੈ ਸਹ ਨਾ ਮਿਲੀਆਸੁ ॥੫੪॥ (ਪੰਨਾ ੧੩੮੦)

[ਭਰੇਂਦੀ—ਭਰਦੀ ਹੈ, ਸਾਰੇਂਦੀ—ਸਾਰਦੀ ਹੈ, ਜਾਚੇਂਦੀ—ਮੰਗਦੀ ਹੈ, ਸੁਹੰਦੀ—ਸੋਂਹਦੀ ਹੈ, ਕੂਕੇਂਦੀ—ਕੂਕਦੀ ਹੈ।]

ਨੋਟ : ਸੂਰ-ਅੰਤਿਕ ਕ੍ਰਿਆ-ਮੂਲ ਤੋਂ, ਅੰਤ ਵਿਚ 'ਦਾ' ਜਾਂ 'ਦੀ' ਲਾ ਕੇ ਬਣੇ ਵਰਤਮਾਨ ਕਿਰਦੰਤ ਜਾਂ ਵਰਤਮਾਨ ਕ੍ਰਿਆ ਦਾ ਉਚਾਰਣ ਕਰਨ ਲੱਗਿਆਂ ਕ੍ਰਿਆ-ਮੂਲ ਦੇ ਅੰਤਲੇ ਸੂਰ ਦਾ ਉਚਾਰਣ ਨਾਸਕੀ ਹੋ ਜਾਂਦਾ ਹੈ।

(੯) ਕ੍ਰਿਆ-ਮੂਲ ਦੇ ਅੰਤ ਵਿਚ ਪੁਲਿੰਗ ਪਿਛੇਤਰ 'ਇਦਾ' ਜਾਂ ਇਸਤਰੀ-ਲਿੰਗ ਪਿਛੇਤਰ 'ਇਦੀ'

ਪੁਲਿੰਗ—ਸਾਧਾਰਨ ਕ੍ਰਿਆ

੧. ਹਰਿ ਆਪੇ ਕਾਨ੍ਹ 'ਉਪਾਇਦਾ' ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ ॥੧॥੬੮॥ (ਪੰਨਾ ੧੭੪)

੨. ਆਪੇ ਸੇਵਾ 'ਲਾਇਦਾ' ਪਿਆਰਾ ਆਪੇ ਭਗਤਿ ਉਮਾਹਾ ॥੧॥੬॥ (ਪੰਨਾ ੬੦੬)

ਪ੍ਰੇਰਣਾਰਥਕ ਕ੍ਰਿਆ

੧. ਆਪੇ ਗੁਣ 'ਗਾਵਾਇਦਾ' ਪਿਆਰਾ ਆਪੇ ਸਬਦਿ ਸਮਾਹਾ ॥੧॥੬॥ (ਪੰਨਾ ੬੦੬)

੨. ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ 'ਬੋਲਾਇਦਾ' ॥੯॥੧੭॥ (ਪੰਨਾ ੧੦੩੮)

੩. ਇਕਨਾ ਭੋਗ 'ਭੋਗਾਇਦਾ' ਮੇਰੇ ਗੋਵਿੰਦਾ,
ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥੨॥੬੮॥ (ਪੰਨਾ ੧੭੪)

ਇਸਤਰੀ-ਲਿੰਗ, ਸਾਧਾਰਨ ਕ੍ਰਿਆ

੧. ਤੁਧੁ ਨੋ ਸਭ 'ਧਿਆਇਦੀ' ਸਭ ਲਗੈ ਤੇਰੀ ਪਾਈ ॥ਪਉੜੀ ੧॥ (ਪੰਨਾ ੩੦੧)

[ਉਪਾਇਦਾ—ਉਪਾਂਦਾ ਹੈ, ਲਾਇਦਾ—ਲਾਂਦਾ ਹੈ, ਗਾਵਾਇਦਾ—ਗਾਵਾਂਦਾ ਹੈ, ਬੋਲਾਇਦਾ—ਬੋਲਾਂਦਾ ਹੈ, ਭੋਗਾਇਦਾ—ਭੋਗਾਉਂਦਾ ਹੈ, ਧਿਆਇਦੀ—ਧਿਆਂਦੀ ਹੈ।]

ਨੋਟ : ਪਿਛੇਤਰ 'ਇਦਾ'/'ਇਦੀ' ਵਿਚ 'ਇ' ਦਾ ਉਚਾਰਣ ਨਾਸਕੀ।

(੧੦) ਕ੍ਰਿਆ-ਮੂਲ ਦੇ ਅੰਤ ਵਿਚ 'ਇ' ਜੋੜਿਆਂ ਜਾਂ ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ '◌ਿ' ਲਾ ਕੇ ਪਿਛੇਤਰ 'ਇ' ਜੋੜਿਆਂ

(ੳ) ਵਿਅੰਜਨ-ਅੰਤਿਕ ਕ੍ਰਿਆ-ਮੂਲ ਨਾਲ

ਪੁਲਿੰਗ

੧. 'ਬਸਇ' ਕਰੋਧੁ ਸਰੀਰਿ ਚੰਡਾਰਾ ॥
ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥੧॥ (ਪੰਨਾ ੭੫੯)

੨. ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ 'ਕਰੇਇ' ॥੨॥੫॥ (ਪੰਨਾ ੩੫੦)

੩. ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ 'ਰਾਵੇਇ' ॥੪॥੩॥ (ਪੰਨਾ ੭੨੨)

[ਬਸਇ—ਵਸਦਾ ਹੈ, ਕਰੇਇ—ਕਰਦਾ ਹੈ, ਰਾਵੇਇ—ਮਾਣਦਾ ਹੈ]

ਇਸਤਰੀ-ਲਿੰਗ

੧. ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ 'ਹੁਟਇ' ॥੮॥ (ਪੰਨਾ ੧੩੯੭)

੨. ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ 'ਝੂਰੇਇ' ॥
ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ 'ਕਰੇਇ' ॥੨॥੫॥ (ਪੰਨਾ ੫੬)

[ਨ ਹੁਟਇ—ਨਹੀਂ ਹੁਟਦੀ, ਝੂਰੇਇ—ਝੂਰਦੀ ਰਹਿੰਦੀ ਹੈ, ਕਰੇਇ—ਕਰਦੀ ਹੈ]

(ਅ) ਸੂਰ-ਅੰਤਿਕ ਕ੍ਰਿਆ-ਮੂਲ

ਪੁਲਿੰਗ

੧. ਜਿਸਹਿ ਪਰਾਪਤਿ ਤਿਸੁ ਗੁਰੁ 'ਦੇਇ' ॥
ਨਾਨਕ ਬਿਰਥਾ ਕੋਇ ਨ 'ਹੋਇ' ॥੪॥੬੬॥ (ਪੰਨਾ ੧੮੫)

੨. ਮਨਮੁਖ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ 'ਖਾਇ' ॥ਸ.੨॥੧॥ (ਪੰਨਾ ੯੪੭)

੩. ਆਵਣੁ ਜਾਣੁ ਨ ਸੁਝਈ ਅੰਧਾ ਅੰਧੁ 'ਕਮਾਇ' ॥ਸ.੨॥੧॥ (ਪੰਨਾ ੯੪੭)

੪. 'ਆਇ' ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥ਰਹਾਉ॥੨੬॥ (ਪੰਨਾ ੭੦)

ਇਸਤਰੀ-ਲਿੰਗ

੧. ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ 'ਕਮਾਇ' ॥੬॥੨੧॥ (ਪੰਨਾ ੬੭)

੨. ਬਿਨੁ ਸਬਦੈ ਭਰਮੁ ਨ ਚੁਕਈ ਨਾ ਵਿਚਹੁ ਹਉਮੈ 'ਜਾਇ' ॥੬॥੨੧॥ (ਪੰਨਾ ੬੭)

੩. ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ 'ਜਾਇ' ॥ਰਹਾਉ॥੧੨॥ (ਪੰਨਾ ੫੬੦)

੪. ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ 'ਹੋਇ' ॥੨॥੧੨॥ (ਪੰਨਾ ੫੬੦)

[ਦੇਇ—ਦੇਂਦਾ ਹੈ, ਖਾਇ—ਖਾਂਦਾ (ਭੋਗਦਾ) ਹੈ, ਕਮਾਇ—ਕਮਾਉਂਦਾ ਹੈ, ਆਇ ਨ—ਆਉਂਦਾ (ਜੰਮਦਾ) ਨਹੀਂ, ਕਮਾਇ—ਕਮਾਉਂਦੀ ਹੈ, ਨ ਜਾਇ—ਨਹੀਂ ਜਾਂਦੀ, ਜਾਇ—ਚਲੀ ਜਾਂਦੀ ਹੈ, ਹੋਇ—ਹੁੰਦੀ ਹੈ।]

(੧੧) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਈ' ਜੋੜਿਆਂ

(ੳ) ਵਿਅੰਜਨ-ਅੰਤਿਕ ਕ੍ਰਿਆ-ਮੂਲ ਨਾਲ

ਪੁਲਿੰਗ

੧. ਵਾਟ ਨ 'ਕਰਈ' ਮਾਮਲਾ ਜਾਣੈ ਮਿਹਮਾਣੁ ॥ਸ.੨॥੨੨॥ (ਪੰਨਾ ੧੪੮)

੨. ਨਾਨਕ ਅਵਰੁ ਨ 'ਸੁਝਈ' ਹਰਿ ਬਿਨੁ ਬਖਸਣਹਾਰੁ ॥ਸ.੧॥੧੦॥ (ਪੰਨਾ ੮੫੩)

ਇਸਤਰੀ-ਲਿੰਗ

੧. ਚੁਪੈ ਚੁਪ ਨ 'ਹੋਵਈ' ਜੇ ਲਾਇ ਰਹਾ ਲਿਵਤਾਰ ॥੧॥ (ਪੰਨਾ ੧)

੨. ਅਚੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ 'ਜੁਲਈ' ਮਾਇਆ ॥ਸਲੋਕ ੨॥੧੦॥ (ਪੰਨਾ ੭੦੮)

[(ਨ) ਕਰਈ—(ਨਹੀਂ) ਕਰਦਾ, (ਨ) ਸੁਝਈ—(ਨਹੀਂ) ਸੁਝਦਾ, (ਨ) ਹੋਵਈ—(ਨਹੀਂ) ਹੁੰਦੀ, (ਨ) ਜੁਲਈ—(ਨਹੀਂ) ਚਲਦੀ।]

(ਅ) ਸੂਰ-ਅੰਤਿਕ ਕ੍ਰਿਆ-ਮੂਲ ਨਾਲ

ਪੁਲਿੰਗ

੧. ਅਉਖੀ ਘੜੀ ਨ ਦੇਖਣ 'ਦੇਈ' ਅਪਨਾ ਬਿਰਦੁ ਸਮਾਲੇ ॥੧॥੪੬॥ (ਪੰਨਾ ੬੮੨)

੨. ਘਰ ਮਹਿ ਅੰਮ੍ਰਿਤੁ ਤਸਕਰੁ 'ਲੇਈ' ॥੨॥੨॥ (ਪੰਨਾ ੨੨੧)

੩. ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ ਸੁਖੁ ਸਦ 'ਹੋਈ' ॥੨॥੨੦॥ (ਪੰਨਾ ੪੫੧)

੪. ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ 'ਜਾਈ' ॥ਰਹਾਉ॥੭੯॥ *(ਪੰਨਾ ੬੨੮)*

ਇਸਤਰੀ-ਲਿੰਗ

੧. ਕਟੀ ਨ ਕਟੈ ਤੂਟਿ ਨਹ 'ਜਾਈ' ॥
ਸਾ ਸਾਪਨਿ ਹੋਇ ਜਗ ਕਉ 'ਖਾਈ' ॥੨॥੩੦॥ *(ਪੰਨਾ ੩੨੯)*

[(ਨ ਦੇਖਣ) ਦੇਈ—(ਨਹੀਂ ਵੇਖਣ) ਦੇਂਦਾ, ਲੇਈ—(ਲੁਟ) ਲੈਂਦਾ ਹੈ,
ਹੋਈ—ਹੁੰਦਾ ਹੈ, ਤੂਟਿ ਨ ਜਾਈ—ਤੁਟਦੀ ਨਹੀਂ, ਖਾਈ—ਖਾਈ ਜਾਂਦੀ ਹੈ।]

ਨੋਟ : (੧) ਕਈ ਥਾਵੇਂ 'ਈ' ਦੀ ਬਜਾਏ ਕੇਵਲ (ੀ) ਹੀ ਲੱਗੀ ਮਿਲਦੀ ਹੈ; ਜਿਵੇਂ :

੧. ਭੁਖਿਆ ਭੁਖ ਨ 'ਉਤਰੀ' ਜੇ ਬੰਨਾ ਪੁਰੀਆ ਭਾਰ ॥੧॥ *(ਪੰਨਾ ੧)*

੨. ਜਿਸੁ ਪਾਸਿ ਲੁਕਾਇਦੜੋ ਸੋ 'ਵੇਖੀ' ਸਾਥੈ ॥੧॥੧੩॥ *(ਪੰਨਾ ੪੬੧)*

੩. ਨਾਨਕ ਦਰਗਹ ਮੰਨੀਅਹਿ 'ਮਿਲੀ' ਨਿਥਾਵੇ ਥਾਉ ॥੩॥ਪ.੧੪॥ *(ਪੰਨਾ ੧੦੯੯)*

੪. ਸੋ ਮਨੁ ਨਿਰਮਲੁ ਜੋ ਗੁਰ ਸੰਗਿ 'ਰਾਚੀ' ॥੩॥੨੨॥ *(ਪੰਨਾ ੧੨੭੧)*

੫. 'ਵਸੀ' ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੬॥ *(ਪੰਨਾ ੧੩੭੮)*

੬. ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ 'ਹੋਵੀ' ਭੰਙੁ ॥੧॥੩॥ *(ਪੰਨਾ ੭੩੧)*

੭. ਰਾਤਿ ਨ 'ਵਿਹਾਵੀ' ਸਾਕਤਾਂ ਜਿਨ੍ਹ ਵਿਸਰੈ ਨਾਉ ॥ਸ.੧॥ਪਉੜੀ ੧੪॥ *(ਪੰਨਾ ੧੨੮੪)*

੮. ਸਤਿਗੁਰ ਕਾ ਫੁਰਮਾਇਆ ਮੰਨਿ ਨ 'ਸਕੀ' ਦੁਤਰੁ ਤਰਿਆ ਨ ਜਾਇ ॥੬॥ *(ਪੰਨਾ ੧੪੨੨)*

੯. ਹੁਕਮੁ ਨ 'ਜਾਪੀ' ਖਸਮ ਕਾ ਕਿਸੈ ਵਡਾਈ ਦੇਇ ॥੪॥੧੮॥ *(ਪੰਨਾ ੧੫੭)*

[(ਨ) ਉਤਰੀ (ਉਤਰਈ ਦਾ ਰੂਪਾਂਤਰ)—ਨਹੀਂ ਉਤਰਦੀ,
ਵੇਖੀ (ਵੇਖਈ ਦਾ ਰੂਪਾਂਤਰ)—ਵੇਖਦਾ ਹੈ,
ਮਿਲੀ (ਮਿਲਈ ਦਾ ਰੂਪਾਂਤਰ)—ਮਿਲਦੀ ਹੈ,
ਰਾਚੀ (ਰਾਚਈ ਦਾ ਰੂਪਾਂਤਰ)—ਰਚਦਾ ਹੈ,
ਵਸੀ (ਵਸਈ ਦਾ ਰੂਪਾਂਤਰ)—ਵਸਦਾ ਹੈ,
(ਨ) ਹੋਵੀ (ਹੋਵਈ ਦਾ ਰੂਪਾਂਤਰ)—ਨਹੀਂ ਹੁੰਦਾ,
(ਨ) ਵਿਹਾਵੀ (ਵਿਹਾਵਈ ਦਾ ਰੂਪਾਂਤਰ)—ਨਹੀਂ ਬੀਤਦੀ,
(ਨ) ਸਕੀ (ਸਕਈ ਦਾ ਰੂਪਾਂਤਰ)—ਮੰਨ ਨਹੀਂ ਸਕਦਾ,
ਨ ਜਾਪੀ—(ਜਾਪਈ ਦਾ ਰੂਪਾਂਤਰ) ਨਹੀਂ ਜਪਦਾ।]

(੨) ਕਈ ਥਾਵੇਂ ਕ੍ਰਿਆ-ਮੂਲ ਦੇ ਅੰਤ ਵਿਚ ਵਰਤਮਾਨ ਕਾਲ ਬੋਧਕ ਅੰਸ਼ ਲਾਉਣ ਤੋਂ ਪਹਿਲਾ ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ (ੱ) ਲਾਈ ਮਿਲਦੀ ਹੈ; ਜਿਵੇਂ :

੧. ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ 'ਕਰੇਈ' ॥
ਰਾਖੈ ਆਪਿ ਵਡਿਆਈ ਦੇਈ ॥੨॥੨॥ *(ਪੰਨਾ ੨੨੧)*

੨. ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ 'ਕਰੇਈ' ॥
ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ 'ਕਰੇਈ' ॥੩॥੩॥ *(ਪੰਨਾ ੬੮੯)*

(੧੨) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਏ' ਲਾਇਆਂ

(ੳ) ਵਿਅੰਜਨ-ਅੰਤਿਕ ਕ੍ਰਿਆ-ਮੂਲ ਨਾਲ

ਪੁਲਿੰਗ

੧. ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ 'ਪਰਤਾਪਏ' ॥੧॥੧॥੫॥ *(ਪੰਨਾ ੪੩੯)*

੨. ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ 'ਜਾਣਏ' ॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ 'ਪਛਾਣਏ' ॥੨॥੨॥ *(ਪੰਨਾ ੪੪੦)*

੩. ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ 'ਪਾਵਏ' ॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ 'ਲਾਵਏ' ॥੨॥੨॥ *(ਪੰਨਾ ੪੪੦)*

੪. ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ 'ਵਿਆਪਏ' ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ 'ਜਾਪਏ' ॥੩॥ਅਨੰਦੁ॥ *(ਪੰਨਾ ੯੨੧)*

੫. ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ 'ਪਾਵਏ' ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ 'ਵਸਾਵਏ' ॥੩॥ਅਨੰਦੁ॥ *(ਪੰਨਾ ੯੧੭)*

ਇਸਤਰੀ-ਲਿੰਗ

੧. ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ 'ਚਮਕਏ' ॥੧॥੧॥੫॥ *(ਪੰਨਾ ੪੩੯)*

(ਅ) ਸੁਰ-ਅੰਤਿਕ ਕ੍ਰਿਆ-ਮੂਲ ਨਾਲ

ਪ੍ਰੇਰਣਾਰਥਕ ਕ੍ਰਿਆ

੧. ਆਪਿ 'ਜਪਾਏ' ਜਪੈ ਸੋ ਨਾਉ ॥
ਆਪਿ 'ਗਾਵਾਏ' ਸੁ ਹਰਿ ਗੁਨ ਗਾਉ ॥੮॥੬॥ *(ਪੰਨਾ ੨੭੦)*

੨. ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ 'ਦੇਵਾਏ' ॥੪॥੧੨॥ *(ਪੰਨਾ ੭੩੫)*

(੧੩) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ ' ੱ ' ਲਾਇਆਂ

ਪੁਲਿੰਗ

੧. ਦੇ ਦੇ ਮੰਗਹਿ ਸਹਸਾ ਗੂਣਾ ਸੋਭ 'ਕਰੇ' ਸੰਸਾਰੁ ॥ਸਲੋਕ ੧॥੬॥ *(ਪੰਨਾ ੪੬੬)*

੨. ਲੈ ਭਾੜਿ 'ਕਰੇ' ਵੀਆਹੁ ॥
ਕਢਿ ਕਾਗਲੁ 'ਦਸੇ' ਰਾਹੁ ॥ਸਲੋਕ ੪॥ਪਉੜੀ ੧੫॥ *(ਪੰਨਾ ੪੭੧)*

੩. ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ 'ਧਰੇ' ॥
ਨਾਨਕ ਨਿਰਗੁਣਿ ਗੁਣੁ 'ਕਰੇ' ਗੁਣਵੰਤਿਆ ਗੁਣੁ 'ਦੇ' ॥ਜਪੁ ੭॥ *(ਪੰਨਾ ੨)*

ਨੋਟ : 'ਦੇ' ਕ੍ਰਿਆ 'ਦੇਇ' ਦਾ ਕਾਵਿਕ ਰੂਪਾਂਤਰ ਹੈ; ਜਿਵੇਂ :

੧. ਜਿਸ ਨੋ ਬਖਸੇ ਹਰਿ 'ਦੇ' ਵਡਿਆਈ ॥੨॥੬॥ *(ਪੰਨਾ ੬੬੫)*

੨. ਆਪੇ ਬਖਸੇ 'ਦੇ' ਵੀਚਾਰੁ ॥੧॥੮॥ *(ਪੰਨਾ ੬੬੬)*

੩. ਨਾਨਕ ਸੋ ਸਾਲਾਹੀਐ ਜਿ ਸਭਸੈ 'ਦੇ' ਆਧਾਰੁ ॥ਸ.੨॥ਪਉੜੀ ੧੬॥ *(ਪੰਨਾ ੭੯੧)*

੪. ਗੁਰਮੁਖਿ ਆਪੇ 'ਦੇ' ਵਡਿਆਈ ॥੫॥੧॥ *(ਪੰਨਾ ੮੩੧)*

(੧੪) ਕ੍ਰਿਆ-ਮੂਲ ਦੇ ਅੰਤ ਵਿਚ 'ੈ' ਲਾਇਆ

ਪੁਲਿੰਗ

੧. ਸਚੁ ਪੁਰਾਣਾ ਨਾ 'ਥੀਐ' ਨਾਮੁ ਨ ਮੈਲਾ ਹੋਇ ॥ਸ.੨॥ਪਉੜੀ ੨੯॥ *(ਪੰਨਾ ੧੨੪੮)*

੨. ਏਕੋ ਏਕੁ ਸਭੁ ਆਖਿ 'ਵਖਾਣੈ'॥
ਹੁਕਮੁ ਬੁਝੈ ਤਾਂ ਏਕੋ 'ਜਾਣੈ'॥੩॥੧੪॥ *(ਪੰਨਾ ੧੧੭੬)*

੩. ਅਪੁਨੇ ਜਨ ਕਾ ਪਰਦਾ 'ਢਾਕੈ'॥
ਅਪਨੇ ਸੇਵਕ ਕੀ ਸਰਪਰ 'ਰਾਖੈ'॥੪॥੧੭॥ *(ਪੰਨਾ ੨੮੫)*

੪. ਜੀਅੜਾ ਅਗਨਿ ਬਰਾਬਰਿ 'ਤਪੈ' ਭੀਤਰਿ 'ਵਗੈ' ਕਾਤੀ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ 'ਹੋਵੈ' ਦਿਨੁ ਰਾਤੀ॥੬॥੧੭॥ *(ਪੰਨਾ ੧੫੬)*

੫. ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ 'ਹੋਹੈ'॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ 'ਧੋਹੈ'॥੪॥੨॥
(ਪੰਨਾ ੪੯੩)

[ਨਾਥੀਐ—ਨਹੀਂ ਹੁੰਦਾ, ਵਖਾਣੈ—ਵਖਾਣਦਾ ਹੈ, ਜਾਣੈ—ਜਾਣਦਾ ਹੈ, ਢਾਕੈ—ਢਕਦਾ ਹੈ, ਰਾਖੈ—ਰਖਦਾ ਹੈ, ਤਪੈ—ਤਪਦਾ ਹੈ, ਵਗੈ—ਵਗਦੀ ਹੈ (ਇਸਤਰੀ ਲਿੰਗ), ਹੋਵੈ—ਹੁੰਦਾ ਹੈ, ਹੋਹੈ—ਹੋ ਜਾਂਦਾ ਹੈ, ਧੋਹੈ—ਧੋ ਦੇਂਦਾ ਹੈ।]

ਇਸਤਰੀ-ਲਿੰਗ

੧. ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ 'ਲਾਗੈ' ਮੀਠੀ ॥੨॥੧੧॥
(ਪੰਨਾ ੬੭੩)

੨. 'ਬਰਸੈ' ਅੰਮ੍ਰਿਤ ਧਾਰ ਬੂੰਦ ਸੁਹਾਵਣੀ॥
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥੪॥ *(ਪੰਨਾ ੧੧੦੭)*

੩. ਜਿਸੁ ਅੰਤਰਿ ਪ੍ਰੀਤਿ 'ਲਗੈ' ਸੋ ਮੁਕਤਾ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥੭॥੨੧॥ *(ਪੰਨਾ ੧੨੨)*

੪. ਨਿਜ ਘਰਿ ਧਾਰ 'ਚੁਐ' ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥੬॥
(ਪੰਨਾ ੮੩੫)

[ਲਾਗੈ—ਲਗਦੀ ਹੈ, ਬਰਸੈ—ਵਸਦੀ ਹੈ, ਲਗੈ—ਲਗਦੀ ਹੈ, ਚੁਐ—ਚੋਂਦੀ ਹੈ।]

(੧੫) ਕ੍ਰਿਆ-ਮੂਲ ਦੇ ਅੰਤ ਵਿਚ 'ਸਿ' ਪਿਛੇਤਰ ਜੋੜਿਆਂ

ਪੁਲਿੰਗ

੧. ਕਿਰਤੁ ਓਨ੍ਹਾ ਕਾ 'ਮਿਟਸਿ' ਨਾਹਿ॥
ਓਇ ਅਪਣਾ ਬੀਜਿਆ ਆਪਿ ਖਾਹਿ ॥੩॥੧੨॥ *(ਪੰਨਾ ੧੧੮੩)*

੨. ਜਨ ਕਾ ਰਖਵਾਲਾ ਆਪਿ ਸੋਇ॥
ਜਨ ਕਉ ਪਹੁਚਿ ਨ 'ਸਕਸਿ' ਕੋਇ ॥੩॥੧੨॥ *(ਪੰਨਾ ੧੧੮੩)*

੩. ਦਰਗਹ ਅੰਦਰਿ ਪਾਈਐ ਤਗੁ ਨ 'ਤੁਟਸਿ' ਪੂਤ ॥ਸ.੩॥ਪਉੜੀ ੧੫॥ *(ਪੰਨਾ ੪੭੧)*

੪. ਸਫਲੁ ਓਹੁ ਮਾਥਾ ਸੰਤ 'ਨਮਸਕਾਰਸਿ'॥
ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥੧੨੬॥ *(ਪੰਨਾ ੧੯੧)*

੫. ਨਾਨਕ ਪਿੰਡੁ ਬਖਸੀਸ ਕਾ ਕਬਹੂੰ 'ਨਿਖੂਟਸਿ' ਨਾਹਿ ॥੪॥੩੨॥ *(ਪੰਨਾ ੩੫੮)*

[ਮਿਟਸਿ ਨਾਹਿ—ਨਹੀਂ ਮਿਟਦਾ, ਪਹੁਚਿ ਨ ਸਕਸਿ—ਪਹੁੰਚ ਨਹੀਂ ਸਕਦਾ, (ਨ) ਤੁਟਸਿ—ਨਹੀਂ ਟੁਟਦਾ, ਨਮਸਕਾਰਸਿ—ਨਮਸਕਾਰ ਕਰਦਾ ਹੈ, ਨਿਖੂਟਸਿ (ਨਾਹਿ—ਨਹੀਂ ਨਿਖੁਟਦਾ।]

ਇਸਤਰੀ-ਲਿੰਗ

੧. ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ 'ਨ ਰਾਖਸਿ' ਤੇਤੇ ॥੧॥੧੨॥ *(ਪੰਨਾ ੪੭੬)*

੨. ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥
ਤਾ ਭੀ ਚੀਤਿ 'ਨ ਰਾਖਸਿ' ਮਾਇਆ ॥੨॥੧੨॥ *(ਪੰਨਾ ੪੭੬)*

੩. ਊਚ ਨੀਚ ਸੁਖ ਦੂਖ॥
'ਧ੍ਰਾਪਸਿ' ਨਾਹੀ ਤ੍ਰਿਸਨਾ ਭੂਖ ॥੨॥੧੬॥ *(ਪੰਨਾ ੬੭੫)*

[(ਨ) ਰਾਖਸਿ—ਨਹੀਂ ਰੱਖਦੀ, ਧ੍ਰਾਪਸਿ ਨਾਹੀ—ਤ੍ਰਿਪਤ ਨਹੀਂ ਹੁੰਦੀ]

(੧੬) ਧਾਤੂ ਦੇ ਨਾਲ ਸਹਾਇਕ ਕ੍ਰਿਆ 'ਹੈ' ਸ਼ਾਮਲ ਕੀਤਿਆਂ

੧. ਬੀਤ 'ਜੈਹੈ' ਬੀਤ 'ਜੈਹੈ' ਜਨਮੁ ਅਕਾਜੁ ਰੇ ॥ਰਹਾਉ॥੪॥ *(ਪੰਨਾ ੧੩੫੨)*

ਨੋਟ : 'ਜੈ' ਪੂਰੀ ਕ੍ਰਿਆ 'ਜਾਇ' ਦਾ ਸੰਖਿਪਤ ਰੂਪ ਜਾਪਦਾ ਹੈ। ਮੁਖ ਕ੍ਰਿਆ ਦੇ ਨਾਲ ਸਹਾਇਕ ਕ੍ਰਿਆ 'ਹੈ' ਸ਼ਾਮਲ ਕਰ ਕੇ ਬਣਾਈ ਸੰਜੁਕਤ ਕ੍ਰਿਆ ਵਰਤਮਾਨ ਕਾਲ ਤੋਂ ਇਲਾਵਾ ਭਵਿਖਤ ਕਾਲ ਦਾ ਵੀ ਅਰਥ ਦਿੰਦੀ ਹੈ।

੧੮.੭.੨.੩ ਅਨ-ਪੁਰਖ

੧੮.੭.੨.੩.੨ ਬਹੁ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ 'ਤ' ਜੋੜਿਆਂ

ਪੁਲਿੰਗ

੧. ਹਰਿ ਜਸੁ 'ਕਰਤ' ਸੰਤ ਦਿਨੁ ਰਾਤਿ॥
ਹਰਿ ਹਰਿ ਅਉਖਧੁ ਸਾਧ ਕਮਾਤਿ ॥੫॥੨॥ *(ਪੰਨਾ ੨੬੪)*

੨. ਹਰਿ ਜਨ 'ਬੋਲਤ' ਸ੍ਰੀ ਰਾਮ ਨਾਮਾ ਮਿਲਿ ਸਾਧ ਸੰਗਤਿ ਹਰਿ ਭੋਰ ॥ਰਹਾਉ॥੮॥
(ਪੰਨਾ ੧੨੬੫)

੩. ਜੋ 'ਬੋਲਤ ਹੈ' ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ 'ਜਾਪਤ' ਹੈ ਨਹੀ ਹੋਰ ॥੩॥੮॥
(ਪੰਨਾ ੧੨੬੫)

੪. ਚਾਤ੍ਰਿਕ ਮੋਰ 'ਬੋਲਤ' ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥੮॥ *(ਪੰਨਾ ੧੨੬੫)*

੫. 'ਕਥਤ' 'ਸੁਨਤ' ਮੁਨਿ ਜਨਾ ਮਿਲਿ ਸੰਤ ਮੰਡਲੀ ॥ਰਹਾਉ॥੫॥ *(ਪੰਨਾ ੧੩੨੨)*

ਇਸਤਰੀ-ਲਿੰਗ

੧. 'ਹਸਤ' ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਰਰਿ ਰਾਖੀਅਲੇ ॥੨॥੧॥ *(ਪੰਨਾ ੬੭੨)*

[ਕਰਤ—ਕਰਦੇ ਹਨ, ਬੋਲਤ—ਬੋਲਦੇ ਹਨ, ਬੋਲਤ ਹੈ—ਬੋਲਦੇ ਹਨ, ਜਾਪਤ ਹੈ ਨਹੀ—ਨਹੀਂ ਜਪਦੇ ('ਹੈ' ਉਚਾਰਣ ਨਾਸਕੀ), ਕਥਤ—ਕਥਦੇ ਹਨ, ਸੁਨਤ—ਸੁਣਦੇ ਹਨ, ਹਸਤ—ਹਸਦੀਆਂ ਹਨ।]

(੨) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਟਿਪੀ (ੰ) ਲਾ ਕੇ ਮਗਰੋਂ 'ਤਿ' ਜੋੜਿਆਂ

੧. ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ 'ਜਾਣੰਤਿ'॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ 'ਲਹੰਤਿ॥੧੫॥
[ਨ ਜਾਣੰਤਿ—ਨਹੀਂ ਜਾਣਦੇ, ਨ ਲਹੰਤਿ—ਨਹੀਂ ਲੈ ਸਕਦੇ] *(ਪੰਨਾ ੧੪੧੧)*

(੩) ਕ੍ਰਿਆ-ਮੂਲ ਦੇ ਅੰਤ ਵਿਚ 'ਤੇ' ਜੋੜਿਆਂ

ਪੁਲਿੰਗ

੧. ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ 'ਜੀਵਤੇ' ਜੀਉ॥
ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ 'ਪੀਵਤੇ' ਜੀਉ॥
ਅੰਮ੍ਰਿਤੁ ਹਰਿ 'ਪੀਵਤੇ' ਸਦਾ ਥਿਰੁ 'ਥੀਵਤੇ' ਬਿਖੈ ਬਨੁ ਫੀਕਾ ਜਾਨਿਆ॥੩॥੩॥
(ਪੰਨਾ ੮੦)

੨. ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ 'ਕਹਤੇ' ਮੇਰਾ॥੩॥੧੪॥ *(ਪੰਨਾ ੧੧੩੯)*

੩. ਪੰਚ ਪਹਰੂਆ ਦਰ ਮਹਿ 'ਰਹਤੇ' ਤਿਨ ਕਾ ਨਹੀ ਪਤੀਆਰਾ॥੨॥੭੩॥
(ਪੰਨਾ ੩੩੯)

੪. ਕੋਟਿ ਬਿਘਨ ਤਿਸੁ 'ਲਾਗਤੇ' ਜਿਸ ਨੋ ਵਿਸਰੈ ਨਾਉ॥
ਨਾਨਕ ਅਨਦਿਨੁ 'ਬਿਲਪਤੇ' ਜਿਉ ਸੁੰਞੈ ਘਰਿ ਕਾਉ॥ਸ.੧॥ਪਉੜੀ ੧੫॥ *(ਪੰਨਾ ੫੨੨)*
[ਜੀਵਤੇ—ਜੀਉਂਦੇ ਹਨ, ਪੀਵਤੇ—ਪੀਂਦੇ ਹਨ, ਥੀਵਤੇ—ਹੁੰਦੇ ਹਨ, ਕਹਤੇ—ਆਖਦੇ ਹਨ,
ਰਹਤੇ—ਰਹਿੰਦੇ ਹਨ, ਲਾਗਤੇ—ਲਗਦੇ ਹਨ, ਬਿਲਪਤੇ—ਵਿਲਕਦੇ ਹਨ।]

(੪) ਕ੍ਰਿਆ-ਮੂਲ ਦੇ ਅੰਤ ਵਿਚ 'ਤੀ ਹੈ' ਜੋੜਿਆਂ

੧. ਹਸਤ ਬਿਨੋਦ ਬੀਚਾਰ 'ਕਰਤੀ ਹੈ' ਚੀਤ ਸੁ ਗਾਗਰਿ ਰਾਖੀਅਲੇ॥੨॥੧॥
[ਕਰਤੀ ਹੈ—ਕਰਦੀਆਂ ਹਨ] *(ਪੰਨਾ ੯੭੨)*

ਨੋਟ : 'ਹੈ' ਉਚਾਰਣ ਨਾਸਕੀ।

(੫) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਟਿੱਪੀ (ੰ) ਲਾ ਕੇ ਮਗਰੋਂ ਪਿਛੇਤਰ 'ਤੇ' ਜੋੜਿਆਂ

ਪੁਲਿੰਗ

੧. ਆਪਨੜੇ ਪ੍ਰਭ ਭਾਣਿਆ ਨਿਤ ਕੇਲ 'ਕਰੰਤੇ'॥੩॥੧੧੪॥ *(ਪੰਨਾ ੩੯੯)*

੨. ਜੋ ਜਨ ਤੁਮਰੀ ਭਗਤਿ 'ਕਰੰਤੇ' ਤਿਨ ਕੇ ਕਾਜ ਸਵਾਰਤਾ॥ਰਹਾਉ॥੪॥
[ਕਰੰਤੇ—ਕਰਦੇ ਹਨ] *(ਪੰਨਾ ੬੯੫)*

(੬) ਕ੍ਰਿਆ-ਮੂਲ ਦੇ ਅੰਤ ਵਿਚ

(ੳ) ਪਿਛੇਤਰ 'ਦੇ' ਜੋੜਿਆਂ

(ਅ) ਅੰਤਲੇ ਅੱਖਰ ਨੂੰ ਟਿੱਪੀ (ੰ) ਲਾ ਕੇ ਪਿਛੇਤਰ 'ਦੇ' ਜੋੜਿਆਂ

ਪੁਲਿੰਗ

੧. ਸੁਰਿ ਨਰ ਮੁਨਿ ਜਨ ਅੰਮ੍ਰਿਤੁ 'ਖੋਜਦੇ' ਸੁ ਅੰਮ੍ਰਿਤੁ ਗੁਰ ਤੇ ਪਾਇਆ॥੧੩॥
(ਪੰਨਾ ੯੧੮)

੨. ਸੁਰਿ ਨਰ ਮੁਨਿ ਜਨ 'ਲੋਚਦੇ' ਸੋ ਸਤਿਗੁਰਿ ਦੀਆ ਬੁਝਾਇ ਜੀਉ॥੪॥
(ਪੰਨਾ ੭੨)

੩. ਹਰਿ ਕੀਰਤਨੁ ਭਗਤ ਨਿਤ 'ਗਾਂਵਦੇ' ਹਰਿ ਨਾਮ ਸੁਖਦਾਈ॥ਸ.੨॥ਪਉੜੀ ੩੦॥
(ਪੰਨਾ ੩੧੬)

੪. ਜੋ ਮੋਹਿ ਮਾਇਆ ਚਿਤੁ 'ਲਾਇਦੇ' ਸੇ ਛੋਡਿ ਚਲੇ ਦੁਖੁ ਰੋਇ॥੧॥੧॥ *(ਪੰਨਾ ੮੧)*

੫. ਜੋ 'ਸਿਮਰੰਦੇ' ਸਾਂਈਐ॥
ਨਰਕਿ ਨ ਸੇਈ ਪਾਈਐ॥੨॥੩੮॥ *(ਪੰਨਾ ੧੩੨)*

੬. ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ॥੩॥੬॥ *(ਪੰਨਾ ੮੦੦)*
[ਖੋਜਦੇ—ਢੂੰਢਦੇ ਹਨ, ਲੋਚਦੇ—ਲੋਚਾ ਕਰਦੇ ਹਨ, ਗਾਂਵਦੇ—ਗਾਉਂਦੇ ਹਨ,
ਲਾਇਦੇ—ਲਾਉਂਦੇ ਹਨ, ਸਿਮਰੰਦੇ—ਸਿਮਰਦੇ ਹਨ, ਕਰੰਦੇ—ਕਰਦੇ ਹਨ।]

(੭) (ੳ) ਕ੍ਰਿਆ-ਮੂਲ ਦੇ ਅੰਤ ਵਿਚ 'ਦੀਆ' ਪਿਛੇਤਰ ਜੋੜਿਆਂ

(ਅ) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਟਿੱਪੀ ਲਾ ਕੇ ਮਗਰੋਂ ਪਿਛੇਤਰ 'ਦੀਆਂ' ਜੋੜਿਆਂ

ਇਸਤਰੀ-ਲਿੰਗ

੧. ਸੀਆਲੇ 'ਸੋਹੰਦੀਆਂ' ਪਿਰ ਗਲਿ ਬਾਹੜੀਆਂ॥੬॥੨॥ *(ਪੰਨਾ ੪੮੮)*

੨. ਮੰਘਿਰਿ ਮਾਹਿ 'ਸੋਹੰਦੀਆ' ਹਰਿ ਪਿਰ ਸੰਗਿ ਬੈਠੜੀਆਹ॥੧੦॥੧॥ *(ਪੰਨਾ ੧੩੫)*

੩. ਦੋਹਾਗਣੀ ਖਰੀਆ 'ਬਿਲਲਾਦੀਆ' ਤਿਨਾ ਮਹਲੁ ਨ ਪਾਇ॥੨॥੪॥ *(ਪੰਨਾ ੫੫੬)*

੪. ਸਤਿਗੁਰ ਕੈ ਭਾਣੈ 'ਚਲਦੀਆ' ਨਾਮੇ ਸਹਜਿ ਸੀਗਾਰੁ॥੨॥੩੦॥ *(ਪੰਨਾ ੪੨੬)*
[ਸੋਹੰਦੀਆਂ—ਸੋਭਦੀਆਂ ਹਨ, ਸੋਹੰਦੀਆ—ਸੋਭਦੀਆਂ ਹਨ,
ਬਿਲਲਾਦੀਆ—ਵਿਰਲਾਪ ਕਰਦੀਆਂ ਹਨ, ਚਲਦੀਆ—ਚਲਦੀਆਂ ਹਨ।]

ਨੋਟ : (੧) ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।
(੨) ਉਦਾਹਰਣ ਨੰ: ੪ ਅੰਦਰ ਸੁਰ-ਅੰਤਿਕ ਕ੍ਰਿਆ-ਮੂਲ ਦੇ ਅੰਤਲੇ ਸੁਰ ਦਾ ਉਚਾਰਣ ਵੀ ਨਾਸਕੀ (ਬਿਲਲਾਂਦੀਆਂ ਵਾਂਗ)।

(੮) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਹਿ' ਜੋੜਿਆਂ

ਪੁਲਿੰਗ

੧. ਬਿਨੁ ਨਾਵੈ ਮਨਮੁਖ ਜਮ ਪੁਰਿ 'ਜਾਹਿ'॥
ਅਉਖੇ 'ਹੋਵਹਿ' ਚੋਟਾ 'ਖਾਹਿ'॥੩॥੭॥ *(ਪੰਨਾ ੧੧੨੯)*

੨. ਗਿਆਨੀ 'ਨਚਹਿ' ਵਾਜੇ 'ਵਾਵਹਿ' ਰੂਪ 'ਕਰਹਿ' ਸੀਗਾਰੁ॥
ਊਚੇ 'ਕੂਕਹਿ' ਵਾਦਾ 'ਗਾਵਹਿ' ਜੋਧਾ ਕਾ ਵੀਚਾਰੁ॥ਸਲੋਕ ੨॥ਪਉੜੀ ੧੧॥
(ਪੰਨਾ ੪੬੯)

੩. ਮਨਮੁਖ ਅੰਧੁਲੇ ਸੋਝੀ ਨਾਹੀ॥
'ਆਵਹਿ' 'ਜਾਹਿ' 'ਮਰਹਿ' ਮਰਿ ਜਾਹੀ॥੩॥੬॥ *(ਪੰਨਾ ੧੦੨੯)*

੪. ਅਸੰਖ ਪਾਪੀ ਪਾਪੁ ਕਰਿ 'ਜਾਹਿ'॥
ਅਸੰਖ ਕੂੜਿਆਰ ਕੂੜੇ 'ਫਿਰਾਹਿ'॥੧੮॥ *(ਪੰਨਾ ੪)*

ਇਸਤਰੀ-ਲਿੰਗ

੧. ਇਕਿ ਪਿਰੁ 'ਰਾਵਹਿ' ਆਪਣਾ ਹਉ ਕੈ ਦਰਿ ਪੂਛਉ ਜਾਇ ॥੧॥ੲ੨॥ *(ਪੰਨਾ ੩੮)*

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

੨. ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ ॥
ਦੂਜੈ ਭਾਇ ਕਰੂਪੀ ਦੂਖੁ 'ਪਾਵਹਿ' ਆਗੈ ਜਾਇ ॥੨॥੪॥ *(ਪੰਨਾ ੫੫ੲ)*

[ਜਾਹਿ—ਜਾਂਦੇ ਹਨ, ਹੋਵਹਿ—ਹੁੰਦੇ ਹਨ, ਖਾਹਿ—ਖਾਂਦੇ ਹਨ, ਨਚਹਿ—ਨਚਦੇ ਹਨ, ਗਾਵਹਿ—ਗਾਉਂਦੇ ਹਨ, ਆਵਹਿ—ਆਉਂਦੇ ਹਨ, ਜਾਹਿ—ਜਾਂਦੇ ਹਨ, ਮਰਹਿ—ਮਰਦੇ ਹਨ, ਫਿਰਾਹਿ—ਫਿਰਦੇ ਹਨ, ਰਾਵਹਿ—ਮਾਣਦੀਆਂ ਹਨ, ਪਾਵਹਿ—ਪਾਉਂਦੀਆਂ ਹਨ।]

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

(ੲ) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਲਾਂ (ਾਂ) ਲਾ ਕੇ ਫਿਰ ਪਿਛੇਤਰ 'ਹਿ' ਜੋੜਿਆਂ

੧. ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ 'ਕਰੇਹਿ' ॥੩॥੧॥ *(ਪੰਨਾ ੪੮ੲ)*

[ਕਰੇਹਿ—ਕਰਦੇ ਹਨ]

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

(੧੦) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਹੇ' ਜੋੜਿਆਂ

੧. ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ 'ਗਾਵਹੇ' ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ 'ਧਿਆਵਹੇ' ॥੧॥੨॥ *(ਪੰਨਾ ੨੪ਟ)*

੨. ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ 'ਧਿਆਵਹੇ' ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ 'ਪਾਵਹੇ' ॥੩॥੨॥ *(ਪੰਨਾ ੨੪ਟ)*

੩. ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ 'ਪਾਵਹੇ' ॥
ਹਰਿ ਰੰਗਿ ਰਾਤੇ ਪ੍ਰਭ ਬਿਧਾਤੇ ਰਾਮ ਕੇ ਗੁਣ 'ਗਾਵਹੇ' ॥੪॥੮॥ *(ਪੰਨਾ ੪੫ਟ)*

[ਗਾਵਹੇ—ਗਾਉਂਦੇ ਹਨ, ਧਿਆਵਹੇ—ਧਿਆਉਂਦੇ ਹਨ, ਪਾਵਹੇ—ਪਾਉਂਦੇ ਹਨ।]

ਨੋਟ : ਅੰਤਲੇ ਸ੍ਵਰ 'ਹਿ' ਦਾ ਉਚਾਰਣ ਨਾਸਕੀ।

(੧੧) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਹੀ' ਜੋੜਿਆਂ

ਪੁਲਿੰਗ

੧. ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ 'ਹੋਂਵਹੀ' ॥ਪਉੜੀ ੧੫॥ *(ਪੰਨਾ ੧੨ਟ੪)*

੨. ਹਿੰਦੂ ਮੂਲੇ ਭੂਲੇ ਅਖੁਟੀ 'ਜਾਂਹੀ' ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥ਸ.੨॥੨੦॥ *(ਪੰਨਾ ੫੫ੲ)*

੩. ਬਿਨੁ ਬੂਝੇ ਕਿਛੁ ਸੂਝੈ ਨਾਹੀ ॥
ਮੋਇਆ ਰੋਂਹਿ ਰੋਂਦੇ ਮਰਿ 'ਜਾਂਹੀ' ॥ਸ.੧॥੨੦॥ *(ਪੰਨਾ ੧੨ਟ੭)*

੪. ਕਰਨ ਨ 'ਸੁਨਹੀ' ਨਾਦੁ ਕਰਨ ਮੁੰਦਿ ਘਾਲਿਆ ॥੧੪॥ *(ਪੰਨਾ ੧੩ੲ੨)*

ਇਸਤਰੀ-ਲਿੰਗ

੧. ਦੋਹਾਗਣੀ ਪਿਰ ਕੀ ਸਾਰ ਨ 'ਜਾਣਹੀ' ਕਿਆ ਕਰਿ ਕਰਹਿ ਸੀਗਾਰੁ ॥੫॥੩੭॥ *(ਪੰਨਾ ੪੩੦)*

[ਹੋਂਵਹੀ—ਸਹਾਰਦੇ ਹਨ, ਜਾਂਹੀ—ਜਾਂਦੇ ਹਨ, ਨ ਸੁਨਹੀ—ਨਹੀਂ ਸੁਣਦੇ, ਨ ਜਾਣਹੀ—ਨਹੀਂ ਜਾਣਦੀਆਂ।]

ਨੋਟ : ਅੰਤਲੇ 'ਹੀ' ਦਾ ਉਚਾਰਣ ਨਾਸਕੀ।

(੧੨) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਨਿ' ਅਤੇ 'ਇਨਿ' ਜੋੜਿਆਂ

ਪੁਲਿੰਗ

੧. 'ਕਹਨਿ' 'ਧਿਆਇਨਿ' 'ਸੁਣਨਿ' ਨਿਤ ਸੇ ਭਗਤ ਸੁਹਾਵੇ ॥੩॥੧॥ *(ਪੰਨਾ ੧੧ੲ੩)*

੨. ਸੇਈ ਤੁਧਨੋ 'ਗਾਵਨਿ' ਜੋ ਤੁਧੁ 'ਭਾਵਨਿ' ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ 'ਆਵਨਿ' ਨਾਨਕੁ ਕਿਆ ਬੀਚਾਰੇ ॥੧॥੧॥ *(ਪੰਨਾ ੩੪੭)*

੩. ਤੁਧੁ 'ਧਿਆਇਨਿ' ਬੇਦ ਕਤੇਬਾ ਸਣੁ ਖੜੇ ॥ਪਉੜੀ ੨॥ *(ਪੰਨਾ ੫੧ਟ)*

੪. 'ਵਾਇਨਿ' ਚੇਲੇ 'ਨਚਨਿ' ਗੁਰ ॥
ਪੈਰ 'ਹਲਾਇਨਿ' 'ਫਰੇਨਿ' ਸਿਰ ॥ਸ.੨॥੫॥ *(ਪੰਨਾ ੪ੲ੫)*

੫. ਏਕੁ 'ਧਿਆਇਨਿ' ਸਦਾ ਸੁਖੁ 'ਪਾਇਨਿ' ਨਿਹਚਲੁ ਰਾਜੁ ਤਿਨਾਹਾ ਹੇ ॥੩॥੧੪॥ *(ਪੰਨਾ ੧੦੫੭)*

ਇਸਤਰੀ-ਲਿੰਗ

੧. ਸਹਸ ਅਠਾਰਹ 'ਕਹਨਿ' ਕਤੇਬਾ ਅਸੁਲੂ ਇਕੁ ਧਾਤੁ ॥੨੨॥ *(ਪੰਨਾ ੫)*

੨. 'ਗਾਵਨਿ' ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥੧॥ *(ਪੰਨਾ ੯)*

੩. ਪਿਰੁ ਨ 'ਜਾਣਨਿ' ਆਪਣਾ ਸੁੰਞੀ ਸੇਜ ਦੁਖੁ ਪਾਹਿ ॥੪॥੩੩॥ *(ਪੰਨਾ ੪੨ਟ)*

[ਕਹਨਿ—ਬੋਲਦੇ ਹਨ, ਧਿਆਇਨਿ—ਧਿਆਉਂਦੇ ਹਨ, ਸੁਣਨਿ—ਸੁਣਦੇ ਹਨ, ਗਾਵਨਿ—ਗਾਉਂਦੇ ਹਨ, ਭਾਵਨਿ—ਭਾਉਂਦੇ ਹਨ, ਨ ਆਵਨਿ—ਨਹੀਂ ਆਉਂਦੇ, ਵਾਇਨਿ—ਵਜਾਉਂਦੇ ਹਨ, ਨਚਨਿ—ਨਚਦੇ ਹਨ, ਹਲਾਇਨਿ—ਹਿਲਾਉਂਦੇ ਹਨ, ਫੇਰਨਿ—ਫੇਰਦੇ ਹਨ, ਪਾਇਨਿ—ਪਾਉਂਦੇ ਹਨ, ਕਹਨਿ—ਆਖਦੀਆਂ ਹਨ, ਗਾਵਨਿ—ਗਾਉਂਦੀਆਂ ਹਨ, ਨ ਜਾਣਨਿ—ਨਹੀਂ ਜਾਣਦੀਆਂ।]

(੧੩) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਟਿੱਪੀ ਲਾ ਕੇ ਫਿਰ ਪਿਛੇਤਰ 'ਨਿ' ਜੋੜਿਆਂ

ਪੁਲਿੰਗ

੧. ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ 'ਲਭੰਨਿ' ॥
ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ 'ਲਹੰਨਿ' ॥੩੦॥ *(ਪੰਨਾ ੧੪੧ੲ)*

੨. ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ 'ਪਵੰਨਿ' ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥ *(ਪੰਨਾ ੧੨)*

੩. ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ 'ਕਰੰਨਿ' ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ 'ਪਵੰਨਿ' ॥੬॥੩॥ *(ਪੰਨਾ ੭੫੫)*

ਇਸਤਰੀ-ਲਿੰਗ

੧. ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ 'ਰਹੰਨ੍ਹਿ'॥
ਸੇਵਨਿ ਸਾਈ ਆਪਣਾ ਨਿਤ ਉਠਿ 'ਸੰਮ੍ਹਾਲੰਨ੍ਹਿ'॥੨॥੬॥ *(ਪੰਨਾ ੭੮੭)*

[ਲੰਭਨ੍ਹਿ—ਲਭਦੇ ਹਨ, ਖੋਜਿ ਲਹੰਨ੍ਹਿ—ਖੋਜ ਲੈਂਦੇ ਹਨ, ਪਵੰਨਿ—ਪੈਂਦੇ ਹਨ, ਕਰੰਨਿ—ਕਰਦੇ ਹਨ, ਪਵੰਨਿ—ਪੈਂਦੇ ਹਨ, ਰਹੰਨ੍ਹਿ—ਰਹਿੰਦੀਆਂ ਹਨ, ਸੰਮ੍ਹਾਲੰਨ੍ਹਿ—ਸੰਮ੍ਹਾਲਦੀਆਂ ਹਨ।]

(੧੪) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਲਾਂ (ਾਂ) ਲਾ ਕੇ ਫਿਰ ਪਿਛੇਤਰ 'ਨਿ' ਜੋੜਿਆਂ

ਪੁਲਿੰਗ

੧. ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ 'ਕਰੇਨਿ'॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ 'ਬੋਲੇਨਿ'॥ਸ.੨॥੧੦॥ *(ਪੰਨਾ ੯੫੧)*

੨. ਬਾਬਾਣੀਆ ਕਹਾਣੀਆ ਪੁਤ ਸਪੁਤ 'ਕਰੇਨਿ'॥ਸ.੧॥੧੦॥ *(ਪੰਨਾ ੯੫੧)*

੩. ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ 'ਸੰਮਾਲੇਨਿ'॥ਸ.੧॥੨੨॥ *(ਪੰਨਾ ੩੧੩)*

੪. ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ 'ਕਰੇਨਿ'॥
ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ 'ਲਏਨਿ'॥੨੬॥੩॥ *(ਪੰਨਾ ੭੫੬)*

ਇਸਤਰੀ-ਲਿੰਗ

੧. ਹੈ ਹੈ ਕਰਿ ਕੈ ਓਹਿ 'ਕਰੇਨਿ'॥
ਗਲ੍ਹਾ ਪਿਟਨਿ ਸਿਰੁ 'ਖੋਹੇਨਿ'॥੬॥ *(ਪੰਨਾ ੧੪੧੦)*

[ਕਰੇਨਿ—ਕਰਦੇ ਹਨ, ਬੋਲੇਨਿ—ਬੋਲਦੇ ਹਨ, ਕਰੇਨਿ—ਕਰਦੇ ਹਨ, ਸੰਮਾਲੇਨਿ—ਸੰਮ੍ਹਾਲਦੇ ਹਨ, ਲਏਨਿ—ਲੈਂਦੇ ਹਨ, ਕਰੇਨਿ—ਕਰਦੀਆਂ ਹਨ, ਖੋਹੇਨਿ—ਖੋਂਹਦੀਆਂ ਹਨ।]

(੧੫) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਨੀ' ਜੋੜਿਆਂ

ਪੁਲਿੰਗ

੧. ਓਇ ਵੇਪਰਵਾਹ ਨ 'ਬੋਲਨੀ' ਹਉ ਮਲਿ ਮਲਿ ਧੋਵਾ ਤਿਨ ਪਾਇ॥੧॥੬੯॥ *(ਪੰਨਾ ੪੧)*

੨. ਮੂਰਖ ਸਚੁ ਨ 'ਜਾਣਨੀ' ਮਨਮੁਖੀ ਜਨਮੁ ਗਵਾਇਆ॥ਪਉੜੀ ੮॥ *(ਪੰਨਾ ੪੬੭)*

੩. ਮਨਮੁਖ ਨਾਮੁ ਨ 'ਚੇਤਨੀ' ਬਿਨੁ ਨਾਵੈ ਦੁਖ ਰੋਇ॥
ਆਤਮਾ ਰਾਮੁ ਨ 'ਪੂਜਨੀ' ਦੂਜੈ ਕਿਉ ਸੁਖੁ ਹੋਇ॥੨੦॥ *(ਪੰਨਾ ੧੪੧੪)*

[ਨ ਬੋਲਨੀ—ਨਹੀਂ ਬੋਲਦੇ, ਨ ਜਾਣਨੀ—ਨਹੀਂ ਜਾਣਦੇ, ਨ ਚੇਤਨੀ—ਨਹੀਂ ਚੇਤਦੇ, ਨ ਪੂਜਨੀ—ਨਹੀਂ ਪੂਜਦੇ।]

ਇਸਤਰੀ-ਲਿੰਗ

੧. ਦੋਹਾਗਣੀ ਮਹਲੁ ਨ 'ਪਾਇਨ੍ਹੀ' ਨ ਜਾਣਨਿ ਪਿਰ ਕਾ ਸੁਆਉ॥੧॥੩੦॥ *(ਪੰਨਾ ੪੨੬)*

੨. ਇਕਿ ਪਿਰੁ ਹਦੂਰਿ ਨ 'ਜਾਣਨ੍ਹੀ' ਦੂਜੈ ਭਰਮਿ ਭੁਲਾਇ॥੨॥੩੩॥ *(ਪੰਨਾ ੪੨੮)*

[ਨ ਪਾਇਨ੍ਹੀ—ਨਹੀਂ ਪਾਉਂਦੀਆਂ, ਨ ਜਾਣਨ੍ਹੀ—ਨਹੀਂ ਜਾਣਦੀਆਂ]

(੧੬) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ਲੱਗੇ ਇਕ-ਵਚਨ ਦੇ ਸੂਚਕ ਕਾਲ ਬੋਧਕ ਅੰਸ (ੈ) ਦਾ ਉਚਾਰਨ ਨਾਸਕੀ ਕਰਨ ਨਾਲ

੧. ਮਨਿ ਤਨਿ ਤੂ ਆਰਾਧ ਹਰਿ ਕੇ ਪ੍ਰੀਤਮ ਸਾਧ ਜਾ ਕੈ ਸੰਗਿ ਤੇਰੇ ਬੰਧਨ 'ਛੂਟੈ'॥੨॥੨੬॥ *(ਪੰਨਾ ੬੭੮)*

੨. ਜਿਉ ਪੰਖੀ ਇਕਤ੍ਰ ਹੋਇ ਫਿਰਿ 'ਬਿਛੁਰੈ' ਥਿਰੁ ਸੰਗਤਿ ਹਰਿ ਹਰਿ ਧਿਆਇਲੇ॥੨॥੨॥ *(ਪੰਨਾ ੮੬੨)*

੩. ਜੋ ਸਿਮਰੰਦੇ ਸਾਂਈਐ॥
ਨਰਕਿ ਨ ਸੇਈ 'ਪਾਈਐ'॥੨॥੩੮॥ *(ਪੰਨਾ ੧੩੨)*

[ਛੂਟੈ—ਛੁਟ ਜਾਂਦੇ ਹਨ, ਬਿਛੁਰੈ—ਵਿਛੁੜ ਜਾਂਦੇ ਹਨ, ਨ ਪਾਈਐ—ਨਹੀਂ ਪਾਏ ਜਾਂਦੇ।]

(੧੭) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਸਿ' ਜੋੜਿਆਂ

੧. ਕਹੁ ਰਵਿਦਾਸ ਸਭੈ ਨਹੀ 'ਸਮਝਸਿ' ਭੂਲਿ ਪਰੇ ਜੈਸੇ ਬਉਰੇ॥੩॥੧॥ *(ਪੰਨਾ ੬੭੪)*

[ਨਹੀ ਸਮਝਸਿ—ਨਹੀਂ ਸਮਝਦੇ]

੧੮.੭.੩ ਭਵਿਖਤ ਕਾਲ

(ੳ) ਲੱਛਣ

ਕਾਲ ਦੀ ਅਜਿਹੀ ਕਿਸਮ ਜਿਸ ਤੋਂ ਕਿਸੇ ਕੰਮ ਦਾ ਆਉਣ ਵਾਲੇ ਸਮੇਂ ਵਿਚ ਵਾਪਰਨਾ ਪ੍ਰਗਟ ਹੋਵੇ; ਜਿਵੇਂ :

(ਅ) ਉਦਾਹਰਣਾਂ

ਇਕ-ਵਚਨ —
- ਉਹ ਛੇਤੀ ਹੀ ਅੰਮ੍ਰਿਤ ਪਾਨ ਕਰ ਲਵੇਗਾ।
- ਮੈਂ ਇਕ ਮਹੀਨੇ ਵਿਚ ਹੀ ਸ੍ਰੀ ਜਪੁਜੀ ਸਾਹਿਬ ਕੰਠ ਕਰ ਲਵਾਂਗਾ।
- ਨਾਮ ਜਪ ਲੈ! ਨਹੀਂ ਤਾਂ ਪਛਤਾਏਂਗਾ।

ਬਹੁ-ਵਚਨ —
- ਉਹ ਛੇਤੀ ਹੀ ਅੰਮ੍ਰਿਤ ਪਾਨ ਕਰ ਲੈਣਗੇ।
- ਅਸੀਂ ਇਕ ਮਹੀਨੇ ਵਿਚ ਹੀ ਸ੍ਰੀ ਜਪੁਜੀ ਸਾਹਿਬ ਕੰਠ ਕਰ ਲਵਾਂਗੇ।
- ਪਿਆਰਿਓ! ਨਾਮ ਜਪ ਲਵੋ!! ਨਹੀਂ ਤਾਂ ਪਛਤਾਵੋਗੇ।

(ੲ) ਭਵਿਖਤ ਕਾਲੀ ਕ੍ਰਿਆਵਾਂ ਦੀ ਬਣਤਰ-ਵਿਧੀ

(੧) ਉਪਰੋਕਤ ਕ੍ਰਿਆਵਾਂ ਦੇ ਰੂਪ ਤੋਂ ਵਿਦਤ ਹੁੰਦਾ ਹੈ ਕਿ ਭਵਿਖਤ ਕਾਲ ਦੀਆਂ ਕ੍ਰਿਆਵਾਂ ਦੇ ਅੰਤਲੇ ਕਾਲ-ਬੋਧਕ ਅੰਸ (ਗ) ਦਾ ਰੂਪ ਲਿੰਗ ਅਤੇ ਵਚਨ ਅਨੁਸਾਰ ਬਦਲਦਾ ਹੈ, ਜਦ ਕਿ ਮੂਲ-ਕ੍ਰਿਆ ਦਾ ਰੂਪ ਪੁਰਖ ਅਨੁਸਾਰ ਬਦਲਦਾ ਹੈ; ਜਿਵੇਂ :

ਕਰਾਂਗਾ ਕਰਾਂਗੇ ਕਰਾਂਗੀ ਕਰਾਂਗੀਆਂ

करेंगा	करोगे	करेंगी	करोगीआं
करेगा	करनगे	करेगी	करनगीआं

ਇਸ ਲਈ ਭਵਿਖਤ ਕਾਲ ਦੀ ਕ੍ਰਿਆ ਬਣਾਉਣ ਲਈ ਕ੍ਰਿਆ-ਮੂਲ ਦੇ ਨਾਲ ਪੁਰਖਵਾਚੀ ਅੰਸ ਸੰਮਿਲਤ ਕਰ ਕੇ ਫਿਰ ਅੰਤ ਵਿਚ ਕਾਲ-ਵਾਚੀ ਅੰਸ (ਗ) ਦਾ ਲਿੰਗ-ਵਾਚੀ/ਵਚਨ-ਵਾਚੀ ਰੂਪ ਜੋੜਿਆ ਜਾਂਦਾ ਹੈ।

(੨) ਗੁਰਬਾਣੀ ਅੰਦਰ ਭਵਿਖਤ ਕਾਲ ਦੇ ਇਕ-ਵਚਨ, ਪੁਲਿੰਗ, ਕਾਲ-ਬੋਧਕ ਅੰਸ 'ਗਾ' ਦਾ ਰੂਪ 'ਗੌ' ਵੀ ਮਿਲਦਾ ਹੈ (ਕਰੈਗਾ—ਕਰੈਗੌ) ਅਤੇ 'ਗੌ' ਦਾ ਸੰਖਿਅਤ ਰੂਪ 'ਗੁ' ('ਕਰੈਗੌ' ਦੀ ਬਜਾਏ 'ਕਰੈਗੁ') ਵੀ ਮਿਲਦਾ ਹੈ।

ਏਸੇ ਤਰ੍ਹਾਂ ਭਵਿਖਤ ਕਾਲ ਦੇ ਇਕ-ਵਚਨ, ਇਸਤਰੀ-ਲਿੰਗ, ਕਾਲ-ਬੋਧਕ ਅੰਸ 'ਗੀ' (ਕਰੈਗੀ) ਦਾ ਸੰਖਿਪਤ ਰੂਪ 'ਗਿ' (ਕਰੈਗਿ) ਵੀ ਮਿਲਦਾ ਹੈ।

(੩) ਕਈ ਭਵਿਖਤ ਕਾਲ ਦੀਆਂ ਕ੍ਰਿਆਵਾਂ, ਕ੍ਰਿਆ-ਮੂਲ ਦੇ ਅੰਤ ਵਿਚ 'ਸ' ਜੋੜਿਆਂ ਵੀ ਬਣਦੀਆਂ ਹਨ, ਜਿਸ ਦਾ ਰੂਪ ਪੁਰਖ ਅਤੇ ਵਚਨ ਅਨੁਸਾਰ ਬਦਲਦਾ ਹੈ; ਜਿਵੇਂ :

ਇਕ-ਵਚਨ — • ਉਹ ਨਾਮ ਜਪਸੀ।
• ਮੈਂ ਨਾਮ ਜਪਸਾਂ।
• ਤੂੰ ਨਾਮ ਜਪਸੈਂ।

ਬਹੁ-ਵਚਨ — • ਉਹ ਨਾਮ ਜਪਸਨ।
• ਅਸੀ ਨਾਮ ਜਪਸਾਂ।
• ਤੁਸੀ ਨਾਮ ਜਪਸੋ।

(੪) ਗੁਰਬਾਣੀ ਵਿਚ ਕ੍ਰਿਆ-ਮੂਲ ਦੇ ਅੰਤ ਵਿਚ 'ਸਿ' ਸੰਮਿਲਤ ਕੀਤੇ ਜਾਣ ਨਾਲ ਬਣੀਆਂ ਭਵਿਖਤ ਕਾਲ ਦੀਆਂ ਕ੍ਰਿਆਵਾਂ ਦਾ ਰੂਪ ਲਿੰਗ-ਭੇਦ ਜਾਂ ਪੁਰਖ-ਭੇਦ ਕਰਕੇ ਨਹੀਂ ਬਦਲਦਾ।

(੫) ਗੁਰਬਾਣੀ ਅੰਦਰ ਅਵਧੀ ਬੋਲੀ ਦੇ ਪਿਛੇਤਰ 'ਬ' ਦੀ ਵਰਤੋਂ ਨਾਲ ਬਣੀਆਂ ਭਵਿਖਤ ਕਾਲ ਦੀਆਂ ਕ੍ਰਿਆਵਾਂ ਵੀ ਉਪਲਬਧ ਹਨ। ਭਾਵੇਂ ਇਹ ਪਿਛੇਤਰ ਗੁਰਬਾਣੀ ਵਿਚ ਕਈ ਥਾਈਂ ਭਾਵਾਰਥ ਦੇ ਤੌਰ 'ਤੇ ਵੀ ਵਰਤਿਆ ਮਿਲਦਾ ਹੈ।

੧੮.੭.੩.੨ ਕਿਰਿਆ ਦੀ ਰੂਪ-ਸਾਧਨਾ

ਧਾਤੂ	*ਇਕ-ਵਚਨ*	*ਬਹੁ-ਵਚਨ*
ਉਤਮ ਪੁਰਖ (First Person)		
ਕਰ	ਕਰਉ*, ਕਰਊ*, ਕਰਉਗੌ#, ਕਰਉਗੀ#	ਕਰਹ*, ਕਰਹਾ*,
	ਕਰੇਉ*, ਕਰੀ*, ਕਰਈ*, ਕਰਸੀ*, ਕਰਸਾ*	ਕਰਹਗੇ#,
	ਕਰਿ ਹਉ*	ਕਰਸਹ*

*ਅੰਤਲੇ ਸ੍ਵਰਾਂ ਦੀ ਧੁਨੀ ਦਾ ਉਚਾਰਣ ਨਾਸਕੀ ਹੈ।
#ਅੰਤਲੇ 'ਗਾ', 'ਗੀ', 'ਗੌ', 'ਗੇ' ਤੋਂ ਪਹਿਲਾਂ ਆਏ ਸ੍ਵਰ 'ਉ, ਹ, ਹਿ' ਦਾ ਉਚਾਰਣ ਨਾਸਕੀ।

ਧਾਤੂ	*ਇਕ-ਵਚਨ*	*ਬਹੁ-ਵਚਨ*
ਮਧਮ ਪੁਰਖ (Second Person)		
ਪਾਵ	ਪਾਵਹਿਗਾ#, ਪਾਵਹੇ*, ਪਾਵਹੀ*, ਪਾਵਹਿਗੀ#	ਪਾਵਹੁ ਪਾਵਹੁਗੇ
	ਪਾਵਸਿ, ਪਾਵਸੀ	
ਕਰ	ਕਰਹਿਗਾ#, ਕਰਹੇ*, ਕਰਹੀ*, ਕਰਹਿਗੀ#	ਕਰਹੁ, ਕਰਹੁਗੇ
	ਕਰਸਿ, ਕਰਸੀ*	
ਅਨ ਪੁਰਖ (Third Person)		
ਜਾ	ਪੁਲਿੰਗ: ਜਾਇਗਾ, ਜਾਇਗੌ, ਜਾਇਗੁ, ਜਾਇਗੀ, ਜਾਇਗੀ, ਜਾਇਗਿ,	ਜਾਹਿ*, ਜਾਹਿਗੇ#, ਜਾਹਿ*
	ਇਸਤਰੀ-ਲਿੰਗ: ਜਾਈ, ਜਾਇ ਹੈ, ਜੈਹੈ, ਜਾਇਸੀ, ਜਾਈ, ਜਾਇ ਹੈ, ਜੈਹੈ, ਜਾਇਸੀ, ਜਾਸੀ ਜਾਸੀ	ਜਾਸਹਿ*, ਜਾਸਨਿ ਜਾਸਹਿ*
ਛੁਟ	ਛੁਟੈਗਾ, ਛੁਟੈਗੌ, ਛੁਟੈਗੁ, ਛੁਟਈ, ਛੁਟੈਗੀ, ਛੁਟੈਗੀ, ਛੁਟੈਗਿ, ਛੁਟਈ,	ਛੁਟਹਿ*, ਛੁਟਹਿਗੇ#, ਛੁਟਹਿ*
	ਛੁਟਿ ਹੈ, ਛੁਟਸਿ, ਛੁਟਸੀ, ਛੁਟਿਬੋ ਛੁਟਿ ਹੈ, ਛੁਟਸਿ, ਛੁਟਸੀ	ਛੁਟਸਹਿ*, ਛੁਟਸਨਿ ਛੁਟਸਹਿ*, ਛੁਟਸਹਿ*
ਕਰ	ਕਰੈਗਾ, ਕਰੈਗੌ, ਕਰੈਗੁ, ਕਰਈ, ਕਰੈਗੀ, ਕਰੈਗੀ, ਕਰੈਗਿ, ਕਰਈ,	ਕਰਹਿ*, ਕਰਹਿਗੇ#, ਕਰਹਿ*
	ਕਰਿ ਹੈ, ਕਰਸਿ, ਕਰਸੀ ਕਰਿ ਹੈ, ਕਰਸਿ, ਕਰਸੀ	ਕਰਸਹਿ*, ਕਰਸਨਿ

੧੮.੭.੩.੩ ਉਤਮ ਪੁਰਖ

੧੮.੭.੩.੩.੧ *ਇਕ-ਵਚਨ*

(੧) ਕ੍ਰਿਆ-ਮੂਲ ਦੇ ਨਾਲ ਉਤਮ ਪੁਰਖਵਾਚੀ ਭਾਵਾਂਸ਼ 'ਉ', ਅਤੇ ਉਸ ਤੋਂ ਮਗਰੋਂ ਇਕ-ਵਚਨ, ਪੁਲਿੰਗ ਦਾ ਕਾਲ-ਵਾਚੀ ਭਾਵਾਂਸ਼ 'ਗਾ' ਜਾਂ 'ਗੌ' ਜੋੜਿਆਂ

ਪੁਲਿੰਗ

੧. ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ 'ਬਦਉਗਾ' ਭਾਈ ॥੨॥੮॥ *(ਪੰਨਾ ੪੭੭)*

*ਅੰਤਲੇ ਸ੍ਵਰਾਂ ਦੀ ਧੁਨੀ ਦਾ ਉਚਾਰਣ ਨਾਸਕੀ ਹੈ।
#ਅੰਤਲੇ 'ਗਾ', 'ਗੀ', 'ਗੇ' ਤੋਂ ਪਹਿਲਾਂ ਆਏ ਸ੍ਵਰ 'ਹਿ' ਦਾ ਉਚਾਰਣ ਨਾਸਕੀ।

੨. **ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ 'ਕਹਾਵਉਗੋ'॥**
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ 'ਸਮਾਉਗੋ'॥੪॥੨॥ *(ਪੰਨਾ ੯੭੩)*
[ਨ ਬਦਉਗਾ—ਮੈਂ ਨਹੀਂ ਮੰਨਾਂਗਾ, ਨ ਕਹਾਵਉਗੋ—ਮੈਂ ਨਹੀਂ ਅਖਵਾਵਾਂਗਾ,
ਸਮਾਉਗੋ—ਮੈਂ ਸਮਾ ਜਾਵਾਂਗਾ।]

ਨੋਟ : 'ਗਾ', 'ਗੋ' ਤੋਂ ਪਹਿਲਾਂ ਆਏ 'ਉ' ਦਾ ਉਚਾਰਣ ਨਾਸਕੀ।

(੨) ਕ੍ਰਿਆ-ਮੂਲ ਦੇ ਨਾਲ ਉਤਮ ਪੁਰਖਵਾਚੀ ਭਾਵਾਂਸ਼ 'ਉ' ਅਤੇ ਉਸ ਤੋਂ ਮਗਰੋਂ ਇਕ-ਵਚਨ, ਇਸਤਰੀ-ਲਿੰਗ ਦਾ ਕਾਲ-ਵਾਚੀ ਭਾਵਾਂਸ਼ 'ਗੀ' ਜੋੜਿਆਂ

ਇਸਤਰੀ-ਲਿੰਗ

੧. **ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ 'ਮਿਲਉਗੀ' ਬਾਹ ਪਸਾਰਿ॥੩॥੧੯॥** *(ਪੰਨਾ ੧੫੭)*

੨. **ਫੂਲ ਮਾਲਾ ਗਲਿ 'ਪਹਿਰਉਗੀ' ਹਾਰੋ॥**
ਮਿਲੈਗਾ ਪ੍ਰੀਤਮੁ ਤਬ 'ਕਰਉਗੀ' ਸੀਗਾਰੋ॥੨॥੩੪॥ *(ਪੰਨਾ ੩੫੯)*

੩. **ਗੁਰ ਪਰਸਾਦੀ ਪਿਰਮ ਕਸਾਈ॥**
'ਮਿਲਉਗੀ' ਦਇਆਲ ਪੰਚ ਸਬਦ ਵਜਾਈ॥੩॥੪॥ *(ਪੰਨਾ ੧੧੨੮)*
[ਮਿਲਉਗੀ—ਮੈਂ ਮਿਲਾਂਗੀ, ਪਹਿਰਉਗੀ—ਮੈਂ ਪੈਨ੍ਹਾਂਗੀ, ਕਰਉਗੀ—ਮੈਂ ਕਰਾਂਗੀ]

ਨੋਟ : (੧) 'ਗੀ' ਤੋਂ ਪਹਿਲਾਂ ਆਏ 'ਉ' ਦਾ ਉਚਾਰਣ ਨਾਸਕੀ।
(੨) ਕਾਲ-ਵਾਚੀ ਅੰਸ ਗਾ/ਗੋ ਤੋਂ ਬਗ਼ੈਰ ਹੀ ਪੁਰਖਵਾਚੀ ਅੰਸ ਉ/ਊ/ਆ ਕਿਧਰੇ ਕਿਧਰੇ ਭਵਿਖਤ ਕਾਲ ਦਾ ਕੰਮ ਸਾਰ ਦੇਂਦਾ ਹੈ; ਜਿਵੇਂ :

'ਉ'

੧. **ਰੇ ਮਹਾਵਤ ਤੁਝੁ 'ਡਾਰਉ' ਕਾਟਿ॥**
ਇਸਹਿ ਤੁਰਾਵਹੁ ਘਾਲਹੁ ਸਾਟਿ॥੨॥੪॥ *(ਪੰਨਾ ੮੭੦)*

੨. **ਨਹੀ 'ਛੋਡਉ' ਰੇ ਬਾਬਾ ਰਾਮ ਨਾਮ॥**
ਮੋਰੋ ਅਉਰ ਪੜਨ ਸਿਉ ਨਹੀ ਕਾਮੁ॥ਰਹਾਉ॥੪॥ *(ਪੰਨਾ ੧੧੯੪)*

੩. **ਮੈ ਨ 'ਮਰਉ' ਮਰਿਬੋ ਸੰਸਾਰਾ॥**
ਅਬ ਮੋਹਿ ਮਿਲਿਓ ਹੈ ਜੀਆਵਨਹਾਰਾ॥ਰਹਾਉ॥੧੨॥ *(ਪੰਨਾ ੩੨੫)*

੪. **ਅਬ ਜੀਅ ਜਾਨਿ ਐਸੀ ਬਨਿ ਆਈ॥**
'ਮਿਲਉ' ਗੁਪਾਲ ਨੀਸਾਨੁ ਬਜਾਈ॥੩॥੪॥ *(ਪੰਨਾ ੧੧੯੪)*

੫. **ਤੇਰੀ ਭਗਤਿ ਨ 'ਛੋਡਉ' ਭਾਵੈ ਲੋਗੁ ਹਸੈ॥ਰਹਾਉ॥੧॥** *(ਪੰਨਾ ੧੧੯੫)*

੬. **ਨਾਮੁ ਰਾਸਿ ਸਾਝੀ ਕਰਿ ਜਨ ਸਿਉ 'ਜਾਉ ਨ' ਜਮ ਕੈ ਘਾਟ॥ਰਹਾਉ॥੧੪॥**
(ਪੰਨਾ ੧੨੬੯)

੭. **ਨਾਮ ਬਿਨਾ 'ਨਹ ਪੜਉ' ਅਚਾਰ॥**
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥੨॥੨॥ *(ਪੰਨਾ ੧੧੫੪)*
[ਡਾਰਉ ਕਾਟਿ—ਮੈਂ ਵੱਢ ਸੁੱਟਾਂਗਾ, ਨਹੀ ਛੋਡਉ—ਮੈਂ ਨਹੀਂ ਛੱਡਾਂਗਾ,
ਨ ਮਰਉ—ਮੈਂ ਨਹੀਂ ਮਰਾਂਗਾ, ਮਿਲਉ—ਮੈਂ ਮਿਲਾਂਗੀ, ਜਾਉ ਨ—ਮੈਂ ਨਹੀਂ
ਜਾਵਾਂਗਾ, ਨਹ ਪੜਉ—ਮੈਂ ਨਹੀਂ ਪੜ੍ਹਾਂਗਾ।]

ਨੋਟ : ਅੰਤਲੇ 'ਉ' ਦਾ ਉਚਾਰਣ ਨਾਸਕੀ।

'ਊ'

੧. **ਹਉ ਬਾਹੁੜਿ ਛਿੰਝ ਨ 'ਨਚਊ',**
ਨਾਨਕ ਅਉਸਰੁ ਲਧਾ ਭਾਲਿ ਜੀਉ॥੨੧॥੨੯॥ *(ਪੰਨਾ ੭੪)*

੨. **ਤੂ ਰਾਮ ਕਹਨ ਕੀ ਛੋਡੁ ਬਾਨਿ॥**
ਤੁਝੁ ਤੁਰਤੁ 'ਛਡਾਊ' ਮੋਰੋ ਕਹਿਓ ਮਾਨਿ॥੨॥੪॥ *(ਪੰਨਾ ੧੧੯੪)*
[ਨ ਨਚਊ—ਮੈਂ ਨਹੀਂ ਨੱਚਾਂਗਾ, ਛਡਾਊ—ਮੈਂ ਛਡਾ ਲਵਾਂਗੀ]

ਨੋਟ : ਅੰਤਲੇ 'ਊ' ਦਾ ਉਚਾਰਣ ਨਾਸਕੀ।

'ਆ'

੧. **ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ 'ਆਵਾ'॥੧॥੨॥**
(ਪੰਨਾ ੭੯੫)

੨. **ਜੋ ਤੂੰ ਕਹਹਿ ਸੁ ਕਾਰ 'ਕਮਾਵਾ'॥**
ਜਨ ਨਾਨਕ ਗੁਰਮੁਖ ਨੇੜਿ ਨ 'ਆਵਾ'॥੪॥੧॥ *(ਪੰਨਾ ੩੭੦)*

੩. **ਮੈ ਕੀਤਾ ਨ ਜਾਤਾ ਹਰਾਮ ਖੋਰੁ॥**
ਹਉ ਕਿਆ ਮੁਹੁ 'ਦੇਸਾ' ਦੁਸਟੁ ਚੋਰੁ॥੪॥੨੯॥ *(ਪੰਨਾ ੨੪)*
[ਨ ਆਵਾ—ਮੈਂ ਨਹੀਂ ਆਵਾਂਗਾ, ਕਮਾਵਾ—ਮੈਂ ਕਮਾਵਾਂਗੀ,
ਨ ਆਵਾ—ਮੈਂ ਨਹੀਂ ਆਵਾਂਗੀ, ਦੇਸਾ—ਮੈਂ ਦੇਵਾਂਗਾ]

ਨੋਟ : ਅੰਤਲੇ 'ਾ' ਦਾ ਉਚਾਰਣ ਨਾਸਕੀ।

(੩) ਕ੍ਰਿਆ-ਮੂਲ ਦੇ ਅੰਤ ਵਿਚ ਉਤਮ ਪੁਰਖ, ਇਕ-ਵਚਨ ਦਾ ਕਾਲ-ਬੋਧਕ ਅੰਸ 'ਸਾ' ਜੋੜਿਆਂ

੧. **ਜਿਨਿ ਨਾਮੁ ਦੀਆ ਤਿਸੁ 'ਸੇਵਸਾ' ਤਿਸੁ ਬਲਿਹਾਰੈ ਜਾਉ॥੩੧॥** *(ਪੰਨਾ ੯੩੪)*

੨. **ਇਹੁ ਮਨੁ ਤੈ ਕੂੰ 'ਡੇਵਸਾ' ਮੈ ਮਾਰਗੁ ਦੇਹੁ ਬਤਾਇ ਜੀਉ॥੩॥** *(ਪੰਨਾ ੭੬੩)*
[ਸੇਵਸਾ—ਮੈਂ ਸੇਵਾ ਕਰਾਂਗਾ, ਡੇਵਸਾ—ਮੈਂ ਦੇਵਾਂਗਾ]

ਨੋਟ : 'ਸਾ' ਅੰਤਲੇ ਸੂਰ ਦਾ ਉਚਾਰਣ ਨਾਸਕੀ।

(੪) ਵਿਅੰਜਨ-ਅੰਤਿਕ ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ (ਿ) ਲਾ ਕੇ ਅਤੇ ਸੂਰ-ਅੰਤਿਕ ਕ੍ਰਿਆ-ਮੂਲ ਦੇ ਸਗਵੇਂ ਰੂਪ ਦੇ ਮਗਰੋਂ ਉਤਮ ਪੁਰਖਵਾਚੀ ਪਿਛੇਤਰ 'ਹਉ' ਜੋੜਿਆਂ

੧. **ਹਉ ਤਉ ਏਕੁ ਰਮਈਆ 'ਲੈ ਹਉ'॥**
ਆਨ ਦੇਵ ਬਦਲਾਵਨਿ 'ਦੈ ਹਉ'॥ਰਹਾਉ॥੬॥ *(ਪੰਨਾ ੮੭੪)*

੨. **ਤਨੁ ਰੈਨੀ ਮਨੁ ਪੁਨ ਰਪਿ 'ਕਰਿ ਹਉ' ਪਾਚਉ ਤਤ ਬਰਾਤੀ॥**
ਰਾਮ ਰਾਇ ਸਿਉ ਭਾਵਰਿ 'ਲੈ ਹਉ' ਆਤਮ ਤਿਹ ਰੰਗਿ ਰਾਤੀ॥੧॥੨੪॥
(ਪੰਨਾ ੪੮੨)

੩. **ਤੋ ਪਹਿ ਦੁਗਣੀ ਮਜੂਰੀ 'ਦੈ ਹਉ' ਮੋ ਕਉ ਬੇਢੀ ਦੇਹੁ ਬਤਾਈ ਹੋ॥੧॥੨॥**
(ਪੰਨਾ ੬੫੭)
[ਲੈ ਹਉ—ਮੈਂ ਲਵਾਂਗਾ, ਦੈ ਹਉ—ਮੈਂ ਦੇ ਦਿਆਂਗਾ, ਕਰਿ ਹਉ—ਮੈਂ ਕਰਾਂਗਾ,
ਲੈ ਹਉ—ਮੈਂ ਲਵਾਂਗੀ, ਦੈ ਹਉ—ਮੈਂ ਦਿਆਂਗੀ।]

ਨੋਟ : ਉਤਮ ਪੁਰਖਵਾਚੀ ਪਿਛੇਤਰ 'ਹਉ' ਦੇ ਅੰਤਲੇ ਸੂਰ ਦਾ ਉਚਾਰਣ ਨਾਸਕੀ।

੧੮.੭.੩.੩.੨ ਬਹੁ-ਵਚਨ

(੧) ਕ੍ਰਿਆ-ਮੂਲ ਦੇ ਨਾਲ ਉਤਮ ਪੁਰਖ, ਬਹੁ-ਵਚਨ ਵਾਚੀ ਚਿੰਨ੍ਹ 'ਹ' ਲਾ ਕੇ ਅੰਤ ਵਿਚ ਭਵਿਖਤ ਕਾਲ, ਬਹੁ-ਵਚਨ ਵਾਚੀ ਚਿੰਨ੍ਹ 'ਗੇ' ਜੋੜਿਆਂ

ਪੁਲਿੰਗ

੧. ਕਿਆ ਜਾਣਾ ਕਿਵ 'ਮਰਹਗੇ' ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥ਸ.੨॥੧੭॥
(ਪੰਨਾ ੫੫੫)

੨. ਹਮ ਕੀਆ ਹਮ 'ਕਰਹਗੇ' ਹਮ ਮੂਰਖ ਗਾਵਾਰ ॥੩॥੬੪॥ *(ਪੰਨਾ ੩੯)*

੩. ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ 'ਗਾਵਹਗੇ' ॥੧॥ਰਹਾਉ॥੬॥
(ਪੰਨਾ ੧੩੨੧)

੪. ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ 'ਪਾਵਹਗੇ' ॥੨॥੬॥ *(ਪੰਨਾ ੧੩੨੧)*
[ਮਰਹਗੇ—ਅਸੀ ਮਰਾਂਗੇ, ਕਰਹਗੇ—ਅਸੀ ਕਰਾਂਗੇ, ਗਾਵਹਗੇ—ਅਸੀ ਗਾਵਾਂਗੇ, ਪਾਵਹਗੇ—ਅਸੀ ਪਾਵਾਂਗੇ।]

ਨੋਟ : ਗੁਰਬਾਣੀ ਵਿਚ ਕ੍ਰਿਆਵਾਂ ਨਾਲ ਜਿਥੇ ਉਤਮ ਪੁਰਖ, ਬਹੁ-ਵਚਨ ਵਾਚੀ ਚਿੰਨ੍ਹ 'ਹ' ਦੀ ਵਰਤੋਂ ਕੀਤੀ ਮਿਲਦੀ ਹੈ, ਓਥੇ 'ਹਿ' ਦੀ ਵਰਤੋਂ ਵੀ ਕਾਫ਼ੀ ਮਿਲਦੀ ਹੈ; ਜਿਵੇਂ :

੧. ਬਹੁਰਿ ਹਮ ਕਾਹੇ 'ਆਵਹਿਗੇ' ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ 'ਸਮਾਵਹਿਗੇ' ॥ਰਹਾਉ॥੪॥
(ਪੰਨਾ ੧੧੦੩)

੨. ਜਿਤ ਹਮ ਲਾਏ ਤਿਤੁ ਹੀ ਲਾਗੇ ਤੈਸੇ ਕਰਮ 'ਕਮਾਵਹਿਗੇ' ॥
ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ 'ਸਮਾਵਹਿਗੇ' ॥੩॥੪॥
(ਪੰਨਾ ੧੧੦੪)
[ਆਵਹਿਗੇ—ਅਸੀ ਆਵਾਂਗੇ, ਸਮਾਵਹਿਗੇ—ਅਸੀ ਸਮਾਅ ਜਾਵਾਂਗੇ, ਕਮਾਵਹਿਗੇ—ਅਸੀਂ ਕਮਾਵਾਂਗੇ।]

ਨੋਟ : ਉਤਮ ਪੁਰਖ, ਬਹੁ-ਵਚਨ ਵਾਚੀ ਚਿੰਨ੍ਹ 'ਹ' ਅਤੇ 'ਹਿ' ਦਾ ਉਚਾਰਣ ਨਾਸਕੀ।

(੨) ਕ੍ਰਿਆ-ਮੂਲ ਦੇ ਅੰਤ ਵਿਚ 'ਸਹ' ਪਿਛੇਤਰ ਲਾਉਣ ਨਾਲ

੧. ਦੁਸਟ ਸਭਾ ਮਿਲਿ ਮੰਤਰ ਉਪਾਇਆ 'ਕਰਸਹ' ਅਉਧ ਘਨੇਰੀ ॥੩॥੬॥
(ਪੰਨਾ ੧੧੬੫)

ਨੋਟ : (੧) ਪਿਛੇਤਰ 'ਸਹ' ਦਾ ਪਹਿਲਾ ਅੱਖਰ 'ਸ' ਭਵਿਖਤ ਕਾਲ ਵਾਚੀ ਚਿੰਨ੍ਹ ਹੈ, ਜਦ ਕਿ ਦੂਜਾ ਅੱਖਰ 'ਹ' ਉਤਮ ਪੁਰਖ, ਬਹੁ-ਵਚਨ ਵਾਚੀ ਚਿੰਨ੍ਹ ਹੈ।
(੨) ਅੰਤਲੇ 'ਹ' ਦਾ ਉਚਾਰਣ ਨਾਸਕੀ।

੧੮.੭.੩.੪ ਮਧਮ ਪੁਰਖ

੧੮.੭.੩.੪.੧ ਇਕ-ਵਚਨ

(੧) ਕ੍ਰਿਆ-ਮੂਲ ਦੇ ਅੰਤ ਵਿਚ ਮਧਮ ਪੁਰਖ, ਇਕ-ਵਚਨ ਵਾਚੀ ਚਿੰਨ੍ਹ 'ਹਿ' ਲਾ ਕੇ ਕਾਲ ਵਾਚੀ ਪਿਛੇਤਰ 'ਗਾ/ਗੋ' ਜੋੜਿਆਂ

ਪੁਲਿੰਗ

੧. ਰਾਮੁ ਸਿਮਰੁ 'ਪਛੁਤਾਹਿਗਾ' ਮਨ ॥
ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ 'ਜਾਹਿਗਾ' ॥ਰਹਾਉ॥੧॥
(ਪੰਨਾ ੧੧੦੬)

੨. ਫਿਰਿ 'ਪਛੁਤਾਵਹਿਗਾ' ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥
ਚੇਤਿ ਰਾਮੁ ਨਾਹੀ ਜਮਪੁਰਿ 'ਜਾਹਿਗਾ' ਜਨੁ ਬਿਚਰੈ ਅਨਰਾਧਾ ॥ਰਹਾਉ॥੫॥
(ਪੰਨਾ ੯੩)

੩. ਮਾਇਆ ਮਮਤਾ ਪਵਹਿ ਖਿਆਲੀ ॥
ਜਮਪੁਰਿ 'ਫਾਸਹਿਗਾ' ਜਮ ਜਾਲੀ ॥੫॥੧੨॥ *(ਪੰਨਾ ੯੯੩)*

੪. ਕਬੀਰ 'ਡੂਬਹਿਗੋ' ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥੧੬੭॥ *(ਪੰਨਾ ੧੩੭੩)*

੫. ਪ੍ਰਣਵਤਿ ਨਾਨਕੁ ਦਾਸਨਿ ਦਾਸਾ 'ਪਰਤਾਪਹਿਗਾ' ਪ੍ਰਾਣੀ ॥੪॥੨॥ *(ਪੰਨਾ ੮੭੭)*

ਨੋਟ : ਕਿਧਰੇ ਕਿਧਰੇ ਗੁਰਬਾਣੀ ਵਿਚ ਕ੍ਰਿਆ-ਮੂਲ ਦੇ ਅੰਤ ਵਿਚ ਲੱਗਾ ਚਿੰਨ੍ਹ 'ਹਿ' ਜਾਂ 'ਹੀ' ਆਪਣੇ ਆਪ ਹੀ ਭਵਿਖਤ ਕਾਲ ਦਾ ਕੰਮ ਸਾਰਦਾ ਹੈ; ਜਿਵੇਂ :

ਪੁਲਿੰਗ

੧. ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ,
ਨਿਸਿ ਬਾਸੁਰ ਹੋਇ ਕਲ੍ਯਾਨੁ 'ਲਹਹਿ' ਪਰਮ ਗਤਿ ਜੀਉ ॥੫॥੧੦॥
(ਪੰਨਾ ੧੪੦੩)

੨. ਨਾਮੁ ਨ ਜਾਨਿਆ ਰਾਮ ਕਾ ॥
ਮੂੜੇ ਫਿਰਿ ਪਾਛੈ 'ਪਛੁਤਾਹਿ' ਰੇ ॥ਰਹਾਉ॥੧੮॥ *(ਪੰਨਾ ੧੫੬)*

੩. ਨਾਮੁ ਵਿਸਾਰਿ ਅਨਰਸ ਲੋਭਾਨੇ ਫਿਰਿ 'ਪਛੁਤਾਹਿ' ਅਭਾਗਾ ॥ਰਹਾਉ॥੧੦॥
(ਪੰਨਾ ੫੯੮)

੪. ਸਤਿਗੁਰੁ ਸੇਵਹਿ ਤਾ ਸੁਖੁ 'ਪਾਵਹਿ',
ਨਾਹਿ ਤ ਜਾਹਿਗਾ ਜਨਮੁ ਗਵਾਇ ॥ਰਹਾਉ॥੧੦॥ *(ਪੰਨਾ ੬੦੩)*

੫. ਇਉ 'ਪਾਵਹਿ' ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥੩॥
(ਪੰਨਾ ੭੬੩)

੬. ਹੇਤ ਕੇ ਬੰਧਨ ਤੋੜਿ ਨ 'ਸਾਕਹਿ' ਤਾ ਜਮੁ ਕਰੇ ਖੁਆਰੀ ਜੀਉ ॥੫॥੧੨॥
(ਪੰਨਾ ੯੯੩)

੭. ਧਰਮ ਰਾਇ ਜਬ ਪਕਰਸਿ ਬਵਰੇ ਤਉ ਕਾਲ ਮੁਖਾ ਉਠਿ 'ਜਾਹੀ' ॥੩॥੧੬॥
(ਪੰਨਾ ੧੨੦੭)

੮. ਏ ਮਨ ਗੁਰ ਕੀ ਸਿਖ ਸੁਣਿ 'ਪਾਇਹਿ' ਗੁਣੀ ਨਿਧਾਨੁ ॥ਸ.੨॥੬॥
(ਪੰਨਾ ੮੫੧)

੯. ਕੋਏ ਨ ਬੇਲੀ ਹੋਇ ਤੇਰਾ ਸਦਾ 'ਪਛੋਤਾਵਹੇ' ॥
ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ ॥੧॥੭॥
(ਪੰਨਾ ੫੪੬)

[ਪਛੋਤਾਵਹੇ—ਅੰਤਲਾ ਚਿੰਨ੍ਹ 'ਹੇ', ਚਿੰਨ੍ਹ 'ਹਿ' ਦਾ ਹੀ ਕਾਵਿਕ ਰੂਪਾਂਤਰ ਹੈ]
[ਲਹਹਿ—ਤੂੰ ਲੈ ਲਵੇਂਗਾ, ਪਛੁਤਾਹਿ—ਤੂੰ ਪਛਤਾਏਂਗਾ, ਪਾਵਹਿ—ਤੂੰ ਪਾ ਲਵੇਂਗਾ, ਤੋੜਿ ਨ ਸਾਕਹਿ—ਤੂੰ ਤੋੜ ਨਹੀਂ ਸਕੇਂਗਾ, ਉਠਿ ਜਾਹੀ—ਤੂੰ ਉਠ ਜਾਏਂਗਾ, ਪਾਇਹਿ—ਤੂੰ ਪਾ ਲਵੇਂਗਾ, ਪਛੋਤਾਵਹੇ—ਤੂੰ ਪਛਤਾਵੇਂਗਾ।]

ਇਸਤਰੀ-ਲਿੰਗ

੧. ਸਦਾ 'ਹੋਵਹਿ' ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥੧॥੬॥ *(ਪੰਨਾ ੭੭੧)*

੨. ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ 'ਦੇਸਹਿ' ਜਾਇ ॥੧॥੬੧॥ *(ਪੰਨਾ ੩੮)*

੩. ਮੁੰਧੇ ਤੂ ਚਲੁ ਗੁਰ ਕੈ ਭਾਇ ॥
ਅਨਦਿਨੁ 'ਰਾਵਹਿ' ਪਿਰੁ ਆਪਣਾ ਸਹਜੇ ਸਚਿ ਸਮਾਇ ॥ਰਹਾਉ॥੬੨॥
(ਪੰਨਾ ੩੮)

[ਹੋਵਹਿ (ਸੋਹਾਗਣੀ)—ਸੋਹਾਗਣ ਹੋ ਜਾਏਂਗੀ, (ਕਿਆ ਮੁਹੁ) ਦੇਸਹਿ—ਕੀ ਮੂੰਹ ਦੇਵੇਂਗੀ, ਰਾਵਹਿ—ਤੂੰ ਮਾਣੇਗੀ।]

(੨) ਕ੍ਰਿਆ-ਮੂਲ ਦੇ ਅੰਤ ਵਿਚ ਪਿਛੇਤਰ 'ਸਹਿ' ਜੋੜਿਆਂ

੧. ਏਹ ਵੇਲਾ ਨ 'ਲਹਸਹਿ' ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥੨॥ *(ਪੰਨਾ ੪੩੫)*

੨. ਦੇਵਲ ਦੇਵਲ ਧਾਹੜੀ 'ਦੇਸਹਿ' ਉਗਵਤ ਸੂਰ ॥੧੨੬॥ *(ਪੰਨਾ ੧੩੭੧)*

੩. ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥
ਪ੍ਰਭ ਬਿਸਰਤ ਸੁਖੁ ਕਦੇ ਨਾਹਿ 'ਜਾਸਹਿ' ਜਨਮੁ ਹਾਰਿ ॥ਪਉੜੀ ੨॥ *(ਪੰਨਾ ੭੦੬)*

[ਨ ਲਹਸਹਿ—ਤੂੰ ਨਹੀਂ ਲੈ ਸਕੇਂਗਾ, (ਧਾਹੜੀ) ਦੇਸਹਿ—ਤੂੰ ਢਾਹ ਦੇਵੇਂ (ਮਾਰੇਂ)ਗਾ, ਜਾਸਹਿ—ਤੂੰ ਚਲਾ ਜਾਏਂਗਾ।]

(੩) ਕ੍ਰਿਆ-ਮੂਲ ਦੇ ਅੰਤ ਵਿਚ 'ਸੀ' ਅਥਵਾ 'ਇਸੀ' ਲਾਉਣ ਨਾਲ (ਉਚਾਰਣ ਨਾਸਕੀ)

੧. ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ 'ਜਾਇਸੀ' ਰਾਮ ॥
ਏ ਮਨ ਮੇਰਿਆ ਤਾ 'ਛੁਟਸੀ' ਜਾ ਭਰਮੁ 'ਚੁਕਾਇਸੀ' ਰਾਮ ॥੪॥੬॥ *(ਪੰਨਾ ੧੧੧੩)*

੨. ਅੰਤਿ ਕਾਲਿ 'ਪਛੁਤਾਸੀ' ਅੰਧੁਲੇ ਜਾ ਜਮਿ ਪਕੜਿ ਚਲਾਇਆ ॥੩॥੨॥ *(ਪੰਨਾ ੭੬)*

[ਕਿਆ ਲੈ ਜਾਇਸੀ—ਕੀ ਨਾਲ ਲੈ ਕੇ ਜਾਏਂਗਾ, ਛੁਟਸੀ—ਛੁਟ ਸਕੇਂਗਾ, ਭਰਮ ਚੁਕਾਇਸੀ—ਭਰਮ ਦੂਰ ਕਰ ਲਵੇਂਗਾ, ਪਛੁਤਾਸੀ—ਪਛੁਤਾਏਂਗਾ।]

(੪) ਕ੍ਰਿਆ-ਮੂਲ ਦੇ ਅੰਤ ਵਿਚ 'ਸਿ' ਪਿਛੇਤਰ ਜੋੜਿਆਂ

੧. ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ 'ਪਾਵਸਿ' ਪਦੁ ਨਿਰਬਾਣੀ ॥੧॥੨੬॥
(ਪੰਨਾ ੨੩)

੨. ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ 'ਕਹਸਿ' ਮੁਕੰਦਾ ॥ਰਹਾਉ॥੨੬॥
(ਪੰਨਾ ੪੮੨)

੩. ਅਬ ਨ ਭਜਸਿ 'ਭਜਸਿ' ਕਬ ਭਾਈ ॥
ਆਵੈ ਅੰਤੁ ਨ ਭਜਿਆ ਜਾਈ ॥੩॥੬॥ *(ਪੰਨਾ ੧੧੫੬)*

[ਪਾਵਸਿ—ਪਾ ਲਵੇਂਗਾ, ਕਿਆ ਕਹਸਿ—ਕੀ ਆਖ ਸਕੇਂਗਾ, ਭਜਸਿ ਕਬ—ਕਦੋਂ ਭਜਨ ਕਰੇਂਗਾ।]

(੫) ਕ੍ਰਿਆ-ਮੂਲ 'ਜਾ' ਤੋਂ ਬਣੀ ਕ੍ਰਿਆ 'ਜਾਇ ਹੈ' ਦਾ ਰੂਪਾਂਤਰ 'ਜੈ ਹੈ'

੧. ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥
ਕਾਲੁ ਤਉ ਪਹੂਚਿਓ ਆਨਿ ਕਹਾ 'ਜੈ ਹੈ ਭਾਜਿ' ਰੇ ॥ਰਹਾਉ॥੪॥ *(ਪੰਨਾ ੧੩੫੩)*

[ਕਹਾ ਜੈ ਹੈ ਭਾਜਿ ਰੇ—ਨੱਸ ਕੇ ਕਿਥੇ ਜਾਏਂਗਾ (ਜੈ ਹੈ—'ਹੈ' ਉਚਾਰਣ ਨਾਸਕੀ)]

੧੮.੭.੩.੪ ਮਧਮ ਪੁਰਖ

੧੮.੭.੩.੪.੨ ਬਹੁ-ਵਚਨ

(੧) ਕ੍ਰਿਆ-ਮੂਲ ਦੇ ਨਾਲ ਮਧਮ ਪੁਰਖਵਾਚੀ ਭਾਵਾਂਸ਼ 'ਹੁ' ਜੋੜ ਕੇ ਅੰਤ ਵਿਚ ਬਹੁ-ਵਚਨ, ਪੁਲਿੰਗ ਦਾ ਕਾਲ ਵਾਚੀ ਭਾਵਾਂਸ਼ 'ਗੇ' ਜੋੜਿਆਂ

ਪੁਲਿੰਗ

੧. 'ਬੂਡਹੁਗੇ' ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ਰਹਾਉ॥੧॥
(ਪੰਨਾ ੧੧੦੨)

੨. ਫਿਰਿ ਪਾਛੈ 'ਪਛੁਤਾਹੁਗੇ' ਪ੍ਰਾਨ ਜਾਹਿਗੇ ਛੂਟਿ ॥੪੧॥ *(ਪੰਨਾ ੧੩੬੬)*

੩. ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ 'ਮਰਹੁਗੇ' ਝੂਠੇ ॥੨॥੨॥ *(ਪੰਨਾ ੭੫)*

[ਬੂਡਹੁਗੇ—ਤੁਸੀ ਡੁੱਬ ਜਾਓਗੇ, ਪਛੁਤਾਹੁਗੇ—ਤੁਸੀ ਪਛਤਾਓਗੇ, ਮਰਹੁਗੇ—ਤੁਸੀ ਮਰ ਜਾਓਗੇ।]

ਨੋਟ : ਕਿਧਰੇ ਕਿਧਰੇ ਇਕੱਲਾ ਪਿਛੇਤਰ 'ਹੁ' ਹੀ ਭਵਿਖਤ ਕਾਲ, ਬਹੁ-ਵਚਨ ਦਾ ਕੰਮ ਸਾਰ ਦੇਂਦਾ ਹੈ। ਕਦੀ 'ਹੁ' ਲਾਉਣ ਤੋਂ ਪਹਿਲਾਂ ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ ' ◌ੱ ' ਲਾਈ ਮਿਲਦੀ ਹੈ; ਜਿਵੇਂ :

੧. ਕੂੜੁ ਛੋਡਿ ਸਾਚੇ ਕਉ ਧਾਵਹੁ ॥
ਜੋ 'ਇਛਹੁ' ਸੋਈ ਫਲੁ 'ਪਾਵਹੁ' ॥੧੨॥੮॥ *(ਪੰਨਾ ੧੦੨੮)*

੨. ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ 'ਆਵਹੁ' ਹਾਰੇ ॥੧॥੮੦॥
(ਪੰਨਾ ੧੨੨੦)

੩. ਜੋ ਕਿਛੁ ਕਰਹਿ ਸੋਈ ਅਬ ਸਾਰੁ ॥
ਫਿਰਿ 'ਪਛਤਾਹੁ' ਨ 'ਪਾਵਹੁ' ਪਾਰੁ ॥੩॥੬॥ *(ਪੰਨਾ ੧੧੫੬)*

੪. ਨਾਨਕ ਐਥੇ ਸੁਧੇ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ 'ਕਰੇਹੁ' ॥੨॥ਪ.੧੫॥
(ਪੰਨਾ ੫੫੪)

[ਜੋ ਇਛਹੁ—ਜੋ ਤੁਸੀ ਇਛੋਗੇ, ਪਾਵਹੁ—ਤੁਸੀ ਪਾ ਲਵੋਗੇ, ਨ ਆਵਹੁ ਹਾਰੇ—ਤੁਸੀ ਕਦੇ ਹਾਰ ਕੇ ਨਹੀਂ ਆਓਗੇ, ਫਿਰਿ ਪਛਤਾਹੁ—ਤੁਸੀ, ਫਿਰ ਪਸਚਾਤਾਪ ਕਰੋਗੇ, ਨ ਪਾਵਹੁ ਪਾਰ—ਤੁਸੀ ਪਾਰਲਾ ਬੰਨਾ ਨਹੀਂ ਪਾ ਸਕੋਗੇ, ਕੇਲ ਕਰੇਹੁ—ਤੁਸੀ ਕੇਲ ਕਰੋਗੇ।]

੧੮.੭.੩.੫ ਅਨ ਪੁਰਖ

੧੮.੭.੩.੫.੧ ਇਕ-ਵਚਨ

(੧) ਕ੍ਰਿਆ-ਮੂਲ + ਪੁਰਖਵਾਚੀ ਅੰਸ + ਕਾਲ ਬੋਧਕ ਅੰਸ 'ਗ'

ਪੁਲਿੰਗ-ਅੰਸ—'ਗਾ'

੧. ਨਿਤ ਨਿਤ ਜੀਅੜੇ ਸਮਾਲੀਅਨਿ 'ਦੇਖੈਗਾ' ਦੇਵਣਹਾਰੁ ॥੨॥੧॥ *(ਪੰਨਾ ੧੨)*

੨. ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ 'ਰਾਖੈਗਾ' ਸਿਰਜਣਹਾਰੁ ॥੧॥੩॥ *(ਪੰਨਾ ੭੨੪)*

੩. ਕਹੁ ਕਬੀਰ 'ਜਾਨੈਗਾ' ਸੋਇ ॥
ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੬॥ *(ਪੰਨਾ ੩੨੬)*

ਪੁਲਿੰਗ-ਅੰਸ—'ਗੋ'

੧. ਨਵ ਖੰਡਨ ਕੋ ਰਾਜੁ ਕਮਾਵੈ ਅੰਤਿ 'ਚਲੈਗੋ' ਹਾਰੀ ॥੧॥੨॥ *(ਪੰਨਾ ੭੧੨)*

੨. ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ 'ਹੋਇਗੋ' ਫੇਰਾ ॥੩॥੫॥(ਸੋਹਿਲਾ) *(ਪੰਨਾ ੧੩)*

੩. ਕਹੁ ਕਬੀਰ ਸੁਨਹੁ ਰੇ ਗੁਨੀਆ ॥
'ਬਿਨਸੈਗੋ' ਰੂਪੁ 'ਦੇਖੈ' ਸਭ ਦੁਨੀਆ ॥੪॥੧੧॥ *(ਪੰਨਾ ੩੨੫)*
[ਦੇਖੈ—ਵੇਖੇਗੀ]

ਪੁਲਿੰਗ-ਅੰਸ—'ਗੁ'

੧. ਗੁਰ ਪਰਮੇਸਰੁ ਹੈ ਭੀ 'ਹੋਗੁ' ॥੪॥੭॥ *(ਪੰਨਾ ੮੬੪)*

੨. ਤਿਸੁ ਬਿਨੁ ਦੂਸਰ ਹੋਆ ਨ 'ਹੋਗੁ' ॥੭॥੧੫॥ *(ਪੰਨਾ ੨੮੩)*

੩. ਕਰਤਾ ਕਰੇ ਸੁ 'ਹੋਗੁ' ਨ ਚਲੈ ਚਲਾਇਆ ॥ਪਵੜੀ॥੪॥ *(ਪੰਨਾ ੧੩੯)*

੪. ਸੁਣਿ ਮੂਰਖ ਮੰਨ ਅਜਾਣਾ ॥
'ਹੋਗੁ' ਤਿਸੈ ਕਾ ਭਾਣਾ ॥ਰਹਾਉ॥੧੩॥ *(ਪੰਨਾ ੧੫੫)*

੫. ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ 'ਕਰੇਗੁ' ਮਸੋਲਾ ॥੨॥੫॥ *(ਪੰਨਾ ੭੨੩)*

੬. ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ 'ਜਾਗੁ' ॥੨॥੮੫॥ *(ਪੰਨਾ ੪੭)*
[ਹੋਗੁ—ਹੋਵੇਗਾ, ਕਰੇਗੁ—ਕਰੇਗਾ, ਨਾ ਜਾਗੁ—ਨਹੀਂ ਜਾਏਗਾ।]

ਇਸਤਰੀ-ਲਿੰਗ-ਅੰਸ—'ਗੀ'

੧. ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ 'ਆਵੈਗੀ' ਵਾਰੀ ॥੩॥੧॥ *(ਪੰਨਾ ੭੨੫)*

੨. ਆਪਣੀ ਖੇਤੀ ਰਖਿ ਲੈ ਕੂੰਜ 'ਪੜੈਗੀ' ਖੇਤਿ ॥ਰਹਾਉ॥੫੪॥ *(ਪੰਨਾ ੩੪)*

੩. ਸੋ ਪ੍ਰਭੁ ਚਿਤਿ ਨ ਆਇਓ 'ਛੁਟੈਗੀ' ਬੇਬਾਣਿ ॥੧॥੭੩॥ *(ਪੰਨਾ ੪੩)*

ਇਸਤਰੀ-ਲਿੰਗ-ਅੰਸ—'ਗਿ'

੧. ਕਰਣੀ ਉਪਰਿ 'ਹੋਵਗਿ' ਸਾਰ ॥੪॥੩॥ *(ਪੰਨਾ ੧੧੬੯)*

੨. ਕਾਚੀ 'ਢਹਗਿ' ਦਿਵਾਲ ਕਾਹੇ ਗਚੁ ਲਾਵਹੁ ॥ਰਹਾਉ॥੬॥ *(ਪੰਨਾ ੧੧੭੧)*

੩. ਦੇਹੀ 'ਹੋਵਗਿ' ਖਾਕੁ ਪਵਣੁ ਉਡਾਈਐ ॥੪॥੪॥ *(ਪੰਨਾ ੭੫੨)*
[ਹੋਵਗਿ—ਹੋਵੇਗੀ, ਢਹਗਿ—ਢਹਿ ਜਾਏਗੀ, ਹੋਵਗਿ—ਹੋ ਜਾਏਗੀ।]

ਨੋਟ : (੧) ਗੁਰਬਾਣੀ ਵਿਚ ਕਿਧਰੇ ਕਿਧਰੇ ਕ੍ਰਿਆ-ਮੂਲ ਦੇ ਅੰਤ ਵਿਚ ਲੱਗਾ ਕਾਲ-ਬੋਧਕ ਪਿਛੇਤਰ-ਚਿੰਨ੍ਹ (ੈ) ਇਕੱਲਾ ਹੀ ਭਵਿਖਤ ਕਾਲ, ਇਕ-ਵਚਨ ਦਾ ਕੰਮ ਸਾਰ ਦੇਂਦਾ ਹੈ; ਜਿਵੇਂ :

ਪੁਲਿੰਗ

੧. ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ 'ਚਾਲੈ' ਤੇਰੈ ਤਸੂਆ ॥੧॥੧੨੭॥ *(ਪੰਨਾ ੨੦੬)*

੨. ਧਰਮ ਰਾਇ ਜਬ ਲੇਖਾ 'ਮਾਗੈ' ਕਿਆ ਮੁਖੁ ਲੈ ਕੇ ਜਾਹਿਗਾ ॥੩॥੧॥ *(ਪੰਨਾ ੧੧੦੬)*

੩. ਜਉ ਜਮੁ ਆਇ ਕੇਸ ਗਹਿ 'ਪਟਕੈ' ਤਾ ਦਿਨ ਕਿਛੁ ਨ ਬਸਾਹਿਗਾ ॥੨॥੧॥ *(ਪੰਨਾ ੧੧੦੬)*

੪. ਜਬ ਜਮੁ ਆਇ 'ਸੰਘਾਰੈ' ਮੂੜੇ,
ਤਬ ਤਨੁ ਬਿਨਸਿ ਜਾਇ ਬੇਹਾਲ ॥ਰਹਾਉ॥੧੬॥ *(ਪੰਨਾ ੮੦੫)*

੫. ਗੰਗ ਜਮੁਨ ਜਉ ਉਲਟੀ ਬਹੈ ॥
ਤਉ ਨਾਮਾ ਹਰਿ ਕਰਤਾ 'ਰਹੈ' ॥੧੩॥੧੦॥ *(ਪੰਨਾ ੧੧੬੬)*

ਇਸਤਰੀ-ਲਿੰਗ

੧. ਜਬ 'ਚੂਕੈ' ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥੨॥੪॥ *(ਪੰਨਾ ੧੧੦੩)*

੨. ਕਹੁ ਨਾਨਕ ਸਮਝੁ ਰੇ ਇਆਨੇ ਆਜੁ ਕਾਲਿ 'ਖੁਲੈ' ਤੇਰੀ ਗਾਂਠੁਲੀ ॥੨॥੬੧॥ *(ਪੰਨਾ ੧੨੧੬)*
[ਨ ਚਾਲੈ—ਨਹੀਂ ਚਲੇਗਾ, ਮਾਗੈ—ਮੰਗੇਗਾ, ਪਟਕੈ—ਪਟਕੇਗਾ, ਸੰਘਾਰੈ—ਮਾਰੇਗਾ, ਕਰਤਾ ਰਹੈ—ਕਰਦਾ ਰਹੇਗਾ, ਚੂਕੈ—ਮੁਕ ਜਾਏਗੀ, ਖੁਲੈ—ਖੁਲ੍ਹ ਜਾਏਗੀ।]

(੨) ਏਸੇ ਤਰ੍ਹਾਂ ਕਿਧਰੇ ਕਿਧਰੇ ਸੂਰ-ਅੰਤਿਕ ਕ੍ਰਿਆ-ਮੂਲ ਦੇ ਅੰਤ ਵਿਚ ਲੱਗਾ ਕਾਲ-ਬੋਧਕ ਪਿਛੇਤਰ-ਚਿੰਨ੍ਹ 'ਈ' ਵੀ ਇਕੱਲਾ ਹੀ ਭਵਿਖਤ ਕਾਲ ਦਾ ਕੰਮ ਸਾਰ ਦੇਂਦਾ ਹੈ; ਜਿਵੇਂ :

੧. ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ 'ਖਾਈ' ਮਹਾ ਕਾਲੁ ॥ਰਹਾਉ॥੧੧॥ *(ਪੰਨਾ ੮੮੬)*

੨. ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ 'ਆਈ' ॥੧॥੫॥ *(ਪੰਨਾ ੬੯੨)*

੩. ਅਗਲੀ ਕਿਛੁ ਖਬਰਿ ਨ ਪਾਈ ॥
ਰੋਵਨਹਾਰੁ ਭਿ 'ਊਠਿ ਸਿਧਾਈ' ॥੨॥੧੦॥ *(ਪੰਨਾ ੮੮੫)*

੪. ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ 'ਰੋਈ' ॥੩॥੧੩॥ *(ਪੰਨਾ ੪੧੮)*

੫. ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ 'ਕਟਿ ਜਾਈ' ॥੨॥੮॥
(ਪੰਨਾ ੪੭੭)

[ਨ ਖਾਈ—ਨਹੀਂ ਖਾਏਗਾ, (ਕਾਲ ਅਵਧ) ਆਈ—(ਜਦੋਂ ਕਾਲ ਦਾ ਸਮਾਂ) ਆਵੇਗਾ, ਊਠਿ ਸਿਧਾਈ—ਉਠ ਤੁਰੇਗਾ, ਰੋਈ—ਰੋਵੇਂਗਾ, ਕਟਿ ਜਾਈ—ਕਟੀ ਜਾਏਗੀ।]

(੩) ਗੁਰਬਾਣੀ ਅੰਦਰ ਕਈ ਥਾਵੇਂ ਸ੍ਰੁਰ-ਅੰਤਿਕ ਕ੍ਰਿਆ-ਮੂਲ ਨਾਲ 'ਇ' ਅਤੇ ਵਿਅੰਜਨ-ਅੰਤਿਕ ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ 'ਿ' ਲਾ ਕੇ ਉਸ ਦੇ ਅੱਗੇ, ਵੱਖਰੇ ਤੌਰ 'ਤੇ ਸਹਾਇਕ ਕ੍ਰਿਆ 'ਹੈ' ਜੋੜ ਕੇ ਭਵਿਖਤ ਕਾਲ, ਇਕ-ਵਚਨ ਦੀ ਕ੍ਰਿਆ ਬਣਾਈ ਮਿਲਦੀ ਹੈ :

੧. ਰੇ ਮਨ ਕਉਨ ਗਤਿ 'ਹੋਇ ਹੈ' ਤੇਰੀ ॥ਰਹਾਉ॥੩॥ *(ਪੰਨਾ ੧੩੫੨)*

੨. ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ 'ਹੋਇ ਹੈ' ਖੇਹ ॥੧॥੪॥
(ਪੰਨਾ ੧੩੫੩)

੩. ਮੇਰਾ ਕੀਆ ਕਛੂ ਨ ਹੋਇ ॥
'ਕਰਿ ਹੈ' ਰਾਮੁ 'ਹੋਇ ਹੈ' ਸੋਇ ॥੪॥੧੦॥ *(ਪੰਨਾ ੧੧੬੫)*

੪. ਆਜੁ ਕਾਲਿ ਫੁਨਿ ਤੋਹਿ 'ਗ੍ਰਸਿ ਹੈ' ਸਮਝਿ ਰਾਖਉ ਚੀਤਿ ॥੨॥੧॥
(ਪੰਨਾ ੬੩੧)

੫. ਨਾਂਗੇ ਆਵਨੁ ਨਾਂਗੇ ਜਾਨਾ ॥
ਕੋਇ ਨ 'ਰਹਿ ਹੈ' ਰਾਜਾ ਰਾਨਾ ॥੧॥੨॥ *(ਪੰਨਾ ੧੧੫੭)*

੬. ਨਾਨਕ ਜਨੁ ਕਹਤੁ ਬਾਤ ਬਿਨਸਿ 'ਜੈ ਹੈ' ਤੇਰੋ ਗਾਤੁ ॥
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥੨॥੧॥
(ਪੰਨਾ ੧੩੫੨)

੭. ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ 'ਜੈ ਹੈ' ਫੂਟਿ ॥੭੩॥
(ਪੰਨਾ ੧੩੬੮)

[ਹੋਇ ਹੈ--ਹੋਵੇਗੀ, ਹੋਇ ਹੈ—ਹੋਏਗੀ, ਕਰਿ ਹੈ—ਕਰੇਗਾ, ਹੋਇ ਹੈ—ਹੋਵੇਗਾ, ਗ੍ਰਸਿ ਹੈ—ਹੜੱਪ ਕਰ ਲਏਗੀ, ਨ ਰਹਿ ਹੈ—ਨਹੀਂ ਰਹੇਗਾ, ਬਿਨਸਿ ਜੈ ਹੈ—ਨਾਸ ਹੋ ਜਾਏਗਾ, ਜੈ ਹੈ ਫੂਟਿ—ਫੁਟ ਜਾਏਗਾ।]

ਨੋਟ : ਜੈ ਹੈ—'ਜਾਇ' ਦਾ ਸੰਖਿਪਤ ਰੂਪ ਹੈ 'ਜੈ'।

(੨) ਕ੍ਰਿਆ-ਮੂਲ + ਪੁਲਿੰਗ ਅਤੇ ਇਸਤਰੀ-ਲਿੰਗ, ਦੋਹਾਂ ਲਈ ਸਾਂਝਾ ਕਾਲ-ਬੋਧਕ ਅੰਸ 'ਸੀ'

ਪੁਲਿੰਗ-ਅੰਸ—'ਸੀ'

੧. ਸਾਹਿਬੁ ਲੇਖਾ 'ਮੰਗਸੀ' ਦੁਨੀਆ ਦੇਖਿ ਨ ਭੂਲੁ ॥ਸ.੧॥੧੨॥ *(ਪੰਨਾ ੧੦੯੦)*

੨. ਹੰਸੁ 'ਚਲਸੀ' ਡੁੰਮਣਾ ਅਹਿ ਤਨੁ ਢੇਰੀ 'ਥੀਸੀ' ॥੩॥੨॥ *(ਪੰਨਾ ੭੬੪)*

੩. ਥਰਹਰ ਕੰਪੈ ਬਾਲਾ ਜੀਉ ॥
ਨਾ ਜਾਨਉ ਕਿਆ 'ਕਰਸੀ' ਪੀਉ ॥੧॥੨॥ *(ਪੰਨਾ ੭੬੨)*

੪. ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ 'ਹੋਸੀ' ॥੧॥੩॥
(ਪੰਨਾ ੬੮੯)

੫. ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ 'ਪਾਇਸੀ' ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ 'ਪਾਇਸੀ' ॥
ਤਾ ਦਰਗਹ ਪੈਧਾ 'ਜਾਇਸੀ' ॥ਪਉੜੀ ੧੫॥ *(ਪੰਨਾ ੪੭੧)*

ਇਸਤਰੀ-ਲਿੰਗ-ਅੰਸ—'ਸੀ'

੧. ਜਿਤੁ ਦਿਨਿ ਦੇਹ 'ਬਿਨਸਸੀ' ਤਿਤੁ ਵੇਲੈ ਕਹਸਨਿ ਪ੍ਰੇਤੁ ॥੭॥ *(ਪੰਨਾ ੧੩੪)*

੨. ਸਾ ਧਨ ਚਲੀ ਸਾਹੁਰੈ ਕਿਆ ਮੁਹੁ 'ਦੇਸੀ' ਅਗੈ ਜਾਇ ਜੀਉ ॥੧॥ *(ਪੰਨਾ ੭੬੨)*

੩. ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ 'ਰੋਸੀ' ॥੧॥੩॥
(ਪੰਨਾ ੬੮੯)

੪. ਕਲਉ ਮਸਾਜਨੀ 'ਜਾਇਸੀ' ਲਿਖਿਆ ਭੀ ਨਾਲੇ ਜਾਇ ॥
ਨਾਨਕ ਸਹ ਪ੍ਰੀਤਿ ਨ 'ਜਾਇਸੀ' ਜੋ ਧੁਰਿ ਛੋਡੀ ਸਾਚੈ ਪਾਇ ॥ਸ.੧॥੫॥
(ਪੰਨਾ ੮੪)

੫. ਮਲਕਲ ਮਉਤ ਜਾਂ 'ਆਵਸੀ' ਸਭ ਦਰਵਾਜੇ ਭੰਨਿ ॥੧੦੦॥ *(ਪੰਨਾ ੧੩੮੩)*

(੨.੧) ਕ੍ਰਿਆ-ਮੂਲ ਦੇ ਅੰਤਲੇ ਅੱਖਰ ਨੂੰ 'ਾ' ਲਾ ਕੇ ਅੰਤ ਵਿਚ ਕਾਲ-ਬੋਧਕ ਅੰਸ 'ਸੀ'

੧. ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥
ਜੈ ਭਾਵੈ ਪਿਆਰਾ ਤੈ 'ਰਾਵੇਸੀ' ॥੮॥੧॥ *(ਪੰਨਾ ੭੫੦)*

ਨੋਟ : ਉਪਰੋਕਤ ਬਣਤਰ ਦੀਆਂ ਕ੍ਰਿਆਵਾਂ ਦੇ ਅੰਤ ਵਿਚ ਕਈ ਵਾਰੀ 'ਆ' ਲੱਗਾ ਵੀ ਮਿਲਦਾ ਹੈ; ਜਿਵੇਂ :

੧. ਲੇਖਾ ਰਬੁ 'ਮੰਗੇਸੀਆ' ਬੈਠਾ ਕਢਿ ਵਹੀ ॥ਸ.੨॥੧੩॥ *(ਪੰਨਾ ੯੫੩)*

੨. ਲੇਖਾ ਰਬੁ 'ਮੰਗੇਸੀਆ' ਤੂ ਆਂਹੋ ਕੇਰੇ ਕੰਮਿ ॥੩੮॥ *(ਪੰਨਾ ੧੩੭੯)*

ਨੋਟ : ਇਹ ਅੰਤਲਾ 'ਆ' ਇਕ ਤਰ੍ਹਾਂ ਨਾਲ ਪੜਨਾਂਵੀ-ਪਿਛੇਤਰ ਦਾ ਕੰਮ ਕਰਦਾ ਹੈ; ਮੰਗੇਸੀਆ—ਤੇਰੇ ਪਾਸੋਂ ਮੰਗੇਗਾ।

(੩) ਕ੍ਰਿਆ-ਮੂਲ + ਪੁਲਿੰਗ ਅਤੇ ਇਸਤਰੀ-ਲਿੰਗ, ਦੋਹਾਂ ਲਈ ਸਾਂਝਾ ਕਾਲ-ਬੋਧਕ ਅੰਸ 'ਸਿ'

ਪੁਲਿੰਗ-ਅੰਸ—'ਸਿ'

੧. ਧਰਮ ਰਾਇ ਜਬ 'ਪਕਰਸਿ' ਬਵਰੇ ਤਬ ਕਿਆ ਜਬਾਬੁ ਕਰੇਇ ॥੨॥੪॥ *(ਪੰਨਾ ੭੭)*

੨. ਸੰਗਿ ਨ 'ਚਾਲਸਿ' ਤੇਰੈ ਧਨਾ ॥
ਤੂੰ ਕਿਆ ਲਪਟਾਵਹਿ ਮੂਰਖ ਮਨਾ ॥੫॥੧੯॥ *(ਪੰਨਾ ੨੮੮)*

੩. ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ 'ਨ ਉਤਰਸਿ' ਪਾਰਿ ॥ਰਹਾਉ॥੭॥ *(ਪੰਨਾ ੮੬੪)*

[ਪਕਰਸਿ—ਪਕੜੇਗਾ, ਨ ਚਾਲਸਿ—ਨਹੀਂ ਚਲੇਗਾ, ਨ ਉਤਰਸਿ—ਨਹੀਂ ਉਤਰੇਗਾ।]

ਇਸਤਰੀ-ਲਿੰਗ-ਅੰਸ—'ਸਿ'

੧. ਗੁਨ ਗਾਵਤ ਤੇਰੀ 'ਉਤਰਸਿ' ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥੭॥੧੯॥ *(ਪੰਨਾ ੨੮੯)*

੨. ਇੰਦ੍ਰੀ ਕੀ ਜੂਠਿ 'ਉਤਰਸਿ' ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥੭॥ *(ਪੰਨਾ ੧੧੯੫)*
[ਉਤਰਸਿ—ਉਤਰ ਜਾਏਗੀ, ਉਤਰਸਿ ਨਾਹੀ—ਕਦੀ ਨਹੀਂ ਉਤਰੇਗੀ।]

(੪) ਕ੍ਰਿਆ-ਮੂਲ ਦੇ ਅੰਤ ਵਿਚ ਅਵਧੀ ਦੇ ਭਵਿਖਤ ਕਾਲ-ਬੋਧਕ ਅੰਸ 'ਬ' ਦੀ ਵਰਤੋਂ

੧. ਧਨੁ ਓਇ ਸੰਤ ਜਿਨ ਐਸੀ ਜਾਨੀ ॥
ਤਿਨ ਕਉ 'ਮਿਲਿਬੋ' ਸਾਰਿੰਗਪਾਨੀ ॥੧॥੧੧॥ *(ਪੰਨਾ ੮੭੩)*

੨. ਮੈ ਨ 'ਮਰਉ' 'ਮਰਿਬੋ' ਸੰਸਾਰਾ ॥
ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥ਰਹਾਉ॥੧੨॥ *(ਪੰਨਾ ੩੨੫)*

੩. ਜੋ ਕਿਛੁ ਕਰਹਿ ਸੋਈ 'ਪਰੁ ਹੋਇਬਾ' ਅਵਰੁ ਨ ਕਰਣਾ ਜਾਇ ॥ਰਹਾਉ॥੮॥
(ਪੰਨਾ ੧੩੨੯)

੪. ਇੰਦ੍ ਲੋਕ ਸਿਵ ਲੋਕਹਿ 'ਜੈਬੋ' ॥
ਓਛੇ ਤਪ ਕਰਿ ਬਾਹੁਰਿ 'ਐਬੋ' ॥੧॥੪॥ *(ਪੰਨਾ ੬੯੨)*

੫. ਸੁਧ ਕਵਨ ਪਰ 'ਹੋਇਬੋ' ਸੁਚ ਕੁੰਚਰ ਬਿਧਿ ਬਿਉਹਾਰ ॥੪॥੧॥ *(ਪੰਨਾ ੩੪੬)*
[ਮਿਲਿਬੋ—ਮਿਲ ਪਵੇਗਾ, ਮਰਿਬੋ—ਮਰੇਗਾ, ਪਰੁ ਹੋਇਬਾ—ਜ਼ਰੂਰ ਹੋਵੇਗਾ, ਜੈਬੋ—ਜਾਏਗਾ, ਐਬੋ—ਆਵੇਗਾ, ਹੋਇਬੋ—ਹੋਵੇਗਾ।]

ਨੋਟ : 'ਜੈਬੋ' ਅਤੇ 'ਐਬੋ', 'ਜਾਇਬੋ' ਅਤੇ 'ਆਇਬੋ' ਦਾ ਹੀ ਸੰਖਿਪਤ ਰੂਪ ਹੈ।

੧੮.੭.੩.੫ ਅਨ ਪੁਰਖ

੧੮.੭.੩.੫.੨ ਬਹੁ-ਵਚਨ

(੧) ਕ੍ਰਿਆ-ਮੂਲ + ਪੁਰਖਵਾਚੀ ਅੰਸ + ਕਾਲ-ਬੋਧਕ ਅੰਸ 'ਗ'

੧. ਫਿਰਿ ਪਾਛੈ ਪਛੁਤਾਹੁਗੇ ਪ੍ਰਾਨ 'ਜਾਹਿੰਗੇ' ਛੂਟਿ ॥੪੧॥ *(ਪੰਨਾ ੧੩੯੬)*

੨. ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥
ਅੰਤ ਕਾਲਿ ਭਜਿ 'ਜਾਹਿਗੇ' ਕਾਹਿ ਜਲਹੁ ਕਰੋਧੀ ॥੩॥੩੬॥ *(ਪੰਨਾ ੮੦੯)*

੩. ਤੇ ਨਰ ਦੋਜਕ 'ਜਾਹਿਗੇ' ਸਤਿ ਭਾਖੈ ਰਵਿਦਾਸ ॥੨੪੨॥ *(ਪੰਨਾ ੧੩੭੭)*

ਨੋਟ : (੧) ਬਹੁ-ਵਚਨ, ਪੁਰਖ-ਬੋਧਕ ਅੰਸ 'ਹਿ' ਦਾ ਉਚਾਰਣ ਨਾਸਕੀ।
(੨) ਕਿਧਰੇ ਕਿਧਰੇ ਕ੍ਰਿਆ-ਮੂਲ ਨਾਲ ਲੱਗਾ 'ਹਿ' ਜਾਂ 'ਹੀ' ਪਿਛੇਤਰ ਇਕੱਲਾ ਹੀ ਭਵਿਖਤ ਕਾਲ ਦਾ ਕੰਮ ਸਾਰਦਾ ਹੈ; ਜਿਵੇਂ :

੧. ਗੁਰ ਕੇ ਚਰਣ ਧਿਆਇ ਤੂ 'ਤੂਟਹਿ' ਮਾਇਆ ਬੰਧ ॥ਸ.੨॥੨੧॥
(ਪੰਨਾ ੧੦੯੩)

੨. ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ 'ਜਾਂਹਿ' ॥੨੩੩॥
(ਪੰਨਾ ੧੩੭੭)

੩. ਪਿਤ ਸੁਤੋ ਸਗਲ ਕਾਲਤ੍ ਮਾਤਾ ਤੇਰੇ,
'ਹੋਹਿ' ਨ ਅੰਤਿ ਸਖਾਇਆ ॥ਰਹਾਉ॥੨੬॥ *(ਪੰਨਾ ੨੩)*

੪. ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ 'ਜਾਂਹੀ' ॥੪੫॥
(ਪੰਨਾ ੧੪੧੮)
[ਤੂਟਹਿ—ਤੁਟ ਜਾਣਗੇ, ਜਾਂਹਿ—ਜਾਣਗੇ, ਹੋਹਿ ਨ—ਨਹੀਂ ਹੋਣਗੇ।]

(੨) ਕ੍ਰਿਆ-ਮੂਲ ਦੇ ਅੰਤ ਵਿਚ ਕਾਲ-ਬੋਧਕ ਅੰਸ 'ਸਨਿ' ਜੋੜਿਆਂ

ਪੁਲਿੰਗ

੧. ਮਨਮੁਖ ਸਬਦੁ ਨ ਜਾਣਨੀ 'ਜਾਸਨਿ' ਪਤਿ ਗਵਾਇ ॥੩॥੫੨॥ *(ਪੰਨਾ ੩੩)*

੨. ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ 'ਖੜਸਨਿ' ਬੰਨਿ ॥੫॥੨॥
(ਪੰਨਾ ੭੬)

੩. ਵਿਣੁ ਸਚੇ ਦੂਜਾ ਸੇਵਦੇ ਹੁਇ 'ਮਰਸਨਿ' ਬੁਟੁ ॥ਪਉੜੀ ੨੬॥ *(ਪੰਨਾ ੩੧੫)*

੪. ਅਗੈ ਗਏ 'ਸਿੰਞਾਪਸਨਿ' ਚੋਟਾਂ ਖਾਸੀ ਕਉਣੁ ॥੪੪॥ *(ਪੰਨਾ ੧੩੮੦)*

ਇਸਤਰੀ-ਲਿੰਗ

੧. ਤਲਬਾ 'ਪਉਸਨਿ' ਆਕੀਆ ਬਾਕੀ ਜਿਨਾ ਰਹੀ ॥ਸ.੨॥੧੩॥ *(ਪੰਨਾ ੯੫੩)*

੨. ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ 'ਦੇਸਨਿ' ਆਗੈ ਜਾਏ ॥੩॥੪॥
(ਪੰਨਾ ੫੮੫)
[ਜਾਸਨਿ—ਜਾਣਗੇ, ਖੜਸਨਿ—ਲੈ ਜਾਣਗੇ, ਮਰਸਨਿ—ਮਰ ਜਾਣਗੇ, ਸਿੰਞਾਪਸਨਿ—ਪਛਾਣੇ ਜਾਣਗੇ, ਪਉਸਨਿ—ਪੈਣਗੀਆਂ, ਦੇਸਨਿ—ਦੇਣਗੀਆਂ।]

ਨੋਟ : ਕਿਧਰੇ ਕਿਧਰੇ ਕ੍ਰਿਆ-ਮੂਲ ਦੇ ਅੰਤ ਵਿਚ ਕਾਲ-ਬੋਧਕ ਅੰਸ 'ਨਿ' ਇਕੱਲਾ ਹੀ ਭਵਿਖਤ ਕਾਲ ਦਾ ਕੰਮ ਸਾਰ ਦੇਂਦਾ ਹੈ :

੧. ਕਿਆ 'ਦੇਨਿ' ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥੩॥੪॥
(ਪੰਨਾ ੫੮੫)

੨. ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ 'ਪਵੰਨਿ' ॥੬॥੩॥ *(ਪੰਨਾ ੭੫੫)*
[ਦੇਨਿ—ਦੇਣਗੇ, ਪਵੰਨਿ—ਪੈਣਗੇ।]

੧੮.੭.੪ ਸੰਭਾਵ ਭਵਿਖਤ ਕਾਲ

ਲੱਛਣ

"ਭਵਿਖਤ ਕਾਲ ਦੀ ਅਜਿਹੀ ਸ਼੍ਰੇਣੀ, ਜਿਸ ਤੋਂ ਆਉਣ ਵਾਲੇ ਸਮੇਂ ਵਿਚ ਕਿਸੇ ਕੰਮ ਦੇ ਹੋਣ ਦੀ ਸੰਭਾਵਨਾ ਦਾ ਪ੍ਰਗਟਾਅ ਹੋਵੇ।"

ਸੰਭਾਵ ਭਵਿਖਤ ਕਾਲ ਦੀ ਕ੍ਰਿਆ ਨਿਰੂਪਨ ਕੀਤੇ ਜਾਣ ਲਈ ਵੱਖ ਵੱਖ ਢੰਗਾਂ (ਲਹਿਜਿਆਂ—moods) ਨਾਲ ਗੱਲ ਕੀਤੀ ਜਾਂਦੀ ਹੈ, ਜਿਨ੍ਹਾਂ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ :

੧੮.੭.੪.੧ ਸੰਭਾਵ ਭਵਿਖਤ ਕਾਲ ਦੇ ਵੱਖ ਵੱਖ ਲਹਿਜਿਆਂ (moods) ਦੀਆਂ ਸਾਧਾਰਨ ਉਦਾਹਰਣਾਂ

੧. *ਸੰਭਾਵਨਾ—ਕਿਆਸ-ਬੋਧਕ*

ਉਤਮ ਪੁਰਖ

ਇਕ-ਵਚਨ — ਮੈਂ ਭਾਵੇਂ ਵੱਡਾ ਕਰਾਮਾਤੀ 'ਹੋ ਜਾਵਾਂ', ਮਨ ਦੀ ਭਟਕਣਾ ਨਹੀਂ ਮਿਟ ਸਕਦੀ।

ਬਹੁ-ਵਚਨ — ਅਸੀਂ ਭਾਵੇਂ ਕਿੰਨੇ ਪੜ੍ਹ ਲਿਖ 'ਜਾਈਏ', ਪਿਛਲੇ ਜਨਮਾਂ ਦੇ ਸੰਸਕਾਰਾਂ ਕਾਰਨ ਸਾਡੇ 'ਤੇ ਪਸ਼ੂ ਬਿਰਤੀਆਂ ਭਾਰੂ ਰਹਿੰਦੀਆਂ ਹਨ।

ਮਧਮ ਪੁਰਖ

ਇਕ-ਵਚਨ — ਤੂੰ ਭਾਵੇਂ ਕੁਝ 'ਕਰ ਲਵੇਂ', ਮੌਤ ਦੇ ਪੰਜੇ ਤੋਂ ਬਚ ਨਹੀਂ ਸਕਦਾ।

ਬਹੁ-ਵਚਨ — ਭਾਵੇਂ ਕਿਡੇ ਕਰਮ-ਕਾਂਡੀ 'ਹੋ ਜਾਓ', ਨਾਮ ਬਿਨਾ ਛੁਟਕਾਰਾ ਨਹੀਂ।

ਅਨ ਪੁਰਖ

ਇਕ-ਵਚਨ — ਭਾਵੇਂ ਕੋਈ ਗੁਰੂ ਦਾ ਨਿੰਦਕ ਹੀ 'ਹੋਵੇ', ਪਸਚਾਤਾਪ ਕਰ ਕੇ ਗੁਰੂ ਦੀ ਸ਼ਰਨੀ 'ਆ ਪਵੇ', ਸਤਿਗੁਰੂ ਉਸ ਦੇ ਗੁਨਾਹ ਬਖ਼ਸ਼ ਕੇ, ਉਸ ਨੂੰ ਸਤ-ਸੰਗਤ ਨਾਲ ਮਿਲਾ ਲੈਂਦਾ ਹੈ।

ਬਹੁ-ਵਚਨ — ਭਾਵੇਂ ਲੱਖਾਂ ਸਿਆਣਪਾਂ ਪੱਲੇ 'ਹੋਣ', ਭਾਵੀ ਨੂੰ ਕੋਈ ਨਹੀਂ ਟਾਲ ਸਕਦਾ।

੨. *ਸੰਭਾਵਨਾ—ਸ਼ਰਤ-ਬੋਧਕ*

ਉਤਮ ਪੁਰਖ

ਇਕ-ਵਚਨ — ਜੇ ਮੈਂ ਜਤਨ 'ਕਰਾਂ' ਤਾਂ ਨਿਤ-ਨੇਮ ਦੀਆਂ ਬਾਣੀਆਂ ਤਿੰਨਾਂ ਮਹੀਨਿਆਂ ਵਿਚ ਕੰਠ ਕਰ ਸਕਦਾ ਹਾਂ।

ਬਹੁ-ਵਚਨ — ਜੇ ਸਤ-ਸੰਗਤ 'ਕਰਦੇ ਰਹੀਏ' ਤਾਂ ਮਾੜੇ ਸੰਸਕਾਰ ਖਹਿੜਾ ਛੱਡ ਜਾਂਦੇ ਹਨ।

ਮਧਮ ਪੁਰਖ

ਇਕ-ਵਚਨ — ਜੇ ਤੂੰ ਪ੍ਰਭੂ ਦਾ 'ਹੋ ਜਾਵੇਂ' ਤਾਂ ਸਾਰਾ ਜਗ ਤੇਰਾ ਹੋ ਜਾਵੇ।

ਬਹੁ-ਵਚਨ — ਜੇ ਤੁਸੀਂ ਅੰਮ੍ਰਿਤ 'ਛਕ ਲਵੋ' ਤਾਂ ਸਤਿਗੁਰੂ ਤੁਹਾਡੀ ਬਾਂਹ ਫੜ ਲਵੇ।

ਅਨ ਪੁਰਖ

ਇਕ-ਵਚਨ — ਜੇ ਕੋਈ ਹੁਕਮ ਨੂੰ 'ਬੁਝ ਲਵੇ', ਤਾਂ ਹਉਂ ਹਉਂ ਮੈਂ ਮੈਂ ਕਰਨੋਂ ਹਟ ਜਾਂਦਾ ਹੈ।

ਬਹੁ-ਵਚਨ — ਜੇ ਗੁਣ ਪੱਲੇ 'ਬੰਨ੍ਹ ਲਏ ਜਾਣ' ਤਾਂ ਪ੍ਰਭੂ ਦੀ ਨੇੜਤਾ ਪ੍ਰਾਪਤ ਹੋ ਜਾਂਦੀ ਹੈ।

੩. *ਸੰਭਾਵਨਾ—ਇੱਛਾ-ਬੋਧਕ*

ਉਤਮ ਪੁਰਖ

ਇਕ-ਵਚਨ — ਬਸ, ਇੱਕੋ ਲਾਲਸਾ ਹੈ, ਅੰਮ੍ਰਿਤ ਛਕ 'ਲਵਾਂ'।

ਬਹੁ-ਵਚਨ — ਜੀਵਨ ਵਿਚ ਇੱਕੋ ਹੀ ਚਾਹਨਾ ਹੈ, ਨਾਮ 'ਜਪਦੇ ਰਹੀਏ'।

ਮਧਮ ਪੁਰਖ

ਇਕ-ਵਚਨ — ਮੈਂ ਚਾਹੁੰਦਾ ਹਾਂ, ਤੂੰ ਫਿਰ ਕੇਸ 'ਰੱਖ ਲਵੇਂ'।

ਬਹੁ-ਵਚਨ — ਮੇਰੀ ਇੱਛਾ ਹੈ, ਤੁਸੀਂ ਕਦੀ ਮੇਰੀ ਝੁੱਗੀ ਵਿਚ ਚਰਨ 'ਪਾਓ'।

ਅਨ ਪੁਰਖ

ਇਕ-ਵਚਨ — ਇੱਕੋ ਇੱਛਾ ਹੈ, ਨਾਮ ਮਨ ਵਿਚ 'ਵਸ ਜਾਏ'!

ਬਹੁ-ਵਚਨ — ਇਕ ਹੀ ਰੀਝ ਹੈ, ਬੱਚੇ ਅੰਮ੍ਰਿਤ 'ਛਕ ਲੈਣ'!

੪. *ਸੰਭਾਵਨਾ—ਪ੍ਰੇਰਨਾ-ਬੋਧਕ*

ਉਤਮ ਪੁਰਖ

ਬਹੁ-ਵਚਨ — ਕਿੰਨਾ ਇਕਾਂਤ ਵਾਤਾਵਰਣ ਹੈ, ਆਓ! ਮਿਲ ਕੇ ਸਿਮਰਨ 'ਕਰੀਏ'!

ਅਨ ਪੁਰਖ

ਬਹੁ-ਵਚਨ — ਕਿੰਨਾ ਚੰਗਾ ਹੋਵੇ, ਜੇ ਸਾਰੇ ਮਨੁੱਖ ਇਕ ਦੂਜੇ ਨੂੰ ਭਰਾ ਭਰਾ 'ਜਾਣਨ' ਲਗ ਪੈਣ!

੫. *ਸੰਭਾਵਨਾ—ਬੇ-ਪਰਵਾਹੀ-ਬੋਧਕ*

ਅਨ ਪੁਰਖ

ਇਕ-ਵਚਨ — ਕੋਈ 'ਪਿਆ ਨਿੰਦੇ', ਮੈਂ ਸੱਚ ਦਾ ਰਾਹ ਨਹੀਂ ਛੱਡਣਾ।

ਬਹੁ-ਵਚਨ — ਬੇਸ਼ਕ ਸਾਰੇ ਸਾਕ ਸੰਬੰਧੀ 'ਛੱਡ ਜਾਣ', ਮੈਂ ਗੁਰਮਤਿ ਦੀ ਲੀਹ ਤੋਂ ਲਾਂਭੇ ਨਹੀਂ ਜਾਣਾ।

੬. *ਸੰਭਾਵਨਾ—ਬੇ-ਵਸੀ-ਬੋਧਕ*

ਉਤਮ ਪੁਰਖ

ਇਕ-ਵਚਨ — ਮੈਂ ਆਪਣੀ ਵੇਦਨ ਕਿਸ ਨੂੰ 'ਸੁਣਾਵਾਂ', ਹਰ ਕੋਈ ਆਪਣੇ ਦੁਖਾਂ ਦੇ ਰੋਣੇ ਰੋਂਦਾ ਹੈ।

ਬਹੁ-ਵਚਨ — 'ਕੀ ਆਖੀਏ'? ਕਿਸ ਨੂੰ 'ਆਖੀਏ'? ਕਿਸੇ ਵਿਚ ਜ਼ੁਲਮ ਵਿਰੁੱਧ ਡੱਟ ਜਾਣ ਦਾ ਸਾਹਸ ਹੀ ਨਹੀਂ।

ਅਨ ਪੁਰਖ

ਇਕ-ਵਚਨ — ਕੋਈ ਕੀ 'ਕਰੇ', ਭਾਵੀ ਪ੍ਰਬਲ ਹੈ!

ਬਹੁ-ਵਚਨ — ਜਿਨ੍ਹਾਂ ਦੇ ਭਾਗ ਧੁਰ ਤੋਂ ਹੀ ਮੰਦੇ ਲਿਖੇ ਹੋਏ ਹੋਣ, ਉਹ ਜੀਵ ਵਿਚਾਰੇ ਕੀ 'ਕਰਨ'!

੭. ਸੰਭਾਵਨਾ—ਅਸੀਸ-ਬੋਧਕ

ਮਧਮ ਪੁਰਖ

ਇਕ-ਵਚਨ — ਜੀਉਂਦਾ 'ਰਹੋ', ਜੁਆਨੀਆਂ ਮਾਣੇਂ!
ਬਹੁ-ਵਚਨ — 'ਵਧੋ' 'ਫੁਲੋ' ਤੇ ਸੁਖੀ 'ਵਸੋ'!

ਅਨ ਪੁਰਖ

ਇਕ-ਵਚਨ — ਵਾਹਿਗੁਰੂ ਤੇਰਾ ਭਲਾ 'ਕਰੇ'!
ਬਹੁ-ਵਚਨ — ਤੁਹਾਡੇ ਬੱਚੇ 'ਜੀਉਣ'!

(ਅ) ਸੰਭਾਵਨਾ—ਦੁਰ-ਅਸੀਸ-ਬੋਧਕ

ਮਧਮ ਪੁਰਖ

ਇਕ-ਵਚਨ — ਤੂੰ ਵੇਲਾ ਖੁੰਝਾਅ ਲਿਆ ਹੈ, ਜਾਹ! ਹੁਣ ਜੀਵਨ ਭਰ ਖ਼ੁਆਰ 'ਹੁੰਦਾ ਰਹੁ'!
ਬਹੁ-ਵਚਨ — ਤੁਸੀਂ ਰੱਬ ਦੀ ਖ਼ਲਕਤ ਨੂੰ ਕਲਪਾਇਆ ਹੈ, ਸਦਾ 'ਕਲਪਦੇ ਰਵੋ'!

ਅਨ ਪੁਰਖ

ਇਕ-ਵਚਨ — ਤੇਰੀ ਜੜ੍ਹ 'ਪੱਟੀ ਜਾਵੇ'! ਤੂੰ ਕੇਸਾਂ ਦੀ ਬੇਅਦਬੀ ਕੀਤੀ ਹੈ।
ਬਹੁ-ਵਚਨ — ਤੇਰੇ ਕਰਮ 'ਸੜ ਜਾਣ'! ਤੂੰ ਗੁਰੂ ਤੋਂ ਬੇਮੁਖ ਹੋ ਗਿਆ ਹੈਂ।

੮. ਸੰਭਾਵਨਾ—ਪੁੜਕੂ-ਬੋਧਕ

ਉਤਮ ਪੁਰਖ

ਇਕ-ਵਚਨ — ਨਾਮ ਜਪਣ ਵਿਚ ਢਿਲ ਨਹੀਂ ਕਰਨੀ ਚਾਹੀਦੀ, ਕੀ 'ਜਾਣੀਏ' ਸਾਹ ਆਵੇ ਕਿ ਨਾ ਆਵੇ!

੧੮.੭.੪.੨ ਗੁਰਬਾਣੀ ਦੀਆਂ ਉਦਾਹਰਣਾਂ

ਸੰਭਾਵ ਭਵਿਖਤ ਕਾਲ ਦੀਆਂ ਗੁਰਬਾਣੀ ਵਿਚਲੀਆਂ ਉਦਾਹਰਣਾਂ ਸੰਭਾਵਨਾ ਦੇ ਵੱਖ ਵੱਖ ਲਹਿਜੇ (moods) ਨਿਰੂਪਨ ਕਰਦੀਆਂ ਹਨ। ਸੋ, ਹਰੇਕ ਲਹਿਜੇ ਬਾਰੇ ਉਦਾਹਰਣਾਂ ਵੱਖ ਵੱਖ ਗਰੁੱਪਾਂ ਵਿਚ ਵੰਡ ਕੇ ਥੱਲੇ ਦਿੱਤੀਆਂ ਜਾਂਦੀਆਂ ਹਨ:

੧੮.੭.੪.੨.੧ ਸੰਭਾਵਨਾ—ਕਿਆਸ-ਬੋਧਕ ਲਹਿਜਾ

ਉਤਮ ਪੁਰਖ, ਇਕ-ਵਚਨ

(ੳ) ਕਰੜੀ-ਵਾਚ

੧. **'ਪਹਿਰਾ' ਅਗਨਿ ਹਿਵੈ ਘਰੁ 'ਬਾਧਾ' ਭੋਜਨੁ ਸਾਰੁ 'ਕਰਾਈ'॥**
ਸਗਲੇ ਦੂਖ ਪਾਣੀ ਕਰਿ 'ਪੀਵਾ' ਧਰਤੀ ਹਾਕ 'ਚਲਾਈ'॥

ਧਰਿ ਤਾਰਾਜੀ ਅੰਬਰੁ 'ਤੋਲੀ' ਪਿਛੈ ਟੰਕੁ ਚੜਾਈ॥
ਏਵਡੁ 'ਵਧਾ' 'ਮਾਵਾ' ਨਾਹੀ ਸਭਸੈ ਨਥਿ 'ਚਲਾਈ'॥
ਏਤਾ ਤਾਣੁ ਹੋਵੈ ਮਨ ਅੰਦਰਿ 'ਕਰੀ' ਭਿ ਆਖਿ 'ਕਰਾਈ'॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥ਸਲੋਕ ੧॥੧੯॥
(ਪੰਨਾ ੧੪੭)

[ਪਹਿਰਾ—ਭਾਵੇਂ ਮੈਂ ਪਹਿਨ ਲਵਾਂ। ਬਾਧਾ—ਭਾਵੇਂ ਮੈਂ ਬੰਨ੍ਹ (ਬਣਾਅ) ਲਵਾਂ। ਕਰਾਈ—ਭਾਵੇਂ ਮੈਂ ਕਰ ਲਵਾਂ। ਪੀਵਾ—ਭਾਵੇਂ ਮੈਂ ਪੀਣਾ ਕਰਾਂ, ਭਾਵ ਪੀ ਜਾਵਾਂ। ਚਲਾਈ—ਮੈਂ ਚਲਾਵਾਂ। ਤੋਲੀ—ਮੈਂ ਤੋਲਾਂ। ਵਧਾ—ਮੈਂ ਵਧ ਜਾਵਾਂ। ਮਾਵਾ ਨਾਹੀ—ਮੈਂ ਪੂਰਾ ਨਾ ਸਮਾਵਾਂ। ਨਥਿ ਚਲਾਈ—ਮੈਂ ਆਪਣੇ ਹੁਕਮ ਵਿਚ ਨੱਥ ਕੇ ਚਲਾਵਾਂ। ਕਰੀ ਭਿ ਆਖਿ ਕਰਾਈ—ਮੈਂ ਆਪ ਕਰ ਸਕਦਾ ਹੋਵਾਂ ਅਤੇ ਹੁਕਮ ਕਰ ਕੇ ਕਰਾ ਵੀ ਸਕਦਾ ਹੋਵਾਂ।]

(ਅ) ਕਰਮਨੀ-ਵਾਚ

੧. **'ਕੁਸਾ' 'ਕਟੀਆ' ਵਾਰ ਵਾਰ ਪੀਸਣਿ 'ਪੀਸਾ' ਪਾਇ॥**
ਅਗੀ ਸੇਤੀ 'ਜਾਲੀਆ' ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥੨॥ *(ਪੰਨਾ ੧੪)*

[ਕੁਸਾ—(ਕਰਮਨੀ-ਵਾਚ) ਭਾਵੇਂ ਮੈਂ ਕੁਹਿਆ ਜਾਵਾਂ। ਕਟੀਆ—(ਕਰਮਨੀ-ਵਾਚ) ਭਾਵੇਂ ਮੈਂ ਕਟਿਆ ਜਾਵਾਂ। ਪੀਸਣਿ ਪੀਸਾ—(ਕਰਮਨੀ-ਵਾਚ) ਭਾਵੇਂ ਮੈਂ (ਚੱਕੀ ਵਿਚ ਪਾ ਕੇ) ਪੀਸਿਆ ਜਾਵਾਂ। ਜਾਲੀਆ—(ਕਰਮਨੀ-ਵਾਚ) ਭਾਵੇਂ ਮੈਂ (ਅੱਗ ਨਾਲ) ਸਾੜਿਆ ਜਾਵਾਂ।]

ਨੋਟ : 'ਓ' ਅਤੇ 'ਅ' ਸਾਹਮਣੇ ਦਿੱਤੀਆਂ ਉਦਾਹਰਣਾਂ ਵਿਚ ਸਾਰੀਆਂ ਸੰਭਾਵ ਭਵਿਖਤ ਕ੍ਰਿਆਵਾਂ ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ।

ਮਧਮ ਪੁਰਖ, ਇਕ-ਵਚਨ

ਕਰੜੀ-ਵਾਚੀ

੧. **ਜੇ ਪਾਸਿ 'ਬਹਾਲਹਿ' ਤਾ ਤੁਝਹਿ ਅਰਾਧੀ ਜੇ 'ਮਾਰਿ ਕਢਹਿ' ਭੀ ਧਿਆਈ॥੮॥੧॥**
(ਪੰਨਾ ੭੫੭)

[ਜੇ ਪਾਸਿ ਬਹਾਲਹਿ—ਭਾਵੇਂ ਤੂੰ ਕੋਲ ਬਿਠਾਵੇਂ। ਜੇ ਮਾਰਿ ਕਢਹਿ—ਭਾਵੇਂ ਮਾਰ ਕੁੱਟ ਕੇ ਘਰੋਂ ਕੱਢ ਦੇਵੇਂ।]

੨. **ਜੇ ਲਖ ਇਸਤਰੀਆ 'ਭੋਗ ਕਰਹਿ' ਨਵਖੰਡ ਰਾਜੁ 'ਕਮਾਹਿ'॥**
ਬਿਨੁ ਸਤਿਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥੩॥੩੫॥ *(ਪੰਨਾ ੨੬)*

[ਜੇ ਭੋਗ ਕਰਹਿ—ਭਾਵੇਂ ਤੂੰ ਭੋਗ ਬਿਲਾਸ ਕਰਦਾ ਫਿਰੇਂ। ਕਮਾਹਿ—ਭਾਵੇਂ ਤੂੰ (ਰਾਜ) ਕਮਾਉਂਦਾ ਹੋਵੇਂ।]

੩. **ਜੇ ਸਉ 'ਧਾਵਹਿ' ਪ੍ਰਾਣੀਆ ਪਾਵਹਿ ਧੁਰਿ ਲਹਣਾ॥ਪਉੜੀ॥੨੨॥** *(ਪੰਨਾ ੧੧੦੨)*

[ਜੇ ਧਾਵਹਿ—ਭਾਵੇਂ ਤੂੰ ਦੌੜਿਆ ਭਜਿਆ ਫਿਰੇਂ]

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

ਅਨ ਪੁਰਖ, ਇਕ-ਵਚਨ

(ੳ) ਕਰਤ੍ਰੀ-ਵਾਚ

੧. **ਕੋਈ ਨਿੰਦਕੁ 'ਹੋਵੈ' ਸਤਿਗੁਰੂ ਕਾ ਫਿਰਿ ਸਰਣਿ ਗੁਰ 'ਆਵੈ'॥**
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥੧੩॥੧॥
[ਕੋਈ ਹੋਵੈ—ਭਾਵੇਂ ਕੋਈ ਹੋਵੇ। ਆਵੈ—(ਅਤੇ) ਆ ਜਾਵੇ।] *(ਪੰਨਾ ੮੫੪)*

੨. **ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ 'ਵਿਆਪੈ' ਰੋਗੁ॥**
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ॥
ਗਉਣੁ 'ਕਰੇ' ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ॥
ਚਿਤਿ 'ਆਵੈ' ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ॥੩॥੨੬॥ *(ਪੰਨਾ ੭੦)*
[ਵਿਆਪੈ—ਭਾਵੇਂ ਵਿਆਪਦਾ ਹੋਵੇ। ਗਉਣੁ ਕਰੇ—ਭਾਵੇਂ ਭ੍ਰਮਣ ਕਰੇ। ਆਵੈ—ਜੇ (ਚਿਤ ਵਿਚ) ਆ ਜਾਵੇ।]

(ਅ) ਕਰਮਨੀ-ਵਾਚ

੧. **ਨਾਨਕ ਕਾਗਦ ਲਖ ਮਣਾ ਪੜਿ ਪੜਿ 'ਕੀਚੈ' ਭਾਉ॥**
ਮਸੂ ਤੋਟਿ ਨ ਆਵਈ ਲੇਖਣਿ ਪਉਣੁ 'ਚਲਾਉ'॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ॥੪॥੨॥ *(ਪੰਨਾ ੧੫)*
[ਕੀਚੈ—(ਕਰਮਨੀ-ਵਾਚ) ਭਾਵੇਂ ਕੀਤਾ ਜਾਏ। ਚਲਾਉ—(ਕਰਮਨੀ-ਵਾਚ) ਭਾਵੇਂ ਚਲਾਈ ਜਾਵੇ।]

੨. **ਅਰਧ ਸਰੀਰੁ 'ਕਟਾਈਐ' ਸਿਰਿ ਕਰਵਤੁ ਧਰਾਇ॥**
ਤਨੁ ਹੈਮੰਚਲਿ 'ਗਾਲੀਐ' ਭੀ ਮਨ ਤੇ ਰੋਗੁ ਨ ਜਾਇ॥੩॥੧੪॥ *(ਪੰਨਾ ੬੨)*
[ਕਟਾਈਐ—(ਪ੍ਰੇਰਣਾਰਥਕ ਕ੍ਰਿਆ) ਭਾਵੇਂ ਕਟਾਅ ਦਿੱਤਾ ਜਾਏ। ਗਾਲੀਐ—ਭਾਵੇਂ ਗਾਲ ਦਿੱਤਾ ਜਾਏ।]

ਅਨਪੁਰਖ, ਬਹੁ-ਵਚਨ

(ੳ) ਕਰਤ੍ਰੀ-ਵਾਚ

੧. **ਜੇ ਸਉ ਚੰਦਾ 'ਉਗਵਹਿ' ਸੂਰਜ 'ਚੜਹਿ' ਹਜਾਰ॥**
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ਸਲੋਕ ੨॥੧॥ *(ਪੰਨਾ ੪੬੩)*
[ਉਗਵਹਿ—ਭਾਵੇਂ ਚੜ੍ਹ ਪੈਣ। ਚੜਹਿ—ਭਾਵੇਂ ਚੜ੍ਹ ਪੈਣ।]

੨. **ਅਠਸਠਿ ਤੀਰਥ ਜੇ 'ਨਾਵਹਿ' ਉਤਰੈ ਨਾਹੀ ਮੈਲੁ॥ਸਲੋਕ ੨॥੨੦॥** *(ਪੰਨਾ ੪੭੩)*
[ਜੇ ਨਾਵਹਿ—ਭਾਵੇਂ ਨਹਾਉਂਦੇ ਫਿਰਨ]

੩. **ਸਹਸ ਸਿਆਣਪਾ ਲਖ 'ਹੋਹਿ' ਤ ਇਕ ਨ ਚਲੈ ਨਾਲਿ॥੧॥ਜਪੁਜੀ॥** *(ਪੰਨਾ ੧)*
[ਹੋਹਿ—ਭਾਵੇਂ (ਪਲੇ) ਹੋਣ]

(ਅ) ਕਰਮਨੀ-ਵਾਚ

੧. **ਜੇ 'ਕੀਚਨਿ' ਲਖ ਉਪਾਵ ਤਾਂ ਕਹੀ ਨ ਘੁਲੀਐ॥ਪਉੜੀ॥੧੪॥** *(ਪੰਨਾ ੯੬੪)*
[ਜੇ ਕੀਚਨਿ—(ਕਰਮਨੀ-ਵਾਚ) ਭਾਵੇਂ ਕੀਤੇ ਜਾਣ]

੨. **ਜੇ ਸਉ ਸਾਇਰ 'ਮੇਲੀਅਹਿ' ਤਿਲੁ ਨ ਪੁਜਾਵਹਿ ਰੋਇ॥੨॥੧॥** *(ਪੰਨਾ ੫੩)*
[ਜੇ ਮੇਲੀਅਹਿ—(ਕਰਮਨੀ-ਵਾਚ) ਭਾਵੇਂ ਇਕੱਠੇ ਕੀਤੇ ਜਾਣ]

੩. **ਜੇ ਲਖ ਕਰਮ 'ਕਮਾਈਅਹਿ' ਕਿਛੁ ਪਵੈ ਨ ਬੰਧਾ॥੪॥੧੦੩॥** *(ਪੰਨਾ ੩੯੬)*
[ਜੇ ਕਮਾਈਅਹਿ—ਭਾਵੇਂ ਕਮਾਏ ਜਾਣ]

ਨੋਟ : ਉਪਰੋਕਤ ਕ੍ਰਿਆਵਾਂ ਦੇ ਅੰਤਲੇ 'ਹਿ' ਦਾ ਉਚਾਰਣ ਨਾਸਕੀ ਹੈ।

੧੮.੭.੪.੨.੨ ਸੰਭਾਵਨਾ—ਸ਼ਰਤ-ਬੋਧਕ

ਉਤਮ ਪੁਰਖ, ਇਕ-ਵਚਨ

ਕਰਤ੍ਰੀ-ਵਾਚ

੧. **ਜੇ ਤਿਨ 'ਮਿਲਾ' ਤਾ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥੪॥** *(ਪੰਨਾ ੮੭੭)*
[ਜੇ ਮਿਲਾ—ਜੇ ਕਰ ਮੈਂ ਮਿਲਾਂ]

ਨੋਟ : 'ਅੰਤਲੇ 'ਾ' ਦਾ ਉਚਾਰਣ ਨਾਸਕੀ।

ਉਤਮ ਪੁਰਖ, ਬਹੁ-ਵਚਨ

੧. **ਜੇ ਦੂਜੇ ਪਾਸਹੁ 'ਮੰਗੀਐ' ਤਾ ਲਾਜ ਮਰਾਈਐ॥ਪਉੜੀ ੧੦॥** *(ਪੰਨਾ ੫੯੦)*
[ਜੇ ਮੰਗੀਐ—ਜੇ ਅਸੀਂ ਮੰਗੀਏ!]

੨. **ਜੇ ਵੇਲਾ ਵਖਤੁ 'ਵੀਚਾਰੀਐ' ਤਾ ਕਿਤੁ ਵੇਲਾ ਭਗਤਿ ਹੋਇ॥੧॥੫੫॥** *(ਪੰਨਾ ੩੫)*
[ਜੇ ਵੀਚਾਰੀਐ—ਜੇ ਅਸੀਂ ਵੀਚਾਰਦੇ ਰਹੀਏ!]

ਨੋਟ : ਉਪਰੋਕਤ ਕ੍ਰਿਆਵਾਂ ਦਾ ਅਰਥ, ਅਨ ਪੁਰਖ, ਇਕ-ਵਚਨ ਵਿਚ ਵੀ ਕੀਤਾ ਜਾ ਸਕਦਾ ਹੈ; ਜੇ ਮੰਗੀਐ—ਜੇ ਮੰਗਿਆ ਜਾਏ, ਜੇ ਵੀਚਾਰੀਐ—ਜੇ ਵਿਚਾਰਿਆ ਜਾਏ।

ਮਧਮ ਪੁਰਖ, ਇਕ-ਵਚਨ

੧. **ਜੇ ਘਰੁ 'ਰਾਖਹਿ' ਬੁਰਾ ਨ 'ਚਾਖਹਿ' ਹੋਵਹਿ ਕੰਤ ਪਿਆਰੀ॥੨॥੧੦॥** *(ਪੰਨਾ ੧੧੭੧)*
[ਜੇ ਰਾਖਹਿ—ਜੇ ਰਖ ਲਵੇਂ। ਨ ਚਾਖਹਿ—ਨਾ ਵੇਖਹਿ।]

੨. **ਜੇ ਤੂ ਕਿਸੈ ਨ 'ਦੇਹੀ' ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ॥੩॥੨॥** *(ਪੰਨਾ ੬੬੦)*
[ਨ ਦੇਹੀ—ਜੇਕਰ ਤੂੰ ਦੇਵੇਂ ਹੀ ਨਾ]

੩. **ਜੇ ਤੂ 'ਵਤਹਿ' ਅੰਞਣੇ ਹਭ ਧਰਤਿ ਸੁਹਾਵੀ ਹੋਇ॥ਸਲੋਕ ੧॥੩॥** *(ਪੰਨਾ ੧੦੮੫)*
[ਵਤਹਿ—ਜੇ ਤੂੰ ਵਿਚਰੇਂ]

੪. **ਜੇ ਮਨਿ ਚਿਤਿ ਆਸ 'ਰਖਹਿ',**
ਹਰਿ ਊਪਰਿ ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ॥੧॥੧॥ *(ਪੰਨਾ ੮੫੯)*
[ਜੇ ਰਖਹਿ—ਜੇ ਤੂੰ ਰਖੇਂ]

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

ਅਨ ਪੁਰਖ, ਇਕ-ਵਚਨ

(ੳ) ਕਰਤ੍ਰੀ-ਵਾਚ

੧. **ਜੇ ਕ੍ਰਿਪਾ 'ਕਰੇ' ਮੇਰਾ ਹਰਿ ਪ੍ਰਭੁ ਕਰਤਾ,**
ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥ਸ.੧॥੧੧॥ *(ਪੰਨਾ ੩੦੫)*
[ਕ੍ਰਿਪਾ ਜੇ ਕਰੇ—ਜੇ ਕ੍ਰਿਪਾ ਕਰ ਦੇਵੇ]

੨. **ਨਾਨਕ ਹੁਕਮੈ ਜੇ 'ਬੁਝੈ' ਤ ਹਉਮੈ ਕਹੈ ਨ ਕੋਇ ॥੨॥ਜਪੁਜੀ ॥** *(ਪੰਨਾ ੧)*
[ਜੇ ਬੁਝੈ—ਜੇ ਕੋਈ ਬੁਝ ਲਵੇ]

(ਅ) ਕਰਮਨੀ-ਵਾਚ

੧. **ਜੇ ਕਰਿ ਸੂਤਕੁ 'ਮੰਨੀਐ' ਸਭਤੈ ਸੂਤਕੁ ਹੋਇ ॥ਸਲੋਕ ੧॥੧੮॥** *(ਪੰਨਾ ੪੭੨)*
[ਜੇਕਰਿ ਮੰਨੀਐ—(ਕਰਮਨੀ-ਵਾਚ) ਜੇਕਰ ਮੰਨਿਆ ਜਾਵੇ]

੨. **ਸਬਦਿ 'ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥੨॥** *(ਪੰਨਾ ੧੦੪੫)*
[ਧੋਪੈ—(ਕਰਮਨੀ-ਵਾਚ) ਜੇਕਰ ਧੋਤੀ ਜਾਏ]

੩. **ਜੇ 'ਹੋਵੈ' ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ਸਲੋਕ ੧॥੧੮॥** *(ਪੰਨਾ ੧੪੬)*
[ਜੇ ਹੋਵੈ—ਜੇ (ਸਰਾਫ਼ ਦੀ ਨਦਰਿ ਵਿਚ ਖਰਾ) ਹੋ ਨਿਬੜੇ]

ਅਨ ਪੁਰਖ, ਬਹੁ-ਵਚਨ

(ੳ) ਕਰਤ੍ਰੀ-ਵਾਚ

੧. **ਜੇ ਗੁਣ 'ਹੋਨਿ' ਤ ਕਟੀਅਨਿ ਸੇ ਭਾਈ ਸੇ ਵੀਰ ॥੪॥੧॥** *(ਪੰਨਾ ੫੮੫)*
[ਜੇ ਹੋਨਿ—ਜੇਕਰ ਪੱਲੇ ਹੋਣ]

੨. **ਜੇ ਗੁਣ 'ਹੋਵਹਿ' ਗੰਠੜੀਐ ਮੇਲੇਗਾ ਸੋਈ ॥੨॥੪॥** *(ਪੰਨਾ ੭੨੯)*
[ਜੇ ਹੋਵਹਿ—ਜੇਕਰ ਪੱਲੇ ਹੋਣ]

੩. **ਜੇ ਗੁਣ 'ਹੋਵਨਿ੍' ਸਾਜਨਾ ਮਿਲਿ ਸਾਝ ਕਰੀਜੈ ॥੩॥੪॥** *(ਪੰਨਾ ੭੬੫)*
[ਜੇ ਹੋਵਨਿ੍—ਜੇ ਪੱਲੇ ਹੋਣ]

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

(ਅ) ਕਰਮਨੀ-ਵਾਚ

੧. **ਜੇ ਓਇ 'ਦਿਸਹਿ' ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ਸ.੨॥੨੫॥**
[ਜੇ ਦਿਸਹਿ—(ਕਰਮਨੀ-ਵਾਚ) ਜੇ ਕਰ ਦਿਸਦੇ ਹੋਣ] *(ਪੰਨਾ ੧੨੯੦)*

੧੮.੭.੪.੨.੩ ਸੰਭਾਵਨਾ—ਇੱਛਾ-ਬੋਧਕ

ਉਤਮ ਪੁਰਖ, ਇਕ-ਵਚਨ

(ੳ) ਕਰਤ੍ਰੀ-ਵਾਚ

੧. **ਜਿਥੈ ਕੋਇ ਕਥੰਨਿ ਨਾਉ ਸੁਣੰਦੋ ਮਾ ਪਿਰੀ ॥**
ਮੁੰ 'ਜੁਲਾਊਂ' ਤਥਿ ਨਾਨਕ ਪਿਰੀ ਪਸੰਦੋ ਹਰਿਓ ਥੀਓਸਿ ॥ਸ.੨॥੨੦॥ *(ਪੰਨਾ ੧੧੦੧)*

੨. **ਪਖਾ 'ਫੇਰੀ' ਪਾਣੀ 'ਢੋਵਾ' ਹਰਿ ਜਨ ਕੈ ਪੀਸਣੁ ਪੀਸਿ 'ਕਮਾਵਾ' ॥**
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ 'ਪਾਵਾ' ॥੪॥੫੪॥ *(ਪੰਨਾ ੭੪੯)*
[ਜੁਲਾਊਂ—ਮੈਂ ਜਾਵਾਂ। ਫੇਰੀ—ਮੈਂ ਝੱਲਾਂ। ਢੋਵਾ—ਮੈਂ ਢੋਵਾਂ। ਪੀਸਿ ਕਮਾਵਾ—ਪੀਹਣ ਦੀ ਸੇਵਾ ਕਮਾਵਾਂ। ਪਾਵਾਂ—ਮੈਂ ਪ੍ਰਾਪਤ ਕਰਾਂ।]

੩. **'ਕਮਾਵਾ' ਤਿਨ ਕੀ ਕਾਰ ਸਰੀਰੁ ਪਵਿਤ੍ਰ ਹੋਇ ॥**
ਪਖਾ ਪਾਣੀ ਪੀਸਿ 'ਬਿਗਸਾ' ਪੈਰ ਧੋਇ ॥ਪਉੜੀ ੩॥ *(ਪੰਨਾ ੫੧੮)*
[ਕਮਾਵਾ—ਮੈਂ ਕਰਾਂ। ਬਿਗਸਾ—ਮੈਂ ਖਿੜ ਪਵਾਂ।]

੪. **ਸਾਜਨ ਤੇਰੇ ਚਰਨ ਕੀ ਹੋਇ 'ਰਹਾ' ਸਦ ਧੂਰਿ ॥**
ਨਾਨਕ ਸਰਣਿ ਤੁਹਾਰੀਆ 'ਪੇਖਉ' ਸਦਾ ਹਜੂਰਿ ॥ਸਲੋਕ ੧॥੪॥ *(ਪੰਨਾ ੫੧੮)*
[ਹੋਇ ਰਹਾ—ਮੈਂ ਹੋਈ ਰਵ੍ਹਾਂ। ਪੇਖਉ—ਮੈਂ ਵੇਖਦੀ ਰਵ੍ਹਾਂ।]

ਨੋਟ : ਅੰਤਲੇ 'ਾ' ਦਾ ਉਚਾਰਣ ਨਾਸਕੀ।

(ਅ) ਕਰਮਨੀ-ਵਾਚ

੧. **ਹਉ ਮੂਰਖੁ ਕਾਰੈ 'ਲਾਈਆ' ਨਾਨਕ ਹਰਿ ਕੰਮੇ ॥੩॥੧੬॥** *(ਪੰਨਾ ੪੪੯)*

੨. **ਦੇਹਿ ਨਾਮੁ 'ਸੰਤੋਖੀਆ' ਉਤਰੈ ਮਨ ਕੀ ਭੁਖ ॥ਸ.੨॥੩॥** *(ਪੰਨਾ ੯੫੮)*
[ਲਾਈਆ—ਮੈਂ ਲਾਇਆ ਜਾਵਾਂ। ਸੰਤੋਖੀਆ—ਮੈਂ ਸੰਤੋਖਿਆ ਜਾਵਾਂ।]

ਨੋਟ : ਅੰਤਲੇ 'ਾ' ਦਾ ਉਚਾਰਣ ਨਾਸਕੀ।

ਉਤਮ ਪੁਰਖ, ਬਹੁ-ਵਚਨ

੧. **ਹਮ 'ਹੋਵਹ' ਲਾਲੇ ਗੋਲੇ ਗੁਰਸਿਖਾ ਕੇ,**
ਜਿਨ੍ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥੧॥੫॥ *(ਪੰਨਾ ੪੯੩)*

੨. **ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ 'ਚਲਹ' ਮਿਲੰਥਾ ॥੪॥੧॥**
[ਹੋਵਹ—ਅਸੀ ਹੋ ਜਾਈਏ! ਚਲਹ—ਅਸੀ ਚਲੀਏ!] *(ਪੰਨਾ ੬੯੬)*

ਨੋਟ : ਅੰਤਲੇ 'ਹ' ਦਾ ਉਚਾਰਣ ਨਾਸਕੀ।

ਅਨ-ਪੁਰਖ, ਇਕ-ਵਚਨ

੧. **ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥**
ਨਾਨਕ 'ਸਿਮਰੈ' ਨਾਮੁ ਨਿਧਾਨੁ ॥੪॥੧੩੫॥ *(ਪੰਨਾ ੧੯੩)*

੨. **ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ 'ਆਰਾਧੇ' ਮੇਰਾ ਰਾਮ ॥੧॥੬॥**
(ਪੰਨਾ ੭੬੦)

੩. **ਨਾਮੁ ਨ 'ਵਿਸਰਉ' ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥ਰਹਾਉ॥੧੦੪॥**
(ਪੰਨਾ ੩੯੬)

੪. **ਨਾਨਕ ਨਾਮੁ ਨ 'ਵਿਸਰਉ' ਇਕ ਘੜੀ ਕਰਿ ਕਿਰਪਾ ਭਗਵੰਤ ॥੧॥੧੦॥**
(ਪੰਨਾ ੪੫੯)

੫. **ਨਾਨਕ ਨਾਮੁ ਨ 'ਵੀਸਰਉ' ਕਰਿ ਅਪੁਨੀ ਹਰਿ ਮਇਆ ॥੪॥੮੪॥** *(ਪੰਨਾ ੪੭)*

੬. **ਜਾਇ ਮਿਲਾ ਤਿਨਾ ਸਜਣਾ 'ਤੁਟਉ' ਨਾਹੀ ਨੇਹੁ ॥੨੫॥** *(ਪੰਨਾ ੧੩੭੯)*

੭. **ਕਿਤੈ ਪ੍ਰਕਾਰਿ ਨ 'ਤੂਟਉ' ਪ੍ਰੀਤਿ ॥**
ਦਾਸ ਤੇਰੇ ਕੀ ਨਿਰਮਲ ਰੀਤਿ ॥ਰਹਾਉ॥੫੮॥ *(ਪੰਨਾ ੬੮੪)*

੮. **ਚਰਨ ਕਮਲ ਸਿਉ 'ਲਾਗਉ' ਨੇਹੁ ॥**
ਨਾਨਕ ਕੀ ਬੇਨੰਤੀ ਏਹ ॥੨॥੫੮॥ *(ਪੰਨਾ ੬੮੪)*

[ਸਿਮਰੈ—ਸਿਮਰਨ ਕਰਦਾ ਰਹੇ ! ਆਰਾਧੇ—ਅਰਾਧਦਾ ਰਹੇ ! (ਨ) ਵਿਸਰਉ—ਨਾ ਭੁੱਲੇ। ਤੂਟਉ (ਨਾਹੀ)—ਕਦੇ ਨ ਤੁੱਟੇ। ਲਾਗਉ—ਲੱਗ ਜਾਏ।]

ਨੋਟ : ਉ-ਅੰਤਿਕ ਕ੍ਰਿਆਵਾਂ ਦਾ ਉਚਾਰਣ ਨਾਸਿਕਤਾ ਬਿਨਾ।

ਅਨ-ਪੁਰਖ, ਬਹੁ-ਵਚਨ

(ੳ) ਕਰਤ੍ਰੀ-ਵਾਚ

੧. **ਕਰੋੜਿ ਹਸਤ ਤੇਰੀ ਟਹਲ 'ਕਮਾਵਹਿ' ਚਰਣ 'ਚਲਹਿ' ਪ੍ਰਭ ਮਾਰਗਿ ਰਾਮ ॥੩॥੬॥**
[ਕਮਾਵਹਿ—ਸੇਵਾ ਕਰਨ ! ਚਲਹਿ—ਚੱਲਣ !] *(ਪੰਨਾ ੭੮੧)*

੨. **ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ 'ਦੇਖਹਿ' ਦਰਸੁ ਤੇਰਾ ਰਾਮ ॥੧॥੬॥**
[ਦਰਸ ਦੇਖਹਿ—ਦੀਦਾਰ ਕਰਨ !] *(ਪੰਨਾ ੭੮੦)*

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

(ਅ) ਕਰਮਨੀ-ਵਾਚ

੧. **ਕੋਟਿ ਕਰਨ 'ਦੀਜਹਿ' ਪ੍ਰਭ ਪ੍ਰੀਤਮ ਹਰਿ ਗੁਣ 'ਸੁਣੀਅਹਿ' ਅਬਿਨਾਸੀ ਰਾਮ ॥੨॥੬॥**
[ਦੀਜਹਿ'—ਦਿੱਤੇ ਜਾਣ ! ਸੁਣੀਅਹਿ—ਸੁਣੇ ਜਾਣ।] *(ਪੰਨਾ ੭੮੦)*

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

੧੮.੭.੪.੨.੪ ਸੰਭਾਵਨਾ—ਪ੍ਰੇਰਨਾ-ਬੋਧਕ

ਉਤਮ ਪੁਰਖ, ਬਹੁ-ਵਚਨ

੧. **ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ 'ਗਾਵਹ' ਰਾਮ ॥**
ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ 'ਰਾਵਹ' ਰਾਮ ॥
ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ 'ਤਿਆਗੀਐ' ॥
ਗਹਿ ਕੰਠਿ 'ਲਾਈਐ' ਨਹ 'ਲਜਾਈਐ' ਚਰਨ ਰਜ ਮਨੁ 'ਪਾਗੀਐ' ॥
ਭਗਤਿ ਠਗਉਰੀ ਪਾਇ 'ਮੋਹਹ' ਅਨਤ ਕਤਹੂ ਨ 'ਧਾਵਹ' ॥
ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ 'ਪਾਵਹ' ॥੨॥੨॥
(ਪੰਨਾ ੬੪੬)

੨. **ਆਵਹੁ ਭੈਣੇ ਗਲਿ 'ਮਿਲਹ' ਅੰਕਿ ਸਹੇਲੜੀਆਹ ॥**
ਮਿਲਿ ਕੈ 'ਕਰਹ' ਕਹਾਣੀਆ ਸੰਮ੍ਰਥ ਕੰਤ ਕੀਆਹ ॥੧॥੧੦॥ *(ਪੰਨਾ ੧੭)*

੩. **ਆਵਹੁ ਸੰਤ ਪਿਆਰਿਹੋ ਅਕਥ ਕੀ 'ਕਰਹ' ਕਹਾਣੀ ॥੬॥** *(ਪੰਨਾ ੮੧੮)*

੪. **ਸੁਣਿ ਸਖੀਏ ਮਿਲਿ ਉਦਮੁ 'ਕਰੇਹਾ' ਮਨਾਇ ਲੈਹਿ ਹਰਿ ਕੰਤੈ ॥੧॥੧੧॥** *(ਪੰਨਾ ੨੪੯)*

[ਗਾਵਹ—ਆਉ ਅਸੀ (ਮਿਲ ਕੇ) ਗਾਵੀਏ ! ਰਾਵਹ—ਅਸੀ ਮਿਲਾਪ ਦਾ ਅਨੰਦ ਮਾਣੀਏ ! ਨ ਤਿਆਗੀਐ—ਅਸੀ ਨ ਛੱਡੀਏ ! ਲਾਈਐ—ਲਾਵੀਏ ! ਨਹ ਲਜਾਈਐ—ਅਸੀ ਨਾ ਸੰਗੀਏ ! ਪਾਗੀਐ—ਅਸੀ ਗਲੇਫ ਲਈਏ ! ਮੋਹਹ—ਅਸੀ ਮੋਹਤ ਕਰੀਏ ! ਨ ਧਾਵਹ—ਅਸੀ ਨਾ ਭਟਕੀਏ ! ਪਾਵਹ—ਅਸੀ ਪਾ ਲਈਏ ! ਮਿਲਹ—ਅਸੀ ਮਿਲੀਏ ! ਕਰਹ—ਅਸੀ ਕਰੀਏ ! ਕਰੇਹਾ—ਅਸੀ ਕਰੀਏ !]

ਨੋਟ : ਅੰਤਲੇ 'ਹ' ਅਤੇ 'ਹਾ' ਦਾ ਉਚਾਰਣ ਨਾਸਕੀ।

੧੮.੭.੪.੨.੫ ਸੰਭਾਵਨਾ—ਬੇਪਰਵਾਹੀ-ਬੋਧਕ

ਅਨ ਪੁਰਖ, ਇਕ-ਵਚਨ

੧. **'ਭਿਜਉ' 'ਸਿਜਉ' ਕੰਬਲੀ ਅਲਹ 'ਵਰਸਉ' ਮੇਹੁ ॥**
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ *(ਪੰਨਾ ੧੩੭੯)*

[ਭਿਜਉ, ਸਿਜਉ, ਕੰਬਲੀ—ਬੇਸ਼ਕ ਮੇਰੀ ਕੰਬਲੀ ਭਿਜ ਸਿਜ ਜਾਏ ! (ਕਰਮਨੀ-ਵਾਚ) ਅਲਹ ਵਰਸਉ ਮੇਹੁ—ਅੱਲਾ ਦੀ ਰਜ਼ਾਅ ਵਿਚ ਬੇਸ਼ਕ ਮੀਂਹ ਵੀ ਵਸਦਾ ਰਹੇ !]

੨. **ਭਗਤਿ ਨ ਛਾਡਉ ਰਾਮ ਕੀ ਭਾਵੈ 'ਨਿੰਦਉ' ਲੋਗੁ ॥੪॥** *(ਪੰਨਾ ੧੩੬੬)*

[ਭਾਵੈ ਨਿੰਦਉ ਲੋਗੁ—ਬੇਸ਼ਕ ਸੰਸਾਰ ਪਿਆ ਨਿੰਦੇ !]

੩. **ਕਬੀਰ ਰਾਮੁ ਨ ਛੋਡੀਐ ਤਨੁ ਧਨੁ 'ਜਾਇ ਤ ਜਾਉ' ॥੧੦੨॥** *(ਪੰਨਾ ੧੩੬੯)*

[ਜਾਇ ਤ ਜਾਉ—ਜਾਂਦਾ ਹੈ ਤਾਂ ਬੇਸ਼ਕ ਚਲਾ ਜਾਵੇ !]

੪. **ਜੇ ਤੁਧੁ ਵਲਿ ਰਹੈ ਤਾ ਕੋਈ 'ਕਿਹੁ ਆਖਉ' ਤੁਧੁ ਵਿਸਰਿਐ ਮਰਿ ਜਾਈ ॥੧੦॥੧॥** *(ਪੰਨਾ ੭੫੭)*

[ਕੋਈ ਕਿਹੁ ਆਖਉ—ਕੋਈ ਕੁਝ ਵੀ ਆਖੀ ਜਾਏ !]

ਨੋਟ : ਅੰਤਲੇ 'ਉ' ਦਾ ਉਚਾਰਣ ਨਾਸਿਕਤਾ ਬਿਨਾ।

ਅਨ ਪੁਰਖ, ਬਹੁ-ਵਚਨ

੧. **ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ,**
ਸਭਿ ਝਖ 'ਮਾਰਨੁ' ਦੁਸਟ ਕੁਪਤੇ ਰਾਮ ॥੩॥੫॥ *(ਪੰਨਾ ੫੪੧)*

੨. **ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ,**
ਝਖ 'ਮਾਰਨੁ' ਸਭਿ ਨਿੰਦਕ ਘੰਡਾ ਰਾਮ ॥੪॥੫॥ *(ਪੰਨਾ ੫੪੧)*

[ਝਖ ਮਾਰਨੁ—ਬੇਸ਼ਕ ਝਖਾਂ ਪਏ ਮਾਰਨ !]

੩. **ਸਭੇ ਗਲਾ 'ਵਿਸਰਨੁ' ਇਕੋ ਵਿਸਰਿ ਨ ਜਾਉ ॥੧॥੭॥** *(ਪੰਨਾ ੪੩)*

[ਵਿਸਰਨੁ—(ਕਰਮਨੀ-ਵਾਚ) ਬੇਸ਼ਕ ਵਿਸਰ ਜਾਣ !]

੧੮.੭.੪.੨.੬ ਸੰਭਾਵਨਾ—ਬੇ-ਵਸੀ-ਬੋਧਕ

ਉਤਮ ਪੁਰਖ, ਇਕ-ਵਚਨ

੧. **ਕਿਆ ਹਉ 'ਕਥੀ' ਕਥੇ ਕਥਿ 'ਦੇਖਾ' ਮੈ ਅਕਥੁ ਨ ਕਥਨਾ ਜਾਈ ॥੩॥੧॥** *(ਪੰਨਾ ੭੬੫)*

੨. **ਦੂਜੀ ਜਾਇ ਨ ਸੁਝਈ ਕਿਥੈ 'ਕੂਕਣ ਜਾਉ' ॥੪॥੧॥** *(ਪੰਨਾ ੧੩੭)*

੩. ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ 'ਕਰਉ' ਬਾਪ ਬੀਠੁਲਾ ॥੧॥੨॥
(ਪੰਨਾ ੧੨੬੨)

੪. ਆਪਿ ਕਰਾਏ ਕਰੇ ਆਪਿ ਹਉ ਕੈ ਸਿਉ 'ਕਰੀ' ਪੁਕਾਰ ॥ਪਉੜੀ ੨੩॥
(ਪੰਨਾ ੪੭੫)

੫. ਕਿਵ ਕਰਿ 'ਆਖਾ' ਕਿਵ 'ਸਾਲਾਹੀ' ਕਿਉ 'ਵਰਨੀ' ਕਿਵ 'ਜਾਣਾ' ॥੨੧॥ਜਪੁਜੀ॥
(ਪੰਨਾ ੫)

੬. ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤ 'ਕਰੇਉ' ॥੪੩॥ (ਪੰਨਾ ੬੩੬)

[ਕਿਆ ਹਉ ਕਥੀ—ਮੈਂ ਕੀ ਕਥਨ ਕਰਾਂ! ਕਿਥੈ ਕੂਕਣ ਜਾਉ—ਕਿਥੇ ਪੁਕਾਰ ਕਰਨ ਜਾਵਾਂ! ਕਹਾ ਕਰਉ—ਮੈਂ ਕੀ ਕਰਾਂ! ਕੈ ਸਿਉ ਕਰੀ ਪੁਕਾਰ—ਕਿਸ ਪਾਸ ਪੁਕਾਰ ਕਰਾਂ! ਕਿਵ ਕਰਿ ਆਖਾ, ਸਾਲਾਹੀ, ਵਰਨੀ, ਜਾਣਾ—ਮੈਂ ਕਿਵੇਂ ਆਖਾਂ, ਸਿਫ਼ਤ ਕਰਾਂ, ਵਰਣਨ ਕਰਾਂ, ਜਾਣਾਂ! ਕਰੇਉ—ਮੈਂ ਕਰਾਂ।]

ਨੋਟ : ਉਪਰੋਕਤ ਉਤਮ ਪੁਰਖ, ਇਕ-ਵਚਨ ਦੀਆਂ ਸਾਰੀਆਂ ਕ੍ਰਿਆਵਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।

ਉਤਮ ਪੁਰਖ, ਬਹੁ-ਵਚਨ

੧. ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ 'ਕਰਹ' ਤੇਰੈ ਵਸਿ ਪਈਆ ॥੮॥੮॥
(ਪੰਨਾ ੬੩੬)

੨. ਭਾਈ ਹਮ 'ਕਰਹ' ਕਿਆ ਕਿਸੁ ਪਾਸਿ 'ਮਾਂਗਹ',
ਸਭ ਭਾਗਿ ਸਤਿਗੁਰ ਪਿਛੈ ਪਾਈ ॥੫॥੧੦॥ (ਪੰਨਾ ੧੧੧੬)

੩. ਹਮ ਜੰਤ ਵਿਚਾਰੇ ਕਿਆ 'ਕਰਹ' ਸਭੁ ਖੇਲੁ ਤੁਮ ਸੁਆਮੀ ॥੪॥੫੦॥ (ਪੰਨਾ ੧੬੭)

[ਕਿਆ ਹਮ ਕਰਹ—ਅਸੀ ਕੀ ਕਰੀਏ! ਕਿਸੁ ਪਾਸਿ ਮਾਂਗਹ—ਕਿਸ ਪਾਸੋਂ ਮੰਗੀਏ!]

ਨੋਟ : ਅੰਤਲੇ 'ਹ' ਦਾ ਉਚਾਰਣ ਨਾਸਕੀ।

ਅਨ ਪੁਰਖ, ਇਕ-ਵਚਨ

੧. ਕਿਆ ਬਸੁ ਜਉ ਬਿਖੁ 'ਦੇ' ਮਹਤਾਰੀ ॥੩॥੨੨॥ (ਪੰਨਾ ੩੨੮)

[ਦੇ—ਦੇਵੇ]

ਅਨ ਪੁਰਖ, ਬਹੁ-ਵਚਨ

੧. ਓਇ ਵਿਚਾਰੇ ਕਿਆ 'ਕਰਹਿ' ਜਾ ਭਾਗ ਧੁਰਿ ਮੰਦੇ ॥੧੨॥ (ਪੰਨਾ ੩੦੬)

[ਕਿਆ ਕਰਹਿ—ਕੀ ਕਰਨ?]

ਨੋਟ : ਅੰਤਲੇ 'ਹਿ' ਦਾ ਉਚਾਰਣ ਨਾਸਕੀ।

੧੮.੭.੪.੨.੭ ਸੰਭਾਵਨਾ—ਅਸੀਸ-ਬੋਧਕ

ਅਨ ਪੁਰਖ, ਇਕ-ਵਚਨ

੧. ਪੂਤਾ ਮਾਤਾ ਕੀ ਆਸੀਸ ॥
ਨਿਮਖ ਨ 'ਬਿਸਰਉ' ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ਰਹਾਉ॥

ਸਤਿਗੁਰੁ ਤੁਮ੍ ਕਉ 'ਹੋਇ' ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ 'ਰਾਖੀ' ਭੋਜਨੁ ਕੀਰਤਨੁ ਨੀਤਿ ॥੨॥੪॥ (ਪੰਨਾ ੪੯੬)

[(ਨ) ਬਿਸਰਉ—ਵਿਸਰ ਨਾ ਜਾਏ। ਹੋਇ (ਦਇਆਲਾ)—ਦਇਆਲ ਹੋਇਆ ਰਹੇ। (ਪਤਿ ਪਰਮੇਸਰੁ) ਰਾਖੀ—(ਤੇਰੀ ਪਤਿ ਦੀ) ਰਾਖੀ (ਪਰਮੇਸਰ) ਕਰੇ।]

੨. ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥
ਜੁਗੁ ਜੁਗੁ 'ਜੀਵਉ' ਮੇਰੀ ਅਬ ਕੀ ਧਰੀ ॥ਰਹਾਉ॥੩੨॥ (ਪੰਨਾ ੪੮੩)

[(ਜੁਗੁ ਜੁਗੁ) ਜੀਵਉ—(ਜੁਗ ਜੁਗ) ਜੀਉਂਦੀ ਰਹੇ]

ਨੋਟ : ਅੰਤਲੇ 'ਉ' ਦਾ ਉਚਾਰਣ ਨਾਸਿਕਤਾ ਬਿਨਾ।

੧੮.੭.੪.੨.੮ ਸੰਭਾਵਨਾ—ਅਭਿਸ਼ਾਪ-ਬੋਧਕ

ਅਨ ਪੁਰਖ, ਇਕ-ਵਚਨ

(ੳ) ਕਰਤ੍ਰੀ-ਵਾਚ

੧. ਕਲਮ 'ਜਲਉ' ਸਣੁ ਮਸਵਾਣੀਐ ਕਾਗਦੁ ਭੀ 'ਜਲਿ ਜਾਉ' ॥
ਲਿਖਣ ਵਾਲਾ 'ਜਲਿ ਬਲਉ' ਜਿਨਿ ਲਿਖਿਆ ਦੂਜਾ ਭਾਉ ॥ਸਲੋਕ ੧॥੬॥ (ਪੰਨਾ ੮੪)

੨. ਜਿਹਵਾ 'ਜਲਉ' ਜਲਾਵਣੀ ਨਾਮੁ ਨ ਜਪੈ ਰਸਾਇ ॥੫॥੧੦॥ (ਪੰਨਾ ੫੯)

[ਜਲਉ, ਜਲਿ ਜਾਉ, ਜਲਿ ਬਲਉ—ਸੜ ਬਲ ਜਾਏ!]

੩. 'ਆਗਿ ਲਗਉ' ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥੧੫॥ (ਪੰਨਾ ੧੩੬੫)

[ਆਗਿ ਲਗਉ—ਅੱਗ ਲੱਗ ਜਾਵੇ!]

(ਅ) ਪ੍ਰੇਰਣਾਰਥਕ

੧. ਅੰਕੁ ਜਲਉ ਤਨੁ 'ਜਾਲੀਅਉ' ਮਨੁ ਧਨੁ ਜਲਿ ਬਲਿ ਜਾਇ ॥੭॥੨॥ (ਪੰਨਾ ੫੪)

[ਜਾਲੀਅਉ—ਸਾੜ ਦਿੱਤਾ ਜਾਏ]

ਨੋਟ : ਅੰਤਲੇ 'ਉ' ਦਾ ਉਚਾਰਣ ਨਾਸਿਕਤਾ ਬਿਨਾ।

ਅਨ ਪੁਰਖ, ਬਹੁ-ਵਚਨ

੧. ਜੋ ਸਹ ਕੰਠਿ ਨ ਲਗੀਆ 'ਜਲਨੁ' ਸਿ ਬਾਹੜੀਆਹਾ ॥੧॥੩॥ (ਪੰਨਾ ੫੫੮)

[ਜਲਨੁ—ਸੜ ਜਾਣ!]

੧੮.੭.੪.੨.੯ ਸੰਭਾਵਨਾ—ਪ੍ਰਸ਼ਨ-ਬੋਧਕ

ਉਤਮ ਪੁਰਖ, ਇਕ-ਵਚਨ

੧. ਕਿਸੁ ਹਉ 'ਸੇਵੀ' ਕਿਆ ਜਪੁ 'ਕਰੀ' ਸਤਗੁਰ ਪੂਛਉ ਜਾਇ ॥੧॥੫੪॥ (ਪੰਨਾ ੩੪)

[ਕਿਸੁ ਸੇਵੀ—ਮੈਂ ਕਿਸ ਨੂੰ ਸੇਵਨ ਕਰਾਂ? ਕਿਆ ਜਪ ਕਰੀ—ਮੈਂ ਕੀ ਜਪ ਕਰਾਂ?]

੨. ਕਿਸੁ 'ਸੇਵੀ' ਤੈ ਕਿਸੁ 'ਸਾਲਾਹੀ' ॥
ਸਤਿਗੁਰੁ ਸੇਵੀ ਸਬਦਿ ਸਾਲਾਹੀ ॥੩॥੫॥ (ਪੰਨਾ ੧੦੪੮)

[ਕਿਸੁ ਸੇਵੀ—ਮੈਂ ਕਿਸ ਨੂੰ ਸੇਵਨ ਕਰਾਂ? ਕਿਸੁ ਸਾਲਾਹੀ—ਮੈਂ ਕਿਸ ਨੂੰ ਸਲਾਹਵਾਂ?]

੩. **ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ 'ਪਾਈ' ਗੁਰ ਪੂਰੇ ॥੧॥੬॥**
[ਕਿਉ ਪਾਈ—ਮੈਂ ਕਿਵੇਂ ਪ੍ਰਾਪਤ ਕਰਾਂ] *(ਪੰਨਾ ੫੬੪)*

ਨੋਟ : ਅੰਤਲੇ ਸੁਰ (ੀ) ਦਾ ਉਚਾਰਣ ਨਾਸਕੀ।

ਅਨ ਪੁਰਖ, ਇਕ-ਵਚਨ

੧. **ਕਿਵ ਸਚਿਆਰਾ 'ਹੋਈਐ' ਕਿਵ ਕੂੜੈ 'ਤੁਟੈ' ਪਾਲਿ ॥੧॥ਜਪੁਜੀ॥** *(ਪੰਨਾ ੧)*
*[ਕਿਵ ਹੋਈਐ—ਕਿਵੇਂ ਹੋਇਆ ਜਾਵੇ ? ਕਿਵ ਤੁਟੈ—ਕਿਵੇਂ ਟੁਟੇ ?]

੨. **ਫੇਰਿ ਕਿ ਅਗੈ 'ਰਖੀਐ' ਜਿਤੁ ਦਿਸੈ ਦਰਬਾਰੁ ॥**
ਮੁਹੌ ਕਿ ਬੋਲਣੁ 'ਬੋਲੀਐ' ਜਿਤੁ ਸੁਣਿ ਧਰੇ ਪਿਆਰੁ ॥੪॥ਜਪੁਜੀ॥ *(ਪੰਨਾ ੨)*
*[ਕਿ ਰਖੀਐ—ਕੀ ਰਖਿਆ ਜਾਵੇ ? ਕਿ ਬੋਲਣੁ ਬੋਲੀਐ—ਕੀ ਬੋਲ ਬੋਲਿਆ ਜਾਵੇ ?]

****ਨੋਟ :*** ਹੋਈਐ, ਰਖੀਐ, ਬੋਲੀਐ ਕਰਮਨੀ-ਵਾਚ ਇਕ-ਵਚਨ ਦੀਆਂ ਕ੍ਰਿਆਵਾਂ ਹਨ। ਇਹਨਾਂ ਦਾ ਅਰਥ ਕਰਤ੍ਰੀ-ਵਾਚ ਵੀ ਕੀਤਾ ਜਾਂਦਾ ਹੈ: ਕਿ ਰਖੀਐ—ਅਸੀ ਕੀ ਰਖੀਏ, ਕਿ ਬੋਲਣੁ ਬੋਲੀਐ—ਅਸੀ ਕੀ ਬੋਲ ਬੋਲੀਏ।

੧੮.੭.੪.੨.੧੦ ਸੰਭਾਵਨਾ—ਯੁੜਕੁ-ਬੋਧਕ

ਉਤਮ ਪੁਰਖ, ਇਕ-ਵਚਨ

੧. **ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,**
ਮਤੁ 'ਕਿ ਜਾਪੈ' ਸਾਹੁ ਆਵੈ ਕਿ ਨ ਆਵੈ ਰਾਮ ॥੨॥੫॥ *(ਪੰਨਾ ੫੪੦)*
[ਮਤੁ ਕਿ ਜਾਪੈ—ਮਤਾਂ ਕੀ ਜਾਣੀਏ! ਸਾਹ ਆਵੇ ਕਿ ਨਾ ਆਵੇ]

ਅਨ ਪੁਰਖ, ਇਕ-ਵਚਨ

੧. **ਮਤੁ ਦੇਖਿ ਭੂਲਾ 'ਵੀਸਰੈ' ਤੇਰਾ ਚਿਤਿ ਨ ਆਵੈ ਨਾਉ ॥੧॥੧॥** *(ਪੰਨਾ ੧੪)*
[(ਮਤੁ ਦੇਖਿ ਭੂਲਾ) ਵੀਸਰੈ—(ਮਤਾਂ ਵੇਖ ਕੇ ਮੇਰਾ ਭੁੱਲੜ ਮਨ) ਤੈਨੂੰ ਵਿਸਰ ਜਾਏ]

੧੮.੭.੫ ਹੁਕਮੀ ਭਵਿਖਤ ਕਾਲ

ਲੱਛਣ

"ਭਵਿਖਤ ਕਾਲ ਦੀ ਅਜਿਹੀ ਸ਼੍ਰੇਣੀ, ਜਿਸ ਤੋਂ ਆਉਣ ਵਾਲੇ ਸਮੇਂ ਵਿਚ ਕਿਸੇ ਕੰਮ ਦੇ ਕੀਤੇ ਜਾਣ ਲਈ ਹੁਕਮ, ਆਗਿਆ, ਉਪਦੇਸ਼, ਬੇਨਤੀ ਆਦਿ ਦਾ ਪ੍ਰਗਟਾਵਾ ਹੋਵੇ।"

ਹੁਕਮੀ ਭਵਿਖਤ ਕਾਲ ਦੀ ਕ੍ਰਿਆ ਨਿਰੂਪਨ ਕੀਤੇ ਜਾਣ ਲਈ ਵੱਖ ਵੱਖ ਢੰਗਾਂ (ਲਹਿਜਿਆਂ) ਵਿਚ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਸਾਧਾਰਨ ਉਦਾਹਰਣਾਂ

(ੳ) ਹੁਕਮ-ਬੋਧਕ

ਜਥੇਦਾਰ ਨੇ ਕਿਹਾ, "ਬਹਾਦਰੋ! ਤੁਰਤ ਅਗਲੇ ਪੜਾਅ ਲਈ ਕੂਚ ਕਰੋ।"

(ਅ) ਆਗਿਆ-ਬੋਧਕ

ਤੁਹਾਨੂੰ ਪੂਰੀ ਖੁੱਲ੍ਹ ਹੈ, ਲੰਗਰ ਛਕੋ ਅਤੇ ਬਿਸਰਾਮ ਕਰੋ।

(ੲ) ਉਪਦੇਸ਼-ਬੋਧਕ

ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ।

(ਸ) ਬੇਨਤੀ-ਬੋਧਕ

ਪ੍ਰਭੂ ਜੀ! ਮਿਹਰ ਕਰੋ! ਨਾਮ-ਦਾਨ ਬਖ਼ਸ਼ੋ!!

(ਹ) ਖ਼ਬਰਦਾਰੀ-ਬੋਧਕ

ਕੰਨ ਦੇ ਕੇ ਸੁਣ ਲੈ! ਪੂਰੇ ਗੁਰੂ ਬਿਨਾ ਮੁਕਤੀ ਨਹੀਂ।

੧੮.੭.੫.੧ ਹੁਕਮੀ ਭਵਿਖਤ ਕਾਲ ਦੀਆਂ ਗੁਰਬਾਣੀ ਦੀਆਂ ਉਦਾਹਰਣਾਂ

ਹੁਕਮੀ ਭਵਿਖਤ ਕਾਲ ਦੀਆਂ, ਗੁਰਬਾਣੀ ਵਿਚਲੀਆਂ ਉਦਾਹਰਣਾਂ ਵਿਚ ਵੱਖ ਵੱਖ ਲਹਿਜੇ (moods) ਨਿਰੂਪਨ ਕੀਤੇ ਹੋਏ ਹਨ। ਹਰੇਕ ਲਹਿਜੇ ਬਾਰੇ ਉਦਾਹਰਣਾਂ ਵੱਖ ਵੱਖ ਗਰੁੱਪਾਂ ਵਿਚ ਥੱਲੇ ਦਿੱਤੀਆਂ ਜਾਂਦੀਆਂ ਹਨ:

੧੮.੭.੫.੧.੧ ਹੁਕਮੀ ਭਵਿਖਤ ਕਾਲ—ਹੁਕਮ-ਬੋਧਕ

ਮਧਮ ਪੁਰਖ, ਇਕ-ਵਚਨ

੧. **ਚਲੁ 'ਦਰਹਾਲੁ', ਦੀਵਾਨਿ ਬੁਲਾਇਆ ॥**
ਹਰਿ ਫੁਰਮਾਨੁ ਦਰਗਹ ਕਾ ਆਇਆ ॥ਰਹਾਉ॥੩॥ *(ਪੰਨਾ ੭੬੨)*
[ਚਲੁ ਦਰਹਾਲੁ—ਹੁਣੇ ਚੱਲ]

੨. **ਬਿਸਮਿਲਿ ਗਊ 'ਦੇਹੁ ਜੀਵਾਇ' ॥**
ਨਾਤਰੁ ਗਰਦਨਿ ਮਾਰਉ ਠਾਂਇ ॥੨॥੧੦॥ *(ਪੰਨਾ ੧੧੬੫)*
[ਦੇਹੁ ਜੀਵਾਇ—ਤੁਰਤ ਜਿਉਂਦੀ ਕਰ ਦੇਹ]

ਮਧਮ ਪੁਰਖ, ਬਹੁ-ਵਚਨ

੧. **ਅੰਤਰਿ ਕਪਟੁ 'ਚੁਕਾਵਹੁ' ਮੇਰੇ ਗੁਰਸਿਖਹੁ,**
ਨਿਹਕਪਟ 'ਕਮਾਵਹੁ' ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥੬॥
(ਪੰਨਾ ੬੭੮)

੨. **'ਛੋਡਹੁ' ਕਾਮ ਕ੍ਰੋਧੁ ਬੁਰਿਆਈ ॥**
ਹਉਮੈ ਧੰਧੁ 'ਛੋਡਹੁ' ਲੰਪਟਾਈ ॥੮॥੬॥ *(ਪੰਨਾ ੧੦੨੬)*

੩. **ਧਰਮ ਰਾਇ ਜਮ ਕੰਕਰਾ ਨੋ ਆਖਿ ਛਡਿਆ,**
ਏਸੁ ਤਪੇ ਨੋ ਤਿਥੈ ਖੜਿ 'ਪਾਇਹੁ' ਜਿਥੈ ਮਹਾ ਮਹਾਂ ਹਤਿਆਰਿਆ ॥ਸ.੧॥੩੦॥
(ਪੰਨਾ ੩੧੬)
[ਚੁਕਾਵਹੁ—ਦੂਰ ਕਰੋ। ਛੋਡਹੁ—ਤਿਆਗ ਦਿਓ। ਪਾਇਹੁ—ਲਿਜਾ ਸੁਟਿਓ।]

੧੮.੭.੫.੧.੨ ਉਪਦੇਸ਼-ਬੋਧਕ

ਮਧਮ ਪੁਰਖ, ਇਕ-ਵਚਨ

੧. **'ਲਿਖੁ' ਨਾਮੁ ਸਾਲਾਹ 'ਲਿਖੁ' ਲਿਖੁ ਅੰਤੁ ਨ ਪਾਰਾਵਾਰੁ ॥੧॥੬॥** *(ਪੰਨਾ ੧੬)*

੨. **ਤਨੁ 'ਨ ਤਪਾਇ' ਤਨੂਰ ਜਿਉ ਬਾਲਣੁ ਹਡ ਨ 'ਬਾਲਿ' ॥**
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ 'ਸਮ੍ਹਾਲਿ' ॥੧੮॥ *(ਪੰਨਾ ੧੪੧੧)*

੩. **ਹਿਆਉ ਨ ਕੈਹੀ 'ਠਾਹਿ' ਮਾਣਕ ਸਭ ਅਮੋਲਵੇ ॥੧੨੬॥** *(ਪੰਨਾ ੧੩੮੪)*
[ਨ ਠਾਹਿ—ਨਾ ਦੁਖਾਅ]

੪. **ਜਿਨਿ ਤੇਰੀ ਮਨ ਬਨਤ ਬਨਾਈ ॥**
ਊਠਤ ਬੈਠਤ ਸਦ ਤਿਸਹਿ 'ਧਿਆਈ' ॥੪॥੬॥ *(ਪੰਨਾ ੨੭੦)*
[ਧਿਆਈ—ਧਿਆਉਣਾ ਕਰ (ਧਿਆਇ—ਅੰਤਲੇ ਸ੍ਵਰ ਦਾ ਉਚਾਰਣ ਨਾਸਿਕਤਾ ਬਿਨਾ)।]

ਮਧਮ ਪੁਰਖ, ਬਹੁ-ਵਚਨ

੧. **ਗੁਰਸਿਖ ਹਰਿ 'ਬੋਲਹੁ' ਮੇਰੇ ਭਾਈ ॥**
ਹਰਿ ਬੋਲਤ ਸਭ ਪਾਪ ਲਹਿ ਜਾਈ ॥ਰਹਾਉ॥੪੩॥ *(ਪੰਨਾ ੧੬੫)*

੨. **ਵਣਜੁ 'ਕਰਹੁ' ਵਣਜਾਰਿਹੋ ਵਖਰੁ 'ਲੇਹੁ' ਸਮਾਲਿ ॥੧॥੨੩॥** *(ਪੰਨਾ ੨੨)*

੧੮.੭.੫.੧.੩ ਬੇਨਤੀ (ਤਰਲਾ) ਬੋਧਕ

ਮਧਮ ਪੁਰਖ, ਇਕ-ਵਚਨ

੧. **ਮੋ ਕਉ ਤੂੰ ਨ 'ਬਿਸਾਰਿ' ਤੂ ਨ 'ਬਿਸਾਰਿ' ॥ ਤੂ ਨ 'ਬਿਸਾਰੇ' ਰਾਮਈਆ ॥ਰਹਾਉ॥੨॥**
[ਨ ਬਿਸਾਰਿ, ਨ ਬਿਸਾਰੇ—ਨਾ ਭੁਲਾਅ, ਨਾ ਭੁਲਾਅ] *(ਪੰਨਾ ੧੨੬੨)*

੨. **ਤਿਨ ਕੀ ਸੰਗਤਿ 'ਦੇਹਿ' ਪ੍ਰਭ, ਮੈ ਜਾਚਿਕ ਕੀ ਅਰਦਾਸਿ ॥੪॥੭੦॥** *(ਪੰਨਾ ੪੨)*

੩. **ਏਕੁ ਚੀਜੁ ਮੁਝੈ 'ਦੇਹਿ' ਅਵਰ ਜਹਰ ਚੀਜ ਨ ਭਾਇਆ ॥ਸ.੨॥੨੭॥**
(ਪੰਨਾ ੧੨੬੧)

੪. **'ਦੇਹਿ' ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੪੫॥**
[ਦੇਹਿ—ਮੈਨੂੰ ਦੇਣਾ ਕਰ] *(ਪੰਨਾ ੧੦੭)*

੫. **ਬਾਬਾ 'ਦੇਹਿ ਵਸਾ' ਸਚ ਗਾਵਾ ॥**
ਜਾ ਤੇ ਸਹਜੇ ਸਹਜਿ ਸਮਾਵਾ ॥ਰਹਾਉ॥੧॥ *(ਪੰਨਾ ੬੬੩)*
[ਦੇਹਿ ਵਸਾ—ਮੈਨੂੰ ਵਸਾਅ ਦੇ]

੬. **'ਵਸੁ' ਮੇਰੇ ਪਿਆਰਿਆ 'ਵਸੁ' ਮੇਰੇ ਗੋਵਿਦਾ,**
ਹਰਿ ਕਰਿ ਕਿਰਪਾ ਮਨਿ 'ਵਸੁ' ਜੀਉ ॥੩॥੬੬॥ *(ਪੰਨਾ ੧੭੩)*
[ਵਸੁ—ਵੱਸ ਜਾ]

੭. **'ਆਉ' ਸਜਣ ਤੂ ਮੁਖਿ 'ਲਗੁ' ਮੇਰਾ ਤਨੁ ਮਨੁ ਠੰਢਾ ਹੋਇ ॥ਸਲੋਕ ੧॥੧੮॥**
[ਆਉ, ਮੁਖਿ ਲਗੁ—ਆ ਅਤੇ ਦੀਦਾਰ ਬਖ਼ਸ਼] *(ਪੰਨਾ ੧੧੦੦)*

੮. **ਗੁਰਾ ਇਕ 'ਦੇਹਿ ਬੁਝਾਈ' ॥**
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ 'ਵਿਸਰਿ ਨ ਜਾਈ' ॥੫॥ *(ਪੰਨਾ ੨)*
[ਦੇਹਿ ਬੁਝਾਈ—ਬੁਝਾਅ ਦੇ]

ਮਧਮ ਪੁਰਖ, ਬਹੁ-ਵਚਨ

੧. **ਦਇਆ 'ਕਰਹੁ' ਕਿਛੁ ਮਿਹਰ 'ਉਪਾਵਹੁ' ਡੁਬਦੇ ਪਥਰ ਤਾਰੇ ॥੫॥੧੭॥** *(ਪੰਨਾ ੧੫੬)*

੨. **ਮੋਹਿ ਅਨਾਥ ਪ੍ਰਿਅ ਨਾਥ ਜਿਉ 'ਜਾਨਹੁ' ਤਿਉ ਰਖਹੁ ॥੩॥੩॥** *(ਪੰਨਾ ੮੪੭)*

੩. **ਹਰਿ ਦਇਆ ਪ੍ਰਭ 'ਧਾਰਹੁ' ਪਾਖਣ,**
ਹਮ 'ਤਾਰਹੁ' 'ਕਢਿ ਲੇਵਹੁ' ਸਬਦਿ ਸੁਭਾਇ ਜੀਉ ॥੪॥੧੨॥ *(ਪੰਨਾ ੪੪੬)*

੪. **'ਆਵਹੁ' 'ਮਿਲਹੁ' ਸਹੇਲੀਹੋ ਮੈ ਪਿਰੁ 'ਦੇਹੁ ਮਿਲਾਇ' ॥੩॥੬੧॥** *(ਪੰਨਾ ੩੮)*

੫. **ਦਾਸੁ ਦਾਸ ਦਾਸ ਕੋ 'ਕਰੀਅਹੁ' ਜਨ ਨਾਨਕ ਹਰਿ ਸਰਣਈ ॥੪॥੧੨੪॥** *(ਪੰਨਾ ੪੦੨)*

੬. **ਜਨ ਨਾਨਕ ਦਾਸ ਦਾਸ ਕੋ 'ਕਰੀਅਹੁ' ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੩੭॥**
(ਪੰਨਾ ੫੩੬)

੭. **ਹਰਿ ਦਾਸਨ ਦਾਸ ਦਾਸ ਹਮ 'ਕਰੀਅਹੁ' ਜਨ ਨਾਨਕ ਦਾਸ ਦਾਸੰਨਾ ॥੪॥੧॥**
(ਪੰਨਾ ੭੯੬)

੮. **ਨਾਨਕ ਦਾਸੁ ਦਾਸਨ ਕੋ 'ਕਰੀਅਹੁ' ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੧੧॥**
[ਕਰੀਅਹੁ—ਕਰ ਲਇਓ (ਲੀਜੀਏ) ਜੀ!] *(ਪੰਨਾ ੧੦੮੩)*

੯. **ਹਮਾਰੈ ਏਹ ਕਿਰਪਾ 'ਕੀਜੈ' ॥**
ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥ਰਹਾਉ॥
ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ 'ਦੀਜੈ' ॥੧॥੧॥
(ਪੰਨਾ ੧੩੨੧)

੧੦. **ਕਰਿ ਕਿਰਪਾ 'ਦੀਜੈ' ਪ੍ਰਭ ਦਾਨੁ ॥**
ਨਾਨਕ ਸਿਮਰੈ ਨਾਮੁ ਨਿਧਾਨੁ ॥੪॥੧੩੫॥ *(ਪੰਨਾ ੧੯੩)*
[ਕਿਰਪਾ ਕੀਜੈ—ਕਿਰਪਾ ਕਰੀਏ ਜੀ! ਦੀਜੈ—ਦੀਜੀਏ ਜੀ! ਇਹ ਆਦਰ-ਵਾਚੀ ਬਹੁ-ਵਚਨ ਦੀਆਂ ਕ੍ਰਿਆ ਹਨ।]

੧੮.੭.੫.੧.੪ ਤਾੜਨਾ-ਬੋਧਕ

ਮਧਮ ਪੁਰਖ, ਇਕ-ਵਚਨ

੧. **'ਸੁਣਿ' ਮਨ ਅੰਧੇ ਕੁਤੇ ਕੂੜਿਆਰ ॥**
ਬਿਨੁ ਬੋਲੇ ਬੂਝੀਐ ਸਚਿਆਰ ॥ਰਹਾਉ॥੬॥ *(ਪੰਨਾ ੬੬੨)*

੨. **'ਸੁਨਿ' ਅੰਧਲੀ ਲੋਈ ਬੇਪੀਰਿ ॥**
ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥੪॥੬॥ *(ਪੰਨਾ ੬੭੧)*

੩. **ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥**
'ਚੇਤਿ' ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ ਅਨੁਰਾਧਾ ॥ਰਹਾਉ॥੫॥
(ਪੰਨਾ ੬੩)

ਮਧਮ ਪੁਰਖ, ਬਹੁ-ਵਚਨ

੧. **ਲਾਲਚੁ 'ਛੋਡਹੁ' ਅੰਧਿਹੋ, ਲਾਲਚਿ ਦੁਖੁ ਭਾਰੀ ॥੫॥੧੫॥** *(ਪੰਨਾ ੪੧੬)*
[ਛੋਡਹੁ—ਛੱਡ ਦਿਓ]

੧੮.੭.੫.੧.੫ ਖ਼ਬਰਦਾਰੀ (ਚੇਤਾਵਨੀ)-ਬੋਧਕ

ਮਧਮ ਪੁਰਖ, ਇਕ-ਵਚਨ

੧. ਨਰ ਅਚੇਤ, ਪਾਪ ਤੇ 'ਡਰੁ' ਰੇ ॥
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥ਰਹਾਉ॥੨੫੧॥
(ਪੰਨਾ ੨੨੦)

੨. ਮਨ ਮੇਰੇ ਅਨਦਿਨੁ 'ਜਾਗੁ' ਹਰਿ 'ਚੇਤਿ' ॥
ਆਪਣੀ ਖੇਤੀ 'ਰਖਿ ਲੈ' ਕੂੰਜ ਪੜੈਗੀ ਖੇਤਿ ॥ਰਹਾਉ॥੫੪॥ *(ਪੰਨਾ ੩੪)*

ਮਧਮ ਪੁਰਖ, ਬਹੁ-ਵਚਨ

੧. ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ 'ਸੁਣਿਅਹੁ' ਲੋਕ ਸਬਾਇਆ ॥ਪਉੜੀ॥੪॥
(ਪੰਨਾ ੪੬੫)

੨. 'ਸੁਣਿਅਹੁ' ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥
ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥੧॥੨॥ *(ਪੰਨਾ ੫੮੩)*

੩. ਵਿਣੁ ਭਗਤੀ ਘਰਿ ਵਾਸੁ ਨ ਹੋਵੀ 'ਸੁਣਿਅਹੁ' ਲੋਕ ਸਬਾਏ ॥੨॥੩॥ *(ਪੰਨਾ ੬੮੯)*

੪. ਨੇੜਾ ਹੈ ਦੂਰਿ ਨ 'ਜਾਣਿਅਹੁ' ਨਿਤ ਸਾਰੇ ਸੰਮ੍ਹਾਲੇ ॥੪॥੧॥ *(ਪੰਨਾ ੪੮੯)*
[ਸੁਣਿਅਹੁ—ਗਹੁ ਨਾਲ ਸੁਣ ਲੈਣਾ! ਨ ਜਾਣਿਅਹੁ—ਹਰਗਿਜ਼ (ਦੂਰ) ਨ ਜਾਣਨਾ!]

੫. ਹਰਿ ਸਾਕਤ ਸੇਤੀ ਸੰਗੁ ਨ 'ਕਰੀਅਹੁ' ਓਇ ਮਾਰੇ ਸਿਰਜਣਹਾਰੇ ॥ਸਲੋਕ ੧॥੨੧॥
(ਪੰਨਾ ੩੧੨)

੬. ਹਰਿ ਤਿਨ ਕਾ ਦਰਸਨੁ ਨਾ 'ਕਰਹੁ' ਜੋ ਦੂਜੈ ਭਾਇ ਚਿਤੁ ਲਾਹੀ ॥ਸਲੋਕ ੨॥੧੫॥
(ਪੰਨਾ ੩੦੬)

੭. ਹਰਿ ਹਰਿ ਤਿਨ ਕਾ ਦਰਸੁ ਨ 'ਕਰੀਅਹੁ' ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥੩॥੩॥
(ਪੰਨਾ ੫੭੪)

੮. ਸਾਕਤ ਸਿਉ ਮਨ ਮੇਲੁ ਨ 'ਕਰੀਅਹੁ' ਜਿਨਿ ਹਰਿ ਹਰਿ ਨਾਮੁ ਬਿਸਾਰੇ ॥੫॥੩॥
[ਨ ਕਰੀਅਹੁ—ਭੁੱਲ ਕੇ ਵੀ ਨਾ ਕਰਨਾ!] *(ਪੰਨਾ ੬੮੨)*

੧੮.੭.੫.੧.੬ ਵੰਗਾਰ-ਬੋਧਕ

ਮਧਮ ਪੁਰਖ, ਇਕ-ਵਚਨ

੧. ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ 'ਆਉ' ॥੨੦॥ *(ਪੰਨਾ ੧੪੧੨)*
[ਆਉ—ਤਾਂ ਹੀ ਆਉ!]

ਅਨ ਪੁਰਖ, ਇਕ-ਵਚਨ

੧. ਪੰਚ ਤਤੁ ਕਰਿ ਜੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ 'ਕਰਿਉ' ਜੇ ਕਿਛੁ ਕੀਤਾ ਹੋਵੈ ॥੩॥੨੪॥
[ਕਰਿਉ—ਕਰ ਵਿਖਾਵੇ!] *(ਪੰਨਾ ੭੩੬)*

੨. ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ 'ਕਰਉ ਦਿਖਾ' ਵਖਿਆਨਾ ॥੨॥੩॥
[ਕਰਉ ਦਿਖਾ—ਕਰ ਵਿਖਾਵੇ!] *(ਪੰਨਾ ੭੬੭)*

੧੮.੭.੫.੧.੭ ਪ੍ਰੇਮ-ਨਿਹੋਰਾ-ਬੋਧਕ

ਮਧਮ ਪੁਰਖ, ਆਦਰਵਾਚੀ

੧. ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਂਧੇ ॥
ਅਪਨੇ ਛੂਟਨ ਕੋ ਜਤਨੁ 'ਕਰਹੁ' ਹਮ ਛੂਟੇ ਤੁਮ ਆਰਾਧੇ ॥੧॥੨॥ *(ਪੰਨਾ ੬੫੮)*

੧੮.੭.੫.੧.੮ ਤਾਕੀਦ-ਬੋਧਕ

ਮਧਮ ਪੁਰਖ, ਇਕ-ਵਚਨ

੧. ਉਲਟੀ ਰੇ ਮਨ ਉਲਟੀ ਰੇ ॥
ਸਾਕਤ ਸਿਉ 'ਕਰਿ' ਉਲਟੀ ਰੇ ॥੧॥੩੭॥ *(ਪੰਨਾ ੫੩੫)*

੨. ਖਰਚੁ 'ਬੰਨੁ' ਚੰਗਿਆਈਆ ਮਤੁ ਮਨ ਜਾਣਹਿ ਕਲੁ ॥੩॥੨॥ *(ਪੰਨਾ ੫੬੫)*

ਮਧਮ ਪੁਰਖ, ਬਹੁ-ਵਚਨ

੧. ਸਬਦੁ ਹਰਿ ਹਰਿ ਜਪੈ ਨਾਮੁ ਨਵਨਿਧਿ,
ਅਪੈ ਰਸਨਿ ਅਹਿਨਿਸਿ ਰਸੈ ਸਤਿ ਕਰਿ 'ਜਾਨੀਅਹੁ' ॥੧॥੧੩॥ *(ਪੰਨਾ ੧੪੦੦)*
[ਜਾਨੀਅਹੁ—ਜਾਣ ਲਇਓ!]

੨. ਹਰਿ ਹਰਿ ਨਿਤ 'ਜਪਿਹੁ' ਜੀਅਹੁ ਲਾਹਾ 'ਖਟਿਹੁ' ਦਿਹਾੜੀ ॥੩੧॥ *(ਪੰਨਾ ੯੨੧)*
[ਜਪਿਹੁ—ਜਪਦੇ ਰਹੋ। ਖਟਿਹੁ—ਖਟਦੇ ਚਲੋ।]

੩. ਸਤਿਗੁਰੁ ਫੁਰਮਾਇਆ ਕਾਰੀ ਏਹ 'ਕਰੇਹੁ' ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥ਸਲੋਕ ੨॥੧੫॥ *(ਪੰਨਾ ੫੫੪)*
[ਕਰੇਹੁ—ਜ਼ਰੂਰ ਬਰ ਜ਼ਰੂਰ ਕਰੋ। ਸੰਮਾਲੇਹੁ—ਅਵੱਸ਼ ਚੇਤੇ ਕਰੋ।]

੧੯. ਕ੍ਰਿਆ-ਵਿਸ਼ੇਸ਼ਣ (Adverb)

(ੳ) ਲੱਛਣ

ਵਾਕ ਵਿਚਲਾ ਜਿਹੜਾ ਸ਼ਬਦ, ਸ਼ਬਦ-ਜੁਟ ਜਾਂ ਵਾਕਾਂਸ਼ ਵਾਕ ਦੀ ਕ੍ਰਿਆ ਜਾਂ ਵਿਸ਼ੇਸ਼ਣ ਦੇ ਅਰਥਾਂ ਵਿਚ ਜਾਂ ਕ੍ਰਿਆ-ਵਿਸ਼ੇਸ਼ਣ ਵਿਚ ਹੀ ਕੋਈ ਵਿਸ਼ੇਸ਼ਤਾ ਦਰਸਾਵੇ, ਉਸ ਨੂੰ ਕ੍ਰਿਆ-ਵਿਸ਼ੇਸ਼ਣ ਕਹੀਦਾ ਹੈ।

(੧) ਕ੍ਰਿਆ ਦੇ ਅਰਥਾਂ ਵਿਚ ਵਿਸ਼ੇਸ਼ਤਾ—'ਅੰਦਰ' ਆਓ, 'ਛੇਤੀ' ਆਓ, 'ਹੁਣੇ' ਆਓ, 'ਬਾਰ ਬਾਰ' ਆਓ, 'ਜ਼ਰੂਰ' ਆਓ, 'ਨਾ' ਆਓ।

(੨) ਵਿਸ਼ੇਸ਼ਣ ਦੇ ਅਰਥਾਂ ਵਿਚ ਵਿਸ਼ੇਸ਼ਤਾ—'ਬਹੁਤ' ਚੰਗਾ ਮਨੁੱਖ। 'ਅਤੀ' ਸੁੰਦਰ ਦ੍ਰਿਸ਼।

(੩) ਕ੍ਰਿਆ-ਵਿਸ਼ੇਸ਼ਣ ਦੇ ਅਰਥਾਂ ਵਿਚ ਵਿਸ਼ੇਸ਼ਤਾ—'ਬਹੁਤ' ਛੇਤੀ ਆਓ।

ਕ੍ਰਿਆ-ਵਿਸ਼ੇਸ਼ਣ ਦੇ ਹੇਠ ਲਿਖੇ ਅੱਠ ਮੁੱਖ ਭੇਦ ਮੰਨੇ ਗਏ ਹਨ :

(ਅ) ਮੁੱਖ ਭੇਦ

(੧) **ਕਾਲ-ਵਾਚੀ**—ਜਿਸ ਤੋਂ ਕਿਸੇ ਕੰਮ ਦੇ ਹੋਣ ਦਾ ਸਮਾਂ ਪ੍ਰਗਟ ਹੋਵੇ, ਜਿਹਾ ਕਿ—ਅੱਜ, ਕਲ, ਹੁਣੇ, ਜਦ, ਕਦ, ਫਿਰ, ਸਵੇਰੇ, ਸ਼ਾਮੀ, ਆਦਿ।

(੨) **ਸਥਾਨ-ਵਾਚੀ**—ਜਿਸ ਤੋਂ ਕਿਸੇ ਕੰਮ ਦੇ ਹੋਣ ਦਾ ਸਥਾਨ ਪ੍ਰਗਟ ਹੋਵੇ, ਜਿਹਾ ਕਿ—ਇਥੇ, ਉਥੇ, ਜਿਧਰ, ਉੱਤੇ, ਥੱਲੇ, ਨੇੜੇ, ਦੂਰਿ, ਆਦਿ।

(੩) **ਪ੍ਰਕਾਰ-ਵਾਚੀ**—ਜਿਸ ਤੋਂ ਕਿਸੇ ਕੰਮ ਦੇ ਹੋਣ ਦਾ ਢੰਗ ਪ੍ਰਗਟ ਹੋਵੇ, ਜਿਹਾ ਕਿ—ਸਹਜੇ ਸਹਜੇ, ਛੇਤੀ ਛੇਤੀ, ਉਚੀ ਉਚੀ, ਇਵੇਂ, ਜਿਵੇਂ, ਆਦਿ।

(੪) **ਪਰਮਾਣ-ਵਾਚੀ**—ਜਿਸ ਤੋਂ ਕਿਸੇ ਕੰਮ ਜਾਂ ਗੁਣ ਦੇ ਪਰਮਾਣ ਜਾਂ ਮਿਕਦਾਰ ਦਾ ਪਤਾ ਲੱਗੇ, ਜਿਹਾ ਕਿ—ਬਹੁਤਾ, ਥੋੜਾ, ਨਿਰਾ, ਏਨਾ, ਆਦਿ।

(੫) **ਸੰਖਿਆ-ਵਾਚੀ**—ਜਿਸ ਤੋਂ ਕਿਸੇ ਕੰਮ ਦੇ ਹੋਣ ਦੀ ਵਾਰੀ (frequency) ਬਾਰੇ ਸੂਚਨਾ ਮਿਲੇ, ਜਿਹਾ ਕਿ—ਇਕੇਰਾਂ, ਦੁਬਾਰਾ, ਬਾਰ ਕਾਰ, ਫਿਰ ਫਿਰ, ਘੜੀ-ਮੁੜੀ, ਆਦਿ।

(੬) **ਨਿਰਣਾ-ਵਾਚੀ**—ਜਿਸ ਤੋਂ ਕਿਸੇ ਕੰਮ ਦੇ ਹੋਣ ਬਾਰੇ ਸਪੱਸ਼ਟ ਨਿਰਣੇ ਦਾ ਸੰਕੇਤ ਮਿਲੇ, ਜਿਹਾ ਕਿ—ਹਾਂ, ਨਹੀ, ਠੀਕ, ਭਲਾ ਜੀ, ਮਤੁ, ਆਦਿ।

(੭) **ਕਾਰਨ-ਵਾਚੀ**—ਜਿਸ ਤੋਂ ਕਿਸੇ ਕੰਮ ਦੇ ਹੋਣ ਜਾਂ ਨਾ ਹੋਣ ਦੇ ਕਾਰਣ ਬਾਰੇ ਗਿਆਤ ਮਿਲੇ, ਜਿਹਾ ਕਿ—ਕਿਉਂ, ਇਸ ਲਈ, ਇਸ ਕਰਕੇ, ਆਦਿ।

(੮) **ਤਾਕੀਦ-ਵਾਚੀ**—ਜਿਸ ਸ਼ਬਦ ਦੁਆਰਾ ਕ੍ਰਿਆ ਤੋਂ ਹੋਣ ਵਾਲੇ ਕੰਮ ਦੀ ਤਾਕੀਦ ਅਥਵਾ ਪੁੜ੍ਹਤਾ ਕੀਤੀ ਜਾਵੇ, ਜਿਹਾ ਕਿ—ਜ਼ਰੂਰ, ਵੀ, ਭੀ, ਆਦਿ।

(ਏ) 'ਕ੍ਰਿਆ-ਵਿਸ਼ੇਸ਼ਣ' ਅਤੇ 'ਸੰਬੰਧਕ' ਦਾ ਪਰਸਪਰ ਫ਼ਰਕ

ਬਹੁਤ ਸਾਰੇ ਸ਼ਬਦ ਕਿਤੇ ਕ੍ਰਿਆ-ਵਿਸ਼ੇਸ਼ਣ ਦੇ ਤੌਰ 'ਤੇ ਵਰਤੀਂਦੇ ਹਨ, ਕਿਤੇ 'ਸੰਬੰਧਕ' ਦੇ ਤੌਰ 'ਤੇ। ਅਜਿਹੇ ਸ਼ਬਦ ਜਦੋਂ ਕਿਸੇ ਨਾਂਵ ਜਾਂ ਪੜਨਾਂਵ ਦੇ ਮਗਰੋਂ ਉਸ ਨਾਲ ਸੰਬੰਧਤ ਹੋ ਕੇ ਆਉਣ ਤਾਂ ਇਹ 'ਸੰਬੰਧਕ' ਹੁੰਦੇ ਹਨ, ਪਰ ਜਦੋਂ ਇਕੱਲੇ ਆਉਣ ਤਾਂ ਕ੍ਰਿਆ-ਵਿਸ਼ੇਸ਼ਣ ਹੁੰਦੇ ਹਨ। ਸਥਿਤੀ ਸਪੱਸ਼ਟ ਕਰਨ ਲਈ ਅਜਿਹੀਆਂ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

ਸ਼ਬਦ	*ਸੰਬੰਧਕ*	*ਕ੍ਰਿਆ-ਵਿਸ਼ੇਸ਼ਣ*
ਅੰਦਰ	ਘਰ 'ਅੰਦਰ' ਹੀ ਸਭ ਕੁਝ ਹੈ।	'ਅੰਦਰ' ਕੁਝ ਵੀ ਨਹੀਂ।
ਪਿਛੇ	ਸੰਗਤ 'ਪਿੱਛੇ' ਲੱਗ ਕੇ ਪਾਪੀ ਵੀ ਤਰ ਗਏ।	'ਪਿੱਛੇ' ਕੁਝ ਵੀ ਨਹੀਂ ਬਚਿਆ।
ਪਾਸ	ਮੇਰੇ 'ਪਾਸ' ਸਜ ਜਾਓ।	ਆਸ 'ਪਾਸ' ਨਾ ਭਟਕੋ, ਗੁਰੂ-ਦਰ 'ਤੇ ਢਹਿ ਪਵੋ।
ਸਾਹਮਣੇ	ਮੇਰੇ 'ਸਾਹਮਣੇ' ਬੈਠ ਜਾਓ।	'ਸਾਹਮਣੇ' ਵੇਖੋ।

(ਏ) ਕ੍ਰਿਆ-ਵਿਸ਼ੇਸ਼ਣ ਦੀਆਂ ਅਵਸਥਾਵਾਂ

ਵਰਤੋਂ ਦੇ ਆਧਾਰ 'ਤੇ ਕ੍ਰਿਆ-ਵਿਸ਼ੇਸ਼ਣ ਦੀਆਂ ਹੇਠ ਲਿਖੀਆਂ ਤਿੰਨ ਅਵਸਥਾਵਾਂ ਮੰਨੀਆਂ ਗਈਆਂ ਹਨ :

(੧) **ਸਾਧਾਰਨ ਅਵਸਥਾ**—ਜਦੋਂ ਕ੍ਰਿਆ-ਵਿਸ਼ੇਸ਼ਣ ਕੇਵਲ ਕ੍ਰਿਆ-ਵਿਸ਼ੇਸ਼ਣ ਦੇ ਤੌਰ 'ਤੇ ਹੀ ਵਰਤੇ ਜਾਣ; ਜਿਵੇਂ :

੧. **'ਹੁਣਿ' ਉਠਿ ਚਲਣਾ ਮੁਹਤਿ ਕਿ ਤਾਲਿ ॥੪॥੩॥** *(ਪੰਨਾ ੬੬੧)*

੨. **'ਜਤ੍ਰ' ਜਾਉ 'ਤਤ' ਬੀਠਲੁ ਭੈਲਾ ॥ਰਹਾਉ॥੨॥** *(ਪੰਨਾ ੪੮੫)*

੩. **'ਇਉ' ਕਿੰਕੁਰੀ ਆਨੂਪ ਵਾਜੈ ॥੧॥੧੨॥ਰਹਾਉ॥ਦੂਜਾ॥** *(ਪੰਨਾ ੬੬੬)*

੪. **'ਘਟਿ' ਨ ਕਿਨ ਹੀ ਕਹਾਇਆ ॥੭॥੨੭॥** *(ਪੰਨਾ ੭੧)*

(੨) **ਪ੍ਰਸ਼ਨਿਕ ਅਵਸਥਾ**—ਜਦੋਂ ਕੋਈ ਸ਼ਬਦ ਕ੍ਰਿਆ-ਵਿਸ਼ੇਸ਼ਣ ਤਾਂ ਹੋਵੇ ਹੀ, ਇਸ ਤੋਂ ਇਲਾਵਾ ਉਹ ਕੁਝ ਪੁੱਛਣ ਦਾ ਕੰਮ ਵੀ ਦੇਵੇ; ਜਿਵੇਂ :

੧. **ਅਬ ਨ ਭਜਸਿ ਭਜਸਿ 'ਕਬ' ਭਾਈ ॥੩॥੯॥** *(ਪੰਨਾ ੧੧੫੯)*

੨. **ਮੋਹਿ ਬੈਰਾਗੁ ਭਇਓ ॥**
ਇਹੁ ਜੀਉ ਆਇ 'ਕਹਾ' ਗਇਓ ॥ਰਹਾਉ॥੩॥ *(ਪੰਨਾ ੬੭੦)*

੩. **ਫਰੀਦਾ 'ਕਿਥੈ' ਤੈਡੇ ਮਾਪਿਆ ਜਿਨੀ ਤੂ ਜਣਿਓਹਿ ॥੭੩॥** *(ਪੰਨਾ ੧੩੮੧)*

੪. **ਧਨ ਥੀਈ ਦੁਬਲਿ ਕੰਤ ਹਾਵੈ 'ਕੇਵ' ਨੈਣੀ ਦੇਖਏ ॥੧॥੧॥** *(ਪੰਨਾ ੨੪੨)*

(੩) **ਯੋਜਕ ਅਵਸਥਾ**—ਜਦੋਂ ਕੋਈ ਸ਼ਬਦ ਕ੍ਰਿਆ-ਵਿਸ਼ੇਸ਼ਣ ਹੁੰਦਾ ਹੋਇਆ ਯੋਜਕ ਵਾਂਗ ਦੋ ਵਾਕਾਂ ਜਾਂ ਉਪਵਾਕਾਂ ਨੂੰ ਜੋੜਨ ਦਾ ਵੀ ਕੰਮ ਕਰੇ; ਜਿਵੇਂ :

੧. **ਸੋਈ ਸੁਹਾਵਾ ਥਾਨੁ 'ਜਥੈ' ਪਿਰੀਏ ਨਾਨਕ ਜੀ ਤੂ ਵੁਠਿਆ ॥ਸ.੩॥੭॥**
(ਪੰਨਾ ੧੦੯੬)

੨. **ਜਮ ਜੰਦਾਰੁ ਨ ਲਗਈ 'ਇਉ' ਭਉਜਲੁ ਤਰੈ ਤਰਾਸਿ ॥੨॥੨੧॥** *(ਪੰਨਾ ੨੨)*

੧੯.੧. ਕਾਲ-ਵਾਚਕ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜਿਸ ਤੋਂ ਕਿਸੇ ਕੰਮ ਦੇ ਹੋਣ ਦਾ ਸਮਾਂ ਪ੍ਰਗਟ ਹੋਵੇ।

ਗੁਰਬਾਣੀ ਦੀਆਂ ਉਦਾਹਰਣਾਂ

(ਉ) ਇਕ-ਸ਼ਬਦੀ ਕਾਲ-ਵਾਚਕ ਕ੍ਰਿਆ-ਵਿਸ਼ੇਸ਼ਣ

ਆਜੁ

੧. **'ਆਜੁ' ਮਿਲਾਵਾ ਸੇਖ ਫਰੀਦ, ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥ਰਹਾਉ॥੨॥**
(ਪੰਨਾ ੪੮੮)

ਅਜੁ/ਕਲਿ

੧. ਆਖੀਂ ਸੇਖਾਂ ਬੰਦਗੀ, ਚਲਣੁ 'ਅਜੁ' ਕਿ 'ਕਲਿ' ॥੬੭॥ *(ਪੰਨਾ ੧੩੮੩)*

ਭਲਕੇ

੧. 'ਭਲਕੇ' ਉਠਿ ਪਰਾਹੁਣਾ, ਮੇਰੈ ਘਰਿ ਆਵਉ ॥ਸ.੨॥ਪ.੧॥ *(ਪੰਨਾ ੩੧੮)*

ਜਬ/ਤਬ/ਅਬ

੧. 'ਜਬ' ਹਮ ਹੋਤੇ 'ਤਬ' ਤੂ ਨਾਹੀ, 'ਅਬ' ਤੂਹੀ ਮੈ ਨਾਹੀ ॥੧॥੧॥ *(ਪੰਨਾ ੬੫੭)*

ਹੁਣਿ

੧. 'ਹੁਣਿ' ਉਠਿ ਚਲਣਾ ਮੁਹਤਿ ਕਿ ਤਾਲਿ ॥੪॥੩॥ *(ਪੰਨਾ ੬੬੧)*

ਅਬ/ਤਬ/ਜਬ/ਕਬ

੧. 'ਅਬ' 'ਤਬ' 'ਜਬ' 'ਕਬ' ਤੁਹੀ ਤੁਹੀ ॥ਰਹਾਉ॥੩॥ *(ਪੰਨਾ ੯੬੯)*

ਕਬ

੧. ਅਬ ਨ ਭਜਸਿ ਭਜਸਿ 'ਕਬ' ਭਾਈ ॥੩॥੬॥ *(ਪੰਨਾ ੧੧੫੯)*

ਕਬਹੂ

੧. ਮਨ ਕਰਿ 'ਕਬਹੂ' ਨ ਹਰਿ ਗੁਨ ਗਾਇਓ ॥ਰਹਾਉ॥੧੫੬॥ *(ਪੰਨਾ ੧੨੩੧)*

ਕਦੇ

੧. ਸਾਹਿ ਸਾਹਿ ਤੁਝੁ ਸੰਮਲਾ 'ਕਦੇ' ਨ ਵਿਸਾਰੇਉ ॥੩॥੧੬॥ *(ਪੰਨਾ ੨੦)*

ਕਡੂ

੧. ਮੁਦਤਿ ਪਈ ਚਿਰਾਣੀਆ ਫਿਰਿ 'ਕਡੂ' ਆਵੈ ਰੁਤਿ ॥ਸ.੩॥ਪਉ.੫॥ *(ਪੰਨਾ ੧੦੬੫)*

ਜਦਹੁ

੧. 'ਜਦਹੁ' ਸੀਆ ਵੀਆਹੀਆ, ਲਾੜੇ ਸੋਹਨਿ ਪਾਸਿ ॥੨॥੧੧॥ *(ਪੰਨਾ ੪੧੭)*

ਤਦਹੁ

੧. 'ਤਦਹੁ' ਆਕਾਸੁ ਨ ਪਾਤਾਲੁ ਹੈ, ਨਾ ਤ੍ਰੈ ਲੋਈ ॥ਪਉੜੀ ੧॥ *(ਪੰਨਾ ੫੦੬)*

ਅਵਲਿ

੧. 'ਅਵਲਿ' ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥੧॥੩॥ *(ਪੰਨਾ ੧੩੫੦)*

ਪਹਿਲਾਂ

੧. ਕਾਮਣਿ ਤਉ ਸੀਗਾਰੁ ਕਰਿ, ਜਾ 'ਪਹਿਲਾਂ' ਕੰਤੁ ਮਨਾਇ ॥ਸ.੧॥੫॥ *(ਪੰਨਾ ੭੮੮)*

ਦਰਹਾਲੁ

੧. ਚਲੁ 'ਦਰਹਾਲੁ' ਦੀਵਾਨਿ ਬੁਲਾਇਆ ॥ਰਹਾਉ॥੩॥ *(ਪੰਨਾ ੭੬੨)*
[ਦਰਹਾਲੁ—ਇਸੇ ਵੇਲੇ]

ਤੁਰੰਤਹ

੧. ਆਇਓ ਚੋਰੁ 'ਤੁਰੰਤਹ' ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥੨॥੧੫॥ *(ਪੰਨਾ ੪੭੬)*

ਫਰਕਿ (ਤੁਰਤ)

੧. ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ 'ਫਰਕਿ' ॥੬੭॥ *(ਪੰਨਾ ੧੩੬੮)*
[ਫਰਕਿ—ਉਚਾਰਣ ਫਰੱਕਿ ਵਾਂਗ]

ਤੜ

੧. 'ਤੜ' ਸੁਣਿਆ ਸਭਤੁ ਜਗਤ ਵਿਚਿ,
ਭਾਈ, ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ,
ਉਠਿ ਘਰਿ ਆਇਆ ॥ਸ.੧॥ਪ.੧੨॥ *(ਪੰਨਾ ੩੦੬)*
[ਤੜ—ਤੁਰਤ]

ਪ੍ਰਥਮੇ/ਪਾਛੈ

੧. 'ਪ੍ਰਥਮੇ' ਮਾਖਨੁ 'ਪਾਛੈ' ਦੂਧੁ ॥੨॥੫੪॥ *(ਪੰਨਾ ੯੦੦)*

ਆਦਿ/ਮਧਿ/ਅੰਤਿ

੧. 'ਆਦਿ' ਪੂਰਨ 'ਮਧਿ' ਪੂਰਨ 'ਅੰਤਿ' ਪੂਰਨ ਪਰਮੇਸੁਰਹ ॥ਸ.੧॥ਪ.੧॥ *(ਪੰਨਾ ੭੦੫)*

ਜਿਚਰੁ/ਤਿਚਰੁ/ਜਾ/ਤ

੧. 'ਜਿਚਰੁ' ਰਾਧੈ 'ਤਿਚਰੁ' ਤੁਮ ਸੰਗਿ ਰਹਣਾ 'ਜਾ' ਸਦੇ 'ਤ' ਉਠਿ ਸਿਧਾਸਾ ਹੇ ॥੮॥੨॥ *(ਪੰਨਾ ੧੦੭੩)*

ਅੰਤੇ

੧. 'ਅੰਤੇ' ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥੫॥੧॥ *(ਪੰਨਾ ੯੨੩)*

ਨਿਦਾਨਿ (ਅੰਤ ਨੂੰ)

੧. ਕੋਨੇ ਬੈਠੇ ਖਾਈਐ ਪਰਗਟ ਹੋਇ 'ਨਿਦਾਨਿ' ॥੧੭॥ *(ਪੰਨਾ ੧੩੬੫)*

ਦਿਨੁ/ਰੈਨਿ/ਸਾਝ/ਸਵੇਰੈ

੧. ਸਿਮਰਿ ਧਿਆਇ ਗਾਇ ਗੁਨ ਗੋਬਿੰਦ 'ਦਿਨੁ' 'ਰੈਨਿ' 'ਸਾਝ' 'ਸਵੇਰੈ' ॥ਰਹਾਉ॥੧੨॥ *(ਪੰਨਾ ੫੩੦)*

ਨਿਸਿ ਬਾਸੁਰ

੧. 'ਨਿਸਿ' 'ਬਾਸੁਰ' ਮਨਿ ਅਨਦੁ ਹੋਤ ਚਿਤਵਤ ਕਿਰਪਾਲ ॥ਰਹਾਉ॥੪੧॥ *(ਪੰਨਾ ੮੧੧)*

ਦਿਨੁ ਰਾਤਿ

੧. ਸਦਾ ਸਦਾ ਆਰਾਧੀਐ 'ਦਿਨੁ' ਵਿਸਰਹੁ ਨਹੀ 'ਰਾਤਿ' ॥੩॥੮੩॥ *(ਪੰਨਾ ੪੭)*

ਜਾਮਿ (ਜਦੋਂ)

੧. ਸੁਖੁ ਮਨ ਮਹਿ ਆਇ ਵਸਿਆ 'ਜਾਮਿ' ਤੈ ਫੁਰਮਾਇਆ ॥੨॥੧॥ *(ਪੰਨਾ ੫੬੬)*

(ਅ) ਸਮਾਸੀ ਕਾਲ-ਵਾਚਕ ਕ੍ਰਿਆ-ਵਿਸ਼ੇਸ਼ਣ

ਤਤਕਾਲ

੧. ਹਸਤ ਪੁਨੀਤ ਹੋਹਿ 'ਤਤਕਾਲ' ॥
ਬਿਨਸਿ ਜਾਹਿ ਮਾਇਆ ਜੰਜਾਲ ॥੧॥੬੭॥ *(ਪੰਨਾ ੧੮੫)*

ਤਤਖਿਣ

੧. ਸੰਤ ਉਧਾਰਉ 'ਤਤਖਿਣ' ਭਾਲਿ ॥੧॥੧੮॥ *(ਪੰਨਾ ੮੬੭)*

ਅੰਤਕਾਲਿ

੧. 'ਅੰਤਕਾਲਿ' ਭਜਿ ਜਾਹਿਗੇ, ਕਾਹੇ ਜਲਹੁ ਕਰੋਧੀ ॥੩॥੩੬॥ *(ਪੰਨਾ ੮੦੯)*

ਚਿਰੰਕਾਲ

੧. 'ਚਿਰੰਕਾਲ' ਪਾਈ ਦੁਲਭ ਦੇਹ ॥੩॥੨੩॥ *(ਪੰਨਾ ੮੯੦)*

ਅੰਮ੍ਰਿਤ ਵੇਲੈ

੧. ਬਾਬੀਹਾ 'ਅੰਮ੍ਰਿਤ ਵੇਲੈ' ਬੋਲਿਆ ਤਾਂ ਦਰਿ ਸੁਣੀ ਪੁਕਾਰ ॥੧॥੧੬॥ *(ਪੰਨਾ ੧੨੮੫)*

ਦਿਹੁ ਦੀਵੀ

੧. 'ਦਿਹੁ ਦੀਵੀ' ਅੰਧ ਘੋਰੁ, ਘਬੁ ਮੁਹਾਈਐ ॥੫॥੪॥ *(ਪੰਨਾ ੭੫੨)*

ਜਬ ਲਗੁ/ਤਬ ਲਗੁ

੧. 'ਜਬ ਲਗੁ' ਮੇਰੀ ਮੇਰੀ ਕਰੈ ॥
'ਤਬ ਲਗੁ' ਕਾਜੁ ਏਕੁ ਨਹੀ ਸਰੈ ॥੧॥੧੪॥ *(ਪੰਨਾ ੧੧੬੦)*

ਜਉ ਲਉ/ਤਉ ਲਉ

੧. 'ਜਉ ਲਉ' ਰਿਦੈ ਨਹੀ ਪਰਗਾਸਾ 'ਤਉ ਲਉ' ਅੰਧ ਅੰਧਾਰਾ ॥੧॥੧੧॥ *(ਪੰਨਾ ੧੨੦੫)*

ਪਹਿਲੋ ਦੇ/ਪਿਛੋ ਦੇ

੧. 'ਪਹਿਲੋ ਦੇ' ਤੈਂ ਰਿਜਕੁ ਸਮਾਹਾ ॥
'ਪਿਛੋ ਦੇ' ਤੈਂ ਜੰਤੁ ਉਪਾਹਾ ॥੬॥੩੫॥ *(ਪੰਨਾ ੧੩੦)*

(ਏ) ਵਾਕਾਂਸ਼-ਰੂਪੀ ਕਾਲ ਵਾਚਕ ਕ੍ਰਿਆ-ਵਿਸ਼ੇਸ਼ਣ

ਅੰਤ ਕੀ ਬੇਲਾ

੧. ਕਹਿ ਕਬੀਰ ਮਿਲੁ 'ਅੰਤ ਕੀ ਬੇਲਾ' ॥੪॥੨॥ *(ਪੰਨਾ ੩੨੪)*

ਇਬ ਕੇ ਰਾਹੇ

੧. 'ਇਬ ਕੇ ਰਾਹੇ' ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥੩॥੪॥ *(ਪੰਨਾ ੫੮੧)*

ਅਬ ਕੈ ਕਹਿਐ

੧. 'ਅਬ ਕੈ ਕਹਿਐ' ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥੧੨॥
(ਪੰਨਾ ੯੯੩)

੧੯.੨ ਸਥਾਨ ਵਾਚੀ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜਿਸ ਤੋਂ ਕਿਸੇ ਕੰਮ ਦੇ ਵਾਪਰਨ ਦੇ ਸਥਾਨ ਦਾ ਬੋਧ ਹੋਵੇ।

ਗੁਰਬਾਣੀ ਦੀਆਂ ਉਦਾਹਰਣਾਂ

(ੳ) ਇਕ ਸ਼ਬਦੀ ਰੂਪ ਵਿਚ

ਜਹ/ਤਹ

੧. 'ਜਹ' ਮਹਾ ਭਇਆਨ ਦੂਤ ਜਮ ਦਲੈ ॥
'ਤਹ' ਕੇਵਲ ਨਾਮੁ ਸੰਗਿ ਤੇਰੈ ਚਲੈ ॥੧॥੨॥ *(ਪੰਨਾ ੨੬੪)*

ਜਹਾ/ਤਹਾਂ

੧. 'ਜਹਾ' ਦਾਣੇ 'ਤਹਾਂ' ਖਾਣੇ ਨਾਨਕਾ ਸਚੁ ਹੇ ॥ਸ.੨॥ਪ.੨੮॥ *(ਪੰਨਾ ੬੫੩)*

ਕਹਾ

੧. ਮੋਹਿ ਬੈਰਾਗੁ ਭਇਓ ॥
ਇਹੁ ਜੀਉ ਆਇ 'ਕਹਾ' ਗਇਓ ॥ਰਹਾਉ॥੩॥ *(ਪੰਨਾ ੮੭੦)*

ਸਰਬਤ

੧. ਹਰਿ ਭਗਤਾ ਕਾ ਮੇਲੀ 'ਸਰਬਤ' ਸਉ ਨਿਸੁਲ ਜਨ ਟੰਗ ਧਰਿ ॥ਪਉੜੀ ੨॥
[ਸਰਬਤ—ਸਭਨੀਂ ਥਾਈਂ] *(ਪੰਨਾ ੮੪੯)*

ਜਿਥੈ/ਤਿਥੈ

੧. 'ਜਿਥੈ' ਅਵਘਟ ਗਲੀਆ ਭੀੜੀਆ 'ਤਿਥੈ' ਹਰਿ ਹਰਿ ਮੁਕਤਿ ਕਰਾਇ ॥੧॥੩੫॥
(ਪੰਨਾ ੯੯੬)

ਕਿਥੈ

੧. ਫਰੀਦਾ 'ਕਿਥੈ' ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥੭੩॥ *(ਪੰਨਾ ੧੩੮੧)*

ਈਤ/ਊਤ/ਜਤ/ਕਤ/ਤਤ

੧. 'ਈਤ' 'ਊਤ' 'ਜਤ' 'ਕਤ' 'ਤਤ' ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥੨॥੩੬॥
(ਪੰਨਾ ੬੮੦)

ਜਤ੍/ਤਤ

੧. 'ਜਤ੍' ਜਾਉ 'ਤਤ' ਬੀਠਲੁ ਭੈਲਾ ॥ਰਹਾਉ॥੨॥ *(ਪੰਨਾ ੪੮੫)*

ਓਥੈ

੧. 'ਓਥੈ' ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ਸ.੧॥ਪ.੧੮॥ *(ਪੰਨਾ ੧੪੬)*

ਐਥੈ

੧. 'ਐਥੈ' ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥੪॥੩॥ *(ਪੰਨਾ ੭੬੦)*

ਈਹਾਂ/ਊਹਾਂ

੧. 'ਊਹਾਂ' ਤਉ ਜਾਈਐ ਜਉ 'ਈਹਾਂ' ਨ ਹੋਇ ॥੨॥੧॥ *(ਪੰਨਾ ੧੧੬੫)*

ਉਪਰਿ

੧. 'ਉਪਰਿ' ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥੧॥ *(ਪੰਨਾ ੬੭੪)*

ਉਭਿ/ਪਇਆਲੇ

੧. ਕਬਹੁ ਜੀਅੜਾ 'ਉਭਿ' ਚੜਤੁ ਹੈ ਕਬਹੁ ਜਾਇ 'ਪਇਆਲੇ' ॥੨॥੧॥ *(ਪੰਨਾ ੮੭੬)*

ਨਿਕਟਿ/ਦੂਰਿ

੧. 'ਨਿਕਟਿ' ਵਸੈ, ਨਾਹੀ ਹਰਿ 'ਦੂਰਿ' ॥ਰਹਾਉ॥੪੪॥ *(ਪੰਨਾ ੧੬੫)*

ਨੇਰੈ/ਦੂਰਿ

੧. 'ਨੇਰੈ' ਨਾਹੀ 'ਦੂਰਿ' ॥
ਨਿਜ ਆਤਮੈ ਰਹਿਆ ਭਰਪੂਰਿ ॥੩॥੧॥ *(ਪੰਨਾ ੬੫੭)*

ਈਘੈ/ਊਘੈ

੧. 'ਈਘੈ' ਨਿਰਗੁਨ 'ਊਘੈ' ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ਰਹਾਉ॥੧੧॥
(ਪੰਨਾ ੮੨੭)

ਈਭੈ/ਊਭੈ

੧. 'ਈਭੈ' ਬੀਠਲੁ 'ਊਭੈ' ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥੪॥੨॥ *(ਪੰਨਾ ੪੮੫)*

ਵਲਿ

੧. ਜਾਂ ਕਰਤਾ 'ਵਲਿ' ਤਾ ਸਭੁ ਕੋ 'ਵਲਿ' ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥ਸ.੨॥ਪ.੧੦॥
(ਪੰਨਾ ੩੦੫)

ਸਾਮ੍ਹਣੇ

੧. ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ 'ਸਾਮ੍ਹਣੇ' ॥੧॥੧੧॥ *(ਪੰਨਾ ੭੫੮)*

ਸਨਮੁਖ/ਕਰਿਦਾਹਿਣੈ/ਬਾਂਵਾਂਗਿ

੧. ਬਾਰਿਜੁ 'ਕਰਿ ਦਾਹਿਣੈ' ਸਿਧਿ 'ਸਨਮੁਖ' ਮੁਖੁ ਜੋਵੈ ॥
ਰਿਧਿ ਬਸੈ 'ਬਾਂਵਾਂਗਿ' ਜੁ ਤੀਨਿ ਲੋਕਾਂਤਰ ਮੋਹੈ ॥੯॥ *(ਪੰਨਾ ੧੩੯੪)*

ਓਰੈ/ਉਪਰਿ

੧. ਸਚਹੁ 'ਓਰੈ' ਸਭੁ ਕੋ 'ਉਪਰਿ' ਸਚੁ ਆਚਾਰੁ ॥੫॥੧੪॥ *(ਪੰਨਾ ੬੨)*

ਭੀਤਰਿ

੧. ਉਸਾਰਿ ਮੜੋਲੀ ਰਾਖੈ ਦੁਆਰਾ 'ਭੀਤਰਿ' ਬੈਠੀ ਸਾਧਨਾ ॥੨॥੧੪॥ *(ਪੰਨਾ ੧੫੫)*

ਬਾਹਰਿ

੧. 'ਬਾਹਰਿ' ਜਾਤੋ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥੪॥੧੭॥ *(ਪੰਨਾ ੧੩੩੨)*

ਨਾਲਿ

੧. 'ਨਾਲਿ' ਹੋਵੰਦਾ, ਲਹਿ ਨ ਸਕੰਦਾ, ਸੁਆਉ ਨ ਜਾਣੈ ਮੂੜਾ ॥੧॥੧॥ *(ਪੰਨਾ ੯੨੪)*

(ਅ) ਜੁਟ-ਰੂਪ ਵਿਚ

ਜਹ ਜਹ

੧. 'ਜਹ ਜਹ' ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥੧॥੨੭॥ *(ਪੰਨਾ ੬੭੭)*

ਜਤ ਜਤ

੧. 'ਜਤ ਜਤ' ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥ਰਹਾਉ॥੬੭॥
(ਪੰਨਾ ੩੩੮)

ਜਤ ਜਤ/ਤਤ ਤਤ

੧. 'ਜਤ ਜਤ' ਦੇਖਉ 'ਤਤ ਤਤ' ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥੨੦॥
(ਪੰਨਾ ੧੦੪੦)

ਈਹਾ ਊਹਾ

੧. 'ਈਹਾ ਊਹਾ' ਤੁਮ ਰਖੇ ॥
ਗੁਰ ਕਿਰਪਾ ਤੇ ਕੋ ਲਖੇ ॥੩॥(੧੪੩) *(ਪੰਨਾ ੨੧੧)*

ਐਥੈ ਓਥੈ

੧. 'ਐਥੈ ਓਥੈ' ਰਖਵਾਲਾ ॥
ਪ੍ਰਭ ਸਤਿਗੁਰ ਦੀਨ ਦਇਆਲਾ ॥੧॥੭੮॥ *(ਪੰਨਾ ੬੨੮)*

ਅੰਤਰਿ ਬਾਹਰਿ

੧. 'ਅੰਤਰਿ ਬਾਹਰਿ' ਸੰਗਿ ਸਹਾਈ ਗਿਆਨ ਜੋਗੁ ॥੨॥੧੧੨॥ *(ਪੰਨਾ ੩੯੮)*

ਆਸਿ ਪਾਸਿ

੧. 'ਆਸਿ ਪਾਸਿ' ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥ਰਹਾਉ॥੫੬॥
(ਪੰਨਾ ੩੮੫)

ਪਾਸਿ ਦੁਆਸਿ

੧. ਓਨਾ 'ਪਾਸਿ ਦੁਆਸਿ' ਨ ਭਿਟੀਐ ਜਿਨ ਅੰਤਰਿ ਕੂੜੁ ਚੰਡਾਲ ॥੩॥੬੬॥ *(ਪੰਨਾ ੪੦)*

ਉਰਵਾਰਿ ਪਾਰਿ

੧. 'ਉਰਵਾਰਿ ਪਾਰਿ' ਸਭ ਏਕੋ ਦਾਨੀ ॥੪॥੬੧॥ *(ਪੰਨਾ ੩੩੭)*

੧੬.੩ ਪ੍ਰਕਾਰ-ਵਾਚੀ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ ਜਿਸ ਤੋਂ ਕਿਸੇ ਕੰਮ ਦੇ ਹੋਣ ਦੇ ਢੰਗ ਤਰੀਕੇ ਬਾਰੇ ਜਾਣਕਾਰੀ ਹੋਵੇ।

ਗੁਰਬਾਣੀ ਦੀਆਂ ਉਦਾਹਰਣਾਂ

(ੳ) ਇਕ-ਸ਼ਬਦੀ ਕ੍ਰਿਆ-ਵਿਸ਼ੇਸ਼ਣ

ਇਉ

੧. ਜਮ ਜੰਦਾਰੁ ਨ ਲਗਈ, 'ਇਉ' ਭਉਜਲੁ ਤਰੈ ਤਰਾਸਿ ॥੨॥੨੧॥ *(ਪੰਨਾ ੨੨)*

ਇਵ

੧. ਦਸ ਅਠਾਰ ਮੈ ਅਪਰੰਪਰੋ ਚੀਨੈ, ਕਹੈ ਨਾਨਕੁ 'ਇਵ' ਏਕੁ ਤਾਰੈ ॥੩॥੨੬॥
(ਪੰਨਾ ੨੩)

ਏਵ

੧. ਗੁਰ ਸਭਾ 'ਏਵ' ਨ ਪਾਈਐ, ਨਾ ਨੇੜੈ ਨਾ ਦੂਰਿ ॥ਸ.੨॥ਪਉੜੀ ੪॥ *(ਪੰਨਾ ੮੪)*

ਜੇਵ/ਜਿਵੈ

੧. ਓਹੁ 'ਜੇਵ' ਸਾਇਰ ਦੇਇ ਲਹਰੀ, ਬਿਜੁਲ 'ਜਿਵੈ' ਚਮਕਏ ॥੧॥੫॥ *(ਪੰਨਾ ੪੩੯)*

ਕੇਵ

੧. ਧਨ ਥੀਈ ਦੁਬਲਿ ਕੰਤ ਹਾਵੈ, 'ਕੇਵ' ਨੈਣੀ ਦੇਖਏ ॥੧॥੧॥ *(ਪੰਨਾ ੨੪੨)*

ਜਿਵ/ਤਿਵੈ

੧. 'ਜਿਵ' ਤਿਸੁ ਭਾਵੈ, 'ਤਿਵੈ' ਚਲਾਵੈ, 'ਜਿਵ' ਹੋਵੈ ਫੁਰਮਾਣੁ ॥੩੧॥੧॥ *(ਪੰਨਾ ੭)*

ਜਸ

੧. 'ਜਸ' ਦੇਖੀਐ ਤਰਵਰ ਕੀ ਛਾਇਆ ॥੨॥੮॥ *(ਪੰਨਾ ੩੨੫)*

ਇਉ

੧. 'ਇਉ' ਕਿੰਕੁਰੀ ਅਨੂਪ ਵਾਜੈ ॥੧॥੧੨॥ਰਹਾਉ ਦੂਜਾ॥ *(ਪੰਨਾ ੮੮੬)*

ਜਿਉ/ਤਿਉ

੧. 'ਜਿਉ' ਆਇਆ, 'ਤਿਉ' ਜਾਵਹਿ ਬਉਰੇ,
'ਜਿਉ' ਜਨਮੇ, 'ਤਿਉ' ਮਰਣੁ ਭਇਆ ॥੧॥੭॥ *(ਪੰਨਾ ੯੦੬)*

ਕਿਉ/ਕਿਵ

੧. ਕਿਵ ਕਰਿ ਆਖਾ 'ਕਿਵ' ਸਾਲਾਹੀ 'ਕਿਉ' ਵਰਨੀ 'ਕਿਵ' ਜਾਣਾ ॥੨੧॥੧॥
(ਪੰਨਾ ੫)

ਕਿਕੁ

੧. ਤਿਸ ਦੀ ਕੀਮਤਿ 'ਕਿਕੁ' ਹੋਇ ॥੧॥੨॥ *(ਪੰਨਾ ੭੯੭)*

ਕੇਹ

੧. ਕਹਹੁ ਗੁਸਾਈ ਮਿਲੀਐ 'ਕੇਹ' ॥ਰਹਾਉ॥੯੮॥ *(ਪੰਨਾ ੧੮੫)*

ਕਾਇਤੁ

੧. ਅਗੋ ਦੇ ਜੇ ਚੇਤੀਐ ਤਾਂ 'ਕਾਇਤੁ' ਮਿਲੈ ਸਜਾਇ ॥੫॥੧੧॥ *(ਪੰਨਾ ੪੧੭)*

ਸਹਜਿ

੧. ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
'ਸਹਜਿ' ਬਿਲੋਵਹੁ ਜੈਸੇ ਤਤੁ ਨ ਜਾਈ ॥ਰਹਾਉ॥੧੦॥ *(ਪੰਨਾ ੪੭੮)*

ਸਹਜੇ

੧. 'ਸਹਜੇ' ਹੋਇ ਸੋਈ ਭਲ ਮਾਨਾ ॥੧੩॥੬॥ *(ਪੰਨਾ ੧੦੭੭)*

ਧੂਕਿ ਵਿਲਾੜਿ

੧. ਪਤਣਿ ਕੂਕੇ ਪਾਤਣੀ ਵੰਞਹੁ 'ਧੂਕਿ ਵਿਲਾੜਿ' ॥੬॥੧੦॥ *(ਪੰਨਾ ੧੦੧੫)*

ਉਚਾ

੧. ਪੰਡਿਤੁ ਪੜਿ ਪੜਿ 'ਉਚਾ' ਕੂਕਦਾ ਮਾਇਆ ਮੋਹਿ ਪਿਆਰੁ ॥ਸ.੧॥ਪਉੜੀ ੧੦॥
(ਪੰਨਾ ੮੬)

ਧਾਹੀ

੧. ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ 'ਧਾਹੀ' ਰੁੰਨਿਆ ॥੪॥੫॥ *(ਪੰਨਾ ੪੩੯)*

ਪ੍ਰਚੰਡੁ

੧. ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ 'ਪ੍ਰਚੰਡੁ' ਬਲਾਇਆ ॥੨॥੧॥
(ਪੰਨਾ ੭੮)

ਅਚਿੰਤਾ

੧. ਸੋਇ 'ਅਚਿੰਤਾ', ਜਾਗਿ 'ਅਚਿੰਤਾ' ॥੨॥੨॥ *(ਪੰਨਾ ੧੧੩੬)*

ਹਸਦਾ

੧. ਗੁਰਮੁਖਿ 'ਹਸਦਾ' ਜਾਇ, ਅੰਤ ਨ ਰੋਈਐ ॥ਵਾਰ ੧੬॥ਪਉੜੀ ੧੭॥
(ਭਾਈ ਗੁਰਦਾਸ ਜੀ)

ਰੋਂਦੇ

੧. ਮੋਇਆ ਰੋਂਹਿ, 'ਰੋਂਦੇ' ਮਰਿ ਜਾਂਹੀ ॥ਸ.੧॥੨੦॥ *(ਪੰਨਾ ੧੨੮੭)*

ਲੁਡੰਦੜੀ

੧. ਧੂੜੀ ਵਿਚਿ 'ਲੁਡੰਦੜੀ' ਸੋਹਾਂ, ਨਾਨਕ ਤੈ ਸਹ ਨਾਲੇ ॥੨॥ *(ਪੰਨਾ ੧੪੨੫)*

(ਅ) ਸਮਾਸੀ ਕ੍ਰਿਆ-ਵਿਸ਼ੇਸ਼ਣ

ਐਸੇ ਐਸੇ/ਜੈਸੇ

੧. ਰਾਮ ਜਪਉ ਜੀਅ 'ਐਸੇ ਐਸੇ' ॥
ਧ੍ਰੂ ਪ੍ਰਹਿਲਾਦ ਜਪਿਓ ਹਰਿ 'ਜੈਸੇ' ॥੧॥੬੧॥ *(ਪੰਨਾ ੩੩੭)*

ਕਿਨ ਬਿਧਿ

੧. 'ਕਿਨ ਬਿਧਿ' ਕੁਸਲੁ ਹੋਤ ਮੇਰੇ ਭਾਈ ॥ਰਹਾਉ॥੧॥ *(ਪੰਨਾ ੧੭੫)*

ਇਨਿ ਬਿਧਿ

੧. 'ਇਨਿ ਬਿਧਿ' ਕੁਸਲ ਹੋਤ ਮੇਰੇ ਭਾਈ ॥੧॥ਰਹਾਉ ਦੂਜਾ॥ *(ਪੰਨਾ ੧੭੬)*

ਕਿਹਿ ਬਿਧਿ

੧. ਮਾਈ ਮੈ 'ਕਿਹਿ ਬਿਧਿ' ਲਖਉ ਗੁਸਾਈ ॥ਰਹਾਉ॥੬॥ *(ਪੰਨਾ ੬੩੨)*

ਇਹ ਬਿਧਿ

੧. 'ਇਹ ਬਿਧਿ' ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥੨॥੧੩॥
(ਪੰਨਾ ੬੭੪)

ਬਹੁ ਬਿਧਿ

੧. ਕਿਰਤਨਿ ਜੁਰੀਆ 'ਬਹੁ ਬਿਧਿ' ਫਿਰੀਆ... ॥੨॥੪੪॥ *(ਪੰਨਾ ੭੪੬)*

ਕਿਵ ਕਰਿ

੧. 'ਕਿਵ ਕਰਿ' ਆਖਾ, ਕਿਵ ਸਾਲਾਹੀ, ਕਿਉ ਵਰਨੀ ਕਿਵ ਜਾਣਾ ॥੨੧॥੧॥
(ਪੰਨਾ ੫)

ਕਿਉ ਕਰਿ

੧. ਜਾਇ ਪੁਛਹੁ ਸੋਹਾਗਣੀ, ਤੁਸਾ 'ਕਿਉ ਕਰਿ' ਮਿਲਿਆ ਪ੍ਰਭੁ ਆਇ ॥੧॥੬੯॥
(ਪੰਨਾ ੪੧)

ਇਤੁ ਕਰਿ

੧. 'ਇਤੁ ਕਰਿ' ਭਗਤਿ ਕਰਹਿ ਜੋ ਜਨ, ਤਿਨ ਭਉ ਸਗਲ ਚੁਕਾਈਐ ॥੪॥੨॥
(ਪੰਨਾ ੬੯੩)

ਜਿਤੁ ਕਰਿ

੧. ਕਵਨ ਸੁ ਜੁਗਤਿ 'ਜਿਤੁ ਕਰਿ' ਭੀਜੈ ॥੨॥੮੫॥ *(ਪੰਨਾ ੧੮੧)*

ਊਪਰਿ ਭੁਜਾ ਕਰਿ

੧. 'ਊਪਰਿ ਭੁਜਾ ਕਰਿ' ਮੈ ਗੁਰ ਪਹਿ ਪੁਕਾਰਿਆ, ਤਿਨਿ ਹਉ ਲੀਆ ਉਬਾਰੀ ॥ਰਹਾਉ॥੫॥
(ਪੰਨਾ ੭੬੩)

ਦੁਇ ਕਰ ਜੋੜਿ

੧. 'ਦੁਇ ਕਰ ਜੋੜਿ' ਕਰਉ ਅਰਦਾਸਿ ॥
ਤੁਧੁ ਭਾਵੈ ਤਾ ਆਣਹਿ ਰਾਸਿ ॥੪॥੨॥ *(ਪੰਨਾ ੭੩੬)*

ਇਕ ਮਨਿ/ਇਕ ਚਿਤਿ

੧. ਏ ਮਨ ਹਰਿ ਜੀ ਧਿਆਇ ਤੂ, 'ਇਕ ਮਨਿ' 'ਇਕ ਚਿਤਿ' ਭਾਇ ॥ਸ.੧॥੨੬॥
(ਪੰਨਾ ੬੫੩)

ਏਕੈ ਭਾਇ

੧. ਸਚੁ ਮਿਲੈ ਸੰਤੋਖੀਆ, ਹਰਿ ਜਪਿ 'ਏਕੈ ਭਾਇ' ॥੧॥੧੨॥ *(ਪੰਨਾ ੧੮)*

ਸਹਜ ਭਾਇ

੧. 'ਸਹਜ ਭਾਇ' ਮਿਲੀਐ ਸੁਖੁ ਹੋਵੈ ॥੫੪॥੧॥ *(ਪੰਨਾ ੯੪੪)*

ਸਤ ਭਾਇ

੧. ਦੀਨ ਦਰਦ ਦੁਖ ਭੰਜਨਾ, ਸੇਵਕ ਕੈ 'ਸਤ ਭਾਇ' ॥੧॥੮੩॥ *(ਪੰਨਾ ੪੬)*

ਸੁਖਿ ਭਾਇ

੧. ਸੁ ਤਿਨਿ ਸਤਿਗੁਰਿ 'ਸੁਖਿ ਭਾਇ' ਕ੍ਰਿਪਾ ਧਾਰੀ ਜੀਅ,
ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥੪੬॥ *(ਪੰਨਾ ੧੪੦੪)*

ਭੋਲੇ ਭਾਇ

੧. 'ਭੋਲੇ ਭਾਇ' ਮਿਲੇ ਰਘੁਰਾਇਆ ॥੪॥੬॥ *(ਪੰਨਾ ੩੨੪)*

ਅਨਤ ਭਾਇ

੧. ਰਾਜਾ ਰਾਮੁ ਮਉਲਿਆ 'ਅਨਤ ਭਾਇ' ॥ਰਹਾਉ॥੧॥ *(ਪੰਨਾ ੧੧੯੩)*

ਮਨ ਭਾਇ

੧. ਗੁਰ ਕੈ ਸਬਦਿ ਰਚੈ 'ਮਨ ਭਾਇ' ॥੨॥੨॥ *(ਪੰਨਾ ੯੦੩)*

ਭਗਤਿ ਭਾਇ

੧. 'ਭਗਤਿ ਭਾਇ' ਹਰਿ ਕੀਰਤਨੁ ਕਰੀਐ ॥੪॥੧੨॥ *(ਪੰਨਾ ੬੬੬)*

ਗੁਰ ਕੈ ਭਾਇ

੧. 'ਗੁਰ ਕੈ ਭਾਇ' ਚਲੋ, ਸਾਚਿ ਸੰਗੂਤੀ ਰਾਮ ॥੩॥੧॥ *(ਪੰਨਾ ੬੪੩)*

ਮਟਕਿ ਮਟਕਿ

੧. 'ਮਟਕਿ ਮਟਕਿ' ਚਲੁ ਸਖੀ ਸਹੇਲੀ, ਮੇਰੇ ਠਾਕੁਰ ਕੇ ਗੁਨ ਸਾਰੇ ॥੪॥੫॥ *(ਪੰਨਾ ੯੬੩)*

ਲੁਡਿ ਲੁਡਿ

੧. ਜਨ ਨਾਨਕ ਨਾਮੁ ਸਲਾਹਿ ਤੂ, 'ਲੁਡਿ ਲੁਡਿ' ਦਰਗਹਿ ਵੰਞੁ ॥ਸ.੧॥੧੪॥
(ਪੰਨਾ ੧੩੧੬)

ਰਸਿ ਰਸਿ

੧. 'ਰਸਿ ਰਸਿ' ਗੁਣ ਗਾਵਉ ਠਾਕੁਰ ਕੇ, ਮੋਰੈ ਹਿਰਦੈ ਬਸਹੁ ਗੋਪਾਲ ॥੧॥੩੮॥
(ਪੰਨਾ ੬੮੦)

ਰਸਕਿ ਰਸਕਿ

੧. ਤੇਰੇ ਜਨ 'ਰਸਕਿ ਰਸਕਿ' ਗੁਣ ਗਾਵਹਿ ॥ਰਹਾਉ॥੪੦॥ *(ਪੰਨਾ ੩੮੦)*

ਊਂਨਵਿ ਊਂਨਵਿ

੧. 'ਊਂਨਵਿ ਊਂਨਵਿ' ਆਇਆ, ਅਵਰਿ ਕਰੇਂਦਾ ਵੰਨ ॥ਸ.੧॥੫॥ *(ਪੰਨਾ ੧੨੮੦)*

ਬਿਗਸਿ ਬਿਗਸਿ

੧. 'ਬਿਗਸਿ ਬਿਗਸਿ' ਅਪੁਨਾ ਪ੍ਰਭੁ ਗਾਵਹਿ ॥੩॥੩੦॥ *(ਪੰਨਾ ੮੯੨)*

ਨੀਠਿ ਨੀਠਿ

੧. 'ਨੀਠਿ ਨੀਠਿ' ਮਨੁ ਕੀਆ ਧੀਰਾ ॥੧੮॥ *(ਪੰਨਾ ੩੪੧)*

ਥਰ ਹਰ

੧. 'ਥਰ ਹਰ' ਕੰਪੈ ਬਾਲਾ ਜੀਉ ॥੧॥੨॥ *(ਪੰਨਾ ੭੬੨)*

ਝਿਮਿ ਝਿਮਿ

੧. 'ਝਿਮਿ ਝਿਮਿ' ਵਰਸੈ ਅੰਮ੍ਰਿਤ ਧਾਰਾ ॥੨॥੨੬॥ *(ਪੰਨਾ ੧੦੨)*

ਖਿਰ ਖਿਰ

੧. ਬਦਨੈ ਬਿਨੁ 'ਖਿਰ ਖਿਰ' ਹਾਸਤਾ ॥੨॥੩॥ *(ਪੰਨਾ ੧੧੯੪)*

ਅਗੋ ਪਿਛੀ

੧. ਲਕੀ ਕਾਸੇ ਹਥੀ ਫੁੰਮਣ 'ਅਗੋ ਪਿਛੀ' ਜਾਹੀ ॥ਸ.੧॥੨੬॥ *(ਪੰਨਾ ੧੪੯)*

ਓਤਿ ਪੋਤਿ

੧. ਧਾਰਿ ਰਹਿਓ ਸੁਆਮੀ 'ਓਤਿ ਪੋਤਿ' ॥੩॥੨੩॥ *(ਪੰਨਾ ੨੯੪)*

ਸਾਸਿ ਗਿਰਾਸਿ

੧. ਹਰਿ ਧਿਆਵਹੁ 'ਸਾਸਿ ਗਿਰਾਸਿ' ॥ਰਹਾਉ॥੧॥ *(ਪੰਨਾ ੮੨)*

੧੯.੪ ਪ੍ਰਮਾਣ-ਵਾਚੀ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜੋ ਕ੍ਰਿਆ ਦੁਆਰਾ ਪ੍ਰਗਟ ਹੋਣ ਵਾਲੇ ਕਿਸੇ ਕੰਮ ਦੇ ਹੋਣ ਦਾ ਜਾਂ ਕਿਸੇ ਗੁਣ-ਅਉਗੁਣ ਦਾ ਪ੍ਰਮਾਣ ਜਾਂ ਮਿਣਤੀ-ਮਿਕਦਾਰ ਨਿਰੂਪਨ ਕਰੇ।

ਗੁਰਬਾਣੀ ਦੀਆਂ ਉਦਾਹਰਣਾਂ

ਬਹੁਤੁ

੧. ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ 'ਬਹੁਤੁ' ਨਾਹੀ ਬੋਲਣਾ ॥੧੪॥ *(ਪੰਨਾ ੯੧੮)*

ਬਹੁਤਾ

੧. ਜੇ ਕੋ ਦਰਗਹ 'ਬਹੁਤਾ' ਬੋਲੈ ਨਾਉ ਪਵੈ ਬਾਜਾਰੀ ॥੩॥੩੬॥ *(ਪੰਨਾ ੩੫੯)*

ਘਾਟਿ

੧. 'ਘਾਟਿ' ਨ ਕਿਨ ਹੀ ਕਹਾਇਆ ॥੭॥੨੭॥ *(ਪੰਨਾ ੭੧)*

ਤਿਲੁ ਸਾਰ

੧. ਛਣਿ ਘਾਲੇ ਸਭ ਦਿਵਸ ਸਾਸ, ਨਹ ਬਢਨ ਘਟਨ 'ਤਿਲੁ ਸਾਰ' ॥ਸ.੧॥੨੧॥ *(ਪੰਨਾ ੨੫੪)*

ਥੋੜਾ

੧. ਹਉ ਤਿਸੁ ਘੋਲਿ ਘੁਮਾਇਆ 'ਥੋੜਾ' ਸਵੈ ਥੋੜਾ ਹੀ ਖਾਵੈ ॥ਵਾਰ ੧੨॥ਪਉੜੀ ੪॥ *(ਭਾਈ ਗੁਰਦਾਸ ਜੀ)*

ਨੈਕ

੧. ਯਹ ਮਨੁ 'ਨੈਕ' ਨ ਕਹਿਓ ਕਰੈ ॥ਰਹਾਉ॥੧॥ *(ਪੰਨਾ ੫੩੬)*

ਕਿੰਚਤ

੧. ਗੁਰ 'ਕਿੰਚਤ' ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥੪॥੪॥ *(ਪੰਨਾ ੬੫੫)*

ਅਤਿ

੧. ਸਿੰਮਲ ਰੁਖੁ ਸਰਾਇਰਾ 'ਅਤਿ' ਦੀਰਘ 'ਅਤਿ' ਮੁਚੁ ॥ਸ.੧॥੧੪॥ *(ਪੰਨਾ ੪੭੦)*

ਸਮਸਰਿ

੧. ਤੁਮ 'ਸਮਸਰਿ' ਨਾਹੀ ਦਇਆਲੁ ਮੋਹਿ 'ਸਮਸਰਿ' ਪਾਪੀ ॥੪॥੩॥ *(ਪੰਨਾ ੮੫੬)*

ਸਮ

੧. ਉਸਤਤਿ ਨਿੰਦਾ ਗੁਰਿ 'ਸਮ' ਜਾਣਾਈ,
ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥ਰਹਾਉ॥੪੫॥ *(ਪੰਨਾ ੩੬੨)*

ਅਤੋਲਵੀ

੧. ਮਿਟੀ ਪਈ 'ਅਤੋਲਵੀ', ਕੋਇ ਨ ਹੋਸੀ ਮਿਤੁ ॥੫੭॥ *(ਪੰਨਾ ੧੩੮੦)*

ਬਰਾਬਰੀ

੧. ਖਸਮੈ ਕਰੇ 'ਬਰਾਬਰੀ' ਫਿਰਿ ਗੈਰਤਿ ਅੰਦਰਿ ਪਾਇ ॥ਪਉੜੀ ੨੨॥ *(ਪੰਨਾ ੪੭੪)*

ਸਮਾਨਿ

੧. ਕੋਊ ਹਰਿ 'ਸਮਾਨਿ' ਨਹੀ ਰਾਜਾ ॥ਰਹਾਉ॥੫॥ *(ਪੰਨਾ ੮੫੬)*

ਇਤਨਾ ਕੁ

੧. ਜਨਨੀ ਜਾਨਤ ਸੁਤੁ ਬਡਾ ਹੋਤੁ ਹੈ,
'ਇਤਨਾ ਕੁ' ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥੧॥੧॥ *(ਪੰਨਾ ੯੨)*

ਕੇਤਾ

੧. ਲਾਖ ਅਹੇਰੀ ਏਕੁ ਜੀਉ, 'ਕੇਤਾ' ਬੰਚਉ ਕਾਲੁ ॥੫੩॥ *(ਪੰਨਾ ੧੩੬੭)*

ਜੇਤਾ

੧. 'ਜੇਤਾ' ਊਡਹਿ ਦੁਖ ਘਣੇ, ਨਿਤ ਦਾਝਹਿ ਤੈ ਬਿਲਲਾਹਿ ॥੨॥੨੦॥ *(ਪੰਨਾ ੬੬)*

ਕੇਤੜਾ

੧. ਮੂਰਖ ਮਨ ਸਮਝਾਇ ਆਖਉ 'ਕੇਤੜਾ' ॥੪॥੩॥ *(ਪੰਨਾ ੭੫੨)*

ਤੇਤਾ

੧. ਜੇਤਾ ਸੁਨਹਿ 'ਤੇਤਾ' ਬਖਿਆਨਹਿ ॥੮॥੭॥ *(ਪੰਨਾ ੨੭੨)*

੧੯.੫ ਸੰਖਿਆਵਾਚਕ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜੋ ਕ੍ਰਿਆ ਦੁਆਰਾ ਪ੍ਰਗਟਾਏ ਕੰਮ ਦੇ ਵਾਪਰਨ ਦੀ ਵਾਰੀ (frequency) ਦਰਸਾਵੇ।

ਗੁਰਬਾਣੀ ਦੀਆਂ ਉਦਾਹਰਣਾਂ

ਏਕਾ ਵਾਰ

੧. ਜੋ ਕਿਛੁ ਪਾਇਆ ਸੁ 'ਏਕਾ ਵਾਰ' ॥੩੧॥ *(ਪੰਨਾ ੭)*

ਏਕ ਬਾਰ

੧. ਅਜਾਮਲੁ ਉਧਰਿਆ ਕਹਿ 'ਏਕ ਬਾਰ' ॥੧॥੧॥ *(ਪੰਨਾ ੧੧੯੨)*

ਦੋਊ ਬਾਰਾ

੧. ਨਹੀ ਹੋਤ ਕਛੁ 'ਦੋਊ ਬਾਰਾ' ॥੧੭॥ਪਵੜੀ॥ *(ਪੰਨਾ ੨੫੩)*

ਅਨਿਕ ਬਾਰ

੧. 'ਅਨਿਕ ਬਾਰ' ਕਰਉ ਤਿਹ ਬੰਦਨ, ਮਨਹਿ ਚਰ੍ਹਾਵਉ ਧੂਪ ॥੧॥੮॥ *(ਪੰਨਾ ੭੦੧)*

ਬਾਰੰ ਬਾਰ

੧. ਸਿਮਰਿ ਸਿਮਰਿ ਨਾਮੁ 'ਬਾਰੰ ਬਾਰ' ॥੨॥੨੪॥ *(ਪੰਨਾ ੨੯੫)*

ਬਹੁਰਿ ਬਹੁਰਿ

੧. 'ਬਹੁਰਿ ਬਹੁਰਿ' ਪਿਰ ਹੀ ਸੰਗੁ ਮਾਗੈ, ਓਹੁ ਬਾਤ ਜਾਨੈ ਕਰਿ ਹਾਸਾ ਹੇ ॥੬॥੨॥
(ਪੰਨਾ ੧੦੭੩)

ਵਲਿ ਵਲਿ

੧. ...ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ 'ਵਲਿ ਵਲਿ' ਅਉਤਰੈ ॥੪॥੨॥ *(ਪੰਨਾ ੫੨੬)*

ਫੁਨਿ ਫੁਨਿ

੧. ਆਵਾ ਗਵਨੁ ਹੋਤੁ ਹੈ 'ਫੁਨਿ ਫੁਨਿ', ਇਹੁ ਪਰਸੰਗੁ ਨ ਤੂਟੈ ॥੨॥੮॥
(ਪੰਨਾ ੯੭੧)

ਫਿਰਿ ਫਿਰਿ

੧. ਸਰ ਅਪਸਰ ਕੀ ਸਾਰ ਨ ਜਾਣਹਿ, 'ਫਿਰਿ ਫਿਰਿ' ਕੀਚ ਬੁਡਾਹੀ ਜੀਉ ॥੨॥੬॥
(ਪੰਨਾ ੫੯੮)

ਸਦ ਵਾਰ

੧. ਬਲਿਹਾਰੀ ਗੁਰ ਆਪਣੇ, ਦਿਉਹਾੜੀ 'ਸਦ ਵਾਰ' ॥੧॥੧॥ *(ਪੰਨਾ ੪੬੨)*

ਲਖ ਲਖ ਲਖ ਬਰੀਆ

੧. ਹਉ ਬਲਿ ਜਾਈ 'ਲਖ ਲਖ ਲਖ ਬਰੀਆ', ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥੪॥੪॥
(ਪੰਨਾ ੭੭੯)

ਵਤਿ (ਪੁਨਹ, ਮੁੜ)

੧. ਫਰੀਦਾ ਏਹੋ ਪਛੋਤਾਉ 'ਵਤਿ' ਕੁਆਰੀ ਨ ਥੀਐ ॥੬੩॥ *(ਪੰਨਾ ੧੩੮੧)*

੧੬.੬ ਨਿਰਨਾਵਾਚੀ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜਿਸ ਤੋਂ ਕਿਸੇ ਕੰਮ ਦੇ ਹੋਣ ਜਾਂ ਨਾ ਹੋਣ ਬਾਰੇ ਸਪੱਸ਼ਟ ਨਿਰਨੇ ਦਾ ਸੰਕੇਤ ਮਿਲੇ।

ਗੁਰਬਾਣੀ ਦੀਆਂ ਉਦਾਹਰਣਾਂ

ਨ

੧. ਸਕਤਿ ਸਨੇਹੁ ਕਰਿ ਸੁੰਨਤਿ ਕਰੀਐ, ਮੈ 'ਨ' ਬਦਉਗਾ ਭਾਈ ॥੨॥੮॥ *(ਪੰਨਾ ੪੭੭)*

੨. ਮੈ 'ਨ' ਮਰਉ, ਮਰਿਬੋ ਸੰਸਾਰਾ ॥ਰਹਾਉ॥੧੨॥ *(ਪੰਨਾ ੩੨੫)*

ਨਾ

੧. 'ਨਾ' ਕਰਿ ਚਿੰਤ ਚਿੰਤਾ ਹੈ ਕਰਤੇ ॥੬॥੨॥ *(ਪੰਨਾ ੧੦੭੦)*

ਨਾਹਿਨ

੧. 'ਨਾਹਿਨ' ਗੁਨੁ 'ਨਾਹਿਨ' ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥੩॥੨॥
(ਪੰਨਾ ੭੦੩)

ਨਹੀਨ

੧. ਮੋਹਿ ਐਸੇ ਬਨਜ ਸਿਉ 'ਨਹੀਨ' ਕਾਜੁ ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ਰਹਾਉ॥੬॥ *(ਪੰਨਾ ੧੧੮੫)*

ਨਹ

੧. ਭਉਰੁ ਉਸਤਾਦੁ ਨਿਤ ਭਾਖਿਆ ਬੋਲੇ, ਕਿਉ ਬੂਝੈ ਜਾ 'ਨਹ' ਬੁਝਾਈ ॥੨॥੨੭॥
(ਪੰਨਾ ੨੪)

ਨਹੁ

੧. ਜਿਨਿ ਗੁਰੁ ਨ ਦੇਖਿਅਉ, 'ਨਹੁ' ਕੀਅਉ, ਤੇ ਅਕਯਥ ਸੰਸਾਰ ਮਹਿ ॥੪॥੮॥
(ਪੰਨਾ ੧੩੯੬)

ਨੀਮ੍

੧. ਦਰੁ ਬੀਭਾ ਮੈ 'ਨੀਮ੍' ਕੋ, ਕੈ ਕਰੀ ਸਲਾਮੁ ॥ਰਹਾਉ॥੧੪॥ *(ਪੰਨਾ ੪੧੮)*

ਨੀਮ੍ਹੀ

੧. ਚਾਰੇ ਕੁੰਡਾ ਢੂਢੀਆ, ਕੋ 'ਨੀਮ੍ਹੀ' ਮੈਡਾ ॥੧॥੧੪॥ *(ਪੰਨਾ ੪੧੮)*

ਜਿਨਿ

੧. ਧਨੁ ਦਾਰਾ ਸੰਪਤਿ ਸਗਲ 'ਜਿਨਿ' ਅਪੁਨੀ ਕਰਿ ਮਾਨਿ ॥੫॥ *(ਪੰਨਾ ੧੪੨੬)*
[ਜਿਨਿ (ਮਾਨਿ)—ਨਾ ਮੰਨ]

ਮਤ

੧. ਨਾਨਕ ਚਿੰਤਾ 'ਮਤ' ਕਰਹੁ ਚਿੰਤਾ ਤਿਸ ਹੀ ਹੋਇ ॥੧॥੧੮॥ *(ਪੰਨਾ ੯੫੫)*
[ਮਤ ਕਰਹੁ—ਨਾ ਕਰੋ]

ਸਤਿ ਸਤਿ

੧. ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨਿ ਸਤਿਗੁਰ ਕੀ ਆਗਿਆ 'ਸਤਿ ਸਤਿ' ਕਰਿ ਮਾਨੀ ॥੧॥੧੧॥
(ਪੰਨਾ ੬੬੯)

੧੬.੭ ਕਾਰਣਵਾਚਕ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜੋ ਕਿਸੇ ਕੰਮ ਦੇ ਹੋਣ ਜਾਂ ਨਾ ਹੋਣ ਦਾ ਕਾਰਣ (ਸਬੱਬ) ਦਰਸਾਏ।

ਗੁਰਬਾਣੀ ਦੀ ਉਦਾਹਰਣ

ਯਾ ਤੇ

੧. ਚੰਚਲ ਤ੍ਰਿਸਨਾ ਸੰਗਿ ਬਸਤੁ ਹੈ 'ਯਾ ਤੇ' ਥਿਰੁ ਨ ਰਹਾਈ ॥ਰਹਾਉ॥੪॥
(ਪੰਨਾ ੨੧੬)

੧੯.੮ ਤਾਕੀਦਵਾਚੀ ਕ੍ਰਿਆ-ਵਿਸ਼ੇਸ਼ਣ

ਲੱਛਣ

ਅਜਿਹਾ ਕ੍ਰਿਆ-ਵਿਸ਼ੇਸ਼ਣ, ਜੋ ਕ੍ਰਿਆ ਤੋਂ ਪ੍ਰਗਟ ਹੋਣ ਵਾਲੇ ਕੰਮ ਦੀ ਤਾਕੀਦ ਜਾਂ ਪ੍ਰੇੜ੍ਹਤਾ ਕਰੇ।

ਗੁਰਬਾਣੀ ਦੀਆਂ ਉਦਾਹਰਣਾਂ

ਨ

੧. **ਉਡਹੁ 'ਨ' ਕਾਗਾ ਕਾਰੇ ॥**
ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ਰਹਾਉ॥੬੫॥ *(ਪੰਨਾ ੩੩੮)*

ਸਰਪਰ

੧. **'ਸਰਪਰ' ਉਠੀ ਚਲਣਾ, ਛਡਿ ਜਾਸੀ ਲਖ ਕਰੋੜਿ ॥੩॥੯੨॥** *(ਪੰਨਾ ੫੦)*

ਭੀ

੧. **'ਭੀ' ਸਾਲਾਹਿਹੁ ਸਾਚਾ ਸੋਇ ॥**
ਜਾ ਕੀ ਨਦਰਿ ਸਦਾ ਸੁਖੁ ਹੋਇ ॥ਰਹਾਉ॥੧॥ *(ਪੰਨਾ ੫੯੫)*

੨. **ਫਰੀਦਾ ਸਰੁ ਭਰਿਆ 'ਭੀ' ਚਲਸੀ, ਥਕੇ ਕਵਲ ਇਕਲ ॥੬੬॥** *(ਪੰਨਾ ੧੩੮੧)*

ਮੂਲੇ

੧. **ਐਸਾ ਕੰਮੁ 'ਮੂਲੇ' ਨ ਕੀਚੈ, ਜਿਤੁ ਅੰਤਿ ਪਛੋਤਾਈਐ ॥੧੧॥** *(ਪੰਨਾ ੯੧੮)*

ਹੀ

੧. **ਤੇਰੇ ਕਹਨੇ ਕੀ ਗਤਿ ਕਿਆ ਕਹਉ, ਮੈ ਬੋਲਤ 'ਹੀ' ਬਡ ਲਾਜ ॥੧॥੩॥**
(ਪੰਨਾ ੧੧੦੩)

੨. **ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ 'ਹੀ' ਪਰਵਾਣੁ ਭਇਆ ॥੩॥੩੮॥** *(ਪੰਨਾ ੩੬੦)*

ਹੂੰ

੧. **ਰਾਵਨ 'ਹੂੰ' ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥੧॥** *(ਪੰਨਾ ੧੨੫੧)*

ਓ

੧. **ਤਬ ਤੇਰੀ ਓਕ ਕੋਈ 'ਪਾਨੀਓ' ਨ ਪਾਵੈ ॥੨॥੬॥** *(ਪੰਨਾ ੬੫੬)*
[ਪਾਨੀਓ—'ਪਾਨੀ ਹੂ' ਦਾ ਜੁੜਤ ਰੂਪਾਂਤਰ]

ਈ

੧. **ਕਰਮ ਧਰਮ ਸਗਲਾ 'ਈ' ਖੋਵੈ ॥੩॥੨੨॥** *(ਪੰਨਾ ੬੭੬)*

ਓ

੧. **ਕਬਹੂ ਪਾਇ 'ਪਨਹੀਓ' ਨ ਪਾਵੈ ॥੨॥੫॥** *(ਪੰਨਾ ੧੧੬੪)*
[ਪਨਹੀਓ—'ਪਨਹੀ ਹੂ' ਦਾ ਜੁੜਤ ਰੂਪਾਂਤਰ]

ਅਸਲਿ

੧. **ਨਾਨਕ ਤੇ ਨਰ 'ਅਸਲਿ' ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥** *(ਪੰਨਾ ੧੪੧੧)*

੨੦. ਸੰਬੰਧਕ (Preposition)

(ੳ) ਲੱਛਣ

ਵਾਕ ਵਿਚਲਾ ਉਹ ਸ਼ਬਦ ਜੋ ਕਿਸੇ ਨਾਂਵ ਜਾਂ ਪੜਨਾਂਵ ਦੇ ਮਗਰੋਂ ਆ ਕੇ ਉਸ ਦਾ ਸੰਬੰਧ ਵਾਕ ਦੀ ਕ੍ਰਿਆ ਜਾਂ ਕਿਸੇ ਹੋਰ ਵਾਕ-ਅੰਗ ਨਾਲ ਪ੍ਰਗਟ ਕਰੇ, ਸੰਬੰਧਕ (ਸੰਬੰਧਕੀ-ਪਦ) ਕਹੀਦਾ ਹੈ; ਜਿਵੇਂ :

(ਅ) ਸੰਬੰਧਕਾਂ ਦੀਆਂ ਉਦਾਹਰਣਾਂ

- ਸਾਰੀ ਦ੍ਰਿਸ਼ਟਮਾਨ ਰਚਨਾ ਰਾਮ 'ਨੇ' ਬਣਾਈ ਹੈ।
- ਹਉਮੈ 'ਨੂੰ' ਅੰਦਰੋਂ ਦੂਰ ਕਰੋ।
- ਆਤਮ-ਗਿਆਨ ਗੁਰੂ 'ਦੁਆਰਾ' ਹੀ ਪ੍ਰਾਪਤ ਹੋ ਸਕਦਾ ਹੈ।
- ਗੁਰ-ਦਰਸਨ 'ਲਈ' ਮਨ ਤਰਸ ਰਿਹਾ ਹੈ।
- ਨਾਮ-ਦਾਤ ਗੁਰੂ-ਦਰ 'ਤੋਂ' ਹੀ ਪ੍ਰਾਪਤ ਹੋ ਸਕਦੀ ਹੈ।
- ਸਰਬੱਤ 'ਦਾ' ਭਲਾ ਮੰਗੋ।
- ਹਰੇਕ ਜੀਵ 'ਵਿਚ' ਪ੍ਰਭੂ ਦਾ ਨਿਵਾਸ ਹੈ।

ਉਪਰੋਕਤ ਵਾਕਾਂ ਵਿਚ ਕ੍ਰਮਵਾਰ ਸ਼ਬਦ 'ਨੇ, ਨੂੰ, ਦੁਆਰਾ, ਲਈ, ਤੋਂ, ਦਾ, ਵਿਚ' ਸੰਬੰਧਕ ਹਨ।

(ੲ) ਸੰਬੰਧ-ਸੂਚਕ ਚਿੰਨ੍ਹ

ਪੁਰਾਤਨ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਸੰਜੋਗਾਤਮਿਕ ਸਨ, ਭਾਵ, ਉਹਨਾਂ ਵਿਚਲੇ ਨਾਵਾਂ, ਪੜਨਾਵਾਂ ਨਾਲ ਵੱਖਰੇ ਤੌਰ 'ਤੇ ਸੰਬੰਧਕਾਂ ਦੀ ਵਰਤੋਂ ਕਰਨ ਦੀ ਬਜਾਏ ਉਹਨਾਂ ਦੇ ਅੰਤਲੇ ਅੱਖਰਾਂ ਨਾਲ ਸੰਬੰਧ-ਸੂਚਕ ਪਿਛੇਤਰ-ਚਿੰਨ੍ਹ ਜੋੜ ਦਿੱਤੇ ਜਾਂਦੇ ਸਨ, ਜਿਨ੍ਹਾਂ ਨੂੰ ਕਾਰਕ-ਚਿੰਨ੍ਹ ਵੀ ਕਹੀਦਾ ਸੀ।

ਇਹ ਕਾਰਕ-ਚਿੰਨ੍ਹ ਹੀ ਸੰਬੰਧਕਾਂ ਦਾ ਕੰਮ ਸਾਰਦੇ ਸਨ। ਭਾਸ਼ਾਵਾਂ ਦੇ ਸੰਜੋਗਾਤਮਿਕ ਹੋਣ ਦਾ ਇਹ ਗੁਣ ਸੀ ਕਿ ਰਹਸਮਈ ਕਥਨ ਸੰਖੇਪ ਸ਼ਬਦਾਵਲੀ ਵਿਚ ਅਤੇ ਰਹਸਮਈ ਢੰਗ ਨਾਲ ਵਰਣਾਏ ਜਾ ਸਕਦੇ ਸਨ।

ਚੂੰਕਿ, ਸਮੇਂ ਦੇ ਗੇੜ ਨਾਲ ਇੱਕੋ ਹੀ ਕਾਰਕ-ਚਿੰਨ੍ਹ ਕਈ ਕਾਰਕਾਂ ਵਿਚ ਵਰਤਿਆ ਜਾਣ ਲੱਗ ਪਿਆ, ਇਸ ਲਈ ਕਾਰਕ-ਚਿੰਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਣ ਦੀ ਯੋਗਤਾ ਘਟ ਗਈ ਅਤੇ ਉਹਨਾਂ ਦੇ ਠੀਕ ਅਰਥ-ਭਾਵ ਸਮਝਣ ਵਿਚ ਕਠਿਨਾਈ ਭਾਸਣ ਲੱਗ ਪਈ। ਸੋ, ਭੁਲੇਖੇ ਦੀ ਸੰਭਾਵਨਾ ਮੇਟਣ ਲਈ ਅਤੇ ਭਾਸ਼ਾ ਨੂੰ ਸੁਖੈਨ ਕਰਨ ਲਈ ਕਾਰਕ-ਚਿੰਨ੍ਹਾਂ ਦੀ ਥਾਵੇਂ ਹੌਲੀ ਹੌਲੀ ਸੰਬੰਧਕਾਂ ਦੀ ਵਰਤੋਂ ਹੁੰਦੀ ਗਈ।

ਗੁਰਬਾਣੀ ਅੰਦਰ, ਜਿਥੇ ਕਾਰਕ-ਚਿੰਨ੍ਹਾਂ ਦੀ ਵਰਤੋਂ ਕੀਤੀ ਮਿਲਦੀ ਹੈ, ਉਥੇ ਸੰਬੰਧਕਾਂ ਦੀ ਵਰਤੋਂ ਵੀ ਕਾਫ਼ੀ ਗਿਣਤੀ ਵਿਚ ਮਿਲਦੀ ਹੈ। ਗੁਰਬਾਣੀ ਦੀ ਲਿਖਤ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਇੱਕੋ ਹੀ ਕਾਰਕ-ਚਿੰਨ੍ਹ ਵੱਖ ਵੱਖ ਕਾਰਕਾਂ ਲਈ ਵਰਤਿਆ ਜਾਂਦਾ ਸੀ।

ਪਾਠਕਾਂ ਪ੍ਰਤੀ ਸਥਿਤੀ ਸਪੱਸ਼ਟ ਕਰਨ ਲਈ ਕੇਵਲ ਮੁਕਤਾ ਅੰਤਿਕ, ਪੁਲਿੰਗ, ਇਕ-ਵਚਨ ਨਾਵਾਂ ਨਾਲ ਸੰਬੰਧਤ ਵੱਖ ਵੱਖ ਕਾਰਕਾਂ ਦੇ ਕਾਰਕ-ਚਿੰਨ੍ਹਾਂ ਦਾ ਸੰਖੇਪ ਜਿਹਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ :

(ੳ) ਕਰਤਾ ਕਾਰਕ, ਇਕ-ਵਚਨ

੧. **'ਗੁਰਿ' ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥੧੭॥** *(ਪੰਨਾ ੭੧੫)*
[ਗੁਰਿ—ਗੁਰੂ ਨੇ। ਅੰਤਲੀ 'ਿ' ਸੰਬੰਧਕੀ-ਪਦ 'ਨੇ' ਦਾ ਸੂਚਕ ਹੈ।]

੨. **'ਗੁਰਹਿ' ਦਿਖਾਇਓ ਲੋਇਨਾ ॥ਰਹਾਉ॥੧੪੪॥** *(ਪੰਨਾ ੪੦੭)*
[ਗੁਰਹਿ—ਗੁਰੂ ਨੇ। ਗੁਰਹਿ ਸ਼ਬਦ ਦਾ ਅੰਤਲਾ ਕਾਰਕ ਚਿੰਨ੍ਹ 'ਹਿ' ਸੰਬੰਧਕੀ-ਪਦ 'ਨੇ' ਦਾ ਸੂਚਕ ਹੈ।]

(ਅ) ਕਰਮ ਕਾਰਕ, ਇਕ-ਵਚਨ

੧. **ਜਾਲਿ 'ਮੋਹੁ' ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥੧॥੬॥** *(ਪੰਨਾ ੧੬)*
[ਮੋਹੁ—ਮੋਹ ਨੂੰ। 'ਮੋਹੁ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ (ੁ) ਸੰਬੰਧਕੀ-ਪਦ 'ਨੂੰ' ਦਾ ਸੂਚਕ ਹੈ।]

੨. **'ਹੁਕਮੈ' ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥੪॥** *(ਪੰਨਾ ੭੬੩)*
[ਹੁਕਮੈ—ਹੁਕਮ ਨੂੰ। 'ਹੁਕਮੈ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ (ੈ) ਸੰਬੰਧਕੀ-ਪਦ 'ਨੂੰ' ਦਾ ਸੂਚਕ ਹੈ।]

੩. **'ਖਸਮਹਿ' ਜਾਣਿ ਖਿਮਾ ਕਰਿ ਰਹੈ ॥੮॥੪੫॥** *(ਪੰਨਾ ੩੪੦)*
[ਖਸਮਹਿ—ਖਸਮ ਨੂੰ। 'ਖਸਮਹਿ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਹਿ' ਸੰਬੰਧਕੀ-ਪਦ 'ਨੂੰ' ਦਾ ਸੂਚਕ ਹੈ।]

(ੲ) ਕਰਣ ਕਾਰਕ

੧. **ਜਿਉ 'ਸਾਬੁਨਿ' ਕਾਪਰ ਊਜਲ ਹੋਤ ॥੫॥੪॥** *(ਪੰਨਾ ੯੧੪)*
[ਸਾਬੁਨਿ—ਸਾਬੁਨ ਦੁਆਰਾ। 'ਸਾਬੁਨਿ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਿ' ਸੰਬੰਧਕੀ-ਪਦ 'ਦੁਆਰਾ' ਦਾ ਸੂਚਕ ਹੈ।]

੨. **ਕਮਲੁ ਵਿਗਸੈ ਸਚੁ ਮਨਿ ਗੁਰ ਕੈ 'ਸਬਦਿ' ਨਿਹਾਲੁ ॥ਸ.੧॥੧॥** *(ਪੰਨਾ ੧੨੭੯)*
[ਸਬਦਿ—ਸ਼ਬਦ ਦੁਆਰਾ। 'ਸਬਦਿ' ਦਾ ਅੰਤਲਾ ਕਾਰਕ-ਚਿੰਨ੍ਹ 'ਿ' ਸੰਬੰਧਕੀ-ਪਦ 'ਦੁਆਰਾ' ਦਾ ਸੂਚਕ ਹੈ।]

੩. **ਗੁਰ 'ਪਰਸਾਦੀ' ਪਾਇਆ ॥**
ਤਿਥੈ ਮਾਇਆ ਮੋਹੁ ਚੁਕਾਇਆ ॥੨੧॥੧॥ *(ਪੰਨਾ ੭੩)*
[ਪਰਸਾਦੀ—ਪਰਸਾਦ ਦੁਆਰਾ। ਸ਼ਬਦ 'ਪਰਸਾਦੀ' ਦਾ ਅੰਤਲਾ ਕਾਰਕ-ਚਿੰਨ੍ਹ 'ੀ' ਸੰਬੰਧਕੀ-ਪਦ 'ਦੁਆਰਾ' ਦਾ ਸੂਚਕ ਹੈ।]

੪. **ਹਰਿ ਹਰਿ ਕਰਤ ਪੂਤਨਾ ਤਰੀ ॥**
ਬਾਲ ਘਾਤਨੀ 'ਕਪਟਹਿ' ਭਰੀ ॥੩॥੫॥ *(ਪੰਨਾ ੬੭੪)*
[ਕਪਟਹਿ—ਕਪਟ ਨਾਲ। ਸ਼ਬਦ 'ਕਪਟਹਿ' ਦਾ ਅੰਤਲਾ ਕਾਰਕ-ਚਿੰਨ੍ਹ 'ਹਿ' ਸੰਬੰਧਕੀ-ਪਦ 'ਨਾਲ' ਦਾ ਸੂਚਕ ਹੈ।]

(ਸ) ਸੰਪ੍ਰਦਾਨ ਕਾਰਕ

੧. **ਸਰਵਰ ਹੰਸ ਧੁਰੇ ਹੀ ਮੇਲਾ 'ਖਸਮੈ' ਏਵੈ ਭਾਣਾ ॥ਸ.੧॥ਪ.੨੧॥** *(ਪੰਨਾ ੯੫੬)*
[ਖਸਮੈ—ਖਸਮ ਨੂੰ। 'ਖਸਮੈ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ ' ੈ' ਸੰਬੰਧਕੀ-ਪਦ 'ਨੂੰ' ਦਾ ਸੂਚਕ ਹੈ।]

੨. **ਬਲਿ ਤਿਸੁ 'ਬਾਪੈ' ਜਿਨਿ ਹਉ ਜਾਇਆ ॥੨॥੩॥** *(ਪੰਨਾ ੪੭੬)*
[ਬਾਪੈ—ਬਾਪ ਨੂੰ। 'ਬਾਪੈ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ੈ' ਸੰਬੰਧਕੀ-ਪਦ 'ਨੂੰ' ਦਾ ਸੂਚਕ ਹੈ।]

੩. **ਬਲਿਹਾਰੀ 'ਗੁਰ' ਆਪਣੇ ਦਿਉਹਾੜੀ ਸਦ ਵਾਰ ॥ਸ.੧॥ਪ.੧॥** *(ਪੰਨਾ ੪੬੨)*
[ਗੁਰ—ਗੁਰ ਵਿਟਹੁੰ। 'ਗੁਰ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਮੁਕਤਾ', ਸੰਬੰਧਕੀ-ਪਦ 'ਵਿਟਹੁ' ਦਾ ਸੂਚਕ ਹੈ।]

੪. **'ਮਨਹਿ' ਬਿਆਪਤ ਅਨਿਕ ਤਰੰਗਾ ॥੧॥੧॥** *(ਪੰਨਾ ੭੫੯)*
[ਮਨਹਿ—ਮਨ ਨੂੰ। 'ਮਨਹਿ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਹਿ' ਸੰਬੰਧਕੀ-ਪਦ 'ਨੂੰ' ਦਾ ਸੂਚਕ ਹੈ।]

(ਹ) ਅਪਾਦਾਨ ਕਾਰਕ

੧. **ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ 'ਮਨਿ' ਚੂਕੈ ਅਹੰਕਾਰੋ ॥੬੦॥** *(ਪੰਨਾ ੯੪੪)*
[ਮਨਿ—ਮਨ ਤੋਂ। 'ਮਨਿ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਿ' ਸੰਬੰਧਕੀ-ਪਦ 'ਤੋਂ' ਦਾ ਸੂਚਕ ਹੈ।]

੨. **'ਮੁਖਹੁ' ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥੮॥੨॥** *(ਪੰਨਾ ੫੬੫)*
[ਮੁਖਹੁ—ਮੁਖ ਤੋਂ। 'ਮੁਖਹੁ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਹੁ' ਸੰਬੰਧਕੀ-ਪਦ 'ਤੋਂ' ਦਾ ਸੂਚਕ ਹੈ।]

੩. **ਇਕਿ ਰੋਵਹਿ 'ਪਿਰਹਿ' ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥** *(ਪੰਨਾ ੫੮੪)*
[ਪਿਰਹਿ—ਪਿਰ ਤੋਂ। 'ਪਿਰਹਿ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਹਿ' ਸੰਬੰਧਕੀ-ਪਦ 'ਤੋਂ' ਦਾ ਸੂਚਕ ਹੈ।]

(ਕ) ਸੰਬੰਧ ਕਾਰਕ

੧. **ਸਾਚੀ 'ਗੁਰ' ਵਡਿਆਈ ॥**
ਤਾ ਕੀ ਕੀਮਤਿ ਕਹਣੁ ਨ ਜਾਈ ॥੨॥੫੨॥ *(ਪੰਨਾ ੬੨੧)*
[ਗੁਰ—ਗੁਰ ਦੀ। 'ਗੁਰ' ਸ਼ਬਦ ਦਾ ਅੰਤਲਾ ਮੁਕਤਾ ਸੂਰ ਸੰਬੰਧਕੀ-ਪਦ 'ਦਾ' ਦਾ ਸੂਚਕ ਹੈ।]

੨. **'ਹੁਕਮੀ' ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ ॥੮॥੧੧॥** *(ਪੰਨਾ ੧੦੫੪)*
[ਹੁਕਮੀ—ਹੁਕਮ ਦਾ। 'ਹੁਕਮੀ' ਸ਼ਬਦ ਦਾ ਅੰਤਲਾ ਸੂਰ 'ੀ' ਸੰਬੰਧਕੀ-ਪਦ 'ਦਾ' ਦਾ ਸੂਚਕ ਹੈ।]

੩. **ਗੁਰ ਕੀ ਸੇਵਾ ਸੇਵਕੋ ਨਾਨਕ 'ਖਸਮੈ' ਬੰਦਾ ॥੪॥੧੧੯॥** *(ਪੰਨਾ ੪੦੦)*
[ਖਸਮੈ—ਖਸਮ ਦਾ। 'ਖਸਮੈ' ਸ਼ਬਦ ਦਾ ਅੰਤਲਾ ਸੂਰ ' ੈ' ਸੰਬੰਧਕੀ-ਪਦ 'ਦਾ' ਦਾ ਸੂਚਕ ਹੈ।]

੪. **ਜਿਸੁ ਵਖਰ ਕਉ ਚਾਹਤਾ ਸੋ ਪਾਇਓ 'ਨਾਮਹਿ' ਰੰਗਿ ॥੨॥੩੯॥** *(ਪੰਨਾ ੪੩੧)*

[ਨਾਮਹਿ—ਨਾਮ ਦੇ। 'ਨਾਮਹਿ' ਸ਼ਬਦ ਦਾ ਅੰਤਲਾ ਚਿੰਨ੍ਹ 'ਹਿ' ਸੰਬੰਧਕੀ-ਪਦ 'ਦੇ' ਦਾ ਸੂਚਕ ਹੈ।]

(ਖ) ਅਧਿਕਰਣ ਕਾਰਕ

੧. **ਮੇਰੈ 'ਮਨਿ' ਸਬਦੁ ਲਗੋ ਗੁਰ ਮੀਠਾ ॥ਰਹਾਉ॥੪੨॥** *(ਪੰਨਾ ੧੨੧੨)*

[ਮਨਿ—ਮਨ ਵਿਚ। ਸ਼ਬਦ 'ਮਨਿ' ਦਾ ਅੰਤਲਾ ਕਾਰਕ-ਚਿੰਨ੍ਹ 'ਿ' ਸੰਬੰਧਕੀ-ਪਦ 'ਵਿਚ' ਦਾ ਸੂਚਕ ਹੈ।]

੨. **ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥**
ਮਨੂਆ ਡੋਲੈ 'ਨਰਕੇ' ਪਾਈ ॥੫॥੬॥ *(ਪੰਨਾ ੯੦੬)*

[ਨਰਕੇ—ਨਰਕ ਵਿਚ। 'ਨਰਕੇ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ੇ' ਸੰਬੰਧਕੀ-ਪਦ 'ਵਿਚ' ਦਾ ਸੂਚਕ ਹੈ।]

੩. **ਜਿਸਹਿ ਸੀਗਾਰੇ ਨਾਨਕਾ ਤਿਸੁ 'ਸੁਖਹਿ' ਬਸੇਰਾ ॥੪॥੧੧੭॥** *(ਪੰਨਾ ੪੦੦)*

[ਸੁਖਹਿ—ਸੁਖ ਵਿਚ। 'ਸੁਖਹਿ' ਸ਼ਬਦ ਦਾ ਅੰਤਲਾ ਕਾਰਕ-ਚਿੰਨ੍ਹ 'ਹਿ' ਸੰਬੰਧਕੀ-ਪਦ 'ਵਿਚ' ਦਾ ਸੂਚਕ ਹੈ।]

ਗੁਰਬਾਣੀ ਵਿਚ ਸਮੁੱਚੇ ਤੌਰ 'ਤੇ ਹੇਠ ਲਿਖੇ ਕਾਰਕ-ਚਿੰਨ੍ਹਾਂ ਦੀ ਵਰਤੋਂ ਕੀਤੀ ਮਿਲਦੀ ਹੈ :

"ਮੁਕਤਾ (ਇਸਦਾ ਕੋਈ ਵਿਸ਼ੇਸ਼ ਚਿੰਨ੍ਹ ਨਹੀਂ) ਾ, ਾਂ, f, ਇ, ਏ, ੀ, ੀਂ, ਈ, ੁ, ੂ, ੈ, ਐ, ੋ, ੌ (ੋਂ), ਹ, ਹੁ, ਾਹੁ, ਹਿ, ਉ, ਨ, ਲਾ।"

(ਸ) ਮੂਲਕ-ਅੰਗੀ (_) ਅਤੇ (f) ਵਾਲੇ ਸ਼ਬਦ

ਜਿਥੇ ਜਿਥੇ ਗੁਰਬਾਣੀ ਵਿਚ ਨਾਵਾਂ/ਪੜਨਾਵਾਂ ਨਾਲ ਵੱਖਰੇ ਸੰਬੰਧਕਾਂ ਦੀ ਵਰਤੋਂ ਕੀਤੀ ਹੋਈ ਹੈ, ਉਥੇ ਕਾਰਕ-ਚਿੰਨ੍ਹਾਂ ਦੀ ਵਰਤੋਂ ਨਹੀਂ ਕੀਤੀ ਗਈ, ਕਿਉਂਜੁ ਇਸ ਹਾਲਤ ਵਿਚ ਇਹ ਬੇਲੋੜੀ ਸੀ। ਗੁਰਬਾਣੀ ਅੰਦਰ ਕਈ ਥਾਵੇਂ ਵੇਖਣ ਵਿਚ ਆਉਂਦਾ ਹੈ ਕਿ ਕੁਝ ਨਾਵਾਂ ਮਗਰੋਂ ਸੰਬੰਧਕਾਂ ਦੀ ਵਰਤੋਂ ਵੀ ਕੀਤੀ ਹੋਈ ਹੈ ਅਤੇ ਨਾਲ ਹੀ ਅਜਿਹੇ ਨਾਵਾਂ ਦੇ ਅੰਤਲੇ ਅੱਖਰ ਨੂੰ ਕੋਈ ਸੁਰ ਵੀ ਲੱਗਾ ਮਿਲਦਾ ਹੈ। ਅਜਿਹੇ ਨਾਵਾਂ ਦਾ ਅੰਤਲਾ ਸੁਰ ਉਹਨਾਂ ਦਾ ਮੂਲਕ-ਸੁਰ ਹੈ। ਅਜਿਹੇ ਮੂਲਕ-ਅੰਗੀ ਸੁਰ-ਚਿੰਨ੍ਹਾਂ ਤੋਂ ਕਾਰਕ-ਚਿੰਨ੍ਹਾਂ ਦਾ ਭੁਲੇਖਾ ਨਹੀਂ ਖਾਣਾ ਚਾਹੀਦਾ। ਪਾਠਕਾਂ ਦੀ ਜਾਣਕਾਰੀ ਲਈ ਅਜਿਹੇ ਨਾਵਾਂ ਦੀਆਂ ਕੁਝ ਕੁ ਟੂਕ-ਮਾਤ੍ਰ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ :

੧. **'ਬਿੰਦੁ' ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥੧॥੨੩॥** *(ਪੰਨਾ ੪੮੧)*

੨. **'ਬਿਖੁ' ਕਾ ਮਾਤਾ ਬਿਖੁ ਮਾਹਿ ਸਮਾਈ ॥੩॥੬॥** *(ਪੰਨਾ ੨੩੨)*

੩. **ਕਰਿ ਪਰਪੰਚ ਉਦਰ ਨਿਜ ਪੋਖਿਓ 'ਪਸੁ' ਕੀ ਨਿਆਈ ਸੋਇਓ ॥੧॥੧੦॥** *(ਪੰਨਾ ੬੩੩)*

੪. **'ਛਾਰੁ' ਕੀ ਪੁਤਰੀ ਪਰਮ ਗਤਿ ਪਾਈ ॥ਪਉੜੀ ੨੩॥** *(ਪੰਨਾ ੨੫੫)*

੫. **ਧਾਤੁ ਮਿਲੈ ਫੁਨਿ 'ਧਾਤੁ' ਕਉ ਸਿਫਤੀ ਸਿਫਤਿ ਸਮਾਇ ॥੧॥੧੨॥** *(ਪੰਨਾ ੧੮)*

੬. **'ਸਾਸੁ' ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ ॥੧॥੨੫॥** *(ਪੰਨਾ ੪੮੨)*

੭. **'ਹਰਿ' ਕੇ ਲੋਗਾ ਮੈ ਤਉ 'ਮਤਿ' ਕਾ ਭੋਰਾ ॥ਰਹਾਉ॥੩॥** *(ਪੰਨਾ ੬੯੨)*

੮. **'ਹਰਿ' ਕੀ ਗਤਿ ਨਹਿ ਕੋਊ ਜਾਨੈ ॥ਰਹਾਉ॥੨॥** *(ਪੰਨਾ ੫੩੭)*

ਗੁਰਬਾਣੀ ਵਿਚ ਕੁਝ ਕੁ ਥਾਵੇਂ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਸਾਧਾਰਨ ਨਾਂਵ-ਸ਼ਬਦ ਨੂੰ ਕਾਰਕ-ਚਿੰਨ੍ਹ ਵੀ ਲੱਗਾ ਹੋਇਆ ਹੈ ਅਤੇ ਉਸ ਦੇ ਮਗਰ ਸੰਬੰਧਕ ਵੀ ਆਉਂਦਾ ਹੈ; ਜਿਵੇਂ :

੧. **ਦੀਵਾ ਮੇਰਾ ਏਕੁ ਨਾਮੁ, ਦੁਖੁ, 'ਵਿਚਿ' ਪਾਇਆ ਤੇਲੁ ॥੧॥੩੨॥** *(ਪੰਨਾ ੩੫੮)*

੨. **ਕਾਇਆ ਆਰਣੁ, ਮਨੁ, 'ਵਿਚਿ' ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ ॥੩॥੩॥** *(ਪੰਨਾ ੯੯੦)*

ਚੇਤੇ ਰਹੇ ਕਿ ਉਪਰੋਕਤ ਦੋਹਾਂ ਉਦਾਹਰਣਾਂ ਅੰਦਰ ਆਏ ਸੰਬੰਧਕ 'ਵਿਚਿ' ਦਾ ਸੰਬੰਧ ਉਹਨਾਂ ਤੋਂ ਪਹਿਲਾਂ ਆਏ ਕ੍ਰਮਵਾਰ ਨਾਵਾਂ 'ਦੁਖੁ' ਅਤੇ 'ਮਨੁ' ਨਾਲ ਨਹੀਂ, ਬਲਕਿ ਤੁਕਾਂ ਦੇ ਆਰੰਭਕ ਨਾਵਾਂ 'ਦੀਵਾ' ਅਤੇ 'ਕਾਇਆ' ਨਾਲ ਹੈ।

ਬਹੁਤੇ ਸੰਬੰਧਕ ਲਿੰਗ ਅਤੇ ਵਚਨ ਦੇ ਪ੍ਰਭਾਵ ਤੋਂ ਮੁਕਤ ਹਨ। ਪਰ ਾ-ਅੰਤਿਕ ਸੰਬੰਧਕਾਂ (ਦਾ, ਕਾ, ਕੇਰਾ, ਹੁੰਦਾ, ਸੰਦਾ, ਬਿਹੂਨਾ (ਵਿਹੂਣਾ), ਬਾਹਰਾ, ਚੋ (ਚਾ), ਜੇਹਾ, ਜੇਵਿਹਾ, ਆਦਿ) ਦੇ ਰੂਪ, ਲਿੰਗ ਅਤੇ ਵਚਨ ਦੇ ਪ੍ਰਭਾਵ ਅਧੀਨ ਤਬਦੀਲ ਹੁੰਦੇ ਹਨ।

ਬਹੁਤ ਸਾਰੇ ਸ਼ਬਦ ਕਿਤੇ ਕ੍ਰਿਆ-ਵਿਸ਼ੇਸ਼ਣ ਦੇ ਤੌਰ 'ਤੇ ਵਰਤੀਂਦੇ ਹਨ ਅਤੇ ਕਿਤੇ ਸੰਬੰਧਕ ਦੇ ਤੌਰ 'ਤੇ। ਅਜਿਹੇ ਸ਼ਬਦ ਜਦੋਂ ਕਿਸੇ ਨਾਂਵ ਜਾਂ ਪੜਨਾਂਵ ਦੇ ਮਗਰੋਂ ਉਸ ਨਾਲ ਸੰਬੰਧਤ ਹੋ ਕੇ ਆਉਣ ਤਾਂ ਇਹ ਸੰਬੰਧਕ ਹੁੰਦੇ ਹਨ, ਪਰ ਜਦੋਂ ਇਕੱਲੇ ਆਉਣ ਤਾਂ ਕ੍ਰਿਆ-ਵਿਸ਼ੇਸ਼ਣ ਹੁੰਦੇ ਹਨ। ਸਥਿਤੀ ਸਪੱਸ਼ਟ ਕਰਨ ਲਈ ਕੁਝ ਅਜਿਹੀਆਂ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

ਸ਼ਬਦ	*ਸੰਬੰਧਕ*	*ਕ੍ਰਿਆ-ਵਿਸ਼ੇਸ਼ਣ*
ਉਪਰ	ਆਕਾਸ਼ 'ਉਪਰ' ਬੱਦਲ ਛਾਏ ਹੋਏ ਹਨ।	ਤੁਸੀ 'ਉਪਰ' ਚੱਲ ਕੇ ਬੈਠੋ।
ਪਿੱਛੋਂ	ਉਹ ਮਹੀਨੇ 'ਪਿੱਛੋਂ' ਗੁਰਦੁਆਰੇ ਆਇਆ।	ਉਹਦੀ ਵਾਰੀ 'ਪਿੱਛੋਂ' ਜਾ ਕੇ ਆਈ।
ਨਾਲ	ਮੇਰੇ 'ਨਾਲ' ਚਲੋ।	ਅੰਤ ਨੂੰ 'ਨਾਲ' ਕਿਸੇ ਨਹੀਂ ਨਿਭਣਾ।
ਪਾਸ	ਮੇਰੇ 'ਪਾਸ' ਸੱਜ ਜਾਓ।	'ਆਸੇ ਪਾਸੇ' ਨਾ ਫਿਰੋ, ਟਿਕ ਕੇ ਬੈਠੋ।

ਗੁਰਬਾਣੀ ਅੰਦਰ ਆਏ ਸੰਬੰਧਕਾਂ ਦੇ ਅਧਿਐਨ ਤੋਂ ਵਿਦਤ ਹੁੰਦਾ ਹੈ ਕਿ ਇਕ ਇਕ ਸੰਬੰਧਕ ਵੱਖ ਵੱਖ ਅਰਥਾਂ ਵਿਚ ਵਰਤਿਆ ਹੋਇਆ ਹੈ ਅਤੇ ਇੱਕੋ ਹੀ ਅਰਥ-ਭਾਵ ਵਾਲੇ ਵੀ ਕਈ ਸੰਬੰਧਕ ਉਪਲਬਧ ਹਨ। ਸੋ, ਪਾਠਕਾਂ ਦੀ ਸੁਵਿਧਾ ਲਈ ਇੱਕੋ ਹੀ ਜਾਂ ਮਿਲਦੇ-ਜੁਲਦੇ ਅਰਥ-ਭਾਵਾਂ ਵਾਲੇ ਸੰਬੰਧਕਾਂ ਦੀਆਂ ਵੱਖ ਵੱਖ ਟੋਲੀਆਂ ਬਣਾ ਕੇ ਉਹਨਾਂ ਨਾਲ ਸੰਬੰਧਤ ਗੁਰਬਾਣੀ ਦੀਆਂ ਉਦਾਹਰਣਾਂ ਅੱਗੇ ਦਿੱਤੀਆਂ ਜਾਂਦੀਆਂ ਹਨ :

(੧) ਨੋ, ਨਉ, ਕਉ, ਕੂ, ਕੂੰ, ਕਹੁ, ਕੰਉ

੧. **ਧਰਮ ਰਾਇ ਜਮਕੰਕਰਾ 'ਨੋ' ਆਖਿ ਛਡਿਆ,**
ਏਸੁ ਤਪੇ 'ਨੋ' ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥ਸ.੧॥੩੦॥
[ਨੋ—ਨੂੰ। ਕਰਮ ਕਾਰਕ] *(ਪੰਨਾ ੩੧੬)*

੨. **ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ 'ਨੋ' ਤਾਰ ਲਾਵੈ ॥ਸ.੧॥੭॥**
[ਨੋ—ਲਈ। ਸੰਪ੍ਰਦਾਨ ਕਾਰਕ] *(ਪੰਨਾ ੯੬੦)*

੩. **ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ 'ਨੋ' ॥ਰਹਾਉ॥੧॥** *(ਪੰਨਾ ੭੧)*
[ਨੋ—ਵਿਟਹੁ। ਸੰਪ੍ਰਦਾਨ ਕਾਰਕ]

੪. **ਹਰਿ ਤੁਧ 'ਨੋ' ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥੧੭॥** *(ਪੰਨਾ ੯੦)*
[ਨੋ—ਨੂੰ। ਸੰਪ੍ਰਦਾਨ ਕਾਰਕ]

੫. **ਹਉਮੈ ਸਭਾ ਗਣਤ ਹੈ ਗਣਤੈ 'ਨਉ' ਸੁਖੁ ਨਾਹਿ ॥੩॥੨੪॥** *(ਪੰਨਾ ੩੬)*
[ਨਉ—ਨੂੰ। ਸੰਪ੍ਰਦਾਨ ਕਾਰਕ]

੬. **ਜਾ ਕਰਤਾ ਸਿਰਠੀ 'ਕਉ' ਸਾਜੇ ਆਪੇ ਜਾਣੈ ਸੋਈ ॥੨੧॥** *(ਪੰਨਾ ੪)*
[ਕਉ—ਨੂੰ। ਕਰਮ ਕਾਰਕ]

੭. **ਤਿਸੁ ਗੁਰ 'ਕਉ' ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥੫॥** *(ਪੰਨਾ ੫੬੮)*

੮. **ਅਪਨੇ ਲੋਭ 'ਕਉ' ਕੀਨੋ ਮੀਤੁ ॥੧॥੧੪੮॥** *(ਪੰਨਾ ੧੯੫)*
[ਕਉ—ਲਈ। ਸੰਪ੍ਰਦਾਨ ਕਾਰਕ]

੯. **ਤਿਸੁ ਗੁਰ 'ਕੰਉ' ਸਭਿ ਨਮਸਕਾਰੁ ਕਰਹੁ,**
ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥ *(ਪੰਨਾ ੫੮੭)*
[ਕੰਉ—ਨੂੰ। ਸੰਪ੍ਰਦਾਨ ਕਾਰਕ]

੧੦. **ਹਰਿ ਦਰਸਨ 'ਕੰਉ' ਮਨੁ ਲੋਚਦਾ ਨਾਨਕ ਪਿਆਸ ਮਨਾ ॥੨॥** *(ਪੰਨਾ ੧੩੩)*
[ਕੰਉ—ਲਈ। ਸੰਪ੍ਰਦਾਨ ਕਾਰਕ]

੧੧. **ਢੂਢੇਦੀਏ ਸੁਹਾਗ 'ਕੂ' ਤਉ ਤਨਿ ਕਾਈ ਕੋਰ ॥੧੧੪॥** *(ਪੰਨਾ ੧੩੮੪)*
[ਕੂ—ਨੂੰ। ਕਰਮ ਕਾਰਕ]

੧੨. **ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ 'ਕੂ' ਪਤਿ ਮੇਰੀ ॥ਸ.੧॥੮॥** *(ਪੰਨਾ ੫੨੦)*
[ਕੂ—ਲਈ। ਸੰਪ੍ਰਦਾਨ ਕਾਰਕ]

੧੩. **ਤੈ ਸਹ ਨਾਲਹੁ ਮੁਤੀਅਸੁ ਦੁਖਾ 'ਕੂੰ' ਧਰੀਆਸੁ ਜੀਉ ॥੧॥** *(ਪੰਨਾ ੭੬੨)*
[ਕੂੰ—ਨੂੰ। ਕਰਮ ਕਾਰਕ]

ਨੋਟ : ਸਮੱਗਰ ਗੁਰਬਾਣੀ ਵਿਚ 'ਨੂੰ' ਰੂਪ ਵਾਲਾ ਸੰਬੰਧਕੀ-ਪਦ ਕਿਧਰੇ ਨਹੀਂ ਹੈ, 'ਨੋ' ਹੈ।

੧੪. **ਨੰਨਾਕਾਰੁ ਨ ਹੋਤਾ ਤਾ 'ਕਹੁ' ॥**
ਨਾਮੁ ਮੰਤ੍ਰੁ ਗੁਰਿ ਦੀਨੋ ਜਾ 'ਕਹੁ' ॥੩੬॥ *(ਪੰਨਾ ੨੫੭)*
[ਤਾ ਕਹੁ—ਉਸ ਨੂੰ, ਜਾ ਕਹੁ—ਜਿਸ ਨੂੰ। ਸੰਪ੍ਰਦਾਨ ਕਾਰਕ]

ਨੋਟ : ਇਥੇ 'ਕਹੁ' ਦਾ ਅੰਤਲਾ 'ਹੁ' ਕਾਵਿ-ਪ੍ਰਬੰਧ ਅਧੀਨ 'ਉ' ਦੇ ਬਦਲ ਵਿਚ ਆਇਆ ਹੈ।

੧੫. **ਧੂੜਿ ਤਿਨਾ ਕੀ ਜੇ ਮਿਲੈ ਜੀ 'ਕਹੁ', ਨਾਨਕ ਕੀ ਅਰਦਾਸਿ ॥੩॥੩॥** *(ਪੰਨਾ ੭੨੨)*
[ਜੀ ਕਹੁ—ਮੇਰੇ ਜੀਅ (ਦੇ ਵਿਗਾਸ) ਲਈ। ਸੰਪ੍ਰਦਾਨ ਕਾਰਕ]
[ਅਰਥ— ਮੈਂ ਨਾਨਕ ਦੀ ਅਰਦਾਸ, ਹੈ ਜੇ ਕਿਧਰੇ ਮੇਰੇ ਜੀਅ (ਦੇ ਵਿਗਾਸ) ਲਈ ਮੈਨੂੰ ਉਹਨਾਂ (ਕੰਤ-ਪ੍ਰਭੂ ਦੀ ਹਜ਼ੂਰੀ ਦਾ ਅਨੰਦ ਮਾਣਨ ਵਾਲੇ ਰੰਗ-ਰਤਿਆਂ) ਦੀ ਚਰਨ-ਧੂੜਿ ਪ੍ਰਾਪਤ ਹੋ ਜਾਵੇ।]

(੨) ਬਿਨੁ, ਬਿਨਾ, ਵਿਣੁ, ਵਿਹੂਣਾ, ਵਿਹੂਣੀ, ਬਿਹੂਨ, ਬਾਝੁ, ਬਾਝਹੁ, ਬਾਝੜਿਅਹੁ, ਬਾਹਰਿ, ਬਾਹਰਾ, ਬਾਹਰੀ

੧. **ਗੁਰ 'ਬਿਨੁ' ਘੋਰੁ ਅੰਧਾਰੁ ਗੁਰੁ ਬਿਨੁ ਸਮਝ ਨ ਆਵੈ ॥੪॥੮॥** *(ਪੰਨਾ ੧੩੯੬)*

੨. **ਨਾਮ 'ਬਿਨਾ' ਮਾਟੀ ਸੰਗਿ ਰਲੀਆ ॥੧॥੫੫॥** *(ਪੰਨਾ ੩੮੫)*
['ਬਿਨਾ' ਸੰਬੰਧਕ, ਲਿੰਗ ਅਤੇ ਵਚਨ ਦੇ ਪ੍ਰਭਾਵ ਤੋਂ ਮੁਕਤ ਹੈ]

੩. **'ਵਿਣੁ' ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥੧॥੧੭॥** *(ਪੰਨਾ ੨੧੮)*

੪. **ਬੂੰਦ 'ਵਿਹੂਣਾ' ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ਪਉੜੀ ੧੨॥** *(ਪੰਨਾ ੭੦੮)*

੫. **ਗਿਆਨ 'ਵਿਹੂਣੀ' ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥੩॥੬੧॥** *(ਪੰਨਾ ੩੮)*

੬. **ਨਾਮ 'ਬਿਹੂਨ' ਸੁਖੀ ਕਿਉ ਸੋਵੈ ॥੧॥੪੫॥** *(ਪੰਨਾ ੧੧੪੯)*

੭. **ਤੁਧੁ 'ਬਾਝੁ' ਪਿਆਰੇ ਕੇਵ ਰਹਾ ॥**
ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ਰਹਾਉ॥੧॥ *(ਪੰਨਾ ੬੬੦)*

੮. **'ਬਾਝਹੁ' ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥੧॥੨॥** *(ਪੰਨਾ ੨੪੩)*

੯. **ਪਿਰ 'ਬਾਝੜਿਅਹੁ' ਮੇਰੇ ਪਿਆਰੇ ਆਂਗਣਿ ਧੂੜਿ ਲੁਤੇ ॥੪॥੨੧॥** *(ਪੰਨਾ ੪੫੨)*

੧੦. **ਹੁਕਮੈ ਅੰਦਰਿ ਸਭੁ ਕੋ 'ਬਾਹਰਿ' ਹੁਕਮ ਨ ਕੋਇ ॥੨॥੧॥** *(ਪੰਨਾ ੧)*
[ਬਾਹਰਿ ਹੁਕਮ—ਹੁਕਮ ਤੋਂ ਬਾਹਰਾ]

੧੧. **ਸਚੁ ਸਰਾ ਗੁਣ 'ਬਾਹਰਾ' ਜਿਸੁ ਵਿਚਿ ਸਚਾ ਨਾਉ ॥੨॥੫॥** *(ਪੰਨਾ ੧੬)*

੧੨. **ਸਾਧ ਜਨਾ ਤੇ 'ਬਾਹਰੀ' ਸੇ ਰਹਨਿ ਇਕੇਲੜੀਆਹ ॥੧੦॥੧॥** *(ਪੰਨਾ ੧੩੫)*
[ਵਿਹੂਣਾ, ਬਾਹਰਾ—ਇਹ ਦੋਨੋਂ ਕੰਨਾ-ਅੰਤਿਕ ਸੰਬੰਧਕ, ਲਿੰਗ ਅਤੇ ਵਚਨ ਦੇ ਪ੍ਰਭਾਵ ਕਾਰਨ ਬਦਲਦੇ ਹਨ।]

(੩) ਕੈ, ਤਾਈ, ਕੈ ਤਾਈ, ਕਾਰਣਿ, ਅਰਥਿ, ਕੂ, ਕੈ ਹੇਤਿ, ਹੇਤਿ, ਕਉ, ਜੋਗ, ਪ੍ਰਭਿ, ਵਿਟਹੁ, ਵਿਟੜਿਅਹੁ

੧. **ਮੇਰੇ ਰਾਮ ਹਰਿ ਜਨ 'ਕੈ' ਹਉ ਬਲਿ ਜਾਈ ॥ਰਹਾਉ॥੫੪॥** *(ਪੰਨਾ ੭੪੯)*
[ਜਨ ਕੈ—ਜਨ ਵਿਟਹੁ]

੨. **ਦਰਸਨ 'ਕੈ ਤਾਈ' ਭੇਖ ਨਿਵਾਸੀ ॥੧੮॥** *(ਪੰਨਾ ੯੩੯)*
[ਕੈ ਤਾਈ—ਲਈ]

੩. **ਗੰਗਾ ਜਮੁਨਾ ਗੋਦਾਵਰੀ ਸਰਸੁਤੀ, ਤੇ ਕਰਹਿ ਉਦਮੁ ਧੂਰਿ ਸਾਧੂ ਕੀ 'ਤਾਈ' ॥੧॥੨॥**
[ਤਾਈ—ਲਈ। ਉਚਾਰਣ ਨਾਸਕੀ] *(ਪੰਨਾ ੧੨੬੩)*

੪. ਤਉ 'ਕਾਰਣਿ' ਸਾਹਿਬਾ ਰੰਗਿ ਰਤੇ ॥ਰਹਾਉ॥੩੩॥ (ਪੰਨਾ ੩੫੮)
[ਕਾਰਣਿ—ਲਈ]

੫. ਜਿਨ ਹਰਿ 'ਅਰਥਿ' ਸਰੀਰੁ ਲਗਾਇਆ,
ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥੩॥੬॥ (ਪੰਨਾ ੬੮੮)
[ਅਰਥਿ—ਨਿਮਿਤ]

੬. ਸੁਖ 'ਕੈ ਹੇਤਿ' ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥੧॥੨੩੩॥
[ਕੈ ਹੇਤਿ—ਵਾਸਤੇ] (ਪੰਨਾ ੪੧੧)

੭. ਕਾਮ 'ਹੇਤਿ' ਕੁੰਚਰੁ ਲੈ ਫਾਂਕਿਓ ਓਹੁ ਪਰ ਵਸਿ ਭਇਓ ਬਿਚਾਰਾ ॥੨॥੨॥ (ਪੰਨਾ ੬੭੧)

੮. ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥
ਤੇਰੈ ਕਾਜਿ ਨ ਅਵਰਾ 'ਜੋਗ' ॥੧॥੨੩॥ (ਪੰਨਾ ੮੮੯)
[ਜੋਗ—ਲਈ]

੯. ਅਜਾਮਲ ਪ੍ਰੀਤਿ ਪੁਤ੍ਰ 'ਪ੍ਰਤਿ' ਕੀਨੀ ਕਰਿ ਨਾਰਾਇਣ ਬੋਲਾਰੇ ॥੨॥੩॥ (ਪੰਨਾ ੯੮੧)
[ਪ੍ਰਤਿ—ਨਿਮਿਤ]

੧੦. ਕੁਰਬਾਣੁ ਕੀਤਾ ਤਿਸੈ 'ਵਿਟਹੁ' ਜਿਨਿ ਮੋਹੁ ਮੀਠਾ ਲਾਇਆ ॥੧੦॥੧॥ (ਪੰਨਾ ੯੧੮)
[ਵਿਟਹੁ—ਤੋਂ]

੧੧. ਹਰਿ 'ਵਿਟੜਿਅਹੁ' ਸਦਾ ਘੋਲੇ ਜੀਉ ॥੨॥੬੬॥ (ਪੰਨਾ ੧੭੩)
[ਵਿਟੜਿਅਹੁ—ਤੋਂ]

(੪) ਕਰਿ

੧. ਮਨ 'ਕਰਿ' ਕਬਹੂ ਨ ਹਰਿ ਗੁਨ ਗਾਇਓ ॥ਰਹਾਉ॥੧੫੬॥ (ਪੰਨਾ ੧੨੩੧)
[(ਮਨ) ਕਰਿ—(ਮਨ) ਕਰਕੇ, (ਮਨ) ਦੁਆਰਾ]

(੫) ਪਰਣੈ

੧. ਅਖੀ 'ਪਰਣੈ' ਜੇ ਫਿਰਾਂ ਦੇਖਾਂ ਸਭੁ ਆਕਾਰੁ ॥੨॥੧੧॥ (ਪੰਨਾ ੧੨੪੧)
[ਅਖੀ ਪਰਣੈ—(ਅੱਖਾਂ ਦੇ) ਆਸਰੇ]

(੬) ਤੇ, ਥੇਂ, ਦੂ, ਦੂੰ, ਡੂੰ, ਸੇ, ਸੈ, ਪਹਿ, ਪਾਸਹੁ, ਪਹੁ, ਥਾਵਹੁ, ਪੈ, ਨਾਲਹੁ, ਸਿਉ, ਕੰਨਹੁ, ਕੰਨੋ, ਵਿਚਹੁ, ਵਿਚਦੋ

੧. ਤੁਮ 'ਤੇ' ਸੇਵ ਤੁਮ 'ਤੇ' ਜਪ ਤਾਪਾ ਤੁਮ 'ਤੇ' ਤਤੁ ਪਛਾਨਿਓ ॥੨॥੬੨॥
[ਤੇ—ਤੋਂ] (ਪੰਨਾ ੧੨੧੬)

੨. ਸਗਲ ਭਵਨ ਧਾਰੇ ਏਕ 'ਥੇਂ' ਕੀਏ ਬਿਸਥਾਰੇ,
ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥੩॥ (ਪੰਨਾ ੧੩੮੬)
[ਥੇਂ—ਤੋਂ]

੩. ਨਾਨਕ ਆਖਣਿ ਸਭੁ ਕੋ ਆਖੈ ਇਕ 'ਦੂ' ਇਕੁ ਸਿਆਣਾ ॥੨੧॥ (ਪੰਨਾ ੫)
[ਦੂ—ਤੋਂ]

੪. ਹਿਕ 'ਦੂੰ' ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥੨॥੧॥ (ਪੰਨਾ ੭੦੩)
[ਦੂੰ—ਤੋਂ]

੫. ਯਾਰ ਵੇ ਹਿਕ 'ਡੂੰ' ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥੨॥੧॥ (ਪੰਨਾ ੭੦੩)
[ਡੂੰ—ਤੋਂ]

੬. ਬਿਖੁ 'ਸੇ' ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥੫॥੨॥ (ਪੰਨਾ ੫੬੫)
[ਸੇ—ਤੋਂ]

੭. ਮਹਾ ਮਾਈ ਕੀ ਪੂਜਾ ਕਰੈ ॥
ਨਰ 'ਸੈ' ਨਾਰਿ ਹੋਇ ਅਉਤਰੈ ॥੩॥੬॥ (ਪੰਨਾ ੮੭੪)
[ਸੈ—ਤੋਂ]

੮. ਤੋ 'ਪਹਿ' ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥੨॥ (ਪੰਨਾ ੬੫੭)
[ਪਹਿ—ਤੋਂ]

੯. ਗੁਰੂ 'ਪਾਸਹੁ' ਫਿਰਿ ਚੇਲਾ ਖਾਇ ॥
ਤਾਮਿ ਪਰੀਤਿ ਵਸੈ ਘਰਿ ਆਇ ॥੨॥੪॥ (ਪੰਨਾ ੩੪੯)

੧੦. ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ, ਕਹੁ ਕਿਥੈ ਹਰਿ 'ਪਹੁ' ਨਸੀਐ ॥੧॥੫੭॥ (ਪੰਨਾ ੧੭੦)
[ਪਹੁ—ਪਾਸੋਂ]

੧੧. ਦੇਂਦੇ 'ਥਾਵਹੁ' ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ਸ.੨॥੨॥ (ਪੰਨਾ ੧੩੮)

੧੨. ਇਸੁ ਭੇਖੈ 'ਥਾਵਹੁ' ਗਿਰਹੋ ਭਲਾ ਜਿਥਹੁ ਕੋ ਵਰਸਾਇ ॥ਸ.੧॥੪॥ (ਪੰਨਾ ੫੮੭)
[ਥਾਵਹੁ—ਤੋਂ]

੧੩. ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ 'ਪੈ' ਜਬਾਬੁ ਨ ਹੋਇ ॥੧॥੩॥ (ਪੰਨਾ ੧੨੫੩)
[ਪੈ—ਪਾਸੋਂ]

੧੪. ਤੈ ਸਹ 'ਨਾਲਹੁ' ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥੧॥ਕੁਚਜੀ॥ (ਪੰਨਾ ੭੬੨)

੧੫. ਰੇ ਨਰ ਨਾਵ ਚਉੜਿ ਕਤ ਬੋੜੀ ॥
ਹਰਿ 'ਸਿਉ' ਤੋੜਿ ਬਿਖਿਆ ਸੰਗਿ ਜੋੜੀ ॥ਰਹਾਉ॥੨੪॥ (ਪੰਨਾ ੩੨੮)
[ਸਿਉ—ਨਾਲੋਂ]

੧੬. ਸਿਵ ਜੋਤਿ 'ਕੰਨਹੁ' ਬੁਧਿ ਪਾਈ ਸਤਿਗੁਰੂ ਰਖਵਾਲਾ ॥੨॥੪॥ (ਪੰਨਾ ੧੩੨੮)
[ਕੰਨਹੁ—ਪਾਸੋਂ]

੧੭. ਜੋ ਜਾਗੰਨਿ੍ ਲਹੰਨਿ ਸੇ ਸਾਈ 'ਕੰਨੋ' ਦਾਤਿ ॥੧੧੨॥ (ਪੰਨਾ ੧੩੮੪)
[ਕੰਨੋ—ਪਾਸੋਂ]

੧੮. ਜਲ 'ਵਿਚਹੁ' ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥ਪਉੜੀ ੬॥ (ਪੰਨਾ ੧੦੮੬)

੧੯. ਸਤਿਗੁਰੁ ਸਰਾਫ ਨਦਰੀ 'ਵਿਚਦੋ' ਕਢੈ ਤਾਂ ਉਘੜਿ ਆਇਆ ਲੋਹਾ ॥ਸ.੨॥੭॥
[ਵਿਚਦੋ—ਵਿਚਹੁ] (ਪੰਨਾ ੮੬੦)

(੭) ਕਾ, ਕੇ, ਕੈ, ਕੀ, ਕੀਆ, ਦਾ, ਦੇ, ਦੈ, ਦੀਆ, ਕੇਰਾ, ਕੇਰੇ, ਕੇਰੀ, ਕੇਰੀਆ, ਸੰਦਾ, ਸੰਦੇ, ਸੰਦੀ, ਸੰਦੜੀ, ਸੰਦੀਆ, ਹੰਦਾ, ਹੰਦੀ, ਚ, ਚੋ, ਚੇ, ਚੀ, ਖੇ, ਰੋ, ਰੀ

ਸੰਬੰਧਕ 'ਕਾ' ਅਤੇ 'ਦਾ' ਦੇ ਬਦਲਵੇਂ ਰੂਪਾਂ ਦੇ ਰਹੱਸ

(ੳ) 'ਕਾ' ਅਤੇ 'ਦਾ' ਸੰਬੰਧ-ਕਾਰਕ ਦੇ ਾ-ਅੰਤਿਕ ਸੰਬੰਧਕ ਹਨ। ਇਹਨਾਂ ਸੰਬੰਧਕਾਂ ਅਤੇ ਸੰਬੰਧ-ਕਾਰਕ ਦੇ ਕੰਨਾ-ਅੰਤਿਕ ਹੋਰ ਸੰਬੰਧਕਾਂ (ਕੇਰਾ, ਸੰਦਾ, ਹੰਦਾ, ਆਦਿ) ਦਾ ਰੂਪ ਸੰਬੰਧ-ਕਾਰਕ ਦੇ ਸੰਬੰਧਮਾਨ ਨਾਂਵ ਦੇ ਲਿੰਗ ਅਤੇ ਵਚਨ ਅਨੁਸਾਰ ਬਦਲਦਾ ਹੈ।

ਸੰਬੰਧਕ	*ਪੁਲਿੰਗ*		*ਇਸਤਰੀ-ਲਿੰਗ*	
	ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਕਾ	ਕਾ, ਕੋ	ਕੇ	ਕੀ	ਕੀਆ
ਦਾ	ਦਾ	ਦੇ	ਦੀ	ਦੀਆ
ਕੇਰਾ	ਕੇਰਾ	ਕੇਰੇ	ਕੇਰੀ	ਕੇਰੀਆ
ਸੰਦਾ	ਸੰਦਾ	ਸੰਦੇ	ਸੰਦੀ	ਸੰਦੀਆ
ਹੰਦਾ	ਹੰਦਾ	ਹੰਦੇ	ਹੰਦੀ	ਹੰਦੀਆ

ਨੋਟ : (੧) ਇਸਤਰੀ-ਲਿੰਗ, ਬਹੁ-ਵਚਨ ਸੰਬੰਧਕਾਂ (ਕੀਆ, ਦੀਆ, ਕੇਰੀਆ, ਸੰਦੀਆ, ਹੰਦੀਆ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੁੰਦਾ ਹੈ।

(੨) **ਸੰਬੰਧੀ—ਸੰਬੰਧਮਾਨ**—ਸੰਬੰਧ ਕਾਰਕ ਵਿਚ ਦੋ ਨਾਵਾਂ (ਜਾਂ ਪੜਨਾਂਵ ਅਤੇ ਨਾਂਵ) ਦਾ ਪਰਸਪਰ ਸੰਬੰਧ 'ਮਾਲਕ' ਅਤੇ 'ਮਲਕੀਅਤ' ਦਾ ਹੁੰਦਾ ਹੈ। 'ਮਾਲਕ' ਦੇ ਸੂਚਕ ਨਾਂਵ/ਪੜਨਾਂਵ ਨੂੰ ਸੰਬੰਧੀ ਨਾਂਵ/ਪੜਨਾਂਵ ਅਤੇ 'ਮਲਕੀਅਤ' ਦੇ ਸੂਚਕ ਨਾਂਵ ਨੂੰ ਸੰਬੰਧਮਾਨ ਨਾਂਵ ਕਹੀਦਾ ਹੈ; ਜਿਵੇਂ :

- ਰੱਬ ਦਾ ਬੰਦਾ
  ਰੱਬ — ਸੰਬੰਧੀ ਨਾਂਵ
  ਬੰਦਾ — ਸੰਬੰਧਮਾਨ ਨਾਂਵ
- ਉਸ ਦੀ ਕ੍ਰਿਪਾਨ
  ਉਸ — ਸੰਬੰਧੀ ਪੜਨਾਂਵ
  ਕ੍ਰਿਪਾਨ — ਸੰਬੰਧਮਾਨ ਨਾਂਵ

(ਅ) ਕਿਸੇ ਤੁਕ ਵਿਚ ਜੇਕਰ 'ਸੰਬੰਧਮਾਨ' ਪੁਲਿੰਗ, ਇਕ-ਵਚਨ ਨਾਂਵ, ਸਾਧਾਰਨ-ਰੂਪ ਵਿਚ ਹੋਵੇ, ਭਾਵ, ਉਸ ਮਗਰੋਂ ਕੋਈ ਸੰਬੰਧਕ ਨਾ ਆਉਂਦਾ ਹੋਵੇ, ਤਾਂ ਸੰਬੰਧਕ 'ਕਾ' ਦਾ ਰੂਪ ਇਹੀ ਰਹਿੰਦਾ ਹੈ :

ਪ੍ਰਭ 'ਕਾ' ਸਿਮਰਨੁ ਸਭ ਤੇ ਊਚਾ ॥੪॥੧॥ *(ਪੰਨਾ ੨੬੩)*

(ੲ) ਕਿਸੇ ਤੁਕ ਵਿਚ ਜੇਕਰ ਸੰਬੰਧਮਾਨ ਪੁਲਿੰਗ, ਬਹੁ-ਵਚਨ ਨਾਂਵ ਹੋਵੇ ਤਾਂ ਸੰਬੰਧਕ 'ਕਾ' ਦਾ ਰੂਪ ਬਦਲ ਕੇ 'ਕੇ' ਹੋ ਜਾਂਦਾ ਹੈ :

ਪ੍ਰਭ 'ਕੇ' ਚਾਕਰ ਸੇ ਭਲੇ ॥੪॥੧੪੧॥ *(ਪੰਨਾ ੨੧੦)*

(ਸ) ਕਿਸੇ ਤੁਕ ਵਿਚ ਜੇਕਰ ਪੁਲਿੰਗ ਸੰਬੰਧਮਾਨ ਸੰਬੰਧਕੀ-ਰੂਪ ਵਿਚ ਹੋਵੇ, ਭਾਵ ਸੰਬੰਧਮਾਨ ਨਾਂਵ ਨਾਲ ਕੋਈ ਵੱਖਰਾ ਸੰਬੰਧਕ ਆਉਂਦਾ ਹੋਵੇ, ਤਾਂ ਵੀ ਸੰਬੰਧਕ 'ਕਾ' ਦਾ ਰੂਪ ਬਦਲ ਕੇ 'ਕੇ' ਹੋ ਜਾਂਦਾ ਹੈ :

ਪ੍ਰਭ 'ਕੇ' ਸੇਵਕ ਕਉ ਕੋ ਨ ਪਹੂਚੈ ॥੪॥੧੭॥ *(ਪੰਨਾ ੨੮੫)*

(ਹ) ਕਿਸੇ ਤੁਕ ਵਿਚ ਜੇਕਰ ਪੁਲਿੰਗ ਸੰਬੰਧਮਾਨ ਸੰਮਿਲਤ ਸੰਬੰਧਕੀ-ਰੂਪ ਵਿਚ ਹੋਵੇ ਅਤੇ ਇਹ ਸੰਮਿਲਤ-ਸੰਬੰਧਕੀ-ਰੂਪ ਵਾਲਾ ਸੰਬੰਧਮਾਨ ਕਰਣ ਕਾਰਕ ਜਾਂ ਅਧਿਕਰਣ ਕਾਰਕ ਇਕ-ਵਚਨ (ਬਹੁ-ਵਚਨ ਨਾਲ ਨਹੀਂ) ਵਿਚ ਹੋਵੇ, ਭਾਵ ਕਰਣ/ਅਧਿਕਰਣ ਕਾਰਕ ਦਾ ਕਾਰਕ-ਚਿੰਨ੍ਹ ਸੰਬੰਧਮਾਨ ਨਾਲ ਪਿਛੇਤਰ ਵਜੋਂ ਲੱਗਾ ਹੋਇਆ ਹੋਵੇ ਤਾਂ ਸੰਬੰਧਕ 'ਕਾ' ਦਾ ਰੂਪ ਬਦਲ ਕੇ 'ਕੈ' ਹੋ ਜਾਂਦਾ ਹੈ :

੧. **ਗੁਰ 'ਕੈ' ਗ੍ਰਿਹਿ ਸੇਵਕੁ ਜੋ ਰਹੈ ॥੨॥੧੮॥** *(ਪੰਨਾ ੨੮੬)*
[ਗ੍ਰਿਹਿ—ਗ੍ਰਿਹ ਵਿਚ। ਅਧਿਕਰਣ ਕਾਰਕ, ਇਕ-ਵਚਨ।]

੨. **ਗੁਰ 'ਕੈ' ਬਚਨਿ ਮੋਹਿ ਪਰਮ ਗਤਿ ਪਾਈ ॥੧॥੮॥** *(ਪੰਨਾ ੨੩੯)*
[ਬਚਨਿ—ਬਚਨ ਦੁਆਰਾ। ਕਰਣ ਕਾਰਕ, ਇਕ-ਵਚਨ।]

(ਕ) ਜੇ ਕਿਸੇ ਸੰਬੰਧਮਾਨ ਮਗਰੋਂ ਕਰਣ ਕਾਰਕ ਜਾਂ ਅਧਿਕਰਣ ਕਾਰਕ ਇਕ-ਵਚਨ ਦਾ ਵਾਚਕ ਸੰਬੰਧਕ ਪ੍ਰਗਟ ਤੌਰ 'ਤੇ ਆਉਂਦਾ ਹੋਵੇ, ਤਾਂ ਸੰਬੰਧਕ 'ਕਾ' ਦਾ ਰੂਪ 'ਕੇ' ਹੀ ਰਹਿੰਦਾ ਹੈ :

ਸਭੁ ਕਿਛੁ ਤਿਸ 'ਕੇ' ਗ੍ਰਿਹ ਮਹਿ ਆਇਆ ॥੪॥੧੭॥ *(ਪੰਨਾ ੭੧੫)*

ਹਰੇਕ ਸੰਬੰਧਕ ਨਾਲ ਸੰਬੰਧਤ ਗੁਰਬਾਣੀ ਦੀਆਂ ਉਦਾਹਰਣਾਂ

ਕਾ (ਪੁਲਿੰਗ, ਇਕ-ਵਚਨ)

੧. **ਸੰਤ 'ਕਾ' ਮਾਰਗੁ ਧਰਮ ਕੀ ਪਉੜੀ, ਕੋ ਵਡਭਾਗੀ ਪਾਏ ॥੨॥੫੩॥** *(ਪੰਨਾ ੬੨੨)*

ਕੇ (ਪੁਲਿੰਗ, ਬਹੁ-ਵਚਨ)

੧. **ਹਮ ਤਿਨ 'ਕੇ' ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥੨॥** *(ਪੰਨਾ ੭੨੬)*

ਕਿਆ

੧. **ਤਿਸ 'ਕਿਆ' ਗੁਣਾ ਕਾ ਅੰਤੁ ਨ ਪਾਇਆ ਹਉ ਗਾਵਾ ਸਬਦਿ ਵੀਚਾਰੀ ॥੬॥੧੩॥** *(ਪੰਨਾ ੯੧੧)*
[ਕਿਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

ਕੇ (ਸੰਬੰਧਮਾਨ, ਸੰਬੰਧਕੀ-ਰੂਪ ਵਿਚ)

੧. **ਸਭੁ ਕਿਛੁ ਤਿਸ 'ਕੇ' ਗ੍ਰਿਹ ਮਹਿ ਆਇਆ ॥੪॥੨॥੧੭॥** *(ਪੰਨਾ ੭੧੫)*

ਕੈ (ਸੰਬੰਧਮਾਨ, ਕਰਣ ਕਾਰਕ ਦੇ ਸੰਮਿਲਤ ਸੰਬੰਧਕੀ-ਰੂਪ ਵਿਚ)

੧. **ਗੁਰ 'ਕੈ' ਬਚਨਿ ਮੋਹਿ ਪਰਮ ਗਤਿ ਪਾਈ ॥੧॥੮॥** *(ਪੰਨਾ ੨੩੯)*

ਕੈ (ਸੰਬੰਧਮਾਨ, ਅਧਿਕਰਣ ਕਾਰਕ ਦੇ ਸੰਮਿਲਤ ਸੰਬੰਧਕੀ-ਰੂਪ ਵਿਚ)

੧. **ਗੁਰ 'ਕੈ' ਗ੍ਰਿਹਿ ਸੇਵਕੁ ਜੋ ਰਹੈ ॥੨॥੧੮॥** *(ਪੰਨਾ ੨੮੬)*

ਕੀ (ਇਸਤਰੀ-ਲਿੰਗ, ਇਕ-ਵਚਨ)

੧. **ਗੁਰ 'ਕੀ' ਮਤਿ ਤੂੰ ਲੇਹਿ ਇਆਨੇ ॥੬॥੧੬॥** *(ਪੰਨਾ ੨੮੮)*

ਕੀਆ (ਇਸਤਰੀ-ਲਿੰਗ, ਬਹੁ-ਵਚਨ)

੧. **ਹਰਿ 'ਕੀਆ' ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥੧॥੨॥** *(ਪੰਨਾ ੭੨੫)*
[ਕੀਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

ਦਾ (ਪੁਲਿੰਗ, ਇਕ-ਵਚਨ)

੧. **ਜਿਸ 'ਦਾ' ਸਾਹਿਬੁ ਡਾਢਾ ਹੋਇ ॥**
ਤਿਸ ਨੋ ਮਾਰਿ ਨ ਸਾਕੈ ਕੋਇ ॥੪॥੨॥ *(ਪੰਨਾ ੮੪੨)*

ਦੇ (ਪੁਲਿੰਗ, ਬਹੁ-ਵਚਨ)

੧. **ਪਰਵਦਗਾਰੁ ਸਾਲਾਹੀਐ ਜਿਸ 'ਦੇ' ਚਲਤ ਅਨੇਕ ॥੪॥੮੯॥** *(ਪੰਨਾ ੪੯)*

ਦੈ (ਸੰਬੰਧਮਾਨ, ਕਰਣ ਕਾਰਕ ਦੇ ਸੰਮਿਲਤ ਸੰਬੰਧਕੀ-ਰੂਪ ਵਿਚ)

੧. **ਤਿਸ 'ਦੈ' ਚਾਨਣਿ ਸਭ ਮਹਿ ਚਾਨਣੁ ਹੋਇ ॥੩॥੩॥** *(ਪੰਨਾ ੧੩)*

੨. **ਤਿਸ 'ਦੈ' ਸਬਦਿ ਨਿਸਤਰੈ ਸੰਸਾਰਾ ॥੪॥੧੨॥** *(ਪੰਨਾ ੧੦੫੫)*

ਦੈ (ਸੰਬੰਧਮਾਨ, ਅਧਿਕਰਣ ਕਾਰਕ ਦੇ ਸੰਮਿਲਤ ਸੰਬੰਧਕੀ-ਰੂਪ ਵਿਚ]

੧. **ਜਿਸ 'ਦੈ' ਚਿਤਿ ਵਸਿਆ ਮੇਰਾ ਸੁਆਮੀ,**
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥ਪਉੜੀ ੪॥ *(ਪੰਨਾ ੫੫੦)*

ਦੀ (ਇਸਤਰੀ-ਲਿੰਗ, ਇਕ-ਵਚਨ)

੧. **ਜਿਸ 'ਦੀ' ਪੈਜ ਰਖੈ ਹਰਿ ਸੁਆਮੀ, ਸੋ ਸਚਾ ਹਰਿ ਜਾਨੁ ॥ਪਉੜੀ ੧੪॥** *(ਪੰਨਾ ੫੫੪)*

ਦੀਆ (ਇਸਤਰੀ-ਲਿੰਗ, ਬਹੁ-ਵਚਨ)

੧. **ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ 'ਦੀਆ' ਏਹਿ ਵਡਿਆਈਆ ॥੪॥੧॥**
[ਦੀਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ] *(ਪੰਨਾ ੯੧੭)*

ਕੇਰਾ

੧. **ਸਬਦੌ ਤਾ ਗਾਵਹੁ ਹਰੀ 'ਕੇਰਾ' ਮਨਿ ਜਿਨੀ ਵਸਾਇਆ ॥੧॥੧॥** *(ਪੰਨਾ ੯੧੭)*

ਕੇਰੇ

੧. **ਹੋਵਹੁ ਚਾਕਰ ਸਾਚੇ 'ਕੇਰੇ' ॥ਰਹਾਉ॥੨॥** *(ਪੰਨਾ ੭੨੮)*

ਕੇਰੀ

੧. **ਕਲਰ 'ਕੇਰੀ' ਛਪੜੀ ਆਇ ਉਲਥੇ ਹੰਝ ॥੬੪॥** *(ਪੰਨਾ ੧੩੮੧)*

ਕੇਰੀਆ

੧. **ਹਮ ਸਹ 'ਕੇਰੀਆ' ਦਾਸੀਆ ਸਾਚਾ ਖਸਮੁ ਹਮਾਰਾ ॥੫॥੪॥** *(ਪੰਨਾ ੭੨੯)*
[ਕੇਰੀਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

ਸੰਦਾ

੧. **ਸਬਰ 'ਸੰਦਾ' ਬਾਣੁ ਖਾਲਕੁ ਖਤਾ ਨ ਕਰੀ ॥੧੧੫॥** *(ਪੰਨਾ ੧੩੮੪)*

ਸੰਦੇ

੧. **ਵਾਊ 'ਸੰਦੇ' ਕਪੜੇ ਪਹਿਰਹਿ ਗਰਬਿ ਗਵਾਰ ॥ਸ.੨॥ਪਉੜੀ ੨॥** *(ਪੰਨਾ ੩੧੮)*

ਸੰਦੀ

੧. **ਜਗਜੀਵਨ ਪੁਰਖੁ ਤਿਆਗਿ ਕੈ ਮਾਣਸ 'ਸੰਦੀ' ਆਸ ॥੫॥੧॥** *(ਪੰਨਾ ੧੩੪)*

ਸੰਦੜੀ

੧. **ਪਿਰੀਆ 'ਸੰਦੜੀ' ਭੁਖ ਮੂ ਲਾਵਣ ਥੀ ਵਿਥਰਾ ॥ਸ.੩॥ਪ.੧੩॥** *(ਪੰਨਾ ੧੦੯੮)*

ਸੰਦੀਆ

੧. **ਦਾਤੀ ਸਾਹਿਬ 'ਸੰਦੀਆ' ਕਿਆ ਚਲੈ ਤਿਸੁ ਨਾਲਿ ॥ਸ.੧॥੫੨॥** *(ਪੰਨਾ ੮੩)*
[ਸੰਦੀਆ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ]

ਹੰਦਾ

੧. **ਧਣਖੁ ਚੜਾਇਓ ਸਤ ਦਾ ਜਸ 'ਹੰਦਾ' ਬਾਣੁ ॥੬॥੧॥** *(ਪੰਨਾ ੯੬੮)*

ਹੰਦੀ

੧. **ਗੁਰ ਨਾਨਕ 'ਹੰਦੀ' ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ ॥ਵਾਰ ੧॥ਪਉੜੀ ੪੬॥**
(ਭਾਈ ਗੁਰਦਾਸ ਜੀ)

(੮) ਮਰਾਠੀ ਦੇ ਸੰਬੰਧ ਕਾਰਕੀ ਸੰਬੰਧਕ—ਚ, ਚੌ, ਚੇ, ਚੈ, ਚੀ

੧. **ਸਿੰਘ 'ਚ' ਭੋਜਨੁ ਜੋ ਨਰੁ ਜਾਨੈ ॥**
ਐਸੇ ਹੀ ਠਗਦੇਉ ਬਖਾਨੈ ॥੨॥੪॥ *(ਪੰਨਾ ੪੮੫)*

੨. **ਸੰਤ ਆਚਰਣ ਸੰਤ 'ਚੌ' ਮਾਰਗੁ, ਸੰਤ 'ਚ' ਓਲ੍ਹਗ ਓਲ੍ਹਗਣੀ ॥੨॥੨॥**
(ਪੰਨਾ ੪੮੬)

੩. **ਨਾਮੇ 'ਚੇ' ਸੁਆਮੀ ਬਖਸੰਦ ਤੂੰ ਹਰੀ ॥੩॥੨॥** *(ਪੰਨਾ ੭੨੭)*

੪. **ਜਾਂ 'ਚੈ' ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ ॥੩॥੧॥**
[ਜਾਂ ਚੈ ਘਰਿ—ਜਿਸ ਦੇ ਘਰ ਵਿਚ—ਅਧਿਕਰਣ ਕਾਰਕ] *(ਪੰਨਾ ੧੨੯੨)*

੫. **ਸੰਤ 'ਚੀ' ਸੰਗਤਿ ਸੰਤ ਕਥਾ ਰਸੁ ॥**
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥ਰਹਾਉ॥੨॥ *(ਪੰਨਾ ੪੮੬)*
[ਸਿੰਘ ਚ ਭੋਜਨੁ—ਸ਼ੇਰ ਦਾ ਭੋਜਨ, ਸੰਤ ਚ ਓਲ੍ਹਗ ਓਲ੍ਹਗਣੀ—ਸੰਤ ਦੇ ਜੂਠ ਮਾਂਜਣ ਵਾਲੇ ਦੀ ਜੂਠ ਮਾਂਜਣੀ, ਸੰਤ ਚੌ ਮਾਰਗੁ—ਸੰਤ ਦਾ ਦਸਿਆ ਜੀਵਨ ਰਸਤਾ, ਨਾਮੇ ਚੇ ਸੁਆਮੀ—ਹੇ ਨਾਮਦੇਵ ਦੇ ਮਾਲਕ, ਸੰਤ ਚੀ ਸੰਗਤਿ—ਸੰਤ ਦੀ ਸੰਗਤਿ।]

(੯) ਸਿੰਧੀ ਦਾ ਸੰਬੰਧਕ 'ਖੇ'

੧. **ਧੁਜੀ ਮਜਨੁ ਸਾਧ 'ਖੇ' ਸਾਈ ਥੀਏ ਕ੍ਰਿਪਾਲ ॥੧॥੩॥** *(ਪੰਨਾ ੮੦)*
[ਸਾਧ ਖੇ—ਸਾਧ ਦੀ]

(੧੦) ਮਾਰਵਾੜੀ ਦੇ ਸੰਬੰਧਕ ਰੋ, ਰੀ

੧. ਮਹਰਾਜ 'ਰੋ' ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥੧੯॥ *(ਪੰਨਾ ੭੧੫)*

੨. ਗਰਬਿ ਗਹਿਲੜੋ ਮੂੜੜੋ ਹੀਓ ਰੇ ॥
ਹੀਓ ਮਹਰਾਜ 'ਰੀ' ਮਾਇਓ ॥ਰਹਾਉ॥੧੯॥ *(ਪੰਨਾ ੭੧੫)*
[ਮਹਰਾਜ ਰੋ ਗਾਥੁ—ਹਰੀ-ਮਹਾਰਾਜ ਦਾ ਮੂਲ-ਧਨ, ਮਹਰਾਜ ਰੀ ਮਾਇਓ—ਹਰੀ-ਮਹਾਰਾਜ ਦੀ ਮਾਇਆ।]

(੧੧) ਨਾਲਿ, ਨਾਲੇ, ਸਿਉ, ਸਉ, ਸੌ, ਸੇਤੀ, ਸਾਥਿ, ਸੰਗਿ, ਕੈ ਸੰਗਿ

੧. ਨੀਹੁ ਮਹਿੰਜਾ ਤਊ 'ਨਾਲਿ' ਬਿਆ ਨੇਹ ਕੂੜਾਵੇ ਡੇਖੁ ॥੨॥੧॥ *(ਪੰਨਾ ੧੦੯੪)*

੨. ਗੁਰ ਕਾ ਬਚਨੁ ਬਸੈ ਜੀਅ 'ਨਾਲੇ' ॥ਰਹਾਉ॥੩੨॥ *(ਪੰਨਾ ੬੭੯)*

੩. ਰੇ ਮਨ ਮੇਰੇ ਤੂੰ ਹਰਿ 'ਸਿਉ' ਜੋਰੁ ॥ਰਹਾਉ॥੬॥ *(ਪੰਨਾ ੨੩੮)*

੪. ਤਿਸੁ 'ਸਉ' ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥੨॥ *(ਪੰਨਾ ੧੪੧੦)*

੫. ਪ੍ਰੇਮ ਵਿਛੋਹਾ ਧਣੀ 'ਸਉ' ਅਠੇ ਪਹਰ ਲਵੰਨ੍ਹਿ ॥੧੨॥ *(ਪੰਨਾ ੧੪੨੫)*

੬. ਝਗਰਾ ਏਕੁ ਨਿਬੇਰਹੁ ਰਾਮ ॥
ਜਉ ਤੁਮ ਅਪਨੇ ਜਨ 'ਸੌ' ਕਾਮ ॥ਰਹਾਉ॥੪੨॥ *(ਪੰਨਾ ੩੩੧)*
[ਸਿਉ, ਸਉ, ਸੌ—ਉਚਾਰਣ ਨਾਸਕੀ]

੭. ਸੰਤਾ 'ਸੇਤੀ' ਰੰਗੁ ਨ ਲਾਏ ॥
ਸਾਕਤ ਸੰਗਿ ਵਿਕਰਮ ਕਮਾਏ ॥੩॥੩੭॥ *(ਪੰਨਾ ੧੦੫)*

੮. ਮੰਨੈ ਜਮ ਕੈ 'ਸਾਥਿ' ਨ ਜਾਇ ॥੧੩॥ *(ਪੰਨਾ ੩)*

੯. ਸੰਤਨ 'ਸੰਗਿ' ਕਬੀਰਾ ਬਿਗਰਿਓ ॥
ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥ *(ਪੰਨਾ ੧੧੫੮)*

੧੦. ਗੰਗਾ 'ਕੈ ਸੰਗਿ' ਸਲਿਤਾ ਬਿਗਰੀ ॥
ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥੫॥ *(ਪੰਨਾ ੧੧੫੮)*

(੧੨) ਨਿਕਟਿ, ਨਿਕਟੇ, ਨਿਕਟਾਨੀ, ਨਜੀਕਿ, ਵਲਿ, ਓਰਿ, ਧਿਰਿ, ਲਉ

੧. ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ 'ਨਿਕਟਿ' ਨ ਭਿਟੀਐ ॥੪॥੫੭॥ *(ਪੰਨਾ ੧੭੦)*

੨. ਚੰਦਨ ਕੈ 'ਨਿਕਟੇ' ਬਸੈ ਬਾਸੁ ਸੁਗੰਧੁ ਨ ਹੋਇ ॥੧੨॥ *(ਪੰਨਾ ੧੩੬੫)*

੩. ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ 'ਨਿਕਟਾਨੀ' ॥੨॥੧॥ *(ਪੰਨਾ ੭੧੧)*

੪. ਹੋਨਿ 'ਨਜੀਕਿ' ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥ *(ਪੰਨਾ ੧੩੮੪)*

੫. ਜੇ ਤੁਧੁ 'ਵਲਿ' ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥ *(ਪੰਨਾ ੭੫੭)*

੬. ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ 'ਓਰਿ' ॥੨॥੬॥ *(ਪੰਨਾ ੭੦੧)*

੭. ਜਿਹ 'ਧਿਰਿ' ਦੇਖਾ ਤਿਹ 'ਧਿਰਿ' ਮਉਜੂਦੁ ॥ਸ.੧॥੪॥ *(ਪੰਨਾ ੮੪)*

੮. ਦੇਹੁਰੀ 'ਲਉ' ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥੩॥੨॥ *(ਪੰਨਾ ੬੫੪)*

੯. ਮਰਘਟ 'ਲਉ' ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥੩॥੨॥ *(ਪੰਨਾ ੬੫੪)*

(੧੩) ਮੋਂ, ਮੈ, ਮੋ, ਮਹਿ, ਮਾਹਿ, ਮਾਹੀ, ਮਾਹੇ, ਮਧਿ, ਮਧੇ, ਮੰਧੇ, ਮੰਧਾਹੀ, ਮੰਝਿ, ਮੰਝਾ, ਮਝਾਰਿ, ਮੰਝਾਰਿ, ਮੰਝਾਹੂ, ਮਝੂਰਿ, ਮਾਝ, ਵਿਚਿ, ਵਿਚੇ, ਬੀਚਿ, ਬੀਚੇ, ਅੰਤਰਿ, ਅੰਤਰੇ, ਭੀਤਰਿ, ਭੀਤਰੇ, ਦਰ, ਮਿਆਨੇ

੧. ਧਨ ਕੂਕੇਂਦੀ ਗੌਰ 'ਮੋਂ' ਤੈ ਸਹ ਨਾ ਮਿਲੀਆਸੁ ॥੫੪॥ *(ਪੰਨਾ ੧੩੮੦)*

੨. ਕੌਣ 'ਮੈ' ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ *(ਪੰਨਾ ੧੪੨੭)*

੩. ਬੇਦ ਪੁਰਾਨ ਜਾਸ ਗੁਨ ਗਾਵਤ, ਤਾ ਕੋ ਨਾਮੁ ਹੀਐ 'ਮੋ' ਧਰੁ ਰੇ ॥੧॥੨੫੧॥ *(ਪੰਨਾ ੨੨੦)*

੪. ਤਿਥੈ ਜੋਧ ਮਹਾਬਲ ਸੂਰ ॥
ਤਿਨ 'ਮਹਿ' ਰਾਮੁ ਰਹਿਆ ਭਰਪੂਰ ॥੩੭॥ *(ਪੰਨਾ ੮)*

੫. ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ 'ਮਾਹਿ' ਸਮਾਈ ॥੩॥੫॥ *(ਪੰਨਾ ੫੭੧)*

੬. ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ 'ਮਾਹੀ' ॥੧॥੧੬॥ *(ਪੰਨਾ ੪੯੬)*

੭. ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ 'ਮਾਹੇ' ॥੧॥੨॥ *(ਪੰਨਾ ੨੪੩)*

੮. ਸਭ ਹੀ 'ਮਧਿ' ਸਭਹਿ ਤੇ ਬਾਹਰਿ, ਬੇਮੁਹਤਾਜ ਬਾਪਾ ॥੨॥੬੭॥ *(ਪੰਨਾ ੫੧)*

੯. ਕੋਟਿ 'ਮਧੇ' ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥ਰਹਾਉ॥੧੫॥ *(ਪੰਨਾ ੧੨੬੯)*

੧੦. ਮਨ 'ਮੰਧੇ' ਪ੍ਰਭੁ ਅਵਗਾਹੀਆ ॥
ਏਹਿ ਰਸ ਭੋਗਣ ਪਾਤਿਸਾਹੀਆ ॥੭॥੩੮॥ *(ਪੰਨਾ ੧੩੨)*

੧੧. ਤਤ ਸਮਦਰਸੀ ਸੰਤਹੁ ਕੋਈ ਕੋਟਿ 'ਮੰਧਾਹੀ' ॥੨॥੬੬॥ *(ਪੰਨਾ ੫੧)*

੧੨. ਹੁਕਮੇ ਭਵਜਲ 'ਮੰਝਿ' ਹੁਕਮੇ ਤਾਰੀਐ ॥ਪ.੧॥ *(ਪੰਨਾ ੫੧੮)*

੧੩. ਨਾਨਕ ਲਥਾ ਮਨ ਤਨ 'ਮੰਝਾ' ॥੪॥੧੧॥ *(ਪੰਨਾ ੩੭੩)*

੧੪. ਬਿਮਲ 'ਮਝਾਰਿ' ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥੧॥੪॥ *(ਪੰਨਾ ੯੯੦)*

੧੫. ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ 'ਮੰਝਾਰਿ' ॥੧॥੩॥ *(ਪੰਨਾ ੭੬)*

੧੬. ਹਠ 'ਮੰਝਾਹੂ' ਮੈ ਮਾਣਕੁ ਲਧਾ ॥ਸ.੨॥ਪ.੧੭॥ *(ਪੰਨਾ ੯੬੪)*

੧੭. ਆਸ ਪਾਸ ਘਨ ਤੁਰਸੀ ਕਾ ਬਿਰਵਾ 'ਮਾਝ' ਬਨਾ ਰਸਿ ਗਾਊਂ ਰੇ ॥੧॥੬੬॥ *(ਪੰਨਾ ੩੩੮)*

੧੮. ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ 'ਮਝੂਰਿ' ॥੧੨੬॥ *(ਪੰਨਾ ੧੩੭੧)*

੧੯. ਮਤਿ 'ਵਿਚਿ' ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥੬॥੧॥ *(ਪੰਨਾ ੨)*

੨੦. ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥
'ਵਿਚੇ' ਗ੍ਰਿਸਤ ਉਦਾਸ ਰਹਾਈ ॥੨॥੧੬॥ *(ਪੰਨਾ ੪੯੪)*

੨੧. ਦੇਸੁ ਕਮਾਵਨ ਧਨ ਜੋਰਨ ਕੀ ਮਨਸਾ 'ਬੀਚੇ' ਨਿਕਸੇ ਸਾਸ ॥੨॥੫॥ *(ਪੰਨਾ ੪੯੬)*

੨੨. ਮਨ 'ਅੰਤਰਿ' ਬਿਸ੍ਵਾਸੁ ਕਰਿ ਮਾਨਿਆ ॥੩॥੨੨॥ *(ਪੰਨਾ ੨੯੨)*

੨੩. ਘਟ 'ਅੰਤਰੇ' ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥੪॥੩॥ *(ਪੰਨਾ ੭੬੯)*

੨੪. ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ 'ਭੀਤਰਿ' ਧਰਿ ਗਿਆਨੁ ॥੨॥੧॥ *(ਪੰਨਾ ੭੫)*

੨੫. ਸਰੀਰ ਸਰੋਵਰ 'ਭੀਤਰੇ' ਆਛੈ ਕਮਲ ਅਨੂਪ ॥੧॥੧੦॥ *(ਪੰਨਾ ੮੫੭)*

(੧੪) ਦਰ, ਮਿਆਨੇ (ਫ਼ਾਰਸੀ ਦੇ ਸੰਬੰਧਕ)

੧. ਯਕ ਅਰਜ ਗੁਫਤਮ ਪੇਸਿ ਤੋ 'ਦਰ' ਗੋਸ ਕੁਨ ਕਰਤਾਰ ॥੧॥੧॥ *(ਪੰਨਾ ੭੨੧)*
[ਦਰ—ਵਿਚ]

੨. ਹਕੁ ਸਚੁ ਖਾਲਕੁ ਖਲਕ 'ਮਿਆਨੇ' ਸਿਆਮ ਮੂਰਤਿ ਨਾਹਿ ॥੨॥੧॥ *(ਪੰਨਾ ੭੨੭)*

੩. ਅਸਮਾਨ 'ਮ੍ਹਾਨੇ' ਲਹੰਗ ਦਰੀਆ ਗੁਸਲ ਕਰਦਨ ਬੂਦ ॥੩॥੧॥ *(ਪੰਨਾ ੭੨੭)*
[ਮਿਆਨੇ, ਮ੍ਹਾਨੇ—ਵਿਚ]

(੧੫) ਪੈ, ਪਹਿ, ਪਾਹਿ, ਪਾਹੀ, ਪਾਸਿ, ਪਾਸੇ, ਪਾਸੀ, ਕਨਿ, ਕੰਨਹੁ

੧. ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ 'ਪੈ' ਚਲੇ ਨਿਰਾਸਾ ॥੧॥੩॥ *(ਪੰਨਾ ੬੫੪)*

੨. ਤੂ ਠਾਕੁਰੁ ਤੁਮ 'ਪਹਿ' ਅਰਦਾਸਿ ॥੮॥੪॥ *(ਪੰਨਾ ੨੬੮)*

੩. ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥
ਅਵਰ ਵਸਤੁ ਤੁਝ 'ਪਾਹਿ' ਅਮਾਨ ॥੨॥੧੪॥ *(ਪੰਨਾ ੩੭੪)*

੪. ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ, ਸੋ ਅੰਮ੍ਰਿਤੁ ਗੁਰ 'ਪਾਹੀ' ਜੀਉ ॥੧॥੬॥ *(ਪੰਨਾ ੫੬੮)*

੫. ਸਤਿਗੁਰ 'ਪਾਸਿ' ਬੇਨੰਤੀਆ ਮਿਲੈ ਨਾਮੁ ਆਧਾਰਾ ॥੧॥੪੭॥ *(ਪੰਨਾ ੭੪੬)*

੬. ਕਰਉ ਬੇਨਤੀ ਸੰਤਨ 'ਪਾਸੇ' ॥
ਮੇਲਿ ਲੈਹੁ ਨਾਨਕ ਅਰਦਾਸੇ ॥੮॥੧॥ *(ਪੰਨਾ ੭੫੬)*

੭. ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ 'ਪਾਸੀ' ॥੧॥੫੧॥ *(ਪੰਨਾ ੧੨੧੪)*

੮. ਆਇ ਨ ਸਕਾ ਤੁਝ 'ਕਨਿ' ਪਿਆਰੇ ਭੇਜਿ ਨ ਸਕਾ ਕੋਇ ॥੧॥੩॥ *(ਪੰਨਾ ੫੫੮)*

੯. ਇਹ ਬੁਧਿ ਪਾਈ ਮੈ ਸਾਧੂ 'ਕੰਨਹੁ' ਲੇਖੁ ਲਿਖਿਓ ਧੁਰਿ ਮਾਥੈ ॥੨॥੧੮॥ *(ਪੰਨਾ ੭੧੫)*

(੧੬) ਤਲ, ਤਲਿ, ਤਲੇ, ਤਲੈ, ਹੇਠਿ, ਜੇਰ (ਫ਼ਾਰਸੀ)

੧. ਨਿੰਦਕ ਮਾਰਿ ਚਰਨ 'ਤਲ' ਦੀਨੇ ਅਪੁਨੋ ਜਸੁ ਵਰਤਾਇਓ ॥ਰਹਾਉ॥੧੮॥ *(ਪੰਨਾ ੧੨੭੦)*

੨. ਪੰਚ ਮਾਰਿ ਪਾਵਾ 'ਤਲਿ' ਦੀਨੇ ॥੨॥੩॥ *(ਪੰਨਾ ੪੭੬)*

੩. ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ 'ਤਲੇ' ਸਿਰੁ ਦੀਜੈ ॥੬॥੪॥ *(ਪੰਨਾ ੧੩੨੫)*

੪. ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ 'ਤਲੈ' ਵੀਚਾਰੇ ॥੨॥੩॥ *(ਪੰਨਾ ੪੩੭)*

੫. ਬਿਰਧੇ 'ਹੇਠਿ' ਸਭਿ ਜੰਤ ਇਕਠੇ ॥੧॥੨੦॥ *(ਪੰਨਾ ੧੦੧੯)*

੬. ਨ ਦਾਦੇ ਦਿਹੰਦ ਆਦਮੀ ॥
ਨ ਸਪਤ 'ਜੇਰ' ਜਿਮੀ ॥ਸ.੩॥੧੩॥ *(ਪੰਨਾ ੧੪੪)*
[ਜੇਰ—ਥੱਲੇ।]

(੧੭) ਆਗੈ, ਆਗਲੜੈ, ਆਗਲ, ਪਾਛੇ, ਪਾਛੈ, ਪਿਛੈ, ਪੀਛੈ

੧. ਗੁਰ 'ਆਗੈ' ਕਰਉ ਬਿਨੰਤੀ ਜੇ ਗੁਰ ਭਾਵੈ, ਜਿਉ ਮਿਲੈ ਤਿਵੈ ਮਿਲਾਈਐ ॥੪॥੨॥ *(ਪੰਨਾ ੨੪੫)*

੨. ਤਹ ਕਰਦਲ ਕਰਨਿ ਮਹਾਬਲੀ, ਤਿਨ 'ਆਗਲੜੈ' ਮੈ ਰਹਣੁ ਨ ਜਾਇ ॥੪॥੨॥ *(ਪੰਨਾ ੯੨)*

੩. ਸੁਖੁ ਮਾਂਗਤ ਦੁਖੁ 'ਆਗਲ' ਹੋਇ ॥੩॥੪॥ *(ਪੰਨਾ ੨੨੨)*

੪. ਆਂਧੀ 'ਪਾਛੇ' ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥੨॥੪੩॥ *(ਪੰਨਾ ੩੩੨)*

੫. ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ 'ਪਾਛੈ' ॥੪॥੧੭॥ *(ਪੰਨਾ ੬੧੩)*

੬. ਤਿਨਾ 'ਪਿਛੈ' ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥੨॥੨॥ *(ਪੰਨਾ ੬੪੧)*

੭. ਜਿਨੀ ਮੇਰਾ ਪਿਆਰਾ ਰਾਵਿਆ ਤਿਨ 'ਪੀਛੈ' ਲਾਗਿ ਫਿਰਾਉ ॥੧॥੬੮॥ *(ਪੰਨਾ ੪੧)*

(੧੮) ਸਣੁ, ਸਣੈ, ਸਮੇਤਿ, ਸਹਿਤ, ਸਹਿਤ ਸਿਉ

੧. ਕਲਮ ਜਲਉ 'ਸਣੁ' ਮਸਵਾਣੀਐ ਕਾਗਦੁ ਭੀ ਜਲਿ ਜਾਉ ॥ਸ.੧॥ਪਉ.੬॥ *(ਪੰਨਾ ੮੪)*

੨. ਤੜ ਸੁਣਿਆ ਸਭਤੁ ਜਗਤ ਵਿਚਿ, ਭਾਈ,
ਵੇਮੁਖੁ 'ਸਣੈ' ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ ॥ਸ.੧॥੧੨॥ *(ਪੰਨਾ ੩੦੬)*

੩. ਲੂਟੀ ਲੰਕਾ ਸੀਸ 'ਸਮੇਤਿ' ॥੫॥੬॥ *(ਪੰਨਾ ੨੨੪)*

੪. ਖਟੁ ਕਰਮ 'ਸਹਿਤ' ਰਹਤਾ ॥੩॥੧॥ *(ਪੰਨਾ ੮੭੩)*

੫. ਪਵਿਤੁ ਮਾਤਾ ਪਿਤਾ ਕੁਟੰਬ 'ਸਹਿਤ ਸਿਉ' ਪਵਿਤੁ ਸੰਗਤਿ ਸਬਾਈਆ ॥੧੭॥੧॥ *(ਪੰਨਾ ੯੧੬)*
[ਸਿਉ—ਉਚਾਰਣ ਨਾਸਕੀ]

(੧੯) ਵਾਗਿ, ਵਾਗੀ, ਜਿਉ, ਨਿਆਈ, ਕੀ ਨਿਆਈ, ਮਿਕਦਾਰਾ, ਸਾਰਖੇ

੧. ਪਾਲੇ ਬਾਲਕ 'ਵਾਗਿ' ਦੇ ਕੈ ਆਪਿ ਕਰ ॥ਪਉੜੀ ੨॥ *(ਪੰਨਾ ੬੫੭)*

੨. ਬਾਰਿਕ 'ਵਾਂਗੀ' ਹਉ ਸਭ ਕਿਛੁ ਮੰਗਾ ॥੩॥੧੫॥ *(ਪੰਨਾ ੬੬)*

੩. ਭੇਡਾ 'ਵਾਗੀ' ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ਸ.੧॥੨੬॥ *(ਪੰਨਾ ੧੪੯)*

੪. ਕਹੁ ਨਾਨਕ ਅਬ ਓਟ ਹਰਿ ਗਜ 'ਜਿਉ' ਹੋਹੁ ਸਹਾਇ ॥੫॥ (ਪੰਨਾ ੧੪੨੯)

੫. ਹੋਏ ਕ੍ਰਿਪਾਲ ਮਾਤ ਪਿਤ 'ਨਿਆਈ' ਬਾਰਿਕ ਜਿਉ ਪ੍ਰਤਿਪਾਰਿਆ ॥੧॥੪੫॥ (ਪੰਨਾ ੩੮੨)

੬. ਬਿਲਪ ਕਰੇ ਚਾਤ੍ਰਿਕ 'ਕੀ ਨਿਆਈ' ॥੧॥੮॥ (ਪੰਨਾ ੯੬)

੭. ਦੇਹੀ ਕਾਚੀ ਕਾਗਦ 'ਮਿਕਦਾਰਾ' ॥੪॥੫॥ (ਪੰਨਾ ੧੦੪੮)

੮. ਤੇ ਘਰ ਮਰਹਟ 'ਸਾਰਖੇ' ਭੂਤ ਬਸਹਿ ਤਿਨ ਮਾਹਿ ॥੧੬੨॥ (ਪੰਨਾ ੧੩੭੪)

[ਵਾਗੀ—ਵਿਚਕਾਰਲੇ 'ਾ' ਦਾ ਉਚਾਰਣ ਨਾਸਕੀ। ਜਿਉ, ਨਿਆਈ—ਅੰਤਲੇ ਸੁਰ ਦਾ ਉਚਾਰਣ ਨਾਸਕੀ।]

(੨੦) ਸਮਾਨਿ, ਸਮਾਨੰ, ਜੈਸਾ, ਜੈਸੀ, ਜੈਸੇ, ਜੇਹਾ, ਜੇਹੀ, ਜੇਹੇ, ਜੇਹੀਆ, ਜੇਹਿਆ, ਜੇਵਿਹਾ, ਸਾ, ਸਰਿ, ਸਮਸਰਿ, ਵਤ, ਜਸ, ਤੁਲਿ, ਬਰਾਬਰਿ, ਜੇਵਡੁ, ਜੇਵਡ, ਲਵੈ, ਸਾਰ, ਭਰਿ

੧. ਕੋਊ ਹਰਿ 'ਸਮਾਨਿ' ਨਹੀ ਰਾਜਾ ॥ਰਹਾਉ॥੫॥ (ਪੰਨਾ ੮੫੬)

੨. ਜਗਿ ਜੀਵਨੁ ਐਸਾ ਸੁਪਨੇ ਜੈਸਾ, ਜੀਵਨੁ ਸੁਪਨ 'ਸਮਾਨੰ' ॥੧॥੨੭॥ (ਪੰਨਾ ੪੮੨)

੩. ਹਰਿ 'ਜੈਸਾ' ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥ਸ.੨॥ਪਉੜੀ ੧॥ (ਪੰਨਾ ੬੪੨)

੪. ਤਿਨ ਹੀ 'ਜੈਸੀ' ਥੀ ਰਹਾ ਸਤ ਸੰਗਤਿ ਮੇਲਿ ਮਿਲਾਇ ॥੧॥੬੧॥ (ਪੰਨਾ ੩੮)

੫. ਤੁਮ 'ਜੈਸੇ' ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ ॥ਪਉੜੀ ੫॥ (ਪੰਨਾ ੧੩੧੫)

੬. ਭੈਣ ਭਾਈ ਸਭਿ ਸਜਣਾ ਤੁਧੁ 'ਜੇਹਾ' ਨਾਹੀ ਕੋਇ ਜੀਉ ॥੧॥੨੬॥ (ਪੰਨਾ ੭੩)

੭. ਤੂ ਠਾਕੁਰੋ ਬੈਰਾਗਰੋ ਮੈ 'ਜੇਹੀ' ਘਣ ਚੇਰੀ ਰਾਮ ॥੧॥੪॥ (ਪੰਨਾ ੭੭੬)

੮. ਤੇਰੈ ਰੰਗਿ ਰਤੇ ਤੁਧੁ 'ਜੇਹੇ' ਵਿਰਲੇ ਕੇਈ ਭਾਲਕਾ ॥੧੨॥੧੩॥ (ਪੰਨਾ ੧੦੮੫)

੯. ਤਉ ਭਾਵਨਿ ਤਉ 'ਜੇਹੀਆ' ਮੂ 'ਜੇਹੀਆ' ਕਿਤੀਆਹ ॥੮॥੬॥ (ਪੰਨਾ ੧੦੧੫)

੧੦. ਡਿਠੇ ਸਭੇ ਥਾਵ ਨਹੀ ਤੁਧੁ 'ਜੇਹਿਆ' ॥੧੦॥ (ਪੰਨਾ ੧੩੬੨)

੧੧. ਪਿਯੂ ਦਾਦੇ 'ਜੇਵਿਹਾ' ਪੋਤਾ ਪਰਵਾਣੁ ॥੬॥੧॥ (ਪੰਨਾ ੯੬੮)

ਨੋਟ : (੧) ਕੰਨਾ-ਅੰਤਿਕ ਸੰਬੰਧਕਾਂ ਜੇਹਾ, ਜੇਵਿਹਾ, ਜੈਸਾ ਦੇ ਰੂਪ ਲਿੰਗ ਅਤੇ ਵਚਨ ਦੇ ਪ੍ਰਭਾਵ ਕਰਕੇ ਬਦਲਦੇ ਹਨ।

(੨) ਜੇਹੀਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।

੧੨. ਹਰਿ 'ਸਾ' ਪ੍ਰੀਤਮੁ ਕਰਿ ਮਨ ਮੀਤ ॥ਰਹਾਉ॥੧੦੮॥ (ਪੰਨਾ ੧੮੭)

੧੩. ਹਮ 'ਸਰਿ' ਦੀਨੁ ਦਇਆਲੁ ਨ ਤੁਮ 'ਸਰਿ', ਅਬ ਪਤੀਆਰੁ ਕਿਆ ਕੀਜੈ ॥੧॥੧॥ (ਪੰਨਾ ੬੯੪)

੧੪. ਤੁਮ 'ਸਮਸਰਿ' ਨਾਹੀ ਦਇਆਲੁ ਮੋਹਿ 'ਸਮਸਰਿ' ਪਾਪੀ ॥੪॥੩॥ (ਪੰਨਾ ੮੫੬)

੧੫. ਇਹੁ ਸੰਸਾਰੁ ਬਿਖੁ 'ਵਤ' ਅਤਿ ਭਉਜਲੁ,
ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ਰਹਾਉ॥੧੫॥ (ਪੰਨਾ ੩੫੩)

੧੬. ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ 'ਜਸ' ਕੀਰਾ ॥੨॥੩॥ (ਪੰਨਾ ੪੮੬)

੧੭. ਕੀੜੀ 'ਤੁਲਿ' ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥ (ਪੰਨਾ ੫)

੧੮. ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ 'ਬਰਾਬਰਿ' ਅਉਰੁ ਨ ਕੋਇ ॥੩॥੨॥ (ਪੰਨਾ ੮੫੮)

੧੯. ਤੁਧੁ 'ਜੇਵਡੁ' ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ ॥੧॥੪॥ (ਪੰਨਾ ੧੩੩੩)

[ਜੇਵਡੁ—ਪੁਲਿੰਗ]

੨੦. ਨਾਵੈ 'ਜੇਵਡ' ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥ਪਉੜੀ ੬॥ (ਪੰਨਾ ੭੮੭)

[ਜੇਵਡ—ਇਸਤਰੀ-ਲਿੰਗ]

੨੧. ਤੁਮ੍ਰੈ 'ਲਵੈ' ਨ ਕੋਊ ਲਾਈ ॥੩॥੬੦॥ (ਪੰਨਾ ੩੮੬)

੨੨. ਭਣਿ ਘਾਲੇ ਸਭ ਦਿਵਸ ਸਾਸ, ਨਹ ਬਢਨ ਘਟਨ ਤਿਲੁ 'ਸਾਰ' ॥ਸਲੋਕ॥ਪਉੜੀ ੨੧॥ (ਪੰਨਾ ੨੫੪)

[ਤਿਲੁ ਸਾਰ—ਤਿਲ ਮਾਤ੍ਰ]

੨੩. ਨਾਮੇ 'ਸਰਭਰਿ' ਸੋਨਾ ਲੇਹੁ ॥੧੦॥੧੦॥ (ਪੰਨਾ ੧੧੬੬)

[ਨਾਮੇ ਸਰਭਰਿ—ਨਾਮੇ ਦੇ ਬਰਾਬਰ]

(੨੧) ਬਦਲੇ, ਬਦਲੈ, ਬਦਲਹਾ, ਬਾਦਰੈ, ਬਦਲਾਵਨਿ, ਸਟੈ

੧. ਹੀਰੇ ਜੈਸਾ ਜਨਮੁ ਹੈ ਕਉਡੀ 'ਬਦਲੇ' ਜਾਇ ॥੧॥੧੮॥ (ਪੰਨਾ ੧੫੬)

੨. ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ 'ਬਦਲੈ' ਜਾਇ ॥੩॥੨੨॥ (ਪੰਨਾ ੨੨)

੩. ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ 'ਬਦਲਹਾ' ॥੧॥੪॥ (ਪੰਨਾ ੧੨੦੩)

੪. ਕਾਚ 'ਬਾਦਰੈ' ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥੨॥੪॥ (ਪੰਨਾ ੧੨੦੩)

੫. ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ 'ਬਦਲਾਵਨਿ' ਦੈਹਉ ॥ਰਹਾਉ॥੬॥ (ਪੰਨਾ ੮੭੪)

੬. ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ 'ਸਟੈ' ॥ਰਹਾਉ॥੨॥ (ਪੰਨਾ ੬੯੪)

੨੧. ਯੋਜਕ (Conjunction)

(ੳ) ਲੱਛਣ

ਜੋ ਸ਼ਬਦ ਵੱਖ ਵੱਖ ਸ਼ਬਦਾਂ, ਵਾਕਾਂ ਜਾਂ ਵਾਕ-ਅੰਸ਼ਾਂ ਨੂੰ ਜੋੜਨ, ਉਹਨਾਂ ਨੂੰ ਯੋਜਕ ਕਹੀਦਾ ਹੈ।

(ਅ) ਵੱਖ ਵੱਖ ਸ਼ਬਦ-ਜੋੜੂ ਸ਼੍ਰੇਣੀਆਂ ਵਿਚ ਪਰਸਪਰ ਫ਼ਰਕ

ਸੰਬੰਧਵਾਚਕ ਪੜਨਾਂਵ, ਕ੍ਰਿਆ-ਵਿਸ਼ੇਸ਼ਣ ਅਤੇ ਸੰਬੰਧਕ ਇਹ ਤਿੰਨੇ ਸ਼੍ਰੇਣੀਆਂ ਵੀ

ਜੋੜਨ ਦਾ ਕੰਮ ਕਰਦੀਆਂ ਹਨ, ਪਰ ਯੋਜਕਾਂ ਦਾ ਕੰਮ ਇਹਨਾਂ ਤੋਂ ਵੱਖਰਾ ਹੈ। ਇਹਨਾਂ ਵਿਚਲਾ ਪਰਸਪਰ ਫ਼ਰਕ ਸਮਝ ਲੈਣਾ ਚਾਹੀਦਾ ਹੈ:

- ਇਹ ਓਹੋ ਹੀ ਪੁਸਤਕ ਹੈ 'ਜੋ' ਮੈਂ ਚਾਹੁੰਦਾ ਹਾਂ। [ਸੰਬੰਧਵਾਚਕ ਪੜਨਾਂਵ]
- ਇਹ ਓਹੀ ਅਸਥਾਨ ਹੈ 'ਜਿਥੇ' ਘਲੂਘਾਰਾ ਵਾਪਰਿਆ। [ਕ੍ਰਿਆ ਵਿਸ਼ੇਸ਼ਣ]
- ਦੋਹਾਂ ਭਰਾਵਾਂ ਦੇ ਸੁਭਾਅ 'ਵਿਚ' ਕੋਈ ਫ਼ਰਕ ਨਹੀਂ। [ਸੰਬੰਧਕ]
- ਪ੍ਰਸ਼ਾਦ ਛਕੋ 'ਅਤੇ' ਕੀਰਤਨ ਕਰੋ। [ਯੋਜਕ]

ਗੁਰਬਾਣੀ ਵਿਚ ਵਰਤੇ ਗਏ ਯੋਜਕਾਂ ਨੂੰ ਮਿਲਦੀਆਂ-ਜੁਲਦੀਆਂ ਟੋਲੀਆਂ ਵਿਚ ਰੱਖ ਕੇ ਉਹਨਾਂ ਨਾਲ ਸੰਬੰਧਤ ਗੁਰਬਾਣੀ ਦੀਆਂ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ:

(੧) ਅਤੈ, ਤੈ, ਅਉ, ਅਰੁ, ਅਵਰੁ (and)

੧. ਨਦੀਆ 'ਅਤੈ' ਵਾਹ, ਪਵਹਿ ਸਮੁੰਦਿ ਨ ਜਾਣੀਅਹਿ ॥੨੩॥ *(ਪੰਨਾ ੫)*

੨. ਆਖਹਿ ਗੋਪੀ 'ਤੈ' ਗੋਵਿੰਦ ॥੨੬॥ *(ਪੰਨਾ ੬)*

੩. ਲੋਭ ਮੋਹ ਮਾਇਆ ਮਮਤਾ ਫੁਨਿ, 'ਅਉ' ਬਿਖਿਅਨ ਕੀ ਸੇਵਾ ॥੧॥੭॥ *(ਪੰਨਾ ੨੨੦)*

੪. ਕਾਮ ਕ੍ਰੋਧ 'ਅਰੁ' ਲੋਭ ਮੋਹ, ਬਿਨਸਿ ਜਾਇ ਅਹੰਮੇਵ ॥੧॥੬॥ *(ਪੰਨਾ ੨੬੯)*

੫. ਅੰਬਰੀਕੁ ਜਯਦੇਵ ਤ੍ਰਿਲੋਚਨੁ, ਨਾਮਾ 'ਅਵਰੁ' ਕਬੀਰੁ ਭਣੰ ॥੩॥ *(ਪੰਨਾ ੧੪੦੫)*

(੨) ਕੈ, ਅਕੈ, ਕਿ (or) ਜਾਂ

੧. ਕਰਤੈ ਕੀ ਮਿਤਿ ਕਰਤਾ ਜਾਣੈ 'ਕੈ' ਜਾਣੈ ਗੁਰੁ ਸੂਰਾ ॥੩॥ *(ਪੰਨਾ ੯੩੦)*

੨. 'ਕੈ' ਜਾਨੈ ਆਪਨ ਧਨੀ, 'ਕੈ' ਦਾਸੁ ਦੀਵਾਨੀ ਹੋਇ ॥੧੭੬॥ *(ਪੰਨਾ ੧੩੭੩)*
[ਕੈ—ਜਾਂ, ਯਾ]

੩. ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ,
'ਅਕੈ' ਕੋਈ ਕਿਹੁ ਦੇਵਾਏ,
ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ ॥ਪਉੜੀ ੯॥ *(ਪੰਨਾ ੮੫੩)*
[ਅਕੈ—ਜਾਂ, ਯਾ]

੪. ਆਪਿ ਭੁਲਾ 'ਕਿ' ਪ੍ਰਭਿ ਆਪਿ ਭੁਲਾਇਆ ॥੩॥੩੧॥ *(ਪੰਨਾ ੧੬੧)*

੫. ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ 'ਕਿ' ਪੀਉ ॥੨੩੬॥ *(ਪੰਨਾ ੧੩੭੭)*
[ਕਿ—ਜਾਂ, ਯਾ]

(੩) ਪਰੁ (but)

੧. ਪੂਜਾ ਕਰਹਿ 'ਪਰੁ' ਬਿਧਿ ਨਹੀ ਜਾਣਹਿ, ਦੂਜੈ ਭਾਇ ਮਲੁ ਲਾਈ ॥੧੦॥੧੨॥
[ਪਰੁ—ਪਰੰਤੂ] *(ਪੰਨਾ ੯੧੦)*

(੪) ਨਤਰਿ, ਨਾਤਰੁ, ਨਾਹੀ ਤ, ਨਾਹਿ ਤ, ਨਾਹੀ (otherwise)

੧. ਸੂਧੇ ਸੂਧੇ ਰੇਗਿ ਚਲਹੁ ਤੁਮ, 'ਨਤਰ' ਕੁਧਕਾ ਦਿਵਈਹੈ ਰੇ ॥ਰਹਾਉ॥੧॥
[ਨਤਰ—ਨਹੀਂ ਤਾਂ] *(ਪੰਨਾ ੬੫੫)*

੨. ਬਿਸਮਿਲਿ ਗਊ ਦੇਹੁ ਜੀਵਾਇ ॥
'ਨਾਤਰੁ' ਗਰਦਨਿ ਮਾਰਉ ਠਾਂਇ ॥੨॥੧੦॥ *(ਪੰਨਾ ੧੧੬੫)*
[ਨਾਤਰ—ਨਹੀਂ ਤਾਂ]

੩. ਦੂਧੁ ਪੀਉ ਗੋਬਿੰਦੇ ਰਾਇ ॥
ਦੂਧੁ ਪੀਉ ਮੇਰੋ ਮਨੁ ਪਤੀਆਇ ॥
'ਨਾਹੀ ਤ' ਘਰ ਕੋ ਬਾਪੁ ਰਿਸਾਇ ॥ਰਹਾਉ॥੩॥ *(ਪੰਨਾ ੧੧੬੩)*

੪. ਚੇਤਿ ਰਾਮੁ 'ਨਾਹੀ' ਜਮਪੁਰਿ ਜਾਹਿਗਾ, ਜਨੁ ਬਿਚਰੈ ਅਨਰਾਧਾ ॥ਰਹਾਉ॥੫॥
[ਨਾਹੀ—ਨਹੀਂ ਤਾਂ] *(ਪੰਨਾ ੬੭੩)*

੫. ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ, 'ਨਾਹਿ ਤ' ਜਾਹਿਗਾ ਜਨਮੁ ਗਵਾਇ ॥ਰਹਾਉ॥੧੦॥ *(ਪੰਨਾ ੬੦੩)*

(੫) ਨਾ...ਨਾ (neither-nor)

੧. 'ਨਾ' ਭੈਣਾ ਭਰਜਾਈਆ, 'ਨਾ' ਸੇ ਸਸੁੜੀਆਹ ॥੧॥੧੦॥ *(ਪੰਨਾ ੧੦੧੫)*

੨. 'ਨਾ' ਮੈ ਰੂਪੁ 'ਨ' ਬੰਕੇ ਨੈਣਾ ॥
'ਨਾ' ਕੁਲ ਢੰਗੁ 'ਨ' ਮੀਠੇ ਬੈਣਾ ॥ਰਹਾਉ॥੧॥ *(ਪੰਨਾ ੭੫੦)*

੩. ਇਕਨਾ ਨਾਦ 'ਨ' ਬੇਦ 'ਨ' ਗੀਅ ਰਸੁ, ਰਸ ਕਸ ਨ ਜਾਣੰਤਿ ॥ਸ.੨॥ਪਉ.੨੨॥ *(ਪੰਨਾ ੧੨੪੬)*

(੬) ਤਾ, ਯਾ ਤੇ (therefore)

੧. ਸਭ ਮਹਿ ਵਰਤੈ ਏਕੁ ਅਨੰਤਾ ॥
'ਤਾ' ਤੂੰ ਸੁਖਿ ਸੋਉ ਹੋਇ ਅਚਿੰਤਾ ॥
ਓਹ ਸਭੁ ਕਿਛੁ ਜਾਣੈ ਜੋ ਵਰਤੰਤਾ ॥੨॥੭॥ *(ਪੰਨਾ ੧੭੬)*
[ਤਾ—ਇਸ ਲਈ]

੨. ਚੰਚਲ ਤ੍ਰਿਸਨਾ ਸੰਗਿ ਬਸਤੁ ਹੈ 'ਯਾ ਤੇ' ਥਿਰੁ ਨ ਰਹਾਈ ॥ਰਹਾਉ॥੪॥
[ਯਾ ਤੇ—ਇਸ ਲਈ] *(ਪੰਨਾ ੨੧੯)*

(੭) ਜਿ (ਕਿ) (that)

੧. ਪ੍ਰਥਮੇ ਮਤਾ 'ਜਿ' ਪੜ੍ਹੀ ਚਲਾਵਹੁ ॥੧॥੫॥ *(ਪੰਨਾ ੩੭੧)*
[ਜਿ—ਕਿ]

(੮) ਮਤੁ (ਮਤਾਂ) (perhaps, lest)

੧. ਹਉ ਖੜੀ ਨਿਹਾਲੀ ਪੰਧੁ 'ਮਤੁ' ਮੂੰ ਸਜਣੁ ਆਵਏ ॥੫॥ *(ਪੰਨਾ ੧੪੨੧)*

੨. ਆਪਣੈ ਅਹੰਕਾਰਿ ਜਗਤੁ ਜਲਿਆ, 'ਮਤ' ਤੂੰ ਆਪਣਾ ਆਪੁ ਗਵਾਵਹੇ ॥੭॥੭॥ *(ਪੰਨਾ ੪੪੧)*

੩. ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,
'ਮਤੁ' ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥੨॥੫॥ *(ਪੰਨਾ ੫੪੦)*
[ਮਤੁ—ਮਤਾਂ]

(੯) ਜਿਉ (as)

੧. ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ, 'ਜਿਉ' ਬਾਰਿਕੁ ਦੇਖਿ ਮਹਤਾਰੀ ॥੩॥੧॥
[ਜਿਉ—ਜਿਵੇਂ] *(ਪੰਨਾ ੧੨੬੩)*

(੧੦) ਭੀ, ਤਉ ਭੀ, ਤ, ਤਾ ਭੀ, ਤਊ, ਤਉ (even then)

੧. ਜੇ ਬਹੁਤਾ ਸਮਝਾਈਐ ਭੋਲਾ, 'ਭੀ' ਸੋ ਅੰਧੋ ਅੰਧਾ ॥ਰਹਾਉ॥੩੧॥ *(ਪੰਨਾ ੩੫੮)*

੨. ਝਖੜੁ ਝਾਗੀ ਮੀਹੁ ਵਰਸੈ, 'ਭੀ' ਗੁਰੁ ਦੇਖਣ ਜਾਈ ॥੧੩॥੧॥ *(ਪੰਨਾ ੭੫੭)*

੩. ਜੇ ਸਉ ਅੰਮ੍ਰਿਤੁ ਨੀਰੀਐ, 'ਭੀ' ਬਿਖੁ ਫਲੁ ਲਾਗੈ ਧਾਇ ॥੪॥੧੬॥ *(ਪੰਨਾ ੬੫)*
[ਭੀ—ਤਾਂ ਵੀ]

੪. ਜਉ ਮੈ ਕੀਓ ਸਗਲ ਸੀਗਾਰਾ ॥
'ਤਉ ਭੀ' ਮੇਰਾ ਮਨੁ ਨ ਪਤੀਆਰਾ ॥੧॥੧੧॥ *(ਪੰਨਾ ੩੭੩)*
[ਤਉ ਭੀ—ਤਾਂ ਵੀ]

੫. ਸਹਸ ਸਿਆਣਪਾ ਲਖ ਹੋਹਿ, 'ਤ' ਇਕ ਨ ਚਲੈ ਨਾਲਿ ॥੧॥੧॥ *(ਪੰਨਾ ੧)*
[ਤ—ਤਾਂ ਵੀ]

੬. ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥
'ਤਾ ਭੀ' ਚੀਤਿ ਨ ਰਾਖਸਿ ਮਾਇਆ ॥੨॥੧੨॥ *(ਪੰਨਾ ੪੭੮)*
[ਤਾ ਭੀ—ਤਾਂ ਵੀ]

੭. ਖੰਡ ਖੰਡ ਕਰਿ ਭੋਜਨੁ ਕੀਨੋ, 'ਤਊ' ਨ ਬਿਸਰਿਓ ਪਾਨੀ ॥੨॥੨॥ *(ਪੰਨਾ ੬੫੮)*
[ਤਊ—ਤਾਂ ਭੀ]

੮. ਜਉ ਤਨੁ ਚੀਰਹਿ ਅੰਗੁ ਨ ਮੋਰਉ ॥
ਪਿੰਡੁ ਪਰੈ 'ਤਉ' ਪ੍ਰੀਤਿ ਨ ਤੋਰਉ ॥੨॥੩੫॥ *(ਪੰਨਾ ੪੮੪)*
[ਤਉ—ਤਾਂ ਭੀ]

(੧੧) ਜਾਂ (whereas)

੧. ਮੰਦਾ ਕਿਸ ਨੋ ਆਖੀਐ 'ਜਾਂ' ਸਭਨਾ ਸਾਹਿਬੁ ਏਕੁ ॥ਸਲੋਕੁ ੧॥੨॥ *(ਪੰਨਾ ੧੨੩੮)*
[ਜਾਂ—ਜਦ ਕਿ]

(੧੨) ਤਾਂ (then)

੧. 'ਜੇ' ਓਇ ਦਿਸਹਿ ਨਰਕਿ ਜਾਂਦੇ 'ਤਾਂ' ਉਨ੍ ਕਾ ਦਾਨੁ ਨ ਲੈਣਾ ॥ਸ.੨॥੨੫॥
(ਪੰਨਾ ੧੨੯੦)

੨. 'ਜਾਂ' ਪਤਿ ਲੇਖੈ ਨਾ ਪਵੈ 'ਤਾਂ' ਸਭੇ ਕੁਪਰਵਾਣ ॥੩॥੩੧॥ *(ਪੰਨਾ ੩੫੮)*

੩. ਸਤਿਗੁਰੁ ਹੋਇ ਦਇਆਲੁ 'ਤ' ਸਰਧਾ ਪੂਰੀਐ ॥ਪਉੜੀ॥੨੫॥ *(ਪੰਨਾ ੧੪੯)*

(੧੩) ਜੇਕਰਿ, ਜਉ, ਜੇ (if)

੧. ਅਉਖਧ ਮੰਤ੍ ਮੂਲੁ ਮਨ ਏਕੈ 'ਜੇਕਰਿ' ਦ੍ਰਿੜੁ ਚਿਤੁ ਕੀਜੈ ਰੇ ॥੧॥੧੬॥ *(ਪੰਨਾ ੧੫੬)*

੨. ਕਬੀਰ ਲੇਖਾ ਦੇਨਾ ਸੁਹੇਲਾ 'ਜਉ' ਦਿਲ ਸੂਚੀ ਹੋਇ ॥੨੦੧॥ *(ਪੰਨਾ ੧੩੭੫)*

੩. ਕਬੀਰ ਕਾਰਨੁ ਬਪੁਰਾ ਕਿਆ ਕਰੈ 'ਜਉ' ਰਾਮੁ ਨ ਕਰੈ ਸਹਾਇ ॥੬੭॥
(ਪੰਨਾ ੧੩੬੯)

੪. ਚਾਕਰੁ ਲਗੈ ਚਾਕਰੀ 'ਜੇ' ਚਲੈ ਖਸਮੈ ਭਾਇ ॥ਪਉੜੀ॥੨੨॥ *(ਪੰਨਾ ੪੭੪)*

(੧੪) ਭਾਵੈ, ਤ, ਜੇ (even if)

੧. ਓਸ ਨੋ ਸੁਖੁ ਨ ਉਪਜੈ, 'ਭਾਵੈ' ਸਉ ਗੇੜਾ ਆਵਉ ਜਾਉ ॥ਸ.੧॥੧੪॥ *(ਪੰਨਾ ੫੯੧)*

੨. ਭਗਤਿ ਨ ਛਾਡਉ ਰਾਮ ਕੀ, 'ਭਾਵੈ' ਨਿੰਦਉ ਲੋਗੁ ॥੪॥ *(ਪੰਨਾ ੧੩੬੬)*
[ਭਾਵੈ—ਭਾਵੇਂ]

੩. ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ 'ਤ' ਜਾਉ ॥੧੦੨॥ *(ਪੰਨਾ ੧੩੬੯)*
[ਤ—ਭਾਵੇਂ, ਬੇਸ਼ਕ]

੪. ਮਨ ਕੀ ਮੈਲੁ ਨ ਉਤਰੈ ਇਹ ਬਿਧਿ, 'ਜੇ' ਲਖ ਜਤਨ ਕਰਾਏ ॥੩॥੩॥
[ਜੇ—ਭਾਵੇਂ] *(ਪੰਨਾ ੬੪੨)*

(ਸ) ਧਿਆਨ-ਜੋਗ ਮੁੱਦਾ

ਗੁਰਬਾਣੀ ਵਿਚ ਕੁਝ ਕੁ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ, ਜਿਨ੍ਹਾਂ ਨੂੰ ਅਜੋਕੀਆਂ ਵਿਆਕਰਣਿਕ ਪੁਸਤਕਾਂ ਵਿਚ ਨਿਰਧਾਰਤ ਕੀਤੀਆਂ ਸ਼ਬਦ-ਸ਼੍ਰੇਣੀਆਂ ਵਿੱਚੋਂ ਕਿਸੇ ਵਿਚ ਵੀ ਸਹੀ ਤੌਰ 'ਤੇ ਨਹੀਂ ਰਖਿਆ ਜਾ ਸਕਦਾ। ਅਜਿਹੇ ਸ਼ਬਦਾਂ ਨਾਲ ਸੰਬੰਧਤ ਗੁਰਬਾਣੀ ਦੀਆਂ ਕੁਝ ਕੁ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

ਸੁ

੧. ਧੰਨੁ ਮੂਰਤ ਚਸੇ ਪਲ ਘੜੀਆ ਧੰਨਿ 'ਸੁ' ਓਇ ਸੰਜੋਗਾ ਜੀਉ ॥੧॥੧੭॥ *(ਪੰਨਾ ੯੯)*

੨. ਖੁੰਢਾ ਅੰਦਰਿ ਰਖਿ ਕੈ ਦੇਨਿ 'ਸੁ' ਮਲ ਸਜਾਇ ॥ਸ.੨॥ਪ.੧੧॥ *(ਪੰਨਾ ੧੪੩)*

੩. ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ 'ਸੁ' ਪੰਚ ਜਨਾ ॥੨॥੧੪॥
(ਪੰਨਾ ੧੫੫)

੪. ਕਹਾ 'ਸੁ' ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ 'ਸੁ' ਤੇਗਬੰਦ ਗਾਡੇਰੜਿ ਕਹਾ 'ਸੁ' ਲਾਲ ਕਵਾਈ ॥੧॥੧੨॥ *(ਪੰਨਾ ੪੧੭)*

੫. ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ 'ਸੁ' ਕੰਚਨ ਚੰਗੜੀਆ ॥੧॥੫॥ *(ਪੰਨਾ ੫੭੫)*

੬. ਏਹ ਦੇਹ 'ਸੁ' ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥੧॥੫॥
(ਪੰਨਾ ੫੭੫)

੭. ਮਨੁ 'ਸੁ' ਮਧੁਕਰੁ ਕਰਉ ਚਰਨ ਹਿਰਦੇ ਧਰਉ,
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥੨॥ (ਪੰਨਾ ੬੯੪)

੮. ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ, ਜੁਗਤਿ ਕਰਿ ਮਰਤੁ 'ਸੁ' ਸਨਬੰਧੁ ਕੀਜੈ ॥੧॥੯॥
(ਪੰਨਾ ੯੯੧)

੯. ਆਸ ਪਿਆਸੀ ਸੇਜ 'ਸੁ' ਕੰਤਿ ਵਿਛਾਈਐ ॥੨॥੨੩॥ (ਪੰਨਾ ੧੩੬੧)

੧੦. ਅਜਹੁ 'ਸੁ' ਨਾਉ ਸਮੁੰਦ੍ ਮਹਿ ਕਿਆ ਜਾਨਉ ਕਿਆ ਹੋਇ ॥੩੯॥ (ਪੰਨਾ ੧੩੬੬)

੧੧. ਫਰੀਦਾ ਰਹੀ 'ਸੁ' ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥ (ਪੰਨਾ ੧੩੭੯)

੧੨. ਫਰੀਦਾ ਗਲੀਂ 'ਸੁ' ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥੮੭॥ (ਪੰਨਾ ੧੩੮੨)

੧੩. 'ਸੁ' ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥੧੦॥ (ਪੰਨਾ ੧੩੯੨)

੧੪. 'ਸੁ' ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ,
ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥੪੯॥ (ਪੰਨਾ ੧੪੦੪)

੧੫. ਹਰਿਬੰਸ ਜਗਤਿ ਜਸੁ ਸੰਚਰ੍ਯੋ 'ਸੁ' ਕਵਣੁ ਕਹੈ ਸ੍ਰੀ ਗੁਰੁ ਮੁਖਉ ॥੧॥੧੪੩॥
(ਪੰਨਾ ੧੪੦੯)

੧੬. ਕਾਟੇ 'ਸੁ' ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥੨॥੧੪੩॥
(ਪੰਨਾ ੧੪੦੯)

ਤ

੧. ਮੋਤੀ 'ਤ' ਮੰਦਰ ਊਸਰਹਿ ਰਤਨੀ 'ਤ' ਹੋਹਿ ਜੜਾਉ ॥੧॥੧॥ (ਪੰਨਾ ੧੪)

੨. ਧਰਤੀ 'ਤ' ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥੨॥੧॥ (ਪੰਨਾ ੧੪)

੩. ਜੋਗੀ 'ਤ' ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥੨॥੧੭॥ (ਪੰਨਾ ੬੪)

੪. ਸਬਦਾਹ ਮਾਹਿ ਵਖਾਣੀਐ ਵਿਰਲਾ 'ਤ' ਬੂਝੈ ਕੋਇ ॥੫॥੧੭॥ (ਪੰਨਾ ੬੪)

੫. ਅਰਪਿਆ 'ਤ' ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥੩॥੧॥
(ਪੰਨਾ ੨੪੭)

੬. ਮਾਨਹਿ 'ਤ' ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥੨॥੨॥ (ਪੰਨਾ ੨੪੮)

੭. ਹਾਥਿ 'ਤ' ਡੋਰ ਮੁਖਿ ਖਾਇਓ ਤੰਬੋਰ ॥੩॥੧੬॥ (ਪੰਨਾ ੩੨੬)

੮. ਦੂਧੁ 'ਤ' ਬਛਰੈ ਥਨਹੁ ਬਿਟਾਰਿਓ ॥੧॥੧॥ (ਪੰਨਾ ੫੨੫)

੯. ਆਵਣੁ 'ਤ' ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ ॥੧॥੧॥
(ਪੰਨਾ ੫੪੨)

੧੦. ਚਾਕਰੁ 'ਤ' ਭੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥
ਦੁਸਮਨੁ 'ਤ' ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥੪॥੨॥ (ਪੰਨਾ ੫੬੭)

੧੧. ਮਾਇਆ 'ਤ' ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥੧੦॥ (ਪੰਨਾ ੯੧੮)

੧੨. ਬਾਣੀ 'ਤ' ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥ (ਪੰਨਾ ੯੨੦)

੧੩. ਉਡਹਿ 'ਤ' ਬੇਗੁਲ ਬੇਗੁਲੇ ਤਾਕਹਿ ਚੋਗ ਘਣੇ ॥੩੩॥ (ਪੰਨਾ ੯੩੪)

੧੪. ਭਾਉ ਭੋਜਨੁ ਨਾਨਕਾ ਵਿਰਲਾ 'ਤ' ਕੋਈ ਕੋਇ ॥ਸ.੧॥ਪ.੨੧॥ (ਪੰਨਾ ੧੨੪੫)

ਕਿ

੧. ਸੰਤ ਸਭਾ ਮਹਿ ਬੈਸਿ 'ਕਿ' ਕੀਰਤਿ ਮੈ ਕਹਾਂ ॥੨॥੨੩॥ (ਪੰਨਾ ੧੩੬੧)

੨. ਸੋਲਹ ਕੀਏ ਸੀਗਾਰ 'ਕਿ' ਅੰਜਨੁ ਪਾਜਿਆ ॥੩॥੪੩॥ (ਪੰਨਾ ੧੩੬੧)

੩. ਮੈ ਤਨਿ ਅਵਗਣ ਬਹੁਤੁ 'ਕਿ' ਅਵਗਣ ਛਾਇਆ ॥੫॥੪੩॥ (ਪੰਨਾ ੧੩੬੨)

੪. ਹਾਂ 'ਕਿ' ਬਲਿ ਬਲਿ ਬਲਿ ਬਲਿ ਸਦ ਬੰਲਿਹਾਰਿ ॥੪॥੯॥ (ਪੰਨਾ ੧੩੮੬)

ਜੁ

੧. ਕੁਮ੍ਹਾਰੈ ਏਕ 'ਜੁ' ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥੨॥੧੬॥ (ਪੰਨਾ ੪੭੬)

੨. ਇਨ ਪੰਚਨ ਮੇਰੋ ਮਨੁ 'ਜੁ' ਬਿਗਾਰਿਓ ॥੨॥੧॥ (ਪੰਨਾ ੭੧੦)

੩. ਪ੍ਰਾਨ 'ਜੁ' ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥੩॥੧॥ (ਪੰਨਾ ੬੫੬)

੪. ਕਬੀਰ ਸਾਚਾ ਸਤਿਗੁਰੁ ਮੈ ਮਿਲਿਆ, ਸਬਦੁ 'ਜੁ' ਬਾਹਿਆ ਏਕੁ ॥੧੫੭॥
(ਪੰਨਾ ੧੩੭੨)

ਉਪਰੋਕਤ ਉਦਾਹਰਣਾਂ ਵਿਚ ਕੀਤੀ ਗਈ ਵਰਤੋਂ ਅਜਿਹੀ ਹੈ ਕਿ ਸ਼ਬਦ 'ਸੁ', 'ਤ', 'ਕਿ' ਅਤੇ 'ਜੁ' ਦੇ ਆਪਣੇ ਆਪ ਵਿਚ ਕੋਈ ਵਿਸ਼ੇਸ਼ ਅਰਥ ਭਾਵੇਂ ਨਹੀਂ ਬਣਦੇ, ਪਰ ਇਹ ਸਮੁੱਚੀ ਤੁਕ ਦੇ ਉਚਾਰਣ-ਲਹਿਜੇ ਅਤੇ ਅਰਥ-ਭਾਵ ਵਿਚ ਬਲ ਅਥਵਾ ਸੁਹਜ-ਸਵਾਦ ਜ਼ਰੂਰ ਪੈਦਾ ਕਰਦੇ ਹਨ।

ਇਹ ਮਸਲਾ ਭਾਸ਼ਾ-ਵਿਗਿਆਨੀਆਂ ਅਤੇ ਵਿਆਕਰਣ-ਅਚਾਰੀਆਂ ਅਤੇ ਗੁਰਮਤੀ ਵਿਦਵਾਨਾਂ ਦੇ ਧਿਆਨ ਗੋਚਰਾ ਹੈ ਕਿ ਉਪਰੋਕਤ ਸ਼ਬਦਾਂ ਦਾ ਸੰਬੰਧ ਕਿਸ ਸ਼ਬਦ-ਸ਼੍ਰੇਣੀ ਨਾਲ ਹੈ।

ਚੂੰਕਿ ਇਹਨਾਂ ਦਾ ਰੂਪ, ਲਿੰਗ ਜਾਂ ਵਚਨ ਦੇ ਪ੍ਰਭਾਵ ਅਧੀਨ ਬਦਲਦਾ ਨਹੀਂ, ਇਸ ਨਾਤੇ ਇਹਨਾਂ ਨੂੰ 'ਅਵਿਐ' ਦੀ ਸ਼੍ਰੇਣੀ ਵਿਚ ਗਿਣਿਆ ਜਾ ਸਕਦਾ ਹੈ।

੨੨. ਵਿਸਮਿਕ (Interjection)

(ੳ) ਲੱਛਣ

ਕਿਸੇ ਹੱਦੋਂ ਵੱਧ ਖ਼ੁਸ਼ੀ, ਗ਼ਮੀ, ਦੁਖ, ਘਬਰਾਹਟ, ਬੇ-ਬਸੀ, ਅਸਚਰਜਤਾ, ਪ੍ਰਸੰਸਾ, ਘਿਰਣਾ, ਕ੍ਰਿਤੱਗਤਾ, ਆਦਿ ਮਨੋਭਾਵਾਂ ਦੇ ਪ੍ਰਗਟਾਅ ਲਈ ਮੂੰਹੋਂ ਆ-ਮੁਹਾਰੇ ਨਿਕਲੇ ਬੋਲ ਵਿਸਮਿਕ ਕਹੀਦੇ ਹਨ।

ਵੱਖ ਵੱਖ ਤਰ੍ਹਾਂ ਦੀਆਂ ਘਟਨਾਵਾਂ ਨਾਲ ਸੰਬੰਧਤ ਵੱਖਰੇ ਵੱਖਰੇ ਮਨੋ-ਭਾਵ ਪ੍ਰਗਟ ਕਰਨ ਲਈ ਅੱਡ-ਅੱਡ ਤਰ੍ਹਾਂ ਦੇ ਵਿਸਮਿਕ ਵਰਤੇ ਜਾਂਦੇ ਹਨ। ਵਿਸਮਿਕ ਇਕ-ਸ਼ਬਦੀ ਵੀ ਹੋ ਸਕਦੇ ਹਨ, ਸ਼ਬਦ-ਜੁਟ ਵੀ ਅਤੇ ਬਹੁ-ਸ਼ਬਦੀ ਵਾਕਾਂਸ਼ ਵੀ। ਸਾਹਿਤ-ਆਚਾਰੀਆ ਵੱਲੋਂ ਭਾਸ਼ਾ ਦੇ ਕੁਝ ਗਿਣੇ-ਚੁਣੇ ਨਿਸਚਿਤ ਸ਼ਬਦ ਵਿਸਮਿਕ ਦੀ ਸ਼੍ਰੇਣੀ ਲਈ ਨਿਰੂਪਨ ਕੀਤੇ ਹੋਏ ਹਨ। ਕਿਸੇ ਸ਼ਬਦ ਦਾ ਸਰੂਪ ਅਥਵਾ ਅਰਥ ਤਾਂ ਉਸ ਨੂੰ ਵਿਸਮਿਕ ਦਰਸਾਉਣ ਦਾ ਆਧਾਰ ਬਣਦੇ ਹੀ ਹਨ, ਪਰ ਕੁਝ ਸ਼ਬਦਾਂ ਦਾ ਵਾਕਾਂਸ਼ ਰੂਪ ਵਿਚ ਵਿਉਂਤ-ਬਧ ਸੁਮੇਲ ਅਤੇ ਉਹਨਾਂ ਦੇ ਬੋਲਣ ਦਾ ਲਹਿਜਾ ਵੀ ਵਿਸਮਿਕ-ਭਾਵ ਦਾ ਪ੍ਰਗਟਾਊ ਹੁੰਦਾ ਹੈ।

ਗੁਰਬਾਣੀ ਵਿੱਚੋਂ ਵੱਖ ਵੱਖ ਕਿਸਮ ਦੇ ਵਿਸਮਿਕ ਸ਼ਬਦਾਂ, ਸ਼ਬਦ-ਜੁਟਾਂ ਅਤੇ ਵਿਸਮਿਕ ਭਾਵ ਪ੍ਰਗਟਾਉਣ ਵਾਲੇ ਵਾਕਾਂਸ਼ਾਂ ਦੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :

(੧) ਸੰਬੋਧਨੀ-ਵਿਸਮਿਕ

ਵੇ

੧. ਲੋਕਾ 'ਵੇ' ਹਉ ਸੂਹਵੀ ਸੂਹਾ ਵੇਸੁ ਕਰੀ ॥ਸਲੋਕ ੨॥੨॥ *(ਪੰਨਾ ੭੮੫)*

ਓਇ

੧. 'ਓਇ' ਪਰਦੇਸੀਆ ਹਾਂ ॥
ਸੁਨਤ ਸੰਦੇਸਿਆ ਹਾਂ ॥ਰਹਾਉ॥੨੩੨॥ *(ਪੰਨਾ ੪੧੧)*

ਮੁਈਏ (ਪਿਆਰ-ਵਾਚਕ)

੧. ਵਖਰੁ ਰਾਖੁ 'ਮੁਈਏ' ਖਾਜੈ ਖੇਤੀ ਰਾਮ ॥੨॥੨॥ *(ਪੰਨਾ ੧੧੧੦)*

ਅਹੇ

੧. ਜਉਪੈ ਹਮ ਨ ਪਾਪ ਕਰੰਤਾ 'ਅਹੇ' ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ਰਹਾਉ॥੩॥ *(ਪੰਨਾ ੯੩)*

ਆਹਿ

੧. 'ਆਹਿ' ਮੇਰੇ ਠਾਕੁਰ ਤੁਮਰਾ ਜੋਰੁ ॥
ਕਾਜੀ ਬਕਿਬੋ ਹਸਤੀ ਤੋਰੁ ॥ਰਹਾਉ॥੪॥ *(ਪੰਨਾ ੯੭੦)*

ਹੇ

੧. 'ਹੇ' ਅਚੁਤ 'ਹੇ' ਪਾਰਬ੍ਰਹਮ ਅਬਿਨਾਸੀ ਅਘਨਾਸ ॥ਪਉੜੀ ੫੫॥ *(ਪੰਨਾ ੨੬੧)*

ਐ ਜੀ

੧. 'ਐ ਜੀ' ਕਿਆ ਮਾਗਉ ਕਿਛੁ ਰਹੈ ਨ ਦੀਸੈ,
ਇਸੁ ਜਗ ਮਹਿ ਆਇਆ ਜਾਈ ॥੮॥੩॥ *(ਪੰਨਾ ੫੦੪)*

ਹੋ ਜੀ

੧. 'ਹੋ ਜੀ'॥ ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥ *(ਪੰਨਾ ੬੯੪)*

ਰੀ

੧. 'ਰੀ' ਬਾਈ ਬੇਢੀ ਦੇਨੁ ਨ ਜਾਈ ॥ਰਹਾਉ॥੨॥ *(ਪੰਨਾ ੬੫੭)*

ਅਰੀ

੧. 'ਅਰੀ' ਬਾਈ ਗੋਬਿਦ ਨਾਮੁ ਮਤਿ ਬੀਸਰੈ ॥ਰਹਾਉ॥੨॥ *(ਪੰਨਾ ੫੨੬)*

ਰੇ

੧. ਸੁਨਹੁ 'ਰੇ' ਤੂ ਕਉਨੁ ਕਹਾ ਤੇ ਆਇਓ ॥ਰਹਾਉ॥੪॥ *(ਪੰਨਾ ੯੯੯)*

ਬੋ

੧. ਸੁਨਿ 'ਬੋ' ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥ਰਹਾਉ॥੭॥ *(ਪੰਨਾ ੩੭੨)*

(੨) ਅਸਚਰਜਤਾ ਬੋਧਕ

ਕਿਆ ਖੂਬੁ

੧. ਵਾਹੁ ਵਾਹੁ 'ਕਿਆ ਖੂਬੁ' ਗਾਵਤਾ ਹੈ ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥ਰਹਾਉ॥੧੩॥ *(ਪੰਨਾ ੪੭੮)*

ਹਲੇ

੧. 'ਹਲੇ' ਯਾਰਾਂ 'ਹਲੇ' ਯਾਰਾਂ ਖੁਸਿ ਖਬਰੀ ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥ਰਹਾਉ॥੩॥ *(ਪੰਨਾ ੭੨੭)*

ਵਾਹੁ

੧. 'ਵਾਹੁ' ਮੇਰੇ ਸਾਹਿਬਾ 'ਵਾਹੁ' ॥
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ਰਹਾਉ॥੩॥ *(ਪੰਨਾ ੭੫੫)*

੨. ਤੂ ਹੈ ਹੈ 'ਵਾਹੁ' ਤੇਰੀ ਰਜਾਇ ॥ਰਹਾਉ॥੮॥ *(ਪੰਨਾ ੧੩੨੯)*

੩. 'ਵਾਹੁ' ਖਸਮ ਤੂ 'ਵਾਹੁ' ਜਿਨਿ ਰਚਿ ਰਚਨਾ ਹਮ ਕੀਏ ॥ਸ.੧॥੧੦॥ *(ਪੰਨਾ ੭੬੮)*

ਅਹੋ

੧. 'ਅਹੋ' ਜਸੁ ਰਖੇਣ ਗੋਪਾਲਹ, ਨਾਨਕ ਰੋਮ ਨ ਛੇਦ੍ਰਤੇ ॥੬॥ *(ਪੰਨਾ ੧੩੫੪)*

(੩) ਪੀੜਾ-ਬੋਧਕ

ਹਾਏ ਹਾਇ

੧. ਪਾਪੀ ਕਰਮ ਕਮਾਵਦੇ ਕਰਦੇ 'ਹਾਏ ਹਾਇ' ॥੬॥ *(ਪੰਨਾ ੧੪੨੫)*

ਹੈ ਹੈ

੧. 'ਹੈ ਹੈ' ਕਰਿ ਕੈ ਓਹਿ ਕਰੇਨਿ ॥
ਗਲ੍ਹ ਪਿਟਨਿ ਸਿਰੁ ਖੋਹੇਨਿ ॥੬॥ *(ਪੰਨਾ ੧੪੧੦)*
[ਹੈ ਹੈ—ਹਾਇ ਹਾਇ !]

ਸੀ

੧. ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ 'ਸੀ' ਨ ਉਚਰੀ ॥੧੩॥ *(ਬਚਿਤ੍ਰ ਨਾਟਕ)*

(੪) ਪੁਕਾਰ-ਬੋਧਕ

ਹਾ ਹਾ

੧. 'ਹਾ ਹਾ' ਪ੍ਰਭ ਰਾਖਿ ਲੇਹੁ ॥
ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ, ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ਰਹਾਉ॥੧੬॥ *(ਪੰਨਾ ੬੭੫)*

ਝ੍ਰਾਹਿ ਝ੍ਰਾਹਿ

੧. 'ਝ੍ਰਾਹਿ ਝ੍ਰਾਹਿ' ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥੨॥੧੭॥ *(ਪੰਨਾ ੧੨੭੦)*

ਰਾਖੁ ਰਾਖੁ

੧. 'ਰਾਖੁ ਰਾਖੁ' ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥ਰਹਾਉ॥੩॥ *(ਪੰਨਾ ੮੫੫)*

ਤਾਸੁ ਤਾਸੁ

੧. 'ਤਾਸੁ ਤਾਸੁ' ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥੫॥੧॥ *(ਪੰਨਾ ੯੯੩)*

ਬਾਹ ਦੇਹਿ ਬਾਹ ਦੇਹਿ

੧. ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥
ਮੋ ਕਉ 'ਬਾਹ ਦੇਹਿ' 'ਬਾਹ ਦੇਹਿ' ਬੀਠੁਲਾ ॥੪॥੨॥ *(ਪੰਨਾ ੧੧੯੬)*

(੫) ਖਿਝਖਿੜਾਹਕ-ਬੋਧਕ

ਹਾ ਹਾ

੧. ਰੇ ਮਨ ਕਿਆ ਕਰਹਿ ਹੈ 'ਹਾ ਹਾ' ॥
ਦ੍ਰਿਸਟਿ ਦੇਖੁ ਜੈਸੇ ਹਰਿ ਚੰਦਉਰੀ ਇਕੁ ਰਾਮ ਭਜਨੁ ਲੈ ਲਾਹਾ ॥ਰਹਾਉ॥੧੨੩॥
(ਪੰਨਾ ੪੦੨)

(੬) ਫਿਟਕਾਰ-ਬੋਧਕ

ਧ੍ਰਿਗੁ ਧ੍ਰਿਗੁ

੧. 'ਧ੍ਰਿਗੁ ਧ੍ਰਿਗੁ' ਖਾਇਆ 'ਧ੍ਰਿਗੁ ਧ੍ਰਿਗੁ' ਸੋਇਆ,
'ਧ੍ਰਿਗੁ ਧ੍ਰਿਗੁ' ਕਾਪੜੁ ਅੰਗਿ ਚੜਾਇਆ ॥੧॥੧॥ *(ਪੰਨਾ ੭੯੬)*

ਫਿਟੁ

੧. 'ਫਿਟੁ' ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ਸ.੨॥੧੬॥ *(ਪੰਨਾ ੭੯੦)*

ਰੇ ਰੇ

੧. 'ਰੇ ਰੇ' ਦਰਗਹ ਕਹੈ ਨ ਕੋਊ ॥ਪਉੜੀ॥੧੦॥ *(ਪੰਨਾ ੨੫੨)*

(੭) ਰੱਬੀ-ਰਜ਼ਾਅ ਮੁਹਰੇ ਸਮਰਪਣ-ਬੋਧਕ

ਅਲਹ

੧. ਭਿਜਉ ਸਿਜਉ ਕੰਬਲੀ 'ਅਲਹ' ਵਰਸਉ ਮੇਹੁ ॥੨੫॥ *(ਪੰਨਾ ੧੩੭੯)*
[ਅਲਹ—(ਫ਼ਾਰਸੀ ਇਨਸ਼ਾ ਅਲਾਹ) ਜਿਵੇਂ ਰੱਬ ਨੂੰ ਭਾਵੇ!]

(੮) ਚਿਤਾਵਨੀ-ਬੋਧਕ

ਹਰਿ ਹਰਿ

੧. 'ਹਰਿ ਹਰਿ' ਤਿਨ ਕਾ ਦਰਸੁ ਨ ਕਰੀਅਹੁ,
ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥੩॥੩॥ *(ਪੰਨਾ ੫੭੪)*
[ਹਰਿ ਹਰਿ—ਵਾਸਤਾ ਜੇ ਰੱਬ ਦਾ!]

੭੭੬ ਪਿਰ
੧ ਮੰਨ ਪਿਤਰਾ ਦਰਸਨੁ ਮਨ ਕਰਤ ਹੈ, ਤੁਮ੍ਹੇ ਬਾਝਿ ਕਿਤੁ ਸਾਤੀ॥ ੨ ॥ ੬੫॥
(ਜਾਵੈਤੀ ਮ: ੪ ਪ: ੩੦੬)

(੯) ਅਸੀਸ-ਬੋਧਕ

ਜੀਵਹੁ

੧. ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ 'ਜੀਵਹੁ' ਸਿਖ ਪਰਵਾਰ ॥੧॥੩੮॥ *(ਪੰਨਾ ੬੧੮)*

ਚਿਰੁ ਜੀਵਹੁ

੧. ਅੰਮ੍ਰਿਤੁ ਪੀਵਹੁ 'ਸਦਾ ਚਿਰੁ ਜੀਵਹੁ' ਹਰਿ ਸਿਮਰਤ ਅਨਦ ਅਨੰਤਾ ॥੩॥੪॥ *(ਪੰਨਾ ੪੯੬)*

ਜੁਗੁ ਜੁਗੁ ਜੀਵਹੁ

੧. 'ਜੁਗੁ ਜੁਗੁ ਜੀਵਹੁ' ਅਮਰ ਫਲ ਖਾਹੁ ॥੧੦॥੧੬॥ *(ਪੰਨਾ ੩੪੪)*

(੧੦) ਅਭਿਸ਼ਾਪ-ਬੋਧਕ

ਜਲਿ ਜਾਉ

੧. 'ਜਲਿ ਜਾਉ' ਏਹੁ ਬਡਪਨਾ ਮਾਇਆ ਲਪਟਾਏ ॥੧॥੪੧॥ *(ਪੰਨਾ ੭੪੫)*

ਜਲਿ ਬਲਿ ਜਾਉ

੧. ਹਰਿ ਬਿਨੁ ਜੀਉ 'ਜਲਿ ਬਲਿ ਜਾਉ' ॥ਰਹਾਉ॥੧॥ *(ਪੰਨਾ ੧੪)*

(੧੧) ਜੈਕਾਰ-ਬੋਧਕ

ਧਨੁ ਧੰਨੁ/ਵਾਹੁ ਵਾਹੁ

੧. ਸੋ ਸਤਿਗੁਰੁ 'ਧਨੁ ਧੰਨੁ' ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ 'ਵਾਹੁ ਵਾਹੁ' ਜਿਨਿ ਹਰਿ ਸਿਉ ਜੋੜਿਆ ॥ਪਉੜੀ ੧੬॥ *(ਪੰਨਾ ੫੨੨)*

ਜੈ ਜੈ

੧. 'ਜੈ ਜੈ' ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ ॥੩॥੩॥ *(ਪੰਨਾ ੬੪੭)*

ਜੈ ਜਏ

੧. ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ 'ਜੈ ਜਏ' ॥੩॥੨॥ *(ਪੰਨਾ ੫੭੬)*

ਜਯੋ ਜਯ

੧. ਸ੍ਰੀ ਗੁਰ ਰਾਮਦਾਸ 'ਜਯੋ ਜਯ' ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੩॥ *(ਪੰਨਾ ੧੪੦੫)*

(੧੨) ਆਪਾ-ਨਿਛਾਵਰ-ਬੋਧਕ

ਬਾਰਨੈ ਬਲਿਹਾਰਨੈ

੧. 'ਬਾਰਨੈ ਬਲਿਹਾਰਨੈ' ਲਖ ਬਰੀਆ ॥ਰਹਾਉ॥੧੪੩॥ *(ਪੰਨਾ ੨੧੧)*

ਘੋਲਿ ਘੁਮਾਈ

੧. 'ਘੋਲਿ ਘੁਮਾਈ' ਲਾਲਨਾ ਗੁਰਿ ਮਨੁ ਦੀਨਾ ॥੧॥੧੧॥ *(ਪੰਨਾ ੧੧੭੭)*

ਹਾਂ/ਬਲਿ ਬਲਿ/ਸਦ ਬਲਿਹਾਰਿ

੧. 'ਹਾਂ' ਕਿ 'ਬਲਿ ਬਲਿ' 'ਬਲਿ ਬਲਿ' 'ਸਦ ਬਲਿਹਾਰਿ' ॥੧॥ *(ਪੰਨਾ ੧੩੮੫)*

ਵਾਰੀ ਵੰਞਾ/ਘੋਲੀ ਵੰਞਾ

੧. ਹਉ 'ਵਾਰੀ ਵੰਞਾ' 'ਘੋਲੀ ਵੰਞਾ' ਤੂ ਪਰਬਤੁ ਮੇਰਾ ਓਲ੍ਹ੍ਹਾ ਰਾਮ ॥੪॥੪॥ *(ਪੰਨਾ ੭੭੯)*

ਹਉ ਵਾਰੀ/ਹਉ ਵਾਰਣੈ

੧. 'ਹਉ ਵਾਰੀ' 'ਹਉ ਵਾਰਣੈ' ਕੁਰਬਾਣੁ ਤੇਰੇ ਨਾਵ ਨੋ ॥ਰਹਾਉ॥੧॥ *(ਪੰਨਾ ੭੧)*

ਵਾਰੀ ਵੰਞਾ/ਖੰਨੀਐ ਵੰਞਾ

੧. ਹਉ 'ਵਾਰੀ ਵੰਞਾ' 'ਖੰਨੀਐ ਵੰਞਾ' ਤਉ ਸਾਹਿਬ ਕੈ ਨਾਵੈ ॥ਰਹਾਉ॥੧॥ *(ਪੰਨਾ ੫੫੭)*

(੧੩) ਸਤਿਕਾਰ-ਬੋਧਕ

ਆਉ ਜੀ

੧. 'ਆਉ ਜੀ' ਤੂ ਆਉ ਹਮਾਰੈ ਹਰਿ ਜਸੁ ਸ੍ਰਵਣ ਸੁਨਾਵਨਾ ॥ਰਹਾਉ॥੫॥ *(ਪੰਨਾ ੧੦੧੮)*

ਆਉ ਬੈਠੁ

੧. 'ਆਉ ਬੈਠੁ' ਆਦਰੁ ਸੁਭ ਦੇਊ ॥ਪਉੜੀ॥੧੦॥ *(ਪੰਨਾ ੨੫੨)*

੨੩. ਗੁਰਬਾਣੀ ਦੀ ਭਾਸ਼ਾ ਦੇ ਵਿਆਕਰਣਿਕ ਨੇਮਾਂ ਦਾ ਬੋਧ

(ਇਕ ਵਡਮੁੱਲੀ ਬਖ਼ਸ਼ਸ਼)

(ੳ) ਭਾਸ਼ਾ ਅਤੇ ਵਿਆਕਰਣ

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਅੰਮ੍ਰਿਤ-ਬਾਣੀ ਕਈ ਭਾਸ਼ਾਵਾਂ ਦਾ ਸ੍ਰੇਸ਼ਟ ਮਿਸ਼ਰਣ ਹੈ ਜਿਸ ਨੂੰ ਸਾਹਿਤ-ਆਚਾਰੀਆਂ ਵੱਲੋਂ ਸਾਧ-ਭਾਸ਼ਾ ਦੀ ਸੰਗਯਾ ਦਿੱਤੀ ਮਿਲਦੀ ਹੈ। ਇਹ ਭਾਸ਼ਾ ਪੰਜ ਸੌ ਸਾਲ ਤੋਂ ਲੈ ਕੇ ਅੱਠ ਸੌ ਸਾਲ ਤਕ ਪੁਰਾਣੀ ਹੈ।

(੨) ਸਮੇਂ ਦੇ ਗੇੜ ਨਾਲ ਭਾਸ਼ਾ ਦੇ ਰੂਪ ਵਿਚ ਨਿਰੰਤਰ ਤਬਦੀਲੀ ਵਾਪਰਦੀ ਰਹਿੰਦੀ ਹੈ। ਇਸ ਲਈ ਪੁਰਾਤਨ ਕਿਸੇ ਵੀ ਭਾਸ਼ਾ ਦੀ ਲਿਖਤ ਨੂੰ ਸਮਝਣ ਲਈ ਉਸ ਵੇਲੇ ਦੇ ਭਾਸ਼ਾਈ-ਨੇਮਾਂ ਦਾ ਬੋਧ ਹੋਣਾ ਲੋੜੀਂਦਾ ਹੈ।

(੩) ਭਾਸ਼ਾ ਇਕ ਅਜਿਹਾ ਮਾਧਿਅਮ ਹੈ, ਜਿਸ ਦੁਆਰਾ ਮਨੁੱਖ ਆਪਣੇ ਮਨੋ-ਭਾਵ ਪ੍ਰਗਟ ਕਰਦਾ ਹੈ। ਮਨੁੱਖੀ ਮਨੋ-ਭਾਵ ਕਈ ਕਿਸਮ ਦੇ ਹੋ ਸਕਦੇ ਹਨ ਅਤੇ ਹਰੇਕ ਵਿਚਾਰ ਦੇ ਪ੍ਰਗਟਾਵੇ ਦਾ ਲਹਿਜਾ ਵੀ ਵੱਖੋ ਵੱਖਰਾ ਹੋ ਸਕਦਾ ਹੈ। ਸੋ, ਮੌਖਿਕ ਭਾਸ਼ਾ ਦੇ ਲਿਖਤੀ ਰੂਪ ਤੋਂ ਇਸ ਦਾ ਭਾਵ-ਅਰਥ ਉਸ ਵਿਅਕਤੀ ਨੂੰ ਸਪੱਸ਼ਟ ਹੋ ਆਉਂਦਾ ਹੈ ਜੋ ਲਿਖਤ ਵੇਲੇ ਦੇ ਭਾਸ਼ਾਈ-ਨੇਮਾਂ ਤੋਂ ਜਾਣੂ ਹੋਵੇ, ਕਿਉਂਜੁ ਭਾਸ਼ਾ ਆਪਣੇ ਆਪ ਵਿਚ ਇਕ ਨੇਮ-ਬਧ ਪ੍ਰਣਾਲੀ ਹੈ ਅਤੇ ਭਾਸ਼ਾਈ-ਨੇਮਾਂ ਦੀ ਵਿਆਖਿਆ ਨੂੰ ਹੀ ਭਾਸ਼ਾ-ਵਿਗਿਆਨੀਆਂ ਨੇ ਵਿਆਕਰਣ ਦਾ ਨਾਮ ਦਿੱਤਾ ਹੋਇਆ ਹੈ।

ਵਿਆਕਰਣ, ਭਾਸ਼ਾ-ਵਿਗਿਆਨ ਦਾ ਵਿਸ਼ੇਸ਼ ਅਤੇ ਮਹੱਤਵ-ਪੂਰਣ ਅੰਗ ਹੈ। ਭਾਸ਼ਾ ਦੇ ਚਹੁੰਆਂ ਅੰਗਾਂ : ਧੁਨੀ, ਸ਼ਬਦ, ਵਾਕ ਅਤੇ ਅਰਥ ਦੀ ਜਾਣਕਾਰੀ ਅਤੇ ਇਹਨਾਂ ਦੀ ਵਿਉਂਤ-ਬੰਦੀ ਦਾ ਬੋਧ ਵਿਆਕਰਣ ਦੇ ਹੀ ਘੇਰੇ ਵਿਚ ਆਉਂਦਾ ਹੈ।

(ਅ) ਗੁਰਬਾਣੀ-ਵਿਆਕਰਣ (ਲਗਮਾਤ੍ਰੀ-ਨੇਮ)

(੧) ਗੁਰਬਾਣੀ ਦਾ ਅਧਿਐਨ ਕਰਦਿਆਂ ਸਾਡੇ ਵੇਖਣ ਵਿਚ ਆਉਂਦਾ ਹੈ :

(ੳ) ਸਮੁੱਚੇ ਤੌਰ 'ਤੇ ਇੱਕੋ ਹੀ ਰੂਪ ਵਾਲੇ ਕਈ ਸ਼ਬਦਾਂ ਦੇ ਅਰਥ ਵਿਭਿੰਨ ਹਨ ਅਤੇ ਸਗਵਾਂ ਇੱਕੋ ਰੂਪ ਹੋਣ ਦੇ ਬਾਵਜੂਦ ਉਹ ਵਿਆਕਰਣ ਦੀਆਂ ਵੱਖਰੀਆਂ ਵੱਖਰੀਆਂ ਸ਼ਬਦ-ਸ਼੍ਰੇਣੀਆਂ ਦੇ ਘੇਰੇ ਵਿਚ ਪੈਂਦੇ ਹਨ।

(ਅ) ਕਈ ਸ਼ਬਦਾਂ ਦੇ; ਉਹਨਾਂ ਦੀਆਂ ਅੰਤਲੀਆਂ ਲਗਾਂ-ਮਾਤ੍ਰਾਂ (ਪਿਛੇਤਰ-ਚਿੰਨ੍ਹਾਂ) ਦੇ ਭੇਦ ਕਰਕੇ, ਅਰਥਾਂ ਵਿਚ ਭਿੰਨਤਾ ਵਾਪਰੀ ਨਜ਼ਰੀਂ ਪੈਂਦੀ ਹੈ।

(ੲ) ਗੁਰਬਾਣੀ ਵਿਚਲੇ ਕੁਝ ਸ਼ਬਦ ਅਜਿਹੇ ਹਨ, ਜਿਨ੍ਹਾਂ ਦਾ; ਉਹਨਾਂ ਦੀ ਮੂਲ-ਸ੍ਰੋਤ ਭਾਸ਼ਾ ਦੇ ਰੂਪ ਦਾ, ਅਰਥ ਕੁਝ ਹੋਰ ਬਣਦਾ ਹੈ, ਪਰ ਓਸੇ ਦਾ ਪੰਜਾਬੀ ਭਾਸ਼ਾ ਵਿਚ ਅਰਥ ਕੁਝ ਹੋਰ ਹੁੰਦਾ ਹੈ।

ਉਪਰੋਕਤ ਕਿਸਮ ਦੇ ਗੁਰਬਾਣੀ ਵਿਚਲੇ ਸ਼ਬਦਾਂ ਦੀ ਬਣਤਰ ਅਥਵਾ ਉਹਨਾਂ ਦੇ ਸਰੂਪ ਜਾਂ ਅਰਥ-ਭਾਵ ਦੇ ਪਿਛੋਕੜ ਵਿਚ ਜੋ ਸਾਹਿਤਕ ਨੇਮ ਕੰਮ ਕਰਦੇ ਹਨ, ਉਹਨਾਂ ਦਾ ਬੋਧ ਹੀ ਗੁਰਬਾਣੀ ਵਿਆਕਰਣ ਕਹੀਦਾ ਹੈ। ਇਹ ਨੇਮ ਕਿਸੇ ਵਿਅਕਤੀ ਦੀ ਘਾੜਤ ਨਹੀਂ, ਬਲਕਿ ਇਹਨਾਂ ਨੇਮਾਂ ਦੀ ਟੋਹ ਗੁਰਬਾਣੀ ਦੇ ਹੀ ਡੂੰਘੇ ਅਧਿਐਨ ਤੋਂ ਲੱਗਦੀ ਹੈ।

(੨) ਇਹਨਾਂ ਨੇਮਾਂ ਦੇ ਬੋਧ ਦੀ ਬਰਕਤ ਸਦਕਾ ਜਿਥੇ ਕਾਫ਼ੀ ਸਮਾਂ ਬੀਤ ਜਾਣ ਮਗਰੋਂ ਅੱਜ ਅਸੀ ਗੁਰਬਾਣੀ ਦੇ ਅਰਥ-ਭਾਵ ਸਮਝਣ ਦੇ ਯੋਗ ਹੋਏ ਹਾਂ, ਉਥੇ ਸਾਡੀਆਂ ਆਉਂਦੀਆਂ ਨਸਲਾਂ ਕਈ ਸਦੀਆਂ ਬੀਤ ਜਾਣ ਮਗਰੋਂ ਵੀ ਇਸ ਦੀ ਬਰਕਤ ਸਦਕਾ ਸਮਝਣ ਦੇ ਸਮਰੱਥ ਹੋ ਸਕਣਗੀਆਂ। ਨੇਮ-ਬਧ ਲਿਖਤ ਦੀ ਏਹੀ ਵਿਸ਼ੇਸ਼ਤਾ ਹੁੰਦੀ ਹੈ ਕਿ ਇਸ ਵਿਚਲੇ ਨੇਮਾਂ ਦੇ ਬੋਧ ਦੀ ਸਹਾਇਤਾ ਨਾਲ ਇਸ ਦਾ ਅਰਥ-ਭਾਵ ਕਦੀ ਵੀ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਸੋ, ਗੁਰਬਾਣੀ ਦੇ ਲਗਮਾਤ੍ਰੀ-ਨੇਮਾਂ ਦੀ ਸੂਝ-ਬੂਝ ਪ੍ਰਾਪਤ ਕਰਨ ਦਾ ਜਤਨ ਕਰਨਾ ਹਰੇਕ ਗੁਰਬਾਣੀ-ਪ੍ਰੇਮੀ ਦਾ ਮੁੱਢਲਾ ਫ਼ਰਜ਼ ਬਣਦਾ ਹੈ।

(ਏ) ਉਦਾਹਰਣਾਂ

ਪਾਠਕਾਂ ਅੰਦਰ ਗੁਰਬਾਣੀ ਦੇ ਲਗਮਾਤ੍ਰੀ-ਨੇਮਾਂ ਪ੍ਰਤੀ ਦ੍ਰਿੜ੍ਹਤਾ ਅਤੇ ਬੋਧ-ਪ੍ਰਾਪਤੀ ਦੀ ਲਗਨ ਅਤੇ ਰੁਚੀ ਪੈਦਾ ਕਰਨ ਲਈ ਉਪਰ (ਅ) (੧) ਹੇਠ ਸੰਕੇਤ ਕੀਤੇ ਗਏ ਗੁਰਬਾਣੀ ਵਿਚਲੇ ਇੱਕੋ ਜਿਹੇ ਜਾਂ ਮਿਲਦੇ-ਜੁਲਦੇ, ਪਰ ਲਗਮਾਤ੍ਰੀ-ਭੇਦ ਵਾਲੇ ਸਰੂਪਾਂ ਅਤੇ ਵਿਭਿੰਨ ਅਰਥ-ਭਾਵ ਵਾਲੇ ਕੁਝ ਸ਼ਬਦ ਵੱਖ ਵੱਖ ਟੋਲੀਆਂ ਵਿਚ ਥੱਲੇ ਦਿੱਤੇ ਜਾ ਰਹੇ ਹਨ। ਗੁਰਬਾਣੀ ਅੰਦਰ ਅਜਿਹੇ ਸ਼ਬਦ ਹਜ਼ਾਰਾਂ ਦੀ ਗਿਣਤੀ ਵਿਚ ਹਨ, ਪਰ ਵੰਨਗੀ- ਮਾਤ੍ਰ ਸੌ ਕੁ ਸ਼ਬਦ ਦਿੱਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦੇ ਅਰਥਾਂ ਦੇ ਨਾਲ ਨਾਲ ਉਹਨਾਂ ਦੀ ਸੰਬੰਧਤ ਵਿਆਕਰਣਿਕ-ਸ਼੍ਰੇਣੀ ਦਾ ਵਰਣਨ ਵੀ ਕੀਤਾ ਗਿਆ ਹੈ :

੨੩.੧ ਉਹ, ਉਹੁ, ਉਸੁ, ਉਨਿ, ਉਨ, ਉਤੁ, ਉਤ

੧. **ਘਰ ਕੀ ਨਾਰਿ ਉਰਹਿ ਤਨ ਲਾਗੀ ॥**
'ਉਹ' ਤਉ ਭੂਤੁ ਭੂਤੁ ਕਰਿ ਭਾਗੀ ॥੩॥੩॥ *(ਪੰਨਾ ੭੯੪)*
[ਉਹ—ਓਹ, ਵਹ ('ਨਾਰਿ' ਦਾ ਵਾਚਕ)। ਇਸਤਰੀ-ਲਿੰਗ, ਇਕ-ਵਚਨ, ਅਨ-ਪੁਰਖਵਾਚੀ ਪੜਨਾਂਵ, ਸਾਧਾਰਨ-ਰੂਪ।]

੨. **ਕਬੀਰ ਕਰਮੁ ਕਰੀਮ ਕਾ 'ਉਹੁ' ਕਰੈ ਜਾਨੈ ਸੋਇ ॥੪॥੧॥** *(ਪੰਨਾ ੭੨੭)*
[ਉਹੁ—ਓਹ, ਵਹ ('ਕਰੀਮ' ਦਾ ਵਾਚਕ)। ਪੁਲਿੰਗ, ਇਕ-ਵਚਨ, ਅਨ-ਪੁਰਖਵਾਚੀ ਪੜਨਾਂਵ, ਸਾਧਾਰਨ-ਰੂਪ।]

੩. **ਖਸਮੁ ਮਰੈ ਤਉ ਨਾਰਿ ਨ ਰੋਵੈ ॥**
'ਉਸੁ' ਰਖਵਾਰਾ ਅਉਰੋ ਹੋਵੈ ॥੧॥੭॥ *(ਪੰਨਾ ੮੭੧)*
[ਉਸੁ—ਉਸ ਦਾ। ਇਸਤਰੀ-ਲਿੰਗ, ਇਕ-ਵਚਨ, ਅਨ-ਪੁਰਖਵਾਚੀ ਪੜਨਾਂਵ, ਸੰਬੰਧ ਕਾਰਕ।]

ਨੋਟ : 'ਉਸੁ' ਅਨ-ਪੁਰਖਵਾਚੀ ਪੜਨਾਂਵ 'ਉਹ' ਦਾ ਇਕ-ਵਚਨੀ ਸੰਬੰਧਕੀ-ਰੂਪ ਹੈ, ਜੋ ਕਰਤਾ ਕਾਰਕ, ਕਰਣ ਕਾਰਕ ਅਤੇ ਅਧਿਕਰਣ ਕਾਰਕ ਨੂੰ ਛੱਡ ਕੇ ਬਾਕੀ ਕਾਰਕਾਂ ਦੇ ਇਕ-ਵਚਨ ਵਿਚ ਏਸੇ ਰੂਪ ਵਿਚ ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਲਈ ਆਉਂਦਾ ਹੈ।

੪. **'ਉਨਿ' ਮੋਹੇ ਬਹੁਤੇ ਬ੍ਰਹਮੰਡ ॥**
ਰਾਮ ਜਨੀ ਕੀਨੀ ਖੰਡ ਖੰਡ ॥੩॥੨੯॥ *(ਪੰਨਾ ੮੯੨)*

੫. **'ਉਨਿ' ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥੩੨॥** *(ਪੰਨਾ ੩੫੮)*
[ਉਨਿ—ਉਸ ਨੇ। ਅਨ-ਪੁਰਖਵਾਚੀ ਇਕ-ਵਚਨ (ਦੋਹਾਂ ਲਿੰਗਾਂ ਲਈ ਸਾਂਝਾ) ਪੜਨਾਂਵ, ਕਰਤਾ ਕਾਰਕ—ਸੰਬੰਧਕੀ-ਰੂਪ।]

੬. **'ਉਨ' ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥੬੨॥** *(ਪੰਨਾ ੧੭੨)*
[ਉਨ—ਉਹਨਾਂ ਨੇ। ਅਨ-ਪੁਰਖਵਾਚੀ, ਬਹੁ-ਵਚਨ (ਦੋਹਾਂ ਲਿੰਗਾਂ ਲਈ ਸਾਂਝਾ) ਪੜਨਾਂਵ, ਕਰਤਾ ਕਾਰਕ—ਸੰਬੰਧਕੀ-ਰੂਪ।]

ਨੋਟ : ਸਾਰੇ ਕਾਰਕਾਂ ਵਿਚ ਅਨ-ਪੁਰਖਵਾਚੀ, ਬਹੁ-ਵਚਨ ਪੜਨਾਂਵ 'ਉਨ' ਏਸੇ ਰੂਪ ਹੀ ਵਿਚ ਆਉਂਦਾ ਹੈ।

੭. **'ਉਤੁ' ਭੂਖੈ ਖਾਇ ਚਲੀਅਹਿ ਦੂਖ ॥੧॥੩॥** *(ਪੰਨਾ ੯)*
[ਉਤੁ (ਭੂਖੈ)—ਉਸ (ਭੁੱਖ) ਦੀ ਬਰਕਤ ਸਦਕਾ। ਇਕ-ਵਚਨ, ਨਿਸਚੇ ਵਾਚਕ ਵਿਸ਼ੇਸ਼ਣ, ਕਰਣ ਕਾਰਕ।]

੮. **ਸੋ ਜਨੁ ਇਤ 'ਉਤ' ਕਤਹਿ ਨ ਡੋਲੈ ॥੨॥੧੧੭॥** *(ਪੰਨਾ ੧੯੯)*
[ਉਤ—ਓਧਰ। ਕ੍ਰਿਆ-ਵਿਸ਼ੇਸ਼ਣ।]

੨੩.੨ ਓਹ, ਓਹਾ, ਓਹੁ, ਓਹੋ, ਓਹਿ, ਓਇ, ਓਨਿ, ਓਨ, ਓਨੀ, ਓਤੁ, ਓਤਿ

੧. **ਗੁਰਬਾਣੀ ਗਾਵਹ ਭਾਈ ॥**
'ਓਹ' ਸਫਲ ਸਦਾ ਸੁਖਦਾਈ ॥੨॥੮੧॥ *(ਪੰਨਾ ੬੨੮)*
[ਓਹ—'ਗੁਰਬਾਣੀ' ਦਾ ਪ੍ਰਤੀਕ। ਪੁਰਖਵਾਚੀ ਪੜਨਾਂਵ, ਅਨ-ਪੁਰਖ, ਇਸਤਰੀ-ਲਿੰਗ, ਇਕ-ਵਚਨ, ਸਾਧਾਰਨ-ਰੂਪ।]

੨. **'ਓਹਾ' ਪ੍ਰੇਮ ਪਿਰੀ ॥ਰਹਾਉ॥੧੪੩॥** *(ਪੰਨਾ ੪੦੬)*
[ਓਹਾ—'ਪਿਰੀ-ਪ੍ਰੇਮਣ' ਦਾ ਪ੍ਰਤੀਕ। ਪੁਰਖਵਾਚੀ ਪੜਨਾਂਵ, ਅਨ-ਪੁਰਖ, ਇਸਤਰੀ-ਲਿੰਗ, ਇਕ-ਵਚਨ, ਸਾਧਾਰਨ-ਰੂਪ।]

੩. **'ਓਹੁ' ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥ਪਉੜੀ ੧੬॥** *(ਪੰਨਾ ੧੧੦੦)*
[ਓਹੁ—'ਪ੍ਰਭੂ ਸੇਵਕ' ਦਾ ਪ੍ਰਤੀਕ। ਪੁਰਖਵਾਚੀ ਪੜਨਾਂਵ, ਅਨ-ਪੁਰਖ, ਪੁਲਿੰਗ, ਇਕ-ਵਚਨ, ਸਾਧਾਰਨ-ਰੂਪ।]

੪. **'ਓਹੋ' ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥੩॥੪੯॥** *(ਪੰਨਾ ੩੮੩)*
[ਓਹੋ—ਉਹ ਹੀ ('ਸੁਖੁ' ਦਾ ਪ੍ਰਤੀਕ)। ਪੁਰਖਵਾਚੀ ਪੜਨਾਂਵ, ਅਨ-ਪੁਰਖ, ਪੁਲਿੰਗ, ਇਕ-ਵਚਨ, ਸਾਧਾਰਨ-ਰੂਪ।]

੫. **ਨਾ 'ਓਹਿ' ਮਰਹਿ ਨ ਠਾਗੇ ਜਾਹਿ ॥੩॥** *(ਪੰਨਾ ੮)*
[ਓਹਿ—ਓਹ। ਬਹੁ-ਵਚਨ, ਅਨ-ਪੁਰਖਵਾਚੀ ਪੜਨਾਂਵ, ਕਰਤਾ ਕਾਰਕ—ਸਾਧਾਰਨ-ਰੂਪ।]

੬. **'ਓਇ' ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥੨॥** *(ਪੰਨਾ ੭੨੫)*
[ਓਇ—ਉਹ। ਬਹੁ-ਵਚਨ, ਅਨ-ਪੁਰਖਵਾਚੀ ਪੜਨਾਂਵ, ਕਰਤਾ ਕਾਰਕ—ਸਾਧਾਰਨ-ਰੂਪ। 'ਓਹਿ' ਦਾ ਕਾਵਿਕ ਰੂਪਾਂਤਰ।]

੭. **'ਓਨਿ' ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ਸਲੋਕ ੧॥ਪਉ.੧੬॥** *(ਪੰਨਾ ੩੦੯)*
[ਓਨਿ—ਉਸ ਨੇ। ਇਕ-ਵਚਨ, ਅਨ-ਪੁਰਖਵਾਚੀ ਪੜਨਾਂਵ, ਕਰਤਾ ਕਾਰਕ—ਸੰਬੰਧਕੀ-ਰੂਪ।]

੮. **ਨਾ 'ਓਨ' ਸਿਧਿ, ਨ ਬੁਧਿ ਹੈ, ਨ ਸੰਜਮੀ, ਫਿਰਹਿ ਉਤਵਤਾਏ ॥੫॥੩੨॥** *(ਪੰਨਾ ੪੨੭)*
[ਓਨ—ਉਹਨਾਂ ਨੂੰ। ਬਹੁ-ਵਚਨ, ਅਨ-ਪੁਰਖਵਾਚੀ ਪੜਨਾਂਵ, ਸੰਪ੍ਰਦਾਨ ਕਾਰਕ।]

੯. **ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ 'ਓਨੀ' ਤਕੜੇ ਪਾਏ ਹਾਥ ॥੫॥੪॥** *(ਪੰਨਾ ੭੮)*
[ਓਨੀ—ਉਹਨਾਂ ਨੇ। ਬਹੁ-ਵਚਨ ਅਨ-ਪੁਰਖਵਾਚੀ ਪੜਨਾਂਵ, ਕਰਤਾ ਕਾਰਕ—ਸੰਬੰਧਕੀ-ਰੂਪ।]

੧੦. **'ਓਤੁ' ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥੮॥** *(ਪੰਨਾ ੧੭)*
[ਓਤੁ (ਮਤੀ)—ਉਸ (ਮਤਿ) ਦੁਆਰਾ। ਇਕ-ਵਚਨ, ਅਨ-ਪੁਰਖਵਾਚੀ ਪੜਨਾਂਵ, ਕਰਣ ਕਾਰਕ।]

११. **'ओति' पोति मिलिओ भगतन कउ जन सिउ परदा लाहिओ ॥३॥६॥** *(पंना १२९९)*
[ओति (पोति)—ताणे पेटे वांग। क्रिआ-विशेशण।]

२३.३ ओर, ओरु, ओरै, ओरे

१. **आइओ सरणि दीन दुख भंजन चितवउ तुमरी 'ओर' ॥२॥९॥** *(पंना ७०१)*
[ओर—तरफ़। इसतरी-लिंग नांव।]

२. **कथनी कथउ न आवै 'ओरु' ॥८॥४॥** *(पंना २२२)*
[ओरु—ओड़क, हद-बंना। पुलिंग, इक-वचन, नांव।]

३. **सचहु 'ओरै' सभु कॉ उपरि सचु अचारु ॥५॥१४॥** *(पंना ६२)*
[ओरै—उरे, थॅले। क्रिआ-विशेशण।]

४. **'ओरै' कहहु किनै कछु करा ॥७॥२३॥** *(पंना २९४)*
[(किनै) ओरै ('अउरै' दा रूपांतर)—(किसे) होर ने। अनिसचित पड़नांव, इक-वचन, करता कारक।]

५. **बिनसत नह लगै बार 'ओरे' सम गातु है ॥रहाउ॥२॥** *(पंना १३५२)*
[ओरे (सम)—गड़े (वांग)। इक-वचन नांव 'ओरा' दा संबंधकी-रूप।]

२३.४ अस, असु

१. **राम राइ सॉ दूलहु पाइओ 'अस' बडभागा हमारा ॥२॥२४॥** *(पंना ४८२)*
[अस—ऐसा। क्रिआ-विशेशण।]

२. **असगा 'अस' उसगा ॥**
हरि का बागरा नाचै पिंधी महि सागरा ॥रहाउ॥४॥ *(पंना ६९३)*
[अस—है। अपूरण क्रिआ।]

३. **हसती रथ 'असु' असवारी ॥३॥५६॥** *(पंना ६८४)*
[असु—घोड़ा। अस्व दा रूपांतर—नांव।]

२३.५ असत, असतु, असति

१. **बिसटा 'असत' रकतु परेटे चाम ॥३॥१४॥** *(पंना ३७४)*
[असत—हॅडीआं। नांव, बहु-वचन।]

२. **'असतु' ऊदोतु भइआ ऊठि चले जिउ जिउ अउध विहाणीआ ॥१॥८॥**
(पंना १०१९)

३. **ऊदै 'असत' की मन बुधि नासी तउ सदा सहजि लिव लीना ॥३॥१॥**
[असतु—लोप होण दा भाव। संगया।] *(पंना ४७५)*

नोट : नंबर ३ उदाहरण अंदर संबंधक 'की' आउण कारण अखीरले 'त' दे औंकड़ दा लोप हो गिआ है।

४. **'असति' एक दिगरि कुदी ॥ एक तुदी एक तुदी ॥स.२॥१३॥** *(पंना १४४)*
[असति (फ़ारसी)—है। अपूरण क्रिआ।]

५. **सति होता 'असति' करि मानिआ जॉ बिनसत सॉ निहचलु जानथ ॥३॥१०॥**
(पंना १००१)
[असति (उचारण अ + सति)—'सति' तों उलट, भाव, झूठ। पुलिंग नांव 'सति' नाल आरंभक 'अ' विरोध-अरथक अगेतर है।]

२३.६ अंतरि, अंतरु, अंतर, अंतरा

१. **'अंतरि' पिआस ऊठी प्रभ केरी सुनि गुर बचन मनि तीर लगइआ ॥१॥८॥**
(पंना ८३५)
[अंतरि—अंतशकरण विच। पुलिंग, इक-वचन नांव, अधिकरण कारक।]

२. **'अंतरु' सीतलु सांति होइ नाभे सुखु होई ॥६॥२६॥** *(पंना ४२४)*
[अंतरु—अंतहकरण। इक-वचन, पुलिंग नांव।]

३. **'अंतर' की गति तुम ही जानी तुझ ही पाहि निबेरो ॥१॥३५॥** *(पंना ६९८)*
[अंतर (की)—अंतशकरण (दी)। इक-वचन पुलिंग नांव, संबंध कारक।]

नोट : संबंधक 'की' अॅगे आउण कारन अंतले 'र' दा (_) लॅथ गिआ है।

४. **हरि जन हरि 'अंतरु' नही नानक साची मानु ॥२९॥** *(पंना १४२८)*
[अंतरु—फ़रक। इक-वचन, पुलिंग नांव।]

५. **जिन कै भीतरि है 'अंतरा' ॥**
जैसे पसु तैसे ओइ नरा ॥२॥२॥ *(पंना ११६३)*
[अंतरा—दूैत-भाव दा पड़दा। इक-वचन, पुलिंग नांव।]

२३.७ अन, अनु, अंनु, अंनि, अंनी

१. **लोभी 'अन' कउ सेवदे पड़ि वेदा करै पूकार ॥३॥४३॥** *(पंना ३०)*
[अन—अनज, किसे होर नूं। अनिसचित पड़नांव।]

२. **'अनु' धनु बहुता उपजै धरती सोभा पाइ ॥५७॥** *(पंना १४२०)*
[अनु—अनाज। करता कारक, पुलिंग नांव।]

३. **'अंनु' न खाइआ सादु गवाइआ ॥स.२॥९॥** *(पंना ४९७)*
[अंनु—अनाज। करम कारक, इक-वचन, पुलिंग नांव।]

४. **साचे त्रै मन देहुरी चलै पाणी 'अंनि' ॥१००॥** *(पंना १३८३)*
[अंनि—अंन नाल। करन कारक, इक-वचन, पुलिंग नांव]

५. **जुठि न 'अंनी' जुठि न नाई ॥स.१॥७॥** *(पंना १२४०)*
[अंनी—अंन आदि विच। अधिकरण कारक, इक-वचन, पुलिंग नांव।]

६. **दूजी दुरमति 'अंनी' बोली ॥१॥३॥** *(पंना १०२२)*
[अंनी ('न' उचारण भार सहित, 'अंन्ही' वांग—अंधी। विशेशण।]

२३.८ अप, अपु

१. **कबहु 'अप'कीरति महि आवै ॥६॥११॥** *(पंना २११)*
[अप—विरोध-अरथक अगेतर। कीरति—कीरती, जस। अपकीरति—बदनामी।]

२. **काटि सिलक दुख माइआ करि लीने 'अप' दसे ॥पउड़ी १९॥** *(पंना ७१०)*
[अप (दसे)—आपणे (दास)। अप—निजवाचक पड़नांव।]

३. **'अपु' तेजु बाइ प्रिथमी आकासा ॥**
ऐसी रहत रहउ हरि पासा ॥४॥१८॥ *(पंना ३२७)*
[अपु—जल। नांव।]

२३.९ अपति, अपतु

१. **पति 'अपति' ता की नही लाज ॥३॥३॥** *(पंना ३२४)*
[अपति (उचारण अ + पति)—बेइज़ती। इसतरी-लिंग नांव।]

नोट : आरंभक 'अ' विरोध-अरथक प्रतिज।

२. **काम क्रोध लोभ मोह 'अपतु' पंच दूत बिखंडिओ ॥१॥२१॥** *(पंना १३९६)*
[अपतु—आपा-भाव। भाव-वाचक, पुलिंग नांव।]

२३.१० अमरु, अमर, अमरि

१. **सचु पातिसाही 'अमरु' सचु सचे सचा थानु ॥४॥८६॥** *(पंना ४८)*
[अमरु—हुकम। इक-वचन, नांव।]

२. **'अमरु' वेपरवाहु है तिसु नालि सिआणप न चलई,**
न हुजति करणी जाइ ॥स.१॥३५॥ *(पंना १२५१)*
[अमरु—हाकम। फ़ारसी 'आमिर' दा संखिपत नांव-रूप।]

३. **अनिक अनिक भोग राज बिसरे प्रानी संसार सागर पै 'अमरु' भइआ ॥२॥२॥**
[अमरु—(उचारण अ + मरु—'अ' विरोध-अरथक अगेतर है) मरन तों मुकत। इक-वचन विशेशण।] *(पंना ९२)*

४. **कलिजुगि प्रमाणु नानक गुरु अंगदु 'अमरु' कहाइओ ॥७॥** *(पंना १३९०)*
[अमरु—तीजे गुरदेव जी दा पावन नाम। ख़ास नांव।]

५. **कई कोटि नाम रसु पीवहि ॥**
'अमर' भए सद सद ही जीवहि ॥८॥१०॥ *(पंना २७६)*
[अमर—मरन तों मुकत। बहु-वचन विशेशण।]

६. **नानक प्रसादि अंगद सुमति गुरि 'अमरि' 'अमरु' वरताइओ ॥५॥** *(पंना १३९७)*
[अमरि—गुरु अमरदास (जी) ने। करता कारक, इक-वचन नांव, संबंधकी-रूप। अमरु—हुकम। करम कारक, इक-वचन नांव।]

२३.११ अमलु, अमलु, अमलु, अमल

१. **अमली जीवै 'अमलु' खाइ ॥१॥२॥** *(पंना ९१८०)*
[अमलु—नशा। इक-वचन, पुलिंग नांव।]

२. **आजोनीउ भलू 'अमलु' सतिगुर संगि निवासु ॥१०॥** *(पंना १३९८)*
[अमलु (उचारण अ + मलु)—मल रहित, भाव निरमल। विशेशण।]

३. **नील बसत्र ले कपड़े पहिरे तुरक पठाणी 'अमलु' कीआ ॥स.२॥१३॥** *(पंना ४७०)*
[अमलु—वरतारा। नांव, करम कारक, इक-वचन।]

अमल

४. **'अमल' जि कीतिआ दुनी विचि से दरगह ओगाहा ॥९८॥** *(पंना १३८३)*
[अमल (फ़ारसी)—कंम-काज। करम कारक, बहु-वचन, नांव।]

२३.१२ अ-मान, अमान

१. **नीच ऊच नही मान 'अमान' ॥१४॥** *(पंना ३४४)*
[अमान—(अ + मान—'अ' विरोध-अरथक अगेतर है) अपमान। भाव-वाचक नांव।]

२. **अवर वसतु तुझ पाहि 'अमान' ॥२॥१४॥** *(पंना ३७४)*
[अमान—अमानत दा संखिपत रूप। भाव-वाचक नांव।]

२३.१३ अवर, अवरु, अवरि, अवरे, अवरा, अवरी

१. **'अवर' वसतु तुझ पाहि अमान ॥२॥१४॥** *(पंना ३७४)*
[अवर—होर। अनिसचित संखिअक विशेशण, इसतरी-लिंग, इक-वचन।]

२. **'अवरु' ऊपाउ न कोई सूझै नानक तरीऐ गुर बचनी ॥४॥२१॥** *(पंना ११८६)*
[अवरु—होर। अनिसचित संखिअक विशेशण, पुलिंग, इक-वचन।]

३. **'अवरि' करम लोकह पतीआर ॥४॥२५॥** *(पंना ११४२)*
[अवरि—होर। अनिसचित संखिअक विशेशण, पुलिंग, बहु-वचन।]

४. **दरि कूच कूचा करि गए 'अवरे' भि चलणहार ॥३॥१७॥** *(पंना ६४)*
[अवरे—होर सारे। अनिसचित पड़नांव, पुलिंग बहु-वचन।]

५. **आपि नाथु नाथी सभ जा की रिधि सिधि 'अवरा' साद ॥२९॥** *(पंना ६)*
[अवरा—(उचारण नासिकता बिना) होर किसम दे। अनिसचित संखिअक विशेशण, बहु-वचन, साधारन-रूप।]

६. **मनमुखु लहरि घरु तजि विगूचै 'अवरा' के घर होरै ॥१॥७॥** *(पंना १०१२)*
[अवरा (उचारण नासकी)—होरनां दे। अनिसचित पड़नांव, बहु-वचन—संबंध कारक।]

७. **साचु पिआरा आपि करेइ ॥**
'अवरी' कउ साचु न देइ ॥४॥३॥ *(पंना ३४९)*
[अवरी (कउ) ('ी' उचारण नासकी)—होरनां (नूं)। अनिसचित पड़नांव, बहु-वचन।]

२३.१४ आपि, आपे, आप, आपु, आपैं

१. **'आपि' उपाए उपावणहारु ॥८॥२॥** *(पंना ८४२)*
[आपि—ख़ुद। निजवाचक पड़नांव—करता कारक।]

੨. **'ਆਪੇ' ਸੇਵਾ ਲਾਇਅਨੁ ਆਪੇ ਬਖਸ ਕਰੇਇ ॥ਸ.੨॥੨੬॥** *(ਪੰਨਾ ੬੫੩)*
[ਆਪੇ—ਖ਼ੁਦ ਹੀ। ਨਿਜਵਾਚਕ ਪੜਨਾਂਵ, ਕਰਤਾ ਕਾਰਕ।]

੩. **'ਆਪ' ਹੀ ਅਛਲੁ ਨ ਜਾਈ ਛਲਨਾ ॥੨॥੭॥** *(ਪੰਨਾ ੬੦੩)*
[ਆਪ—ਖ਼ੁਦ। ਨਿਜਵਾਚਕ ਪੜਨਾਂਵ 'ਆਪਿ' ਦੀ ਅੰਤਲੀ 'f' ਦਾ ਲੋਪ, ਇਸ ਦੇ ਅਗੇ ਅਵਿਐ 'ਹੀ' ਆਉਣ ਕਾਰਨ ਹੋ ਗਿਆ ਹੈ।]

੪. **'ਆਪੁ' ਛੋਡਿ ਬੇਨਤੀ ਕਰਹੁ ॥੧॥੨੪॥** *(ਪੰਨਾ ੨੯੫)*
[ਆਪੁ—ਆਪਾ-ਭਾਵ ਨੂੰ। ਨਿਜਵਾਚਕ ਪੜਨਾਂਵ, ਕਰਮ ਕਾਰਕ।]

੫. **ਨਾਨਕ ਜੇ ਕੋ 'ਆਪੈ' ਜਾਣੈ ਅਗੈ ਗਇਆ ਨ ਸੋਹੈ ॥੨੧॥** *(ਪੰਨਾ ੫)*
[ਆਪੈ (ਉਚਾਰਣ ਨਾਸਕੀ)—ਆਪਣੇ ਆਪ ਤੋਂ। ਨਿਜਵਾਚਕ ਪੜਨਾਂਵ—ਅਪਾਦਾਨ ਕਾਰਕ।]

ਨੋਟ : ਕਈ ਲਿਖਤੀ ਬੀੜਾਂ ਵਿਚ ਇਸ ਸ਼ਬਦ ਦਾ ਰੂਪ 'ਆਪੈਂ' ਮਿਲਦਾ ਹੈ।

੨੩.੧੫ ਇਕ, ਇਕੁ, ਇਕਿ, ਇਕਸੁ, ਇਕਨਾ, ਇਕਨੀ, ਇਕਨਿ, ਇਕਤੁ

੧. **ਸੁਣਿ ਨਾਹ ਪਿਆਰੇ 'ਇਕ' ਬੇਨੰਤੀ ਮੇਰੀ ॥੨॥੪॥** *(ਪੰਨਾ ੧੧੧੧)*
[ਇਕ—ਗਿਣਤੀ ਦਾ ਇਕ। ਨਿਸਚਿਤ ਸੰਖਿਅਕ ਵਿਸ਼ੇਸ਼ਣ, ਇਸਤਰੀ-ਲਿੰਗ, ਇਕ-ਵਚਨ।]

੨. **ਹਉ ਗੁਰ ਮਿਲਿ 'ਇਕੁ' ਪਛਾਣਦਾ ॥੩॥੨॥** *(ਪੰਨਾ ੭੩)*
[ਇਕੁ—ਇਕ (ਵਾਹਿਗੁਰੂ) ਨੂੰ। ਇਕ-ਵਚਨ, ਪੁਲਿੰਗ, ਨਿਸਚਿਤ ਪੜਨਾਂਵ।]

੩. **'ਇਕਿ' ਆਵਹਿ 'ਇਕਿ' ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥ਪਉੜੀ ੧॥**
[ਇਕਿ—ਕਈ। ਬਹੁ-ਵਚਨ, ਅਨਿਸਚਿਤ ਪੜਨਾਂਵ।] *(ਪੰਨਾ ੧੩੮)*

੪. **'ਇਕਸੁ' ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥੩॥੧੬੯॥**
(ਪੰਨਾ ੨੧੮)
[ਇਕਸੁ—ਕਿਸੇ ਇਕ ਦੀ। ਇਕ-ਵਚਨ, ਅਨਿਸਚਿਤ ਪੜਨਾਂਵ, ਸੰਬੰਧਕੀ-ਰੂਪ।]

੫. **'ਇਕਨਾ' ਛਤੀਹ ਅੰਮ੍ਰਿਤ ਪਾਹਿ ॥ਸ.੨॥ਪਉੜੀ ੧੪॥** *(ਪੰਨਾ ੧੪੪)*
[ਇਕਨਾ—ਕਈਆਂ ਨੂੰ। ਬਹੁ-ਵਚਨ, ਅਨਿਸਚਿਤ ਪੜਨਾਂਵ, ਸੰਪ੍ਰਦਾਨ-ਕਾਰਕ।]

੬. **'ਇਕਨੀ' ਦੁਧੁ ਸਮਾਈਐ ਇਕਿ ਚੁਲੈ੍ ਰਹਨਿ੍ ਚੜੇ ॥ਸ.੧॥੨੪॥** *(ਪੰਨਾ ੪੭੫)*
[ਇਕਨੀ—ਕਈਆਂ ਵਿਚ। ਬਹੁ-ਵਚਨ, ਅਨਿਸਚਿਤ ਪੜਨਾਂਵ, ਅਧਿਕਰਣ ਕਾਰਕ।]

੭. **'ਇਕਨਿ' ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥** *(ਪੰਨਾ ੧੩੮੪)*
[ਇਕਨਿ (ਕਿਨੈ)—(ਕਿਸੇ) ਵਿਰਲੇ ਨੇ। ਇਕ-ਵਚਨ, ਅਨਿਸਚਿਤ ਪੜਨਾਂਵ, ਕਰਤਾ ਕਾਰਕ, ਸੰਬੰਧਕੀ-ਰੂਪ।]

੮. **'ਇਕਤੁ' ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥੪॥੯॥** *(ਪੰਨਾ ੫੮)*
[ਇਕਤੁ (ਤਾਗੈ)—ਇਕ (ਧਾਗੇ) ਵਿਚ। ਸੰਖਿਅਕ ਵਿਸ਼ੇਸ਼ਣ, ਅਧਿਕਰਣ ਕਾਰਕ, ਇਕ-ਵਚਨ।]

੨੩.੧੬ ਇਤ, ਇਤੁ

੧. **ਸੋ ਜਨੁ 'ਇਤ' ਉਤ ਕਤਹਿ ਨ ਡੋਲੈ ॥੨॥੧੧੭॥** *(ਪੰਨਾ ੧੮੯)*
[ਇਤ—ਏਧਰ। ਕ੍ਰਿਆ-ਵਿਸ਼ੇਸ਼ਣ।]

੨. **'ਇਤੁ' ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ਰਹਾਉ॥ਰਹਾਉ ਦੂਜਾ॥੨॥** *(ਪੰਨਾ ੧੩੪੮)*
[ਇਤੁ (ਸੰਜਮ)—ਇਸ (ਸੰਜਮ) ਕਰਕੇ। ਅਨ-ਪੁਰਖ, ਇਕ-ਵਚਨ ਵਿਸ਼ੇਸ਼ਣ, ਕਰਣ ਕਾਰਕ ਰੂਪ।]

੨੩.੧੭ ਸਾਈ

੧. **'ਸਾਈ' ਘੜੀ ਸੁਲਖਣੀ ਸਿਮਰਤ ਹਰਿ ਨਾਮ ॥ਰਹਾਉ॥੭੬॥** *(ਪੰਨਾ ੬੧੯)*
[ਸਾਈ—ਉਹ ਹੀ। ਸਾ + ਹੀ = ਸਾ + ਈ, ਇਸਤਰੀ-ਲਿੰਗ, ਇਕ-ਵਚਨ, ਪੜਨਾਂਵੀ ਵਿਸ਼ੇਸ਼ਣ।]

੨. **'ਸਾਈ' ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥੧॥੩॥** *(ਪੰਨਾ ੬੧)*
[ਸਾਈ (ਅੰਤਲੇ ਸੁਰ ਦਾ ਉਚਾਰਣ ਨਾਸਕੀ)—ਮਾਲਕ, ਪਰਮਾਤਮਾ। ਪੁਲਿੰਗ ਨਾਂਵ, ਇਕ-ਵਚਨ, ਸੰਬੰਧ ਕਾਰਕ।]

੨੩.੧੮ ਸਾਖੀ

੧. **ਗੁਰ 'ਸਾਖੀ' ਜੋਤਿ ਪਰਗਟੁ ਹੋਇ ॥੪॥੩॥** *(ਪੰਨਾ ੧੩)*
[ਸਾਖੀ—ਸਿਖਿਆ ਦੁਆਰਾ। ਇਸਤਰੀ-ਲਿੰਗ ਨਾਂਵ—ਕਰਣ ਕਾਰਕ।]

੨. **ਗੁਰੁ ਥੀਆ 'ਸਾਖੀ' ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ ॥੪॥੧॥**
[ਸਾਖੀ—ਗਵਾਹ। ਵਿਸ਼ੇਸ਼ਣ।] *(ਪੰਨਾ ੪੫੫)*

੩. **ਸੁਣਿ 'ਸਾਖੀ' ਮਨ ਜਪਿ ਪਿਆਰ ॥੧॥੧॥** *(ਪੰਨਾ ੧੧੯੨)*
[ਸਾਖੀ—ਇਤਿਹਾਸਕ ਗਾਥਾ। ਇਸਤਰੀ-ਲਿੰਗ ਨਾਂਵ।]

੪. **ਸਚ ਬਿਨੁ 'ਸਾਖੀ' ਮੂਲੋ ਨ ਬਾਕੀ ॥੨੩॥** *(ਪੰਨਾ ੧੪੧੨)*
[ਸਾਖੀ—ਸਿੱਖਿਆ। ਇਸਤਰੀ-ਲਿੰਗ ਭਾਵ-ਵਾਚਕ, ਨਾਂਵ।]

੨੩.੧੯ ਸਾਪੁ

੧. **ਵਰਮੀ ਮਾਰੀ 'ਸਾਪੁ' ਨ ਮਰਈ ਨਾਮੁ ਨ ਸੁਨਈ ਡੋਰਾ ॥ਰਹਾਉ॥੪੨॥** *(ਪੰਨਾ ੩੮੧)*
[ਸਾਪੁ—ਸੱਪ। ਪੁਲਿੰਗ, ਇਕ-ਵਚਨ ਨਾਂਵ।]

੨. **ਜਰਾ ਮਰਾ ਤਾਪੁ ਸਿਰਤਿ 'ਸਾਪੁ' ਸਭੁ ਹਰਿ ਕੈ ਵਸਿ ਹੈ,**
ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥੪॥੫੧॥ *(ਪੰਨਾ ੧੬੮)*
[ਸਾਪੁ—ਸ੍ਰਾਪ (ਬਦ-ਦੁਆ)। ਪੁਲਿੰਗ, ਇਕ-ਵਚਨ ਨਾਂਵ।]

੨੩.੨੦ ਸਾਰ, ਸਾਰੁ, ਸਾਰਿ

੧. **ਪ੍ਰੇਮ ਕੀ 'ਸਾਰ' ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥ਰਹਾਉ॥੧॥**
[ਸਾਰ—ਕਦਰ। ਇਸਤਰੀ-ਲਿੰਗ, ਭਾਵ-ਵਾਚਕ ਨਾਂਵ] *(ਪੰਨਾ ੧੦੧੬)*

੨. **ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ 'ਸਾਰ' ॥੧॥੨੧॥**
[(ਤਿਲੁ) ਸਾਰ—(ਤਿਲ) ਮਾਤ੍ਰ। ਕ੍ਰਿਆ ਵਿਸ਼ੇਸ਼ਣ।] *(ਪੰਨਾ ੨੫੪)*

੩. **ਜਿਨਿ ਉਪਾਈ ਮੇਦਨੀ ਸੋਈ ਕਰਦਾ 'ਸਾਰ' ॥੨॥੩॥** *(ਪੰਨਾ ੭੨੪)*
[ਸਾਰ—ਸੰਭਾਲ। ਇਸਤਰੀ-ਲਿੰਗ ਨਾਂਵ।]

੪. **ਅਸੰਖ ਸੂਰ ਮੁਹ ਭਖ 'ਸਾਰ' ॥੧੭॥** *(ਪੰਨਾ ੪)*
[ਸਾਰ—ਲੋਹਾ (ਸ਼ਸਤਰਾਂ ਦੇ ਵਾਰ)। ਨਾਂਵ।]

੫. **ਕਰਣੀ ਉਪਰਿ ਹੋਵਗਿ 'ਸਾਰ' ॥੪॥੩॥** *(ਪੰਨਾ ੧੧੬੯)*
[ਸਾਰ—ਵਿਚਾਰ-ਨਿਰਣੈ। ਇਸਤਰੀ-ਲਿੰਗ ਨਾਂਵ।]

੬. **ਮਨ ਮੇਰੇ ਸਤਿਗੁਰ ਸੇਵਾ 'ਸਾਰੁ' ॥੨॥੮੬॥** *(ਪੰਨਾ ੪੮)*
[ਸਾਰੁ—ਕਰ। ਕ੍ਰਿਆ-ਹੁਕਮੀ ਭਵਿਖਤ ਕਾਲ।]

੭. **ਸਭ ਆਪਨ ਅਉਸਰ ਚਲੇ 'ਸਾਰਿ' ॥੨॥੫॥** *(ਪੰਨਾ ੧੧੬੪)*
[ਸਾਰਿ—ਸਾਰ (ਬਤੀਤ ਕਰ) ਕੇ। ਪੂਰਬ-ਪੂਰਣ ਕਿਰਦੰਤ।]

੮. **ਅੰਜਨੁ 'ਸਾਰਿ' ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੬॥੧੬॥** *(ਪੰਨਾ ੧੦੪੦)*
[ਸਾਰਿ—ਪਾ ਕੇ। ਪੂਰਬ-ਪੂਰਣ ਕਿਰਦੰਤ।]

੯. **ਆਪੇ ਨਰੁ ਆਪੇ ਫੁਨਿ ਨਾਰੀ ਆਪੇ 'ਸਾਰਿ' ਆਪ ਹੀ ਪਾਸਾ ॥੨॥੧੨॥** *(ਪੰਨਾ ੧੪੦੩)*
[ਸਾਰਿ—ਨਰਦ। ਇਸਤਰੀ-ਲਿੰਗ ਨਾਂਵ।]

੧੦. **ਓਇ ਜੁ ਸੇਵਹਿ ਸਬਦੁ 'ਸਾਰੁ', ਗਾਖੜੀ ਬਿਖਮ ਕਾਰ,**
ਤੇ ਨਰ ਭਵ ਉਤਾਰਿ, ਕੀਏ ਨਿਰਭਾਰ ॥੨॥ *(ਪੰਨਾ ੧੩੯੧)*
[ਸਾਰੁ—ਸ੍ਰੇਸ਼ਟ। ਵਿਸ਼ੇਸ਼ਣ ਪੁਲਿੰਗ।]

੨੩.੨੧ ਸਿਆਹੁ, ਸਿਆਹਹੁ

੧. **ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ 'ਸਿਆਹੁ' ॥ਸਲੋਕ ੧॥੨੨॥** *(ਪੰਨਾ ੬੫੧)*
[(ਕਾਲਾ) ਸਿਆਹ—ਗੂੜ੍ਹਾ ਕਾਲਾ। ਵਿਸ਼ੇਸ਼ਣ।]

੨. **ਹਥ ਮਰੋੜੈ ਤਨੁ ਕਪੇ 'ਸਿਆਹਹੁ' ਹੋਆ ਸੇਤੁ ॥੭॥** *(ਪੰਨਾ ੧੩੪)*
[ਸਿਆਹਹੁ ('ਹੁ' ਉਚਾਰਣ ਨਾਸਕੀ)—ਕਾਲੇ ਤੋਂ। ਵਿਸ਼ੇਸ਼ਣ—ਅਪਾਦਾਨ ਕਾਰਕ।]

੨੩.੨੨ ਸੁਆ

੧. **ਜੈਸੇ ਸਿੰਬਲੁ ਦੇਖਿ 'ਸੁਆ' ਬਿਗਸਾਨਾ ॥੧॥੮॥** *(ਪੰਨਾ ੧੧੬੫)*
[ਸੁਆ—ਤੋਤਾ। ਇਕ-ਵਚਨ, ਪੁਲਿੰਗ ਨਾਂਵ।]

੨. **ਲਉ ਨਾੜੀ 'ਸੂਆ' ਹੈ ਅਸਤੀ ॥੧॥੧੩॥** *(ਪੰਨਾ ੬੬੬)*
[ਸੂਆ—ਸਿਊਣ ਵਾਲੀ ਸੂਈ ਦਾ ਵੱਡਾ ਅਕਾਰ। ਇਕ-ਵਚਨ, ਪੁਲਿੰਗ ਨਾਂਵ।]

੨੩.੨੩ ਸੇਵ, ਸੇਵਿ

੧. **ਪੂਰੇ ਗੁਰ ਕੀ ਪੂਰੀ 'ਸੇਵ' ॥ਰਹਾਉ॥੧੦੫॥** *(ਪੰਨਾ ੬੨੫)*
[ਸੇਵ—ਸੇਵਾ। ਇਸਤਰੀ-ਲਿੰਗ, ਇਕ-ਵਚਨ ਨਾਂਵ।]

੨. **ਤਿਸੁ ਤੂ 'ਸੇਵਿ' ਜਿਨਿ ਤੂ ਕੀਆ ॥੧॥੮॥** *(ਪੰਨਾ ੧੧੬੨)*
[ਸੇਵਿ—ਸੇਵਾ ਕਰ। ਹੁਕਮੀ ਭਵਿਖਤ ਕਾਲ ਦੀ ਕ੍ਰਿਆ।]

ਉਪਰੋਕਤ ਵਾਂਗੂ ਹੀ :

ਸਮਝ, ਬਖਸ—ਨਾਂਵ।
ਸਮਝਿ, ਬਖਸਿ—ਕ੍ਰਿਆ।

੨੩.੨੪ ਸੇਵਕ, ਸੇਵਕੁ, ਸੇਵਕਾ, ਸੇਵਕਾਇ, ਸੇਵਕਿ

੧. **'ਸੇਵਕ' ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥੧॥੧੧॥** *(ਪੰਨਾ ੬੬੯)*
[ਸੇਵਕ—ਸੇਵਾ ਕਰਨ ਵਾਲੇ, ਦਾਸ। ਪੁਲਿੰਗ ਨਾਂਵ—ਕਰਤਾ ਕਾਰਕ, ਬਹੁ-ਵਚਨ।]

੨. **ਨਾਨਕ ਸੋ 'ਸੇਵਕੁ' ਗੁਰ ਕੀ ਮਤਿ ਲੇਇ ॥੨॥੧੮॥** *(ਪੰਨਾ ੨੮੭)*
[ਸੇਵਕੁ—ਸੇਵਾ ਕਰਨ ਵਾਲਾ, ਦਾਸ। ਪੁਲਿੰਗ ਨਾਂਵ—ਇਕ-ਵਚਨ।]

੩. **ਸੇ ਭਗਤ ਸੇ 'ਸੇਵਕਾ' ਜਿਨਾ ਹਰਿ ਨਾਮੁ ਪਿਆਰਾ ॥੩॥੬॥** *(ਪੰਨਾ ੭੩੩)*
[ਸੇਵਕਾ—ਸੇਵਾ ਕਰਨ ਵਾਲੇ। 'ਸੇਵਕ' ਨਾਂਵ ਦਾ ਬਹੁ-ਵਚਨ, ਸਾਧਾਰਨ-ਰੂਪ।]

੪. **ਕੋਟਿ ਮਾਇਆ ਜਾ ਕੈ 'ਸੇਵਕਾਇ' ॥੨॥੫॥** *(ਪੰਨਾ ੧੧੫੬)*
[ਸੇਵਕਾਇ—ਟਹਿਲਣਾਂ, ਦਾਸੀਆਂ। ਇਸਤਰੀ-ਲਿੰਗ, ਬਹੁ-ਵਚਨ ਨਾਂਵ।]

੫. **ਸੋ 'ਸੇਵਕਿ' ਰਾਮ ਪਿਆਰੀ ॥੧॥੧੦॥** *(ਪੰਨਾ ੬੭੬)*
[ਸੇਵਕਿ—ਦਾਸੀ। ਅੰਤਲੇ 'ਕ' ਨੂੰ ਲੱਗੀ 'ਿ' ਇਸਤਰੀ-ਲਿੰਗ ਵਾਚੀ ਚਿੰਨ੍ਹ ਹੈ।]

੨੩.੨੫ ਸੈ

੧. **'ਸੈ' ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ ॥ਸਲੋਕ ੧॥੧੬॥** *(ਪੰਨਾ ੧੧੦੦)*
[ਸੈ—ਸੈਂਕੜੇ। ਸੰਖਿਅਕ ਵਿਸ਼ੇਸ਼ਣ।]

੨. **ਨਾਨਕੁ ਜਲ ਕੈ ਮੀਨੁ 'ਸੈ' ਥੇ ਭਾਵੈ ਰਾਖਹੁ ਪ੍ਰੀਤਿ ॥੫॥੧੩॥** *(ਪੰਨਾ ੧੩੩੧)*
[ਸੈ—ਹੈ। ਅਪੂਰਣ ਕ੍ਰਿਆ—ਵਰਤਮਾਨ ਕਾਲ।]

੩. **ਮਹਾ ਮਾਈ ਕੀ ਪੂਜਾ ਕਰੈ ॥**
ਨਰ 'ਸੈ' ਨਾਰਿ ਹੋਇ ਅਉਤਰੈ ॥੩॥੬॥ *(ਪੰਨਾ ੮੭੪)*
[ਸੈ—ਤੋਂ। ਸੰਬੰਧਕ।]

੨੩.੨੬ ਸਉ

੧. **ਜੇ 'ਸਉ' ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ਸ.੨॥੧॥** *(ਪੰਨਾ ੪੬੩)*
[ਸਉ—ਸੈਂਕੜੇ। ਸੰਖਿਅਕ ਵਿਸ਼ੇਸ਼ਣ।]

੨. **ਕੰਤਾ ਤੂ 'ਸਉ' ਸੇਜੜੀ ਮੈਡਾ ਹਭੋ ਦੁਖੁ ਉਲਾਹਿ ॥ਸ.੨॥੨॥** *(ਪੰਨਾ ੧੦੮੪)*
[ਸਉ ('ਉ' ਉਚਾਰਣ ਨਾਸਕੀ—ਸੌਣਾ ਕਰ। ਕ੍ਰਿਆ, ਹੁਕਮੀ ਭਵਿਖਤ ਕਾਲ।]

੩. **ਦੂਜੀ ਛੋਡਿ ਕੁਵਾਟੜੀ ਇਕਸ 'ਸਉ' ਚਿਤੁ ਲਾਇ ॥੧੬॥** *(ਪੰਨਾ ੧੪੨੬)*
[ਸਉ ('ਉ' ਉਚਾਰਣ ਨਾਸਕੀ)—ਨਾਲ। ਸੰਬੰਧਕ।]

੪. **ਪਾਰੁ ਕੈਸੇ ਪਾਇਬੋ ਰੇ ॥**
ਮੋ 'ਸਉ' ਕੋਊ ਨ ਕਹੈ ਸਮਝਾਇ ॥ਰਹਾਉ॥੧॥ *(ਪੰਨਾ ੩੪੬)*
[ਸਉ ('ਉ' ਉਚਾਰਣ ਨਾਸਕੀ)—ਪ੍ਰਤੀ। ਸੰਬੰਧਕ।]

੫. **ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ 'ਸਉ' ॥੨॥**
[ਸਉ ('ਉ' ਉਚਾਰਣ ਨਾਸਕੀ)—ਲਈ, ਵਾਸਤੇ। ਸੰਬੰਧਕ।] *(ਪੰਨਾ ੧੩੮੭)*

੨੩.੨੭ ਸਉਦੇ

੧. **'ਸਉਦੇ' ਕਉ ਧਾਵੈ ਬਿਨੁ ਪੂੰਜੀ ॥੩॥੧੬੦॥** *(ਪੰਨਾ ੧੮੮)*
[ਸਉਦੇ—ਸੌਦਾ-ਪੱਤਾ। ਇਕ-ਵਚਨ ਪੁਲਿੰਗ ਨਾਂਵ 'ਸਉਦਾ' ਦਾ ਸੰਬੰਧਕੀ-ਰੂਪ, ਸੰਪ੍ਰਦਾਨ ਕਾਰਕ]

੨. **'ਸਉਦੇ' ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ਸ.੧॥੨੨॥** *(ਪੰਨਾ ੩੧੩)*
[ਸਉਦੇ (ਵਿਚਕਾਰਲੇ 'ਉ' ਦਾ ਉਚਾਰਣ ਨਾਸਕੀ)—ਸੌਂਦੇ ਹੋਏ। ਕ੍ਰਿਆ-ਵਿਸ਼ੇਸ਼ਣ।]

੨੩.੨੮ ਸਹ, ਸਹਿ, ਸਹੀ, ਸਹੁ

੧. **ਨਾਨਕ 'ਸਹ' ਪਕਰੀ ਸੰਤਨ ਕੀ ਰਿਦੈ ਭਏ ਮਗਨ ਚਰਨਾਰਾ ॥੪॥੧੫॥** *(ਪੰਨਾ ੬੧੩)*
[ਸਹ—ਓਟ। ਇਸਤਰੀ-ਲਿੰਗ ਨਾਂਵ, ਇਕ-ਵਚਨ, ਕਰਮ ਕਾਰਕ।]

੨. **'ਸਹ' ਕੀ ਸਾਰ ਸੁਹਾਗਨਿ ਜਾਨੈ ॥੧॥੧॥** *(ਪੰਨਾ ੭੮੩)*
[ਸਹ—ਪਤੀ। ਪੁਲਿੰਗ ਨਾਂਵ, ਇਕ-ਵਚਨ, ਸੰਬੰਧ ਕਾਰਕ।]

੩. **ਗੁਰ ਸਬਦੀ ਸੀਗਾਰੀਆ ਅਪਣੇ 'ਸਹਿ' ਲਈਆ ਮਿਲਾਇ ॥੬॥੩੭॥** *(ਪੰਨਾ ੪੩੦)*
[ਸਹਿ—ਖਸਮ ਨੇ। ਪੁਲਿੰਗ, ਇਕ-ਵਚਨ ਨਾਂਵ, ਕਰਤਾ ਕਾਰਕ, ਸੰਬੰਧਕੀ-ਰੂਪ।]

੪. **ਮਿਰਗੁ ਮਰੈ 'ਸਹਿ' ਅਪੁਨਾ ਕੀਨਾ ॥੩॥੧੧॥** *(ਪੰਨਾ ੨੨੫)*
[ਸਹਿ—ਸਹਾਰ ਕੇ। ਪੂਰਬ-ਪੂਰਣ ਕਿਰਦੰਤ।]

੫. **ਵੰਞਾ ਵਾਣਹੁ ਦ੍ਰਿੜੁ 'ਸਹੀ' ਥਿਨਸਿ ਜਾਤ ਏਹ ਹੇਤ ॥ਪਉੜੀ ੨੬॥** *(ਪੰਨਾ ੨੫੫)*
[ਸਹੀ—ਦਰੁਸਤ। ਵਿਸ਼ੇਸ਼ਣ।]

੬. **ਸਸਾ ਸੋ ਸਹ ਸੇਜ ਸਵਾਰੈ ॥**
ਸੋਈ 'ਸਹੀ' ਸੰਦੇਹ ਨਿਵਾਰੈ ॥੪੧॥ *(ਪੰਨਾ ੩੪੨)*
[ਸਹੀ—ਸਖੀ। ਇਸਤਰੀ-ਲਿੰਗ, ਇਕ-ਵਚਨ ਨਾਂਵ।]

੭. **ਹੈ ਤਉ 'ਸਹੀ' ਲਧੈ ਜਉ ਕੋਈ ॥੪੨॥** *(ਪੰਨਾ ੩੪੨)*
[ਸਹੀ—ਬਿਨਾ ਸੰਸੇ, ਨਿਸਚੇ ਹੀ। ਕ੍ਰਿਆ-ਵਿਸ਼ੇਸ਼ਣ।]

੮. **ਦੀਨ ਦਇਆਲ ਪ੍ਰੀਤਮ ਮਨਮੋਹਨ ਮਿਲਿ ਸਾਧਹ ਕੀਨੋ 'ਸਹੀ' ॥੨॥੧੦੬॥**
[ਸਹੀ—ਨਿਸਚੇ। ਕ੍ਰਿਆ ਵਿਸ਼ੇਸ਼ਣ।] *(ਪੰਨਾ ੧੨੨੫)*

੯. **ਪੇਈਅੜੈ 'ਸਹੁ' ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥੩॥੬੩॥** *(ਪੰਨਾ ੫੦)*
[ਸਹੁ—ਖਸਮ। ਪੁਲਿੰਗ, ਇਕ-ਵਚਨ ਨਾਂਵ, ਕਰਮ ਕਾਰਕ।]

੧੦. **'ਸਹੁ' ਵੇ ਜੀਆ ਅਪਣਾ ਕੀਆ ॥ਸ.੨॥੬॥** *(ਪੰਨਾ ੪੬੭)*
[ਸਹੁ—ਸਹਿਨ ਕਰ। ਕ੍ਰਿਆ, ਹੁਕਮੀ ਭਵਿਖਤ ਕਾਲ।]

੨੩.੨੯ ਸਤੁ, ਸਤ, ਸਤਿ

੧. **ਜਤੁ 'ਸਤੁ' ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥੪॥੫੦॥** *(ਪੰਨਾ ੩੩)*
[ਸਤੁ—ਸੁਚਾ ਆਚਰਣ। ਇਕ-ਵਚਨ, ਪੁਲਿੰਗ ਨਾਂਵ।]

੨. **ਸਤੀ ਪਾਪੁ ਕਰਿ 'ਸਤੁ' ਕਮਾਹਿ ॥ਸਲੋਕ ੧॥੧੧॥** *(ਪੰਨਾ ੯੫੧)*
[ਸਤੁ—ਦਾਨ। ਇਕ-ਵਚਨ, ਪੁਲਿੰਗ ਨਾਂਵ।]

੩. **ਨਾਮ ਪਰਸੁ ਜਿਨਿ ਪਾਇਓ 'ਸਤੁ' ਪ੍ਰਗਟਿਓ ਰਵਿ ਲੋਇ ॥੮॥** *(ਪੰਨਾ ੧੩੯੨)*
[ਸਤੁ—ਜਸ। ਇਕ-ਵਚਨ, ਪੁਲਿੰਗ ਨਾਂਵ।]

੪. **ਬਿਨੁ 'ਸਤ' ਸਤੀ ਹੋਇ ਕੈਸੇ ਨਾਰਿ ॥੧॥੨੩॥** *(ਪੰਨਾ ੩੨੮*
[ਸਤ—ਆਚਰਣਕ ਪਵਿਤ੍ਰਤਾ। 'ਤ' ਦਾ (ੱ) ਸੰਬੰਧਕ 'ਬਿਨੁ' ਆਉਣ ਕਾਰਨ ਲੱਥ ਗਿਆ ਹੈ।]

੫. **ਪੰਦ੍ਰਹ ਥਿਤੀ ਤੈ 'ਸਤ' ਵਾਰ ॥੧੦॥੧॥** *(ਪੰਨਾ ੬੪੨)*
[ਸਤ—ਗਿਣਤੀ, ੬ + ੧ = ੭। ਨਿਸਚਿਤ ਸੰਖਿਅਕ ਵਿਸ਼ੇਸ਼ਣ।]

੬. **ਰਜ ਤਮ 'ਸਤ' ਕਲ ਤੇਰੀ ਛਾਇਆ ॥੧੧॥੧੭॥** *(ਪੰਨਾ ੧੦੩੮)*
[ਸਤ—ਸਤੋ ਗੁਣ। ਇਕ-ਵਚਨ, ਪੁਲਿੰਗ ਨਾਂਵ।]

੭. **ਚੰਦ ਸਤ ਭੇਦਿਆ, ਨਾਦ 'ਸਤ' ਪੂਰਿਆ, ਸੂਰ ਸਤ ਖੋੜਸਾ,**
ਦਤੁ ਕੀਆ ॥੧॥੧॥ *(ਪੰਨਾ ੧੧੦੬)*
[ਸਤ—ਪ੍ਰਾਣ। ਨਾਂਵ।]

੮. **ਰੇ ਜਿਹਬਾ ਕਰਉ 'ਸਤ' ਖੰਡ ॥੧॥੧॥** *(ਪੰਨਾ ੧੧੬੩)*
[ਸਤ—ਸੈਂਕੜੇ। ਸੰਖਿਅਕ ਵਿਸ਼ੇਸ਼ਣ।]

੯. **ਆਪਿ 'ਸਤਿ' ਕੀਆ ਸਭੁ ਸਤਿ ॥੫॥੨੩॥** *(ਪੰਨਾ ੨੬੪)*
[ਸਤਿ—ਸਦਾ-ਥਿਰ। ਵਿਸ਼ੇਸ਼ਣ।]

੧੦. **ਜੋ ਕਿਛੁ ਕਰੇ ਸੁ 'ਸਤਿ' ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥ਰਹਾਉ॥੪॥**
[ਸਤਿ—ਸਹੀ, ਠੀਕ। ਕ੍ਰਿਆ ਵਿਸ਼ੇਸ਼ਣ।] *(ਪੰਨਾ ੧੧੬੬)*

੨੩.੩੦ ਸਦ, ਸਦਿ, ਸਦੁ

੧. **ਅਮਰ ਭਏ 'ਸਦ ਸਦ' ਹੀ ਜੀਵਹਿ ॥੮॥੧੦॥** *(ਪੰਨਾ ੨੭੬)*
[ਸਦ—ਸਦੀਵ ਕਾਲ। ਕ੍ਰਿਆ ਵਿਸ਼ੇਸ਼ਣ।]

੨. **ਸੁਣਿ ਕੈ 'ਸਦ' ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ ॥** *(ਦਸਮ ਗ੍ਰੰਥ)*
[ਸਦ—ਸੱਦਾ। ਪੁਲਿੰਗ, ਇਕ-ਵਚਨ ਨਾਂਵ।]

੩. **ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ 'ਸਦਿ' ਮਿਲੇ ॥੧॥੧॥** *(ਪੰਨਾ ੯੬੯)*
[ਸਦਿ—ਬੁਲਾ ਕੇ। ਪੂਰਬ-ਪੂਰਣ ਕਿਰਦੰਤ।]

੪. **ਇਕਿ ਵਣਖੰਡਿ ਬੈਸਹਿ ਜਾਇ 'ਸਦੁ' ਨ ਦੇਵਹੀ ॥ਪ.੧੫॥** *(ਪੰਨਾ ੧੨੬੪)*
[ਸਦੁ—ਭਿਖਿਆ ਲਈ ਅਵਾਜ਼ਾ। ਪੁਲਿੰਗ ਨਾਂਵ।]

੨੩.੩੧ ਸਨੇਹਾ

੧. **ਭਾਗੁ ਮਸਤਕਿ ਹੋਇ ਜਿਸ ਕੈ ਤਿਸੁ ਗੁਰ ਨਾਲਿ 'ਸਨੇਹਾ' ॥੩॥੧॥** *(ਪੰਨਾ ੫੪੨)*
[ਸਨੇਹਾ—ਪ੍ਰੇਮ-ਪਿਆਰ। ਪੁਲਿੰਗ, ਇਕ-ਵਚਨ, ਨਾਂਵ।]

੨. **ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁਨੇ ਧਨ ਦੇਦੀ ਸਾਚੁ 'ਸਨੇਹਾ' ॥੨॥੪॥** *(ਪੰਨਾ ੪੫੫)*
[ਸਨੇਹਾ—ਸੰਦੇਸ਼ਾ। ਪੁਲਿੰਗ, ਇਕ-ਵਚਨ, ਨਾਂਵ।]

੨੩.੩੨ ਸਾ, ਸੇ, ਸੀ, ਸੋ

੧. **'ਸਾ' ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੈ ਜੀਉ ॥੧॥੪੪॥** *(ਪੰਨਾ ੧੦੭)*
[ਸਾ—ਉਹ। ਅਨ-ਪੁਰਖ, ਇਸਤਰੀ-ਲਿੰਗ, ਇਕ-ਵਚਨ, ਨਿਸਚੇਵਾਚਕ ਵਿਸ਼ੇਸ਼ਣ।]

੨. **ਹਰਿ 'ਸਾ' ਮੀਤੁ ਨਾਹੀ ਮੈ ਕੋਈ ॥੧॥੮॥** *(ਪੰਨਾ ੧੦੨੭)*
[ਸਾ—ਵਰਗਾ। ਸੰਬੰਧਕ।]

੩. **ਖੋਲਿ ਕਿਵਾਰਾ ਮਹਲਿ ਬੁਲਾਇਆ ॥**
ਜੈਸਾ 'ਸਾ' ਤੈਸਾ ਦਿਖਲਾਇਆ ॥੪॥੧੪॥ *(ਪੰਨਾ ੬੬੭)*
[ਸਾ—ਸੀ, ਥਾ। ਅਪੂਰਣ ਕ੍ਰਿਆ, ਭੂਤਕਾਲ।]

੪. **ਆਏ 'ਸੇ' ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥੩॥੯੮॥** *(ਪੰਨਾ ੫੨)*
[ਸੇ—ਉਹ। ਪੁਲਿੰਗ, ਬਹੁ-ਵਚਨ, ਅਨ-ਪੁਰਖਵਾਚੀ ਪੜਨਾਂਵ।]

੫. **'ਸੇ' ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥ਪਉੜੀ ੧੨॥**
[ਸੇ—ਉਹ। ਪੁਲਿੰਗ, ਬਹੁ-ਵਚਨ, ਪੜਨਾਂਵੀ ਵਿਸ਼ੇਸ਼ਣ।] *(ਪੰਨਾ ੫੯੦)*

੬. **ਸਚਾ ਸੁਖੁ ਸਚੀ ਵਡਿਆਈ ਜਿਸ ਕੇ 'ਸੇ' ਤਿਨਿ ਜਾਤੇ ॥੩॥੫੪॥** *(ਪੰਨਾ ੭੪੯)*
[ਸੇ—ਸਨ, ਥੇ। ਬਹੁ-ਵਚਨ, ਅਪੂਰਣ ਕ੍ਰਿਆ, ਭੂਤਕਾਲ।]

੭. **ਬਿਖੁ 'ਸੇ' ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥੫॥੨॥** *(ਪੰਨਾ ੫੬੫)*
[ਸੇ—ਤੋਂ। ਸੰਬੰਧਕ।]

੮. **ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ 'ਸੇ' ॥੪॥੨॥** *(ਪੰਨਾ ੧੧੧੦)*
[(ਭਸਮ) ਸੇ—(ਸੁਆਹ) ਵਾਂਗ। ਸੰਬੰਧਕ।

੯. **ਅਨਾਜੁ ਮਗਉ ਸਤ 'ਸੀ' ਕਾ ॥੧॥੪॥** *(ਪੰਨਾ ੬੯੫)*
[(ਸਤ) ਸੀ (ਕਾ)—(ਸਉ) ਸਿਆੜ (ਵਾਲਾ), ਭਾਵ ਸੌ ਵਾਰ ਹਲ ਵਾਹ ਕੇ ਪੈਦਾ ਕੀਤਾ ਹੋਇਆ। ਨਾਂਵ, ਸੰਬੰਧ ਕਾਰਕ।]

੧੦. **ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ 'ਸੀ' ॥ਸ.੨॥੨੦॥**
[ਸੀ—ਹੈ ਸੀ, ਸੀਗਾ। ਅਪੂਰਣ ਕ੍ਰਿਆ, ਇਕ-ਵਚਨ—ਭੂਤਕਾਲ।] *(ਪੰਨਾ ੧੨੮੭)*

੧੧. **ਜਿਹ ਸਿਮਰਤ ਗਨਕਾ 'ਸੀ' ਉਧਰੀ ਤਾ ਕੋ ਜਸੁ ਉਰਧਾਰੋ ॥੧॥੪॥** *(ਪੰਨਾ ੬੩੨)*
[ਸੀ—ਵਰਗੀ। ਸੰਬੰਧਕ।

੧੨. **ਸੀਸੁ ਦੀਆ ਪਰ 'ਸੀ' ਨ ਉਚਰੀ ॥** *(ਬਚਿਤ੍ਰ ਨਾਟਕ)*
[ਸੀ—ਪੀੜਾ ਦੇ ਪ੍ਰਗਟਾਅ ਦੀ ਧੁਨੀ। ਵਿਸਮਿਕ।]

੧੩. **ਜਾਚਕ ਜਨ ਦਾਤਾ ਪਾਇਆ ॥**
'ਸੋ' ਦੀਆ ਨ ਜਾਈ ਖਾਇਆ ॥੩॥੬॥ *(ਪੰਨਾ ੬੫੫)*
[ਸੋ—ਉਹ। ਅਨ-ਪੁਰਖ, ਪੁਲਿੰਗ, ਇਕ-ਵਚਨ ਪੜਨਾਂਵ।]

੧੪. **'ਸੋ' ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥**
'ਸੋ' ਪਦੁ ਰਵਹੁ ਜਿ ਬਹੁਰਿ ਨ ਰਵਨਾ ॥੨॥੧੮॥ *(ਪੰਨਾ ੩੨੭)*
[ਸੋ—ਉਹ। ਇਕ-ਵਚਨ, ਨਿਸਚੇਵਾਚਕ ਵਿਸ਼ੇਸ਼ਣ।]

੧੫. **ਜਬ ਇਹੁ ਨ 'ਸੋ' ਤਬ ਕਿਨਹਿ ਉਪਾਇਆ ॥੨॥੩੮॥** *(ਪੰਨਾ ੧੧੪੬)*
[ਸੋ—ਸੀ, ਥਾ। ਅਪੂਰਣ ਕ੍ਰਿਆ, ਭੂਤਕਾਲ।]

੧੬. **ਹਰਿ 'ਸੋ' ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥੨੪੨॥** *(ਪੰਨਾ ੧੩੭੭)*
[ਸੋ—ਵਰਗਾ। ਸੰਬੰਧਕ ਇਕ-ਵਚਨ।]

੨੩.੩੩ ਹਉ

੧. **ਤਿਸੁ ਗੁਰ ਕਉ 'ਹਉ' ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥ਪਉੜੀ ੫॥** *(ਪੰਨਾ ੫੬੬)*
[ਹਉ (ਉਚਾਰਣ ਨਾਸਕੀ)—ਮੈਂ। ਪੁਰਖਵਾਚੀ ਪੜਨਾਂਵ—ਉਤਮ ਪੁਰਖ, ਇਕ-ਵਚਨ।]

੨. **'ਹਉ' ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥੪॥੩॥** *(ਪੰਨਾ ੭੭੯)*
[ਹਉ (ਉਚਾਰਣ ਨਾਸਕੀ)—ਹਉਮੈ। ਇਸਤਰੀ-ਲਿੰਗ ਨਾਂਵ—ਸੰਬੰਧ ਕਾਰਕ।]

੩. **ਤੁਮ੍ ਜੁ ਕਹਤ 'ਹਉ' ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥ਰਹਾਉ॥੭੦॥** *(ਪੰਨਾ ੩੩੯)*
[ਹਉ (ਉਚਾਰਣ ਨਾਸਿਕਤਾ ਬਿਨਾ)—ਹੋ। 'ਹੋਣਾ' ਭਾਵਾਰਥ ਦੇ ਮੂਲ-ਧਾਤੂ 'ਹੋ' ਦਾ ਕਾਵਿਕ ਰੂਪਾਂਤਰ—ਅਪੂਰਣ ਕ੍ਰਿਆ, ਮਧਮ ਪੁਰਖ, ਵਰਤਮਾਨ ਕਾਲ।]

੨੩.੩੪ ਹਸਣੁ, ਹਸਣਿ

੧. **ਤਨੁ ਮਨੁ ਦੀਜੈ ਸਜਣਾ ਐਸਾ 'ਹਸਣੁ' ਸਾਰੁ ॥੨॥** *(ਪੰਨਾ ੧੪੧੦)*
[ਹਸਣੁ—ਪ੍ਰਸੰਨ ਹੋ ਕੇ ਖਿੜਖਿੜਾਉਣਾ। ਭਾਵਾਰਥ।]

੨. **ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ 'ਹਸਣਿ' ਪਾਹਿ ॥ਸਲੋਕ ੨॥੧੬॥** *(ਪੰਨਾ ੬੪੮)*
[ਹਸਣਿ—(Tower of Silence) ਉਹ ਅਹਾਤਾ ਜਿਸ ਵਿਚ ਪਾਰਸੀ ਮੁਰਦੇ ਨੂੰ ਪੰਛੀਆਂ ਦੁਆਰਾ ਖਾਣ ਲਈ ਰੱਖਦੇ ਹਨ। ਪੁਲਿੰਗ ਨਾਂਵ, ਅਧਿਕਰਣ ਕਾਰਕ, ਇਕ-ਵਚਨ।]

੨੩.੩੫ ਹਨਿ, ਹੰਨਿ੍

੧. **ਯਯਾ ਜਉ ਜਾਨਹਿ ਤਉ ਦੁਰਮਤਿ 'ਹਨਿ' ਕਰਿ ਬਸਿ ਕਾਇਆ ਗਾਉ ॥੩੪॥**
[ਹਨਿ—ਮਾਰ ਸੁਟ। ਕ੍ਰਿਆ, ਹੁਕਮੀ ਭਵਿਖਤ ਕਾਲ।] *(ਪੰਨਾ ੩੪੨)*

੨. **ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ 'ਹੰਨਿ੍' ॥੪॥੩॥** *(ਪੰਨਾ ੭੨੬)*
[ਹੰਨਿ੍—ਹਨ, ਹੈਨ। ਅਪੂਰਣ ਕ੍ਰਿਆ 'ਹੈ' ਦਾ ਬਹੁ-ਵਚਨ ਰੂਪ, ਵਰਤਮਾਨ ਕਾਲ।]

੨੩.੩੫(ੳ) ਹਾ ਹਾ, ਹਾਂ ਹਾਂ, ਹਾਂ ਕਿ, ਹਰਿ ਹਾਂ

੧. **'ਹਾ ਹਾ' ਪ੍ਰਭ ਰਾਖਿ ਲੇਹੁ ॥ਰਹਾਉ॥੧੬॥** *(ਪੰਨਾ ੬੭੫)*
[ਹਾ ਹਾ—ਪੁਕਾਰ ਬੋਧਕ। ਵਿਸਮਿਕ।]

੨. **ਰੇ ਮਨ ਕਿਆ ਕਰਹਿ ਹੈ 'ਹਾ ਹਾ' ॥ਰਹਾਉ॥੧੨੩॥** *(ਪੰਨਾ ੪੦੧)*

੩. **'ਹਾ ਹਾ' ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥੧॥**
[ਹਾ ਹਾ—ਖਿੜ ਖਿੜ ਹਸਣ ਦੀ ਧੁਨਿ। ਵਿਸਮਿਕ।] *(ਪੰਨਾ ੭੦੦)*

੪. **'ਹਾ ਹਾ' ਹੂ ਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ ॥ਰਹਾਉ॥੨੫॥**
[ਹਾ ਹਾ ਹੂ ਹੂ—ਗੰਧਰਵਾਂ ਦੇ ਸਿਰਦਾਰ। ਖ਼ਾਸ ਨਾਂਵ।] *(ਪੰਨਾ ੧੨੭੨)*

੫. **ਤਿਆਗੀਐ ਗੁਮਾਨੁ ਮਾਨੁ ਪੇਖਤਾ,**
ਦਇਆਲ ਲਾਲ 'ਹਾਂ ਹਾਂ' ਮਨ ਚਰਨ ਰੇਨ ॥ਰਹਾਉ॥੩੮॥ *(ਪੰਨਾ ੧੩੦੫)*
[ਹਾਂ ਹਾਂ—ਤਾਕੀਦ-ਵਾਚੀ ਪ੍ਰਤਯ। ਕ੍ਰਿਆ ਵਿਸ਼ੇਸ਼ਣ।]

੬. **'ਹਾਂ ਕਿ' ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੧॥** *(ਪੰਨਾ ੧੩੮੫)*
[ਹਾਂ ਕਿ—ਛੰਦ ਦੀ ਚਾਲ। ਵਿਸਮਿਕ।]

੭. **ਹਰਿ 'ਹਾਂ' ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ ॥੧੧॥** *(ਪੰਨਾ ੧੩੬੨)*
[ਹਰਿ ਹਾਂ—ਹਰੀ ਸਦੀਵੀ ਹੋਂਦ ਵਾਲਾ ਹੈ। ਛੰਦ ਦੀ ਚਾਲ।]

੨੩.੩੬ ਹਾਥ, ਹਾਥਿ, ਹਾਥੁ

੧. **ਤੁਮ੍ ਵਡ ਪੁਰਖ ਬਡ ਅਗਮ ਅਗੋਚਰ, ਹਮ ਢੂਢਿ ਰਹੇ ਪਾਈ ਨਹੀ 'ਹਾਥ' ॥੨॥੬॥**
[ਹਾਥ—ਡੂੰਘਿਆਈ ਦੀ ਥਾਹ। ਇਸਤਰੀ-ਲਿੰਗ ਭਾਵ-ਵਾਚਕ ਨਾਂਵ।] *(ਪੰਨਾ ੧੨੯੬)*

੨. **ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ,**
ਓਨੀ ਤਕੜੇ ਪਾਏ 'ਹਾਥ' ॥੫॥੧॥੪॥ *(ਪੰਨਾ ੭੮)*
[ਹਾਥ—ਹੱਥ (ਬਹੁ-ਵਚਨ)। ਪੁਲਿੰਗ, ਬਹੁ-ਵਚਨ ਨਾਂਵ।]

੩. **ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ 'ਹਾਥਿ' ॥੪॥੮੫॥** *(ਪੰਨਾ ੪੮)*
[ਹਾਥਿ—ਹੱਥ ਵਿਚ। ਪੁਲਿੰਗ, ਇਕ-ਵਚਨ ਨਾਂਵ—ਅਧਿਕਰਣ ਕਾਰਕ।]

੪. **ਮਹਾ ਅਗਨਿ ਤੇ 'ਹਾਥੁ' ਦੇ ਰਾਖਾ ॥੩॥੬॥** *(ਪੰਨਾ ੨੩੯)*
[ਹਾਥੁ—ਹੱਥ। ਪੁਲਿੰਗ, ਇਕ-ਵਚਨ ਨਾਂਵ, ਕਰਮ ਕਾਰਕ।]

੨੩.੩੭ ਹੈ

੧. **ਜਸ ਓਹੁ 'ਹੈ' ਤਸ ਲਖੈ ਨ ਕੋਈ ॥੨॥** *(ਪੰਨਾ ੩੪੦)*
[ਹੈ—'ਹੋਣਾ' ਤੋਂ ਵਰਤਮਾਨ ਕ੍ਰਿਆ। ਅਪੂਰਣ ਕ੍ਰਿਆ, ਅਨ-ਪੁਰਖ, ਇਕ-ਵਚਨ, ਵਰਤਮਾਨ ਕਾਲ।]

੨. **'ਹੈ' ਤੂਹੈ ਤੂ ਹੋਵਨਹਾਰ ॥੨॥੨॥** *(ਪੰਨਾ ੭੨੪)*
[ਹੈ (ਉਚਾਰਣ ਨਾਸਕੀ)—ਹੋਣਾ ਤੋਂ ਵਰਤਮਾਨ ਕ੍ਰਿਆ। ਅਪੂਰਣ ਕ੍ਰਿਆ, ਮਧਮ ਪੁਰਖ, ਇਕ-ਵਚਨ, ਵਰਤਮਾਨ ਕਾਲ।]

੩. **'ਹੈ ਹੈ' ਕਰਿ ਕੈ ਓਹਿ ਕਰੇਨਿ ॥੬॥** *(ਪੰਨਾ ੧੪੧੦)*
[ਹੈ ਹੈ—ਹਾਏ ਹਾਏ ਦਾ ਸੰਖਿਪਤ ਰੂਪ। ਵਿਸਮਿਕ।]

੪. **ਕਬੀਰ 'ਹੈ' ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ ॥੧੧੨॥** *(ਪੰਨਾ ੧੩੭੦)*
[ਹੈ—ਘੋੜੇ (ਸੰਸਕ੍ਰਿਤ ਦੇ ਸ਼ਬਦ 'ਹਯ' ਦਾ ਤਦਭਵ ਰੂਪ)। ਬਹੁ-ਵਚਨ ਨਾਂਵ।]

੨੩.੩੮ ਕਹਾ

੧. **'ਕਹਾ' ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥੬੮॥** *(ਪੰਨਾ ੮੨੩)*
[ਕਹਾ—ਕੀ। ਅਨਿਸਚਿਤ ਪੜਨਾਂਵ।]

੨. **ਮੋਹਿ ਬੈਰਾਗੁ ਭਇਓ ॥**
ਇਹੁ ਜੀਉ ਆਇ 'ਕਹਾ' ਗਇਓ ॥ਰਹਾਉ॥੩॥ *(ਪੰਨਾ ੮੭੦)*
[ਕਹਾ (ਉਚਾਰਣ ਨਾਸਕੀ)—ਕਿਥੇ। ਪ੍ਰਸ਼ਨਕ, ਸਥਾਨ-ਵਾਚਕ, ਕ੍ਰਿਆ ਵਿਸ਼ੇਸ਼ਣ।]

੩. **ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ 'ਕਹਾ' ਨਹੀ ॥੨॥੨॥** *(ਪੰਨਾ ੬੩੧)*
[ਕਹਾ (ਉਚਾਰਣ ਨਾਸਕੀ)—ਕਿਉਂ। ਪ੍ਰਸ਼ਨਕ, ਕਾਰਣ ਵਾਚੀ, ਕ੍ਰਿਆ ਵਿਸ਼ੇਸ਼ਣ।]

੪. **ਹ੍ਰਿਦੈ ਕਪਟੁ ਮੁਖ ਗਿਆਨੀ ॥**
ਝੂਠੇ 'ਕਹਾ' ਬਿਲੋਵਸਿ ਪਾਨੀ ॥੧॥੮॥ *(ਪੰਨਾ ੬੫੬)*
[ਕਹਾ (ਉਚਾਰਣ ਨਾਸਕੀ)—ਕਿਉਂ। ਪ੍ਰਸ਼ਨਕ, ਕਾਰਣ ਵਾਚੀ, ਕ੍ਰਿਆ ਵਿਸ਼ੇਸ਼ਣ।]

੫. **ਠਾਢ ਭਯੋ ਮੈ ਜੋਰਿ ਕਰ ਬਚਨ 'ਕਹਾ' ਸਿਰ ਨਿਆਇ ॥੩੦॥** *(ਬਚਿਤ੍ਰ ਨਾਟਕ)*
[ਕਹਾ—ਆਖਿਆ। ਕ੍ਰਿਆ, ਪੁਲਿੰਗ, ਭੂਤਕਾਲ।]

੨੩.੩੯ ਕਰਹ, ਕਰਹਿ, ਕਰਹੁ

੧. **ਸੋ ਹਮ 'ਕਰਹ' ਜੁ ਆਪਿ ਕਰਾਏ ॥੪॥੧੬॥** *(ਪੰਨਾ ੪੯੪)*
[ਕਰਹ—ਅਸੀ ਕਰਦੇ ਹਾਂ। ਕ੍ਰਿਆ, ਉਤਮ ਪੁਰਖ, ਬਹੁ-ਵਚਨ, ਵਰਤਮਾਨ ਕਾਲ।]

੨. **ਆਵਹੁ ਸੰਤ ਪਿਆਰਿਹੋ ਅਕਥ ਕੀ 'ਕਰਹ' ਕਹਾਣੀ ॥੬॥** *(ਪੰਨਾ ੯੧੮)*
[ਕਰਹ—ਅਸੀ ਕਰੀਏ। ਕ੍ਰਿਆ, ਉਤਮ ਪੁਰਖ, ਬਹੁ-ਵਚਨ, ਹੁਕਮੀ ਭਵਿਖਤ ਕਾਲ।]

੩. **ਜੋ ਤੂ 'ਕਰਹਿ' ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ਰਹਾਉ॥੨੫॥** *(ਪੰਨਾ ੬੭੭)*
[ਕਰਹਿ (ਉਚਾਰਣ ਨਾਸਕੀ)—ਤੂੰ ਕਰਦਾ ਹੈਂ। ਕ੍ਰਿਆ, ਮਧਮ ਪੁਰਖ, ਇਕ-ਵਚਨ, ਵਰਤਮਾਨ ਕਾਲ।]

੪. **ਸੰਤ ਮਰਾਲ 'ਕਰਹਿ' ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥੪॥**
(ਪੰਨਾ ੧੪੦੪)
[ਕਰਹਿ (ਉਚਾਰਣ ਨਾਸਕੀ)—ਕਰਦੇ ਹਨ। ਕ੍ਰਿਆ, ਅਨ-ਪੁਰਖ, ਬਹੁ-ਵਚਨ, ਵਰਤਮਾਨ ਕਾਲ।]

੫. **ਜੋ ਤੁਮ 'ਕਰਹੁ' ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥੨॥੬੨॥** *(ਪੰਨਾ ੬੨੦)*
[ਕਰਹੁ—ਤੁਸੀ ਕਰਦੇ ਹੋ। ਕ੍ਰਿਆ, ਮਧਮ ਪੁਰਖ, ਬਹੁ-ਵਚਨ (ਆਦਰਵਾਚੀ), ਵਰਤਮਾਨ ਕਾਲ।]

੬. **ਐਸੀ ਕਿਰਪਾ ਮੋਹਿ 'ਕਰਹੁ' ॥ਰਹਾਉ॥੧੧੬॥** *(ਪੰਨਾ ੬੨੮)*
[ਕਰਹੁ—ਤੁਮ ਕਰੋ। ਕ੍ਰਿਆ, ਹੁਕਮੀ ਭਵਿਖਤ ਕਾਲ।]

੨੩.੪੦ ਕਰਮਹਿ, ਕਰ ਮਹਿ

੧. **ਚਿਤ ਗੁਪਤ 'ਕਰਮਹਿ' ਜਾਨ ॥੩॥੨॥** *(ਪੰਨਾ ੬੩੮)*
[ਕਰਮਹਿ (ਜਾਨ)—ਜੀਵਾਂ ਦੇ ਹਰੇਕ ਕਰਮ ਨੂੰ ਜਾਣਨ ਵਾਲੇ। ਇਕ-ਵਚਨ ਨਾਂਵ, ਕਰਮ ਕਾਰਕ।]

੨. **'ਕਰ ਮਹਿ' ਅੰਮ੍ਰਿਤੁ ਆਣਿ ਨਿਸਾਰਿਓ ॥੨॥੭੬॥** *(ਪੰਨਾ ੩੬੯)*
[ਕਰ ਮਹਿ—ਹੱਥ ਵਿਚ। ਅਧਿਕਰਣ ਕਾਰਕ ਨਾਂਵ।]

੨੩.੪੧ ਕਾ, ਕੇ

੧. **'ਕਾ' ਕੀ ਮਾਈ 'ਕਾ' ਕੋ ਬਾਪ ॥੧॥੧੧੨॥** *(ਪੰਨਾ ੧੮੮)*
[ਕਾ (ਕੀ)—ਕਿਸ (ਦੀ)। ਅਨਿਸਚਿਤ ਪੜਨਾਂਵ, ਸੰਬੰਧ ਕਾਰਕ।]

੨. **ਤਿੰਨਾ ਭੁਖ ਨ 'ਕਾ' ਰਹੀ ਜਿਸ ਦਾ ਪ੍ਰਭੁ ਹੈ ਸੋਇ ॥ਸ.੧॥੨੧॥** *(ਪੰਨਾ ੩੨੩)*
[ਕਾ—ਕੋਈ। ਅਨਿਸਚਿਤ ਵਿਸ਼ੇਸ਼ਣ, ਇਸਤਰੀ-ਲਿੰਗ, ਇਕ-ਵਚਨ।]

੩. **ਕਹੁ ਜਨ 'ਕਾ' ਨਾਹੀ ਘਰ ਤਾ ਕੇ ॥੩॥੩੮॥** *(ਪੰਨਾ ੩੩੦)*
[ਕਾ—ਕੀ। ਅਨਿਸਚਿਤ ਪੜਨਾਂਵ।]

੪. **ਦੂਸਰ ਨਾਹੀ ਠਾਉ 'ਕਾ' ਪਹਿ ਜਾਈਐ ॥ਛੰਤੁ ੨॥** *(ਪੰਨਾ ੭੦੪)*
[ਕਾ (ਪਹਿ)—ਕਿਸ (ਪਾਸ)। ਅਨਿਸਚਿਤ ਪੜਨਾਂਵ, ਅਧਿਕਰਣ ਕਾਰਕ।]

੫. **ਲੋਭੀ 'ਕਾ' ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥੪੦॥** *(ਪੰਨਾ ੧੪੧੭)*
[ਕਾ—ਦਾ। ਸੰਬੰਧਕ, ਇਕ-ਵਚਨ।]

੬. **ਜਿਉ 'ਕਾ ਪੁਰਖੁ' ਪੁਚਾਰੈ ਨਾਰੀ ॥੧॥੧੬੦॥** *(ਪੰਨਾ ੧੯੮)*
[ਕਾ-ਪੁਰਖ—ਨਾ-ਮਰਦ। 'ਕਾ' ਵਿਰੋਧ-ਅਰਥਕ ਅਗੇਤਰ।]

੭. **ਜੋ ਜੋ ਕਹੈ ਸੋਈ ਭਲ ਮਾਨਉ ਨਾਹਿ ਨ 'ਕਾ ਬੋਲ' ਕਰਤ ॥੧॥੩॥** *(ਪੰਨਾ ੫੨੯)*
[ਕਾ-ਬੋਲ—ਮੰਦਾ ਬੋਲ। ਕਾ—ਵਿਰੋਧ-ਅਰਥਕ ਅਗੇਤਰ।]

੮. **ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ 'ਕੇ' ॥੭॥** *(ਪੰਨਾ ੨)*
[ਕੇ ('ਕੋਇ' ਦਾ ਸੰਖਿਪਤ ਰੂਪ)—(ਕਈਆਂ ਵਿੱਚੋਂ) ਕੋਈ ਵੀ। ਅਨਿਸਚਿਤ ਪੜਨਾਂਵ।]

੯. **ਤਿਥੈ ਭਗਤ ਵਸਹਿ 'ਕੇ' ਲੋਅ ॥੩੭॥** *(ਪੰਨਾ ੮)*
[ਕੇ—ਕਈ। ਅਨਿਸਚਿਤ ਪੜਨਾਂਵ, ਬਹੁ-ਵਚਨ।]

੧੦. **ਤਿਨ 'ਕੇ' ਨਾਮ ਅਨੇਕ ਅਨੰਤ ॥੩੪॥** *(ਪੰਨਾ ੭)*
[ਕੇ—ਦੇ। ਸੰਬੰਧਕ, ਬਹੁ-ਵਚਨ।]

੨੩.੪੨ ਕਾਢਿ, ਕਾਢਿਆ, ਕਾਂਢਿਆ, ਕਾਂਢੈ

੧. **'ਕਾਢਿ' ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ ॥੩॥੨॥**
[ਕਾਢਿ—ਕੱਢ ਕੇ। ਪੂਰਬ-ਪੂਰਣ ਕਿਰਦੰਤ।] *(ਪੰਨਾ ੧੩੨੪)*

੨. **ਬਾਹ ਪਕੜਿ ਗੁਰਿ 'ਕਾਢਿਆ' ਸੋਈ ਉਤਰਿਆ ਪਾਰਿ ॥੩॥੭੬॥** *(ਪੰਨਾ ੪੪)*
[ਕਾਢਿਆ—ਕੱਢ ਲਿਆ। ਕ੍ਰਿਆ, ਇਕ-ਵਚਨ, ਭੂਤਕਾਲ।]

੩. **ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ 'ਕਾਢਿਆ' ॥ਪਉੜੀ ੧੭॥** *(ਪੰਨਾ ੯੦)*
[ਕਾਢਿਆ—(ਕਾਢੇ + ਆ ਦਾ ਰੂਪਾਂਤਰ) ਕੱਢ ਲਏ ਹਨ। ਕ੍ਰਿਆ, ਬਹੁ-ਵਚਨ, ਸਮੀਪੀ ਭੂਤਕਾਲ।]

੪. **ਜਨੁ ਨਾਨਕੁ ਦਾਸੁ ਹਰਿ 'ਕਾਂਢਿਆ' ਹਰਿ ਪੈਜ ਰਖਾਏ ॥੪॥੧੭॥** *(ਪੰਨਾ ੪੫੦)*
[ਕਾਂਢਿਆ—ਕਿਹਾ ਗਿਆ ਹੈ। ਕਰਮਨੀ ਵਾਚ ਕ੍ਰਿਆ।]

੫. **ਮਹਾ ਤਰੰਗ ਤੇ 'ਕਾਂਢੈ' ਲਾਗਾ ॥੪॥੧੨॥** *(ਪੰਨਾ ੧੩੪੮)*
[ਕਾਂਢੈ—ਕੰਢੇ ਉੱਤੇ। ਨਾਂਵ, ਇਕ-ਵਚਨ, ਅਧਿਕਰਣ ਕਾਰਕ।]

੨੩.੪੩ ਕਾਰ, ਕਾਰੁ

੧. **ਚਉਗਿਰਦ ਹਮਾਰੈ ਰਾਮ 'ਕਾਰ' ਦੁਖੁ ਲਗੈ ਨ ਭਾਈ ॥੧॥੭੬॥** *(ਪੰਨਾ ੮੧੬)*
[ਕਾਰ—ਰੇਖਾ, ਲਕੀਰ (ਰੱਖਿਆ ਲਈ ਕੀਤੀ ਹੋਈ)। ਇਸਤਰੀ-ਲਿੰਗ, ਇਕ-ਵਚਨ, ਨਾਂਵ।]

੨. **ਜੋ ਤੁਧੁ ਭਾਵੈ ਸਾਈ ਭਲੀ 'ਕਾਰ' ॥੧੬॥** *(ਪੰਨਾ ੩)*
[ਕਾਰ—ਕੀਤੀ ਕ੍ਰਿਆ (ਕੰਮ)। ਇਸਤਰੀ-ਲਿੰਗ, ਇਕ-ਵਚਨ ਨਾਂਵ।]

੩. **ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ 'ਕਾਰ' ਲਿਖਾਵੈ ॥੧॥੪॥** *(ਪੰਨਾ ੧੨੬੩)*
[ਕਾਰ—ਹੁਕਮ-ਰੂਪੀ ਕਾਰ। ਇਸਤਰੀ-ਲਿੰਗ, ਇਕ-ਵਚਨ ਨਾਂਵ।]

੪. **ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ 'ਕਾਰ' ਕਰੀਠਾ ॥੩॥੬੧॥**
[ਕਾਰ (ਕਰੀਠਾ)—ਕਾਲਾ (ਕਰੂੰਡੀਆ-ਸੱਪ)। ਵਿਸ਼ੇਸ਼ਣ।] *(ਪੰਨਾ ੧੭੧)*

੫. **ਜੈ 'ਜੈਕਾਰੁ' ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ ॥੧॥੬੦॥** *(ਪੰਨਾ ੬੩੦)*
[ਕਾਰੁ—ਨਿਰੰਤਰਤਾ ਦਾ ਭਾਵ ਪ੍ਰਗਟਾਉਣ ਵਾਲਾ ਪਿਛੇਤਰ।]

੨੩.੪੪ ਕੁਨੁ, ਕੁਨ

੧. **ਤੂ 'ਕੁਨੁ' ਰੇ ॥ ਮੈ ਜੀ ॥ ਨਾਮਾ ॥੩॥੪॥** *(ਪੰਨਾ ੬੯੪)*
[ਕੁਨੁ—ਕੌਣ। ਪ੍ਰਸ਼ਨਵਾਚੀ ਵਿਸ਼ੇਸ਼ਣ।]

੨. **ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ 'ਕੁਨ' ਕਰਤਾਰ ॥੧॥੧॥** *(ਪੰਨਾ ੭੨੧)*
[ਕੁਨ (ਫ਼ਾਰਸੀ)—ਕਰ। ਕ੍ਰਿਆ, ਹੁਕਮੀ ਭਵਿਖਤ ਕਾਲ।]

੨੩.੪੫ ਕੈ

੧. **ਕਰਮ ਵਧਹਿ 'ਕੈ' ਲੋਅ ਖਪਿ ਮਰੀਜਈ ॥੧੭॥** *(ਪੰਨਾ ੧੨੮੫)*
[ਕੈ—ਕਈ। ਅਨਿਸਚਿਤ ਵਿਸ਼ੇਸ਼ਣ, ਬਹੁ-ਵਚਨ।]

੨. **'ਕੈ' ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥੧॥੧੨੩॥**
(ਪੰਨਾ ੨੦੫)
[ਕੈ (ਪਹਿ)—ਕਿਸ (ਪਾਸ)। ਅਨਿਸਚਿਤ ਪੜਨਾਂਵ, ਅਨ-ਪੁਰਖ, ਇਕ-ਵਚਨ, ਅਧਿਕਰਣ ਕਾਰਕ।]

੩. **'ਕੈ' ਜਾਨੈ ਆਪਨ ਧਨੀ 'ਕੈ' ਦਾਸੁ ਦੀਵਾਨੀ ਹੋਇ ॥੧੭॥** *(ਪੰਨਾ ੧੩੭੩)*
[ਕੈ—ਜਾਂ (or)। ਯੋਜਕ।

੪. **ਜਾ 'ਕੈ' ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ ॥੨॥੧॥**
(ਪੰਨਾ ੬੩੯)
[ਕੈ—ਦੇ। ਸੰਬੰਧਕ, ਜਦੋਂ ਸੰਬੰਧਕ 'ਕੇ' ਕਿਸੇ ਸੰਮਿਲਤ ਸੰਬੰਧਕੀ-ਰੂਪ ਵਾਲੇ, ਅਧਿਕਰਣ ਕਾਰਕ, ਇਕ-ਵਚਨ ਨਾਂਵ ਤੋਂ ਪਹਿਲਾਂ ਆਵੇ ਤਾਂ ਇਸ ਦਾ ਰੂਪ 'ਕੈ' ਹੋ ਜਾਂਦਾ ਹੈ।]

੫. **ਪ੍ਰਭ ਬੰਭ ਤੇ ਨਿਕਸੇ 'ਕੈ' ਬਿਸਥਾਰ ॥੪॥੪॥** *(ਪੰਨਾ ੧੧੯੪)*
[ਕੈ—ਕਰਕੇ। ਪੂਰਬ-ਪੂਰਣ ਕਿਰਦੰਤ।]

੨੩.੪੬ ਕੌ, ਕੌ ਕੌ

੧. **ਹਰਿ 'ਕੌ' ਜਸੁ ਸੁਨਿ ਰਸਨ ਬਖਾਨੀ ॥੮॥੩॥** *(ਪੰਨਾ ੨੬੬)*
[ਕੌ—ਕਾ, ਦਾ। ਸੰਬੰਧਕ।]

੨. **ਐਸਾ 'ਕੌ' ਵਡਭਾਗੀ ਆਇਆ ॥੧੫॥੬॥** *(ਪੰਨਾ ੧੦੭੭)*
[ਕੌ—ਕੋਈ। ਇਕ-ਵਚਨ, ਪੁਲਿੰਗ, ਅਨਿਸਚਿਤ ਪੜਨਾਂਵ।]

੩. **'ਕੋ ਕੋ' ਨ ਬਿਗੂਤੋ ਮੈ ਕੋ ਆਹਿ ॥੧॥੫॥** *(ਪੰਨਾ ੧੧੯੪)*
[ਕੋ ਕੋ—ਕਉਣ ਕਉਣ। ਅਨਿਸਚਿਤ ਪੜਨਾਂਵ।]

ਨੋਟ : 'ਕੌਣ' ਵਾਸਤਵ ਵਿਚ ਪ੍ਰਸ਼ਨਵਾਚੀ ਪੜਨਾਂਵ ਹੈ, ਕਿਉਂਜੁ ਇਸ ਰਾਹੀਂ ਕੁਝ ਪੁੱਛ ਕੀਤੀ ਜਾਂਦੀ ਹੈ। ਉਪਰੋਕਤ ਤੁਕ ਵਿਚ 'ਕੋ ਕੋ ਨ ਬਿਗੂਤੋ' ਦਾ ਅੰਤ੍ਰੀਵ ਭਾਵ ਹੈ 'ਹਰ ਕੋਈ ਬਿਗੂਤਾ ਹੈ'। ਇਸ ਹਾਲਤ ਵਿਚ 'ਕੋ ਕੋ' ਅਨਿਸਚਿਤ ਪੜਨਾਂਵ ਬਣਦਾ ਹੈ।

੪. **ਭੁਲਣ ਅੰਦਰਿ ਸਭੁ 'ਕੋ' ਅਭੁਲੁ ਗੁਰੂ ਕਰਤਾਰੁ ॥੮॥੧੨॥** *(ਪੰਨਾ ੬੧)*
[(ਸਭ) ਕੋ—(ਹਰ) ਕੋਈ। ਅਨਿਸਚਿਤ ਪੜਨਾਂਵ।]

੫. **ਸਭ 'ਕੋ' ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥੩॥੧੩੭॥**
[(ਸਭ) ਕੋ—(ਹਰ ਕਿਸੇ) ਦਾ। ਸੰਬੰਧਕ।] *(ਪੰਨਾ ੨੦੯)*

੬. **ਅਨ 'ਕੋ' ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ ॥੬॥੨॥** *(ਪੰਨਾ ੭੫੧)*
[ਕੋ—ਨੂੰ। 'ਏਥੇ 'ਕੋ' ਦੀ ਵਰਤੋਂ 'ਕਉ' ਦੀ ਥਾਵੇਂ ਹੈ, ਸੰਪ੍ਰਦਾਨ ਕਾਰਕ ਦੇ ਸੰਬੰਧਕ ਵਜੋਂ।]

੨੩.੪੭ ਖਲਾ

੧. **ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ 'ਖਲਾ' ॥ਸਲੋਕ ੨॥੬॥**
[ਖਲਾ—ਦੁਸ਼ਟ। ਵਿਸ਼ੇਸ਼ਣ, ਬਹੁ-ਵਚਨ, ਸਾਧਾਰਨ-ਰੂਪ।] *(ਪੰਨਾ ੩੦੪)*

੨. **ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ 'ਖਲਾ' ॥ਸ.੧॥੧੫॥**
[ਖਲਾ—ਖਲੋਤਾ ਹੋਇਆ। ਕ੍ਰਿਆ ਵਿਸ਼ੇਸ਼ਣ।] *(ਪੰਨਾ ੩੦੮)*

੩. **ਭਉ 'ਖਲਾ' ਅਗਨਿ ਤਪ ਤਾਉ ॥**
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥੩੮॥ *(ਪੰਨਾ ੮)*
[ਖਲਾ—(ਉਚਾਰਣ 'ਖੱਲਾ') ਧਉਂਕਣੀ। ਨਾਂਵ-ਇਸਤਰੀ-ਲਿੰਗ, ਇਕ-ਵਚਨ।]

੨੩.੪੮ ਗਲੀ, ਗਲਾ, ਗਲ੍ਹਾ

੧. **ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
ਸਿਰੁ ਧਰਿ ਤਲੀ 'ਗਲੀ' ਮੇਰੀ ਆਉ ॥੨੦॥ *(ਪੰਨਾ ੧੪੧੨)*
[ਗਲੀ—ਘਰਾਂ-ਕੋਠਿਆਂ ਵਿਚਕਾਰਲਾ ਰਾਹ। ਇਸਤਰੀ-ਲਿੰਗ, ਇਕ-ਵਚਨ ਨਾਂਵ, ਅਧਿਕਰਣ ਕਾਰਕ।]

੨. **ਇਕਨ੍ਹ 'ਗਲੀ' ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥ਪਉੜੀ ੨੩॥**
(ਪੰਨਾ ੪੭੫)
[ਗਲੀ (ਅੰਤਲੇ ਸ੍ਵਰ 'ਾ' ਦਾ ਉਚਾਰਣ ਨਾਸਕੀ—ਗਲਾਂ (ਗਰਦਨਾਂ) ਵਿਚ। ਪੁਲਿੰਗ, ਬਹੁ-ਵਚਨ ਨਾਂਵ, ਅਧਿਕਰਣ ਕਾਰਕ।]

੩. **'ਗਲੀ' ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥੨੩॥੧॥** *(ਪੰਨਾ ੪੩੩)*
[ਗਲੀ (ਉਚਾਰਣ 'ਗੱਲੀਂ' ਵਾਂਗ)—ਗੱਲੀਂ-ਬਾਤੀਂ। ਇਸਤਰੀ-ਲਿੰਗ, ਬਹੁ-ਵਚਨ ਨਾਂਵ, ਕਰਣ ਕਾਰਕ।]

੪. **'ਗਲਾ' ਬਾਂਧਿ ਦੁਹਿ ਲੇਇ ਅਹੀਰੁ ॥੨॥੧॥** *(ਪੰਨਾ ੧੨੫੨)*
[ਗਲਾ—ਗਰਦਨ। ਪੁਲਿੰਗ ਇਕ-ਵਚਨ ਨਾਂਵ, ਕਰਮ ਕਾਰਕ।]

੫. **'ਗਲਾ' ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ਸ.੧॥ਪਉੜੀ ੨੨॥** *(ਪੰਨਾ ੪੭੪)*
[ਗਲਾ (ਉਚਾਰਣ ਨਾਸਕੀ)—ਬਾਤਾਂ। ਇਸਤਰੀ-ਲਿੰਗ, ਬਹੁ-ਵਚਨ ਨਾਂਵ ਕਰਮ ਕਾਰਕ।]

੬. **'ਗਲ੍ਹਾ' ਪਿਟਨਿ ਸਿਰੁ ਖੋਹੇਨਿ ॥੬॥** *(ਪੰਨਾ ੧੪੧੦)*
[ਗਲ੍ਹਾ ('ਲ' ਉਚਾਰਣ ਭਾਰ ਸਹਿਤ ਅਤੇ ਬਲ ਸਹਿਤ, ਅੰਤਲੇ 'ਾ' ਦਾ ਉਚਾਰਣ ਨਾਸਕੀ)—ਗੱਲ੍ਹਾਂ (ਕਪੋਲ)। ਇਸਤਰੀ ਲਿੰਗ ਬਹੁ-ਵਚਨ ਨਾਂਵ, ਕਰਮ ਕਾਰਕ।]

੭. **ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ 'ਗਲਾ' ॥ਸ.੧॥੨੬॥** *(ਪੰਨਾ ੧੫੦)*
[ਗਲਾ—ਪਸ਼ੂ-ਟੋਲਾ। ਪੁਲਿੰਗ, ਇਕੱਠ ਵਾਚਕ ਨਾਂਵ।]

੨੩.੪੯ ਗੋਲਾ

੧. **ਪ੍ਰੇਮ ਪਲੀਤਾ ਸੁਰਤਿ ਹਵਾਈ 'ਗੋਲਾ' ਗਿਆਨੁ ਚਲਾਇਆ ॥੪॥੧੭॥** *(ਪੰਨਾ ੧੧੬੧)*
[ਗੋਲਾ ('ਲ' ਉਚਾਰਣ ਵਿਸ਼ੇਸ਼ ਧੁਨੀ—'ਲ਼' ਵਾਂਗ)—ਤੋਪ ਆਦਿ ਦਾ ਗੋਲ਼ਾ।]

੨. **ਤੂੰ ਸਾਚਾ ਸਾਹਿਬੁ ਦਾਸੁ ਤੇਰਾ 'ਗੋਲਾ' ॥੮॥੩੭॥** *(ਪੰਨਾ ੧੩੨)*
[ਗੋਲਾ ('ਲ' ਉਚਾਰਣ ਦੁੱਤ ਧੁਨੀ—'ਲ੍ਹ' ਵਾਂਗ)—ਗ਼ੁਲਾਮ, ਦਾਸ। ਪੁਲਿੰਗ ਨਾਂਵ।]

੨੩.੫੦ ਚਾਖਿ, ਚਾਖੁ

੧. **ਜਨ 'ਚਾਖਿ' ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ਛੰਤੁ ੩॥** *(ਪੰਨਾ ੫੭੭)*
[ਚਾਖਿ—ਚਖ ਕੇ। ਪੂਰਬ-ਪੂਰਣ ਕਿਰਦੰਤ।]

੨. **ਤੰਤੁ ਮੰਤੁ ਨਹ ਜੋਹਈ ਤਿਤੁ 'ਚਾਖੁ' ਨ ਲਾਗੈ ॥ਰਹਾਉ॥੬੮॥** *(ਪੰਨਾ ੮੧੮)*
[ਚਾਖੁ—ਭੈੜੀ ਨਜ਼ਰ। ਭਾਵ-ਵਾਚਕ ਨਾਂਵ।]

੨੩.੫੧ ਜਉ

੧. **'ਜਉ' ਤੁਮ ਗਿਰਿਵਰ ਤਉ ਹਮ ਮੋਰਾ ॥੧॥੫॥** *(ਪੰਨਾ ੬੫੮)*
[ਜਉ—ਜੇਕਰ। ਯੋਜਕ।

੨. **'ਜਉ' ਸੁਰਿ ਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੈ ॥੧॥੩॥** *(ਪੰਨਾ ੧੨੦੩)*
[ਜਉ—ਜਦੋਂ। ਕਾਲ-ਵਾਚੀ ਕ੍ਰਿਆ ਵਿਸ਼ੇਸ਼ਣ।]

੩. **ਕਬੀਰ ਸਾਧੂ ਕੀ ਸੰਗਤਿ ਰਹਉ 'ਜਉ' ਕੀ ਭੂਸੀ ਖਾਉ ॥੬੬॥** *(ਪੰਨਾ ੧੩੬੯)*
[ਜਉ ('ਉ' ਦਾ ਉਚਾਰਣ ਨਾਸਕੀ)—ਜੌਂ (ਇਕ ਅਨਾਜ)। ਨਾਂਵ।]

੨੩.੫੨ ਜਾ

੧. **'ਜਾ' ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥੧॥੧੧੭॥** *(ਪੰਨਾ ੪੦੦)*
[ਜਾ (ਪ੍ਰਭ)—ਜਿਸ (ਪ੍ਰਭ)। ਪੜਨਾਂਵੀ-ਵਿਸ਼ੇਸ਼ਣ।]

੨. **'ਜਾ' ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥੨॥੬੩॥** *(ਪੰਨਾ ੫੦)*
[ਜਾ (ਉਚਾਰਣ ਨਾਸਕੀ)—ਜਦੋਂ। ਕਾਲ-ਵਾਚੀ ਕ੍ਰਿਆ ਵਿਸ਼ੇਸ਼ਣ।]

੩. **'ਜਾ' ਸਹਿ ਬਾਤ ਨ ਪੁਛੀਆ ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ ॥੪॥੬॥**
[ਜਾ (ਉਚਾਰਣ ਨਾਸਕੀ)—ਜੇਕਰ। ਯੋਜਕ।] *(ਪੰਨਾ ੫੬੪)*

੪. **ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ 'ਜਾ' ਸਾਕਤ ਦੁਰਮਤਿ ਲਾਗਾ ॥੩॥੧੦॥**
[ਜਾ—ਜਾ ਕੇ। ਪੂਰਬ-ਪੂਰਣ ਕਿਰਦੰਤ।] *(ਪੰਨਾ ੫੮੮)*

੨੩.੫੩ ਜਾਇ

੧. **ਹੈ ਭੀ ਹੋਸੀ 'ਜਾਇ' ਨ ਜਾਸੀ ਰਚਨਾ ਜਿਨਿ ਰਚਾਈ ॥੧॥** *(ਪੰਨਾ ੯)*
[ਜਾਇ ਨ—ਨਹੀਂ ਜੰਮਦਾ। ਕ੍ਰਿਆ, ਇਕ-ਵਚਨ, ਵਰਤਮਾਨ ਕਾਲ।]

੨. **ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ 'ਜਾਇ' ॥ਪਉੜੀ ੨੪॥** *(ਪੰਨਾ ੪੭੫)*
[ਜਾਇ (ਫ਼ਾਰਸੀ)—ਥਾਂ, ਟਿਕਾਣਾ। ਇਸਤਰੀ-ਲਿੰਗ, ਨਾਂਵ।]

੩. **ਜਿਥੈ 'ਜਾਇ' ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥੨॥੧੬॥**
[ਜਾਇ (ਬਹੈ)—ਜਾ (ਬੈਠਦਾ ਹੈ)। ਸਹਾਇਕ ਕ੍ਰਿਆ।] *(ਪੰਨਾ ੪੫੦)*

੪. **ਆਵੈ ਨ 'ਜਾਇ' ਨਾ ਦੁਖੁ ਪਾਏ ॥**
ਨਾਮੇ ਰਾਤੇ ਸਹਜਿ ਸਮਾਏ ॥੫॥੨॥ *(ਪੰਨਾ ੮੪੨)*
[(ਨ) ਜਾਇ—(ਨਹੀਂ) ਜਾਂਦਾ। ਕ੍ਰਿਆ, ਇਕ-ਵਚਨ ਵਰਤਮਾਨ ਕਾਲ।]

੨੩.੫੪ ਜਾਰ, ਜਾਰਿ

੧. **ਚੋਰ 'ਜਾਰ' ਜੁਆਰ ਪੀੜੇ ਘਾਣੀਐ ॥ਪਉੜੀ ੨੧॥** *(ਪੰਨਾ ੧੨੮੮)*
[ਜਾਰ—ਮੰਦ-ਕਰਮੀ। ਬਹੁ-ਵਚਨ ਨਾਂਵ।]

੨. **ਮੋ ਕਉ ਘਾਲਿ 'ਜਾਰਿ' ਭਾਵੈ ਮਾਰਿ ਡਾਰਿ ॥੩॥੪॥** *(ਪੰਨਾ ੧੧੯੪)*
[(ਘਾਲਿ) ਜਾਰਿ—ਜ੍ਵਾਲਾ, ਭਾਵ, ਅੱਗ ਵਿਚ (ਸੁੱਟ ਘਤ)। ਇਸਤਰੀ-ਲਿੰਗ ਨਾਂਵ ਅਧਿਕਰਣ ਕਾਰਕ।]

੩. **ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ 'ਜਾਰਿ' ॥ਸ.੧॥ਪਉੜੀ ੧੫॥**
[(ਲੈ) ਜਾਰਿ—ਸਾੜ ਸੁੱਟ। ਕ੍ਰਿਆ, ਹੁਕਮੀ ਭਵਿਖਤ ਕਾਲ।] *(ਪੰਨਾ ੮੯)*

੨੩.੫੫ ਜਿਨਿ, ਜਿਣਿ

੧. **'ਜਿਨਿ' ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥੪॥੧੬॥** *(ਪੰਨਾ ੨੦)*
[ਜਿਨਿ—ਜਿਸ ਨੇ। ਸੰਬੰਧਵਾਚਕ ਪੜਨਾਂਵ, ਕਰਤਾ ਕਾਰਕ, ਸੰਬੰਧਕੀ-ਰੂਪ।]

੨. **ਧਨੁ ਦਾਰਾ ਸੰਪਤਿ ਸਗਲ 'ਜਿਨਿ' ਅਪੁਨੀ ਕਰਿ ਮਾਨਿ ॥੫॥** *(ਪੰਨਾ ੧੪੨੬)*
[ਜਿਨਿ—ਨਿਸ਼ੇਧ-ਪਦ, ਮਤ। ਕ੍ਰਿਆ ਵਿਸ਼ੇਸ਼ਣ।]

੩. **ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ 'ਜਿਣਿ' ਬਾਜੀ ਘਰਿ ਆਇਆ ॥੪॥੧੯॥**
[ਜਿਣਿ—ਜਿਤ ਕੇ। ਪੂਰਬ-ਪੂਰਨ ਕਿਰਦੰਤ।] *(ਪੰਨਾ ੧੧੮੫)*

੨੩.੫੬ ਜੀਆ, ਜੀਆਂ

੧. **ਮਿਲਹੁ ਪਿਆਰੇ 'ਜੀਆ' ॥**
ਪ੍ਰਭ ਕੀਆ ਤੁਮਾਰਾ ਥੀਆ ॥ਰਹਾਉ॥੧੩੦॥ *(ਪੰਨਾ ੨੦੭)*
[(ਪਿਆਰੇ) ਜੀਆ—ਦਿਲ ਨੂੰ (ਪਿਆਰੇ ਲੱਗਣ ਵਾਲੇ)। ਨਾਂਵ, ਸੰਪ੍ਰਦਾਨ ਕਾਰਕ।]

੨. **ਸਹੁ ਵੇ 'ਜੀਆ' ਅਪਣਾ ਕੀਆ ॥ਸ.੨॥੯॥** *(ਪੰਨਾ ੪੬੭)*
[(ਵੇ) ਜੀਆ—(ਹੇ) ਮਨ। ਨਾਂਵ, ਸੰਬੋਧਨ ਕਾਰਕ।]

੩. **'ਜੀਆਂ' ਕੁਹਤ ਨ ਸੰਗੈ ਪਰਾਣੀ ॥੩॥੧੦੭॥** *(ਪੰਨਾ ੨੦੧)*
[ਜੀਆਂ—ਜੀਵਾਂ ਨੂੰ। ਬਹੁ-ਵਚਨ ਨਾਂਵ, ਸੰਬੰਧਕੀ-ਰੂਪ, ਕਰਮ ਕਾਰਕ।]

੪. **ਏਕ ਨਿਮਖ ਜੋ ਸਿਮਰਨ ਮਹਿ 'ਜੀਆ' ॥ਰਹਾਉ॥੭॥** *(ਪੰਨਾ ੨੩੯)*
[ਜੀਆ—ਜੀਵਿਆ। ਕ੍ਰਿਆ, ਭੂਤਕਾਲ।]

੨੩.੫੭ ਜੀਅਉ, ਜੀਅਹੁ

੧. **'ਜੀਅਉ' ਹਮਾਰਾ ਜੀਉ ਦੇਨਹਾਰਾ ॥ਰਹਾਉ॥੮੩॥** *(ਪੰਨਾ ੩੯੧)*
[ਜੀਅਉ—ਚਿਰਜੀਵੀ ਹੋਵੇ! ਕ੍ਰਿਆ, ਸੰਭਾਵ ਭਵਿਖਤ।]

੨. **ਹਰਿ ਹਰਿ ਨਿਤ ਜਪਿਹੁ 'ਜੀਅਹੁ' ਲਾਹਾ ਖਟਿਹੁ ਦਿਹਾੜੀ ॥੩੧॥** *(ਪੰਨਾ ੯੨੧)*
[ਜੀਅਹੁ ('ਹੁ' ਉਚਾਰਣ ਨਾਸਕੀ)—ਜੀਅ (ਮਨ) ਤੋਂ। ਨਾਂਵ, ਅਪਾਦਾਨ ਕਾਰਕ, ਇਕ-ਵਚਨ।]

੨੩.੫੮ ਜੀਉ

੧. **ਜਿਚਰੁ ਵਸਿਆ ਕੰਤੁ ਘਰਿ 'ਜੀਉ' 'ਜੀਉ' ਸਭਿ ਕਹਾਤਿ ॥੨॥੯੩॥** *(ਪੰਨਾ ੫੦)*
[ਜੀਉ—ਸਨਮਾਨ-ਬੋਧਕ ਸ਼ਬਦ]

੨. **'ਜੀਉ' ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥ਸਲੋਕ ੧॥੨॥** *(ਪੰਨਾ ੧੩੮)*
[ਜੀਉ—ਜੀਵਾਤਮਾ। ਪੁਲਿੰਗ, ਇਕ-ਵਚਨ, ਨਾਂਵ।]

੩. **ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ 'ਜੀਉ' ਗਇਓ ॥੧॥੪॥** *(ਪੰਨਾ ੮੫੬)*
[ਜੀਉ—ਜੀਵਨ। ਪੁਲਿੰਗ, ਇਕ-ਵਚਨ, ਨਾਂਵ।]

੪. **ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ 'ਜੀਉ' ਦੀਨੁ ਰੇ ॥੨॥੩॥**
[ਜੀਉ—ਜਨਮ (ਉਤਪਤੀ)। ਪੁਲਿੰਗ, ਇਕ-ਵਚਨ, ਨਾਂਵ।] *(ਪੰਨਾ ੮੭੦)*

੨੩.੫੯ ਡਡਾ

੧. **'ਡਡਾ' ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥ਪਉੜੀ ੨੯॥** *(ਪੰਨਾ ੨੫੬)*
[ਡਡਾ—ਗੁਰਮੁਖ ਲਿਪੀ ਦੇ ਅਠਾਹਰਵੇਂ ਅੱਖਰ 'ਡ' ਦਾ ਉਚਾਰਣ-ਰੂਪ]

੨. **ਹੰਸਾ ਹੀਰਾ ਮੋਤੀ ਚੁਗਣਾ ਬਗੁ 'ਡਡਾ' ਭਾਲਣ ਜਾਵੈ ॥ਸ.੧॥੭॥** *(ਪੰਨਾ ੯੬੦)*
[ਡਡਾ (ਅੰਤਲੇ 'ਾ' ਦਾ ਉਚਾਰਣ ਨਾਸਕੀ)—ਡਡਾਂ (ਡਡੀਆਂ)। ਬਹੁ-ਵਚਨ ਇਸਤਰੀ-ਲਿੰਗ ਨਾਂਵ।]

੨੩.੬੦ ਤਾਲ, ਤਾਲੁ

੧. **ਰੋਟੀਆ ਕਾਰਣਿ ਪੂਰਹਿ 'ਤਾਲ' ॥**
ਆਪੁ ਪਛਾੜਹਿ ਧਰਤੀ ਨਾਲਿ ॥੨॥੫॥ *(ਪੰਨਾ ੪੬੫)*
[ਤਾਲ—ਸੰਗੀਤ ਅਨੁਸਾਰ ਸਮੇਂ ਅਤੇ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ। ਸੰਗਯਾ।]

੨. **ਭਗਤਿ ਕਰਤ ਮੇਰੇ 'ਤਾਲ' ਛਿਨਾਏ ਕਿਹ ਪਹਿ ਕਰਉ ਪੁਕਾਰਾ ॥੪॥੧॥**
[ਤਾਲ—ਛੈਣੇ। ਪੁਲਿੰਗ, ਬਹੁ-ਵਚਨ ਨਾਂਵ।] *(ਪੰਨਾ ੧੧੬੭)*

੩. **ਕਰਤੈ ਪੁਰਖਿ 'ਤਾਲੁ' ਦਿਵਾਇਆ ॥**
ਪਿਛੈ ਲਗਿ ਚਲੀ ਮਾਇਆ ॥੨॥੬੪॥ *(ਪੰਨਾ ੬੨੫)*
[ਤਾਲੁ—ਤਾਲਾਬ, ਸਰੋਵਰ। ਪੁਲਿੰਗ, ਇਕ-ਵਚਨ ਨਾਂਵ।]

੨੩.੬੧ ਤਿਸ, ਤਿਸੁ

੧. **'ਤਿਸ' ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ ॥੫੪॥** *(ਪੰਨਾ ੧੪੧੯)*
[ਤਿਸ—ਤ੍ਰਿਸ਼ਨਾ-ਤਿਖਾ। ਇਸਤਰੀ-ਲਿੰਗ ਨਾਂਵ।]

੨. **'ਤਿਸੁ' ਕੁਰਬਾਣੀ ਜਿਨਿ ਤੂੰ ਸੁਣਿਆ ॥੧॥੨੭॥** *(ਪੰਨਾ ੧੦੨)*
[ਤਿਸੁ—ਉਸ ਨੂੰ। ਇਕ-ਵਚਨ, ਸੰਬੰਧ ਵਾਚਕ ਪੜਨਾਂਵ, ਸੰਪ੍ਰਦਾਨ ਕਾਰਕ।]

੨੩.੬੨ ਤੈ

੧. **ਲਾਲਨੁ 'ਤੈ' ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥੩॥੧॥** *(ਪੰਨਾ ੭੦੪)*
[ਤੈ—(ਉਚਾਰਣ ਨਾਸਿਕਤਾ ਬਿਨਾ) ਤਿਸ ਨੇ। ਇਕ-ਵਚਨ, ਸੰਬੰਧਵਾਚਕ, ਪੜਨਾਂਵ, ਕਰਤਾ ਕਾਰਕ, ਸੰਬੰਧਕੀ-ਰੂਪ।]

੨. **ਹਰਿ ਨਾਮੁ ਨ ਸਿਮਰਹਿ ਸਾਧ ਸੰਗਿ 'ਤੈ' ਤਨਿ ਉਡੈ ਖੇਹ ॥੧॥੧੪॥** *(ਪੰਨਾ ੫੫੩)*
[ਤੈ—(ਉਚਾਰਣ ਨਾਸਿਕਤਾ ਬਿਨਾ) ਤਿਸ ਤਿਸ ਦੇ। ਪੜਨਾਂਵੀ ਵਿਸ਼ੇਸ਼ਣ।]

੩. **ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ 'ਤੈ' ਦੇਇ ॥੨॥੨॥** *(ਪੰਨਾ ੬੪੭)*
[ਤੈ—(ਉਚਾਰਣ ਨਾਸਿਕਤਾ ਬਿਨਾ) ਤਿਸ ਨੂੰ। ਇਕ-ਵਚਨ, ਸੰਬੰਧਵਾਚਕ, ਪੜਨਾਂਵ, ਸੰਪ੍ਰਦਾਨ ਕਾਰਕ।]

੪. **ਨਾਨਕ ਕਹਤ ਚੇਤ ਚਿੰਤਾਮਨਿ 'ਤੈ' ਭੀ ਉਤਰਹਿ ਪਾਰਾ ॥੩॥੪॥** *(ਪੰਨਾ ੬੩੨)*
[ਤੈ (ਉਚਾਰਣ ਨਾਸਕੀ)—ਤੂ। ਮਧਮ ਪੁਰਖ, ਇਕ-ਵਚਨ ਪੁਰਖਵਾਚੀ ਪੜਨਾਂਵ, ਕਰਤਾ ਕਾਰਕ, ਸਾਧਾਰਨ-ਰੂਪ।]

੫. **'ਤੈ' ਨਰ ਕਿਆ ਪੁਰਾਨੁ ਸੁਨਿ ਕੀਨਾ ॥ਰਹਾਉ॥੬॥** *(ਪੰਨਾ ੧੨੫੩)*
[ਤੈ (ਉਚਾਰਣ ਨਾਸਕੀ)—ਤੂ (ਨੇ)। ਮਧਮ ਪੁਰਖ, ਇਕ-ਵਚਨ, ਪੁਰਖਵਾਚੀ, ਪੜਨਾਂਵ, ਕਰਤਾ ਕਾਰਕ, ਸੰਬੰਧਕੀ-ਰੂਪ।]

੬. **ਫਰੀਦਾ ਜੋ 'ਤੈ' ਮਾਰਨਿ ਮੁਕੀਆਂ ਤਿਨ੍ਹ੍ਹ ਨ ਮਾਰੇ ਘੁੰਮਿ ॥੭॥** *(ਪੰਨਾ ੧੩੭੮)*
[ਤੈ (ਉਚਾਰਣ ਨਾਸਕੀ)—ਤੈਨੂੰ। ਮਧਮ ਪੁਰਖ, ਇਕ-ਵਚਨ, ਪੁਰਖਵਾਚੀ, ਪੜਨਾਂਵ, ਸੰਪ੍ਰਦਾਨ ਕਾਰਕ]

੭. **ਥਾਲੈ ਵਿਚਿ 'ਤੈ' ਵਸਤੁ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥੧॥੮॥** *(ਪੰਨਾ ੬੪੫)*
[ਤੈ—ਤਿੰਨ, ਤ੍ਰੈ ਦਾ ਰੂਪਾਂਤਰ। ਨਿਸਚਿਤ ਸੰਖਿਅਕ ਵਿਸ਼ੇਸ਼ਣ।]

੮. **ਮਨਮੁਖ ਗੁਣ 'ਤੈ' ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥੩੭॥** *(ਪੰਨਾ ੨੭)*
[ਤੈ—ਤੋਂ। ਸੰਬੰਧਕ।]

੯. **ਭਗਤਾ 'ਤੈ' ਸੈਸਾਰੀਆ ਜੋੜੁ ਕਦੇ ਨ ਆਇਆ ॥ਪਉੜੀ ੧੬॥** *(ਪੰਨਾ ੧੪੫)*
[ਤੈ—ਅਤੇ। ਯੋਜਕ।]

੨੩.੬੩ ਦਇਆ

੧. **ਭੁਮ੍ ਕਰਹੁ 'ਦਇਆ' ਮੇਰੇ ਸਾਈ ॥ਰਹਾਉ॥੧੦॥** *(ਪੰਨਾ ੬੭੩)*
[ਦਇਆ—ਕਰੁਣਾ, ਰਹਿਮ। ਇਸਤਰੀ-ਲਿੰਗ, ਭਾਵ-ਵਾਚਕ ਨਾਂਵ।]

੨. **ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ 'ਦਇਆ' ॥ਰਹਾਉ॥੧੪॥**
[ਦਇਆ—ਦਿੱਤਾ। ਕ੍ਰਿਆ ਪੁਲਿੰਗ, ਭੂਤਕਾਲ।] *(ਪੰਨਾ ੬੧੨)*

੨੩.੬੪ ਦਰ, ਦਰਿ, ਦਰੁ

੧. **ਜਿਤੁ 'ਦਰਿ' ਵਸਹਿ ਕਵਨੁ ਦਰੁ ਕਹੀਐ 'ਦਰਾ' ਭੀਤਰਿ ਦਰੁ ਕਵਨੁ ਲਹੈ ॥**
ਜਿਸੁ 'ਦਰ' ਕਾਰਣਿ ਫਿਰਾ ਉਦਾਸੀ ਸੋ 'ਦਰੁ' ਕੋਈ ਆਇ ਕਹੈ ॥੧॥੩॥
(ਪੰਨਾ ੮੭੭)
[ਦਰਿ—ਦਰਵਾਜ਼ੇ ਅੰਦਰ। ਪੁਲਿੰਗ, ਇਕ-ਵਚਨ ਨਾਂਵ ਅਧਿਕਰਣ ਕਾਰਕ।
ਦਰ—ਦਰਵਾਜ਼ਾ, ਦਰੁ—ਦਰਵਾਜ਼ਾ। ਸੰਬੰਧਕ 'ਕਾਰਣਿ' ਆਉਣ ਕਰਕੇ ਅੰਤਲਾ (-) ਲੱਥ ਗਿਆ ਹੈ।
ਦਰੁ—ਦਰਵਾਜ਼ਾ। ਇਕ-ਵਚਨ, ਪੁਲਿੰਗ ਨਾਂਵ।]

੨. **ਕਹੁ ਨਾਨਕ 'ਦਰ' ਕਾ ਬੀਚਾਰ ॥੫॥੧੬॥** *(ਪੰਨਾ ੧੧੪੦)*
[ਦਰ—ਪ੍ਰਭੂ ਦਰਬਾਰ। ਇਕ-ਵਚਨ ਪੁਲਿੰਗ ਨਾਂਵ। ਸੰਬੰਧਕ 'ਕਾ' ਆਉਣ ਕਾਰਨ ਅੰਤਲਾ (-) ਲੱਥ ਗਿਆ ਹੈ।]

੩. **ਯਕ ਅਰਜ ਗੁਫਤਮ ਪੇਸਿ ਤੋ 'ਦਰ' ਗੋਸ ਕੁਨ ਕਰਤਾਰ ॥੧॥੧॥** *(ਪੰਨਾ ੭੨੧)*
[ਦਰ (ਫ਼ਾਰਸੀ)—ਅੰਦਰ। ਸੰਬੰਧਕ।]

੨੩.੬੫ ਧਰ, ਧਰਿ

੧. **ਮੈ 'ਧਰ' ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥੩॥੮੨॥** *(ਪੰਨਾ ੪੬)*
[ਧਰ—ਟੇਕ। ਇਸਤਰੀ-ਲਿੰਗ ਨਾਂਵ।]

੨. **ਜਿਨਿ 'ਧਰ' ਸਾਜੀ ਗਗਨੁ ਅਕਾਸੁ ॥੪॥੩॥** *(ਪੰਨਾ ੪੧੨)*
[ਧਰ—ਧਰਤੀ, ਪ੍ਰਿਥਵੀ। ਇਸਤਰੀ-ਲਿੰਗ ਨਾਂਵ।]

੩. **ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ 'ਚਕ੍ਰਧਰ' ਸਰਣੰ ॥੩॥੧॥** *(ਪੰਨਾ ੫੨੬)*
[(ਚਕਰ) ਧਰ—(ਚੱਕਰ) ਧਾਰਣ ਕਰਨ ਵਾਲਾ। ਕਰੜੀ ਵਾਚਕ ਸੰਗਯਾ ਦਾ ਲਖਾਇਕ ਪਿਛੇਤਰ।]

੪. **ਤੁਧ ਨੋ ਛੋਡਿ ਜਾਈਐ ਪ੍ਰਭ ਕੈਂ 'ਧਰਿ' ॥੩॥੫॥** *(ਪੰਨਾ ੩੭੧)*
[(ਕੈਂ) ਧਰਿ—(ਕਿਸ) ਪਾਸ। ਸੰਬੰਧਕ।]

੨੩.੬੬ ਧਰਤ, ਧਰਤਿ

੧. **ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ 'ਧਰਤ' ਧਿਆਨੁ ਬਸਤ ਤਿਹ ਨੇਰੇ ॥੫॥੬॥**
[ਧਰਤ—ਧਰਦਾ ਹੈ। ਕ੍ਰਿਆ, ਵਰਤਮਾਨ ਕਾਲ।] *(ਪੰਨਾ ੧੪੦੦)*

੨. **ਡਰਪੈ 'ਧਰਤਿ' ਅਕਾਸੁ ਨਖ੍ਹ੍ਰਤ੍ਰਾ ਸਿਰ ਊਪਰਿ ਅਮਰੁ ਕਰਾਰਾ ॥੧॥੧॥** *(ਪੰਨਾ ੯੯੮)*
[ਧਰਤਿ—ਧਰਤੀ। ਇਸਤਰੀ-ਲਿੰਗ ਨਾਂਵ।]

੨੩.੬੭ ਧਾਤੁ

੧. **ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ 'ਧਾਤੁ' ॥੨੨॥** *(ਪੰਨਾ ੫)*
[ਧਾਤੁ—ਸਭ ਨੂੰ ਧਾਰਨ ਕਰਨ ਵਾਲਾ, ਕਰਤਾਰ। ਕਿਰਦੰਤ, ਕਰੜੀਵਾਚ ਸੰਗਯਾ।]

੨. **ਸੁਇਨਾ ਰੁਪਾ ਸਭ 'ਧਾਤੁ' ਹੈ ਮਾਟੀ ਰਲਿ ਜਾਈ ॥੮॥੫॥** *(ਪੰਨਾ ੧੦੧੨)*
[ਧਾਤੁ—ਖਾਨ ਚੋਂ ਨਿਕਲਿਆ ਪਦਾਰਥ। ਪਦਾਰਥਵਾਚਕ ਨਾਂਵ।]

੩. **ਮਨੁ ਮਾਰੇ 'ਧਾਤੁ' ਮਰਿ ਜਾਇ ॥੧॥੨੫॥** *(ਪੰਨਾ ੧੫੯)*
[ਧਾਤੁ—ਭੱਜ-ਦੌੜ (ਭਟਕਣਾ)। ਭਾਵ-ਵਾਚਕ ਨਾਂਵ।]

੨੩.੬੮ ਨਾਗੀ

੧. **ਮੰਤ੍ਰੀ ਹੋਇ ਅਠੂਹਿਆ 'ਨਾਗੀ' ਲਗੈ ਜਾਇ ॥ਸ.੧॥੨੨॥** *(ਪੰਨਾ ੧੪੮)*
[ਨਾਗੀ (ਅੰਤਲੇ ਸੁਰ ਦਾ ਉਚਾਰਣ ਨਾਸਕੀ)—ਨਾਗਾਂ (ਸੱਪਾਂ) ਨੂੰ। ਨਾਂਵ, ਕਰਮ ਕਾਰਕ, ਬਹੁ-ਵਚਨ।]

੨. **ਪ੍ਰਣਵਤਿ ਨਾਨਕੁ 'ਨਾਗੀ' ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥**
[ਨਾਗੀ ('ਨਾ' ਉਚਾਰਣ ਨਾਸਕੀ)—ਨੰਗੀ। ਕ੍ਰਿਆ ਵਿਸ਼ੇਸ਼ਣ।] *(ਪੰਨਾ ੧੫੬)*

੨੩.੬੯ ਨਾਨਾ, ਨਾਨ੍ਹਾ

੧. **'ਨਾਨਾ' ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥੩੫॥** *(ਪੰਨਾ ੧੬੨)*
[ਨਾਨਾ—ਅਨੇਕ। ਅਨਿਸਚਿਤ ਸੰਖਿਅਕ ਵਿਸ਼ੇਸ਼ਣ।]

੨. **ਹੁਕਮੇ 'ਨਾਨ੍ਹਾ' ਵਡਾ ਥੀਵੈ ॥ਸ.੨॥੧੧॥** *(ਪੰਨਾ ੮੬੨)*
[ਨਾਨ੍ਹਾ (ਦੂਜੇ ਨੰਬਰ ਵਾਲੇ 'ਨ' ਥੱਲੇ ਚਿੰਨ੍ਹ [੍] ਭਾਰ ਦਾ ਸੂਚਕ ਹੈ)—ਨਿੱਕਾ। ਵਿਸ਼ੇਸ਼ਣ।]

੨੩.੭੦ ਪਗ

੧. **ਫਰੀਦਾ ਮੈ ਭੋਲਾਵਾ 'ਪਗ' ਦਾ ਮਤੁ ਮੈਲੀ ਹੋਇ ਜਾਇ ॥੨੬॥** *(ਪੰਨਾ ੧੩੭੮)*
[ਪਗ—ਪਗੜੀ। ਇਸਤਰੀ-ਲਿੰਗ, ਨਾਂਵ।]

੨. **ਸੰਤ 'ਪਗ' ਧੋਈਐ ਹਾਂ ॥੧॥੧੬੧॥** *(ਪੰਨਾ ੪੧੦)*
[ਪਗ—ਚਰਨ। ਬਹੁ-ਵਚਨ, ਪੁਲਿੰਗ ਨਾਂਵ।]

੨੩.੭੧ ਪਟੀਆ

੧. **ਜਿਨ ਸਿਰਿ ਸੋਹਨਿ 'ਪਟੀਆ' ਮਾਂਗੀ ਪਾਇ ਸੰਧੂਰੁ ॥੧॥੧੧॥** *(ਪੰਨਾ ੪੧੭)*
[ਪਟੀਆ (ਅੰਤਲਾ 'ਆ' ਉਚਾਰਣ ਨਾਸਕੀ)—ਸਿਰ ਉਪਰਲਾ ਕੇਸ-ਸ਼ਿੰਗਾਰ। ਇਸਤਰੀ-ਲਿੰਗ ਬਹੁ-ਵਚਨ ਨਾਂਵ।]

੨. **ਮੇਰੀ 'ਪਟੀਆ' ਲਿਖਿ ਦੇਹੁ ਸ੍ਰੀ ਗੋਪਾਲ ॥੧॥੪॥** *(ਪੰਨਾ ੧੧੮੪)*
[ਪਟੀਆ—ਪੱਟੀ ਉੱਤੇ। ਇਸਤਰੀ-ਲਿੰਗ ਨਾਂਵ, ਅਧਿਕਰਣ ਕਾਰਕ।]

੨੩.੭੨ ਪਤ, ਪਤੁ, ਪਤਿ, ਪਤੀ

੧. **ਪਬਣਿ ਕੇਰੇ 'ਪਤ' ਜਿਉ ਢਲਿ ਢੁਲਿ ਜੁੰਮਣਹਾਰ ॥੧॥੨੪॥** *(ਪੰਨਾ ੨੩)*
[ਪਤ—ਪਤੇ। ਪੁਲਿੰਗ, ਬਹੁ-ਵਚਨ ਨਾਂਵ।]

੨. **'ਪਤੁ' ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥੪॥** *(ਪੰਨਾ ੮੭੭)*
[ਪਤੁ—ਪਾਤ੍ਰ, ਖੱਪਰ। ਪੁਲਿੰਗ, ਇਕ-ਵਚਨ, ਨਾਂਵ।]

੩. **'ਪਤਿ' ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥੩॥** *(ਪੰਨਾ ੫੫)*
[ਪਤਿ—ਇਜ਼ਤ। ਇਸਤਰੀ-ਲਿੰਗ ਭਾਵ-ਵਾਚਕ ਨਾਂਵ।]

੪. **ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ 'ਪਤਿ' ॥੫॥** *(ਪੰਨਾ ੮੨)*
[ਪਤਿ ('ਪਾਤਿ' ਦਾ ਸੰਖਿਪਤ ਰੂਪ)—ਕੁਲ, ਖ਼ਾਨਦਾਨ। ਨਾਂਵ।]

੫. **ਹਮ ਭੀਖਕ ਭੇਖਾਰੀ ਤੇਰੇ ਤੂ ਨਿਜ 'ਪਤਿ' ਹੈ ਦਾਤਾ ॥੧॥੬॥** *(ਪੰਨਾ ੬੬੬)*
[(ਨਿਜ) ਪਤਿ—(ਖ਼ੁਦ) ਸ੍ਵਾਮੀ ਹੈਂ। 'ਨਿਜ-ਪਤਿ' ਸਮਾਸ ਹੈ। ਭਾਵ, ਤੂੰ ਸੁਤੰਤਰ ਹੈਂ।]

੬. **ਪੰਡਿਤ ਪਾਧੇ ਆਣਿ 'ਪਤੀ' ਬਹਿ ਵਾਚਾਈਆ ਬਲਿ ਰਾਮ ਜੀਉ ॥੪॥੧॥**
[ਪਤੀ—ਪਤਰੀ। ਇਸਤਰੀ-ਲਿੰਗ ਨਾਂਵ।] *(ਪੰਨਾ ੭੭੩)*

੨੩.੭੩ ਪੜਿਆ

੧. **ਭੈ ਕਉ ਭਉ 'ਪੜਿਆ' ਸਿਮਰਤ ਹਰਿ ਨਾਮ ॥ਰਹਾਉ॥੫੨॥** *(ਪੰਨਾ ੧੧੫੧)*
[ਪੜਿਆ—ਪਿਆ। ਕ੍ਰਿਆ, ਇਕ-ਵਚਨ, ਭੂਤਕਾਲ।]

੨. **'ਪੜਿਆ' ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ਪਉੜੀ ੬॥** *(ਪੰਨਾ ੧੪੦)*
[ਪੜਿਆ ('ੜ' ਉਚਾਰਣ ਭਾਰ ਸਹਿਤ)—ਪੜ੍ਹਿਆ ਹੋਇਆ। ਭੂਤ ਕਿਰਦੰਤ।]

੨੩.੭੪ ਪਾਈ

੧. **ਮੁਹਲਤਿ ਪੁਨੀ 'ਪਾਈ' ਭਰੀ ਜਾਨੀਅੜਾ ਘਤਿ ਚਲਾਇਆ ॥੧॥੧॥** *(ਪੰਨਾ ੫੭੮)*
[ਪਾਈ—ਪਨ-ਘੜੀ ਦੀ ਪਿਆਲੀ। ਇਸਤਰੀ-ਲਿੰਗ ਨਾਂਵ।]

੨. **'ਪਾਈ' ਜੋਰਿ ਬਾਤ ਇਕ ਕੀਨੀ ਤਹ ਭਾਂਤੀ ਮਨੁ ਮਾਨਾਂ ॥੩॥੩੬॥** *(ਪੰਨਾ ੪੮੪)*
[ਪਾਈ—ਜੋਲਾਹੇ ਦੇ ਪੈਰਾਂ ਦੀ ਖੜਾਉਂ। ਇਸਤਰੀ-ਲਿੰਗ ਨਾਂਵ।]

੩. **ਇਹ ਬੁਧਿ 'ਪਾਈ' ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥੨॥੧੮॥** *(ਪੰਨਾ ੭੧੫)*
[ਪਾਈ—ਪ੍ਰਾਪਤ ਕੀਤੀ। ਕ੍ਰਿਆ, ਇਸਤਰੀ-ਲਿੰਗ, ਭੂਤਕਾਲ।]

੪. **ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ 'ਪਾਈ' ਜੀਉ ॥੧॥੨੩॥** *(ਪੰਨਾ ੧੦੧)*
[ਪਾਈ ('ਈ' ਉਚਾਰਣ ਨਾਸਕੀ)—ਪੈਰੀਂ। ਪੁਲਿੰਗ, ਬਹੁ-ਵਚਨ ਨਾਂਵ, ਅਧਿਕਰਣ ਕਾਰਕ।]

੨੩.੭੫ ਪਾਈਅਨ੍, ਪਾਈਅਨੁ

੧. **ਮਨਮੁਖ ਜਮ ਮਗਿ 'ਪਾਈਅਨ੍' ਜਿਨ੍ ਦੂਜਾ ਭਾਉ ਪਿਆਰਾ ॥ਪਉੜੀ ੧੨॥** *(ਪੰਨਾ ੫੧੩)*
[ਪਾਈਅਨ੍—ਪਾਏ ਜਾਂਦੇ ਹਨ। ਕਰਮਨੀ ਵਾਚ ਕ੍ਰਿਆ, ਅਨ-ਪੁਰਖ, ਪੁਲਿੰਗ, ਬਹੁ-ਵਚਨ, ਵਰਤਮਾਨ ਕਾਲ।]

੨. **ਮੋਹ ਠਗਉਲੀ 'ਪਾਈਅਨੁ' ਬਹੁ ਦੂਜੈ ਭਾਇ ਵਿਕਾਰ ॥੧॥੨੮॥** *(ਪੰਨਾ ੧੨੪੮)*
[ਪਾਈਅਨੁ—ਉਸ (ਪ੍ਰਭੂ) ਨੇ ਪਾਈ ਹੈ। ਕ੍ਰਿਆ 'ਪਾਈਆ' ਨਾਲ ਅੰਤਲਾ 'ਨੁ' ਪੜਨਾਂਵੀ-ਪਿਛੇਤਰ, ਅਨ-ਪੁਰਖ, ਇਕ-ਵਚਨ, ਕਰਤਾ ਕਾਰਕ ਦਾ ਵਾਚਕ ਹੈ।]

੨੩.੭੬ ਪਾਸ, ਪਾਸਿ, ਪਾਸਰਾ

੧. **ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥੨੧॥** *(ਪੰਨਾ ੧੩੭੮)*
[ਪਾਸ—ਪਾਸੇ (ਵਖੀਆਂ)। ਪੁਲਿੰਗ, ਬਹੁ-ਵਚਨ ਨਾਂਵ।]

२. **सती पहरी सतु भला बहीऐ पड़िआ 'पासि' ॥स.१॥१८॥** *(पंना १४६)*
[पासि—कोल। संबंधक।]

३. **वसतु अंदरि वसतु समावै दूजी होवै 'पासि' ॥३॥२२॥** *(पंना ४७४)*
[पासि—वॱख। क्रिआ विशेशण।]

४. **हउ ना छोडउ कंत 'पासरा' ॥रहाउ॥४॥** *(पंना ७६१)*
[पासरा—सुखदाई पासा (साथ)। पुलिंग, इक-वचन नांव।]

२३.७७ पावहु, पावउ

१. **निज घरि महलु 'पावहु' सुख सहजे बहुरि न होइगो फेरा ॥३॥५॥** *(पंना १३)*
[पावहु—पा लवोगे। क्रिआ, मधम पुरख, बहु-वचन, भविखत काल।]

२. **'पावहु' बेड़ी हाथहु ताल ॥**
नामा गावै गुन गोपाल ॥१३॥१०॥ *(पंना ११६६)*
[पावहु ('हु' उचारण नासकी)—पैरां तों। नांव, अपादान कारक, बहु-वचन।]

३. **'पावउ' दानु छीठ होइ मागउ मुखि लागै संत रेनारे ॥४॥६॥**
(पंना ७३८)
[पावउ ('उ' उचारण नासकी)—मैं प्रापत करां। क्रिआ, उतम पुरख, इक-वचन, संभाव भविखत काल।]

नॱट : जे अंतले 'उ' दा उचारण नासिकता बिना कीता जावे तां 'पावउ दानु' वाकांश दा अरथ '(मैनूं) दान प्रापत होवे' बणदा है। सो, 'पावउ' दे उचारण अते विआकरणिक अरथ-भाव बारे वधेरे खोज दी लोड़ है।

२३.७८ पिआरै

१. **बार बिवसथा तुझहि 'पिआरै' दूध ॥१॥४॥** *(पंना २६६)*
[पिआरै—पिआलदा (पिलाउंदा) है। क्रिआ, वरतमान काल।]

२. **गुरि 'पिआरै' हरि सेविआ गुरु धंनु गुरु धंनॱ ॥६॥२॥** *(पंना ७२५)*
[पिआरै—पिआरे ने। इक-वचन विशेशण, करता कारक, संबंधकी-रूप।]

२३.७९ पीसणु, पीसणि

१. **पखा फेरी पाणी छॱवा हरि जन कै 'पीसणु' पीसि कमावा ॥४॥५४॥**
[पीसणु—पीसण जोग (अनाज)। किरदंत, भावारथ।] *(पंना ७४९)*

२. **सिला संतॱख 'पीसणु' हथि दानु ॥१॥८॥** *(पंना १२५७)*
[पीसणु—पीसण वाला वॱटा। पुलिंग, इक-वचन, भावारथ।]

३. **कुसा कटीआ वार वार 'पीसणि' पीसा पाइ ॥२॥२॥** *(पंना १४)*
[पीसणि—अंन पीसण वाली, चॱकी विच। नांव, अधिकरण कारक, इक-वचन।]

२३.८० पूजी

१. **गाडर ले कामधेनु करि 'पूजी' ॥३॥१६०॥** *(पंना १९८)*
[पूजी—पूजन दी क्रिआ कीती। क्रिआ, इसतरी-लिंग, इक-वचन, भूतकाल।]

२. **सचु 'पूजी' नामु दिड़ाइ प्रभ वणजारे थारे ॥१४॥** *(पंना ३०८)*
[पूजी ('पू' उचारण नासकी)—रास-पूंजी। इसतरी-लिंग, इक-वचन नांव।]

२३.८१ पुरबि, पुरब

१. **जे होवै 'पुरबि' लिखिआ ता पुड़ि तिन्ह दी पाईऐ ॥पउड़ी १०॥**
[पुरबि—पूरव तों, पहिलां तों। क्रिआ विशेशण।] *(पंना ४६८)*

२. **मता करै पछम कै ताई 'पुरब' ही लै जात ॥१॥५॥** *(पंना ४८६)*
[पुरब (ही)—पूरब (चड़्हदे) वॱल ही। क्रिआ विशेशण।]

२३.८२ फरकि, फरकु

१. **जब देखिओ बेड़ा जरजरा तब उतरि परिओ हउ 'फरकि' ॥६७॥** *(पंना १३६८)*
[फरकि (उचारण 'र' दी धुनी 'ते दबाअ दे के—फरॱकि वांग) तुरत। क्रिआ विशेशण।]

२. **आपे 'फरकु' कीतोनु घट अंतरि आपे बणत बणावणिआ ॥१॥२७॥**
[फरकु—अंतरा। इक-वचन, पुलिंग नांव।] *(पंना १२५)*

२३.८३ बासु

१. **सुरग 'बासु' न बाछीऐ डरीऐ न नरकि निवासु ॥१॥६३॥** *(पंना ३३७)*
[बासु—वासा, वसेबा। पुलिंग नांव।]

२. **दय गुसाई मीतुला तूं संगि हमारै 'बासु' जीउ ॥रहाउ॥११६॥** *(पंना २०३)*
[बासु—वॱस, वसणा कर। क्रिआ, हुकमी भविखत काल।]

३. **तिन हरि हिरदै 'बासु' बसानी छूटि गई मुसकी मुसकाक ॥३॥४॥**
[बासु—वाशना। इसतरी-लिंग, भाव-वाचक नांव।] *(पंना १२८५)*

४. **कबीर 'बांसु' बडाई बूडिआ इउ मत डूबहु कोइ ॥१२॥** *(पंना १३६५)*
[बांसु—बांस। पुलिंग, नांव।]

२३.८४ बेगल, बे गल

१. **जब लगु सासु सासु मन अंतरि तउ 'बेगल' सरनि परीजै ॥८॥४॥**
[बेगल—छेती। क्रिआ विशेशण।] *(पंना १३२५)*

२. **नैन रहे रंगु लाई ॥**
अब 'बे गल' कहनु न जाई ॥१॥४॥ *(पंना ६५५)*
[बे गल—(कोई) दूजी गॱल। बे—विशेशण। गल—इसतरी-लिंग इक-वचन नांव।]

नॱट : 'बे-गल' समासी शबद है।

੨੩.੮੫ ਭਜਿ, ਭਜੁ, ਭਜੈ

੧. **ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ 'ਭਜਿ' ਪਇਆ ॥੨॥੬॥**
[ਭਜਿ—ਦੌੜ ਕੇ। ਕ੍ਰਿਆ ਵਿਸ਼ੇਸ਼ਣ।] *(ਪੰਨਾ ੧੩੩੪)*

੨. **'ਭਜੁ' ਮਨ ਮੇਰੇ ਏਕੋ ਨਾਮ ॥ਰਹਾਉ॥੧੩੭॥** *(ਪੰਨਾ ੧੯੩)*
[ਭਜੁ—ਭਜਨ-ਸਿਮਰਨ ਕਰ। ਕ੍ਰਿਆ, ਹੁਕਮੀ ਭਵਿਖਤ ਕਾਲ।]

੩. **ਸਭੋ 'ਭਜੈ' ਆਸਰਾ ਚੁਕੈ ਸਭੁ ਅਸਰਾਉ ॥੧॥੨੬॥** *(ਪੰਨਾ ੭੦)*
[ਭਜੈ—ਟੁੱਟ-ਭੱਜ ਜਾਏ। ਕ੍ਰਿਆ, ਸੰਭਾਵ ਭਵਿਖਤ ਕਾਲ।]

੨੩.੮੬ ਭਯਾ

੧. **ਤੀਜੈ 'ਭਯਾ' ਭਾਭੀ, ਬੇਬ ॥ਸ.੧॥੧॥** *(ਪੰਨਾ ੧੩੭)*
[ਭਯਾ (ਉਚਾਰਣ 'ਭਈਆ'—'ਯ' ਦੀ ਧੁਨੀ ਦਾ ਸ੍ਵਰੀ ਬਦਲ 'ਈ + ਅ')—ਭਰਾ। ਪੁਲਿੰਗ ਨਾਂਵ, ਇਕ-ਵਚਨ।]

੨. **ਸਤਗੁਰ ਮਤਿ ਗੂੜ੍ ਬਿਮਲ ਸਤ ਸੰਗਤਿ ਆਤਮੁ ਰੰਗਿ ਚਲੂਲੁ 'ਭਯਾ' ॥੩॥**
(ਪੰਨਾ ੧੩੯੬)
[ਭਯਾ (ਉਚਾਰਣ 'ਭਇਆ'—'ਯ' ਦੀ ਧੁਨੀ ਦਾ ਸ੍ਵਰੀ ਬਦਲ ਇ + ਅ)—ਹੋ ਗਿਆ। ਕ੍ਰਿਆ ਭੂਤਕਾਲ ਪੁਲਿੰਗ।]

੨੩.੮੭ ਭਾਉ

੧. **ਨਾਰਦੁ ਨਾਚੈ ਕਲਿ ਕਾ 'ਭਾਉ' ॥੧॥੪॥** *(ਪੰਨਾ ੩੪੯)*
[ਭਾਉ—ਪ੍ਰਭਾਵ। ਪੁਲਿੰਗ ਨਾਂਵ।]

੨. **ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ 'ਭਾਉ' ॥੮੦॥** *(ਪੰਨਾ ੧੩੮੨)*
[ਭਾਉ—ਭਾਗ (ਹਿੱਸਾ)। ਪੁਲਿੰਗ ਨਾਂਵ।]

੩. **ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ 'ਭਾਉ' ਨ ਬੁਝਹਿ ਗਵਾਰੀ ॥੨॥੭॥**
[ਭਾਉ—ਮੌਜੂਦਗੀ ਦਾ ਅਹਿਸਾਸ। ਪੁਲਿੰਗ ਨਾਂਵ।] *(ਪੰਨਾ ੬੦੭)*

੪. **ਸੁਣਿਆ ਮੰਨਿਆ ਮਨਿ ਕੀਤਾ 'ਭਾਉ' ॥੨੧॥** *(ਪੰਨਾ ੪)*
[ਭਾਉ—ਦ੍ਰਿੜ੍ਹ ਵਿਸ਼ਵਾਸ। ਪੁਲਿੰਗ ਨਾਂਵ।]

੫. **ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ 'ਭਾਉ' ॥੩॥੧॥** *(ਪੰਨਾ ੧੪)*
[ਭਾਉ—ਸਰਧਾ-ਭਾਵਨੀ। ਪੁਲਿੰਗ ਨਾਂਵ।]

੨੩.੮੮ ਭਾਂਤਿ, ਭਾਤੁ

੧. **ਅਨਿਕ 'ਭਾਂਤਿ' ਕਰਿ ਸੇਵਾ ਕਰੀਐ ॥੧॥੮੪॥** *(ਪੰਨਾ ੩੯੧)*
[ਭਾਂਤਿ—ਪ੍ਰਕਾਰ। ਨਾਂਵ।]

੨. **'ਭਾਤੁ' ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥੪॥੧੪॥** *(ਪੰਨਾ ੪੭੯)*
[ਭਾਤੁ—ਰਿੱਝੇ ਹੋਏ ਚਾਵਲਾਂ ਦਾ ਭੋਜਨ। ਪਦਾਰਥ-ਵਾਚਕ ਨਾਂਵ।]

੨੩.੮੯ ਮਨਸਾ, ਮਨ ਸਾ

੧. **ਪੂਰੀ ਆਸਾ ਜੀ 'ਮਨਸਾ' ਮੇਰੇ ਰਾਮ ॥੪॥੧॥** *(ਪੰਨਾ ੫੭੭)*
[ਮਨਸਾ—ਮਨ ਦੀ ਇੱਛਾ। ਇਸਤਰੀ-ਲਿੰਗ ਨਾਂਵ।]

੨. **ਮਨ ਹੀ ਮਨ ਸਿਉ ਕਹੈ ਕਬੀਰਾ 'ਮਨ ਸਾ' ਮਿਲਿਆ ਨ ਕੋਇ ॥੩੨॥**
[(ਮਨ) ਸਾ—(ਮਨ) ਵਰਗਾ। ਵਰਗਾ—ਸੰਬੰਧਕ।] *(ਪੰਨਾ ੩੪੨)*

੨੩.੯੦ ਮਨਮੁਖਿ, ਮਨਮੁਖੁ, ਮਨਮੁਖ, ਮਨਿ ਮੁਖਿ

੧. **'ਮਨਮੁਖਿ' ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥੫॥੧੧॥** *(ਪੰਨਾ ੬੦)*
[ਮਨਮੁਖਿ—ਮਨ ਦੇ ਪਿੱਛੇ ਰੁਖ਼ ਕੀਤਿਆਂ। ਕਰਣ ਕਾਰਕ।]

੨. **'ਮਨਮੁਖੁ' ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ ॥ਸ.੨॥੨੫॥**
(ਪੰਨਾ ੩੧੪)
[ਮਨਮੁਖੁ—ਮਨ ਦਾ ਪਿਛਲੱਗ (ਮਨੁੱਖ)। ਇਕ-ਵਚਨ, ਵਿਸ਼ੇਸ਼ਣ, ਪਰ ਏਥੇ ਨਾਂਵ ਦੇ ਤੌਰ 'ਤੇ ਵਰਤਿਆ ਗਿਆ ਹੈ।]

੩. **ਸੇ 'ਮਨਮੁਖ' ਜੋ ਸਬਦੁ ਨ ਪਛਾਣਹਿ ॥੬॥੧੧॥** *(ਪੰਨਾ ੧੦੫੪)*
[ਮਨਮੁਖ—ਮਨ ਦੇ ਪਿਛਲੱਗ। ਵਿਸ਼ੇਸ਼ਣ ਬਹੁ-ਵਚਨ।]

੪. **'ਮਨਿ ਮੁਖਿ' ਨਾਮੁ ਜਪਹੁ ਜਗ ਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥੨੦॥**
(ਪੰਨਾ ੧੦੪੧)
[ਮਨਿ ਮੁਖਿ—ਮਨ ਕਰਕੇ। ਮੁਖ ਕਰਕੇ। ਨਾਂਵ, ਇਕ-ਵਚਨ, ਕਰਣ ਕਾਰਕ।]

੨੩.੯੧ ਮਰਨਿ, ਮਰਨੁ, ਮਰਨ, ਮਰਨਾ

੧. **ਨਾਮ ਬਿਹੂਨਡਿਆ ਸੇ 'ਮਰਨਿ' ਵਿਸੂਰਿ ਵਿਸੂਰਿ ॥੨॥੧੦੬॥** *(ਪੰਨਾ ੩੯੭)*
[ਮਰਨਿ—ਮਰਦੇ ਹਨ। ਕ੍ਰਿਆ, ਅਨ-ਪੁਰਖ, ਬਹੁ-ਵਚਨ, ਵਰਤਮਾਨ ਕਾਲ।]

੨. **ਝੂਠੈ ਲਾਲਚਿ ਲਾਗਿ ਕੈ ਨਹਿ 'ਮਰਨੁ' ਪਛਾਨਾ ॥੧॥੧॥** *(ਪੰਨਾ ੭੨੬)*
[ਮਰਨੁ—ਮਰਨਾ, ਮੌਤ। ਭਾਵਾਰਥ।]

੩. **ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ 'ਮਰਨ' ਕਾ ਪਥੁ ॥੩॥੬੦॥** *(ਪੰਨਾ ੪੬)*
[ਮਰਨ—ਮਰਨ, ਮੌਤ। ਭਾਵਾਰਥ, ਸੰਬੰਧ ਕਾਰਕ।]

ਨੋਟ : ਸੰਬੰਧਕ 'ਕਾ' ਆਉਣ ਕਾਰਨ ਅੰਤਮ 'ਨ' ਦਾ (ਁ) ਲੱਥ ਗਿਆ ਹੈ।

੪. **ਜਿਹ ਮਰਨੈ ਸਭੁ ਜਗਤੁ ਤਰਾਸਿਆ ॥**
ਸੋ 'ਮਰਨਾ' ਗੁਰ ਸਬਦਿ ਪ੍ਰਗਾਸਿਆ ॥੧॥੨੦॥ *(ਪੰਨਾ ੩੨੭)*
[ਮਰੰਨਾ—ਮੌਤ। ਭਾਵਾਰਥ।]

੨੩.੯੨ ਮਾਰਨਿ, ਮਾਰਨੁ, ਮਾਰਣੁ

੧. **ਫਰੀਦਾ ਜੋ ਤੈ 'ਮਾਰਨਿ' ਮੁਕੀਆਂ ਤਿਨ੍ ਨ ਮਾਰੇ ਘੁੰਮਿ ॥੭॥** *(ਪੰਨਾ ੧੩੭੮)*
[ਮਾਰਨਿ—ਮਾਰਦੇ ਹਨ। ਬਹੁ-ਵਚਨ ਕ੍ਰਿਆ, ਵਰਤਮਾਨ ਕਾਲ।]

੨. **ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ,**
ਝਖ 'ਮਾਰਨੁ' ਸਭਿ ਨਿੰਦਕ ਘੰਡਾ ਰਾਮ ॥੪॥੫॥ *(ਪੰਨਾ ੫੪੧)*
[ਮਾਰਨੁ—ਪਏ ਮਾਰਨ। ਅਨ-ਪੁਰਖ, ਬਹੁ-ਵਚਨ ਕ੍ਰਿਆ, ਸੰਭਾਵ ਭਵਿਖਤ ਕਾਲ।]

੩. **ਨਾਨਕ ਮਾਇਆ ਕਾ 'ਮਾਰਣੂ' ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ਸ.੧॥੧੩॥** *(ਪੰਨਾ ੫੧੩)*

[(ਮਾਇਆ ਕਾ) ਮਾਰਣੂ—(ਮਾਇਆ ਦੀ ਜ਼ਹਿਰ ਕੱਟਣ ਵਾਲਾ) ਮਸਾਲਾ। ਇਕ-ਵਚਨ, ਪੁਲਿੰਗ ਨਾਂਵ।]

੨੩.੯੩ ਮਿਲੀਐ, ਮਿਲਿਐ

੧. **ਤਿਸੁ 'ਮਿਲੀਐ' ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥ਪਉੜੀ ੨॥**
[ਮਿਲੀਐ—ਮਿਲਣਾ ਚਾਹੀਦਾ ਹੈ। ਕ੍ਰਿਆ, ਵਰਤਮਾਨ ਕਾਲ।] *(ਪੰਨਾ ੫੬੬)*

੨. **ਜਿਸੁ 'ਮਿਲਿਐ' ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥੧॥੫੨॥** *(ਪੰਨਾ ੧੬੮)*
[ਮਿਲਿਐ—ਮਿਲਣ ਸਦਕਾ। ਕਰਣ-ਕਿਰਦੰਤ।]

੨੩.੯੪ ਮੂਸ, ਮੂਸਾ, ਮੂਸਿ, ਮੂਸੇ, ਮੂਸਤ, ਮੁਸੀਅਤ

੧. **ਰੇ ਮਨ 'ਮੂਸ' ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥੪॥** *(ਪੰਨਾ ੧੩੮੭)*
[ਮੂਸ—ਚੂਹਾ। ਪੁਲਿੰਗ ਨਾਂਵ।]

੨. **ਅਨਦਿਨੁ 'ਮੂਸਾ' ਲਾਜੁ ਟੁਕਾਈ ॥੧॥੮੧॥** *(ਪੰਨਾ ੩੯੦)*
[ਮੂਸਾ—ਚੂਹਾ। ਪੁਲਿੰਗ, ਇਕ-ਵਚਨ ਨਾਂਵ।]

੩. **ਬਾਟ ਪਾਰਿ ਘਰੁ 'ਮੂਸਿ' ਬਿਰਾਨੋ ਪੇਟੁ ਭਰੈ ਅਪ੍ਰਾਧੀ ॥੨॥੬॥** *(ਪੰਨਾ ੧੨੫੩)*
[ਮੂਸਿ—ਲੁੱਟ ਕੇ। ਪੂਰਬ-ਪੂਰਣ ਕਿਰਦੰਤ।]

੪. **ਗੋਇਲਿ ਵਾਸਾ ਚਾਰਿ ਦਿਨ ਨਾਉ ਧਰਾਇਨਿ ਈਸੇ 'ਮੂਸੇ' ॥ਵਾਰ ੧੫॥ਪਉੜੀ ੧੩॥**
(ਭਾਈ ਗੁਰਦਾਸ ਜੀ)
[ਮੂਸੇ ('ਮੂਸਾ' ਦਾ ਬਹੁ-ਵਚਨ ਰੂਪ)—ਯਹੂਦੀ ਕੌਮ ਦਾ ਧਰਮ-ਗੁਰੂ। ਖ਼ਾਸ ਨਾਂਵ।]

੫. **ਕਹਤੁ ਕਬੀਰ ਨਵੈ ਘਰ 'ਮੂਸੇ' ਦਸਵੈਂ ਤਤੁ ਸਮਾਈ ॥੩॥੭੩॥** *(ਪੰਨਾ ੩੩੯)*
[ਮੂਸੇ—ਲੁੱਟੇ ਗਏ। ਕ੍ਰਿਆ, ਬਹੁ-ਵਚਨ, ਭੂਤਕਾਲ, ਕਰਮਨੀ-ਵਾਚ।]

੬. **ਗਹਬਰ ਬਨ ਘੋਰ ਗਹਬਰ ਬਨ ਘੋਰ ਹੇ,**
ਗ੍ਰਿਹ 'ਮੂਸਤ' ਮਨ ਚੋਰ ਹੇ, ਦਿਨਕਰੋ ਅਨਦਿਨੁ ਖਾਤ ॥੧॥੧੪॥ *(ਪੰਨਾ ੪੬੧)*
[ਮੂਸਤ—ਲੁੱਟਦੇ ਹਨ। ਕ੍ਰਿਆ, ਅਨ-ਪੁਰਖ, ਬਹੁ-ਵਚਨ, ਵਰਤਮਾਨ ਕਾਲ।]

੭. **ਦੁਨੀਆ ਹੁਸੀਆਰ ਬੇਦਾਰ ਜਾਗਤ 'ਮੁਸੀਅਤ' ਹਉ ਰੇ ਭਾਈ ॥ਰਹਾਉ॥੧੨॥**
(ਪੰਨਾ ੬੭੨)
[ਮੁਸੀਅਤ (ਹਉ)—ਲੁੱਟੇ ਜਾ ਰਹੇ (ਹੋ)। ਕਰਮਨੀ ਵਾਚ ਕ੍ਰਿਆ, ਮਧਮ ਪੁਰਖ, ਵਰਤਮਾਨ ਕਾਲ।]

੨੩.੯੫ ਮੇਰੈ

੧. **ਕੀਤੇ ਕਉ 'ਮੇਰੈ' ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥੨॥੧੮॥** *(ਪੰਨਾ ੬੧੩)*
[ਮੇਰੈ (ਸੰਮਾਨੈ)—ਪਹਾੜ (ਜਿੱਡਾ)। ਪੁਲਿੰਗ ਨਾਂਵ, ਸੰਬੰਧਕੀ-ਰੂਪ।]

੨. **'ਮੇਰੈ' ਸਰਬਸੁ ਨਾਮੁ ਨਿਧਾਨੁ ॥ਰਹਾਉ॥੮॥** *(ਪੰਨਾ ੬੭੯)*
[ਮੇਰੈ—ਮੇਰੇ ਲਈ। ਪੁਰਖਵਾਚੀ ਪੜਨਾਂਵ, ਉਤਮ ਪੁਰਖ, ਸੰਪ੍ਰਦਾਨ ਕਾਰਕ।]

੨੩.੯੬ ਰਵਿਆ, ਰਵੀਐ

੧. **ਅੰਤਰਿ ਬਾਹਰਿ ਸਰਬਤਿ 'ਰਵਿਆ' ਮਨਿ ਉਪਜਿਆ ਬਿਸੁਆਸੋ ॥੪॥੨॥** *(ਪੰਨਾ ੮੦)*
[ਰਵਿਆ—ਵਿਆਪਕ ਹੋਇਆ ਹੋਇਆ। ਕ੍ਰਿਆ, ਭੂਤਕਾਲ।]

੨. **'ਰਵਿਆ' ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥੨॥੬॥**
[ਰਵਿਆ—ਸਿਮਰਿਆ। ਕ੍ਰਿਆ, ਭੂਤਕਾਲ।] *(ਪੰਨਾ ੪੪੩)*

੩. **ਘੜੀ ਮੁਹਤੁ ਨਹ ਵੀਸਰੈ ਨਾਨਕ 'ਰਵੀਐ' ਨਿਤ ॥ਸ.੨॥੧੫॥** *(ਪੰਨਾ ੫੨੨)*
[ਰਵੀਐ—ਰਵਣਾ (ਸਿਮਰਨਾ) ਚਾਹੀਦਾ ਹੈ। ਕ੍ਰਿਆ, ਵਰਤਮਾਨ ਕਾਲ।]

੨੩.੯੭ ਲਖੁ, ਲਖ, ਲਖਿ

੧. **'ਲਖੁ' ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ਪਉੜੀ ੩੨॥** *(ਪੰਨਾ ੭)*
[ਲਖੁ—੧,੦੦,੦੦੦। ਨਿਸਚਿਤ ਸੰਖਿਆ-ਵਾਚਕ ਵਿਸ਼ੇਸ਼ਣ, ਇਕ-ਵਚਨ।]

੨. **'ਲਖ' ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ਸ.੨॥ਪਉੜੀ ੮॥** *(ਪੰਨਾ ੪੬੭)*
[ਲਖ—ਲੱਖਾਂ ਹੀ, ਭਾਵ, ਅਣਗਿਣਤ। ਅਨਿਸਚਿਤ, ਸੰਖਿਆਵਾਚਕ ਵਿਸ਼ੇਸ਼ਣ, ਬਹੁ-ਵਚਨ।]

੩. **ਮੰਨ ਮਝਾਹੁ 'ਲਖਿ' ਤੁਧਹੁ ਦੂਰਿ ਨ ਸੁ ਪਿਰੀ ॥ਸ.੩॥੧੭॥** *(ਪੰਨਾ ੧੧੦੦)*
[ਲਖਿ—ਜਾਣ, ਵੇਖ। ਕ੍ਰਿਆ, ਹੁਕਮੀ ਭਵਿਖਤ ਕਾਲ।]

੨੩.੯੮ ਲਉ

੧. **ਜਉ 'ਲਉ' ਮੋਰੋ ਮੋਰੋ ਕਰਤੋ, ਤਉ 'ਲਉ' ਬਿਖੁ ਘੇਰੇ ॥੩॥੧॥** *(ਪੰਨਾ ੨੧੪)*
[ਲਉ—ਲਗ, ਤਕ, ਤੋੜੀ। ਅਵਿਐ।]

੨. **'ਲਉ' ਨਾੜੀ ਸੂਆ ਹੈ ਅਸਤੀ ॥੧॥੧੩॥** *(ਪੰਨਾ ੬੬੬)*
[ਲਉ—ਤਾਗਾ। ਨਾਂਵ।]

੩. **ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ 'ਲਉ' ਹਸੂਆ ॥੨॥੧੨੭॥**
[ਲਉ—ਨਾਲ, ਵਿਚ। ਸੰਬੰਧਕ।] *(ਪੰਨਾ ੨੦੬)*

੪. **ਮੂਰਤ ਘਰੀ ਚਸਾ ਪਲੁ ਸਿਮਰਨ ਰਾਮ ਨਾਮੁ ਰਸਨਾ ਸੰਗਿ 'ਲਉ' ॥੨॥** *(ਪੰਨਾ ੧੩੮੭)*
[ਲਉ ('ਉ' ਉਚਾਰਣ ਨਾਸਕੀ)—ਉਚਾਰਣ ਕਰ। ਕ੍ਰਿਆ, ਹੁਕਮੀ ਭਵਿਖਤ ਕਾਲ।]

੨੩.੯੯ ਲਾਲੁ

੧. **ਮੁੰਧੇ ਸੂਹਾ ਪਰਹਰਹੁ 'ਲਾਲੁ' ਕਰਹੁ ਸੀਗਾਰੁ ॥ਸ.੨॥੫॥** *(ਪੰਨਾ ੭੮੭)*
[ਲਾਲੁ—ਦੈਵੀ ਗੁਣਾਂ ਦਾ ਪੱਕਾ ਰੰਗ। ਵਿਸ਼ੇਸ਼ਣ।]

੨. **ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ 'ਲਾਲੁ' ॥੩॥੨੫॥** *(ਪੰਨਾ ੨੩)*
[ਲਾਲੁ—ਪਿਆਰਾ ਪ੍ਰੀਤਮ। ਪੁਲਿੰਗ, ਇਕ-ਵਚਨ ਨਾਂਵ।]

੩. **'ਲਾਲੁ' ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥੭॥੪॥** *(ਪੰਨਾ ੭੫੨)*
[ਲਾਲੁ—ਮਾਣਕ। ਪੁਲਿੰਗ, ਇਕ-ਵਚਨ ਨਾਂਵ।]

੨੩.੧੦੦ ਵਾਸੁ, ਵਾਸਿ

੧. **ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ 'ਵਾਸੁ' ॥ਸਲੋਕ ੩॥੨॥** *(ਪੰਨਾ ੪੬੩)*
[ਵਾਸੁ—ਵਾਸਾ। ਪੁਲਿੰਗ, ਇਕ-ਵਚਨ ਨਾਂਵ।]

੨. **ਗੁਣਾ ਕਾ ਹੋਵੈ ਵਾਸੁਲਾ ਕਢਿ 'ਵਾਸੁ' ਲਈਜੈ ॥੩॥੪॥** *(ਪੰਨਾ ੭੬੫)*
[ਵਾਸੁ—ਵਾਸ਼ਨਾ, ਸੁਗੰਧੀ। ਇਸਤਰੀ-ਲਿੰਗ, ਭਾਵ-ਵਾਚਕ ਨਾਂਵ।]

੩. **ਜਨਮੁ ਜਰਾ ਮਿਰਤੁ ਜਿਸੁ 'ਵਾਸਿ' ॥੪॥੧੫੬॥** *(ਪੰਨਾ ੧੯੭)*
[ਵਾਸਿ—ਵੱਸ ਵਿਚ। ਨੌਂਵ, ਅਧਿਕਰਣ ਕਾਰਕ।]

(ਸ) ਅੰਤਮ ਨਿਵੇਦਨਾ

ਏਸੇ ਵਿਸ਼ੇ (ਲਗਮਾਤ੍ਰੀ-ਨੇਮਾਂ ਦੀ ਮਹੱਤਤਾ) ਨੂੰ ਲੈ ਕੇ ਪੁਸਤਕ ਲਿਖਣ ਦਾ ਕਾਰਜ, ਗੁਰੂ-ਕਿਰਪਾ ਸਦਕਾ ਛੁਹਿਆ ਗਿਆ ਸੀ। ਸਤਿਗੁਰੂ ਪਾਤਿਸ਼ਾਹ ਜੀ ਦੀ ਮਿਹਰ ਸਦਕਾ ਕਾਰਜ ਦੀ ਸੰਪੂਰਨਤਾ ਵੀ ਏਸੇ ਵਿਸ਼ੇ ਉੱਤੇ ਹੀ ਕੀਤੀ ਜਾ ਰਹੀ ਹੈ।

ਇਸ ਵਿਸ਼ੇ ਸੰਬੰਧੀ ਜੇ ਕਿਸੇ ਸੱਜਣ ਨੂੰ ਕੋਈ ਗੱਲ ਸਮਝਣ ਵਿਚ ਕੋਈ ਕਠਿਨਾਈ ਮਹਿਸੂਸ ਹੋਵੇ, ਦਾਸ ਨਾਲ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੇ।

ਸਤਿਗੁਰੂ ਪਾਤਿਸ਼ਾਹ ਰਹਿਮਤ ਕਰਨ! ਗੁਰਬਾਣੀ ਸਮਝਣ-ਸਮਝਾਉਣ ਦਾ ਉਤਸ਼ਾਹ ਗੁਰਸਿੱਖ ਪਰਿਵਾਰ ਵਿਚ ਸਦਾ ਬਣਿਆ ਰਵ੍ਹੇ !!

ਭੁੱਲ ਚੁੱਕ ਲਈ ਖਿਮਾ ਦਾ ਜਾਚਕ
ਜੋਗਿੰਦਰ ਸਿੰਘ ਤਲਵਾੜਾ

ਮਿਤੀ : ੨੫-੧੦-੨੦੦੨

E-book shared by:
http://gursoch.blogspot.com

E-book shared by:
http://gursoch.blogspot.com